
# ਚੋਣਵੀਆਂ ਕਹਾਣੀਆਂ

## ਭਾਗ ਪਹਿਲਾ



**ਮੈਕਸਿਮ ਗੋਰਕੀ**

# ਚੋਣਵੀਆਂ ਕਹਾਣੀਆਂ

(ਭਾਗ ਪਹਿਲਾ)

ਮੈਕਸਿਮ ਗੋਰਕੀ

ਦਸਤਕ ਪ੍ਰਕਾਸ਼ਨ, ਲੁਧਿਆਣਾ

ਪਹਿਲੀ ਵਾਰ — ਜੁਲਾਈ, 2020
ਟਾਈਟਲ ਕਵਰ — ਤਜਿੰਦਰ

ਪ੍ਰਕਾਸ਼ਕ : ਦਸਤਕ ਪ੍ਰਕਾਸ਼ਨ, ਲੁਧਿਆਣਾ,
ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ, ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807. ਈਮੇਲ : janchetnapb@gmail.com

ਛਾਪਕ : ਆਰਨਾ ਪ੍ਰਿੰਟਿੰਗ ਪ੍ਰੈੱਸ, ਫੋਕਲ ਪੁਆਂਇੰਟ, ਪਟਿਆਲਾ

**ਕੀਮਤ** : 120 ਰੁਪਏ

# ਤਤਕਰਾ


| | |
|---|---|
| ਮਕਰ ਚੁਦਰਾ | 5 |
| ਲੂਣੀ ਦਲਦਲ | 21 |
| ਦਾਦਾ ਅਰਖ਼ੀਪ ਤੇ ਲਿਓਨਕਾ | 35 |
| ਸਫ਼ਰ ਦਾ ਸਾਥੀ | 61 |
| ਬੁੱਢੀ ਇਜ਼ਰਗੀਲ | 98 |
| ਚੇਲਕਾਸ਼ | 125 |
| ਇੱਕ ਛੋਟੇ ਮੁੰਡੇ ਅਤੇ ਕੁੜੀ ਦੀ ਕਹਾਣੀ<br>ਜਿਹੜੇ ਬਰਫ਼ੀਲੀ ਠੰਢ 'ਚ ਕਾਂਬੇ ਨਾਲ਼ ਮਰੇ ਨਹੀਂ | 164 |
| ਪਤਝੜ ਦੀ ਇੱਕ ਰਾਤ | 174 |
| ਬਾਜ਼ ਦਾ ਗੀਤ | 184 |
| ਪੋਲ-ਖੋਲ੍ਹ | 190 |
| ਉਹ ਚੂਹੀ ਜਿਹੀ ਕੁੜੀ | 193 |

# ਮਕਰ ਚੁਦਰਾ

ਸਾਗਰ ਵੱਲੋਂ ਠੰਡੀ ਸਿਲ੍ਹੀ ਹਵਾ ਆ ਰਹੀ ਸੀ, ਜਿਹੜੀ ਤੱਟ ਨਾਲ ਆ ਕੇ ਟਕਰਾ ਰਹੀਆਂ ਲਹਿਰਾਂ ਦੇ ਗੰਭੀਰ ਸੰਗੀਤ ਨੂੰ ਤੇ ਤੱਟ ਉੱਪਰਲੀਆਂ ਝਾੜੀਆਂ ਦੀ ਸਰਸਰਾਹਟ ਨੂੰ ਸਤੇਪੀ ਉੱਤੇ ਫੈਲਾ ਰਹੀ ਸੀ। ਕਦੀ-ਕਦੀ ਹਵਾ ਦਾ ਕੋਈ ਬੁਲ੍ਹਾ ਮੁਰਝਾਏ ਪੀਲੇ ਪੱਤਿਆਂ ਨੂੰ ਚੁੱਕ ਕੇ ਲੈ ਆਉਂਦਾ ਤੇ ਉਸ ਅੱਗ ਵਿੱਚ ਸੁੱਟ ਦੇਂਦਾ ਜਿਹੜੀ ਅਸੀਂ ਬਾਲ਼ ਰੱਖੀ ਸੀ, ਜਿਸ ਨਾਲ਼ ਲਾਟਾਂ ਤੇਜ਼ ਹੋ ਜਾਂਦੀਆਂ; ਫਿਰ ਪਤਝੜ ਦੀ ਰਾਤ ਦਾ ਹਨੇਰਾ ਕੰਬ ਉੱਠਦਾ ਤੇ ਡਰ ਕੇ ਪਿੱਛੇ ਹਟ ਜਾਂਦਾ, ਜਿਸ ਨਾਲ ਘੜੀ-ਪਲ਼ ਲਈ ਖੱਬੇ ਪਾਸੇ ਅਥਾਹ ਸਤੇਪੀ, ਸੱਜੇ ਪਾਸੇ ਅਸੀਮ ਸਾਗਰ ਤੇ ਸਾਮ੍ਹਣੇ ਬੁੱਢੇ ਟੱਪਰੀਵਾਸ ਮਕਾਰ ਚੁਦਰਾ ਦਾ ਆਕਾਰ ਦਿੱਸਣ ਲੱਗ ਪੈਂਦਾ, ਜਿਹੜਾ ਆਪਣੇ ਨਾਲ਼ ਦਿਆਂ ਦੇ ਘੋੜਿਆਂ ਦੀ ਨਿਗਰਾਨੀ ਕਰ ਰਿਹਾ ਸੀ, ਜਿਨ੍ਹਾਂ ਨੇ ਸਾਡੇ ਤੋਂ ਪੰਜਾਹ ਕੁ ਕਦਮ ਦੂਰ ਆਪਣੇ ਤੰਬੂ ਗੱਡੇ ਹੋਏ ਸਨ।

ਠੰਡੀ ਹਵਾ ਦੇ ਬੁਲ੍ਹੇ ਉਸ ਦੇ ਕਾਕੇਸ਼ੀਆਈ ਕੋਟ ਨੂੰ ਉਡਾ ਕੇ ਖੋਲ੍ਹ ਰਹੇ ਸਨ ਤੇ ਉਸ ਦੀ ਨੰਗੀ ਵਾਲਾਂ ਵਾਲ਼ੀ ਛਾਤੀ ਉੱਤੇ ਥਪੇੜੇ ਮਾਰ ਰਹੇ ਸਨ, ਪਰ ਇਸ ਸਭ ਕੁਝ ਵੱਲੋਂ ਬੇਧਿਆਨ ਉਹ ਬੜੇ ਮਟਕੀਲੇ ਤੇ ਜ਼ੋਰਦਾਰ ਅੰਦਾਜ਼ ਵਿਚ ਮੇਰੇ ਵੱਲ ਮੂੰਹ ਕਰ ਕੇ ਪਿਆ ਸੀ, ਆਪਣੇ ਵੱਡੇ ਸਾਰੇ ਪਾਈਪ ਵਿੱਚੋਂ ਬਕਾਇਦਾ ਕਸ਼ ਭਰ ਰਿਹਾ ਸੀ, ਆਪਣੇ ਨੱਕ ਤੇ ਮੂੰਹ ਰਾਹੀਂ ਧੂੰਏ ਦੇ ਸੰਘਣੇ ਬੱਦਲ਼ ਛੱਡੀ ਜਾ ਰਿਹਾ ਸੀ, ਮੇਰੇ ਸਿਰ ਦੇ ਉੱਪਰੋਂ ਦੀ ਸਤੇਪੀ ਦੇ ਚੁੱਪ ਹਨੇਰੇ ਵਿਚ ਇਕ-ਟੱਕ ਵੇਖੀ ਜਾ ਰਿਹਾ ਸੀ, ਲਗਾਤਾਰ ਗੱਲਾਂ ਕਰੀ ਜਾ ਰਿਹਾ ਸੀ ਤੇ ਹਵਾ ਦੇ ਤੇਜ਼ ਥਪੇੜਿਆਂ ਤੋਂ ਆਪਣੇ-ਆਪ ਨੂੰ ਬਚਾਉਣ ਲਈ ਜ਼ਰਾ ਵੀ ਕੋਸ਼ਿਸ਼ ਨਹੀਂ ਸੀ ਕਰ ਰਿਹਾ।

"ਸੋ ਤੂੰ ਘੁੰਮ-ਫਿਰ ਕੇ ਦੁਨੀਆਂ ਵੇਖ ਰਿਹੈਂ? ਮਾੜੀ ਗੱਲ ਨਹੀਂ। ਤੂੰ ਆਪਣੇ ਲਈ ਵਾਹਵਾ ਕੰਮ ਚੁਣਿਐਂ, ਬਾਜ਼! ਚਾਹੀਦਾ ਵੀ ਇਸੇ ਤਰ੍ਹਾਂ ਏ : ਘੁੰਮ-ਫਿਰ ਕੇ ਦੁਨੀਆਂ ਵੇਖੋ, ਵੇਖ-ਚਾਖ ਕੇ ਲੰਮੀਆਂ ਤਾਣ ਲਵੋਂ ਤੇ ਚੱਲਦੇ ਹੋਵੋ—ਬਸ, ਛੁੱਟੀ!"

"ਜ਼ਿੰਦਗੀ? ਦੂਸਰੇ ਲੋਕ?" ਉਸ ਦੇ 'ਚਾਹੀਦਾ ਵੀ ਇਸੇ ਤਰ੍ਹਾਂ ਏ' ਬਾਰੇ ਮੇਰੇ ਇਤਰਾਜ਼ ਨੂੰ ਕਿੰਤੂ ਉਠਾਉਂਦੇ ਢੰਗ ਨਾਲ ਸੁਣਦਿਆਂ ਉਸ ਨੇ ਗੱਲ ਜਾਰੀ ਰੱਖੀ। "ਕਿਉਂ! ਤੈਨੂੰ ਇਹਦੇ ਨਾਲ਼ ਕੀ? ਜਿਸ ਤਰ੍ਹਾਂ ਤੂੰ ਆਪ ਜ਼ਿੰਦਗੀ ਨਹੀਂ ਹੁੰਦਾ! ਬਾਕੀ ਲੋਕ ਤੇਰੇ ਬਿਨਾਂ ਜਿਊਂਦੇ ਨੇ ਤੇ ਜਿਊਂਦੇ ਰਹਿਣਗੇ। ਤੂੰ ਸੱਚਮੁਚ ਖ਼ਿਆਲ ਕਰਦੈਂ ਕਿ ਤੇਰੀ ਕਿਸੇ ਨੂੰ ਲੋੜ ਏ? ਤੂੰ ਨਾ ਰੋਟੀ ਏਂ, ਨਾ ਸੋਟੀ, ਸੋ ਕਿਸੇ ਨੂੰ ਤੇਰੀ ਲੋੜ ਨਹੀਂ।

"ਪੜ੍ਹੋ ਤੇ ਪੜ੍ਹਾਓ, ਤੂੰ ਆਖਦੈਂ? ਕੀ ਤੂੰ ਪੜ੍ਹ ਕੇ ਇਹ ਜਾਣ ਸਕਦੈਂ ਕਿ ਲੋਕਾਂ ਨੂੰ ਖੁਸ਼ਕਿਸਮਤ ਕਿਵੇਂ ਬਣਾਇਆ ਜਾਏ? ਨਹੀਂ, ਤੂੰ ਨਹੀਂ ਜਾਣ ਸਕਦਾ। ਪਹਿਲਾਂ ਤੈਨੂੰ ਧੌਲੇ ਆ ਲੈਣ, ਫਿਰ ਦੱਸੀਂ ਦੂਜਿਆਂ ਨੂੰ ਕੀ ਸਿਖਾਉਣਾ ਚਾਹੀਦੈ। ਤੂੰ ਉਹਨਾਂ ਨੂੰ ਕੀ ਸਿਖਾਏਂਗਾ? ਹਰ ਕਿਸੇ ਨੂੰ ਪਤੈ ਉਹਨੂੰ ਕੀ ਚਾਹੀਦੈ। ਜਿਹੜੇ ਸਿਆਣੇ ਹੁੰਦੇ ਨੇ, ਉਹ ਜੋ ਜ਼ਿੰਦਗੀ ਦੇਂਦੀ ਏ,

ਲੈ ਲੈਂਦੇ ਨੇ, ਮੂਰਖ ਕੁਝ ਨਹੀਂ ਲੈਂਦੇ, ਪਰ ਸਿੱਖਦਾ ਹਰ ਕੋਈ ਆਪਣੇ-ਆਪ ਹੀ ਏ।

"ਅਜੀਬ ਨੇ ਇਹ, ਤੇਰੇ ਲੋਕ। ਸਾਰੇ ਇੱਕ ਦੂਜੇ ਨੂੰ ਮਧੋਲਦੇ ਹੋਏ ਇੱਜੜ ਵਾਂਗ ਆ ਇਕੱਠੇ ਹੁੰਦੇ ਨੇ, ਜਦ ਕਿ ਧਰਤੀ ਉੱਤੇ ਕਿੰਨੀ ਸਾਰੀ ਥਾਂ ਖ਼ਾਲੀ ਪਈ ਏ," ਤੇ ਉਸ ਨੇ ਸਤੇਪੀ ਵੱਲ ਹੱਥ ਨਾਲ਼ ਖੁੱਲ੍ਹ ਕੇ ਇਸ਼ਾਰਾ ਕੀਤਾ। "ਤੇ ਉਹ ਸਾਰੇ ਕੰਮ ਕਰਦੇ ਨੇ। ਕਾਹਦੇ ਲਈ ? ਕੀਹਦੇ ਲਈ ? ਕਿਸੇ ਨੂੰ ਨਹੀਂ ਪਤਾ। ਜਦੋਂ ਵੀ ਕਿਸੇ ਨੂੰ ਜ਼ਮੀਨ ਵਹੁੰਦਿਆਂ ਦੇਖੀਦੈ ਤਾਂ ਸੋਚੀਦੈ : ਔਹ ਵੇਖੋ ਬੰਦਾ ਕਿਵੇਂ ਤੁਪਕਾ-ਤੁਪਕਾ ਕਰ ਕੇ ਆਪਣੇ ਪਸੀਨੇ ਰਾਹੀਂ ਆਪਣੀ ਤਾਕਤ ਧਰਤੀ ਵਿਚ ਪਾਈ ਜਾ ਰਿਹੈ, ਤੇ ਮਗਰੋਂ ਆਖ਼ਰ ਇਸੇ ਧਰਤੀ ਹੇਠ ਹੀ ਇਸ ਨੇ ਲੇਟ ਜਾਣੈਂ ਤੇ ਮਿੱਟੀ ਹੋ ਜਾਣੈਂ। ਉਸ ਦਾ ਕੁਝ ਨਹੀਂ ਬਾਕੀ ਰਹਿ ਜਾਣਾ, ਆਪਣੇ ਖੇਤਾਂ ਤੋਂ ਸਿਵਾ ਉਸ ਨੇ ਕੁੱਝ ਨਹੀਂ ਵੇਖਣਾ ਤੇ ਟੁਰ ਜਾਣਾ ਏ, ਜਿਵੇਂ ਆਇਆ ਸੀ—ਮੂਰਖ ਦਾ ਮੂਰਖ।"

"ਨਾ ਕੀ,—ਉਹ ਇਸੇ ਲਈ ਪੈਦਾ ਹੋਇਆ ਸੀ ਕਿ ਉਹ ਧਰਤੀ ਨੂੰ ਖੋਤਰਦਾ ਰਵੇ, ਇਸ ਤੋਂ ਪਹਿਲਾਂ ਕਿ ਉਸ ਨੂੰ ਆਪਣੀ ਕਬਰ ਖੋਦਣ ਦੀ ਵਿਹਲ ਮਿਲੇ, ਉਹ ਚੱਲਦਾ ਹੋਏ ? ਕੀ ਉਸ ਨੇ ਕਦੀ ਅਜ਼ਾਦੀ ਦਾ ਸਵਾਦ ਚਖਿਐ ? ਕੀ ਉਸ ਨੂੰ ਸਤੇਪੀ ਦੀ ਵਿਸ਼ਾਲਤਾ ਦਾ ਗਿਆਨ ਏ ? ਕੀ ਸਾਗਰ ਦੀਆਂ ਲਹਿਰਾਂ ਦੀ ਬੋਲੀ ਸੁਣ ਕੇ ਉਸ ਦਾ ਮਨ ਕਦੀ ਖਿੜਿਐ ? ਉਹ ਗ਼ੁਲਾਮ ਏ—ਜੰਮਦਿਆਂ ਹੀ ਗ਼ੁਲਾਮ, ਸਾਰੀ ਉਮਰ ਦਾ ਗ਼ੁਲਾਮ ਤੇ ਗ਼ੁਲਾਮ ਮਰਨ ਤੱਕ ! ਉਹ ਕਰ ਵੀ ਕੀ ਸਕਦਾ ਏ ? ਬੱਸ, ਫਾਹਾ ਲੈ ਸਕਦੈ, ਜੇ ਇੰਝ ਕਰਨ ਜੋਗੀ ਮਾੜੀ ਜਿਹੀ ਵੀ ਅਕਲ ਹੋਵੇ ਤਾਂ।

"ਜਿੱਥੋਂ ਤੱਕ ਮੇਰਾ ਸਵਾਲ ਏ, ਵੇਖ, ਅੱਠ ਉੱਤੇ ਪੰਜਾਹਾਂ ਸਾਲਾਂ ਵਿੱਚ ਮੈਂ ਏਨਾਂ ਕੁੱਝ ਵੇਖ ਲਿਐ ਕਿ ਜੇ ਇਹ ਸਾਰਾ ਕੁਝ ਕਾਗਜ਼ ਉੱਤੇ ਲਿਖ ਲਿਆ ਜਾਏ, ਤਾਂ ਜਿਹੋ-ਜਿਹਾ ਝੋਲ਼ਾ ਤੇਰੇ ਕੋਲ਼ ਏ, ਇਹੋ ਜਿਹੇ ਹਜ਼ਾਰਾਂ ਝੋਲ਼ਿਆਂ ਵਿੱਚ ਵੀ ਇਹ ਨਹੀਂ ਸਮਾਉਣ ਲੱਗਾ। ਤੇ ਜ਼ਰਾ ਦਸ, ਕਿਹੜੀ ਥਾਂ ਏ ਜਿਹੜੀ ਮੈਂ ਨਹੀਂ ਵੇਖੀ ? ਤੂੰ ਕਿਸੇ ਥਾਂ ਦਾ ਨਾਂ ਨਹੀਂ ਲੈ ਸਕਦਾ ਏਂ। ਤੈਨੂੰ ਤਾਂ ਉਹਨਾਂ ਥਾਵਾਂ ਦਾ ਪਤਾ ਵੀ ਨਹੀਂ, ਜਿਹੜੀਆਂ ਮੈਂ ਵੇਖ ਚੁੱਕਾਂ। ਇਉਂ ਚਾਹੀਦੈ ਜਿਊਣਾ—ਚਲਦੇ ਜਾਓ, ਚਲਦੇ ਜਾਓ, ਹਮੇਸ਼ਾ। ਇੱਕ ਥਾਂ ਕਦੀ ਜ਼ਿਆਦਾ ਦੇਰ ਨਾ ਠਹਿਰੋ—ਠਹਿਰੋ ਵੀ ਕਾਹਦੇ ਲਈ ? ਜ਼ਰਾ ਵੇਖ ਕਿਵੇਂ ਦਿਨ-ਰਾਤ ਹਮੇਸ਼ਾ ਨੱਠਦੇ ਰਹਿੰਦੇ ਨੇ, ਤੇ ਇੱਕ-ਦੂਜੇ ਦਾ ਪਿੱਛਾ ਕਰਦੇ ਧਰਤੀ ਦੁਆਲੇ ਚੱਕਰ ਕੱਟਦੇ ਰਹਿੰਦੇ ਨੇ ; ਬਿਲਕੁਲ ਇਸੇ ਤਰ੍ਹਾਂ ਤੂੰ ਜ਼ਿੰਦਗੀ ਬਾਰੇ ਆਪਣੇ ਖ਼ਿਆਲਾਂ ਨੂੰ ਭਜਾ ਦੇ, ਜੇ ਤੂੰ ਚਾਹੁੰਦੈਂ ਕਿ ਜ਼ਿੰਦਗੀ ਲਈ ਤੇਰਾ ਪਿਆਰ ਖ਼ਤਮ ਨਾ ਹੋ ਜਾਏ। ਜੇ ਜ਼ਿੰਦਗੀ ਬਾਰੇ ਬਹੁਤਾ ਸੋਚੋਗੇ ਤਾਂ ਯਕੀਨਨ ਇਸ ਬਾਰੇ ਪਿਆਰ ਗੁਆ ਬੈਠੋਗੇ। ਮੇਰੇ ਨਾਲ਼ ਵੀ ਇੱਕ ਵਾਰੀ ਇੰਝ ਹੀ ਹੋਇਆ ਸੀ—ਹਾਂ, ਇੰਝ ਹੀ ਹੋਇਆ ਸੀ, ਮੇਰੇ ਬਾਜ਼ !

"ਉਦੋਂ ਮੈਂ ਜੇਲ੍ਹ ਵਿੱਚ ਹੁੰਦਾ ਸਾਂ, ਗਾਲੀਸ਼ੀਆ ਵਿੱਚ। 'ਮੈਂ ਦੁਨੀਆਂ ਵਿੱਚ ਕਿਉਂ ਜਿਊ ਰਿਹਾ ਹਾਂ ?' ਮੈਂ ਉਸ ਜ਼ਿੰਦਗੀ ਤੋਂ ਤੰਗ ਪੈ ਕੇ ਸੋਚਣ ਲੱਗ ਪਿਆ। ਜੇਲ੍ਹ ਵਿੱਚ ਮਨ ਤੰਗ ਪੈ ਜਾਣਾ, ਮੇਰੇ ਬਾਜ਼, ਉਫ਼, ਕਿਵੇਂ ਤੰਗ ਹੋਈਦਾ ਏ ! ਤੇ ਦਿਲਗੀਰੀ ਮੇਰੇ ਦਿਲ ਨੂੰ ਇੰਝ

ਜਕੜ ਲੈਂਦੀ ਸੀ, ਜਦੋਂ ਮੈਂ ਬਾਰੀਆਂ ਵਿਚੋਂ ਬਾਹਰ ਖੇਤਾਂ ਵੱਲ ਵੇਖਦਾ ਸਾਂ ; ਦਿਲਗੀਰੀ ਮੇਰੇ ਦਿਲ ਨੂੰ ਜਕੜ ਲੈਂਦੀ ਤੇ ਸ਼ਿਕੰਜੇ ਵਾਂਗ ਇਸ ਨੂੰ ਨਪੀੜਦੀ। ਕੀ ਕੋਈ ਕਹਿ ਸਕਦੈ, ਕਿ ਉਹ ਕਿਉਂ ਜਿਉਂਦੈ ? ਕੋਈ ਨਹੀਂ ਕਹਿ ਸਕਦਾ। ਤੇ ਇਸ ਬਾਰੇ ਆਪਣੇ-ਆਪ ਨੂੰ ਪੁੱਛਣ ਦੀ ਲੋੜ ਵੀ ਕੀ ਏ ? ਜੀਵੀ ਜਾਓ, ਜਦੋਂ ਤੱਕ ਜੀ ਸਕਦੇ ਹੋ। ਘੁੰਮੋ ਫਿਰੋ ਤੇ ਆਪ ਵੇਖੋ ਜੋ ਵੇਖਣ ਵਾਲਾ ਹੈ, ਫਿਰ ਦਿਲਗੀਰੀ ਤੁਹਾਡੇ ਨੇੜੇ ਨਹੀਂ ਆਏਗੀ। ਪਰ ਉਦੋਂ ਤਾਂ ਮੈਂ ਆਪਣੀ ਪੇਟੀ ਨਾਲ ਫਾਹਾ ਲਗਭਗ ਲੈ ਹੀ ਲਿਆ ਸੀ, ਹਾਂ!

"ਇੱਕ ਬੰਦੇ ਨਾਲ਼ ਮੇਰੀ ਗੱਲ ਹੋਈ। ਬੜਾ ਕਰੜਾ ਆਦਮੀ ਸੀ ਉਹ, ਤੇ ਤੁਹਾਡੇ ਰੂਸੀਆਂ ਵਿੱਚੋਂ ਸੀ। ਇੰਝ ਨਹੀਂ ਜਿਊਣਾ ਚਾਹੀਦਾ, ਜਿਵੇਂ ਤੁਸੀਂ ਆਪ ਚਾਹੁੰਦੇ ਹੋ, ਉਹ ਕਹਿਣ ਲੱਗਾ, ਸਗੋਂ ਇੰਝ ਜਿਊਣਾ ਚਾਹੀਦੈ ਜਿਵੇਂ ਪਵਿੱਤਰ ਗਰੰਥਾਂ ਵਿਚ ਲਿਖਿਆ ਹੋਇਐ। ਉਸ ਦੀ ਰਜ਼ਾ ਵਿੱਚ ਰਹੋ, ਤੇ ਉਹ ਤੁਹਾਡੀਆਂ ਸਭ ਕਾਮਨਾਵਾਂ ਪੂਰੀਆਂ ਕਰੇਗਾ। ਆਪ ਉਸ ਨੇ ਚੀਥੜੇ ਪਾਏ ਹੋਏ ਸਨ, ਲੀਰਾਂ। ਮੈਂ ਉਸ ਨੂੰ ਕਿਹਾ ਕਿ ਰੱਬ ਤੋਂ ਜ਼ਰਾ ਆਪਣੇ ਲਈ ਨਵੇਂ ਕੱਪੜੇ ਹੀ ਮੰਗ ਲੈ। ਉਹ ਲੋਹਾ-ਲਾਖਾ ਹੋ ਗਿਆ, ਮੈਨੂੰ ਗਾਲ੍ਹਾਂ ਕੱਢਦਿਆਂ ਹੋਇਆਂ ਉਥੋਂ ਭਜਾ ਦਿੱਤਾ। ਸਿਰਫ਼ ਇੱਕ ਮਿੰਟ ਪਹਿਲਾਂ ਹੀ ਉਹ ਕਹਿ ਰਿਹਾ ਸੀ ਕਿ ਲੋਕਾਂ ਨੂੰ ਮੁਆਫ਼ ਕਰ ਦੇਣਾ ਚਾਹੀਦੈ, ਤੇ ਉਹਨਾਂ ਨੂੰ ਪ੍ਰੇਮ ਕਰਨਾ ਚਾਹੀਦੈ। ਉਹ ਮੈਨੂੰ ਵੀ ਮੁਆਫ਼ ਕਰ ਸਕਦਾ ਸੀ, ਜੇ ਮੇਰੀ ਕਿਸੇ ਗੱਲ ਨੇ ਉਸ ਨੂੰ ਠੇਸ ਪੁਚਾਈ ਸੀ। ਉਹ ਵੀ ਲੋਕਾਂ ਨੂੰ ਸਿਖਾਉਂਦਾ ਫਿਰਦਾ ਸੀ! ਸਿੱਖਿਆ ਦੇਣਗੇ ਕਿ ਘੱਟ ਖਾਓ, ਤੇ ਆਪ ਦਿਹਾੜੀ ਵਿੱਚ ਦੱਸ ਵਾਰ ਖਾਣਗੇ।"

ਉਸ ਨੇ ਅੱਗ ਵਿੱਚ ਥੁੱਕਿਆ ਤੇ ਚੁੱਪ ਹੋ ਗਿਆ। ਚੁੱਪ-ਚਾਪ ਆਪਣਾ ਪਾਈਪ ਮੁੜ ਭਰਨ ਲੱਗਾ। ਹਵਾ ਹੌਲੀ-ਹੌਲੀ ਵਿਰਲਾਪ ਕਰ ਰਹੀ ਸੀ, ਘੋੜੇ ਹਨੇਰੇ ਵਿੱਚ ਹਿਣਹਿਣਾ ਰਹੇ ਸਨ, ਤੇ ਟੱਪਰੀਵਾਸਾਂ ਦੇ ਡੇਰੇ ਵੱਲੋਂ ਗੀਤ ਦੀ ਸੁਰੀਲੀ ਜਜ਼ਬਾਤੀ ਧੁਨ ਸੁਣਾਈ ਦੇ ਰਹੀ ਸੀ। ਇਹ ਮਕਾਰ ਦੀ ਖ਼ੂਬਸੂਰਤ ਧੀ ਨੋਨਕਾ ਗਾ ਰਹੀ ਸੀ। ਮੈਂ ਛਾਤੀ ਵਿੱਚੋਂ ਨਿਕਲਦੀ ਉਸ ਦੀ ਤੀਬਰ ਅਵਾਜ਼ ਨੂੰ ਪਛਾਣਦਾ ਸਾਂ, ਜਿਸ ਵਿੱਚ ਹਮੇਸ਼ਾ ਹੀ ਹੁਕਮ ਚਲਾਉਣ ਦਾ ਤੇ ਅਸੰਤੋਖ ਦਾ ਅੰਦਾਜ਼ ਸ਼ਾਮਲ ਹੁੰਦਾ। ਭਾਵੇਂ ਉਹ ਕੋਈ ਗੀਤ ਗਾ ਰਹੀ ਹੁੰਦੀ ਤੇ ਭਾਵੇਂ ਕਿਸੇ ਨੂੰ "ਨਮਸਤੇ" ਬੁਲਾ ਰਹੀ ਹੁੰਦੀ। ਹਲਕੇ ਗੁਲਾਬੀ ਰੰਗ ਦੀ ਭਾਹ ਮਾਰਦੇ ਉਸ ਦੇ ਸਾਂਵਲੇ ਚਿਹਰੇ ਉੱਤੇ ਜਿਵੇਂ ਰਾਣੀਆਂ ਵਾਲਾ ਘੁਮੰਡ ਵਸਿਆ ਹੋਇਆ ਸੀ ਤੇ ਉਸ ਦੀਆਂ ਭੂਰੀਆਂ ਅੱਖਾਂ ਦੇ ਪਛਾਵਿਆਂ ਵਿੱਚ ਇਹ ਚੇਤਨਤਾ ਟਿਮਟਿਮਾਉਂਦੀ ਲੱਗਦੀ ਸੀ ਕਿ ਉਹ ਛਾ ਜਾਣ ਵਾਲੀ ਸੁੰਦਰਤਾ ਦੀ ਮਾਲਕ ਹੈ, ਤੇ ਨਾਲ਼ ਹੀ ਉਹ ਸਭ ਕੁੱਝ ਬਾਰੇ ਨਫ਼ਰਤ ਵੀ, ਜਿਸ ਵਿੱਚ ਉਸ ਨੂੰ ਆਪਣੀ ਝਲਕ ਨਹੀਂ ਸੀ ਮਿਲਦੀ।

ਮਕਾਰ ਨੇ ਮੈਨੂੰ ਆਪਣਾ ਪਾਈਪ ਫੜਾਇਆ।

"ਲੈ, ਕਸ਼ ਲਾ ਲੈ! ਸੁਹਣਾ ਗਾਉਂਦੀ ਏ ਨਾ ਕੁੜੀ ? ਤੂੰ ਚਾਹੁੰਦੈ ਕਿ ਇਹੋ ਜਿਹੀ ਕੋਈ ਕੁੜੀ ਤੈਨੂੰ ਪਿਆਰ ਕਰੇ ? ਨਹੀਂ ? ਬੜੀ ਚੰਗੀ ਗੱਲ ਏ! ਚਾਹੀਦਾ ਵੀ ਇੰਝ ਹੀ ਏ— ਕਦੀ ਕੁੜੀਆਂ 'ਤੇ ਯਕੀਨ ਨਾ ਕਰੋ ਤੇ ਜਿੰਨੀ ਦੂਰ ਹੋ ਸਕੇ ਰਹੋ। ਕੁੜੀ ਨੂੰ ਚੁੰਮਣ ਦਾ ਏਦਾਂ

ਜ਼ਿਆਦਾ ਸੁਆਦ ਆਉਂਦੈ, ਜਿੰਨਾ ਮੈਨੂੰ ਪਾਈਪ ਪੀਣ ਦਾ ਵੀ ਨਹੀਂ ਆਉਂਦਾ ; ਪਰ ਉਸ ਨੂੰ ਇੱਕ ਵਾਰ ਚੁੰਮ ਲਵੋ, ਤਾਂ ਤੁਹਾਡੀ ਅਜ਼ਾਦੀ ਹਮੇਸ਼ਾ ਲਈ ਮਰ ਗਈ। ਉਹ ਫਿਰ ਤੁਹਾਨੂੰ ਅਜਿਹੇ ਅਦਿੱਖ ਬੰਧਨਾਂ ਨਾਲ ਬੰਨ੍ਹ ਲੈਂਦੀ ਏ ਕਿ ਤੁਸੀਂ ਆਪਣੇ-ਆਪ ਨੂੰ ਛੁਡਾ ਨਹੀਂ ਸਕਦੇ, ਤੇ ਦਿਲ ਜਾਨ ਨਾਲ਼ ਉਸ ਦੇ ਹੋ ਕੇ ਰਹਿ ਜਾਂਦੇ ਹੋ ? ਇਹ ਸੱਚ ਏ ! ਕੁੜੀਆਂ ਤੋਂ ਬਚ ਕੇ ਰਹੀਂ ! ਉਹ ਹਮੇਸ਼ਾ ਝੂਠ ਬੋਲਦੀਆਂ ਨੇ। ਕਹੇਗੀ ਇਹ ਕਿ ਤੈਨੂੰ ਜਿੰਨਾਂ ਪਿਆਰ ਕਰਦੀ ਹਾਂ, ਓਨਾਂ ਦੁਨੀਆਂ ਵਿੱਚ ਹੋਰ ਕੋਈ ਨਹੀਂ ਕਰਦਾ, ਪਰ ਤੁਸੀਂ ਜ਼ਰਾ ਉਸ ਦੇ ਸੂਈ ਚੁਭੋ ਕੇ ਵੇਖੋ, ਉਹ ਤੁਹਾਡਾ ਸੀਨਾ ਚੀਰ ਕੇ ਰੱਖ ਦੇਵੇਗੀ। ਪਤੈ ਮੈਨੂੰ ! ਹਾਂ, ਕਿੰਨਾ ਕੁਝ ਪਤੈ ਮੈਨੂੰ ! ਜੇ ਚਾਹੇਂ ਤਾਂ ਤੈਨੂੰ ਇੱਕ ਸੱਚੀ ਕਹਾਣੀ ਸੁਣਾਵਾਂ ? ਤੇ ਤੂੰ ਇਸ ਨੂੰ ਯਾਦ ਰੱਖੀਂ ; ਜੇ ਯਾਦ ਰੱਖੇਂਗਾ ਤਾਂ ਸਾਰੀ ਉਮਰ ਪੰਛੀਆਂ ਵਾਂਗ ਅਜ਼ਾਦ ਫਿਰੇਂਗਾ।

"ਇੱਕ ਹੁੰਦਾ ਸੀ ਜ਼ੋਬਾਰ, ਜਵਾਨ ਟੱਪਰੀਵਾਸ, ਲੋਇਕੋ ਜ਼ੋਬਾਰ। ਹੰਗਰੀ ਵਿੱਚ, ਤੇ ਬੋਹੀਮੀਆ ਵਿੱਚ ਤੇ ਸਲਾਵੋਨੀਆ ਵਿੱਚ, ਤੇ ਸਾਗਰ ਦੇ ਦੁਆਲੇ ਦੇ ਸਾਰੇ ਦੇਸ਼ਾਂ ਵਿੱਚ ਉਸ ਨੂੰ ਜਾਣਦੇ ਸਨ—ਦਲੇਰ ਸੀ ਉਹ ਸ਼ੇਰ ! ਕੋਈ ਪਿੰਡ ਅਜਿਹਾ ਨਹੀਂ ਸੀ ਇਹਨਾਂ ਪਾਸਿਆਂ ਵੱਲ, ਜਿਸ ਵਿੱਚ ਚਾਰ ਪੰਜ ਬੰਦਿਆਂ ਨੇ ਉਹਦੀ ਜਾਨ ਲੈਣ ਦੀ ਸੌਂਹ ਨਾ ਖਾਧੀ ਹੋਵੇ, ਪਰ ਤਾਂ ਵੀ ਉਹ ਜੀਵੀ ਜਾ ਰਿਹਾ ਸੀ, ਤੇ ਜੇ ਕਦੀ ਉਹਨੂੰ ਕੋਈ ਘੜੀ ਚੰਗੀ ਲੱਗ ਜਾਂਦੀ ਤਾਂ ਪੂਰੀ ਫ਼ੌਜ ਵੀ ਉਸ ਨੂੰ ਇਸ ਉੱਤੇ ਪਲਾਕੀ ਮਾਰ ਕੇ ਭਜਾ ਲੈ ਜਾਣ ਤੋਂ ਨਾ ਰੋਕ ਸਕਦੀ। ਕੋਈ ਸੀ, ਜਿਸ ਦਾ ਉਸ ਨੂੰ ਡਰ ਹੋਵੇ ? ਕੋਈ ਨਹੀਂ ! ਉਹ ਸ਼ੈਤਾਨ ਨੂੰ ਤੇ ਉਹਦੀ ਸਾਰੀ ਢਾਣੀ ਨੂੰ ਛੁਰਾ ਮਾਰ ਸਕਦਾ ਸੀ। ਜੇ ਉਹ ਉਸ ਉੱਤੇ ਝਪਟ ਪੈਂਦੇ ਤਾਂ, ਜਾਂ ਘੱਟੋ-ਘੱਟ ਗਾਲ੍ਹਾਂ ਤੇ ਘਸੁੰਨਾਂ ਨਾਲ਼ ਉਹਨਾਂ ਨਾਲ਼ ਸਿੱਝ ਸਕਦਾ ਸੀ—ਯਕੀਨ ਜਾਣ।

"ਟੱਪਰੀਵਾਸਾਂ ਦੇ ਸਾਰੇ ਡੇਰੇ ਜ਼ੋਬਾਰ ਨੂੰ ਜਾਣਦੇ ਸਨ, ਜਾਂ ਉਹਨਾਂ ਉਸ ਬਾਰੇ ਸੁਣਿਆ ਹੋਇਆ ਸੀ। ਉਸ ਨੂੰ ਸਿਰਫ਼ ਘੋੜਿਆਂ ਨਾਲ਼ ਪਿਆਰ ਸੀ, ਹੋਰ ਕਿਸੇ ਚੀਜ਼ ਨਾਲ਼ ਨਹੀਂ, ਤੇ ਉਹ ਵੀ ਬਹੁਤੀ ਦੇਰ ਨਹੀਂ। ਜਦੋਂ ਉਹ ਇਸ ਉੱਤੇ ਸਵਾਰੀ ਕਰ ਕਰ ਕੇ ਅੱਕ ਜਾਂਦਾ ਤਾਂ ਫਿਰ ਵੇਚ ਦੇਂਦਾ ਤੇ ਪੈਸੇ ਜਿਹੜਾ ਵੀ ਕੋਈ ਮੰਗਦਾ, ਉਸ ਨੂੰ ਦੇ ਦੇਂਦਾ। ਉਸ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਸੀ; ਜੇ ਤੈਨੂੰ ਉਹਦੇ ਦਿਲ ਦੀ ਲੋੜ ਏ, ਤਾਂ ਉਹ ਆਪ ਆਪਣੀ ਛਾਤੀ ਪਾੜ ਕੇ ਦਿਲ ਕੱਢਦਾ ਤੇ ਤੈਨੂੰ ਦੇ ਦੇਂਦਾ, ਜੇ ਤੇਰਾ ਇਸ ਨਾਲ਼ ਕੋਈ ਭਲਾ ਹੁੰਦਾ ਹੋਵੇ ਤਾਂ। ਇਸ ਤਰ੍ਹਾਂ ਦਾ ਬੰਦਾ ਸੀ ਉਹ !

"ਜਦੋਂ ਦੀ ਮੈਂ ਗੱਲ ਕਰ ਰਿਹਾ ਹਾਂ—ਕੋਈ ਦੱਸ ਕੁ ਸਾਲ ਪਹਿਲਾਂ ਦੀ—ਤਾਂ ਸਾਡਾ ਕਾਰਵਾਂ ਬੁਕੋਵੀਨਾ ਵਿੱਚ ਘੁੰਮ ਰਿਹਾ ਸੀ। ਬਸੰਤ ਦੀ ਇੱਕ ਰਾਤ ਅਸੀਂ ਸਾਰਾ ਟੋਲਾ ਇਕੱਠੇ ਹੋ ਕੇ ਬੈਠੇ ਹੋਏ ਸਾਂ—ਮੈਂ, ਦਾਨੀਲੋ ਫ਼ੌਜੀ, ਇੱਕ ਜਿਹੜਾ ਕੋਸ਼ੂਤ ਨਾਲ਼ ਰਲ ਕੇ ਲੜਿਆ ਸੀ, ਤੇ ਬੁੱਢਾ ਨੂਰ; ਦਾਨੀਲੋ ਦੀ ਧੀ ਰਾਦਾ ਤੇ ਹੋਰ ਬੰਦੇ।

"ਤੂੰ ਮੇਰੀ ਨੋਨਕਾ ਵੇਖੀ ਏ ? ਉਹ ਸੁੰਦਰੀਆਂ ਦੀ ਰਾਣੀ ਏ ! ਪਰ ਰਾਦਾ ਨਾਲ਼ ਉਸ ਦਾ ਮੁਕਾਬਲਾ ਕਰਨਾ ਉਸ ਦੀ ਬਹੁਤ ਵਡਿਆਈ ਕਰਨਾ ਹੋਵੇਗਾ। ਰਾਦਾ ਦੀ ਸੁੰਦਰਤਾ

ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਸ਼ਾਇਦ ਕਦੀ ਕੋਈ ਵਾਇਲਨ ਉੱਤੇ ਉਸ ਦੀ ਸੁੰਦਰਤਾ ਦਾ ਗੀਤ ਗਾਏ, ਪਰ ਇੰਝ ਉਹੀ ਕਰ ਸਕੇਗਾ ਜਿਹੜਾ ਇਸ ਸਾਜ਼ ਨੂੰ ਉਸੇ ਤਰ੍ਹਾਂ ਜਾਣਦਾ ਹੋਵੇ, ਜਿਵੇਂ ਆਪਣੀ ਰੂਹ ਨੂੰ।

"ਰਾਦਾ ਦੇ ਪਿਆਰ ਵਿੱਚ ਕਈ ਸੁੱਕ ਕੇ ਮਜਨੂੰ ਹੋ ਗਏ ਸਨ—ਹਾਂ, ਬਹੁਤ! ਇੱਕ ਵਾਰੀ ਮੋਰਾਵੀਆ ਵਿੱਚ ਇੱਕ ਬੁੱਢੇ ਅਮੀਰ ਨੇ ਰਾਦਾ ਨੂੰ ਵੇਖਿਆ ਤੇ ਉੱਥੇ ਦਾ ਉੱਥੇ ਹੀ ਗੱਡਿਆ ਗਿਆ। ਉਹ ਆਪਣੇ ਘੋੜੇ ਉੱਤੇ ਬੈਠਾ ਉਸ ਵੱਲ ਅੱਖਾਂ ਪਾੜ-ਪਾੜ ਕੇ ਵੇਖੀ ਜਾਏ ਤੇ ਨਾਲ਼ੇ ਸਾਰਾ ਕੰਬੀ ਜਾਏ ਜਿਵੇਂ ਕਾਂਬੇ ਦਾ ਬੁਖ਼ਾਰ ਹੋਇਆ ਹੋਵੇ। ਸਜਿਆ ਉਹ ਇੰਝ ਹੋਇਆ ਸੀ, ਜਿਵੇਂ ਸ਼ੈਤਾਨ ਦਿਲ-ਦਿਹਾਰ ਨੂੰ ਨਿਕਲਿਆ ਹੋਵੇ, ਕੋਟ ਸੁਨਹਿਰੀ ਤਾਰ ਨਾਲ਼ ਸੀਤਾ ਹੋਇਆ, ਇੱਕ ਪਾਸੇ ਤਲਵਾਰ ਲਟਕੀ ਹੋਈ ਜਿਸ ਵਿੱਚ ਹੀਰੇ ਜੜੇ ਹੋਏ ਸਨ, ਜਿਹੜੇ ਘੋੜੇ ਦੀ ਹਰ ਹਰਕਤ ਨਾਲ਼ ਬਿਜਲੀ ਵਾਂਗ ਲਿਸ਼ਕਾਰੇ ਮਾਰਦੇ ਸਨ, ਉਸ ਦੀ ਟੋਪੀ ਦੀ ਨੀਲੀ ਮਖ਼ਮਲ ਜਿਵੇਂ ਅਕਾਸ਼ ਦਾ ਟੋਟਾ ਹੋਵੇ। ਉਹ ਬੜਾ ਅਹਿਮ ਆਦਮੀ ਸੀ—ਉਹ ਬੁੱਢਾ। ਉਹ ਰਾਦਾ ਵੱਲ ਵੇਖਦਾ ਬੈਠਾ ਰਿਹਾ, ਤੇ ਆਖ਼ਰ ਉਸ ਨੂੰ ਕਹਿਣ ਲੱਗਾ: 'ਇੱਕ ਚੁੰਮਣ ਲਈ ਪੈਸਿਆਂ ਦੀ ਭਰੀ ਥੈਲੀ ਦਿਆਂਗਾ!' ਉਸ ਨੇ ਆਪਣਾ ਮੂੰਹ ਦੂਜੇ ਪਾਸੇ ਮੋੜ ਲਿਆ, ਬੱਸ। ਇਸ ਨਾਲ਼ ਬੁੱਢੇ ਨੇ ਆਪਣਾ ਅੰਦਾਜ਼ ਬਦਲਿਆ। 'ਮੁਆਫ਼ ਕਰੀਂ ਜੇ ਮੈਂ ਤੈਨੂੰ ਠੇਸ ਲਾਈ ਏ ਤਾਂ, ਪਰ ਘੱਟੋ-ਘੱਟ ਮੁਸਕਰਾ ਤਾਂ ਛੱਡ,' ਤੇ ਇਹ ਕਹਿੰਦਿਆਂ ਉਸ ਨੇ ਥੈਲੀ ਉਸ ਦੇ ਪੈਰਾਂ ਵਿੱਚ ਸੁੱਟ ਦਿੱਤੀ, ਤੇ ਥੈਲੀ ਵਾਹਵਾ ਭਰੀ ਹੋਈ ਸੀ। ਪਰ ਉਸ ਨੇ ਆਪਣੇ ਪੈਰ ਨਾਲ਼ ਇਸ ਨੂੰ ਮਿੱਟੀ ਵਿੱਚ ਦੱਬ ਦਿੱਤਾ, ਜਿਵੇਂ ਕਿ ਇਸ ਨੂੰ ਵੇਖਿਆ ਹੀ ਨਾ ਹੋਵੇ।

" ਉਫ਼, ਕਿਆ ਕੁੜੀ ਏ! ਉਸ ਨੇ ਹਉਕਾ ਭਰਿਆ, ਘੋੜੇ ਨੂੰ ਚਾਬਕ ਲਾਈ ਤੇ ਧੂੜ ਦੇ ਬੱਦਲ ਉਡਾਉਂਦਾ ਘੋੜਾ ਨੱਠ ਉੱਠਿਆ।"

"ਅਗਲੇ ਦਿਨ ਉਹ ਫਿਰ ਆ ਨਿਕਲਿਆ। 'ਉਸ ਦਾ ਪਿਉ ਕੌਣ ਹੈ?' ਉਸ ਨੇ ਅਜਿਹੀ ਅਵਾਜ਼ ਵਿੱਚ ਪੁੱਛਿਆ ਜਿਹੜੀ ਸਾਰੇ ਡੇਰੇ ਵਿੱਚ ਗੂੰਜ ਗਈ। ਦਾਨੀਲੋ ਅੱਗੇ ਆਇਆ। 'ਆਪਣੀ ਧੀ ਮੇਰੇ ਕੋਲ਼ ਵੇਚ ਦੇ। ਜੋ ਕਹੇਂਗਾ ਦਿਆਂਗਾ।' ਦਾਨੀਲੋ ਉਸ ਨੂੰ ਕਹਿਣ ਲੱਗਾ: 'ਸਿਰਫ਼ ਵੱਡੇ ਆਦਮੀ ਹੀ ਸਾਰਾ ਕੁਝ ਵੇਚ ਦੇਂਦੇ ਹਨ—ਆਪਣੇ ਸੂਰਾਂ ਤੋਂ ਲੈ ਕੇ ਆਪਣੀਆਂ ਜ਼ਮੀਰਾਂ ਤੱਕ। ਜਿੱਥੋਂ ਤੱਕ ਮੇਰਾ ਸਵਾਲ ਏ, ਮੈਂ ਕੋਸ਼ੂਤ ਨਾਲ਼ ਰਹਿ ਕੇ ਜੰਗਾਂ ਲੜਿਆ ਹਾਂ ਤੇ ਮੈਂ ਕੁਝ ਨਹੀਂ ਵੇਚਦਾ।' ਬੁੱਢਾ ਕੜਕਿਆ ਤੇ ਆਪਣੀ ਤਲਵਾਰ ਨੂੰ ਹੱਥ ਪਾਉਣ ਲੱਗਾ, ਪਰ ਕਿਸੇ ਨੇ ਚੁਆਤੀ ਉਸ ਦੇ ਘੋੜੇ ਦੇ ਕੰਨ ਵਿੱਚ ਤੁੰਨ ਦਿੱਤੀ ਤੇ ਘੋੜਾ ਉੱਥੋਂ ਉਡਦਾ ਹੋਇਆ, ਆਪਣੇ ਮਾਲਕ ਨੂੰ ਆਪਣੀ ਪਿੱਠ ਉੱਤੇ ਚੁੱਕੀ। ਅਸੀਂ ਉੱਥੋਂ ਡੇਰਾ ਚੁੱਕ ਲਿਆ ਤੇ ਤੁਰ ਪਏ। ਸਾਨੂੰ ਗਿਆਂ ਨੂੰ ਦੋ ਦਿਨ ਹੀ ਗਏ ਹੋਣਗੇ ਕਿ ਅਸੀਂ ਉਸ ਨੂੰ ਆਪਣੇ ਮਗਰ ਆਉਂਦਿਆਂ ਦੇਖਿਆ। 'ਹੇ!' ਉਹ ਕੂਕਿਆ। 'ਮੈਂ ਤੁਹਾਡੇ ਸਾਹਮਣੇ ਧਰਮ ਨਾਲ਼ ਕਹਿੰਦਾ ਹਾਂ ਕਿ ਮੇਰੀ ਮਨਸ਼ਾ ਮਾੜੀ ਨਹੀਂ। ਕੁੜੀ ਮੇਰੀ ਪਤਨੀ ਹੋਵੇਗੀ ਤੇ ਮੈਂ ਆਪਣਾ ਸਾਰਾ ਕੁਝ ਤੁਹਾਡੇ ਨਾਲ਼ ਵੰਡਾਵਾਂਗਾ, ਤੇ ਅਮੀਰ ਮੈਂ ਬਹੁਤ ਹਾਂ।' ਉਹ ਜਿਵੇਂ ਵੇਗ ਵਿੱਚ ਬਲ਼ ਰਿਹਾ

ਸੀ ਤੇ ਕਾਠੀ ਉੱਤੇ ਬੈਠਾ ਇੰਝ ਝੂਲ ਰਿਹਾ ਸੀ ਜਿਵੇਂ ਹਵਾਂ ਵਿੱਚ ਘਾਹ ਦੀ ਤਿੜ ਝੂਲਦੀ ਹੈ। ਅਸੀਂ ਵਿਚਾਰ ਕਰਨ ਲੱਗੇ।

" 'ਫੇਰ ਧੀਏ, ਦੱਸ,' ਦਾਨੀਲੋ ਮੁੱਛਾਂ ਦੇ ਵਿੱਚੋਂ ਮਸਾਂ ਸੁਣੀਂਦੀ ਅਵਾਜ਼ ਵਿੱਚ ਬੋਲਿਆ।

" 'ਜੇ ਬਾਜ਼ ਦੀ ਹਾਨਣ ਆਪਣੀ ਮਰਜ਼ੀ ਨਾਲ਼ ਕਾਂ ਨਾਲ਼ ਉਸ ਦੇ ਆਲ੍ਹਣੇ ਵਿੱਚ ਚਲੀ ਜਾਏ, ਤਾਂ ਉਸ ਬਾਰੇ ਤੁਸੀਂ ਕੀ ਸੋਚੋਗੇ ?' ਰਾਦਾ ਸਾਥੋਂ ਪੁੱਛਣ ਲੱਗੀ।

"ਦਾਨੀਲੋ ਖਿੜਖਿੜਾ ਕੇ ਹੱਸ ਪਿਆ, ਤੇ ਉਸ ਦੇ ਨਾਲ਼ ਹੀ ਅਸੀਂ ਵੀ।

" 'ਤੂੰ ਠੀਕ ਕਿਹੈ, ਧੀਏ! ਤੁਸੀਂ ਸੁਣ ਲਿਐ, ਹਜ਼ੂਰ ? ਇੱਥੇ ਗੱਲ ਬਣਦੀ ਨਹੀਂ ਲੱਗਦੀ। ਕੋਈ ਕਬੂਤਰ ਲੱਭ ਲਓ—ਉਹ ਜ਼ਿਆਦਾ ਆਗਿਆਕਾਰ ਹੁੰਦੇ ਨੇ।' ਤੇ ਅਸੀਂ ਅੱਗੇ ਤੁਰ ਪਏ।

"ਇਹ ਸੁਣ ਕੇ ਉਸ ਅਮੀਰ ਆਦਮੀ ਨੇ ਆਪਣੀ ਟੋਪੀ ਲਾਹੀ ਤੇ ਜ਼ਮੀਨ ਉੱਤੇ ਵਗਾਹ ਮਾਰੀ, ਤੇ ਏਨੀ ਤੇਜ਼ ਰਫ਼ਤਾਰ ਨਾਲ਼ ਉਥੋਂ ਘੋੜਾ ਭਜਾ ਕੇ ਤੁਰਦਾ ਹੋਇਆ, ਕਿ ਉਸ ਦੇ ਘੋੜੇ ਦੇ ਖੁਰਾਂ ਹੇਠ ਧਰਤੀ ਕੰਬਦੀ ਸੀ। ਅਜਿਹੀ ਸੀ ਰਾਦਾ, ਮੇਰੇ ਬਾਜ਼!

"ਫਿਰ, ਅਸੀਂ ਇੱਕ ਰਾਤ ਆਪਣੇ ਡੇਰੇ ਬੈਠੇ ਸਾਂ ਕਿ ਇਕਦਮ ਸਾਨੂੰ ਸਤੇਪੀ ਵੱਲੋਂ ਸੰਗੀਤ ਸੁਣਾਈ ਦਿੱਤਾ। ਬਹੁਤ ਸੋਹਣਾ! ਉਸ ਨੂੰ ਸੁਣ ਕੇ ਬੰਦੇ ਦੀਆਂ ਰਗਾਂ ਵਿੱਚ ਖ਼ੂਨ ਦੌੜਨ ਲੱਗ ਪੈਂਦਾ ਸੀ ਤੇ ਉਹ ਅਣਜਾਣੀਆਂ ਥਾਵਾਂ ਵੱਲ ਖਿੱਚ ਕੇ ਲੈ ਜਾਂਦਾ ਸੀ। ਇਸ ਨੇ ਸਾਨੂੰ ਸਾਰਿਆਂ ਨੂੰ ਕਿਸੇ ਏਡੀ ਅਥਾਹ ਗੱਲ ਦੀ ਸਿੱਕ ਨਾਲ਼ ਭਰ ਦਿੱਤਾ ਕਿ ਜਿਸ ਦਾ ਥਾਹ ਪਾਉਣ ਤੋਂ ਮਗਰੋਂ ਜਿਊਂਦੇ ਰਹਿਣ ਦੀ ਕੋਈ ਲੋੜ ਨਹੀਂ ਸੀ ਰਹਿ ਜਾਂਦੀ, ਤੇ ਜੇ ਅਸੀਂ ਜਿਊਂਦੇ ਹੀ ਰਹਿੰਦੇ ਤਾਂ ਸਾਰੀ ਦੁਨੀਆਂ ਦੇ ਬਾਦਸ਼ਾਹ ਹੋ ਕੇ ਜਿਊਂਦੇ।

"ਫਿਰ ਹਨੇਰੇ ਵਿੱਚੋਂ ਇੱਕ ਘੋੜਾ ਆਉਂਦਾ ਦਿਸਿਆ, ਤੇ ਘੋੜੇ ਉੱਤੇ ਇੱਕ ਆਦਮੀ ਬੈਠਾ ਸੀ ਤੇ ਆਪਣਾ ਸਾਜ਼ ਵਜਾਈ ਜਾ ਰਿਹਾ ਸੀ। ਉਹ ਸਾਡੀ ਬਾਲ਼ੀ ਅੱਗ ਦੇ ਕੋਲ਼ ਆ ਕੇ ਰੁਕ ਗਿਆ ਤੇ ਸਾਜ਼ ਵਜਾਉਣਾ ਬੰਦ ਕਰ ਦਿੱਤਾ। ਉਹ ਸਾਡੇ ਵੱਲ ਵੇਖਣ ਤੇ ਮੁਸਕ੍ਰਾਉਣ ਲੱਗਾ।

" 'ਜ਼ੋਬਾਰ! ਸੋ ਤੂੰ ਏ, ਜ਼ੋਬਾਰ!' ਦਾਨੀਲੋ ਖ਼ੁਸ਼ੀ ਨਾਲ਼ ਕੂਕ ਕੇ ਕਹਿਣ ਲੱਗਾ। ਸੋ ਇਹ ਸੀ ਲੋਇਕੋ ਜ਼ੋਬਾਰ।

"ਉਸ ਦੀਆਂ ਮੁੱਛਾਂ ਲਮਕ ਕੇ ਮੋਢਿਆਂ ਤੱਕ ਪਈਆਂ ਸਨ, ਜਿੱਥੇ ਉਹ ਉਸ ਦੇ ਘੁੰਗਰਿਆਲੇ ਵਾਲ਼ਾ ਨਾਲ਼ ਇਕਮਿਕ ਹੋ ਜਾਂਦੀਆਂ ਸਨ; ਉਸ ਦੀਆਂ ਅੱਖਾਂ ਦੋ ਚਮਕਦੇ ਸਿਤਾਰਿਆਂ ਵਾਂਗ ਲਿਸ਼ਕਾਂ ਮਾਰ ਰਹੀਆਂ ਸਨ, ਤੇ ਉਸ ਦੀ ਮੁਸਕ੍ਰਾਹਟ, ਜਿਵੇਂ ਸਾਕਾਰ ਸੂਰਜ ਹੋਵੇ। ਇੰਝ ਲੱਗਦਾ ਸੀ ਜਿਵੇਂ ਉਹ ਤੇ ਉਸ ਦਾ ਘੋੜਾ ਇੱਕੋ ਟੋਟੇ ਵਿੱਚੋਂ ਘੜ ਕੇ ਬਣਾਏ ਗਏ ਹੋਣ। ਉਹ ਸਾਡੇ ਸਾਮ੍ਹਣੇ ਸੀ, ਅੱਗ ਦੇ ਚਾਨਣ ਵਿੱਚ ਖ਼ੂਨ ਵਰਗਾ ਲਾਲ-ਸੂਹਾ, ਤੇ ਜਦੋਂ ਹੱਸਦਾ ਸੀ, ਉਸ ਦੇ ਦੰਦ ਲਿਸ਼ਕਦੇ ਸਨ। ਮੈਨੂੰ ਮਾਰ ਵਗੇ, ਜੇ ਮੈਂ ਉਸੇ ਵੇਲੇ ਤੋਂ ਉਸ ਨੂੰ ਇੰਝ

ਨਾ ਪਿਆਰਨ ਲੱਗ ਪਿਆ ਹੋਵਾਂ, ਜਿਸ ਤਰ੍ਹਾਂ ਆਪਣੇ-ਆਪ ਨੂੰ ਪਿਆਰਦਾ ਹਾਂ, ਤੇ ਉਸ ਨੇ ਅਜੇ ਮੇਰੇ ਨਾਲ਼ ਇੱਕ ਬੋਲ ਵੀ ਸਾਂਝਾ ਨਹੀਂ ਸੀ ਕੀਤਾ, ਸਗੋਂ ਉਸ ਨੂੰ ਪਤਾ ਵੀ ਨਹੀਂ ਹੋਣਾ ਕਿ ਇਸ ਦੁਨੀਆਂ ਵਿੱਚ ਕੋਈ ਮੇਰੇ ਵਰਗਾ ਬੰਦਾ ਵੀ ਰਹਿੰਦਾ ਏ।

"ਹਾਂ, ਇਸ ਤਰ੍ਹਾਂ ਦੇ ਬੰਦੇ ਵੀ ਹੁੰਦੇ ਨੇ, ਮੇਰੇ ਬਾਜ਼! ਉਸ ਨੇ ਬੰਦੇ ਦੀਆਂ ਅੱਖਾਂ ਵਿੱਚ ਵੇਖਿਆ ਨਹੀਂ ਕਿ ਉਸ ਨੇ ਆਪਣੀ ਰੂਹ ਉਸ ਦੇ ਹਵਾਲੇ ਕੀਤੀ ਨਹੀਂ, ਤੇ ਬੰਦਾ ਇਸ ਗੱਲ ਉੱਤੇ ਸ਼ਰਮਿੰਦਾ ਹੋਣ ਦੀ ਥਾਂ, ਇਸ ਉੱਤੇ ਮਾਣ ਮਹਿਸੂਸ ਕਰਦੈ। ਉਸ ਦੀ ਮੌਜੂਦਗੀ ਵਿੱਚ ਉਹ ਚੰਗੇਰਾ ਹੋ ਗਿਆ ਮਹਿਸੂਸ ਕਰਦੈ। ਇਹੋ ਜਿਹੇ ਇਨਸਾਨ ਬਹੁਤੇ ਨਹੀਂ ਹੁੰਦੇ। ਸ਼ਾਇਦ ਇਹ ਚੰਗਾ ਹੀ ਹੈ। ਜੇ ਦੁਨੀਆਂ ਵਿੱਚ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਹੁੰਦੀਆਂ, ਤਾਂ ਉਹਨਾਂ ਨੂੰ ਕੋਈ ਚੰਗੀਆਂ ਹੀ ਨਾ ਗਿਣਦਾ। ਪਰ ਸੁਣ ਅੱਗੇ ਕੀ ਹੋਇਆ।

"ਰਾਦਾ ਉਸ ਨੂੰ ਕਹਿਣ ਲੱਗੀ: 'ਤੂੰ ਵਾਇਲਿਨ ਸੁਹਣੀ ਵਜਾਉਂਦੈ, ਲੋਇਕੋ! ਇਹੋ ਜਿਹੀ ਸ਼ੁੱਧ ਧੁਨ ਵਾਲੀ ਵਾਇਲਿਨ ਤੈਨੂੰ ਕਿਸ ਨੇ ਬਣਾ ਕੇ ਦਿੱਤੀ ਏ?' 'ਮੈਂ ਇਹ ਆਪ ਬਣਾਈ ਏ,' ਉਹ ਹੱਸਿਆ। 'ਤੇ ਲੱਕੜੀ ਤੋਂ ਨਹੀਂ, ਸਗੋਂ ਉਸ ਕੁੜੀ ਦੀ ਛਾਤੀ ਤੋਂ ਜਿਸ ਨੂੰ ਮੈਂ ਬੜਾ ਪਿਆਰ ਕਰਦਾ ਸਾਂ; ਇਹ ਤਾਰਾ ਉਸ ਦੇ ਦਿਲ ਦੀਆਂ ਤਾਰਾਂ ਨੇ। ਕਦੀ-ਕਦੀ ਇਹ ਅਜੇ ਵੀ ਗ਼ਲਤ ਸੁਰ ਕੱਢ ਜਾਂਦੀ ਏ, ਮੇਰੀ ਵਾਇਲਿਨ, ਪਰ ਮੈਨੂੰ ਪਤੈ ਗਜ਼ ਕਿਵੇਂ ਚਲਾਈਦੈ।'

"ਸਾਫ਼ ਏ ਕਿ ਹਰ ਬੰਦਾ ਕੁੜੀ ਦੀਆਂ ਅੱਖਾਂ ਨੂੰ ਧੁੰਦਲਾਉਣ ਦੀ ਇਕਦਮ ਕੋਸ਼ਿਸ਼ ਕਰਦਾ ਏ, ਤਾਂ ਕਿ ਉਹ ਉਸ ਦੇ ਦਿਲ ਨੂੰ ਨਾ ਸਾੜ ਸਕਣ, ਜਦ ਕਿ ਆਪਣੇ ਵਿੱਚ ਉਹ ਕੋਈ ਸਿੱਕ ਸੰਭਾਲ ਰੱਖਣ, ਤੇ ਲੋਇਕੋ ਵੀ ਕੋਈ ਵੱਖਰਾ ਨਹੀਂ ਸੀ। ਪਰ ਐਂਤਕੀ ਉਸ ਦਾ ਵਾਹ ਕਿਸੇ ਵੱਖਰੀ ਸ਼ੈ ਨਾਲ਼ ਪਿਆ ਸੀ। ਰਾਦਾ ਨੇ ਸਿਰਫ਼ ਮੂੰਹ ਫੇਰ ਲਿਆ ਤੇ ਉਬਾਸੀ ਲੈਂਦੀ ਹੋਈ ਬੋਲੀ: 'ਤੇ ਕਹਿੰਦੇ ਸੀ ਜ਼ੋਬਾਰ ਬੜਾ ਸਿਆਣਾ ਤੇ ਹੁਸ਼ਿਆਰ ਏ। ਲੋਕ ਵੀ ਕਿਆ ਝੂਠ ਬੋਲਦੇ ਨੇ!' ਤੇ ਉਹ ਉੱਥੋਂ ਚਲੀ ਗਈ।

" 'ਹਾਂ! ਕੁੜੀਏ, ਤੇਰੇ ਦੰਦ ਤੇਜ਼ ਨੇ!' ਜ਼ੋਬਾਰ ਬੋਲਿਆ ਤੇ ਚਮਕਦੀਆਂ ਅੱਖਾਂ ਨਾਲ਼ ਉਹ ਘੋੜੇ ਤੋਂ ਉਤਰਿਆ। 'ਸਲਾਮ, ਮੇਰੇ ਭਰਾਵੋ! ਮੈਂ ਤੁਹਾਨੂੰ ਮਿਲਣ-ਗਿਲਣ ਆਇਆ ਹਾਂ।'

" 'ਸਾਨੂੰ ਬੜੀ ਖੁਸ਼ੀ ਹੋਈ ਏ,' ਦਾਨੀਲੋ ਨੇ ਜਵਾਬ ਵਿੱਚ ਉਸ ਨੂੰ ਕਿਹਾ। ਅਸੀਂ ਇੱਕ ਦੂਜੇ ਦਾ ਮੂੰਹ ਚੁੰਮਿਆ, ਗੱਲਾਂ ਕੀਤੀਆਂ ਤੇ ਸੌਂ ਗਏ।...ਸਾਨੂੰ ਘੂਕ ਨੀਂਦ ਆਈ। ਸਵੇਰੇ ਅਸੀਂ ਵੇਖਿਆ ਕਿ ਜ਼ੋਬਾਰ ਨੇ ਸਿਰ ਦੁਆਲੇ ਪੱਟੀ ਬੰਨ੍ਹੀ ਹੋਈ ਏ। ਕੀ ਹੋਇਆ? ਕੁਝ ਨਹੀਂ, ਸੁੱਤੇ ਪਏ ਨੂੰ ਘੋੜੇ ਨੇ ਦੁਲੱਤੀ ਕੱਢ ਮਾਰੀ ਸੀ।

"ਓ-ਹੋ-ਹੋ! ਪਰ ਸਾਨੂੰ ਪਤਾ ਸੀ ਕਿ ਉਹ ਘੋੜਾ ਕਿਹੜਾ ਸੀ! ਤੇ ਅਸੀਂ ਅੰਦਰੋ-ਅੰਦਰ ਹੱਸੇ; ਤੇ ਦਾਨੀਲੋ ਵੀ ਹੱਸਿਆ। ਕੀ ਇਹ ਹੋ ਸਕਦਾ ਸੀ ਕਿ ਲੋਇਕੋ ਨੂੰ ਵੀ ਰਾਦਾ ਬਰਾਬਰ ਦਾ ਨਾ ਸਮਝਦੀ ਹੋਵੇ? ਪਰ ਨਹੀਂ। ਕੁੜੀ ਭਾਵੇਂ ਕਿੰਨੀ ਚੰਗੀ ਵੀ ਕਿਉਂ ਨਾ ਹੋਵੇ, ਉਸ ਦੀ ਰੂਹ ਸੌੜੀ ਤੇ ਸਤਹੀ ਹੁੰਦੀ ਏ, ਤੇ ਤੁਸੀਂ ਭਾਵੇਂ ਉਹਦੇ ਗਲ ਵਿੱਚ ਮਣਾਂ ਮੂੰਹੀ ਸੋਨਾ

ਕਿਉਂ ਨਾ ਪਾ ਦਿਓ, ਕੋਈ ਫ਼ਰਕ ਨਹੀਂ ਪਏਗਾ। ਜਿਸ ਤਰ੍ਹਾਂ ਦੀ ਉਹ ਹੈ, ਉਸ ਨਾਲ਼ੋਂ ਚੰਗੀ ਉਹ ਨਹੀਂ ਹੋਣ ਲੱਗੀ। ਪਰ, ਖ਼ੈਰ!

"ਅਸੀਂ ਉਸੇ ਥਾਂ ਰਹੀ ਗਏ, ਤੇ ਸਮਾਂ ਵਾਹਵਾ ਲੰਘਦਾ ਗਿਆ। ਲੋਇਕੋ ਜ਼ੋਬਾਰ ਵੀ ਸਾਡੇ ਕੋਲ਼ ਹੀ ਟਿਕਿਆ ਰਿਹਾ। ਉਹ ਚੰਗਾ ਸਾਥੀ ਸੀ—ਬਜ਼ੁਰਗਾਂ ਵਰਗਾ ਸਿਆਣਾ, ਬੜੇ ਗਿਆਨ ਵਾਲ਼ਾ, ਰੂਸੀ ਤੇ ਮਗਿਆਰ* ਵਿੱਚ ਵੀ ਪੜ੍ਹ-ਲਿਖ ਸਕਦਾ ਸੀ। ਮੈਂ ਸਾਰੀ ਰਾਤ ਬੈਠਾ ਉਸ ਦੀਆਂ ਗੱਲਾਂ ਸੁਣ ਸਕਦਾ ਸਾਂ—ਤੇ ਜਿੱਥੋਂ ਤੱਕ ਉਸ ਦੇ ਵਾਇਲਿਨ ਵਜਾਉਣ ਦੀ ਗੱਲ ਸੀ, ਮੈਨੂੰ ਬਿੱਜ ਪਵੇ ਜੇ ਦੁਨੀਆਂ ਵਿੱਚ ਉਹਦੇ ਨਾਲ਼ ਦੀ ਹੋਰ ਕੋਈ ਵਜਾ ਸਕਦਾ ਹੋਵੇ ਤਾਂ। ਉਹ ਤਾਰਾਂ ਉੱਤੇ ਇੱਕ ਵਾਰ ਗਜ਼ ਫੇਰਦਾ ਤੇ ਤੁਹਾਡਾ ਦਿਲ ਲਰਜ਼ ਉੱਠਦਾ, ਦੂਜੀ ਵਾਰ ਗਜ਼ ਫੇਰਦਾ ਤਾਂ ਤੁਹਾਡੇ ਅੰਦਰ ਸੁਣਦਿਆਂ-ਸੁਣਦਿਆਂ ਜਿਵੇਂ ਸਭ ਕੁਝ ਤਣਾਅ ਵਿੱਚ ਆ ਜਾਂਦਾ—ਤੇ ਉਹ, ਬੱਸ ਮੁਸਕ੍ਰਾਈ ਜਾਂਦਾ ਤੇ ਵਜਾਈ ਜਾਂਦਾ। ਉਸ ਨੂੰ ਸੁਣਦਿਆਂ ਇੱਕੋ ਵੇਲੇ ਲੱਗਦਾ ਜਿਵੇਂ ਕੋਈ ਬੁਰੀ ਤਰ੍ਹਾਂ ਕੁਰਲਾ ਰਿਹਾ ਤੇ ਮੱਦਦ ਲਈ ਹਾਲ-ਪਾਹਰਿਆ ਮਚਾ ਰਿਹਾ ਹੈ, ਤੇ ਤੁਹਾਡੇ ਦਿਲ ਨੂੰ ਜਿਵੇਂ ਛੁਰੇ ਨਾਲ਼ ਵਿੰਨ੍ਹਦਾ ਜਾ ਰਿਹਾ ਹੈ। ਦੂਜੇ ਹੀ ਪਲ਼ ਸਤੇਪੀ ਅਕਾਸ਼ ਨੂੰ ਕੋਈ ਕਹਾਣੀ ਸੁਣਾ ਰਿਹਾ ਹੁੰਦਾ, ਕੋਈ ਉਦਾਸ ਕਹਾਣੀ। ਕਿਸੇ ਹੋਰ ਪਲ਼ ਕੋਈ ਮੁਟਿਆਰ ਆਪਣੇ ਪ੍ਰੇਮੀ ਨੂੰ ਅਲਵਿਦਾ ਕਹਿੰਦੀ ਹੋਈ ਰੋ ਰਹੀ ਹੁੰਦੀ। ਹੁਣ, ਉਸ ਦਾ ਪ੍ਰੇਮੀ ਉਸ ਨੂੰ ਸਤੇਪੀ ਤੋਂ ਅਵਾਜ਼ਾਂ ਦੇ ਰਿਹਾ ਹੁੰਦਾ। ਤੇ ਫਿਰ, ਇਕਦਮ, ਕੋਈ ਖੁਸ਼ੀ ਭਰੀ, ਝੂਣ ਸੁੱਟਣ ਵਾਲ਼ੀ ਧੁਨ ਫੁੱਟ ਨਿਕਲਦੀ, ਤੇ ਅਕਾਸ਼ ਵਿੱਚ ਖ਼ੁਦ ਸੂਰਜ ਵੀ ਜਿਵੇਂ ਉਸ ਨੂੰ ਸੁਣ ਕੇ ਪੈਲਾਂ ਪਾਉਣ ਲੱਗ ਪੈਂਦਾ। ਇਸ ਤਰ੍ਹਾਂ ਕੁਝ ਵਜਾਉਂਦਾ ਸੀ ਉਹ, ਬਾਜ਼!

"ਤੁਸੀਂ ਰੋਮ-ਰੋਮ ਨਾਲ਼ ਉਹ ਧੁਨ ਮਹਿਸੂਸ ਕਰਦੇ, ਤੇ ਇਸ ਦੇ ਗ਼ੁਲਾਮ ਹੋ ਕੇ ਰਹਿ ਜਾਂਦੇ। ਤੇ ਜੇ ਕਦੀ ਉਸ ਘੜੀ ਜ਼ੋਬਾਰ ਕਹਿੰਦਾ, 'ਆਪੋ- ਆਪਣੇ ਛੁਰੇ ਕੱਢ ਲਵੋ, ਸਾਥੀਓ!' ਤਾਂ ਸਾਡੇ ਵਿੱਚੋਂ ਹਰ ਕੋਈ ਆਪਣਾ ਛੁਰਾ ਕੱਢ ਲੈਂਦਾ ਤੇ ਜਿਸ ਦੇ ਵੀ ਖ਼ਿਲਾਫ਼ ਉਹ ਕਹਿੰਦਾ, ਸੇਧ ਦੇਂਦਾ। ਉਹ ਬੰਦੇ ਨੂੰ ਜਿਵੇਂ ਚਹੁੰਦਾ ਨਚਾ ਸਕਦਾ ਸੀ, ਪਰ ਉਸ ਨੂੰ ਸਾਰੇ ਪਿਆਰ ਕਰਦੇ ਸਨ, ਗੂੜ੍ਹਾ ਪਿਆਰ ਕਰਦੇ ਸਨ, ਸਿਰਫ਼ ਇਕੱਲੀ ਰਾਦਾ ਹੀ ਸੀ ਜੋ ਉਸ ਵੱਲ ਮੂੰਹ ਨਹੀਂ ਸੀ ਕਰਦੀ। ਜੇ ਏਨਾ ਹੀ ਹੁੰਦਾ ਤਾਂ ਕੋਈ ਗੱਲ ਨਹੀਂ ਸੀ, ਉਹ ਤਾਂ ਉਸ ਦਾ ਮਜ਼ਾਕ ਵੀ ਉਡਾਉਂਦੀ ਸੀ। ਉਸ ਨੇ ਜ਼ੋਬਾਰ ਦਾ ਦਿਲ ਬੁਰੀ ਤਰ੍ਹਾਂ ਘਾਇਲ ਕਰ ਦਿੱਤਾ ਸੀ, ਬਹੁਤ ਬੁਰੀ ਤਰ੍ਹਾਂ! ਉਹ ਦੰਦੀਆਂ ਕਰੀਚਦਾ ਤੇ ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹਦਾ, ਉਸ ਦੀਆਂ ਅੱਖਾਂ ਖੂਹਾਂ ਨਾਲੋਂ ਵੀ ਗਹਿਰੀਆਂ ਲੱਗਦੀਆਂ, ਤੇ ਕਦੀ-ਕਦੀ ਉਹਨਾਂ ਵਿੱਚ ਏਨੀ ਚਮਕ ਹੁੰਦੀ ਕਿ ਬੰਦੇ ਦਾ ਦਿਲ ਦਹਿਲ ਜਾਂਦਾ। ਰਾਤ ਨੂੰ ਉਹ ਦੂਰ ਸਤੇਪੀ ਦੇ ਅੰਦਰ ਕਰ ਕੇ ਚਲਾ ਜਾਂਦਾ ਤੇ ਉਥੇ ਉਸ ਦੀ ਵਾਇਲਿਨ ਸਵੇਰ ਹੋਣ ਤੱਕ ਕੁਰਲਾਉਂਦੀ ਰਹਿੰਦੀ, ਰੋਂਦੀ ਰਹਿੰਦੀ ਤੇ ਜ਼ੋਬਾਰ ਦੀ ਗੁਆਚੀ ਅਜ਼ਾਦੀ ਨੂੰ ਦਫ਼ਨਾਉਂਦੀ ਰਹਿੰਦੀ। ਤੇ ਅਸੀਂ ਲੇਟੇ ਹੋਏ ਸੁਣਦੇ ਰਹਿੰਦੇ ਤੇ ਆਪਣੇ-ਆਪ ਵਿੱਚ ਸੋਚਦੇ ਰਹਿੰਦੇ ਕਿ ਅੱਗੋਂ ਕੀ ਹੋਣ ਵਾਲ਼ਾ ਹੈ? ਤੇ ਸਾਨੂੰ ਪਤਾ ਸੀ ਕਿ ਜਦੋਂ ਦੋ ਪੱਥਰ ਰਿੜ੍ਹਦੇ ਹੋਏ ਇੱਕ-ਦੂਜੇ ਵੱਲ ਜਾ ਰਹੇ ਹੋਣ ਤਾਂ ਵਿਚਕਾਰ ਆਉਂਦੀ ਹਰ ਚੀਜ਼

ਨੂੰ ਉਹ ਕੁਚਲ ਸੁੱਟਣਗੇ। ਇਸ ਤਰ੍ਹਾਂ ਦਾ ਕੁਝ ਵਾਪਰ ਰਿਹਾ ਸੀ।

"ਇੱਕ ਰਾਤ ਅਸੀਂ ਆਪਣੇ ਮਾਮਲਿਆਂ ਉੱਤੇ ਵਿਚਾਰ ਕਰਦੇ ਹੋਏ ਬਹੁਤ ਰਾਤ ਗਈ ਤੱਕ ਅੱਗ ਦੁਆਲੇ ਬੈਠੇ ਰਹੇ, ਤੇ ਜਦੋਂ ਅਸੀਂ ਗੱਲਾਂ ਕਰ-ਕਰ ਕੇ ਥੱਕ ਗਏ ਤਾਂ ਦਾਨੀਲੋ ਜ਼ੋਬਾਰ ਵੱਲ ਮੁੜਿਆ ਤੇ ਕਹਿਣ ਲੱਗਾ: 'ਸਾਨੂੰ ਕੋਈ ਗੀਤ ਸੁਣਾ, ਜ਼ੋਬਾਰ, ਜਿਸ ਨਾਲ਼ ਰੂਹ ਖਿੜ ਜਾਏ!' ਜ਼ੋਬਾਰ ਨੇ ਰਾਦਾ ਵੱਲ ਵੇਖਿਆ ਜਿਹੜੀ ਕੁਝ ਹੀ ਦੂਰ ਜ਼ਮੀਨ ਉੱਤੇ ਲੇਟੀ ਅਕਾਸ਼ ਵੱਲ ਵੇਖ ਰਹੀ ਸੀ, ਤੇ ਤਾਰਾਂ ਉੱਤੇ ਗਜ਼ ਫੇਰਿਆ। ਵਾਇਲਿਨ ਇੰਝ ਗਾਂ ਉਠੀ ਜਿਵੇਂ ਗਜ਼ ਸੱਚਮੁਚ ਹੀ ਕਿਸੇ ਕੁੜੀ ਦੇ ਦਿਲ ਦੀਆਂ ਤਾਰਾਂ ਉੱਤੇ ਫਿਰ ਰਿਹਾ ਹੋਵੇ। ਤੇ ਲੋਇਕੋ ਗਾਉਣ ਲੱਗਾ:

ਹੇ, ਹੋ! ਮੇਰੇ ਸੀਨੇ ਅਗਨੀ ਬਲੇ,
ਤੇ ਸਤੇਪੀ ਹੈ ਕਿੰਨਾ ਵਿਸ਼ਾਲ
ਹਵਾ ਵਾਂਗ ਤੇਜ਼ ਮੇਰਾ ਘੋੜਾ ਚਲੇ
ਤੇ ਵਾਰ ਮੇਰਾ ਝੱਲਣਾ ਮੁਹਾਲ

"ਰਾਦਾ ਨੇ ਆਪਣਾ ਸਿਰ ਉਸ ਵੱਲ ਮੋੜਿਆ, ਇੱਕ ਅਰਕ ਦੇ ਸਹਾਰੇ ਉੱਪਰ ਵੱਲ ਨੂੰ ਹੋਈ ਤੇ ਉਸ ਦੀਆਂ ਅੱਖਾਂ ਵਿੱਚ ਅੱਖਾਂ ਗੱਡਦੀ ਹੋਈ ਹੱਸ ਪਈ। ਉਹਦਾ ਰੰਗ ਸੂਹਾ ਲਾਲ ਹੋ ਗਿਆ।

ਹੇ-ਹੋ, ਹੇ-ਹੋ! ਤੂੰ ਸਾਥੀ ਮੇਰੇ!
ਚੱਲ ਚੱਲੀਏ ਹੋ ਘੋੜੇ 'ਤੇ ਸਵਾਰ!
ਏਥੇ ਧੁੰਦ ਡੂੰਘੀ ਸਤੇਪੀਆਂ ਨੂੰ ਘੇਰੇ
ਉੱਥੇ ਪਹਫੁਟਾਲਾ ਕਰੇ ਸਾਡਾ ਇੰਤਜ਼ਾਰ
ਹੇ-ਹੋ! ਉੱਡ ਚੱਲੀਏ ਅਕਾਸ਼ 'ਤੇ
ਜਿੱਥੇ ਹਰ ਰਾਤ ਦਿਨ ਤੱਕ ਲੈ ਜਾਵੇ
ਸਿਰਫ਼ ਘੋੜੇ ਦੀ ਅਯਾਲ ਨਾ ਛੂਹੇ ਕਿਤੇ
ਚੰਨ ਸੋਹਣੇ 'ਤੇ ਨਾ ਧੂੰਝਾ ਪੈ ਜਾਵੇ

"ਕਿਆ ਗਾਉਂਦਾ ਸੀ ਉਹ! ਅੱਜ-ਕੱਲ੍ਹ ਉਸ ਤਰ੍ਹਾਂ ਕੋਈ ਵੀ ਨਹੀਂ ਗਾਉਂਦਾ। ਪਰ ਰਾਦਾ ਮਲਕੜੇ ਜਿਹੇ ਬੋਲੀ, ਜਿਵੇਂ ਪਾਣੀ ਛਣਦਾ ਹੋਵੇ:

" 'ਤੈਨੂੰ ਏਨਾਂ ਉੱਚਾ ਨਹੀਂ ਉੱਡਣਾ ਚਾਹੀਦਾ, ਲੋਇਕੋ, ਮਤਾਂ ਕਿਸੇ ਛੱਪੜ ਵਿੱਚ ਮੂਧੇ ਮੂੰਹ ਡਿੱਗ ਪਵੇਂ ਤੇ ਆਪਣੀਆਂ ਸੋਹਣੀਆਂ ਮੁੱਛਾਂ ਖ਼ਰਾਬ ਕਰ ਬੈਠੇਂ, ਵੇਖੀਂ ਕਿਤੇ।'

"ਜ਼ੋਬਾਰ ਨੇ ਉਸ ਵੱਲ ਵਹਿਸ਼ੀ ਨਜ਼ਰਾਂ ਨਾਲ਼ ਦੇਖਿਆ, ਪਰ ਕਿਹਾ ਕੁੱਝ ਨਾ। ਉਸ

ਨੇ ਆਪਣੇ-ਆਪ ਨੂੰ ਕਾਬੂ ਵਿੱਚ ਰੱਖਿਆ ਤੇ ਗਾਈ ਗਿਆ:

ਹੇ-ਹੋ! ਇਕਦਮ ਦਿਨ ਹੋ ਗਿਆ
ਜਦੋਂ ਅਸੀਂ ਦੋਵੇਂ ਰਲ਼ ਕੇ ਸਾਂ ਸੌਂ ਗਏ,
ਉਇ-ਹੋਇ! ਦਿਲ ਧੜਕਣੋਂ ਖੜੋ ਗਿਆ
ਅਸੀਂ ਸ਼ਰਮ ਨਾਲ਼ ਲਾਲ-ਸੂਹੇ ਹੋ ਗਏ!

"ਇਹ ਹੋਇਆ ਨਾ ਗੀਤ!' ਦਾਨੀਲੋ ਬੋਲਿਆ। 'ਕਦੀ ਨਹੀਂ ਇਹੋ ਜਿਹਾ ਗੀਤ ਸੁਣਿਆ ਮੈਂ; ਸ਼ੈਤਾਨ ਮੈਨੂੰ ਆਪਣਾ ਪਾਈਪ ਬਣਾ ਲਵੇ, ਜੇ ਮੈਂ ਝੂਠ ਬੋਲਾਂ ਤਾਂ!'

"ਬੁੱਢੇ ਨੂਰ ਆਪਣੀਆਂ ਮੁੱਛਾਂ ਉੱਤੇ ਹੱਥ ਫ਼ੇਰਿਆ ਤੇ ਮੋਢੇ ਸੁੰਗੇੜੇ, ਤੇ ਜ਼ੋਬਾਰ ਦੇ ਹੌਸਲੇ ਭਰੇ ਗੀਤ ਨੂੰ ਸੁਣ ਕੇ ਅਸੀਂ ਸਾਰੇ ਖੁਸ਼ ਸਾਂ। ਪਰ ਰਾਦਾ ਨੂੰ ਇਹ ਪਸੰਦ ਨਾ ਆਇਆ।

" 'ਇੱਕ ਵਾਰੀ ਮੱਛਰ ਨੇ ਬਾਜ਼ ਵਰਗੀ ਅਵਾਜ਼ ਕੱਢਣ ਦੀ ਕੋਸ਼ਿਸ਼ ਕੀਤੀ ਸੀ, ' ਉਹ ਬੋਲੀ। ਉਸ ਨੇ ਜਿਵੇਂ ਸਾਡੇ ਸਾਰਿਆਂ ਦੇ ਮੂੰਹ ਉੱਤੇ ਬਰਫ਼ ਮਾਰੀ ਹੋਵੇ।

" 'ਤੇਰੇ ਸ਼ਾਇਦ ਮਖ ਲੜਦੀ ਏ, ਰਾਦਾ,' ਦਾਨੀਲੋ ਲਮਕਵੀਂ ਅਵਾਜ਼ ਵਿੱਚ ਬੋਲਿਆ, ਪਰ ਜ਼ੋਬਾਰ ਨੇ ਆਪਣੀ ਟੋਪੀ ਥੱਲੇ ਵਗਾਹ ਮਾਰੀ ਤੇ ਸਾਰਾ ਜ਼ਮੀਨ ਵਾਂਗ ਧੁਆਂਖਿਆ ਹੋਇਆ, ਕਹਿਣ ਲੱਗਾ:

" 'ਠਹਿਰ ਜਾ ਦਾਨੀਲੋ! ਤੇਜ਼-ਤੱਰਾਰ ਘੋੜੇ ਨੂੰ ਕੜਿਆਲ ਵੀ ਲੋਹੇ ਦੀ ਚਾਹੀਦੀ ਏ। ਆਪਣੀ ਧੀ ਦਾ ਹੱਥ ਮੇਰੇ ਹੱਥ ਦੇ ਦੇ!"

" 'ਕਿਆ ਸੋਹਣੀ ਤਕਰੀਰ ਏ,' ਦਾਨੀਲੋ ਖਿੜਖਿੜਾਇਆ। 'ਲੈ-ਲੈ ਜੇ ਲੈ ਸਕਦੈਂ ਤਾਂ!'

" 'ਠੀਕ ਏ,' ਜ਼ੋਬਾਰ ਬੋਲਿਆ, ਤੇ ਫਿਰ ਰਾਦਾ ਵੱਲ ਮੁੜਦਾ ਹੋਇਆ ਕਹਿਣ ਲੱਗਾ: 'ਸੁਣ, ਕੁੜੀਏ, ਜ਼ਰਾ ਮੇਰੀ ਗੱਲ ਸੁਣ, ਤੇ ਉੱਚੀਆਂ ਹਵਾਵਾਂ ਵਿੱਚ ਨਾ ਰਹੁ। ਬਹੁਤ ਸਾਰੀਆਂ ਮੈਂ ਤੇਰੇ ਵਰਗੀਆਂ ਵੇਖੀਆਂ ਨੇ, ਹਾਂ, ਬਹੁਤ ਸਾਰੀਆਂ! ਪਰ ਉਹਨਾਂ ਵਿੱਚੋਂ ਇੱਕ ਵੀ ਮੇਰੇ ਦਿਲ ਨੂੰ ਇੰਝ ਨਹੀਂ ਭਾਈ, ਜਿਵੇਂ ਤੂੰ ਭਾ ਗਈ ਏਂ। ਆਹ, ਰਾਦਾ, ਤੂੰ ਮੇਰੀ ਰੂਹ ਉੱਤੇ ਛਾ ਗਈ ਏਂ। ਪਰ ਕੀ ਕੀਤਾ ਜਾ ਸਕਦੈ? ਜੋ ਹੋਣੈ, ਉਹ ਹੋ ਕੇ ਰਹਿਣੈ, ਤੇ ਐਸਾ ਘੋੜਾ ਅਜੇ ਤੱਕ ਕੋਈ ਨਹੀਂ ਪੈਦਾ ਹੋਇਆ, ਜਿਹੜਾ ਆਦਮੀ ਨੂੰ ਉਸ ਦੇ ਆਪੇ ਤੋਂ ਦੂਰ ਲੈ ਜਾਏ। ਰੱਬ ਨੂੰ ਤੇ ਆਪਣੀ ਜ਼ਮੀਰ ਨੂੰ ਹਾਜ਼ਰ-ਨਾਜ਼ਰ ਸਮਝ ਕੇ, ਤੇ ਤੇਰੇ ਪਿਉ ਤੇ ਇਹਨਾਂ ਸਾਰੇ ਲੋਕਾਂ ਦੀ ਹਾਜ਼ਰੀ ਵਿੱਚ, ਮੈਂ ਤੈਨੂੰ ਆਪਣੀ ਪਤਨੀ ਬਣਾਉਂਦਾ ਹਾਂ। ਸਿਰਫ਼ ਏਨਾ ਖ਼ਿਆਲ ਰੱਖੀਂ ਕਿ ਮੇਰੀ ਅਜ਼ਾਦੀ ਨੂੰ ਖ਼ਤਮ ਨਾ ਕਰੀਂ; ਮੈਂ ਅਜ਼ਾਦੀ ਨੂੰ ਪਿਆਰਨ ਵਾਲ਼ਾ ਆਦਮੀ ਹਾਂ ਤੇ ਹਮੇਸ਼ਾ ਉਸ ਤਰ੍ਹਾਂ ਹੀ ਰਹਾਂਗਾ, ਜਿਸ ਤਰ੍ਹਾਂ ਮੇਰੀ ਮਰਜ਼ੀ ਹੋਵੇਗੀ।' ਤੇ ਉਹ ਦੰਦਾਂ ਨੂੰ ਘੁੱਟੀ ਤੇ ਲਾਟੋ-ਲਾਟ ਅੱਖਾਂ ਨਾਲ਼ ਤੁਰਦਾ ਹੋਇਆ ਉਸ ਤੱਕ ਪੁੱਜਾ। ਅਸੀਂ ਉਸ ਨੂੰ ਆਪਣਾ ਹੱਥ ਰਾਦਾ ਵੱਲ

ਵਧਾਉਂਦਿਆਂ ਵੇਖਿਆ ਤੇ ਅਸੀਂ ਸੋਚਿਆ, ਆਖ਼ਰ ਰਾਦਾ ਨੇ ਸਤੇਪੀ ਦੇ ਇਸ ਜੰਗਲੀ ਵਛੇਰੇ ਨੂੰ ਲਗਾਮ ਪਾ ਲਈ ਹੈ। ਪਰ ਇਕਦਮ ਜ਼ੋਬਾਰ ਦੀਆਂ ਬਾਹਾਂ ਬਾਹਰ ਨੂੰ ਫੈਲੀਆਂ ਤੇ ਉਹਦੇ ਸਿਰ ਦਾ ਪਿਛਲਾ ਪਾਸਾ ਜ਼ਮੀਨ ਨਾਲ਼ ਜਾ ਵੱਜਾ।

"ਅਸੀਂ ਸਾਰੇ ਹੈਰਾਨ ਸਾਂ ਕਿ ਇਹ ਕੀ ਹੋ ਗਿਆ? ਇੰਝ ਸੀ ਜਿਵੇਂ ਕੋਈ ਗੋਲ਼ੀ ਉਸ ਦਾ ਸੀਨਾ ਚੀਰ ਗਈ ਹੋਵੇ। ਪਰ ਰਾਦਾ ਨੇ ਚਾਬਕ ਘੁੰਮਾ ਕੇ ਉਸ ਦੀਆਂ ਲੱਤਾਂ ਦੁਆਲੇ ਵੱਲ ਲਈ ਸੀ ਤੇ ਆਪਣੇ ਵੱਲ ਖਿੱਚਿਆ ਸੀ। ਇਸ ਕਰਕੇ ਉਹ ਡਿੱਗ ਪਿਆ ਸੀ।

"ਤੇ ਫਿਰ ਉਹ ਉੱਥੇ ਲੇਟੀ ਹੋਈ ਸੀ, ਚੁੱਪ-ਚਾਪ ਬੁੱਲ੍ਹਾਂ ਉੱਤੇ ਹਿਕਾਰਤ ਭਰੀ ਮੁਸਕ੍ਰਾਹਟ ਨਾਲ਼। ਅਸੀਂ ਵੇਖਣ ਲੱਗੇ ਕਿ ਹੁਣ ਕੀ ਹੋਵੇਗਾ। ਜ਼ੋਬਾਰ ਬੈਠ ਗਿਆ ਤੇ ਉਸ ਨੇ ਆਪਣਾ ਸਿਰ ਆਪਣੇ ਹੱਥਾਂ ਵਿੱਚ ਫੜ ਲਿਆ, ਜਿਵੇਂ ਉਸ ਨੂੰ ਡਰ ਹੋਵੇ ਕਿ ਇਹ ਫਟ ਜਾਇਗਾ, ਫਿਰ ਉਹ ਚੁੱਪਚਾਪ ਉੱਠਿਆ ਤੇ ਕਿਸੇ ਵੱਲ ਵੀ ਵੇਖੇ ਬਿਨਾਂ ਉਹ ਸਤੇਪੀ ਵੱਲ ਚਲਾ ਗਿਆ। ਨੂਰ ਨੇ ਮੇਰੇ ਕੰਨ ਵਿੱਚ ਕਿਹਾ: 'ਜਾਹ ਤੂੰ ਉਹਦੇ ਉੱਤੇ ਨਜ਼ਰ ਰੱਖ।' ਸੋ ਮੈਂ ਰਾਤ ਦੇ ਹਨੇਰੇ ਵਿੱਚ ਹੌਲ਼ੀ-ਹੌਲ਼ੀ ਤੁਰਦਾ ਸਤੇਪੀ ਵਿੱਚ ਉਸ ਦੇ ਮਗਰ-ਮਗਰ ਹੋ ਪਿਆ। ਜ਼ਰਾ ਸੋਚ ਤੂੰ, ਬਾਜ਼।"

ਮਕਾਰ ਨੇ ਆਪਣੇ ਪਾਈਪ ਵਿੱਚੋਂ ਖੁਰਚ ਕੇ ਸਵਾਹ ਬਾਹਰ ਕੱਢੀ ਤੇ ਇਸ ਨੂੰ ਮੁੜ ਭਰਨ ਲੱਗ ਪਿਆ। ਮੈਂ ਆਪਣਾ ਕੋਟ ਹੋਰ ਘੁੱਟ ਕੇ ਆਪਣੇ ਦੁਆਲੇ ਵੱਲ ਲਿਆ, ਪਿੱਠ-ਭਾਰ ਲੇਟ ਗਿਆ ਤੇ ਧੁੱਪਾਂ ਤੇ ਹਵਾਵਾਂ ਨਾਲ਼ ਸੰਵਲਾਏ ਉਸ ਦੇ ਬੁੱਢੇ ਚਿਹਰੇ ਨੂੰ ਵੇਖਣ ਲੱਗਾ। ਉਹ ਆਪਣੇ-ਆਪ ਨਾਲ਼ ਗੱਲਾਂ ਕਰੀ ਜਾ ਰਿਹਾ ਸੀ, ਤੇ ਆਪਣਾ ਸਿਰ ਗੰਭੀਰਤਾ ਨਾਲ਼ ਹਿਲਾਉਂਦਾ ਹੋਇਆ ਆਪਣੇ ਕਹੇ ਉੱਤੇ ਜ਼ੋਰ ਦੇ ਰਿਹਾ ਸੀ। ਉਸ ਦੀਆਂ ਧੌਲੀਆਂ ਮੁੱਛਾਂ ਫਰਕ ਰਹੀਆਂ ਸਨ, ਤੇ ਹਵਾ ਉਸ ਦੇ ਵਾਲ਼ਾਂ ਨੂੰ ਉਡਾ ਰਹੀ ਸੀ। ਉਸ ਨੂੰ ਵੇਖ ਕੇ ਮੈਨੂੰ ਬੁੱਢਾ ਬਲੂਤ ਯਾਦ ਆਇਆ, ਜਿਸ ਉੱਤੇ ਬਿਜਲੀ ਡਿੱਗ ਚੁੱਕੀ ਹੋਵੇ, ਪਰ ਜਿਹੜਾ ਅਜੇ ਵੀ ਤਕੜਾ ਤੇ ਜ਼ੋਰਦਾਰ ਹੋਵੇ, ਤੇ ਜਿਸ ਨੂੰ ਆਪਣੇ ਜ਼ੋਰਦਾਰ ਹੋਣ ਉੱਤੇ ਮਾਣ ਵੀ ਹੋਵੇ। ਸਾਗਰ ਰੇਤ ਦੇ ਕੰਨਾਂ ਵਿੱਚ ਕੁੱਝ ਕਹੀ ਜਾ ਰਿਹਾ ਸੀ, ਤੇ ਹਵਾ ਉਸ ਦੀ ਅਵਾਜ਼ ਨੂੰ ਸਤੇਪੀ ਤੱਕ ਲਿਜਾਈ ਜਾ ਰਹੀ ਸੀ। ਨੋਨਕਾ ਨੇ ਗਾਉਣਾ ਬੰਦ ਕਰ ਦਿੱਤਾ ਸੀ। ਅਕਾਸ਼ ਵਿੱਚ ਬੱਦਲ ਇਕੱਠੇ ਹੋ ਗਏ ਸਨ, ਜਿਸ ਨਾਲ਼ ਪਤਝੜ ਦੀ ਇਹ ਰਾਤ ਹੋਰ ਵੀ ਹਨੇਰੀ ਹੋ ਗਈ ਸੀ।

"ਲੋਇਕੋ ਪੈਰ ਘਸੀਟਦਾ ਤੁਰਿਆ ਜਾ ਰਿਹਾ ਸੀ, ਸਿਰ ਹੇਠਾਂ ਸੁੱਟੀ ਤੇ ਬਾਹਵਾਂ ਹੇਠਾਂ ਨੂੰ ਲਮਕਾਈ ਜਿਵੇਂ ਕਮਚੀਆਂ ਹੋਣ, ਤੇ ਜਦੋਂ ਉਹ ਨਿੱਕੀ ਜਿਹੀ ਨਦੀ ਦੇ ਕੰਢੇ ਉੱਤੇ ਪੁੱਜਾ ਤਾਂ ਉਹ ਇੱਕ ਪੱਥਰ ਉੱਤੇ ਬੈਠ ਗਿਆ ਤੇ ਕਰਾਹੁਣ ਲੱਗਾ। ਉਸ ਦੀ ਕਰਾਹਟ ਨੇ ਤਾਂ ਮੇਰਾ ਦਿਲ ਹੀ ਤੋੜ ਦਿੱਤਾ, ਪਰ ਮੈਂ ਉਸ ਦੇ ਨੇੜੇ ਨਾ ਗਿਆ। ਆਖ਼ਰ ਗੱਲਾਂ ਨਾਲ਼ ਤਾਂ ਗ਼ਮ ਨਹੀਂ ਘਟਦਾ—ਠੀਕ ਏ ਨਾ? ਇਹੋ ਮੁਸੀਬਤ ਏ। ਉਹ ਉੱਥੇ ਇੱਕ ਘੰਟਾ, ਦੋ ਘੰਟੇ, ਬਿਨਾਂ ਜ਼ਰਾ ਵੀ ਹਿਲਿਆਂ ਬੈਠਾ ਰਿਹਾ। ਬੱਸ ਬੈਠਾ ਹੀ ਰਿਹਾ।

"ਮੈਂ ਕੁਝ ਹੀ ਦੂਰ ਪਿਆ ਹੋਇਆ ਸਾਂ। ਅਕਾਸ਼ ਸਾਫ਼ ਹੋ ਗਿਆ ਸੀ, ਚੰਨ ਸਾਰੀ

ਸਤੇਪੀ ਨੂੰ ਚਾਂਦੀ ਨਾਲ਼ ਧੋ ਰਿਹਾ ਸੀ, ਤੇ ਦੂਰ-ਦੂਰ ਤੱਕ ਤੁਸੀਂ ਸਭ ਕੁਝ ਵੇਖ ਸਕਦੇ ਸੋ।

"ਇਕਦਮ ਮੈਨੂੰ ਰਾਦਾ ਆਪਣੇ ਡੇਰੇ ਵੱਲੋਂ ਇੱਧਰ ਨੱਠਦੀ ਆਉਂਦੀ ਦਿਸੀ।

"ਮੈਨੂੰ ਬਹੁਤ ਖ਼ੁਸ਼ੀ ਹੋਈ ! 'ਚੰਗੀ ਗੱਲ ਏ,' ਮੈਂ ਸੋਚਿਆ, 'ਤੂੰ ਬਹਾਦਰ ਕੁੜੀ ਏਂ, ਰਾਦਾ !' ਉਹ ਜ਼ੋਬਾਰ ਨੂੰ ਖ਼ਬਰ ਹੋਏ ਬਿਨਾਂ ਉਸ ਤੱਕ ਪੁੱਜੀ। ਆਪਣਾ ਹੱਥ ਉਸ ਦੇ ਮੋਢੇ ਉੱਤੇ ਰੱਖ ਦਿੱਤਾ। ਉਹ ਤ੍ਰਭਕ ਪਿਆ, ਆਪਣੇ ਹੱਥ ਛੰਡੇ ਤੇ ਸਿਰ ਉਤਾਂਹ ਚੁੱਕਿਆ। ਇਕਦਮ ਉਹ ਉੱਠ ਕੇ ਖੜੋ ਗਿਆ ਤੇ ਆਪਣਾ ਚਾਕੂ ਕੱਢ ਲਿਆ। ਉਫ਼, ਇਹ ਤਾਂ ਕੁੜੀ ਨੂੰ ਮਾਰ ਦੇਵੇਗਾ, ਮੈਂ ਸੋਚਿਆ, ਤੇ ਮੈਂ ਛਾਲ ਮਾਰ ਕੇ ਉੱਠਣ ਤੇ ਰੌਲਾ ਪਾਉਣ ਹੀ ਵਾਲ਼ਾ ਸਾਂ ਜਦੋਂ ਮੈਂ ਸੁਣਿਆ:

" 'ਇਸ ਨੂੰ ਛੱਡ ਦੇ, ਨਹੀਂ ਤਾਂ ਗੋਲ਼ੀ ਨਾਲ਼ ਸਿਰ ਉਡਾ ਦਿਆਂਗੀ !' ਮੈਂ ਵੇਖਿਆ, ਰਾਦਾ ਦੇ ਹੱਥ ਪਿਸਤੌਲ ਸੀ ਤੇ ਉਸ ਨੇ ਲੋਇਕੋ ਦੇ ਸਿਰ ਦਾ ਨਿਸ਼ਾਨਾ ਬੰਨ੍ਹਿਆ ਹੋਇਆ ਸੀ। ਬਿਲਕੁਲ ਸ਼ੈਤਾਨ ਦੀ ਬੱਚੀ ਸੀ ਉਹ ! ਖ਼ੈਰ, ਮੈਂ ਸੋਚਿਆ, ਘੱਟੋ-ਘੱਟ ਹੁਣ ਤਾਕਤ ਵਿੱਚ ਤਾਂ ਉਹ ਬਰਾਬਰ ਨੇ। ਵੇਖੋ ਅੱਗੋ ਕੀ ਹੁੰਦੈ।

" 'ਮੈਂ ਤੈਨੂੰ ਮਾਰਨ ਨਹੀਂ ਆਈ, ਤੇਰੇ ਨਾਲ਼ ਸੁਲਹ ਕਰਨ ਆਈ ਹਾਂ,' ਰਾਦਾ ਨੇ ਪਿਸਤੌਲ ਵਾਪਸ ਆਪਣੀ ਪੇਟੀ ਵਿੱਚ ਪਾਉਂਦਿਆਂ ਕਿਹਾ। 'ਚਾਕੂ ਪਰ੍ਹਾਂ ਸੁੱਟ ਦੇ।' ਉਸ ਨੇ ਸੁੱਟ ਦਿੱਤਾ ਤੇ ਤਿਊੜੀ ਪਾ ਕੇ ਉਸਦੀਆਂ ਅੱਖਾਂ ਵਿੱਚ ਵੇਖਣ ਲੱਗਾ। ਵੇਖਣ ਵਾਲ਼ੀ ਚੀਜ਼ ਸੀ, ਭਰਾ ! ਦੋ ਬੰਦੇ ਖੜੇ ਨੇ ਤੇ ਜਾਂਗਲੀ ਜਾਨਵਰਾਂ ਵਾਂਗ ਇੱਕ-ਦੂਜੇ ਵੱਲ ਵੇਖ ਰਹੇ ਨੇ, ਤੇ ਦੋਵੇ ਹੀ ਏਨੇਂ ਚੰਗੇ ਦਲੇਰ ਬੰਦੇ। ਤੇ ਉਹਨਾਂ ਨੂੰ ਸਿਰਫ਼ ਚਮਕਦਾ ਚੰਨ ਦੇਖ ਰਿਹਾ ਸੀ, ਜਾਂ ਮੈਂ—ਤੇ ਬੱਸ।

" 'ਸੁਣ ਜ਼ੋਬਾਰ, ਮੈਂ ਤੈਨੂੰ ਪਿਆਰ ਕਰਦੀ ਹਾਂ,' ਰਾਦਾ ਬੋਲੀ। ਉਸ ਨੇ ਸਿਰਫ਼ ਮੋਢੇ ਸੁੰਗੇੜੇ ਜਿਵੇਂ ਕਿਸੇ ਨੇ ਉਸ ਦੇ ਹੱਥ ਪੈਰ ਬੰਨ੍ਹੇ ਹੋਣ।

" 'ਮੈਂ ਕਈ ਮੁੰਡੇ ਵੇਖੇ ਨੇ, ਪਰ ਤੂੰ ਉਹਨਾਂ ਵਿੱਚੋਂ ਸਭ ਤੋਂ ਦਲੇਰ ਤੇ ਸਭ ਤੋਂ ਸੋਹਣਾ ਏਂ। ਉਹਨਾਂ ਵਿੱਚੋਂ ਹਰ ਕੋਈ ਮੁੱਛਾਂ ਮੁਨਵਾਉਂਣ ਨੂੰ ਤਿਆਰ ਹੁੰਦਾ, ਜੇ ਇੱਕ ਵਾਰੀ ਮੈਂ ਕਹਿੰਦੀ; ਹਰ ਕੋਈ ਮੇਰੇ ਪੈਰਾਂ ਉੱਤੇ ਢਹਿ ਪੈਂਦਾ, ਜੇ ਮੇਰੀ ਇਹ ਇੱਛਾ ਹੁੰਦੀ। ਪਰ ਮੈਂ ਕਿਉਂ ਅਜਿਹਾ ਕਰਦੀ ? ਉਹਨਾਂ ਵਿੱਚੋਂ ਕੋਈ ਵੀ ਬਹਾਦਰ ਨਹੀਂ ਸੀ, ਤੇ ਮੇਰੇ ਨਾਲ਼ ਉਹ ਜਲਦੀ ਹੀ ਜ਼ਨਾਨਾ ਜਿਹੇ ਬਣ ਜਾਂਦੇ। ਬੜੇ ਥੋੜ੍ਹੇ ਬਹਾਦਰ ਟੱਪਰੀਵਾਸ ਰਹਿ ਗਏ ਨੇ, ਜ਼ੋਬਾਰ—ਬਹੁਤ ਥੋੜ੍ਹੇ। ਮੈਂ ਅੱਜ ਤੱਕ ਕਿਸੇ ਨੂੰ ਪਿਆਰ ਨਹੀਂ ਕੀਤਾ, ਜ਼ੋਬਾਰ। ਪਰ ਮੈਂ ਤੈਨੂੰ ਪਿਆਰ ਕਰਦੀ ਹਾਂ। ਨਾਲ਼ ਹੀ ਮੈਂ ਆਪਣੀ ਅਜ਼ਾਦੀ ਨੂੰ ਪਿਆਰ ਕਰਦੀ ਹਾਂ। ਆਪਣੀ ਅਜ਼ਾਦੀ ਨੂੰ ਮੈਂ ਤੇਰੇ ਨਾਲ਼ੋਂ ਵੀ ਜ਼ਿਆਦਾ ਪਿਆਰ ਕਰਦੀ ਹਾਂ। ਪਰ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ, ਜਿਵੇਂ ਤੂੰ ਮੇਰੇ ਬਿਨਾਂ ਨਹੀਂ ਰਹਿ ਸਕਦਾ। ਤੇ ਮੈਂ ਚਾਹੁੰਦੀ ਹਾਂ ਤੂੰ ਮੇਰਾ ਬਣ ਜਾਏ, ਦਿਲ ਜਾਨ ਨਾਲ਼ ਮੇਰਾ ਬਣ ਜਾਏ ਸੁਣਦਾ ਏਂ ?'

"ਜ਼ੋਬਾਰ ਜ਼ਰਾ ਕੁ ਹੱਸਿਆ। 'ਸੁਣਦਾ ਹਾਂ, ' ਉਹ ਬੋਲਿਆ। 'ਤੇਰੇ ਬੋਲ ਮੇਰੇ ਦਿਲ ਨੂੰ ਖ਼ੁਸ਼ੀ ਦੇਂਦੇ ਨੇ। ਬੋਲੀ ਚੱਲ !'

“ ‘ਹੋਰ ਮੈਂ ਇਹ ਕਹਿਣਾ ਏ, ਜ਼ੋਬਾਰ : ਤੂੰ ਜੋ ਮਰਜ਼ੀ ਕਰ ਲੈ, ਮੈਂ ਤੈਨੂੰ ਆਪਣੇ ਵੱਸ ਕਰ ਕੇ ਰਹਾਂਗੀ; ਤੂੰ ਮੇਰਾ ਹੋ ਕੇ ਰਹੇਂਗਾ। ਸੋ ਸਮਾਂ ਨਾ ਗੁਆ। ਮੇਰੇ ਚੁੰਮਣ ਤੇ ਲਾਡ-ਪਿਆਰ ਤੈਨੂੰ ਉਡੀਕ ਰਹੇ ਨੇ—ਤੇ ਮੈਂ ਤੈਨੂੰ ਜ਼ੋਰਦਾਰ ਵੇਗ ਨਾਲ਼ ਚੁੰਮਾਂਗੀ, ਜ਼ੋਬਾਰ! ਮੇਰੇ ਚੁੰਮਣਾਂ ਦੇ ਜਾਦੂ ਅਸਰ ਹੇਠ ਤੂੰ ਬੀਤੇ ਦੀ ਸਾਰੀ ਬਹਾਦਰ ਜ਼ਿੰਦਗੀ ਭੁੱਲ ਜਾਏਂਗਾ।... ਤੇਰੇ ਖੁਸ਼ੀ ਭਰੇ ਗੀਤ, ਜਿਨ੍ਹਾਂ ਨੂੰ ਟੱਪਰੀਵਾਸ ਏਨਾ ਪਿਆਰ ਕਰਦੇ ਨੇ, ਹੋਰ ਸਤੇਪੀਆਂ ਵਿੱਚ ਨਹੀਂ ਗੂੰਜਣਗੇ; ਹੁਣ ਤੋਂ ਤੂੰ ਸਿਰਫ਼ ਮੇਰੇ ਲਈ, ਰਾਦਾ ਲਈ, ਪਿਆਰ ਦੇ ਕੋਮਲ ਗੀਤ ਗਾਇਆ ਕਰੇਂਗਾ।... ਹੋਰ ਸਮਾਂ ਐਵੇਂ ਨਾ ਗੁਆ। ਤੈਨੂੰ ਮੈਂ ਇਹ ਕਿਹਾ ਏ, ਜਿਸ ਦਾ ਮਤਲਬ ਏ ਕਿ ਕੱਲ ਤੋਂ ਤੂੰ ਮੇਰੀ ਇੰਝ ਵਫ਼ਾਦਾਰੀ ਨਾਲ਼ ਸੇਵਾ ਕਰੇਂਗਾ ਜਿਸ ਤਰ੍ਹਾਂ ਕੋਈ ਨੌਜਵਾਨ ਵੱਡੀ ਉਮਰ ਦੇ ਸਾਥੀ ਦੀ ਕਰਦਾ ਏ। ਤੇ ਸਾਰੇ ਡੇਰੇ ਦੇ ਸਾਮ੍ਹਣੇ ਤੂੰ ਮੇਰੇ ਪੈਰਾਂ ਉੱਤੇ ਝੁਕੇਂਗਾ ਤੇ ਮੇਰਾ ਸੱਜਾ ਹੱਥ ਚੁੰਮੇਂਗਾ, ਤੇ ਸਿਰਫ਼ ਤਾਂ ਹੀ ਮੈਂ ਤੇਰੀ ਪਤਨੀ ਬਣਾਂਗੀ।’

“ਸੋ ਉਹ ਚੰਡਾਲ ਕੁੜੀ ਇਹ ਚਾਹੁੰਦੀ ਸੀ। ਇਹੋ ਜਿਹੀ ਗੱਲ ਕਦੀ ਨਹੀਂ ਸੀ ਕਿਸੇ ਸੁਣੀ। ਸਿਰਫ਼ ਮਾਂਟੇ-ਨੀਗਰੋਆਂ ਵਿੱਚ ਹੀ ਕਦੀ ਇਸ ਤਰ੍ਹਾਂ ਦੀ ਰਸਮ ਹੁੰਦੀ ਸੀ, ਸਿਆਣੇ ਦੱਸਦੇ ਨੇ, ਪਰ ਟੱਪਰੀਵਾਸਾਂ ਵਿੱਚ ਕਦੀ ਨਹੀਂ ਸੀ ਰਹੀ। ਇਹਦੇ ਨਾਲ਼ੋਂ ਬੇਇਜ਼ਤੀ ਵਾਲੀ ਗੱਲ ਤੂੰ ਕੋਈ ਸੋਚ ਸਕਦੈਂ? ਸਾਲ ਭਰ ਮੱਥਾ ਮਾਰਦਾ ਰਹੁ, ਤੂੰ ਨਹੀਂ ਸੋਚ ਸਕਦਾ।

“ਲੋਇਕੋ ਇੱਕ ਪਾਸੇ ਨੂੰ ਮੁੜਿਆ ਤੇ ਸਤੇਪੀ ਵਿੱਚ ਉਸ ਦੀ ਚੀਕ ਗੂੰਜ ਉੱਠੀ, ਅਜਿਹੀ ਚੀਕ ਜਿਵੇਂ ਕਿਸੇ ਦੇ ਸੀਨੇ ਵਿੱਚ ਫਟ ਲੱਗ ਗਿਆ ਹੋਵੇ। ਰਾਦਾ ਕੰਬੀ, ਪਰ ਉਸ ਨੇ ਆਪਣਾ ਹਾਵ-ਭਾਵ ਜ਼ਾਹਰ ਨਾ ਹੋਣ ਦਿੱਤਾ।

“ ‘ਸੋ ਕੱਲ ਤੱਕ ਅਲਵਿਦਾ, ਤੇ ਕੱਲ੍ਹ ਤੂੰ ਉਹੋ ਕੁੱਝ ਕਰੇਂਗਾ ਜੋ ਮੈਂ ਕਿਹਾ ਏ, ਸੁਣਦਾ ਏਂ, ਜ਼ੋਬਾਰ?’

“ ‘ਸੁਣਦਾ ਹਾਂ। ਮੈਂ ਇੰਝ ਹੀ ਕਰਾਂਗਾ,’ ਜ਼ੋਬਾਰ ਨੇ ਕਰਾਹੁੰਦੀ ਅਵਾਜ਼ ਵਿੱਚ ਕਿਹਾ ਤੇ ਆਪਣੀਆਂ ਬਾਹਵਾਂ ਉਸ ਵੱਲ ਫੈਲਾਈਆਂ, ਪਰ ਉਹ ਉਸ ਵੱਲ ਇੱਕ ਨਜ਼ਰ ਵੇਖੇ ਤੋਂ ਵੀ ਬਿਨਾਂ ਉੱਥੋਂ ਚਲੀ ਗਈ, ਤੇ ਉਹ ਹਨੇਰੀ ਨਾਲ਼ ਟੁੱਟੇ ਰੁੱਖ ਵਾਂਗ ਝੂਲਣ ਲੱਗਾ ਤੇ ਸਿਸਕੀਆਂ ਭਰਦਾ ਤੇ ਹੱਸਦਾ ਜ਼ਮੀਨ ਉੱਤੇ ਡਿੱਗ ਪਿਆ।

“ਏਨਾਂ ਮੰਦਾ ਹਾਲ ਕਰ ਦਿੱਤਾ ਸੀ ਮੁੰਡੇ ਦਾ ਲਾਅਨਤੀ ਰਾਦਾ ਨੇ। ਬੜੀ ਮੁਸ਼ਕਲ ਨਾਲ਼ ਮੈਂ ਉਸ ਨੂੰ ਹੋਸ਼ ਵਿੱਚ ਲਿਆਂਦਾ।

“ਕਿਉਂ ਲੋਕ ਇੰਝ ਕਸ਼ਟ ਉਠਾਉਣ, ਕਿਸ ਸ਼ੈਤਾਨ ਨੂੰ ਇਸ ਦੀ ਲੋੜ ਏ? ਅਜਿਹੇ ਬੰਦੇ ਦੀਆਂ ਆਹਾਂ ਸੁਣ ਕੇ ਕਿਸ ਨੂੰ ਖੁਸ਼ੀ ਹੁੰਦੀ ਏ, ਜਿਸ ਦਾ ਦਿਲ ਟੁੱਟ ਚੁੱਕਾ ਹੋਵੇ? ਜ਼ਰਾ ਸੋਚ!

“ਮੈਂ ਡੇਰੇ ਵਾਪਸ ਆਇਆ ਤੇ ਵਡੇਰਿਆਂ ਨੂੰ ਸਾਰੀ ਗੱਲ ਆ ਸੁਣਾਈ। ਅਸੀਂ ਮਾਮਲੇ ਬਾਰੇ ਸੋਚਿਆ ਤੇ ਫ਼ੈਸਲਾ ਕੀਤਾ ਕਿ ਉਡੀਕਣਾ ਤੇ ਵੇਖਣਾ ਚਾਹੀਦੈ, ਕੀ ਹੁੰਦੈ। ਤੇ ਹੋਇਆ ਇਹ, ਕਿ ਸ਼ਾਮ ਨੂੰ ਜਦੋਂ ਅਸੀਂ ਰੋਜ਼ ਵਾਂਗ ਅੱਗ ਦੁਆਲੇ ਇਕੱਠੇ ਹੋਏ, ਤਾਂ ਜ਼ੋਬਾਰ

ਵੀ ਸਾਡੇ ਨਾਲ਼ ਆ ਰਲਿਆ। ਉਹ ਢਹਿੰਦੀਆਂ ਕਲਾਂ ਵਿੱਚ ਲੱਗਦਾ ਸੀ, ਉਸ ਇੱਕੋ ਰਾਤ ਵਿੱਚ ਉਸ ਦੀ ਹਾਲਤ ਡਰਾਉਣੀ ਹੱਦ ਤੱਕ ਭੈੜੀ ਹੋ ਗਈ ਸੀ, ਉਸ ਦੀਆਂ ਅੱਖਾਂ ਅੰਦਰ ਧਸ ਗਈਆਂ ਸਨ। ਉਸ ਨੇ ਆਪਣੀਆਂ ਅੱਖਾਂ ਜ਼ਮੀਨ ਉੱਤੇ ਗੱਡ ਛੱਡੀਆਂ ਤੇ ਬਿਨਾਂ ਉਤਾਂਹ ਚੁੱਕਿਆਂ, ਬੋਲਿਆ :

" 'ਸੋ ਗੱਲ ਇਹ ਹੈ, ਸਾਥੀਓ : ਮੈਂ ਸਾਰੀ ਰਾਤ ਆਪਣੇ ਦਿਲ ਨੂੰ ਫੋਲਦਾ ਰਿਹਾ ਹਾਂ, ਤੇ ਇਸ ਵਿੱਚ ਮੈਨੂੰ ਅਜ਼ਾਦੀ-ਪਿਆਰਦੇ ਜੀਵਨ ਲਈ ਕੋਈ ਥਾਂ ਨਹੀਂ ਲੱਭੀ, ਜਿਹੜਾ ਜੀਵਨ ਮੈਂ ਹੁਣ ਤੱਕ ਜਿਊਂਦਾ ਰਿਹਾ ਹਾਂ। ਇਸ ਦਾ ਕੋਨਾ-ਕੋਨਾ ਰਾਦਾ ਨੇ ਮੱਲ ਲਿਐ। ਉਸ ਰਾਦਾ ਨੇ, ਸੁੰਦਰ ਰਾਦਾ ਨੇ, ਜਿਹੜੀ ਮਹਾਰਾਣੀਆਂ ਵਾਂਗ ਮੁਸਕ੍ਰਾਉਂਦੀ ਏ। ਉਹ ਮੇਰੇ ਨਾਲ਼ੋਂ ਜ਼ਿਆਦਾ ਆਪਣੀ ਅਜ਼ਾਦੀ ਨੂੰ ਪਿਆਰ ਕਰਦੀ ਏ, ਪਰ ਮੈਂ ਅਜ਼ਾਦੀ ਤੋਂ ਜ਼ਿਆਦਾ ਉਸ ਨੂੰ ਪਿਆਰ ਕਰਦਾ ਹਾਂ। ਸੋ ਮੈਂ ਉਸ ਅੱਗੇ ਝੁਕਣ ਦਾ ਫੈਸਲਾ ਕੀਤੈ, ਜਿਵੇਂ ਉਸ ਨੇ ਮੈਨੂੰ ਹੁਕਮ ਦਿੱਤਾ ਸੀ, ਤਾਂ ਕਿ ਸਾਰੇ ਵੇਖ ਸਕਣ ਕਿ ਉਸ ਦੀ ਸੁੰਦਰਤਾ ਨੇ ਬਹਾਦਰ ਲੋਇਕੋ ਜ਼ੋਬਾਰ ਨੂੰ ਕਿਵੇਂ ਗ਼ੁਲਾਮ ਬਣਾ ਲਿਐ, ਜਿਹੜਾ ਉਸ ਨੂੰ ਮਿਲਣ ਤੋਂ ਪਹਿਲਾਂ ਔਰਤਾਂ ਨਾਲ਼ ਇੰਝ ਖੇਡਦਾ ਸੀ, ਜਿਸ ਤਰ੍ਹਾਂ ਬਿੱਲੀ ਚੂਹਿਆਂ ਨਾਲ਼ ਖੇਡਦੀ ਏ। ਇਸ ਕਰਕੇ ਉਹ ਮੇਰੀ ਪਤਨੀ ਬਣੇਗੀ ਤੇ ਮੈਨੂੰ ਚੁੰਮੇਗੀ ਤੇ ਪਿਆਰ ਕਰੇਗੀ, ਤੇ ਮੈਂ ਤੁਹਾਡੇ ਲਈ ਗੀਤ ਗਾਉਣ ਦੀ ਸਾਰੀ ਇੱਛਾ ਗੁਆ ਬੈਠਾਂਗਾ, ਤੇ ਮੈਨੂੰ ਆਪਣੀ ਅਜ਼ਾਦੀ ਦੇ ਚਲੇ ਜਾਣ ਦਾ ਕੋਈ ਗ਼ਮ ਨਹੀਂ ਹੋਵੇਗਾ। ਕਿਉਂ ਇੰਝ ਹੀ ਏ ਨਾ, ਰਾਦਾ ?' ਉਸ ਨੇ ਆਪਣੀਆਂ ਅੱਖਾਂ ਉੱਪਰ ਚੁੱਕੀਆਂ ਤੇ ਗੰਭੀਰਤਾ ਨਾਲ਼ ਉਸ ਵੱਲ ਵੇਖਿਆ। ਉਸ ਨੇ ਹਾਂ ਵਿੱਚ ਸਿਰ ਹਿਲਾਇਆ ਤੇ ਆਪਣੇ ਸਾਮ੍ਹਣੇ ਦੀ ਜ਼ਮੀਨ ਵੱਲ ਇਸ਼ਾਰਾ ਕੀਤਾ। ਅਸੀਂ ਕਿਆਸ ਨਹੀਂ ਨਹੀਂ ਸਾਂ ਕਰ ਸਕਦੇ ਕਿ ਇਹ ਸਾਰਾ ਕੁੱਝ ਹੋਇਆ ਕਿਸ ਤਰ੍ਹਾਂ ਹੈ। ਅਸੀਂ ਸਗੋਂ ਉੱਠ ਕੇ ਉੱਥੋਂ ਚਲੇ ਜਾਣ ਦੀ ਵੀ ਸੋਚੀ, ਤਾਂ ਕਿ ਅਸੀਂ ਲੋਇਕੋ ਜ਼ੋਬਾਰ ਨੂੰ ਇੱਕ ਕੁੜੀ ਦੇ ਪੈਰਾਂ ਉੱਤੇ ਡਿੱਗਦਿਆਂ ਨਾ ਵੇਖੀਏ, ਭਾਵੇਂ ਉਹ ਕੁੜੀ ਰਾਦਾ ਹੀ ਕਿਉਂ ਨਾ ਹੋਵੇ। ਇਸ ਵਿੱਚ ਕੁੱਝ ਸ਼ਰਮਨਾਕ ਗੱਲ ਸੀ, ਕੁੱਝ ਬੜੀ ਉਦਾਸ ਕਰਨ ਵਾਲ਼ੀ ਗੱਲ।

" 'ਸੋ ?' ਰਾਦਾ ਜ਼ੋਬਾਰ ਵੱਲ ਵੇਖ ਕੇ ਕੂਕੀ।

" 'ਏਨੀ ਕਾਹਲ਼ੀ ਨਾ ਕਰ। ਬਥੇਰਾ ਸਮਾਂ ਏ—ਤੰਗ ਪੈ ਜਾਏਂਗੀ ਮੇਰੇ ਤੋਂ,' ਜ਼ੋਬਾਰ ਹੱਸਿਆ। ਤੇ ਉਸ ਦੇ ਹਾਸੇ ਵਿੱਚ ਫ਼ੌਲਾਦ ਦੀ ਟੁਣਕਾਰ ਸੀ।

" 'ਸੋ ਸਾਰਾ ਮਾਮਲਾ ਇਹ ਹੈ, ਸਾਥੀਓ। ਮੇਰੇ ਲਈ ਕਰਨ ਵਾਸਤੇ ਹੋਰ ਰਹਿ ਹੀ ਕੀ ਗਿਐ ? ਇੱਕੋ ਗੱਲ ਮੇਰੇ ਕਰਨ ਵਾਲ਼ੀ ਇਹ ਰਹਿ ਗਈ ਏ ਕਿ ਮੈਂ ਵੇਖਾਂ ਕਿ ਮੇਰੀ ਰਾਦਾ ਦਾ ਦਿਲ ਏਨਾਂ ਹੀ ਮਜ਼ਬੂਤ ਏ, ਜਿਵੇਂ ਉਹ ਜ਼ਾਹਰ ਕਰਦੀ ਏ। ਮੈਂ ਇਸ ਨੂੰ ਪਰਖਾਂਗਾ। ਮੁਆਫ਼ ਕਰਨਾ, ਭਰਾਵੋ !'

"ਤੇ ਇਸ ਤੋਂ ਪਹਿਲਾਂ ਕਿ ਅਸੀਂ ਅੰਦਾਜ਼ਾ ਲਾ ਸਕਦੇ ਕਿ ਉਹ ਕੀ ਕਰਨਾ ਚਾਹੁੰਦੈ, ਰਾਦਾ ਜ਼ਮੀਨ ਉੱਤੇ ਪਈ ਸੀ ਤੇ ਜ਼ੋਬਾਰ ਦਾ ਛੁਰਾ ਦਸਤੇ ਤੱਕ ਉਸ ਦੀ ਛਾਤੀ ਵਿੱਚ

ਖੁਭਿਆ ਹੋਇਆ ਸੀ। ਅਸੀਂ ਹੱਕੇ ਬੱਕੇ ਰਹਿ ਗਏ।

"ਪਰ ਰਾਦਾ ਨੇ ਛੁਰਾ ਬਾਹਰ ਕੱਢਿਆ, ਇੱਕ ਪਾਸੇ ਸੁੱਟਿਆ, ਆਪਣੇ ਕਾਲ਼ੇ ਵਾਲਾਂ ਦੀ ਇੱਕ ਲਿਟ ਜ਼ਖਮ ਤੱਕ ਖੜੀ, ਤੇ ਮੁਸਕ੍ਰਾਉਂਦੀ ਹੋਈ ਉੱਚੀ ਸਾਫ਼ ਅਵਾਜ਼ ਵਿੱਚ ਬੋਲੀ :

" 'ਅਲਵਿਦਾ, ਜ਼ੋਬਾਰ! ਮੈਨੂੰ ਪਤਾ ਸੀ ਤੂੰ ਇੰਝ ਕਰੇਂਗਾ।' ਤੇ ਇਹ ਕਹਿੰਦਿਆਂ ਹੀ ਉਹ ਮਰ ਗਈ।...

"ਸਮਝ ਗਿਐਂ ਕਿਹੋ ਜਿਹੀ ਕੁੜੀ ਸੀ, ਬਾਜ਼?! ਐਸੀ ਸ਼ੈਤਾਨ ਦੀ ਨਾਨੀ ਸੀ, ਜਿਹੜੀ ਕਿਸੇ ਨਹੀਂ ਕਦੀ ਵੇਖੀ ਹੋਣੀ!"

" 'ਹੁਣ ਮੈਂ ਆਪਣੇ–ਆਪ ਨੂੰ ਤੇਰੇ ਪੈਰਾਂ ਉੱਤੇ ਸੁੱਟ ਦੇਵਾਂਗਾ, ਮੇਰੀ ਮਾਣਮੱਤੀ ਰਾਣੀ,' ਜ਼ੋਬਾਰ ਇਸ ਤਰ੍ਹਾਂ ਕੂਕਿਆ ਕਿ ਉਸ ਦੀ ਅਵਾਜ਼ ਸਤੇਪੀ ਵਿੱਚ ਗੂੰਜ ਉੱਠੀ। ਤੇ ਜ਼ਮੀਨ ਉੱਤੇ ਲੇਟਦਿਆਂ ਉਸ ਨੇ ਆਪਣੇ ਬੁੱਲ੍ਹ ਮੋਈ ਰਾਦਾ ਦੇ ਪੈਰਾਂ ਨੂੰ ਲਾਏ ਤੇ ਬਿਨਾਂ ਹਿਲਿਆਂ ਉੱਥੇ ਪਿਆ ਰਿਹਾ। ਅਸੀਂ ਆਪਣੇ ਸਿਰਾਂ ਤੋਂ ਟੋਪੀਆਂ ਲਾਹੀਆਂ ਤੇ ਚੁੱਪਚਾਪ ਉੱਥੇ ਖੜੇ ਰਹੇ।

"ਇਸ ਤਰ੍ਹਾਂ ਦੇ ਮੌਕੇ ਉੱਤੇ ਕੀ ਕਿਹਾ ਜਾ ਸਕਦੈ? ਕੁੱਝ ਨਹੀਂ। ਨੂਰ ਗੁਰਾਇਆ : 'ਮੁਸ਼ਕਾਂ ਕੱਸ ਦਿਓ ਇਸ ਦੀਆਂ!' ਪਰ ਲੋਇਕੋ ਜ਼ੋਬਾਰ ਦੀਆਂ ਮੁਸ਼ਕਾਂ ਕੱਸਣ ਲਈ ਕੋਈ ਵੀ ਹੱਥ ਉਠਾਉਣ ਨੂੰ ਤਿਆਰ ਨਹੀਂ ਸੀ, ਕੋਈ ਵੀ ਅਜਿਹਾ ਕਰਨ ਨੂੰ ਤਿਆਰ ਨਹੀਂ ਸੀ ਤੇ ਨੂਰ ਇਹ ਜਾਣਦਾ ਸੀ। ਸੋ, ਉਹ ਮੁੜਿਆ ਤੇ ਉਥੋਂ ਚਲਾ ਗਿਆ। ਦਾਨੀਲੋ ਨੇ ਰਾਦਾ ਦਾ ਸੁੱਟਿਆ ਛੁਰਾ ਚੁੱਕਿਆ ਤੇ ਕੁਝ ਦੇਰ ਖੜਾ ਇਸ ਵੱਲ ਵੇਖਦਾ ਰਿਹਾ, ਉਸ ਦੀਆਂ ਧੌਲ਼ੀਆਂ ਮੁੱਛਾਂ ਫਰਕ ਰਹੀਆਂ ਸਨ, ਮੁੜੇ ਹੋਏ ਤੇ ਤੇਜ਼ ਛੁਰੇ ਦੇ ਫਲ਼ ਉੱਤੇ ਅਜੇ ਵੀ ਰਾਦਾ ਦੇ ਖ਼ੂਨ ਦੇ ਨਿਸ਼ਾਨ ਸਨ। ਫਿਰ ਦਾਨੀਲੋ ਜ਼ੋਬਾਰ ਤੱਕ ਗਿਆ ਤੇ ਛੁਰਾ ਉਸ ਦੀ ਪਿੱਠ ਵਿੱਚ ਦਿਲ ਦੇ ਬਰਾਬਰ ਖੋਭ ਦਿੱਤਾ। ਆਖ਼ਰ ਉਹ ਰਾਦਾ ਦਾ ਪਿਓ ਸੀ, ਪੁਰਾਣਾ ਸਿਪਾਹੀ ਦਾਨੀਲੋ!

" 'ਤੂੰ ਆਪਣਾ ਕੰਮ ਕਰ ਦਿੱਤੈ,' ਦਾਨੀਲੋ ਵੱਲ ਮੁੜਦਿਆਂ ਸਾਫ਼–ਸਾਫ਼ ਲਫ਼ਜ਼ਾਂ ਵਿੱਚ ਲੋਇਕੋ ਬੋਲਿਆ, ਤੇ ਫਿਰ ਰਾਦਾ ਨਾਲ਼ ਰਲਣ ਲਈ ਚਲਦਾ ਹੋਇਆ।

"ਅਸੀਂ ਉਹਨਾਂ ਵੱਲ ਵੇਖਦੇ ਖੜੇ ਰਹੇ। ਰਾਦਾ ਉੱਥੇ ਪਈ ਸੀ, ਆਪਣੀ ਲਿਟ ਨੂੰ ਹੱਥ ਨਾਲ਼ ਆਪਣੀ ਛਾਤੀ ਉੱਤੇ ਦਬਾਈ, ਅੱਖਾਂ ਖੁੱਲ੍ਹੀਆਂ, ਨੀਲੇ ਅਕਾਸ਼ ਵੱਲ ਗੱਡੀਆਂ ਹੋਈਆਂ, ਜਦੋਂ ਕਿ ਉਸ ਦੇ ਪੈਰਾਂ 'ਤੇ ਬਹਾਦਰ ਲੋਇਕੋ ਜ਼ੋਬਾਰ ਪਿਆ ਸੀ। ਉਸ ਦੇ ਘੁੰਗਰਿਆਲੇ ਵਾਲ ਉਸ ਦੇ ਮੂੰਹ ਉੱਤੇ ਪਏ ਹੋਏ ਸਨ ਤੇ ਇਸ ਨੂੰ ਸਾਡੀਆਂ ਨਜ਼ਰਾਂ ਤੋਂ ਲੁਕਾ ਰਹੇ ਸਨ।

"ਕੁਝ ਦੇਰ ਅਸੀਂ ਖ਼ਿਆਲਾਂ ਵਿੱਚ ਡੁੱਬੇ ਉੱਥੇ ਖੜੇ ਰਹੇ। ਬੁੱਢੇ ਦਾਨੀਲੋ ਦੀਆਂ ਮੁੱਛਾਂ ਫਰਕ ਰਹੀਆਂ ਸਨ ਤੇ ਉਸ ਦੇ ਮੋਟੇ ਭਰਵੱਟੇ ਸੁੰਗੜੇ ਹੋਏ ਸਨ। ਉਹ ਅਕਾਸ਼ ਵੱਲ ਵੇਖ ਰਿਹਾ ਸੀ ਤੇ ਇੱਕ ਲਫ਼ਜ ਨਹੀਂ ਸੀ ਬੋਲ ਰਿਹਾ, ਪਰ ਧੌਲ਼ੇ ਸਿਰ ਵਾਲ਼ਾ ਨੂਰ ਮੂਧੇ ਮੂੰਹ ਜ਼ਮੀਨ ਉੱਤੇ ਪਿਆ ਸੀ ਤੇ ਰੋ ਰਿਹਾ ਸੀ ਤੇ ਉਸ ਦੇ ਬਜ਼ੁਰਗ ਮੋਢੇ ਕੰਬ ਰਹੇ ਸਨ।

"ਰੋਣ ਵਾਲ਼ੀ ਗੱਲ ਤਾਂ ਸੀ ਹੀ, ਬਾਜ਼!

"...ਸੋ ਤੁਰਦੇ ਜਾਓ, ਆਪਣੇ ਰਾਹ ਉੱਤੇ ਤੁਰਦੇ ਜਾਓ, ਜ਼ਰਾ ਵੀ ਲਾਂਭੇ ਨਾ ਹੋਵੇ। ਸਿੱਧੇ ਅਗਾਂਹ ਨੂੰ ਤੁਰਦੇ ਜਾਓ; ਫਿਰ ਸ਼ਾਇਦ ਤੁਹਾਡਾ ਇਹੋ ਜਿਹਾ ਹਸ਼ਰ ਨਾ ਹੋਵੇ। ਬੱਸ, ਏਨੀ ਸਾਰੀ ਕਹਾਣੀ ਏ, ਮੇਰੇ ਬਾਜ਼!"

ਮਕਾਰ ਨੇ ਬੋਲਣਾ ਬੰਦ ਕਰ ਦਿੱਤਾ, ਆਪਣਾ ਪਾਈਪ ਆਪਣੀ ਤੰਬਾਕੂ ਵਾਲ਼ੀ ਥੈਲੀ ਵਿੱਚ ਪਾਇਆ, ਤੇ ਆਪਣਾ ਕੋਟ ਖਿੱਚ ਕੇ ਛਾਤੀ ਉੱਤੇ ਕੀਤਾ। ਭੂਰ ਪੈ ਰਹੀ ਸੀ ਤੇ ਹਵਾ ਪਹਿਲਾਂ ਨਾਲੋਂ ਤੇਜ਼ ਸੀ। ਲਹਿਰਾਂ ਬੈਠੀ ਹੋਈ ਗੁੱਸੇ ਵਾਲ਼ੀ ਗੜਗੜਾਹਟ ਨਾਲ਼ ਸਾਗਰ ਵਿੱਚ ਉੱਠ ਰਹੀਆਂ ਸਨ। ਇੱਕ-ਇੱਕ ਕਰਕੇ ਸਾਰੇ ਘੋੜੇ ਸਾਡੀ ਬੁਝ ਰਹੀ ਅੱਗ ਕੋਲ਼ ਆ ਖੜੋਤੇ ਤੇ ਵੱਡੀਆਂ-ਵੱਡੀਆਂ ਸਿਆਣਿਆਂ ਵਾਲ਼ੀਆਂ ਅੱਖਾਂ ਨਾਲ਼ ਸਾਡੇ ਵੱਲ ਵੇਖਣ ਲੱਗੇ, ਤੇ ਫਿਰ ਸਾਡੇ ਦੁਆਲੇ ਘੇਰਾ ਬਣਾ ਲਿਆ।

"ਹੇ, ਹੇ!" ਮਕਾਰ ਉਹਨਾਂ ਵੱਲ ਪਿਆਰ-ਭਰੀ ਅਵਾਜ਼ ਨਾਲ਼ ਕੂਕਿਆ, ਤੇ ਜਦੋਂ ਉਸ ਨੇ ਆਪਣੇ ਮਨਭਾਉਂਦੇ ਮੁਸ਼ਕੀ ਘੋੜੇ ਦੀ ਧੌਣ ਥਾਪੜ ਲਈ ਤਾਂ ਮੇਰੇ ਵੱਲ ਮੁੜਿਆ ਤੇ ਬੋਲਿਆ : "ਸੌਣਾ ਚਾਹੀਦੈ।" ਉਸ ਨੇ ਆਪਣੇ ਕਾਕੇਸ਼ੀਆਈ ਕੋਟ ਵਿੱਚ ਆਪਣੇ-ਆਪ ਨੂੰ ਸਿਰ ਤੋਂ ਪੈਰਾਂ ਤੱਕ ਲਪੇਟ ਲਿਆ, ਜ਼ਮੀਨ ਉੱਤੇ ਨਿੱਸਲ ਹੋ ਗਿਆ ਤੇ ਅਹਿੱਲ ਲੇਟਿਆ ਰਿਹਾ।

ਮੇਰੀ ਸੌਣ ਦੀ ਕੋਈ ਇੱਛਾ ਨਹੀਂ ਸੀ। ਮੈਂ ਸਤੇਪੀ ਦੇ ਹਨੇਰੇ ਵਿੱਚ ਵੇਖਦਾ ਉੱਥੇ ਬੈਠਾ ਰਿਹਾ, ਤੇ ਮੇਰੀਆਂ ਅੱਖਾਂ ਸਾਮ੍ਹਣੇ ਰਾਦਾ ਦੀ ਤਸਵੀਰ ਤਰ ਰਹੀ ਸੀ, ਏਨੀ ਮਾਣਮੱਤੀ, ਏਨੀ ਸ਼ਾਹੀ ਠਾਠ ਵਾਲ਼ੀ। ਉਸ ਨੇ ਵਾਲ਼ ਫੜੀ, ਹੱਥ ਨਾਲ਼ ਆਪਣੀ ਛਾਤੀ ਨੂੰ ਘੁੱਟਿਆ ਹੋਇਆ ਸੀ ਤੇ ਉਸ ਦੀਆਂ ਪਤਲੀਆਂ-ਪਤਲੀਆਂ ਸਾਂਵਲੀਆਂ ਉਂਗਲਾਂ ਦੇ ਵਿੱਚੋਂ ਦੀ ਖ਼ੂਨ ਦੇ ਤੁਪਕੇ ਵਹਿ ਰਹੇ ਸਨ, ਜਿਹੜੇ ਜ਼ਮੀਨ ਉੱਤੇ ਪੈਂਦੇ ਹੀ ਚਮਕਦੇ ਸਿਤਾਰਿਆਂ ਵਿੱਚ ਬਦਲ ਜਾਂਦੇ ਸਨ।

ਤੇ ਉਸ ਦੇ ਮਗਰ ਲੋਇਕੋ ਜ਼ੋਬਾਰ ਦਾ ਬਹਾਦਰ ਅਕਾਰ ਤਰਦਾ ਆ ਰਿਹਾ ਸੀ। ਕੁੰਡਿਆਲੇ ਕਾਲ਼ੇ ਵਾਲਾਂ ਦੀਆਂ ਲਿਟਾਂ ਨੇ ਉਸ ਦਾ ਮੂੰਹ ਢਕਿਆ ਹੋਇਆ ਸੀ, ਤੇ ਵਾਲ਼ਾਂ ਦੇ ਹੇਠੋਂ ਦੀ ਵੱਡੇ-ਵੱਡੇ ਠੰਡੇ ਅੱਥਰੂ ਧਾਰਾਂ ਬਣ ਕੇ ਵਹਿ ਰਹੇ ਸਨ।

ਬਾਰਸ਼ ਵੱਧ ਗਈ ਤੇ ਸਾਗਰ ਇਹਨਾਂ ਦੋ ਖ਼ੂਬਸੂਰਤ ਟੱਪਰੀਵਾਸਾਂ—ਲੋਇਕੋ ਜ਼ੋਬਾਰ ਤੇ ਬੁੱਢੇ ਸਿਪਾਹੀ ਦਾਨੀਲੋ ਦੀ ਧੀ ਰਾਦਾ—ਲਈ ਗੰਭੀਰ ਧੁਨ ਵਿੱਚ ਸੋਗ-ਗੀਤ ਗਾ ਰਿਹਾ ਸੀ।

ਤੇ ਉਹ ਦੋਵੇਂ ਰਾਤ ਦੇ ਹਨੇਰੇ ਵਿੱਚ ਚੱਕਰ ਕੱਟੀ ਜਾ ਰਹੇ ਸਨ, ਬੇਅਵਾਜ਼, ਮਟਕ ਨਾਲ਼; ਤੇ ਭਾਵੇਂ ਕਿੰਨੀਂ ਵੀ ਕੋਸ਼ਿਸ਼ ਕਰਦਾ, ਸੋਹਣਾ ਜ਼ੋਬਾਰ ਮਾਣਮੱਤੀ ਰਾਦਾ ਨੂੰ ਨਾ ਫੜ ਸਕਦਾ।

1892.

# ਲੂਣੀ ਦਲਦਲ

1.

"ਲੂਣੀ ਦਲਦਲ ਵੱਲ ਜਾਹ, ਭਰਾ। ਉੱਥੇ ਹਮੇਸ਼ਾ ਕੰਮ ਲੱਭ ਜਾਂਦੈ। ਹਮੇਸ਼ਾ ਲੱਭ ਜਾਂਦੈ।... ਕਿਉਂਕਿ ਇਹ ਕੰਮ ਹੀ ਏਨਾਂ ਸਖ਼ਤ ਲੱਕ-ਤੋੜਵਾਂ ਏ ਕਿ ਕੋਈ ਵੀ ਉੱਥੇ ਬਹੁਤੀ ਦੇਰ ਨਹੀਂ ਰੁਕਦਾ। ਲੋਕ ਨੱਠ ਉੱਠਦੇ ਨੇ ਉੱਥੋਂ। ਸਹਿ ਨਹੀਂ ਸਕਦੇ। ਸੋ ਤੂੰ ਜਾ ਕੇ ਕੋਸ਼ਿਸ ਕਰ ਵੇਖ, ਇੱਕ ਦਿਨ। ਉਹ ਇੱਕ ਰੇੜ੍ਹੀ ਦੇ ਕੋਈ ਸੱਤ ਕੁ ਕੋਪੇਕ ਦੇਂਦੇ ਨੇ। ਸੋ ਇੱਕ ਦਿਨ ਲਈ ਏਨੇ ਕਾਫ਼ੀ ਹੁੰਦੇ ਨੇ।"

ਜਿਹੜਾ ਮਾਹੀਗੀਰ ਮੈਨੂੰ ਇਹ ਸਲਾਹ ਦੇ ਰਿਹਾ ਸੀ, ਉਸਨੇ ਥੁੱਕਿਆ, ਸਾਗਰ ਦੇ ਨੀਲ਼ੇ ਦੁਮੇਲ ਵੱਲ ਨਜ਼ਰ ਮਾਰੀ, ਤੇ ਆਪਣੇ-ਆਪ ਵਿੱਚ ਕੋਈ ਉਦਾਸ ਜਿਹੀ ਧੁਨ ਗੁਣਗੁਣਾਉਣ ਲੱਗਾ। ਮੈਂ ਉਸਦੇ ਕੋਲ਼ ਝੁੱਗੀ ਦੀ ਕੰਧ ਦੇ ਪ੍ਰਛਾਵੇਂ ਵਿੱਚ ਬੈਠਾ ਸਾਂ; ਉਹ ਆਪਣੀ ਪਤਲੂਨ ਨੂੰ ਤੋਪਾ ਲਾ ਰਿਹਾ ਸੀ, ਉਬਾਸੀਆਂ ਲੈ ਰਿਹਾ ਸੀ ਤੇ ਹੌਲ਼ੀ-ਹੌਲ਼ੀ ਆਪਣੇ ਅਫ਼ਸੋਸੇ ਜਿਹੇ ਵਿਚਾਰ ਦੱਸੀ ਜਾ ਰਿਹਾ ਸੀ ਕਿ ਦੁਨੀਆਂ ਵਿੱਚ ਲੋਕਾਂ ਲਈ ਕਾਫ਼ੀ ਕੰਮ ਨਹੀਂ, ਤੇ ਕੰਮ ਲੱਭਣਾ ਵੀ ਕਿੰਨਾਂ ਵੱਡਾ ਕੰਮ ਹੈ।

"ਜਦੋਂ ਤੇਰੇ ਲਈ ਸਹਿਣਾ ਮੁਸ਼ਕਲ ਹੋ ਗਿਆ, ਤਾਂ ਅਰਾਮ ਕਰਨ ਲਈ ਏਥੇ ਆ ਜਾਈਂ। ਸਾਨੂੰ ਇਸ ਬਾਰੇ ਦੱਸੀਂ। ਕੋਈ ਬਹੁਤਾ ਦੂਰ ਨਹੀਂ—ਪੰਜ ਕੁ ਵਰਸਤ ਏ। ਹੂੰ ! ਕਿਆ ਜ਼ਿੰਦਗੀ ਏ।"

ਮੈਂ ਉਸ ਤੋਂ ਛੁੱਟੀ ਲਈ, ਸਲਾਹ ਦੇਣ ਲਈ ਧੰਨਵਾਦ ਕੀਤਾ, ਤੇ ਤੱਟੋ-ਤੱਟ ਲੂਣੀ ਦਲਦਲ ਲਈ ਤੁਰ ਪਿਆ। ਅਗਸਤ ਦੀ ਗਰਮ ਸਵੇਰ ਸੀ, ਅਕਾਸ਼ ਸਾਫ਼ ਤੇ ਰੌਸ਼ਨ ਸੀ, ਸਾਗਰ ਸ਼ਾਂਤ ਤੇ ਖ਼ਾਲੀ ਸੀ, ਇਸਦੀਆਂ ਹਰੀਆਂ ਲਹਿਰਾਂ ਸੋਗੀ ਜਿਹੀ ਨਿੱਕੀ ਥਪ-ਥਪ ਕਰਦੀਆਂ ਇੱਕ ਦੂਜੀ ਦੇ ਮਗਰ ਤੱਟ ਉੱਪਰਲੀ ਰੇਤ ਵੱਲ ਨੱਠੀਆਂ ਆ ਰਹੀਆਂ ਸਨ। ਆਪਣੇ ਸਾਹਮਣੇ ਬਹੁਤ ਦੂਰ ਨੀਲ਼ੀ ਧੁੰਦ ਵਿੱਚ ਮੈਂ ਤੱਟ ਦੀ ਪੀਲ਼ੀ ਰੇਤ ਵਿੱਚ ਚਿੱਟੇ-ਚਿੱਟੇ ਟਿਮਕਣੇ ਵੇਖ ਸਕਦਾ ਸਾਂ। ਇਹ ਸ਼ਹਿਰ ਅਚਾਕੋਵ ਸੀ। ਮੇਰੇ ਪਿੱਛੇ ਝੁੱਗੀ ਨੂੰ ਸਾਗਰ ਦੇ ਹਲਕੇ ਹਰੇ ਜਿਹੇ ਪਾਣੀ ਨਾਲ਼ ਰੰਗੇ ਹੋਏ ਰੇਤ ਦੇ ਗੂੜ੍ਹੇ ਪੀਲ਼ੇ ਟਿੱਲਿਆਂ ਨੇ ਹੜੱਪ ਕਰ ਲਿਆ ਸੀ।

ਜਿਸ ਝੁੱਗੀ ਵਿੱਚ ਮੈਂ ਰਾਤ ਕੱਟੀ ਸੀ, ਉੱਥੇ ਮੈਂ ਹਰ ਤਰ੍ਹਾਂ ਦੀਆਂ ਘੋਰ ਬੇਹੂਦਾ ਕਹਾਣੀਆਂ ਤੇ ਖ਼ਿਆਲ ਸੁਣੇ ਸਨ, ਜਿਸ ਨਾਲ਼ ਮੈਂ ਢਹਿੰਦੀਆਂ ਕਲ਼ਾਂ ਵਿੱਚ ਆ ਗਿਆ ਸਾਂ। ਲਹਿਰਾਂ ਦੀ ਅਵਾਜ਼ ਮੇਰੇ ਮੂਡ ਨਾਲ਼ ਇਕਸੁਰ ਸੀ ਤੇ ਇਸਨੂੰ ਪੱਕਿਆਂ ਕਰ ਰਹੀ ਸੀ।

ਜਲਦੀ ਹੀ ਲੂਣੀ ਦਲਦਲ ਦਿੱਸਣ ਲੱਗ ਪਈ। ਜ਼ਮੀਨ ਦੇ ਤਿੰਨ ਟੋਟੇ, ਹਰ ਟੋਟਾ ਲਗਭਗ 400 ਵਰਗ ਮੀਟਰ ਤੇ ਨੀਵੇਂ ਜਿਹੇ ਬੰਨ੍ਹਾਂ ਤੇ ਤੰਗ ਜਿਹੀਆਂ ਖਾਈਆਂ ਨਾਲ਼ ਦੂਜੇ ਨਾਲ਼ੋਂ ਵੱਖ ਕੀਤਾ ਹੋਇਆ। ਇਹ ਲੂਣ ਕੱਢਣ ਦੇ ਤਿੰਨ ਪੜਾ ਪੇਸ਼ ਕਰਦੇ ਸਨ। ਪਹਿਲੇ ਟੋਟੇ

ਵਿੱਚ ਸਾਗਰ ਦਾ ਪਾਣੀ ਭਰਿਆ ਜਾਂਦਾ ਸੀ ਜਿਹੜਾ ਭਾਫ਼ ਬਣ ਕੇ ਉੱਡਦਾ ਹੋਇਆ, ਪਿੱਛੇ ਗੁਲਾਬੀ ਜਿਹੀ ਭਾਹ ਮਾਰਦੇ ਹਲਕੇ-ਸਲੇਟੀ ਰੰਗ ਦੀ ਤਹਿ ਛੱਡ ਜਾਂਦਾ ਸੀ। ਦੂਜੇ ਟੋਟੇ ਉੱਤੇ ਲੂਣ ਨੂੰ ਢੇਰਾਂ ਵਿੱਚ ਇਕੱਠਾ ਕੀਤਾ ਜਾ ਰਿਹਾ ਸੀ। ਇਹ ਕੰਮ ਔਰਤਾਂ ਕਰਦੀਆਂ ਸਨ, ਜਿਹੜੀਆਂ ਆਪਣੇ ਹੱਥਾਂ ਵਿੱਚ ਬੇਲਚੇ ਫੜੀ, ਬਿਨਾਂ ਬੋਲਿਆਂ ਜਾਂ ਇੱਕ-ਦੂਜੀ ਨੂੰ ਅਵਾਜ਼ ਦਿੱਤਿਆਂ ਗੋਡਿਆਂ ਤੱਕ ਚਮਕਦੇ ਕਾਲ਼ੇ ਚਿੱਕੜ ਵਿੱਚ ਖੜੀਆਂ ਸਨ, ਉਹਨਾਂ ਦੇ ਗੰਦੇ ਜਿਹੇ ਭੂਰੇ ਅਕਾਰ ਇਸ ਗੂੜ੍ਹੇ, ਨਮਕੀਨ, ਕਾਟਵੇਂ "ਰਾਪ", ਜਿਵੇਂ ਕਿ ਇਸ ਚਿੱਕੜ ਨੂੰ ਇੱਥੇ ਕਹਿੰਦੇ ਹਨ, ਦੇ ਪਿਛੋਕੜ ਵਿੱਚ ਉਤਸ਼ਾਹਹੀਣ ਢੰਗ ਨਾਲ਼ ਹਿਲਜੁਲ ਰਹੇ ਸਨ। ਤੀਜੇ ਟੋਟੇ ਤੋਂ ਲੂਣ ਚੁੱਕਿਆ ਜਾ ਰਿਹਾ ਸੀ। ਆਪਣੀਆਂ ਰੇੜ੍ਹੀਆਂ ਉੱਤੇ ਝੁਕ ਕੇ ਦੂਹਰੇ ਹੋਏ ਮਜ਼ਦੂਰ ਹੌਲ਼ੀ-ਹੌਲ਼ੀ ਤੇ ਚੁੱਪ-ਚਾਪ ਅੱਗੇ ਨੂੰ ਪੈਰ ਘਸੀਟ ਰਹੇ ਸਨ। ਰੇੜ੍ਹੀਆਂ ਦੇ ਪਹੀਏ ਰਗੜ ਖਾਂਦੇ ਤੇ ਚੀਂ-ਚੀਂ ਕਰਦੇ ਸਨ, ਤੇ ਇਹ ਅਵਾਜ਼ ਅਕਾਸ਼ ਨੂੰ ਸੰਬੋਧਤ ਨੰਗੀਆਂ ਪਿੱਠਾਂ ਦੀ ਕਤਾਰ ਵੱਲੋਂ ਪ੍ਰਗਟ ਕੀਤਾ ਜਾ ਰਿਹਾ ਗੁੱਸੇ ਭਰਿਆ, ਸੋਗੀ ਰੋਸ ਲੱਗਦਾ ਸੀ। ਤੇ ਅਕਾਸ਼ ਉਹਨਾਂ ਉੱਤੇ ਅਸਹਿ ਗਰਮੀ ਵਰ੍ਹਾਉਂਦਾ ਸੀ, ਜਿਹੜੀ ਸਲੇਟੀ ਜਿਹੀ ਜ਼ਮੀਨ ਨੂੰ ਸਾੜ ਰਹੀ ਸੀ, ਜਿਸ ਜ਼ਮੀਨ ਵਿੱਚ ਕਿਧਰੇ-ਕਿਧਰੇ ਲੂਣੀ ਦਲਦਲ ਵਾਲ਼ੇ ਘਾਹ ਤੇ ਲੂਣ ਦੀਆਂ ਚਮਕਦੀਆਂ ਕਲਮਾਂ ਦਿੱਸਦੀਆਂ ਸਨ। ਰੇੜ੍ਹੀਆਂ ਦੀ ਅਕਾਵੀਂ ਚੀਂ-ਚੀਂ ਵਿੱਚੋਂ ਫ਼ੋਰਮੈਨ ਦੀ ਭਾਰੀ ਅਵਾਜ਼ ਸੁਣੀ ਜਾ ਸਕਦੀ ਸੀ, ਜਿਹੜਾ ਮਜ਼ਦੂਰਾਂ ਨੂੰ ਬੁਰਾ-ਭਲਾ ਕਹਿ ਰਿਹਾ ਸੀ, ਜਿਹੜੇ ਲੂਣ ਲਿਆ-ਲਿਆ ਕੇ ਉਸਦੇ ਪੈਰਾਂ ਵਿੱਚ ਸੁੱਟੀ ਜਾ ਰਹੇ ਸਨ। ਉਸਦਾ ਕੰਮ ਸੀ—ਬਾਲਟੀ ਵਿੱਚੋਂ ਇਸ ਉੱਤੇ ਪਾਣੀ ਡੋਲ੍ਹਣਾ ਤੇ ਫਿਰ ਇਸਨੂੰ ਇੱਕ ਉੱਚੀ ਸਾਰੀ ਤਿਕੋਨ ਵਿੱਚ ਇਕੱਠਿਆਂ ਕਰ ਦੇਣਾ। ਉਹ ਉੱਚਾ-ਲੰਮਾ ਆਦਮੀ ਸੀ, ਅਫ਼ਰੀਕਨਾਂ ਵਾਂਗ ਕਾਲ਼ਾ, ਤੇ ਉਸਨੇ ਨੀਲ਼ੀ ਕਮੀਜ਼ ਤੇ ਚਿੱਟੀ ਪਤਲੂਨ ਪਾਈ ਹੋਈ ਸੀ। ਲੂਣ ਦੇ ਉੱਚੇ ਸਾਰੇ ਢੇਰ ਉੱਤੇ ਖੜੋਤਾ ਤੇ ਹਵਾ ਵਿੱਚ ਆਪਣੀ ਕਹੀ ਹਿਲਾਉਂਦਾ ਹੋਇਆ, ਉਹ ਤਖ਼ਤਿਆਂ ਉੱਤੇ ਲੂਣ ਦੀਆਂ ਰੇੜ੍ਹੀਆਂ ਧੂਹ ਕੇ ਲਿਆ ਰਹੇ ਮਜ਼ਦੂਰਾਂ ਨੂੰ ਗਲਾ ਪਾੜ-ਪਾੜ ਕੇ ਹੁਕਮ ਦਈ ਜਾ ਰਿਹਾ ਸੀ :

"ਖੱਬੇ ਪਾਸੇ ਸੁੱਟ ਇਹਨੂੰ! ਖੱਬੇ ਪਾਸੇ ਸੁੱਟ, ਤੂੰ ਬੁਰਛੇ! ਹੱਤ ਤੇਰੀ ਚਮੜੀ ਉਧੇੜੀ ਨਹੀਂ ਸੀ! ਤੇਰੇ ਡੇਲਿਆਂ ਵਿੱਚ ਕਿੱਲੀਆਂ ਗੰਡੀਆਂ! ਕਿੱਧਰ ਨੂੰ ਤੁਰਿਆ ਜਾਂਦੈਂ ?! ਕਿੱਧਰ ਨੂੰ! ਹੱਤ, ਤੇਰੀ, ਸ਼ੈਤਾਨ ਦੀਏ ਨਹੁੰਦਰੇ!"

ਫਿਰ ਗ਼ੁੱਸੇ ਵਿੱਚ ਉਸਨੇ ਆਪਣੀ ਕਮੀਜ਼ ਦੀ ਕੰਨੀਂ ਨਾਲ਼ ਆਪਣੇ ਮੂੰਹ ਤੋਂ ਪਸੀਨਾ ਪੂੰਝਿਆ, ਖੰਘੂਰਾ ਮਾਰਿਆ, ਤੇ ਆਪਣੇ ਗਾਲ੍ਹੀ-ਗਲੋਚ ਨੂੰ ਇੱਕ ਮਿੰਟ ਲਈ ਵੀ ਰੋਕੇ ਤੋਂ ਬਿਨਾਂ, ਆਪਣੇ ਬੇਲਚੇ ਨੂੰ ਪੁੱਠਾ ਕਰਕੇ ਪੂਰੇ ਜ਼ੋਰ ਨਾਲ਼ ਚਲਾਉਂਦਿਆਂ, ਉਸਨੇ ਲੂਣ ਨੂੰ ਪੱਧਰਾ ਕਰਨਾ ਸ਼ੁਰੂ ਕਰ ਦਿੱਤਾ। ਮਜ਼ਦੂਰ ਮਸ਼ੀਨੀ ਢੰਗ ਨਾਲ਼ ਆਪਣੀਆਂ ਰੇੜ੍ਹੀਆਂ ਖਿੱਚ ਕੇ ਲਿਆਉਂਦੇ ਤੇ "ਸੱਜੇ ਵੱਲ! ਖੱਬੇ ਵੱਲ!" ਦੇ ਉਸਦੇ ਹੁਕਮਾਂ ਨੂੰ ਮੰਨਦੇ ਹੋਏ ਉਸੇ ਤਰ੍ਹਾਂ ਹੀ ਮਸ਼ੀਨੀ ਢੰਗ ਨਾਲ਼ ਉਹਨਾਂ ਨੂੰ ਖ਼ਾਲੀ ਕਰ ਦੇਂਦੇ। ਏਨਾ ਕਰਕੇ ਉਹ ਬੜੀ ਕੋਸ਼ਿਸ ਕਰਕੇ ਸਿੱਧੇ ਹੁੰਦੇ ਤੇ ਹੋਰ ਭਾਰ ਢੋਣ ਲਈ ਮੁੜ ਪੈਂਦੇ; ਸੰਘਣੇ ਕਾਲ਼ੇ ਚਿੱਕੜ ਵਿੱਚ ਅੱਧ-ਡੁੱਬੇ ਹਿੱਲਦੇ

ਤਖ਼ਤਿਆਂ ਉਪਰੋਂ ਆਪਣੀਆਂ ਰੇੜ੍ਹੀਆਂ ਨੂੰ ਖਿੱਚੀ ਲਿਜਾਂਦੇ ਉਹ ਬੇਯਕੀਨੇ ਜਿਹੇ ਕਦਮਾਂ ਨਾਲ਼ ਤੁਰਦੇ, ਜਦ ਕਿ ਉਹਨਾਂ ਦੀਆਂ ਰੇੜ੍ਹੀਆਂ ਹੁਣ ਘੱਟ ਉੱਚੀ ਪਰ ਵਧੇਰੇ ਲਮਕਾਵੇਂ ਢੰਗ ਨਾਲ਼ ਚੀਂ-ਚੀਂ ਕਰਦੀਆਂ।

"ਜ਼ਰਾ ਫੁਰਤੀ ਨਾਲ਼, ਹਰਾਮਜ਼ਾਦਿਓ!" ਫ਼ੋਰਮੈਨ ਮਗਰੋਂ ਕੂਕਾਂ ਮਾਰਦਾ।

ਉਹ ਉਸੇ ਤਰ੍ਹਾਂ ਦਬਕੇ ਹੋਏ ਚੁੱਪ-ਚਾਪ ਕੰਮ ਕਰਦੇ ਰਹਿੰਦੇ, ਪਰ ਧੂੜ ਤੇ ਪਸੀਨੇ ਨਾਲ਼ ਲਿਬੜੇ ਹੋਏ ਉਹਨਾਂ ਦੇ ਵੱਟੇ-ਪਏ ਮੂੰਹਾਂ ਦੀ ਫਰਕਣ ਤੋਂ ਕਦੀ-ਕਦੀ ਗ਼ੁੱਸੇ ਤੇ ਰੋਸ ਦੀ ਝਲਕ ਦਿੱਸਦੀ। ਕਦੀ-ਕਦੀ ਕੋਈ ਰੇੜ੍ਹੀ ਤਖ਼ਤੇ ਤੋਂ ਤਿਲਕ ਜਾਂਦੀ ਤੇ ਚਿੱਕੜ ਵਿੱਚ ਖੁਭ ਜਾਂਦੀ; ਅਗਲੀਆਂ ਰੇੜ੍ਹੀਆਂ ਇਸ ਤੋਂ ਦੂਰ ਨਿਕਲ ਜਾਂਦੀਆਂ; ਇਸਤੋਂ ਪਿਛਲੀਆਂ ਰੇੜ੍ਹੀਆਂ ਰੁਕ ਕੇ ਖੜੋ ਜਾਂਦੀਆਂ, ਚੀਥੜਿਆਂ ਵਾਲ਼ੇ ਤੇ ਗੰਦੇ ਲਟੋਰ, ਜਿਨ੍ਹਾਂ ਨੇ ਉਹ ਫੜੀਆਂ ਹੁੰਦੀਆਂ, ਮੂਰਖਾਂ ਵਾਂਗ ਤੇ ਬਿਨਾਂ ਮੱਦਦ ਕੀਤਿਆਂ ਵੇਖਦੇ ਰਹਿੰਦੇ, ਜਦੋਂ ਕਿ ਉਹਨਾਂ ਦਾ ਸਾਥੀ ਸੋਲਾਂ ਪੂਡ ਵਜ਼ਨ ਨੂੰ ਚੁੱਕ ਕੇ ਮੁੜ ਤਖ਼ਤੇ ਉੱਤੇ ਰੱਖਣ ਲਈ ਜ਼ੋਰ ਲਾ ਰਿਹਾ ਹੁੰਦਾ।

ਬੱਦਲਾਂ ਤੇ ਸੱਖਣੇ ਅਕਾਸ਼ ਵਿੱਚੋਂ ਗਰਮੀ ਦੀ ਗਹਿਰ ਵਿੱਚੋਂ ਦੱਖਣ ਦਾ ਲੂਹਣਾ ਸੂਰਜ ਧਰਤੀ ਵਿੱਚ ਹੋਰ ਵੀ ਜੋਸ਼ ਨਾਲ਼ ਤਰੇੜਾਂ ਪਾ ਰਿਹਾ ਸੀ, ਜਿਵੇਂ ਇਹੋ ਹੀ ਦਿਨ ਸੀ ਜਦੋਂ ਉਸ ਲਈ ਇਹ ਸਾਬਤ ਕਰਨਾ ਜ਼ਰੂਰੀ ਸੀ ਕਿ ਉਹ ਧਰਤੀ ਵੱਲ ਕਿੰਨਾਂ ਪੁਰਜੋਸ਼ ਧਿਆਨ ਦੇਂਦਾ ਹੈ।

ਜਦੋਂ ਮੈਂ ਇੱਕ ਪਾਸੇ ਖੜਾ ਹੋ ਕੇ ਇਹ ਸਾਰਾ ਦਾ ਸਾਰਾ ਵੇਖ ਲਿਆ, ਤਾਂ ਮੈਂ ਇੱਥੇ ਕਿਸਮਤ ਅਜ਼ਮਾਈ ਕਰਨ ਦੀ ਸੋਚੀ, ਤੇ ਵਧੇਰੇ ਅਜ਼ਾਦ ਜਿਹਾ ਅੰਦਾਜ਼ ਧਾਰਨ ਕਰਦਿਆਂ ਮੈਂ ਤੁਰਦਾ ਹੋਇਆ ਉਸ ਤਖ਼ਤੇ ਤੱਕ ਗਿਆ ਜਿਸ ਉੱਤੇ ਦੀ ਮਜ਼ਦੂਰ ਖ਼ਾਲ਼ੀ ਰੇੜ੍ਹੀਆਂ ਖਿੱਚੀ ਜਾ ਰਹੇ ਸਨ।

"ਸਲਾਮ, ਭਰਾਵੋ। ਰੱਬ ਤੁਹਾਡਾ ਭਲਾ ਕਰੇ!"

ਪ੍ਰਤੀਕਰਮ ਬਿਲਕੁਲ ਉਮੀਦੋਂ ਉਲਟ ਸੀ। ਪਹਿਲੇ ਮਜ਼ਦੂਰ, ਇੱਕ ਤਕੜੇ ਧੌਲੇ ਵਾਲਾਂ ਵਾਲ਼ੇ ਬੁੱਢੇ ਨੇ, ਜਿਸਨੇ ਪਤਲੂਨ ਲਪੇਟ ਕੇ ਗੋਡਿਆਂ ਤੱਕ ਚੁੱਕੀ ਹੋਈ ਸੀ ਤੇ ਬਾਹਵਾਂ ਡੌਲਿਆਂ ਤੱਕ ਲਪੇਟੀਆਂ ਹੋਈਆਂ ਸਨ, ਜਿਸ ਨਾਲ਼ ਉਸਦੇ ਮਜ਼ਬੂਤ ਸੰਵਲਾਏ ਸਰੀਰ ਦਾ ਪਤਾ ਲੱਗਦਾ ਸੀ, ਮੈਨੂੰ ਸੁਣਿਆਂ ਹੀ ਨਾ ਤੇ ਬਿਨਾਂ ਮੇਰੇ ਵੱਲ ਜ਼ਰਾ ਵੀ ਧਿਆਨ ਦਿੱਤਿਆਂ ਮੇਰੇ ਕੋਲ਼ੋਂ ਲੰਘ ਗਿਆ। ਦੂਜੇ ਮਜ਼ਦੂਰ, ਭੂਰੇ ਵਾਲਾਂ ਤੇ ਬਿੱਲੀਆਂ ਅੱਖਾਂ ਵਾਲ਼ੇ ਇੱਕ ਛੋਕਰੇ ਜਿਹੇ ਨੇ ਦੁਸ਼ਮਣਾਂ ਵਾਂਗ ਮੇਰੇ ਵੱਲ ਵੇਖਿਆ, ਮੂੰਹ ਚਿੜਾਇਆ ਤੇ ਉੱਤੋਂ ਵੱਡੀ ਸਾਰੀ ਗਾਲ੍ਹ ਵੀ ਕੱਢ ਗਿਆ। ਤੀਜੇ ਨੇ—ਜਿਹੜਾ ਪ੍ਰਤੱਖ ਤੌਰ ਉੱਤੇ ਯੂਨਾਨੀ ਸੀ ਕਿਉਂਕਿ ਉਸਦਾ ਰੰਗ ਭੰਵਰੇ ਵਰਗਾ ਤੇ ਵਾਲ ਕੁੰਡਿਆਲੇ ਸਨ—ਅਫ਼ਸੋਸ ਪ੍ਰਗਟ ਕੀਤਾ ਕਿ ਉਸਦੇ ਹੱਥ ਰੁਕੇ ਹੋਏ ਨੇ, ਜਿਸ ਕਾਰਨ ਉਹ ਆਪਣੇ ਘਸੁੰਨ ਦੀ ਮੇਰੇ ਨੱਕ ਨਾਲ਼ ਜਾਣ-ਪਛਾਣ ਨਹੀਂ ਕਰਵਾ ਸਕਦਾ। ਇਹ ਗੱਲ ਇੰਝ ਲਾਪ੍ਰਵਾਹੀ ਜਿਹੀ ਨਾਲ਼ ਕਹੀ ਗਈ ਸੀ ਜਿਹੜੀ ਪ੍ਰਗਟ ਕੀਤੀ ਗਈ ਇੱਛਾ ਨਾਲ਼ ਮੇਲ ਨਹੀਂ ਸੀ ਖਾਂਦੀ। ਚੌਥਾ ਪੂਰਾ ਜੋਸ਼ ਲਾ ਕੇ ਉੱਚੀ ਸਾਰੀ ਬੋਲਿਆ :

"ਸਲਾਮ, ਸ਼ੀਸ਼ੇ ਦੇ ਡੇਲਿਆਂ ਵਾਲਿਆ," ਤੇ ਉਸਨੇ ਮੈਨੂੰ ਠੁੱਡਾ ਮਾਰਨ ਦੀ ਕੋਸ਼ਿਸ਼ ਕੀਤੀ।

ਜੇ ਮੈਂ ਗ਼ਲਤੀ ਨਹੀਂ ਕਰਦਾ, ਤਾਂ ਸੱਭਿਯ ਸਮਾਜ ਵਿੱਚ ਜਿਸ ਗੱਲ ਨੂੰ "ਠੰਡਾ ਸਵਾਗਤ ਹੋਣਾ" ਕਹਿੰਦੇ ਨੇ, ਉਹ ਇਹੀ ਸੀ, ਤੇ ਇਸ ਤੋਂ ਪਹਿਲਾਂ ਏਨੇ ਉਘੜਵੇਂ ਢੰਗ ਨਾਲ਼ ਮੇਰਾ ਅਜਿਹਾ ਸਵਾਗਤ ਕਦੀ ਨਹੀਂ ਸੀ ਹੋਇਆ। ਮਾਯੂਸੀ ਵਿੱਚ, ਮੈਂ ਅਚੇਤ ਹੀ ਆਪਣੀ ਐਨਕ ਲਾਹੀ ਤੇ ਜੇਬ ਵਿੱਚ ਪਾ ਲਈ, ਤੇ ਫਿਰ ਮੈਂ ਫੋਰਮੈਨ ਵੱਲ ਹੋ ਤੁਰਿਆ, ਇਹ ਪੁੱਛਣ ਲਈ ਕਿ ਉਹ ਮੈਨੂੰ ਇੱਥੇ ਕੰਮ ਦੇ ਸਕਦਾ ਹੈ ਜਾਂ ਨਹੀਂ। ਇਸ ਤੋਂ ਪਹਿਲਾਂ ਕਿ ਮੈਂ ਉਸ ਤੱਕ ਪੁੱਜਦਾ, ਉਹ ਚਿਲਾਇਆ :

"ਕਿਉਂ, ਉਏ ! ਕੀ ਚਾਹੀਦੈ ? ਕੰਮ ?"

ਮੈਂ ਕਿਹਾ, ਹਾਂ।

"ਅੱਗੇ ਕਦੀ ਰੇੜ੍ਹੀ ਖਿੱਚੀ ਊਟ ?"

ਮੈਂ ਦੱਸਿਆ ਕਿ ਪਹਿਲਾਂ ਮੈਂ ਮਿੱਟੀ ਢੋਂਦਾ ਰਿਹਾ ਹਾਂ।

"ਮਿੱਟੀ ? ਤਾਂ ਨਹੀਂ ਚੱਲਣਾ ! ਇਹ ਬਿਲਕੁਲ ਵੱਖਰੀ ਗੱਲ ਏ। ਅਸੀਂ ਇੱਥੇ ਲੂਣ ਢੋਂਦੇ ਹਾਂ, ਮਿੱਟੀ ਨਹੀਂ। ਤੂੰ ਕਿਸੇ ਸੂਰਾਂ ਦੇ ਵਾੜੇ ਵਿੱਚ ਜਾਹ ! ਐਧਰ, ਭੂਤਨੀ ਦਿਆ, ਮੇਰੇ ਪੈਰਾਂ ਵਿੱਚ ਸੁੱਟ।"

ਤੇ ਭੂਤਨੀ ਦੇ ਨੇ, ਜਿਹੜਾ ਕਿ ਲੰਮੀਆਂ ਮੁੱਛਾਂ ਤੇ ਕਿੱਲਾਂ ਵਾਲ਼ੇ ਲਾਲ ਨੱਕ ਵਾਲ਼ਾ ਮੋਟਾ ਜਿਹਾ ਹਰਕੁਲੀਸ ਸੀ, ਪੂਰਾ ਜ਼ੋਰ ਲਾ ਕੇ 'ਹੂੰ-ਊ' ਕੀਤਾ ਤੇ ਆਪਣੀ ਰੇੜ੍ਹੀ ਖਾਲ਼ੀ ਕਰ ਦਿੱਤੀ। ਲੂਣ ਹੇਠਾਂ ਡਿੱਗ ਪਿਆ। ਉਹ ਗਾਲ੍ਹਾਂ ਕੱਢਣ ਲੱਗ ਪਿਆ, ਫ਼ੋਰਮੈਨ ਉਸਤੋਂ ਵੀ ਵੱਧ ਗਾਲ੍ਹਾਂ ਕੱਢਣ ਲੱਗ ਪਿਆ, ਦੋਵੇਂ ਜਣੇ ਸੰਤੁਸ਼ਟ ਹੋ ਕੇ ਮੁਸਕ੍ਰਾਉਣ ਲੱਗੇ, ਤੇ ਫਿਰ ਦੋਵੇਂ ਹੀ ਮੇਰੇ ਵੱਲ ਮੁੜੇ।

"ਅੱਛਾ, ਤੈਨੂੰ ਕੀ ਚਾਹੀਦੈ ?"

"ਤੂੰ ਸ਼ਾਇਦ ਏਥੇ ਪੂੜੀਆਂ ਖਾਣ ਆਇਆ ਹੋਵੇਂਗਾ, ਕਤਸਪ* ?" ਫ਼ੋਰਮੈਨ ਨੂੰ ਅੱਖ ਮਾਰਦਾ ਹੋਇਆ ਹਰਕੁਲੀਸ ਬੋਲਿਆ।

ਮੈਂ ਫ਼ੋਰਮੈਨ ਉੱਤੇ ਜ਼ੋਰ ਦੇਣ ਲੱਗ ਪਿਆ ਕਿ ਉਹ ਮੈਨੂੰ ਕੰਮ ਉੱਤੇ ਲਾ ਲਵੇ, ਤੇ ਉਸਨੂੰ ਯਕੀਨ ਦੁਆਉਣ ਲੱਗ ਪਿਆ ਕਿ ਮੈਂ ਜਲਦੀ ਹੀ ਕੰਮ ਦਾ ਆਦੀ ਹੋ ਜਾਵਾਂਗਾ ਤੇ ਦੂਜਿਆਂ ਨਾਲ਼ੋਂ ਭੈੜਾ ਨਹੀਂ ਰਹਿਣ ਲੱਗਾ।

"ਆਦੀ ਹੋਣ ਤੋਂ ਪਹਿਲਾਂ ਤੂੰ ਆਪਣਾ ਲੱਕ ਤੁੜਵਾ ਬੈਠੇਂਗਾ। ਪਰ ਮੈਨੂੰ ਕੀ, ਜਾ ਫਿਰ। ਪਰ ਪਹਿਲੇ ਦਿਨ ਲਈ ਮੈਂ ਤੈਨੂੰ ਪੰਜਾਹ ਕੋਪੇਕ ਤੋਂ ਜ਼ਿਆਦਾ ਨਹੀਂ ਦਿਆਂਗਾ। ਓਏ ! ਦੇ ਇਹਨੂੰ ਰੇੜ੍ਹੀ !"

ਪਤਾ ਨਹੀਂ ਕਿੱਥੋਂ ਸਿਰਫ਼ ਇੱਕ ਕਮੀਜ਼ ਪਾਈ ਮੁੰਡਾ ਆ ਹਾਜ਼ਰ ਹੋਇਆ; ਉਸਦੀਆਂ ਨੰਗੀਆਂ ਲੱਤਾਂ ਉੱਤੇ ਗੋਡਿਆਂ ਤੱਕ ਲੀਰਾਂ ਲਪੇਟੀਆਂ ਹੋਈਆਂ ਸਨ।

"ਚੱਲ ਆ," ਉਹ ਮੇਰੇ ਵੱਲ ਸ਼ੱਕ ਭਰੀਆਂ ਨਜ਼ਰਾਂ ਨਾਲ਼ ਤੱਕਦਾ ਹੋਇਆ

ਬੁੜਬੁੜਾਇਆ।

ਮੈਂ ਉਸਦੇ ਮਗਰ-ਮਗਰ ਉੱਥੋਂ ਤੱਕ ਗਿਆ ਜਿੱਥੇ ਕੁਝ ਰੇੜ੍ਹੀਆਂ ਇੱਕ ਦੂਜੀ ਦੇ ਉੱਤੇ ਢੇਰੀ ਹੋਈਆਂ ਪਈਆਂ ਸਨ, ਤੇ ਸਭ ਤੋਂ ਹਲਕੀ ਆਪਣੇ ਲਈ ਚੁਣਨ ਲੱਗ ਪਿਆ। ਮੁੰਡਾ ਆਪਣੀਆਂ ਲੱਤਾਂ ਨੂੰ ਖ਼ੁਰਕਦਾ ਤੇ ਮੇਰੇ ਵੱਲ ਵੇਖਦਾ ਖੜਾ ਰਿਹਾ।

ਮੈਂ ਜਦੋਂ ਚੋਣ ਕਰ ਲਈ ਤਾਂ ਉਹ ਬੋਲਿਆ : "ਵੇਖ ਤੂੰ ਕੀ ਚੁਣਿਐ। ਦਿੱਸਦਾ ਨਹੀਂ ਇਹਦਾ ਪਹੀਆ ਮੁੜਿਆ ਹੋਇਐ ?"—ਤੇ ਏਨਾ ਕਹਿ ਕੇ ਉਹ ਪਰੇ ਚਲਾ ਗਿਆ ਤੇ ਜ਼ਮੀਨ ਉੱਤੇ ਜਾ ਲੇਟਿਆ।

ਮੈਂ ਦੂਜੀ ਰੇੜ੍ਹੀ ਚੁਣੀ ਤੇ ਮਜ਼ਦੂਰਾਂ ਨਾਲ਼ ਜਾ ਰਲਿਆ ਜਿਹੜੇ ਲੂਣ ਲੈਣ ਜਾ ਰਹੇ ਸਨ, ਪਰ ਮੈਨੂੰ ਅਸਪੱਸ਼ਟ ਜਿਹੀ ਬੇਚੈਨੀ ਨੇ ਮੱਲ੍ਹਿਆ ਹੋਇਆ ਸੀ ਜਿਹੜੀ ਮੈਨੂੰ ਆਪਣੇ ਸਾਥੀ ਕਾਮਿਆਂ ਨਾਲ਼ ਗੱਲ ਕਰਨੋਂ ਰੋਕ ਰਹੀਂ ਸੀ। ਉਹਨਾਂ ਸਾਰਿਆਂ ਦੇ ਚਿਹਰਿਆਂ ਉੱਤੇ ਥਕੇਵੇਂ ਤੋਂ ਛੁੱਟ ਖਿਝ ਸਪੱਸ਼ਟ ਦਿੱਸਦੀ ਸੀ, ਭਾਵੇਂ ਇਹ ਅਜੇ ਲੁਕੀ ਹੋਈ ਸੀ। ਆਦਮੀ ਥੱਕੇ ਹੋਏ ਤੇ ਗੁੱਸੇ ਸਨ-ਸੂਰਜ ਨਾਲ਼, ਜਿਹੜਾ ਉਹਨਾਂ ਦੀ ਚਮੜੀ ਨੂੰ ਬੇਰਹਿਮੀ ਨਾਲ਼ ਲੂਹ ਰਿਹਾ ਸੀ, ਉਹਨਾਂ ਤਖ਼ਤਿਆਂ ਉੱਤੇ ਜਿਹੜੇ ਉਹਨਾਂ ਦੀਆਂ ਰੇੜ੍ਹੀਆਂ ਦੇ ਭਾਰ ਹੇਠ ਲਿਫਦੇ ਜਾ ਰਹੇ ਸਨ, ਉਸ "ਰਾਪ" ਉੱਤੇ, ਉਸ ਭੈੜੇ, ਗਾੜ੍ਹੇ ਤੇ ਲੂਣ ਵਾਲ਼ੇ ਗਾਰੇ ਉੱਤੇ, ਜਿਹੜਾ ਤੇਜ਼ ਕਲਮਾਂ ਨਾਲ਼ ਭਰਿਆ ਪਿਆ ਸੀ, ਜਿਹੜੀਆਂ ਉਹਨਾਂ ਦੇ ਪੈਰਾਂ ਨੂੰ ਝਰੀਟਦੀਆਂ ਸਨ ਤੇ ਫਿਰ ਇਹਨਾਂ ਝਰੀਟਾਂ ਦੇ ਵਿੱਚ ਵੜ ਕੇ ਇਹਨਾਂ ਨੂੰ ਖਾਂਦੀਆਂ ਸਨ ਇੱਥੋਂ ਤੱਕ ਕਿ ਇਹ ਨਸੂਰ ਨਹੀਂ ਸਨ ਬਣ ਜਾਂਦੀਆਂ ਮਤਲਬ ਇਹ ਕਿ ਉਹ ਆਪਣੇ ਦੁਆਲ਼ੇ ਦੀ ਹਰ ਚੀਜ਼ ਨਾਲ਼ ਗ਼ੁੱਸੇ ਸਨ। ਇਹ ਗ਼ੁੱਸਾ ਉਹਨਾਂ ਨਜ਼ਰਾਂ ਤੋਂ ਵੇਖਿਆ ਜਾ ਸਕਦਾ ਸੀ, ਜਿਹੜੀਆਂ ਉਹ ਕਦੀ - ਕਦੀ ਇੱਕ-ਦੂਜੇ ਵੱਲ ਸੁੱਟਦੇ ਸਨ, ਤੇ ਉਹਨਾਂ ਗਾਲ੍ਹਾਂ ਤੋਂ ਦਿੱਸਦਾ ਸੀ ਜਿਹੜੀਆਂ ਉਹਨਾਂ ਦੇ ਬੈਠੇ ਗਲਿਆਂ ਵਿੱਚੋਂ ਕਦੀ-ਕਦੀ ਨਿਕਲਦੀਆਂ ਸਨ। ਮੇਰੇ ਵੱਲ ਕੋਈ ਵੀ ਜ਼ਰਾ ਜਿੰਨਾਂ ਵੀ ਧਿਆਨ ਨਹੀਂ ਸੀ ਦੇ ਰਿਹਾ। ਪਰ ਜਦੋਂ ਮੈਂ ਜ਼ਮੀਨ ਦੇ ਉਸ ਟੋਟੇ ਵਿੱਚ ਦਾਖ਼ਲ ਹੋਇਆ ਤੇ ਸਲੀਬ ਵਾਂਗ ਰੱਖੇ ਤਖ਼ਤਿਆਂ ਦੇ ਉੱਤੋਂ ਲੂਣ ਦੇ ਢੇਰਾਂ ਵੱਲ ਤੁਰਿਆ ਤਾਂ ਇਕਦਮ ਮੈਨੂੰ ਆਪਣੀ ਲੱਤ ਉੱਤੇ ਪਿੱਛੋਂ ਠੁਡਾ ਪਿਆ ਮਹਿਸੂਸ ਹੋਇਆ, ਤੇ ਜਦੋਂ ਮੈਂ ਮੁੜ ਕੇ ਵੇਖਿਆ ਤਾਂ ਕਿਸੇ ਨੇ ਇਹ ਲਫ਼ਜ਼ ਮੇਰੇ ਮੂੰਹ ਉੱਤੇ ਦੇ ਮਾਰੇ :

"ਆਪਣੀਆਂ ਅੱਡੀਆਂ ਉੱਤੇ ਚੁੱਕ, ਬੇਵਕੂਫ਼।"

ਮੈਂ ਜਲਦੀ ਨਾਲ਼ ਆਪਣੀਆਂ ਅੱਡੀਆਂ ਉੱਤੇ ਚੁੱਕੀਆਂ, ਫਿਰ ਆਪਣੀ ਰੇੜ੍ਹੀ ਹੇਠਾਂ ਰੱਖ ਦਿੱਤੀ ਤੇ ਬੇਲਚੇ ਨਾਲ਼ ਇਸ ਵਿੱਚ ਲੂਣ ਭਰਨ ਲੱਗ ਪਿਆ।

"ਪੂਰੀ ਤਰ੍ਹਾਂ ਭਰ," ਯੂਕਰੇਨੀ ਹਰਕੁਲੀਸ ਨੇ ਹੁਕਮ ਦਿੱਤਾ ਜਿਹੜਾ ਮੇਰੇ ਕੋਲ਼ ਹੀ ਖੜਾ ਸੀ।

ਮੈਂ ਜਿੰਨਾਂ ਵੱਧ ਤੋਂ ਵੱਧ ਹੋ ਸਕਦਾ ਸੀ ਲੂਣ ਭਰ ਲਿਆ। ਉਸ ਘੜੀ ਪਿੱਛੇ ਖੜੇ ਬੰਦੇ ਅਗਲਿਆਂ ਉੱਤੇ ਕੂਕਾਂ ਛੱਡਣ ਲੱਗ ਪਏ : "ਤੁਰਦੇ ਹੋਵੋ !" ਅਗਲਿਆਂ ਨੇ ਆਪਣੇ

ਹੱਥਾਂ ਉੱਤੇ ਥੁੱਕਿਆ ਤੇ ਉੱਚੀ-ਉੱਚੀ ਹੂੰਗਰਦਿਆਂ, ਤੇ ਝੁਕ ਕੇ ਲਗਭਗ ਦੂਹਰੇ ਹੁੰਦਿਆਂ ਆਪਣੀਆਂ ਰੇੜ੍ਹੀਆਂ ਚੁੱਕੀਆਂ ਤੇ ਆਪਣੀਆਂ ਧੌਣਾਂ ਅੱਗੇ ਨੂੰ ਕੱਢੀ, ਜਿਵੇਂ ਕਿ ਇਸ ਨਾਲ਼ ਭਾਰ ਹੌਲ਼ਾ ਹੁੰਦਾ ਹੋਵੇ, ਜ਼ੋਰ ਲਾ ਕੇ ਅੱਗੇ ਨੂੰ ਵੱਧਣ ਲੱਗੇ।

ਉਹਨਾਂ ਦੇ ਢੰਗ-ਤਰੀਕਿਆਂ ਦੀ ਨਕਲ ਕਰਦਾ, ਮੈਂ ਵੀ, ਜਿੱਥੋਂ ਤੱਕ ਹੋ ਸਕਦਾ ਸੀ, ਝੁਕਿਆ ਤੇ ਅੱਗੇ ਨੂੰ ਜ਼ੋਰ ਲਾਇਆ। ਮੈਂ ਰੇੜ੍ਹੀ ਚੁੱਕੀ। ਪਹੀਏ ਨੇ ਚੀਂ-ਚੀਂ ਕੀਤੀ, ਇੰਝ ਲੱਗਾ ਜਿਵੇਂ ਮੇਰੀ ਹੱਸਲੀ ਟੁੱਟਣ ਲੱਗੀ ਹੈ, ਤੇ ਮੇਰੀਆਂ ਬਾਹਵਾਂ ਦੇ ਪੱਠੇ ਖਿਚਾਅ ਨਾਲ਼ ਫਰਕਣ ਲੱਗੇ। ਮੈਂ ਡਗਮਗਾਉਂਦਾ ਇੱਕ ਕਦਮ ਚੁੱਕਿਆ, ਫਿਰ ਇੱਕ ਹੋਰ... ਮੈਂ ਸੱਜੇ ਨੂੰ ਡਿੱਗਦਾ, ਖੱਬੇ ਨੂੰ ਡਿੱਗਦਾ, ਹਜੋਕਾ ਮਾਰ ਕੇ ਅੱਗੇ ਵੱਧਦਾ... ਰੇੜ੍ਹੀ ਦਾ ਪਹੀਆ ਤਖ਼ਤੇ ਤੋਂ ਹੇਠਾਂ ਉਤਰ ਗਿਆ ਤੇ ਮੈਂ ਰੁੜ੍ਹਦਾ ਹੋਇਆ ਮੂਧੇ ਮੂੰਹ ਚਿੱਕੜ ਵਿੱਚ ਜਾ ਡਿੱਗਾ। ਰੇੜ੍ਹੀ ਨੇ ਆਪਣੀ ਹੱਥੀ ਨਾਲ਼ ਮੇਰੇ ਸਿਰ ਵਿੱਚ ਕਰਾਰੀ ਜੜੀ ਤੇ ਫਿਰ ਹੌਲ਼ੀ-ਹੌਲ਼ੀ ਉਲਟੀ ਹੋ ਗਈ। ਮੇਰੇ ਡਿੱਗਣ ਨਾਲ਼ ਜਿਹੜਾ ਕੰਨ-ਪਾੜਵੀਆਂ ਸੀਟੀਆਂ, ਚੀਕਾਂ ਤੇ ਕੂਕਾਂ ਦਾ ਸ਼ੋਰ ਮਚਿਆ, ਉਹ ਮੈਨੂੰ ਗਾੜ੍ਹੇ ਨਿੱਘੇ ਚਿੱਕੜ ਵਿੱਚ ਹੋਰ ਹੇਠਾਂ ਧਸੀ ਜਾ ਰਿਹਾ ਲੱਗਦਾ ਸੀ। ਤੇ ਜਦੋਂ ਮੈਂ ਚਿੱਕੜ ਵਿੱਚ ਡੁੱਬੀ ਰੇੜ੍ਹੀ ਨੂੰ ਚੁੱਕਣ ਦੀ ਵਿਅਰਥ ਕੋਸ਼ਿਸ਼ ਕਰਦਾ ਡਿੱਗ-ਢਹਿ ਰਿਹਾ ਸਾਂ, ਤਾਂ ਮੈਂ ਆਪਣੀ ਛਾਤੀ ਵਿੱਚ ਸਖ਼ਤ ਚੀਸ ਮਹਿਸੂਸ ਕੀਤੀ।

"ਜ਼ਰਾ ਮਦਦ ਤਾਂ ਕਰੀਂ, ਦੋਸਤ!" ਮੈਂ ਯੂਕਰੇਨੀ ਵੱਲ ਮੁੜਦਿਆਂ ਉਸਨੂੰ ਕਿਹਾ, ਜਿਹੜਾ ਮੇਰੇ ਕੋਲ਼ ਖੜਾ ਵੱਖੀਆਂ ਫੜੀ ਖਿੜਖਿੜ ਹੱਸਦਾ ਅੱਗੇ ਪਿੱਛੇ ਝੂਲ ਰਿਹਾ ਸੀ।

"ਹੱਤ, ਤੇਰੀ ਮਾਂ ਨੂੰ... ਨਹੀਂ ਸੀ! ਸ਼ੀ-ਸ਼ੀ, ਉੱਲੂ ਦਾ ਪੱਠਾ? ਰੱਖ ਇਹਨੂੰ ਚੁੱਕ ਕੇ ਮੁੜ ਤਖ਼ਤੇ ਉੱਤੇ। ਖੱਬੇ ਪਾਸੇ ਨੂੰ ਦਬਾ! ਸ਼ੀ! ਖ਼ਿਆਲ ਰੱਖ, ਨਹੀਂ ਤਾਂ ਚਿਕੜ ਤੈਨੂੰ ਚੂਸ ਲਵੇਗਾ।" ਤੇ ਉਸਨੇ ਆਪਣੀਆਂ ਵੱਖੀਆਂ ਉੱਤੇ ਹੱਥ ਰੱਖੀ ਫਿਰ ਹੱਸਣਾ ਸ਼ੁਰੂ ਕਰ ਦਿੱਤਾ, ਜਦੋਂ ਤੱਕ ਉਸਦੀਆਂ ਅੱਖਾਂ ਵਿੱਚ ਅੱਥਰੂ ਨਾ ਆ ਗਏ।

ਮੇਰੇ ਤੋਂ ਅਗਲੇ ਧੌਲ਼ੇ ਸਿਰ ਵਾਲ਼ੇ ਬੁੱਢੇ ਨੇ ਮੇਰੇ ਵੱਲ ਵੇਖਿਆ; "ਤੂੰ ਤਖ਼ਤੇ ਉੱਤੇ ਨਹੀਂ ਤੁਰ ਸਕਦਾ!" ਉਸਨੇ ਹੱਥ ਮਾਰਦਿਆਂ ਕਿਹਾ ਤੇ ਗੁੱਸੇ ਨਾਲ਼ ਹੂੰਗਰਦਿਆਂ, ਆਪਣੀ ਰੇੜ੍ਹੀ ਅੱਗੇ ਲੈ ਗਿਆ।

ਅਗਲੇ ਆਪਣੇ ਰਾਹ ਤੁਰੀ ਗਏ; ਪਿਛਲੇ ਭੈੜੇ ਮੂੰਹ ਬਣਾ ਕੇ ਮੈਨੂੰ ਚਿੱਕੜ ਵਿੱਚੋਂ ਰੇੜ੍ਹੀ ਕੱਢਦੇ ਨੂੰ ਘੋਲ਼ ਕਰਦਿਆਂ ਵੇਖਦੇ ਰਹੇ। ਮੇਰੇ ਤੋਂ ਪਸੀਨਾ ਤੇ ਚਿੱਕੜ ਨੁੱਚੜ ਰਹੇ ਸਨ। ਕਿਸੇ ਨੇ ਮੇਰੀ ਮਦਦ ਕਰਨ ਦੀ ਪੇਸ਼ਕਸ਼ ਨਾ ਕੀਤੀ। ਲੂਣ ਦੇ ਢੇਰ ਤੋਂ ਫ਼ੋਰਮੈਨ ਦੀ ਅਵਾਜ਼ ਆਈ :

"ਕਿਉਂ ਰੁਕ ਗਏ ਹੋ, ਭੂਤਨੀ ਦਿਓ! ਕੁੱਤਿਓ! ਸੂਰੋ! ਜ਼ਰਾ ਨਜ਼ਰ ਨਾ ਰੱਖੋ ਤਾਂ ਤੁਹਾਨੂੰ ਕਾਠ ਵੱਜ ਜਾਂਦਾ ਏ! ਚਲੋ, ਚਲੋ! ਤੁਹਾਡਾ ਬੇੜਾ ਗ਼ਰਕੇ!"

"ਰਸਤਾ ਛੱਡ," ਮੇਰੇ ਪਿੱਛੇ ਯੂਕਰੇਨੀ ਭੌਂਕਿਆ। ਕੋਲ਼ੋਂ ਦੀ ਲੰਘਦਿਆਂ ਉਸਨੇ ਆਪਣੀ ਰੇੜ੍ਹੀ ਦਾ ਪਾਸਾ ਮੈਨੂੰ ਮਾਰਨ ਦੀ ਕੋਸ਼ਿਸ ਕੀਤੀ ਤੇ ਮੇਰਾ ਸਿਰ ਮਸਾਂ ਹੀ ਬਚਿਆ।

ਜਦੋਂ ਇਕੱਲਾ ਰਹਿ ਗਿਆ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਰੇੜ੍ਹੀ ਬਾਹਰ ਕੱਢੀ, ਤੇ ਇਹ ਹੁਣ ਕਿਉਂਕਿ ਖ਼ਾਲੀ ਸੀ ਤੇ ਚਾਰੇ ਪਾਸਿਓਂ ਚਿੱਕੜ ਨਾਲ਼ ਲਿੱਬੜੀ ਹੋਈ ਸੀ, ਇਸ ਲਈ ਮੈਂ ਇਸਨੂੰ ਬਦਲਣ ਦੀ ਇੱਛਾ ਨਾਲ਼ ਦੌੜਦਾ ਹੋਇਆ ਗਿਆ।

"ਕਿਉਂ, ਭਰਾ, ਤਿਲ਼ਕ ਪਿਆ ਸੈਂ ? ਕੋਈ ਗੱਲ ਨਹੀਂ, ਪਹਿਲਾਂ-ਪਹਿਲਾਂ ਸਭ ਨਾਲ਼ ਇਵੇਂ ਹੁੰਦੈ।"

ਮੈਂ ਮੁੜ ਕੇ ਵੇਖਿਆ ਤੇ ਮੇਰੀ ਨਜ਼ਰੀ ਵੀਹ ਕੁ ਸਾਲਾਂ ਦਾ ਇੱਕ ਮੁੰਡਾ ਪਿਆ ਜਿਹੜਾ ਲੂਣ ਦੀ ਢੇਰੀ ਕੋਲ਼ ਚਿੱਕੜ ਵਿੱਚ ਤਖ਼ਤੇ ਉੱਤੇ ਬੈਠਾ ਹੋਇਆ ਸੀ। ਉਹ ਆਪਣੀ ਹੱਥ ਦੀ ਤਲੀ ਨੂੰ ਚੂਸ ਰਿਹਾ ਸੀ। ਉਸਨੇ ਮੈਨੂੰ ਸਿਰ ਦੇ ਇਸ਼ਾਰੇ ਨਾਲ਼ ਕੋਲ ਬੁਲਾਇਆ, ਤੇ ਉਸਦੀਆਂ ਉਂਗਲਾਂ ਦੇ ਵਿੱਚੋਂ ਦੇਖ ਰਹੀਆਂ ਅੱਖਾਂ ਵਿੱਚ ਮਿਹਰਬਾਨੀ ਤੇ ਮੁਸਕ੍ਰਾਹਟ ਸੀ।

"ਕੋਈ ਗੱਲ ਨਹੀਂ, ਯਾਰ! ਕਦੀ ਹੋ ਹੀ ਜਾਂਦੈ। ਪਰ ਤੇਰੇ ਹੱਥ ਨੂੰ ਕੀ ਹੋਇਐ ?" ਮੈਂ ਪੁੱਛਿਆ।

"ਐਵੇਂ ਝਰੀਟ ਲੱਗ ਗਈ ਏ, ਪਰ ਲੂਣ ਇਸਨੂੰ ਵਿੱਚ ਵੜ-ਵੜ ਕੇ ਖਾਈ ਜਾਂਦੈ। ਜੇ ਤੁਸੀਂ ਇਸਨੂੰ ਚੂਸ ਨਾ ਕੱਢੋ, ਤਾਂ ਹੋ ਸਕਦੈ ਤੁਹਾਨੂੰ ਕੰਮ ਹੀ ਛੱਡਣਾ ਪਵੇ—ਤੁਸੀਂ ਆਪਣਾ ਹੱਥ ਨਹੀਂ ਵਰਤ ਸਕੋਗੇ। ਪਰ ਤੂੰ ਜਾ ਆਪਣਾ ਕੰਮ ਕਰ ਨਹੀਂ ਤਾਂ ਫ਼ੋਰਮੈਨ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦੇਵੇਗਾ ਈ।"

ਮੈਂ ਵਾਪਸ ਚਲਾ ਗਿਆ। ਦੂਜੀ ਵਾਰੀ ਮੇਰੇ ਨਾਲ਼ ਕੋਈ ਹਾਦਸਾ ਨਾ ਹੋਇਆ; ਮੈਂ ਤੀਜੀ ਵਾਰੀ, ਚੌਥੀ ਵਾਰੀ, ਤੇ ਦੋ ਵਾਰੀ ਹੋਰ ਲੂਣ ਢੋਇਆ। ਕਿਸੇ ਨੇ ਮੇਰੇ ਵੱਲ ਜ਼ਰਾ ਵੀ ਧਿਆਨ ਨਾ ਦਿੱਤਾ, ਤੇ ਇਸ ਗੱਲ ਨੇ, ਸਧਾਰਨ ਤੌਰ ਉੱਤੇ ਜਿਸ ਤੋਂ ਬੰਦੇ ਨੂੰ ਨਿਰਾਸ਼ਾ ਹੋ ਸਕਦੀ ਹੈ, ਮੈਨੂੰ ਬੜੀ ਤਸੱਲੀ ਦਿੱਤੀ।

"ਚੱਲੋ ਭਈ, ਖਾਣੇ ਦਾ ਵੇਲਾ ਹੋ ਗਿਐ," ਕੋਈ ਕੂਕਿਆ।

ਸੁੱਖ ਦਾ ਸਾਹ ਲੈਂਦਿਆਂ ਮਜ਼ਦੂਰ ਖਾਣਾ ਖਾਣ ਚਲੇ ਗਏ, ਪਰ ਉਦੋਂ ਵੀ ਉਹਨਾਂ ਨੇ ਕੋਈ ਉਤਸ਼ਾਹ ਨਾ ਵਿਖਾਇਆ, ਅਰਾਮ ਕਰਨ ਦਾ ਮੌਕਾ ਮਿਲਣ ਉੱਤੇ ਉਹਨਾਂ ਨੂੰ ਕੋਈ ਖ਼ੁਸ਼ੀ ਨਾ ਹੋਈ। ਜੋ ਵੀ ਉਹ ਕਰਦੇ, ਬੱਧੇ-ਰੁਧੇ ਕਰਦੇ, ਦਬਾਏ ਹੋਏ ਗ਼ੁੱਸੇ ਤੇ ਨਫ਼ਰਤ ਨਾਲ਼। ਇੰਝ ਲੱਗਦਾ ਸੀ ਜਿਵੇਂ ਮੁਸ਼ੱਕਤ ਨਾਲ਼ ਹਿੱਲੇ ਹੱਡਾਂ ਨੂੰ ਤੇ ਗਰਮੀ ਨਾਲ਼ ਚੂਸੇ ਪੱਠਿਆਂ ਨੂੰ ਅਰਾਮ ਤੇ ਕੋਈ ਖ਼ੁਸ਼ੀ ਨਹੀਂ ਸੀ ਮਿਲਦੀ। ਮੇਰਾ ਲੱਕ ਦਰਦ ਕਰ ਰਿਹਾ ਸੀ, ਤੇ ਇਸੇ ਤਰ੍ਹਾਂ ਮੇਰੀਆਂ ਲੱਤਾਂ ਤੇ ਮੇਰੇ ਮੋਢੇ ਦੁਖ ਰਹੇ ਸਨ : ਪਰ ਮੈਂ ਕੋਸ਼ਿਸ਼ ਕੀਤੀ ਕਿ ਇਹ ਜ਼ਾਹਰ ਨਾ ਹੋਣ ਦਿਆਂ ਤੇ ਤੇਜ਼-ਤੇਜ਼ ਤੁਰਦਾ ਹੋਇਆ ਸ਼ੋਰਬੇ ਵਾਲ਼ੇ ਭਾਂਡੇ ਕੋਲ਼ ਗਿਆ।

"ਰੁਕ ਜਾ," ਪਾਟੀ ਨੀਲ਼ੀ ਕੁੜਤੀ ਵਾਲ਼ੇ ਇਹ ਗੰਭੀਰ ਬੁੱਢੇ ਮਜ਼ਦੂਰ ਨੇ ਕਿਹਾ। ਪੀ-ਪੀ ਕੇ ਉਸਦਾ ਮੂੰਹ ਵੀ ਉਸਦੀ ਕੁੜਤੀ ਵਰਗਾ ਹੀ ਨੀਲ਼ਾ ਹੋਇਆ ਪਿਆ ਸੀ ਤੇ ਉਸਦੇ ਭਰਵੱਟੇ ਭਾਰੇ ਤੇ ਵੱਟੇ ਹੋਏ ਸਨ, ਜਿਨ੍ਹਾਂ ਦੇ ਹੇਠੋਂ ਲਾਲ ਹੋਈਆਂ, ਕਰੋਧੀ ਤੇ ਮਜ਼ਾਕ ਉਡਾਉਂਦੀਆਂ ਅੱਖਾਂ ਲਿਸ਼ਕ ਰਹੀਆਂ ਸਨ। "ਠਹਿਰ ਜਾ। ਤੇਰਾ ਨਾਂ ਕੀ ਏ ?"

ਮੈਂ ਦੱਸਿਆ।

"ਹੂੰ! ਮੂਰਖ ਸੀ ਤੇਰਾ ਪਿਓ ਜਿਸ ਨੇ ਤੇਰਾ ਇਹ ਨਾਂ ਰੱਖਿਆ। ਮੈਕਸਿਮਾਂ ਨੂੰ ਪਹਿਲੇ ਹੀ ਦਿਨ ਸ਼ੋਰਬੇ ਵਾਲ਼ੇ ਭਾਂਡੇ ਕੋਲ਼ ਜਾਣ ਦੀ ਆਗਿਆ ਨਹੀਂ ਹੁੰਦੀ। ਪਹਿਲੇ ਦਿਨ ਮੈਕਸਿਮ ਆਪਣਾ ਹੀ ਖਾਣਾ ਖਾਂਦੇ ਨੇ, ਸਮਝੇ? ਜੇ ਤੇਰਾ ਨਾਂ ਈਵਾਨ ਜਾਂ ਕੁਝ ਹੋਰ ਹੁੰਦਾ, ਤਾਂ ਗੱਲ ਹੋਰ ਸੀ। ਮੇਰੀ ਹੀ ਮਿਸਾਲ ਹੈ। ਮੇਰਾ ਨਾਂ ਮਤਵੇਈ ਏ, ਸੋ ਮੈਨੂੰ ਖਾਣ ਨੂੰ ਮਿਲ ਗਿਐ। ਪਰ ਮੈਕਸਿਮ ਸਿਰਫ਼ ਖਾਂਦਿਆਂ ਵੇਖ ਹੀ ਸਕਦੈ। ਭਾਂਡੇ ਤੋਂ ਪਰੇ ਹੋ ਜਾ!"

ਮੈਂ ਹੱਕਾ-ਬੱਕਾ ਹੋਇਆ ਉਸ ਵੱਲ ਵੇਖਣ ਲੱਗਾ, ਫਿਰ ਮੈਂ ਉੱਥੋਂ ਚਲਾ ਗਿਆ ਤੇ ਜ਼ਮੀਨ ਉੱਤੇ ਜਾ ਬੈਠਾ। ਇਹੋ ਜਿਹੇ ਵਤੀਰੇ ਉੱਤੇ ਮੈਨੂੰ ਹੈਰਾਨੀ ਹੋਈ। ਇਸ ਤੋਂ ਪਹਿਲਾਂ ਕਦੀ ਵੀ ਮੇਰੇ ਨਾਲ਼ ਇੰਝ ਨਹੀਂ ਸੀ ਹੋਇਆ, ਤੇ ਯਕੀਨਣ ਮੈਂ ਅਜਿਹੀ ਗੱਲ ਕੋਈ ਨਹੀਂ ਸੀ ਕੀਤੀ ਕਿ ਇਸ ਵਤੀਰੇ ਦਾ ਹੱਕਦਾਰ ਬਣਦਾ। ਇਸ ਤੋਂ ਪਹਿਲਾਂ ਦਰਜਨਾਂ ਵਾਰੀ ਮੈਂ ਮਜ਼ਦੂਰਾਂ ਦੇ ਟੋਲਿਆਂ ਨਾਲ਼ ਮਿਲ ਕੇ ਕੰਮ ਕੀਤਾ ਸੀ, ਤੇ ਸਾਡੇ ਸਬੰਧ ਹਮੇਸ਼ਾ ਸ਼ੁਰੂ ਤੋਂ ਹੀ ਸਾਦੇ ਤੇ ਸਾਥੀਆਂ ਵਾਲ਼ੇ ਰਹੇ ਸਨ। ਇਹ ਸਭ ਕੁੱਝ ਅਜੀਬ ਜਿਹਾ ਸੀ, ਤੇ ਹੋਈ ਬੇਇੱਜ਼ਤੀ ਤੇ ਲੱਗੀ ਠੇਸ ਦੇ ਬਾਵਜੂਦ ਮੇਰੀ ਉਤਸੁਕਤਾ ਜਾਗ ਉੱਠੀ। ਮੈਂ ਇਸ ਭੇਤ ਦਾ ਜਵਾਬ ਲੱਭਣ ਦੀ ਧਾਰ ਲਈ, ਤੇ ਇਹ ਇਰਾਦਾ ਕਰ ਲੈਣ ਪਿੱਛੋਂ, ਮੈਂ ਉਹਨਾਂ ਨੂੰ ਖਾਂਦਿਆਂ ਵੇਖਦਾ ਹੋਇਆ ਬਾਹਰੋਂ-ਬਾਹਰੋਂ ਸ਼ਾਂਤ ਵਿਖਾਈ ਦੇਣ ਲੱਗਾ, ਤੇ ਵਾਪਸ ਕੰਮ ਉੱਤੇ ਜਾਣ ਦੀ ਉਡੀਕ ਕਰਨ ਲੱਗਾ। ਇਹ ਜਾਨਣਾ ਜ਼ਰੂਰੀ ਸੀ ਕਿ ਮੇਰੇ ਨਾਲ਼ ਇਹ ਵਤੀਰਾ ਕਿਉਂ ਅਪਣਾਇਆ ਗਿਆ ਸੀ।

2.

ਆਖ਼ਰ ਉਹਨਾਂ ਨੇ ਖਾਣੇ ਦਾ ਕੰਮ ਮੁਕਾ ਲਿਆ, ਡਕਾਰ ਮਾਰਨ ਦਾ ਕੰਮ ਮੁਕਾ ਲਿਆ ਤੇ ਭਾਂਡੇ ਤੋਂ ਪਰੇ ਜਾਂਦੇ ਹੋਏ ਸਿਗਰਟਾਂ ਪੀਣ ਲੱਗੇ। ਯੂਕਰੇਈ ਹਰਕੁਲੀਸ ਤੇ ਪੱਟੀ-ਬੱਧੀਆਂ ਲੱਤਾਂ ਵਾਲ਼ਾ ਮੁੰਡਾ ਮੇਰੇ ਕੋਲ਼ ਆਏ ਤੇ ਮੇਰੇ ਸਾਮ੍ਹਣੇ ਬਹਿ ਗਏ, ਜਿਸ ਨਾਲ਼ ਤਖ਼ਤਿਆਂ ਉੱਤੇ ਰੱਖੀਆਂ ਰੇੜ੍ਹੀਆਂ ਦੀ ਕਤਾਰ ਨੂੰ ਮੈਨੂੰ ਦਿਸਣੋਂ ਹਟ ਗਈ।

"ਤੰਮਾਕੂ ਪੀਏਂਗਾ, ਦੋਸਤ?" ਯੂਕਰੇਈ ਪੁੱਛਣ ਲੱਗਾ।

"ਲਿਆ ਉਰੇ," ਮੈਂ ਕਿਹਾ।

"ਤੇਰੇ ਕੋਲ਼ ਆਪਣਾ ਤੰਮਾਕੂ ਨਹੀਂ?"

"ਜੇ ਹੁੰਦਾ ਤਾਂ ਮੈਂ ਤੈਨੂੰ ਕਿਉਂ ਕਹਿੰਦਾ।"

"ਸੱਚ ਕਹਿੰਦੈ। ਆਹ ਲੈ," ਤੇ ਉਸਨੇ ਮੈਨੂੰ ਆਪਣਾ ਪਾਈਪ ਫੜਾਇਆ। 'ਕਿਉਂ ਫਿਰ, ਕੰਮ ਕਰੀ ਜਾਏਂਗਾ?"

"ਹਾਂ, ਜਦੋਂ ਤੱਕ ਕਰ ਸਕਿਆ।"

"ਹੂੰ। ਕਿੱਥੋਂ ਦਾ ਏਂ?"

ਮੈਂ ਉਸਨੂੰ ਦੱਸਿਆ।

"ਇਹ ਬਹੁਤ ਦੂਰ ਏ, ਕੀ ?"

"ਤਿੰਨ ਕੁ ਹਜ਼ਾਰ ਵਰਸਤ।"

"ਓਹੋ ! ਬਹੁਤ ਦੂਰ। ਇੱਥੇ ਤੂੰ ਕਿਤਰਾਂ ਆਇਆ ?"

"ਓਤਰਾਂ ਈ ਜਿਤਰਾਂ ਤੂੰ, ਹੋਰ ਕਿਤਰਾਂ ?"

"ਸੋ ਤੈਨੂੰ ਵੀ ਪਿੰਡ ਚੋਂ ਚੋਰੀ ਕਰਨ ਕਰਕੇ ਕੱਢ ਦਿੱਤਾ ਗਿਆ ਸੀ ?"

"ਇਹ ਕੀ ਗੱਲ ਹੋਈ ?" ਮੈਂ ਪੁੱਛਿਆ, ਇਹ ਮਹਿਸੂਸ ਕਰਦਿਆਂ ਕਿ ਮੈਂ ਜਾਲ ਵਿੱਚ ਫਸ ਗਿਆ ਹਾਂ।

"ਮੈਂ ਇੱਥੇ ਇਸ ਕਰਕੇ ਆਇਆ ਸਾਂ ਕਿਉਂਕਿ ਚੋਰੀ ਕਰਨ ਕਰਕੇ ਮੈਨੂੰ ਪਿੰਡੋਂ ਕੱਢ ਦਿੱਤਾ ਗਿਆ ਸੀ, ਤੇ ਤੂੰ ਕਿਹੈ ਕਿ ਤੂੰ ਵੀ ਇਸੇ ਤਰ੍ਹਾਂ ਹੀ ਆਇਐਂ," ਤੇ ਉਹ ਮੈਨੂੰ ਫਸਾ ਲੈਣ ਉੱਤੇ ਖ਼ੁਸ਼ ਹੁੰਦਾ ਹੋਇਆ ਖਿੜਖਿੜਾ ਕੇ ਹੱਸ ਪਿਆ।

ਉਸਦੇ ਸਾਥੀ ਨੇ ਕੁਝ ਨਾ ਕਿਹਾ, ਸਿਰਫ਼ ਉਸਨੂੰ ਅੱਖ ਮਾਰੀ ਤੇ ਖਚਰਿਆਂ ਵਾਂਗ ਮੁਸਕ੍ਰਾਇਆ।

"ਠਹਿਰ ਜਾ," ਮੈਂ ਗੱਲ ਸ਼ੁਰੂ ਕੀਤੀ।

'ਠਹਿਰਣ ਲਈ ਸਮਾਂ ਨਹੀਂ, ਦੋਸਤ। ਕੰਮ ਉੱਤੇ ਵਾਪਸ ਜਾਣੈ। ਚੱਲ ਆ। ਮੇਰੀ ਰੇੜ੍ਹੀ ਲੈ-ਲੈ ਤੇ ਮੇਰੇ ਪਿੱਛੇ ਹੋ ਜਾ। ਮੇਰੀ ਰੇੜ੍ਹੀ ਬੜੀ ਭਰੋਸੇਯੋਗ ਏ। ਚੱਲ ਆ ਚੱਲੀਏ।

ਤੇ ਉਹ ਤੁਰ ਪਿਆ। ਮੈਂ ਉਸਦੀ ਰੇੜ੍ਹੀ ਚੁੱਕਣ ਹੀ ਵਾਲ਼ਾ ਸਾਂ ਜਦੋਂ ਕਾਹਲੀ ਨਾਲ਼ ਉਹ ਬੋਲਿਆ : "ਠਹਿਰ, ਮੈਂ ਆਪ ਲੈ ਜਾਨਾਂ। ਮੈਨੂੰ ਆਪਣੀ ਦੇ-ਦੇ; ਤੇ ਆਪਣੇ ਵਾਲ਼ੀ ਮੈਂ ਇਸਦੇ ਵਿੱਚ ਰੱਖ ਲਵਾਂਗਾ ਤੇ ਹੂਟੇ ਦਿਆਂਗਾ—ਇਹ ਜ਼ਰਾ ਅਰਾਮ ਕਰ ਲਏ।"

ਮੈਨੂੰ ਸ਼ੱਕ ਪੈਣਾ ਸ਼ੁਰੂ ਹੋ ਗਿਆ। ਉਸਦੇ ਨਾਲ਼-ਨਾਲ਼ ਤੁਰਦਿਆਂ ਮੈਂ ਉਸਦੀ ਰੇੜ੍ਹੀ ਨੂੰ ਧਿਆਨ ਨਾਲ਼ ਵੇਖਿਆ, ਜਿਹੜੀ ਪੁੱਠੀ ਪਈ ਹੋਈ ਸੀ, ਇਹ ਯਕੀਨ ਕਰਨ ਲਈ ਕਿ ਕੋਈ ਧੋਖਾ ਤਾਂ ਨਹੀਂ ਕੀਤਾ ਜਾ ਰਿਹਾ; ਪਰ ਇੱਕੋ-ਇੱਕ ਗੱਲ ਜਿਹੜੀ ਮੇਰੇ ਧਿਆਨ ਵਿੱਚ ਆਈ, ਉਹ ਇਹ ਸੀ ਕਿ ਮੈਂ ਇਕਦਮ ਧਿਆਨ ਦਾ ਕੇਂਦਰ ਬਣ ਗਿਆ ਹਾਂ। ਇਸਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਪਰ ਅਕਸਰ ਅੱਖਾਂ ਮਾਰਨ ਤੋਂ ਤੇ ਮੇਰੇ ਵੱਲ ਇਸ਼ਾਰਾ ਕਰਕੇ ਸਿਰ ਮਾਰਨ ਤੋਂ ਤੇ ਚੱਲ ਰਹੀ ਸਾਰੀ ਕਾਨਾਫੂਸੀ ਤੋਂ ਮੈਂ ਇਸ ਬਾਰੇ ਸਪੱਸ਼ਟ ਵੇਖ ਸਕਦਾ ਸਾਂ। ਮੈਂ ਜਾਣਦਾ ਸਾਂ ਕਿ ਮੈਨੂੰ ਖ਼ਬਰਦਾਰ ਰਹਿਣਾ ਚਾਹੀਦਾ ਹੈ ਤੇ ਪਹਿਲਾਂ ਜੋ ਕੁੱਝ ਹੋ ਚੁੱਕਾ ਸੀ, ਉਸ ਤੋਂ ਮੈਂ ਅੰਦਾਜ਼ਾ ਲਾਇਆ 'ਤੇ ਫ਼ਰਜ਼ ਕਰ ਲਿਆ ਕਿ ਜੋ ਵੀ ਸਾਜ਼ਿਸ਼ ਬਣਾਈ ਜਾ ਰਹੀ ਹੈ, ਬੇਹੱਦ ਮੌਲਕ ਹੈ।

"ਅਸੀਂ ਪੁੱਜ ਗਏ ਹਾਂ," ਆਪਣੀ ਰੇੜ੍ਹੀ ਮੇਰੀ ਰੇੜ੍ਹੀ ਵਿੱਚੋਂ ਕੱਢਦਾ ਹੋਇਆ ਤੇ ਮੇਰੇ ਵੱਲ ਇਸਨੂੰ ਧੱਕਦਾ ਹੋਇਆ ਯੂਕਰੇਨੀ ਬੋਲਿਆ। "ਭਰ ਇਸਨੂੰ।"

ਮੈਂ ਆਲ਼ੇ-ਦੁਆਲ਼ੇ ਵੇਖਿਆ। ਹਰ ਕੋਈ ਪੂਰੇ ਦਿਲ ਨਾਲ਼ ਕੰਮ ਕਰ ਰਿਹਾ ਸੀ, ਸੋ ਮੈਂ ਵੀ ਬੇਲਚੇ ਭਰ-ਭਰ ਲੂਣ ਪਾਉਣਾ ਸ਼ੁਰੂ ਕਰ ਦਿੱਤਾ। ਹੋਰ ਕੋਈ ਅਵਾਜ਼ ਨਹੀਂ ਸੀ ਆ

ਰਹੀ ਸਿਵਾਏ ਲੂਣ ਦੀ ਸਰਸਰ ਦੇ, ਜਦੋਂ ਇਹ ਬੇਲਚੇ ਤੋਂ ਡਿੱਗਦਾ ਸੀ, ਤੇ ਮੈਨੂੰ ਇਹ ਚੁੱਪ ਦਮ-ਘੁਟਵੀਂ ਲੱਗੀ। ਮੈਨੂੰ ਯਕੀਨ ਸੀ ਕਿ ਇੱਥੋਂ ਚਲਾ ਜਾਣਾ ਮੇਰੇ ਲਈ ਠੀਕ ਰਹੇਗਾ।

"ਚੱਲ ਲੈ ਜਾ ਹੁਣ। ਸੌਂ ਗਿਐਂ ? ਲੈ ਜਾ," ਨੀਲ਼ੇ ਮੂੰਹ ਵਾਲ਼ੇ ਮਤਵੇਈ ਨੇ ਹੁਕਮ ਦਿੱਤਾ।

ਮੈਂ ਰੇੜ੍ਹੀ ਦੇ ਦਸਤਿਆਂ ਨੂੰ ਫੜਿਆ ਤੇ ਇਸਨੂੰ ਬੇਹੱਦ ਜ਼ੋਰ ਨਾਲ਼ ਅੱਗੇ ਨੂੰ ਧੱਕਿਆ। ਸਖ਼ਤ ਦਰਦ ਨਾਲ਼ ਮੇਰੀ ਚੀਕ ਨਿਕਲ ਗਈ ਤੇ ਮੇਰੇ ਹੱਥੋਂ ਰੇੜ੍ਹੀ ਛੁੱਟ ਗਈ। ਇਸ ਨਾਲ਼ ਮੈਨੂੰ ਹੋਰ ਵੀ ਜ਼ਿਆਦਾ ਦਰਦ ਹੋਈ, ਪਹਿਲੀ ਨਾਲ਼ੋਂ ਵੀ ਬਦਤਰ : ਮੈਂ ਆਪਣੀਆਂ ਦੋਹਾਂ ਤਲੀਆਂ ਤੋਂ ਚਮੜੀ ਲੁਹਾ ਬੈਠਾ ਸਾਂ। ਦਰਦ ਤੇ ਗ਼ੁੱਸੇ ਨਾਲ਼ ਦੰਦੀਆਂ ਕਰੀਚਦਿਆਂ, ਮੈਂ ਦਸਤਿਆਂ ਨੂੰ ਧਿਆਨ ਨਾਲ਼ ਵੇਖਿਆ ਤੇ ਮੇਰੀ ਨਜ਼ਰੀਂ ਪਿਆ ਕਿ ਬਾਹਰਲੇ ਸਿਰੇ ਤੋਂ ਉਹਨਾਂ ਨੂੰ ਦੋ ਕੀਤਾ ਗਿਆ ਸੀ ਤੇ ਚੀਰੇ ਨੂੰ ਖੁੱਲ੍ਹਾ ਰੱਖਣ ਲਈ ਲੱਕੜੀ ਦੇ ਫ਼ਾਨੇ ਲਾ ਦਿੱਤੇ ਗਏ ਸਨ। ਇਹ ਏਨੀ ਹੁਸ਼ਿਆਰੀ ਨਾਲ਼ ਕੀਤਾ ਗਿਆ ਸੀ ਕਿ ਇਸਦਾ ਪਤਾ ਲਾਉਣਾ ਮੁਸ਼ਕਲ ਸੀ। ਇਹ ਮਿਥ ਲਿਆ ਗਿਆ ਸੀ ਕਿ ਜਦੋਂ ਮੈਂ ਦਸਤਿਆਂ ਨੂੰ ਘੁੱਟ ਕੇ ਫੜਾਂਗਾ ਤਾਂ ਫ਼ਾਨੇ ਉੱਡ ਨਿਕਲਣਗੇ ਤੇ ਚੀਰ ਵਿੱਚ ਮੇਰੀ ਚਮੜੀ ਆ ਜਾਵੇਗੀ। ਉਹਨਾਂ ਦਾ ਅੰਦਾਜ਼ਾ ਠੀਕ ਨਿਕਲਿਆ ਸੀ। ਮੈਂ ਸਿਰ ਚੁੱਕਿਆ ਤੇ ਆਪਣੇ ਆਲ਼ੇ-ਦੁਆਲ਼ੇ ਵੇਖਿਆ। ਚੀਕਾਂ, ਕੂਕਾਂ ਤੇ ਮਸ਼ਖਰੀਆਂ ਮੇਰੇ ਮੂੰਹ ਉੱਤੇ ਪਈਆਂ ਤੇ ਆਪਣੇ ਚਾਰ-ਚੁਫ਼ੇਰੇ ਮੈਨੂੰ ਬਦਸੂਰਤ ਵਰਾਛਾਂ ਖੁੱਲ੍ਹੀਆਂ ਹੋਈਆਂ ਦਿੱਸੀਆਂ। ਲੂਣ ਦੇ ਢੇਰ ਵੱਲੋਂ ਫ਼ੋਰਮੈਨ ਦੀਆਂ ਭੱਦੀਆਂ ਗਾਲ੍ਹਾਂ ਆ ਰਹੀਆਂ ਸਨ, ਪਰ ਕੋਈ ਪ੍ਰਵਾਹ ਨਹੀਂ ਸੀ ਕਰ ਰਿਹਾ; ਉਹ ਮੇਰੇ ਨਾਲ਼ ਬਹੁਤ ਰੁਝੇ ਹੋਏ ਸਨ। ਮੈਂ ਆਲ਼ੇ-ਦੁਆਲ਼ੇ ਖ਼ਾਲੀ ਨਜ਼ਰਾਂ ਨਾਲ਼, ਅੱਖਾਂ ਪਾੜ-ਪਾੜ ਕੇ ਵੇਖਿਆ, ਇਸ ਗੱਲ ਤੋਂ ਚੇਤੰਨ ਕਿ ਅੰਦਰੋਂ ਮੈਂ ਠੇਸ ਦੇ ਅਹਿਸਾਸ ਨਾਲ਼, ਇਹਨਾਂ ਲੋਕਾਂ ਨਾਲ਼ ਨਫ਼ਰਤ ਦੇ ਅਹਿਸਾਸ ਨਾਲ਼ ਤੇ ਬਦਲਾ ਲੈਣ ਦੀ ਇੱਛਾ ਨਾਲ਼ ਖੌਲ ਰਿਹਾ ਸਾਂ। ਆਦਮੀਆਂ ਨੇ ਹੱਸਦਿਆਂ ਤੇ ਗਾਲ੍ਹਾਂ ਕੱਢਦਿਆਂ ਨੇ, ਮੇਰੇ ਸਾਮ੍ਹਣੇ ਭੀੜ ਬਣਾ ਲਈ, ਤੇ ਮੈਂ ਉਹਨਾਂ ਦੀ ਬੇਇਜ਼ਤੀ ਕਰਨ ਲਈ ਤੇ ਉਹਨਾਂ ਨੂੰ ਨੀਵਾਂ ਦਿਖਾਉਣ ਲਈ ਤੜਪ ਰਿਹਾ ਸਾਂ, ਬਹੁਤ ਬੁਰੀ ਤਰ੍ਹਾਂ ਤੜਪ ਰਿਹਾ ਸਾਂ।

"ਤੁਸੀਂ, ਕਮੀਨਿਓ!" ਅੱਗੇ ਨੂੰ ਵਧਦਿਆਂ ਆਪਣੀਆਂ ਮੁੱਕੀਆਂ ਹਿਲਾਉਂਦਾ ਹੋਇਆ ਤੇ ਓਨੀਂ ਹੀ ਵਹਿਸ਼ੀ ਤਰ੍ਹਾਂ ਨਾਲ਼ ਗਾਲ੍ਹਾਂ ਕੱਢਦਾ ਹੋਇਆ, ਜਿਵੇਂ ਉਹ ਕੱਢ ਰਹੇ ਸਨ, ਮੈਂ ਚਿੱਲਾਇਆ।

ਭੀੜ ਦੇ ਜਿਸ ਤਰ੍ਹਾਂ ਪੈਰ ਉਖੜ ਗਏ ਤੇ ਉਹ ਕੁਝ ਬੇਚੈਨੀ ਜਿਹੀ ਵਿੱਚ ਪਿੱਛੇ ਹਟੀ। ਪਰ ਯੂਕਰੇਨੀ ਹਰਕੁਲੀਸ ਤੇ ਨੀਲ਼ੇ ਮੂੰਹ ਵਾਲ਼ਾ ਮਤਵੇਈ ਆਪਣੀ ਥਾਂ ਡਰੇ ਰਹੇ ਤੇ ਆਪਣੀਆਂ ਬਾਹਵਾਂ ਸ਼ਾਂਤੀ ਨਾਲ਼ ਚੜ੍ਹਾਉਣ ਲੱਗ ਪਏ।

"ਹੱਛਾ, ਆ ਫਿਰ, ਆ ਫਿਰ! ਹੈਂ!"... ਯੂਕਰੇਨੀ ਬੜੇ ਮਜ਼ੇ ਲੈ-ਲੈ ਕੇ ਹੌਲ਼ੀ-ਹੌਲ਼ੀ ਕਹਿਣ ਲੱਗਾ। ਉਸਨੇ ਨਜ਼ਰਾਂ ਇਕਸਾਰ ਮੇਰੇ ਉੱਤੇ ਗੱਡੀਆਂ ਹੋਈਆਂ ਸਨ।

"ਜ਼ਰਾ ਧਰ ਇਹਦੇ, ਗਵਰੀਲਾ," ਮਤਵੇਈ ਨੇ ਉਹਨੂੰ ਸਲਾਹ ਦਿੱਤੀ।

"ਤੁਸੀਂ ਕਿਉਂ ਮੇਰੇ ਨਾਲ਼ ਐਸਾ ਕੀਤੈ ?" ਮੈਂ ਚਿੱਲਾਇਆ। "ਮੈਂ ਤੁਹਾਡਾ ਕੀ ਵਿਗਾੜਿਆ ਸੀ ? ਕੀ ਮੈਂ ਤੁਹਾਡੇ ਸਾਰਿਆਂ ਵਰਗਾ ਬੰਦਾ ਨਹੀਂ ?" ਮੈਂ ਕੁਝ ਹੋਰ ਮੂਰਖਾਂ ਵਾਲ਼ੇ, ਬੇਹੂਦਾ, ਬੇਮਤਲਬ ਲਫਜ਼ ਬੋਲੇ ਤੇ ਗੁੱਸੇ ਵਿੱਚ ਸਾਰਾ ਕੰਬਣ ਲੱਗਾ, ਨਾਲ਼ ਹੀ ਮੈਂ ਤੇਜ਼ ਨਜ਼ਰਾਂ ਨਾਲ਼ ਇਹ ਖ਼ਿਆਲ ਰੱਖ ਰਿਹਾ ਸਾਂ ਕਿ ਮੇਰੇ ਨਾਲ਼ ਹੋਰ ਚਲਾਕੀਆਂ ਨਾਂ ਖੇਡੀਆਂ ਜਾਣ।

ਪਰ ਮੇਰੇ ਵੱਲ ਵੇਖ ਰਹੇ ਅਹਿਮਕ ਤੇ ਖ਼ਿਆਲਾਂ ਤੋਂ ਸੱਖਣੇ ਚਿਹਰਿਆਂ ਵਿੱਚ ਹੁਣ ਹਮਦਰਦੀ ਦੀ ਏਨੀਂ ਘਾਟ ਨਹੀਂ ਸੀ ਲੱਗਦੀ, ਤੇ ਉਹਨਾਂ ਵਿੱਚੋਂ ਕਈਆਂ ਉੱਤੇ ਤਾਂ ਲਗਭਗ ਦੋਸ਼ੀ ਹੋਣ ਦੇ ਹਾਵਭਾਵ ਦਿੱਸਦੇ ਸਨ। ਇੱਥੋਂ ਤੱਕ ਕਿ ਮਤਵੇਈ ਤੇ ਯੂਕਰੇਨੀ ਵੀ ਇੱਕ-ਦੋ ਕਦਮ ਪਿੱਛੇ ਹੋ ਗਏ। ਮਤਵੇਈ ਨੇ ਆਪਣੀ ਕੁੜਤੀ ਮਰੋੜਨੀ ਸ਼ੁਰੂ ਕਰ ਦਿੱਤੀ ਤੇ ਯੂਕਰੇਨੀ ਆਪਣੀਆਂ ਜੇਬਾਂ ਫਰੋਲਣ ਲੱਗਾ।

"ਤੁਸੀਂ ਮੇਰੇ ਨਾਲ਼ ਅਜਿਹਾ ਕਿਉਂ ਕੀਤੈ ? ਕਾਹਦੇ ਲਈ ?" ਮੈਂ ਪੁੱਛਣ ਲਈ ਬਜ਼ਿਦ ਸਾਂ।

ਉਹਨਾਂ ਭਾਵਹੀਣ ਚੁੱਪ ਕਾਇਮ ਰੱਖੀ। ਯੂਕਰੇਨੀ ਸਿਗਰਟ ਆਪਣੇ ਹੱਥਾਂ ਵਿੱਚ ਫੇਰਨ ਲੱਗਾ ਤੇ ਹੁਣ ਉਹ ਹੇਠਾਂ ਵੇਖ ਰਿਹਾ ਸੀ। ਮਤਵੇਈ ਪਰ੍ਹਾਂ ਨੂੰ ਤੁਰ ਪਿਆ ਤੇ ਸਭ ਤੋਂ ਪਿੱਛੇ ਜਾ ਖਲੋਤਾ। ਬਾਕੀ ਦੇ ਆਪਣੇ ਸਿਰ ਖੁਰਕਦੇ ਤੇ ਇੱਕ ਵੀ ਲਫ਼ਜ਼ ਬੋਲੇ ਬਿਨਾਂ ਆਪਣੀਆਂ ਰੇੜ੍ਹੀਆਂ ਵੱਲ ਮੁੜ ਪਏ। ਫ਼ੋਰਮੈਨ ਚਿੱਲਾਉਂਦਾ ਹੋਇਆ ਤੇ ਘਸੁੰਨ ਵਿਖਾਉਂਦਾ ਹੋਇਆ ਉੱਥੇ ਆ ਪੁੱਜਾ। ਇਹ ਸਾਰਾ ਕੁੱਝ ਏਨੀਂ ਜਲਦੀ ਵਾਪਰਿਆ ਕਿ ਲੂਣ ਫਰੋਲ ਰਹੀਆਂ ਔਰਤਾਂ, ਜਿਨ੍ਹਾਂ ਨੇ ਮੇਰੀ ਚੀਕ ਸੁਣ ਕੇ ਕੰਮ ਰੋਕ ਦਿੱਤਾ ਸੀ, ਸਾਡੇ ਤੱਕ ਉਦੋਂ ਹੀ ਪੁੱਜੀਆਂ ਜਦੋਂ ਮਜ਼ਦੂਰ ਆਪੋ-ਆਪਣੀਆਂ ਰੇੜ੍ਹੀਆਂ ਤੱਕ ਵਾਪਸ ਜਾ ਚੁੱਕੇ ਸਨ। ਮੈਂ ਇਕੱਲਾ ਰਹਿ ਗਿਆ ਸਾਂ, ਇਸ ਕੌੜੀ ਭਾਵਨਾ ਨਾਲ਼ ਕਿ ਮੇਰੇ ਨਾਲ਼ ਜੋ ਵਾਪਰਿਆ ਸੀ ਉਸਦਾ ਮੈਂ ਹੱਕਦਾਰ ਨਹੀਂ ਸਾਂ, ਤੇ ਨਾ ਹੀ ਬਦਲਾ ਲੈ ਸਕਿਆ ਸਾਂ। ਇਸ ਕਰਕੇ ਮੇਰੇ ਲਈ ਇਹ ਸਹਿਣਾ ਹੋਰ ਵੀ ਮੁਸ਼ਕਲ ਹੋ ਗਿਆ। ਮੈਂ ਆਪਣੇ ਸਵਾਲ ਦਾ ਜਵਾਬ ਚਾਹੁੰਦਾ ਸਾਂ; ਮੈਂ ਬਦਲਾ ਚਾਹੁੰਦਾ ਸਾਂ। ਇਸ ਲਈ ਮੈਂ ਕੂਕਿਆ :

"ਜ਼ਰਾ ਰੁਕ ਜਾਓ, ਭਰਾਵੋ !"

ਉਹ ਰੁਕ ਗਏ ਤੇ ਗ਼ੁੱਸੇ ਨਾਲ਼ ਮੇਰੇ ਵੱਲ ਵੇਖਣ ਲੱਗੇ।

"ਮੈਨੂੰ ਦੱਸੋ ਤਾਂ ਸਹੀ, ਆਖ਼ਰ ਕਿਉਂ ਤੁਸੀਂ ਮੇਰੇ ਨਾਲ਼ ਇੰਝ ਕੀਤੈ। ਯਕੀਨਨ ਤੁਸੀਂ ਸਾਰੇ ਜ਼ਮੀਰ ਰੱਖਦੇ ਹੋ।"

ਅਜੇ ਵੀ ਕੋਈ ਜਵਾਬ ਨਹੀਂ ਸੀ ਆ ਰਿਹਾ, ਤੇ ਉਹਨਾਂ ਦੀ ਚੁੱਪ ਹੀ ਉਹਨਾਂ ਦਾ ਜਵਾਬ ਸੀ। ਹੁਣ ਮੈਂ ਵਧੇਰੇ ਸਵੈਭਰੋਸੇ ਨਾਲ਼ ਉਹਨਾਂ ਨਾਲ਼ ਗੱਲਾਂ ਕਰਨ ਲੱਗਾ। ਸਭ ਤੋਂ ਪਹਿਲਾਂ ਮੈਂ ਉਹਨਾਂ ਨੂੰ ਕਿਹਾ ਕਿ ਮੈਂ ਵੀ ਉਹਨਾਂ ਵਰਗਾ ਹੀ ਇੱਕ ਇਨਸਾਨ ਹਾਂ; ਕਿ ਉਹਨਾਂ ਵਾਂਗ ਹੀ ਮੈਨੂੰ ਵੀ ਖਾਣ ਨੂੰ ਚਾਹੀਦਾ ਹੈ; ਕਿ ਮੈਂ ਇੱਕ ਬਰਾਬਰ ਦੇ ਹਾਣੀ ਵਜੋਂ ਉਹਨਾਂ ਵਿੱਚ

ਸ਼ਾਮਲ ਹੋਇਆ ਸਾਂ, ਕਿਉਂਕਿ ਸਾਂਝੀ ਤਕਦੀਰ ਸਾਨੂੰ ਇਕਮੁੱਠ ਕਰਦੀ ਸੀ; ਕਿ ਮੈਂ ਨਾ ਉਹਨਾਂ ਨੂੰ ਨਫ਼ਰਤ ਕਰਦਾ ਹਾਂ, ਨਾ ਹੀ ਆਪਣੇ-ਆਪ ਨੂੰ ਉਹਨਾਂ ਤੋਂ ਉੱਚਾ ਸਮਝਦਾ ਹਾਂ।

"ਅਸੀਂ ਸਾਰੇ ਬਰਾਬਰ ਹਾਂ," ਮੈਂ ਕਿਹਾ, "ਤੇ ਸਾਨੂੰ ਇੱਕ-ਦੂਜੇ ਨੂੰ ਸਮਝਣਾ ਚਾਹੀਦੈ, ਤੇ ਜਿਸ ਤਰ੍ਹਾਂ ਵੀ ਹੋ ਸਕੇ ਇੱਕ-ਦੂਜੇ ਦੀ ਮਦਦ ਕਰਨੀ ਚਾਹੀਦੀ ਏ।"

ਉਹ ਧਿਆਨ ਨਾਲ਼ ਸੁਣਦੇ ਉੱਥੇ ਖੜੇ ਰਹੇ, ਭਾਵੇਂ ਉਹ ਮੇਰੇ ਨਾਲ਼ ਨਜ਼ਰਾਂ ਮਿਲਾਉਣ ਤੋਂ ਕਤਰਾਉਂਦੇ ਸਨ। ਮੈਂ ਵੇਖ ਰਿਹਾ ਸਾਂ ਕਿ ਮੇਰੇ ਲਫ਼ਜ਼ਾਂ ਦਾ ਉਹਨਾਂ ਉੱਤੇ ਅਸਰ ਹੋ ਰਿਹਾ ਹੈ ਤੇ ਇਸ ਗੱਲ ਨੇ ਮੈਨੂੰ ਪ੍ਰੇਰਨਾ ਦਿੱਤੀ। ਉਹਨਾਂ ਉੱਤੇ ਇੱਕ ਨਜ਼ਰ ਮਾਰਨ ਨਾਲ਼ ਮੈਨੂੰ ਇਸ ਗੱਲ ਦਾ ਯਕੀਨ ਹੋ ਗਿਆ। ਤੇਜ਼ ਤੇ ਉਜ਼ਲ ਖੁਸ਼ੀ ਦੇ ਅਹਿਸਾਸ ਨੇ ਮੈਨੂੰ ਮੱਲ ਲਿਆ ਤੇ ਮੈਂ ਲੂਣ ਦੀ ਢੇਰੀ ਉੱਤੇ ਆਪਣੇ-ਆਪ ਨੂੰ ਸੁੱਟਦਿਆਂ ਰੋਣ ਲੱਗ ਪਿਆ। ਕੌਣ ਨਹੀਂ ਰੋਵੇਗਾ!...

ਜਦੋਂ ਮੈਂ ਸਿਰ ਚੁੱਕਿਆ, ਤਾਂ ਮੈਂ ਇਕੱਲਾ ਸਾਂ। ਕੰਮ ਦੀ ਦਿਹਾੜੀ ਖ਼ਤਮ ਹੋ ਚੁੱਕੀ ਸੀ ਤੇ ਪੰਜ-ਪੰਜ ਛੇ-ਛੇ ਦੀਆਂ ਢਾਣੀਆਂ ਬਣਾ ਕੇ ਮਜ਼ਦੂਰ ਲੂਣ ਦੇ ਢੇਰ ਕੋਲ਼ ਬੈਠੇ ਸਨ, ਤੇ ਉਹ ਧੁੱਪ-ਲਿਸ਼ਕਾਏ ਲੂਣ ਦੇ ਗੁਲਾਬੀ ਪਿਛੋਕੜ ਵਿੱਚ ਵੱਡੇ-ਵੱਡੇ ਕਾਲ਼ੇ ਧੱਬੇ ਲੱਗਦੇ ਸਨ। ਚੁੱਪ-ਚਾਂ ਸੀ। ਸਾਗਰ ਵੱਲੋਂ ਸੀਤਲ ਹਵਾ ਰੁਮਕਦੀ ਆ ਰਹੀ ਸੀ। ਇੱਕ ਛੋਟਾ ਜਿਹਾ ਚਿੱਟਾ ਬੱਦਲ ਹੌਲ਼ੀ-ਹੌਲ਼ੀ ਸਾਗਰ ਦੇ ਪਾਰ ਜਾ ਰਿਹਾ ਸੀ; ਉਸ ਨਾਲ਼ੋਂ ਹਲਕੀ ਜਿਹੀ ਨਿਰਮਲ ਧੁੰਦ ਵੱਖ ਹੋ ਕੇ ਨੀਲ਼ੇ ਅਕਾਸ਼ ਦੀ ਚੁੜਿੱਤਣ ਵਿੱਚ ਘੁਲ਼ਦੀ ਜਾ ਰਹੀ ਸੀ। ਇਹ ਸਾਰਾ ਕੁਝ ਬੜਾ ਉਦਾਸ ਕਰਨ ਵਾਲ਼ਾ ਸੀ।

ਮੈਂ ਉਠਿਆ ਤੇ ਲੂਣ ਦੇ ਢੇਰ ਵੱਲ ਗਿਆ। ਮੈਂ ਪੱਕੀ ਧਾਰ ਲਈ ਸੀ ਕਿ ਉਹਨਾਂ ਤੋਂ ਛੁੱਟੀ ਲੈ ਕੇ ਵਾਪਸ ਮਾਛੀਆਂ ਦੇ ਡੇਰੇ ਚਲਾ ਜਾਵਾਂਗਾ। ਜਦੋਂ ਮੈਂ ਉਹਨਾਂ ਦੇ ਨੇੜੇ ਪੁੱਜਾ ਤਾਂ ਮਤਵੇਈ, ਯੂਕਰੇਨੀ, ਫ਼ੋਰਮੈਨ ਤੇ ਤਿੰਨ ਹੋਰ ਠੋਸ ਅੱਧਖੜ ਲਟੋਰ ਉੱਠੇ ਤੇ ਮੈਨੂੰ ਅੱਗੋਂ ਮਿਲਣ ਆਏ, ਤੇ ਇਸ ਤੋਂ ਪਹਿਲਾਂ ਕਿ ਮੈਂ ਕੋਈ ਲਫ਼ਜ਼ ਬੋਲਾਂ, ਮਤਵੇਈ ਨੇ ਆਪਣਾ ਹੱਥ ਮੇਰੇ ਵੱਲ ਵਧਾਇਆ ਤੇ, ਬਿਨਾਂ ਮੇਰੇ ਵੱਲ ਵੇਖਿਆਂ, ਬੋਲਿਆ :

"ਆਹ ਲੈ, ਦੋਸਤ! ਤੂੰ ਇੱਥੋਂ ਚਲਾ ਜਾ, ਤੇ ਆਪਣਾ ਰਾਹ ਲੈ, ਜਿਧਰ ਤੇਰਾ ਜੀ ਆਉਂਦੈ! ਹਾਂ! ਤੇ ਰਾਹ ਲਈ ਤੇਰੇ ਵਾਸਤੇ ਅਸੀਂ ਆਹ ਥੋਹੜੇ ਜਿਹੇ ਪੈਸੇ ਇਕੱਠੇ ਕੀਤੇ ਨੇ। ਲੈ-ਲੈ!"

ਉਸਦੇ ਹੱਥਾਂ ਵਿੱਚ ਤਾਂਬੇ ਦੇ ਕੁੱਝ ਸਿੱਕੇ ਪਏ ਸਨ, ਜਿਹੜੇ ਮੈਨੂੰ ਫੜਾਉਂਦਿਆਂ ਉਸਦਾ ਹੱਥ ਕੰਬ ਰਿਹਾ ਸੀ। ਮੈਂ ਏਨਾਂ ਹੈਰਾਨ ਰਹਿ ਗਿਆ ਕਿ ਉਹਨਾਂ ਵੱਲ ਸਿਰਫ਼ ਇਕ ਟੱਕ ਵੇਖਦਾ ਹੀ ਰਹਿ ਗਿਆ। ਉਹ ਆਪਣੇ ਸਿਰ ਸੁੱਟੀ ਖੜੇ ਸਨ, ਚੁੱਪ-ਚਾਪ, ਮੂਰਖਾਂ ਵਾਂਗ ਆਪਣੇ ਚੀਥੜੇ ਖਿੱਚਦੇ ਹੋਏ, ਕਦੀ ਇੱਕ ਪੈਰ ਉੱਤੇ ਭਾਰ ਪਾਉਂਦੇ ਕਦੀ ਦੂਜੇ ਉੱਤੇ, ਇੱਧਰ-ਉੱਧਰ ਵੇਖੀ ਜਾਂਦੈ, ਮੋਢੇ ਹਿਲਾਈ ਜਾਂਦੇ; ਉਹਨਾਂ ਦੀ ਹਰ ਹਰਕਤ ਉਹਨਾਂ ਦੀ ਬੇਹੱਦ ਪਰੇਸ਼ਾਨੀ ਨੂੰ ਤੇ ਇਸ ਇੱਛਾ ਨੂੰ ਪ੍ਰਗਟ ਕਰਦੀ ਸੀ ਕਿ ਮੇਰੇ ਨਾਲ਼ ਉਹਨਾਂ ਦਾ ਵਾਸਤਾ ਜਿੰਨੀ ਜਲਦੀ ਹੋ ਸਕੇ, ਖ਼ਤਮ ਹੋਵੇ।

"ਮੈਂ ਨਹੀਂ ਲਵਾਂਗਾ," ਮੈਂ ਮਤਵੇਈ ਦਾ ਹੱਥ ਪਰੇ ਕਰਦਿਆਂ ਕਿਹਾ।

"ਲੈ-ਲੈ, ਸਾਨੂੰ ਹੁਣ ਨਰਾਜ਼ ਨਾ ਕਰ। ਅਸੀਂ ਕੈਸੇ ਹਾਂ ? ਅਸੀਂ ਸਚਮੁੱਚ, ਜੇ ਇਮਾਨਦਾਰੀ ਨਾਲ਼ ਗੱਲ ਕਰੀਏ ਤਾਂ ਇਹੋ ਜਿਹੇ ਨਹੀਂ।... ਅਸੀਂ, ਭਰਾ, ਸਮਝਦੇ ਹਾਂ ਕਿ ਅਸੀਂ ਤੈਨੂੰ ਠੇਸ ਪੁਚਾਈ ਏ; ਪਰ ਜੇ ਸੱਚੇ ਦਿਲ ਨਾਲ਼ ਇਸ ਬਾਰੇ ਸੋਚੀਏ ਤਾਂ ਕੀ ਕਸੂਰ ਸਾਡਾ ਏ ? ਨਹੀਂ, ਸਾਡਾ ਨਹੀਂ। ਜਿਸ ਤਰ੍ਹਾਂ ਅਸੀਂ ਰਹਿੰਦੇ ਹਾਂ, ਕਸੂਰ ਉਸਦਾ ਏ। ਅਸੀਂ ਕਿਸ ਤਰ੍ਹਾਂ ਦਾ ਜੀਵਨ ਜਿਊਂਦੇ ਹਾਂ ? ਖੋਤੇ ਦਾ ਜੀਵਨ। ਸੋਲਾਂ ਪੂਡ ਦੀ ਰੇੜ੍ਹੀ, "ਗਾਪ" ਪੈਰਾਂ ਨੂੰ ਚਕ ਮਾਰਦੀ ਏ, ਧੁੱਪ ਸਾਰਾ ਦਿਨ ਪਿੱਠ ਨੂੰ ਸਾੜਦੀ ਏ ਤੇ ਦਿਹਾੜੀ ਦਾ ਮਿਲਦਾ ਕੀ ਏ—ਪੰਜਾਹ ਕੋਪੇਕ !— ਇਹ ਕੀ ਆਦਮੀ ਨੂੰ ਪਸ਼ੂ ਬਣਾ ਦੇਣ ਲਈ ਘੱਟ ਏ ? ਕੰਮ ਕਰੀ ਜਾਓ, ਕੰਮ ਕਰੀ ਜਾਓ, ਜੋ ਕਮਾਓ ਉਸਦੀ ਸ਼ਰਾਬ ਪੀ ਲਵੋ, ਤੇ ਮੁੜ ਕੇ ਕੰਮ ਕਰੀ ਜਾਓ ! ਤੇ ਬੱਸ। ਜਦੋਂ ਪੰਜ ਕੁ ਸਾਲ ਇਸ ਤਰ੍ਹਾਂ ਨਾਲ਼ ਜੀ ਲਵੋ, ਤਾਂ ਤੁਹਾਡੇ ਵਿੱਚ ਬੰਦਿਆਂ ਵਾਲ਼ਾ ਕੱਖ ਨਹੀਂ ਰਹਿ ਜਾਂਦਾ, ਤੁਸੀਂ ਸਿਰਫ਼ ਜਾਨਵਰ ਬਣ ਕੇ ਰਹਿ ਜਾਂਦੇ ਹੋ—ਤੇ ਬੱਸ। ਅਸੀਂ, ਭਰਾ, ਆਪਸ ਵਿੱਚ ਉਸਤੋਂ ਵੀ ਭੈੜੀਆਂ ਕਰਤੂਤਾਂ ਕਰਦੇ ਹਾਂ, ਜਿਹੜੀ ਅਸੀਂ ਤੇਰੇ ਨਾਲ਼ ਕੀਤੀ ਏ; ਤੇ ਅਸੀਂ, ਸਮਝ ਲਵੋ, ਇੱਕ-ਦੂਜੇ ਦੇ ਯਾਰ ਹਾਂ, ਜਦ ਕਿ ਤੂੰ ਸਾਡੇ ਲਈ ਓਪਰਾ ਏਂ... ਅਸੀਂ ਤੇਰੇ ਨਾਲ਼ ਘੱਟ ਕਿਉਂ ਕਰੀਏ ? ਸੋ ਇਹ ਸਾਰੀ ਗੱਲ ਈ। ਤੂੰ ਉੱਥੇ ਸਾਨੂੰ ਜੋ ਕੁਝ ਕਿਹਾ ਸੀ—ਖ਼ੈਰ, ਕੀ ਫ਼ਰਕ ਪੈਂਦੈ ? ਤੂੰ ਠੀਕ ਹੀ ਕਿਹਾ ਸੀ—ਸਭ ਸੱਚ ਏ—ਇੰਝ ਈ ਹੋਣਾ ਚਾਹੀਦੈ—ਸਿਰਫ਼ ਸਾਡੇ ਉੱਤੇ ਇਹ ਢੁੱਕਦਾ ਨਹੀਂ ! ਤੂੰ ਏਨਾਂ ਦਿਲ ਨੂੰ ਨਾ ਲਾ। ਅਸੀਂ ਤਾਂ ਐਵੇਂ ਹਾਸਾ-ਠੱਠਾ ਕਰਦੇ ਪਏ ਸਾਂ। ਆਖ਼ਰ ਸਾਡੇ ਵੀ ਦਿਲ ਨੇ। ਹਾਂ—ਆਂ ! ਖ਼ੈਰ, ਜਾਹ ਤੂੰ, ਜਿਧਰ ਜੀ ਆਵੇ, ਆਪਣੇ ਸੱਚ ਨੂੰ ਲੈ ਕੇ, ਅਸੀਂ ਤਾਂ ਇੱਥੇ ਹੀ ਰਹਿਣੈ, ਆਪਣੇ ਸੱਚ ਨਾਲ਼। ਆਹ ਲੈ-ਲੈ ਨਾ, ਤੇ ਜਾਹ। ਜਾਹ, ਭਰਾ ! ਅਸੀਂ ਤੇਰੇ ਅੱਗੇ ਕੋਈ ਕਸੂਰ ਨਹੀਂ ਕੀਤਾ, ਤੇ ਤੂੰ ਸਾਨੂੰ ਕੋਈ ਨੁਕਸਾਨ ਨਹੀਂ ਪੁਚਾਇਆ। ਠੀਕ ਏ, ਸਾਡੇ ਇੱਥੇ ਕੋਈ ਚੰਗੀ ਗੱਲ ਨਹੀਂ ਵਾਪਰੀ—ਪਰ ਹੋਰ ਹੋ ਵੀ ਕੀ ਸਕਦੈ ! ਸਾਡੇ ਇੱਥੇ ਚੰਗੀ ਗੱਲ ਕਦੀ ਨਹੀਂ ਵਾਪਰਦੀ। ਤੇਰਾ ਇੱਥੇ ਰੁਕਣ ਦਾ ਕੋਈ ਮਤਲਬ ਨਹੀਂ। ਤੂੰ ਇੱਥੇ ਮੁਆਫਜ਼ ਹੀ ਨਹੀਂ ਆਉਂਦਾ। ਅਸੀਂ ਤਾਂ ਇੱਕ-ਦੂਜੇ ਦੇ ਆਦੀ ਹੋਏ ਹੋਏ ਹਾਂ, ਤੇ ਤੂੰ—ਤੂੰ ਸਾਡੇ ਵਿੱਚੋਂ ਨਹੀਂ। ਇਹਦਾ ਕੋਈ ਫ਼ਾਇਦਾ ਨਹੀਂ ਹੋਣ ਲੱਗਾ। ਸੋ ਜਾ ਤੂੰ। ਜਾ ਆਪਣਾ ਰਾਹ ਲੈ, ਭਲਾ ਹੋਵੇ ਈ। ਅਲਵਿਦਾ !"

ਮੈਂ ਉਹਨਾਂ ਵੱਲ ਸਭ ਪਾਸੇ ਨਜ਼ਰ ਮਾਰ ਕੇ ਵੇਖਿਆ। ਸਪੱਸ਼ਟ ਤੌਰ ਉੱਤੇ, ਉਹ ਸਾਰੇ ਮਤਵੇਈ ਨਾਲ਼ ਸਹਿਮਤ ਸਨ, ਸੋ ਮੈਂ ਆਪਣਾ ਝੋਲਾ ਮੋਢੇ ਉੱਤੇ ਸੁੱਟਿਆ ਤੇ ਤੁਰਨ ਲੱਗਾ।

"ਠਹਿਰ ਜਾ, ਮੁੰਡਿਆ ! ਇੱਕ ਗੱਲ ਮੇਰੀ ਵੀ ਸੁਣ ਲਾ !" ਮੇਰੇ ਮੋਢੇ ਉੱਤੇ ਹੱਥ ਰੱਖਦਿਆਂ ਯੂਕਰੇਨੀ ਬੋਲਿਆ। "ਜੇ ਤੇਰੀ ਥਾਂ ਕੋਈ ਹੋਰ ਹੁੰਦਾ ਤਾਂ ਮੈਂ ਜਾਂਦੇ-ਜਾਂਦੇ ਤੇ ਵੱਖੀ ਵਿੱਚ ਇੱਕ ਧਰਦਾ। ਸਮਝਦੈਂ ? ਪਰ ਤੂੰ ਐਵੇਂ ਹੀ ਜਾ ਰਿਹੈਂ, ਸਗੋਂ ਰਾਹ ਲਈ ਅਸੀਂ ਤੈਨੂੰ ਪੈਸੇ ਵੀ ਦੇ ਰਹੇ ਹਾਂ। ਤੈਨੂੰ ਇਹਦੇ ਲਈ ਸਾਡਾ ਸ਼ੁਕਰੀਆ ਅਦਾ ਕਰਨਾ ਚਾਹੀਦੈ।" ਉਹਨੇ ਪਾਸੇ

ਵੱਲ ਥੁੱਕਿਆ, ਆਪਣੀ ਤੰਮਾਕੂ ਵਾਲ਼ੀ ਥੈਲੀ ਉਂਗਲਾਂ ਵਿੱਚ ਘੁੰਮਾਂਉਣ ਲੱਗਾ ਤੇ ਜੇਤੂ ਅੰਦਾਜ਼ ਵਿੱਚ ਚਾਰੇ ਪਾਸੇ ਵੇਖਣ ਲੱਗਾ, ਜਿਵੇਂ ਕਹਿਣਾ ਚਾਹੁੰਦਾ ਹੋਵੇ : ਵੇਖਿਆ ਮੈਂ ਕਿੰਨਾ ਸਿਆਣਾ ਆਦਮੀ ਹਾਂ!

ਮੈਂ ਇਸ ਸਭ ਕੁੱਝ ਹੇਠ ਪੀਸਿਆ ਜਾ ਰਿਹਾ ਸਾਂ। ਮੈਂ ਜਲਦੀ ਨਾਲ਼ ਉਹਨਾਂ ਨੂੰ ਅਲਵਿਦਾ ਕਹੀ, ਤੇ ਸਾਗਰ ਦੇ ਕੰਢਿਓ-ਕੰਢੇ ਵਾਪਸ ਮਾਛੀਆਂ ਵੱਲ਼ ਤੁਰ ਪਿਆ, ਜਿੱਥੇ ਮੈਂ ਰਾਤ ਕੱਟੀ ਸੀ। ਅਕਾਸ਼ ਸਾਫ਼ ਤੇ ਹੁੰਮਸ ਭਰਿਆ ਸੀ, ਸਾਗਰ ਖ਼ਾਲੀ ਤੇ ਸ਼ਾਨਦਾਰ ਸੀ। ਨਿੱਕੀਆਂ-ਨਿੱਕੀਆਂ ਹਰੀਆਂ ਲਹਿਰਾਂ ਖੱਪ ਪਾਉਂਦੀਆਂ ਤੱਟ ਵੱਲ ਦੌੜੀਆਂ ਆ ਰਹੀਆਂ ਸਨ। ਪਤਾ ਨਹੀਂ ਕਿਉਂ ਮੈਂ ਅਕਹਿ ਤੌਰ ਤੇ ਦੁਖੀ ਤੇ ਸ਼ਰਮਿੰਦਾ ਮਹਿਸੂਸ ਕਰ ਰਿਹਾ ਸਾਂ। ਮੈਂ ਹੌਲ਼ੀ-ਹੌਲ਼ੀ ਗਰਮ ਰੇਤ ਉੱਤੇ ਆਪਣੇ ਪੈਰ ਘਸੀਟਦਾ ਜਾ ਰਿਹਾ ਸਾਂ। ਸਾਗਰ ਸ਼ਾਂਤ ਅੰਦਾਜ਼ ਨਾਲ਼ ਧੁੱਪ ਵਿੱਚ ਲਿਸ਼ਕ ਰਿਹਾ ਸੀ, ਲਹਿਰਾਂ ਕੁੱਝ ਉਦਾਸ-ਉਦਾਸ ਤੇ ਸਮਝ ਨਾ ਆਉਣ ਵਾਲ਼ਾ ਗੁਣਗੁਣਾ ਰਹੀਆਂ ਸਨ।...

ਜਦੋਂ ਮੈਂ ਝੁੱਗੀ ਤੱਕ ਪੁੱਜਾ ਤਾਂ ਮੇਰਾ ਵਾਕਫ਼ ਮਾਛੀ ਮੈਨੂੰ ਮਿਲਣ ਲਈ ਉੱਠਿਆ।

"ਕਿਉਂ, ਭਰਾ, ਉਹ ਲੂਣ ਸੁਆਦ ਨਹੀਂ ਲੱਗਾ ?" ਉਹ ਅਜਿਹੇ ਆਦਮੀ ਵਾਲ਼ੀ ਸੰਤੁਸ਼ਟਤਾ ਵਾਲ਼ੇ ਹਾਵਭਾਵ ਨਾਲ਼ ਪੁੱਛਣ ਲੱਗਾ, ਜਿਸਦੀ ਭਵਿੱਖਬਾਣੀ ਸੱਚੀ ਨਿਕਲੀ ਸੀ।

ਮੈਂ ਬਿਨਾਂ ਇੱਕ ਵੀ ਲਫ਼ਜ਼ ਬੋਲਿਆਂ ਉਸ ਵੱਲ ਵੇਖਦਾ ਰਿਹਾ।

"ਹੱਤ ਤੇਰੀ! ਲੂਣ ਕੁੱਝ ਜ਼ਿਆਦਾ ਈ ਏ!" ਉਸਨੇ ਮੇਰੇ ਵੱਲ ਵੇਖਦਿਆਂ ਜ਼ੋਰ ਨਾਲ਼ ਕਿਹਾ। "ਭੁੱਖ ਲੱਗੀ ਊ ? ਜਾ, ਕੁੱਝ ਦਲ਼ੀਆ ਖਾ ਲੈ। ਪਤਾ ਨਹੀਂ ਕਿਉਂ ਉਹਨਾਂ ਅੱਜ ਏਨਾਂ ਬਣਾ ਲਿਆ ਸੀ, ਅੱਧ ਬਚਿਆ ਪਿਆ ਏ। ਚੱਲ ਜਾ, ਚਲਾ ਚਿਮਚਾ। ਬੜੀ ਸੋਹਣਾ ਦਲ਼ੀਆ ਏ, ਨਾਲ਼ ਵਿੱਚ ਫਲਾਊਂਡਰ ਤੇ ਸਟੂਰਜੀਅਨ ਮੱਛੀ ਵੀ ਏ..."

ਦੋ ਮਿੰਟਾਂ ਪਿੱਛੋਂ ਮੈਂ ਝੁੱਗੀ ਦੇ ਬਾਹਰ ਛਾਂ ਵਿੱਚ ਬੈਠਾ ਸਾਂ—ਬੜਾ ਗੰਦਾ, ਬੜਾ ਥੱਕਿਆ ਹੋਇਆ ਤੇ ਭੁੱਖਾ। ਤੇ ਭਾਰੇ ਤੇ ਦੁੱਖੀ ਦਿਲ ਨਾਲ਼ ਦਲ਼ੀਆ ਖਾ ਰਿਹਾ ਸਾਂ, ਜਿਸ ਵਿੱਚ ਫਲਾਊਂਡਰ ਤੇ ਸਟੂਰਜੀਅਨ ਮੱਛੀ ਵੀ ਪਈ ਹੋਈ ਸੀ।

1893

# ਦਾਦਾ ਅਰਖ਼ੀਪ ਤੇ ਲਿਓਨਕਾ

**ਉਹ** ਦੋਵੇਂ ਬੇੜੀ ਆਉਣ ਦੀ ਉਡੀਕ ਕਰਦੇ ਹੋਏ ਕੂਬਾਨ ਦਰਿਆ ਦੇ ਕੰਢੇ ਦੇ ਢਾਹੇ ਦੀ ਛਾਵੇਂ ਲੰਮੇ ਪੈ ਗਏ ਤੇ ਦੇਰ ਤੱਕ ਚੁੱਪਚਾਪ ਆਪਣੇ ਪੈਰਾਂ ਨੂੰ ਛੁੰਹਦੀਆਂ ਤੇਜ਼ ਤੇ ਗੰਧਲੀਆਂ ਲਹਿਰਾਂ ਵੱਲ ਵੇਖਦੇ ਰਹੇ। ਲਿਓਨਕਾ ਉਂਘਲਾਉਣ ਲੱਗ ਪਿਆ ਸੀ, ਪਰ ਦਾਦਾ ਅਰਖ਼ੀਪ ਛਾਤੀ ਵਿੱਚ ਮੱਠੀ ਮੱਠੀ ਤੇ ਦੱਬੀ ਦੱਬੀ ਪੀੜ ਹੋਣ ਕਾਰਨ ਸੌਂ ਨਾ ਸਕਿਆ। ਕਾਲ਼ੀ ਭੂਰੀ ਧਰਤੀ ਉੱਤੇ ਲੇਟੇ ਹੋਏ ਉਹ ਮਸਾਂ ਮਸਾਂ ਵਿਖਾਈ ਦਿੰਦੇ ਦੋ ਤਰਸਯੋਗ ਢੇਰ ਲੱਗ ਰਹੇ ਸਨ—ਇੱਕ ਜ਼ਰਾ ਵੱਡਾ ਤੇ ਦੂਜਾ ਜ਼ਰਾ ਛੋਟਾ; ਉਹਨਾਂ ਦੇ ਥੱਕੇ ਹੋਏ, ਧੁੱਪ-ਸੜੇ, ਧੂੜ-ਭਰੇ ਚਿਹਰੇ ਉਹਨਾਂ ਦੇ ਭੂਰੇ ਰੰਗ ਦੇ ਚੀਥੜਿਆਂ ਵਰਗੇ ਹੀ ਲੱਗ ਰਹੇ ਸਨ।

ਦਾਦੇ ਅਰਖ਼ੀਪ ਦਾ ਹੱਡਲ ਤੇ ਲੰਮਾ ਸਰੀਰ ਰੇਤ ਦੀ ਇੱਕ ਛੋਟੀ ਜਿਹੀ ਪੱਟੀ ਉੱਤੇ ਆਡੇ-ਦਾਅ ਪਿਆ ਹੋਇਆ ਸੀ—ਇਹ ਪੱਟੀ ਦਰਿਆ ਦੇ ਪਾਣੀ ਤੇ ਢਾਹੇ ਵਿਚਕਾਰ ਕੰਢੇ ਦੇ ਨਾਲ਼ ਨਾਲ਼ ਵਿਛੀ ਹੋਈ ਸੀ; ਉਂਘਲਾ ਰਿਹਾ ਲਿਓਨਕਾ ਦਾਦੇ ਦੀ ਵੱਖੀ ਲਾਗੇ ਗੁੱਛਾ-ਮੁੱਛਾ ਹੋ ਕੇ ਪਿਆ ਹੋਇਆ ਸੀ। ਲਿਓਨਕਾ ਨਿਕਚੂ ਤੇ ਕਮਜ਼ੋਰ ਸੀ। ਉਹ ਆਪਣੇ ਚੀਥੜਿਆ ਵਿੱਚ ਦਰਿਆ ਦੀਆਂ ਲਹਿਰਾਂ ਵੱਲੋਂ ਇੱਥੇ ਲਿਆ ਕੇ ਸੁੱਟੇ ਕਿਸੇ ਬੁੱਢੇ ਸੁੱਕੇ ਰੁੱਖ ਵਰਗੇ ਆਪਣੇ ਦਾਦੇ ਨਾਲ਼ੋਂ ਟੁੱਟੀ ਕਿਸੇ ਬੇਡੌਲ ਟਾਹਣੀ ਵਰਗਾ ਲੱਗ ਰਿਹਾ ਸੀ।

ਦਾਦੇ ਨੇ ਆਪਣੀ ਇੱਕ ਅਰਕ ਦੇ ਸਹਾਰੇ ਆਪਣਾ ਸਿਰ ਥੋੜ੍ਹਾ ਜਿਹਾ ਉੱਚਾ ਕਰਦਿਆਂ ਦਰਿਆ ਦੇ ਸਾਮ੍ਹਣੇ ਵਾਲ਼ੇ, ਧੁੱਪ-ਨਹਾਤੇ ਕੰਢੇ ਵੱਲ ਵੇਖਿਆ ਜਿਸ ਉੱਤੇ ਵਿਰਲੀਆਂ ਟਾਂਵੀਆਂ ਬੈਂਤ ਦੀਆਂ ਝਾੜੀਆਂ ਉੱਗੀਆਂ ਹੋਈਆਂ ਸਨ; ਇਹਨਾਂ ਝਾੜੀਆਂ ਵਿੱਚੋਂ ਬੇੜੀ ਦਾ ਕਾਲ਼ਾ ਡੈੱਕ ਝਾਕ ਰਿਹਾ ਸੀ। ਉਸ ਉੱਤੇ ਕੋਈ ਵੀ ਬੰਦਾ ਨਜ਼ਰ ਨਹੀਂ ਆ ਰਿਹਾ ਸੀ। ਦਰਿਆ ਦੇ ਕੰਢੇ ਤੋਂ ਇੱਕ ਘਸਮੈਲਾ ਜਿਹਾ ਰਸਤਾ ਦੂਰ ਸਤੇਪੀ ਵੱਲ ਜਾਂਦਾ ਸੀ; ਉਹ ਬੜੀ ਬੇਫਿਕਰੀ ਨਾਲ਼ ਸਿੱਧਾ ਜਾਂਦਾ ਸੀ, ਖੁਸ਼ਕ ਤੇ ਬੇਰੌਣਕਾ।

ਦਾਦਾ ਲਾਲ, ਫੁੱਲੇ ਰੋਹਿਆਂ ਵਾਲ਼ੀਆਂ ਆਪਣੀਆਂ ਉਦਾਸ, ਸੁੱਜੀਆਂ ਅੱਖਾਂ ਬੜੀ ਬੇਚੈਨੀ ਨਾਲ਼ ਝਮੱਕੀ ਜਾ ਰਿਹਾ ਸੀ, ਤੇ ਉਸ ਦੇ ਝੁਰੜੀਆਂ-ਭਰੇ ਚਿਹਰੇ ਉੱਤੇ ਡੂੰਘੀ ਉਦਾਸੀ ਛਾਈ ਹੋਈ ਸੀ। ਕਦੀ ਕਦੀ ਉਹ ਆਪਣੇ ਪੋਤਰੇ ਵੱਲ ਵੇਖਦਿਆਂ ਬੜਾ ਸਵੈ-ਕਾਬੂ ਹੋ ਕੇ ਖੰਘਦਾ ਤੇ ਮੂੰਹ ਅੱਗੇ ਹੱਥ ਕਰ ਲੈਂਦਾ। ਖੰਘਣ ਲੱਗਿਆਂ ਉਸ ਨੂੰ ਬੜੀ ਔਖ ਹੁੰਦੀ ਸੀ, ਉਸ ਦਾ ਸਾਹ ਘੁਟਦਾ ਸੀ, ਉਸ ਨੂੰ ਉੱਠ ਕੇ ਬੈਠਣਾ ਪੈਂਦਾ, ਉਸ ਦੀਆਂ ਅੱਖਾਂ ਵਿੱਚੋਂ ਮੋਟੇ ਮੋਟੇ ਅੱਥਰੂ ਆ

ਜਾਂਦੇ।

ਉਸ ਦੇ ਖੰਘਣ ਦੀ ਅਵਾਜ਼ ਅਤੇ ਰੇਤਲੇ ਕੰਢੇ ਨਾਲ਼ ਟਕਰਾਉਂਦੀਆਂ ਲਹਿਰਾਂ ਦੀ ਹਲਕੀ ਜਿਹੀ ਛੱਪ ਛੱਪ ਤੋਂ ਇਲਾਵਾਂ ਸਤੇਪੀ ਵਿੱਚ ਹੋਰ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ ਵਿਸ਼ਾਲ, ਭੂਰੀ, ਧੁੱਪ-ਸੜੀ ਸਤੇਪੀ ਦਰਿਆ ਦੇ ਦੋਹੀਂ ਪਾਸੀਂ ਪੱਸਰੀ ਹੋਈ ਸੀ, ਤੇ ਕੇਵਲ ਦੂਰ, ਦੁਮੇਲ ਉੱਤੇ ਕਣਕ ਦੀ ਫ਼ਸਲ ਦਾ ਲਹਿਰਾਂਦਾ, ਝੂਮਦਾ ਹੋਇਆ ਸੁਨਹਿਰੀ ਸਾਗਰ ਬੁੱਢੀਆਂ ਅੱਖਾਂ ਨੂੰ ਮਸਾਂ ਮਸਾਂ ਵਿਖਾਈ ਦੇ ਰਿਹਾ ਸੀ ਤੇ ਚਮਕਦਾ, ਅੱਖਾਂ ਚੁੰਧਿਆਉਂਦਾ ਆਸਮਾਨ ਸਿੱਧਾ ਉਸ ਵਿੱਚ ਲਹਿ ਰਿਹਾ ਸੀ। ਉਸ ਵਿੱਚ ਦੂਰ ਕਿਤੇ ਪਤਲੇ ਪਤਲੇ ਤਿੰਨ ਪੋਪਲਰਾਂ ਦੇ ਅਕਾਰ ਦਿਸ ਰਹੇ ਸਨ; ਉਹ ਕਦੇ ਛੋਟੇ ਤੇ ਕਦੇ ਲੰਮੇ ਹੋ ਜਾਂਦੇ ਲੱਗਦੇ ਸਨ ਜਦਕਿ ਆਸਮਾਨ ਤੇ ਉਸ ਦੇ ਥੱਲੇ ਕਣਕ ਦੇ ਖੇਤ ਹੇਠਾਂ-ਉੱਤੇ ਹੁੰਦੇ ਝਿਲਮਿਲਾਂ ਰਹੇ ਲੱਗ ਰਹੇ ਸਨ ਤੇ ਅਚਾਨਕ ਸਭ ਕੁਝ ਸਤੇਪੀ ਦੇ ਗੁਬਾਰ ਦੀ ਚਾਂਦੀ ਰੰਗੀ ਚਾਦਰ ਪਿੱਛੇ ਛਿਪ ਜਾਂਦਾ...

ਲਹਿਰਾਉਂਦੀ, ਚਮਕਦੀ, ਛਲਦੀ ਹੋਈ ਇਹ ਚਾਦਰ ਕਦੀ ਕਦੀ ਦੂਰੋਂ ਉੱਡਦੀ ਹੋਈ ਐਨ ਦਰਿਆ ਦੇ ਕੰਢੇ ਤੱਕ ਆ ਜਾਂਦੀ, ਤੇ ਫਿਰ ਉਹ ਆਪ ਹੀ ਦਰਿਆ ਬਣ ਜਾਂਦੀ ਲੱਗਦੀ, ਜਿਹੜਾ ਅਚਾਨਕ ਅਸਮਾਨ ਵਿੱਚੋਂ ਵਹਿਣ ਲੱਗ ਪਿਆ ਹੋਵੇ, ਅਸਮਾਨ ਵਾਂਗ ਹੀ ਨਿਰਮਲ ਤੇ ਸ਼ਾਂਤ।

ਤਦ ਦਾਦੇ ਅਰਖ਼ੀਪ ਨੇ ਜਿਹੜਾ ਇਸ ਵਰਤਾਰੇ ਤੋਂ ਅਣਜਾਣ ਸੀ ਆਪਣੀਆਂ ਅੱਖਾਂ ਪੂੰਝੀਆਂ ਤੇ ਮਨ ਹੀ ਮਨ ਸੋਚਣ ਲੱਗ ਪਿਆ ਕਿ ਏਨੀ ਗਰਮੀ ਤੇ ਸਤੇਪੀ ਉਸ ਦੀਆਂ ਅੱਖਾਂ ਨੂੰ ਉਵੇਂ ਹੀ ਜੋਤਹੀਣ ਕਰ ਰਹੀਆਂ ਸਨ ਜਿਵੇਂ ਉਸ ਦੀਆਂ ਲੱਤਾਂ ਵਿੱਚੋਂ ਰਹਿੰਦੀ-ਖੂੰਹਦੀ ਸਤਿਆ ਵੀ ਖਿੱਚ ਲਈ ਸੀ।

ਅੱਜ ਉਸ ਦੀ ਹਾਲਤ ਪਿਛਲੇ ਸਮੇਂ ਵਿੱਚ ਸਭ ਤੋਂ ਮਾੜੀ ਸੀ। ਉਸ ਨੂੰ ਲੱਗਾ ਕਿ ਉਹ ਛੇਤੀ ਹੀ ਮਰ ਜਾਵੇਗਾ, ਤੇ ਇਸ ਗੱਲ ਦੇ ਬਾਵਜੂਦ ਕਿ ਉਹ ਇਸ ਵੱਲੋਂ ਪੂਰੀ ਤਰ੍ਹਾਂ ਬੇਪਰਵਾਹ ਸੀ ਤੇ ਇਸ ਨੂੰ ਇੱਕ ਅਟੱਲ ਲੋੜ ਸਮਝਦਾ ਸੀ ਤਾਂ ਵੀ ਉਹ ਇੱਥੋਂ ਬਹੁਤ ਦੂਰ, ਆਪਣੇ ਜੱਦੀ ਪਿੰਡ ਵਿੱਚ ਜਾ ਕੇ ਸਵਾਸ ਤਿਆਗਣੇ ਚਾਹੁੰਦਾ ਸੀ, ਤੇ ਉਸ ਨੂੰ ਆਪਣੇ ਪੋਤਰੇ ਦੀ ਚਿੰਤਾ ਖਾਈ ਜਾ ਰਹੀ ਸੀ... ਲਿਓਨਕਾ ਦਾ ਕੀ ਬਣੇਗਾ ?...

ਇਹ ਸਵਾਲ ਉਹ ਆਪਣੇ ਹੀ ਕੋਲ਼ੋਂ ਦਿਨ ਵਿੱਚ ਕਈ ਵਾਰ ਪੁੱਛਦਾ ਤੇ ਜਦੋਂ ਵੀ ਇੰਝ ਕਰਦਾ ਉਸ ਦੇ ਅੰਦਰ ਕੁਝ ਸੁੰਗੜਦਾ, ਠੰਡਾ ਹੁੰਦਾ ਲੱਗਦਾ ਤੇ ਦਿਲ ਏਨਾ ਦੁਖੀ ਹੁੰਦਾ ਕਿ ਉਸ ਅੰਦਰ ਉਸੇ ਵੇਲੇ ਆਪਣੇ ਘਰ, ਰੂਸ ਪਰਤ ਜਾਣ ਦੀ ਇੱਛਾ ਜਾਗ ਪੈਂਦੀ।

ਪਰ ਰੂਸ ਤਾਂ ਇੱਥੋਂ ਬਹੁਤ ਦੂਰ ਸੀ।... ਜੋ ਵੀ ਹੋਵੇ, ਉਸ ਕੋਲ਼ੋਂ ਉੱਥੇ ਪਹੁੰਚਿਆ ਨਹੀਂ ਜਾਣਾ ਸੀ, ਉਸ ਨੇ ਰਾਹ ਵਿੱਚ ਹੀ ਦਮ ਤੋੜ ਜਾਣਾ ਸੀ। ਇੱਥੇ, ਕੂਬਾਨ ਵਿੱਚ ਲੋਕ ਦਿਲ ਖੋਲ੍ਹ ਕੇ ਖ਼ੈਰਾਤ ਦਿੰਦੇ ਹਨ; ਸਾਰੇ ਹੀ ਬੜੇ ਰੱਜੇ ਪੁੱਜੇ ਹਨ, ਉਂਝ ਕਠੋਰ ਹਨ, ਅਗਲੇ ਦਾ ਬੁਰੀ ਤਰ੍ਹਾਂ ਮੌਜੂ ਉਡਾਉਂਦੇ ਹਨ। ਭਿਖਾਰੀ ਉਹਨਾਂ ਨੂੰ ਚੰਗੇ ਨਹੀਂ ਲੱਗਦੇ ਕਿਉਂਕਿ ਉਹ ਆਪ ਅਮੀਰ ਹਨ...

ਦਾਦੇ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਉਸ ਨੇ ਆਪਣੇ ਪੋਤਰੇ ਵੱਲ ਵੇਖਿਆ ਤੇ ਆਪਣੇ ਖੁਰਦਰੇ ਹੱਥ ਨਾਲ਼ ਉਸ ਦੇ ਸਿਰ ਨੂੰ ਪੋਲੇ ਜਿਹੇ ਪਲੋਸਿਆ।

ਲਿਓਨਕਾ ਹਿੱਲਿਆ ਤੇ ਆਪਣੀਆਂ ਨੀਲੀਆਂ, ਮੋਟੀਆਂ ਤੇ ਗੰਭੀਰ ਅੱਖਾਂ ਦਾਦੇ ਵੱਲ ਉਠਾਈਆਂ ਜਿਨ੍ਹਾਂ ਵਿੱਚ ਸਿਆਣਿਆਂ ਵਰਗੀ ਹਸਰਤ ਝਲਕ ਰਹੀ ਸੀ, ਤੇ ਜਿਹੜੀਆਂ ਉਸ ਦੇ ਸੁਕੜੇ ਜਿਹੇ ਚੇਚਕ ਦੇ ਦਾਗਾਂ ਨਾਲ਼ ਭਰੇ, ਪਤਲੇ, ਰੱਤ-ਹੀਣ ਬੁੱਲ੍ਹਾਂ ਤੇ ਤਿੱਖੇ ਨੱਕ ਵਾਲ਼ੇ ਮੁਖੜੇ ਉੱਤੇ ਹੋਰ ਵੀ ਵੱਡੀਆਂ ਲੱਗ ਰਹੀਆਂ ਸਨ।

"ਆ ਰਹੀ ਏ ?" ਉਸ ਨੇ ਪੁੱਛਿਆ ਤੇ ਆਪਣੇ ਹੱਥ ਨਾਲ਼ ਅੱਖਾਂ ਉੱਤੇ ਛਾਂ ਕਰਦਿਆਂ ਦਰਿਆ ਵੱਲ ਵੇਖਿਆ ਜਿਸ ਵਿੱਚੋਂ ਸੂਰਜ ਦੀਆਂ ਕਿਰਨਾਂ ਪ੍ਰਤੀਬਿੰਬਤ ਹੋ ਰਹੀਆਂ ਸਨ।

"ਨਹੀਂ, ਅਜੇ ਨਹੀਂ ਆ ਰਹੀ। ਉੱਥੇ ਹੀ ਖੜੀ ਏ। ਉਸ ਨੇ ਇੱਥੇ ਆ ਕੇ ਕੀ ਲੈਣੈ ? ਜੇ ਕੋਈ ਬੁਲਾਊ, ਤਾਂ ਹੀ ਆਊ..." ਅਰਖ਼ੀਪ ਨੇ ਪੋਤਰੇ ਦਾ ਸਿਰ ਪਲੋਸਣਾ ਜਾਰੀ ਰੱਖਦਿਆਂ ਹੌਲ਼ੀ ਜਿਹੀ ਆਖਿਆ। "ਤੂੰ ਠੌਂਕਾ ਲਾ ਲਿਆ ?"

ਲਿਓਨਕਾ ਨੇ ਦੁਚਿੱਤੀ ਜਿਹੀ 'ਚ ਸਿਰ ਹਿਲਾਇਆ ਤੇ ਰੇਤ ਉੱਤੇ ਪਏ ਨੇ ਸਰੀਰ ਸਿੱਧਾ ਕੀਤਾ। ਦੋਵੇਂ ਜਣੇ ਕੁਝ ਸਮੇਂ ਲਈ ਚੁੱਪ ਕੀਤੇ ਰਹੇ।

"ਜੇ ਮੈਨੂੰ ਤਰਨਾ ਆਉਂਦਾ ਹੁੰਦਾ ਤਾਂ ਨਹਾ ਹੀ ਲੈਂਦਾ," ਲਿਓਨਕਾ ਨੇ ਦਰਿਆ ਵੱਲ ਟਿਕ-ਟਿਕੀ ਲਾ ਕੇ ਵੇਖਦਿਆਂ ਆਖਿਆ। "ਇਹ ਦਰਿਆ ਕੁਝ ਬਾਹਲਾ ਹੀ ਤੇਜ਼ ਵਹਿੰਦੈ ! ਸਾਡੇ ਦਰਿਆ ਇਹੋ ਜਿਹੇ ਨਹੀਂ। ਇਹ ਐਵੇਂ ਬੜ੍ਹਕੀ ਕਿਉਂ ਜਾਂਦੈ ? ਐਂ ਨੱਠਾ ਜਾਂਦੈ ਜਿੱਦਾਂ ਪਿੱਛੇ ਰਹਿ ਜਾਣੋ ਡਰਦਾ ਹੋਵੇ..."

ਲਿਓਨਕਾ ਨੇ ਨਰਾਜ਼ ਲਹਿਜੇ ਵਿੱਚ ਪਾਣੀ ਵੱਲੋਂ ਮੂੰਹ ਮੋੜ ਲਿਆ।

"ਮੇਰੀ ਗੱਲ ਸੁਣ," ਦਾਦੇ ਨੇ ਕੁਝ ਸੋਚਣ ਮਗਰੋਂ ਕਿਹਾ, "ਲਿਆ, ਆਪਣੇ ਪਟਕੇ ਲਾਹ ਕੇ ਗੰਢ ਲੈਂਦੇ ਆਂ ਤੇ ਇੱਕ ਪਾਸਿਓਂ ਤੇਰੇ ਗਿੱਟੇ ਨੂੰ ਬੰਨ੍ਹ ਕੇ ਦੂਜੇ ਪਾਸਿਓਂ ਮੈਂ ਫੜੀ ਰੱਖਦਾ ਤੇ ਤੂੰ ਜਾ ਕੇ ਨਹਾ ਲੈ..."

"ਹੱਛਾ... ਛਾ !" ਉਸ ਨੇ ਵਾਜਬ ਸ਼ੰਕਾ ਨਾਲ਼ ਲਮਕਾ ਕੇ ਆਖਿਆ। "ਬਾਹਲੀ ਸਿਆਣੀ ਆਖੀ ਊ ! ਜਾਂ ਫਿਰ ਤੇਰਾ ਖ਼ਿਆਲ ਏ ਪਈ ਦਰਿਆ ਸਾਨੂੰ ਦੋਹਾਂ ਨੂੰ ਰੋੜ੍ਹ ਕੇ ਨਾ ਲੈ ਜਾਊ ? ਦੋਵੇਂ ਹੀ ਡੁੱਬ ਜਾਂਗੇ।"

"ਤੂੰ ਠੀਕ ਹੀ ਆਖਦੈਂ ! ਰੋੜ੍ਹ ਕੇ ਲੈ ਜਾਊ। ਵੇਖੇ ਨਾ, ਕਿੱਦਾਂ ਬੜ੍ਹਕਦੈ... ਬਹਾਰ ਦੇ ਦਿਨੀਂ ਤਾਂ ਇਹਦੇ 'ਚ ਬੜਾ ਹੜ੍ਹ ਆਉਂਦਾ ਹੋਊ—ਤੌਬਾ, ਤੌਬਾ !... ਤੇ ਏਸ ਖੱਬਲ ਘਾਹ ਦਾ ਕੀ ਬਣਦਾ ਹੋਊ ! ਏਹਦਾ ਕੋਈ ਹਦ-ਬੰਨਾ ਹੀ ਨਹੀਂ !"

ਲਿਓਨਕਾ ਦਾ ਗੱਲ ਕਰਨ ਨੂੰ ਜੀਅ ਨਹੀਂ ਕਰਦਾ ਸੀ, ਇਸ ਲਈ ਉਸ ਨੇ ਦਾਦੇ ਦੀ ਗੱਲ ਦਾ ਕੋਈ ਹੁੰਗਾਰਾ ਨਾ ਭਰਿਆ। ਉਸ ਨੇ ਇੱਕ ਢੀਮ ਫੜ ਲਈ ਤੇ ਚਿਹਰੇ ਉੱਤੇ ਗੰਭੀਰ ਹਾਵ-ਭਾਵ ਲਿਆ ਕੇ ਮਗਨ ਹੋ ਕੇ ਉਸ ਨੂੰ ਭੋਰਨ ਲੱਗ ਪਿਆ।

ਦਾਦੇ ਨੇ ਉਸ ਵੱਲ ਵੇਖਿਆ ਤੇ ਅੱਖਾਂ ਸੰਗੋੜਦਾ ਹੋਇਆ ਕਿਸੇ ਸੋਚ ਵਿੱਚ ਡੁੱਬ ਗਿਆ।

"ਲੈ ਵੇਖ..." ਲਿਓਨਕਾ ਨੇ ਹੱਥਾਂ ਨਾਲ਼ੋਂ ਮਿੱਟੀ ਝਾੜਦਿਆਂ ਅਕਾਊ ਅੰਦਾਜ਼ ਵਿੱਚ ਹੌਲ਼ੀ ਜਿਹੀ ਆਖਿਆ, "ਹੁਣ ਇਹ ਮਿੱਟੀ... ਮੈਂ ਏਹਨੂੰ ਫੜਿਆ, ਭੋਰ ਭੋਰ ਕੇ ਘੱਟਾ ਬਣਾ ਦਿੱਤਾ... ਛੋਟੇ ਛੋਟੇ ਕਿਣਕੇ ਹੀ ਰਹਿ ਗਏ ਨੇ, ਮਸਾਂ ਮਸਾਂ ਦਿੱਸਦੇ ਨੇ।..."

"ਹੱਛਾ, ਤੇ ਫੇਰ ?" ਅਰਖ਼ੀਪ ਨੇ ਪੁੱਛਿਆ ਤੇ ਆਪਣੀਆਂ ਗਿੱਲੀਆਂ ਅੱਖਾਂ ਨਾਲ਼ ਪੋਤਰੇ ਦੀਆਂ ਰੁਖੀਆਂ, ਲਿਸ਼ਕਦੀਆਂ ਅੱਖਾਂ ਵੱਲ ਤੱਕਦਿਆਂ ਖੰਘਣ ਲੱਗ ਪਿਆ। "ਤੂੰ ਵਿੱਚੋਂ ਆਖਣਾ ਕੀ ਚਾਹੁੰਦੈਂ ?" ਖੰਘ ਲੈਣ ਮਗਰੋਂ ਉਸ ਨੇ ਅੱਗੋ ਕਿਹਾ।

"ਓਦਾਂ ਈ..." ਲਿਓਨਕਾ ਨੇ ਸਿਰ ਹਿਲਾਇਆ। "ਮਤਲਬ ਇਹ, ਭਈ ਇਹ ਸਾਰੀ ਧਰਤੀ ਹੀ ਏਦਾਂ ਦੀ ਆ।..." ਉਸ ਨੇ ਦਰਿਆ ਦੇ ਪਾਰ ਹੱਥ ਦਾ ਇਸ਼ਾਰਾ ਕਰਦਿਆਂ ਆਖਿਆ। "ਇਹਦੇ 'ਤੇ ਥਾਂ ਥਾਂ ਕੁਝ ਨਾ ਕੁਝ ਬਣਿਆ ਹੋਇਐ...। ਆਪਾਂ ਕਿੰਨੇ ਸ਼ਹਿਰਾਂ ਥਾਣੀਂ ਲੰਘੇ ਆਂ! ਤੌਬਾ, ਤੌਬਾ! ਹਰ ਥਾਂ ਲੋਕ ਹੀ ਲੋਕ!"

ਆਪਣੇ ਵਿਚਾਰਾਂ ਨੂੰ ਹੀ ਸਮਝਣ ਤੋਂ ਅਸਮਰੱਥ ਲਿਓਨਕਾ ਚੁੱਪ ਕਰ ਗਿਆ ਅਤੇ ਆਸੇ ਪਾਸੇ ਵੇਖਦਾ ਹੋਇਆ ਫਿਰ ਸੋਚੀਂ ਪੈ ਗਿਆ।

ਦਾਦਾ ਵੀ ਥੋੜ੍ਹੀ ਦੇਰ ਕੁਝ ਨਾ ਬੋਲਿਆ, ਪਰ ਮਗਰੋਂ ਆਪਣੇ ਪੋਤਰੇ ਦੇ ਨੇੜੇ ਢੁਕ ਕੇ ਬਹਿੰਦਿਆਂ ਬੜੇ ਪਿਆਰ ਨਾਲ਼ ਆਖਿਆ :

"ਬੱਲੇ ਓਇ, ਮੇਰਿਆ ਸਿਆਣਿਆ ਮੁੰਡਿਆ! ਤੂੰ ਸੱਚ ਆਖਦੈਂ... ਸਭ ਕੁਛ ਘੱਟਾ-ਮਿੱਟੀ ਆ... ਕੀ ਸ਼ਹਿਰ, ਕੀ ਪਿੰਡ, ਕੀ ਤੂੰ, ਕੀ ਮੈਂ—ਸਭ ਘੱਟਾ ਹੀ ਘੱਟਾ! ਵਾਹ ਓਇ ਤੇਰੇ, ਲਿਓਨਕਾ!... ਤੂੰ ਜੇ ਕਿਤੇ ਪੜ੍ਹ ਲਿਖ ਜਾਂਦਾ...। ਤੂੰ ਕੁਛ ਦਾ ਕੁਛ ਬਣ ਜਾਣਾ ਸੀ ਤੇ ਹੁਣ ਅੱਗੋਂ ਤੇਰਾ ਕੀ ਬਣੂੰ ?"

ਦਾਦੇ ਨੇ ਪੋਤੇ ਦਾ ਸਿਰ ਆਪਣੇ ਵੱਲ ਕੀਤਾ ਤੇ ਚੁੰਮ ਲਿਆ।

"ਖਲੋਈਂ..." ਲਿਓਨਕਾ ਨੇ ਆਪਣੇ ਸਨੁਕੜੇ ਵਰਗੇ ਜੁੰਡੇ ਦਾਦੇ ਦੇ ਗੰਢਲ ਤੇ ਕੰਬਦੇ ਹੱਥਾਂ ਵਿੱਚੋਂ ਛਡਾਉਂਦਿਆਂ ਕੁਝ ਜੋਸ਼ ਵਿੱਚ ਆ ਕੇ ਕਿਹਾ। "ਤੂੰ ਕੀ ਆਖਿਆ ਈ ? ਘੱਟਾ ? ਸ਼ਹਿਰ ਤੇ ਹੋਰ ਸਭ ਕੁਝ ?"

"ਇਹ ਸਭ ਕੁਦਰਤ ਦੀ ਖੇਡ ਆ, ਬੱਚਿਆ! ਸਭ ਕੁਝ ਮਿੱਟੀ ਆ, ਤੇ ਆਪਾਂ ਖ਼ੁਦ ਮਿੱਟੀ ਧੂੜ ਆ। ਧਰਤੀ ਦੀ ਹਰ ਸ਼ੈ ਨੇ ਫ਼ਨਾਹ ਹੋ ਕੇ ਰਹਿਣੈ... ਏਦਾਂ ਈ ਏ ਗੱਲ! ਇਸ ਕਰਕੇ, ਬੰਦੇ ਨੂੰ ਨਿਮਾਣਾ ਬਣ ਕੇ ਲੱਕ-ਤੋੜ ਮਿਹਨਤ ਕਰਦੇ ਰਹਿਣਾ ਚਾਹੀਦੈ। ਮੈਂ ਵੀ ਛੇਤੀ ਹੀ ਮਰ ਜਾਣੈ..." ਦਾਦੇ ਨੇ ਅਚਾਨਕ ਗੱਲ ਦਾ ਰੁਖ ਬਦਲਿਆ ਤੇ ਗ਼ਮਗੀਨ ਹੋ ਕੇ ਪੁੱਛਿਆ : "ਮੇਰੇ ਮਰਨ ਮਗਰੋਂ ਤੂੰ ਕਿੱਥੇ ਜਾਏਂਗਾ ?"

ਦਾਦਾ ਇਹ ਸਵਾਲ ਲਿਓਨਕਾ ਕੋਲ਼ੋਂ ਪੁੱਛਦਾ ਹੀ ਰਹਿੰਦਾ ਸੀ ਤੇ ਉਹ ਮਰਨ ਦੀਆਂ

ਗੱਲਾਂ ਸੁਣ ਸੁਣ ਕੇ ਤੰਗ ਆ ਚੁੱਕਾ ਸੀ, ਇਸ ਲਈ ਦਾਦੇ ਦੇ ਸਵਾਲ ਦਾ ਜਵਾਬ ਦਿੱਤੇ ਬਿਨਾਂ ਹੀ ਉਹ ਇੱਕ ਪਾਸੇ ਹੋ ਗਿਆ, ਘਾਹ ਦੀ ਇੱਕ ਤਿੜ ਤੋੜੀ ਤੇ ਮੂੰਹ 'ਚ ਪਾ ਕੇ ਚਿਥਣ ਲੱਗ ਪਿਆ।

ਪਰ ਇਹ ਦਾਦੇ ਦੀ ਇੱਕ ਕਮਜ਼ੋਰੀ ਸੀ।

"ਤੂੰ ਮੈਨੂੰ ਜਵਾਬ ਕਿਉਂ ਨਹੀਂ ਦੇਂਦਾ ? ਮੈਂ ਖਿਆ, ਮੇਰੇ ਮਰ ਜਾਣ ਮਗਰੋਂ ਤੇਰਾ ਕੀ ਬਣੂੰ ?" ਉਸ ਨੇ ਪੋਤਰੇ ਵੱਲ ਝੁਕ ਕੇ ਹੌਲ਼ੀ ਜਿਹੀ ਪੁੱਛਿਆ ਤੇ ਫਿਰ ਖੰਘਣ ਲੱਗ ਪਿਆ।

"ਮੈਂ ਤੇ ਪਹਿਲਾਂ ਈ ਆਖ ਦਿੱਤੈ..." ਲਿਓਨਕਾ ਨੇ ਬੇਧਿਆਨੀ ਨਾਲ਼ ਕੁਝ ਖਿਝ ਕੇ ਆਖਿਆ ਤੇ ਦਾਦੇ ਵੱਲ ਕਨੱਖੀਆਂ ਥਾਣੀਂ ਵੇਖਿਆ।

ਇਹ ਬਚਨ ਬਿਲਾਸ ਉਸ ਨੂੰ ਇਸ ਵਾਸਤੇ ਵੀ ਚੰਗਾ ਨਹੀਂ ਲੱਗਦਾ ਸੀ ਕਿ ਇਸ ਦਾ ਅੰਤ ਅਕਸਰ ਝਗੜੇ ਨਾਲ਼ ਹੁੰਦਾ ਸੀ। ਦਾਦਾ ਆਪਣਾ ਅੰਤ ਨੇੜੇ ਆਉਣ ਦੀਆਂ ਗੱਲਾਂ ਦੇਰ ਤੱਕ ਕਰਦਾ ਰਹਿੰਦਾ। ਸ਼ੁਰੂ ਵਿੱਚ ਤਾਂ ਲਿਓਨਕਾ ਬੜੇ ਧਿਆਨ ਨਾਲ਼ ਸੁਣਦਾ, ਆਪਣੇ ਜੀਵਨ ਵਿੱਚ ਆ ਸਕਣ ਵਾਲ਼ੀਆਂ ਖ਼ੌਫ਼ਨਾਕ ਤਬਦੀਲੀਆਂ ਬਾਰੇ ਸੁਣ ਕੇ ਡਰ ਜਾਂਦਾ, ਰੋਣ ਲੱਗ ਪੈਂਦਾ, ਪਰ ਮਗਰੋਂ ਸੁਣਦਾ ਸੁਣਦਾ ਥੱਕ ਜਾਂਦਾ—ਉਹ ਦਾਦੇ ਦੀਆਂ ਗੱਲਾਂ ਨਾ ਸੁਣਦਾ ਤੇ ਆਪਣੀਆਂ ਹੀ ਸੋਚਾਂ ਵਿੱਚ ਡੁੱਬ ਜਾਂਦਾ, ਤੇ ਜਦੋਂ ਦਾਦੇ ਦਾ ਧਿਆਨ ਇਸ ਵੱਲ ਜਾਂਦਾ ਤਾਂ ਉਹ ਗੁੱਸੇ ਹੋ ਜਾਂਦਾ ਤੇ ਸ਼ਿਕਾਇਤ ਕਰਦਾ ਕਿ ਲਿਓਨਕਾ ਆਪਣੇ ਦਾਦੇ ਦੀ ਇੱਜ਼ਤ ਨਹੀਂ ਕਰਦਾ, ਦਾਦੇ ਵੱਲੋਂ ਕੀਤੀ ਜਾਂਦੀ ਦੇਖਭਾਲ ਦੀ ਕੋਈ ਕਦਰ ਨਹੀਂ ਕਰਦਾ, ਤੇ ਫਿਰ ਇਹ ਮਿਹਣਾ ਮਾਰਦਾ ਕਿ ਲਿਓਨਕਾ ਉਸ ਨੂੰ, ਦਾਦੇ ਨੂੰ, ਮਰਿਆ ਹੀ ਭਾਲ਼ਦਾ ਸੀ।

" 'ਪਹਿਲਾਂ ਈ ਆਖ ਦਿੱਤੈ' ਦਾ ਕੀ ਮਤਲਬ, ਓਇ ? ਤੂੰ ਅਜੇ ਮੂਰਖ ਏਂ, ਤੈਨੂੰ ਜਿਊਣ ਦੀ ਸਮਝ ਹੀ ਨਹੀਂ। ਤੂੰ ਕਿੰਨੇ ਸਾਲਾਂ ਦਾ ਹੋ ਗਿਐਂ ? ਅਜੇ ਯਾਰ੍ਹਵਾਂ ਹੀ ਚੜ੍ਹਿਐ। ਤੇ ਤੈਨੂੰ, ਸੁਕੜੂ ਜਿਹੇ ਨੂੰ ਕੋਈ ਕੰਮ ਕਰਨ ਦਾ ਵੱਲ ਨਹੀਂ। ਕਿੱਥੇ ਜਾਏਂਗਾ ਤੂੰ ? ਸਮਝਦੈਂ, ਭਲੇ ਲੋਕ ਤੇਰੀ ਮਦਦ ਕਰਨਗੇ ? ਜੇ ਤੇਰੇ ਪੱਲੇ ਪੈਸੇ ਹੁੰਦੇ ਤਾਂ ਪੂਲ਼ੇ ਉਡਾਉਣ ਵਿੱਚ ਜ਼ਰੂਰ ਮਦਦ ਕਰਦੇ—ਪੱਕੀ ਗੱਲ ਤੇ ਭਿਖਿਆ ਮੰਗਣ ਜਾਣਾ ਮੇਰੇ ਵਰਗੇ ਬੁੱਢੇ ਬੰਦੇ ਲਈ ਵੀ ਕੋਈ ਸੌਖਾ ਕੰਮ ਨਹੀਂ। ਜਣੇ ਖਣੇ ਅੱਗੇ ਸਿਰ ਝੁਕਾਉਣਾ, ਜਣੇ ਖਣੇ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਨੇ ਤੇ ਅਗਲੇ ਗਾਲ੍ਹਾਂ ਕੱਢਦੇ ਤੇ ਕੁਟ ਮਾਰ ਕੇ ਭਜਾ ਵੀ ਦੇਂਦੇ ਨੇ।... ਤੇਰੇ ਭਾਣੇਂ, ਉਹ ਮੰਗਤੇ ਨੂੰ ਬੰਦਾ ਸਮਝਦੇ ਨੇ ? ਕੋਈ ਵੀ ਨਹੀਂ ਸਮਝਦਾ। ਮੈਨੂੰ ਇਸ ਜਹਾਨ ਵਿੱਚ ਧੱਕੇ ਖਾਂਦਿਆਂ ਦਸ ਵਰ੍ਹੇ ਹੋ ਗਏ ਨੇ, ਤੇ ਮੈਨੂੰ ਸਭ ਪਤੈ। ਰੋਟੀ ਦਾ ਇੱਕ ਟੁਕੜਾ ਹਜ਼ਾਰ ਰੂਬਲ ਨੂੰ ਮਿਲ਼ਦੈ। ਬੰਦਾ ਇੱਕ ਟੁਕੜੇ ਦੀ ਖ਼ੈਰ ਪਾਉਂਦੈ ਤੇ ਸੋਚਦੈ, ਉਹਦੇ ਲਈ ਬਹਿਸ਼ਤ ਦੇ ਦਵਾਰ ਖੁੱਲ੍ਹੇ ਕਿ ਖੁੱਲ੍ਹੇ ! ਤੂੰ ਕੀ ਸਮਝਦੈਂ, ਲੋਕ ਬਹੁਤਾ ਦਾਨ ਪੁੰਨ ਕਿਉਂ ਕਰਦੇ ਨੇ ? ਉਹ ਆਪਣੇ ਮਨ ਦੀ ਮੈਲ਼ ਧੁਆਉਣੀ ਚਾਹੁੰਦੇ ਨੇ; ਇਸੇ ਲਈ ਦੇਂਦੇ ਨੇ, ਮੇਰੇ ਮਿੱਤਰ, ਸਾਡੇ ਉੱਤੇ ਤਰਸ ਤੁਰਸ ਕੋਈ ਨਹੀਂ ਕਰਦੇ। ਜੇ ਬੰਦਾ ਅੱਧੀ ਚੱਪਾ ਕਿਸੇ ਨੂੰ ਦੇ ਦਊ, ਉਸ ਨੂੰ ਆਪ ਖਾਣ ਲੱਗੇ ਨੂੰ ਸ਼ਰਮ ਨਾ ਆਊ। ਰੱਜਿਆ ਬੰਦਾ ਜਨੌਰ ਹੁੰਦੈ। ਉਹਨੂੰ ਕਿਸੇ ਭੁਖਣ ਭਾਣੇ ਉੱਤੇ ਕਦੀ ਵੀ ਤਰਸ ਨਹੀਂ ਆਉਂਦੈ। ਰੱਜਿਆ ਤੇ ਭੁੱਖਾ ਇੱਕ ਦੂਜੇ

ਦੇ ਵੈਰੀ ਹੁੰਦੇ ਨੇ, ਉਹ ਹਮੇਸ਼ਾ ਇੱਕ ਦੂਜੇ ਦੀਆਂ ਅੱਖਾਂ ਵਿੱਚ ਰੜਕਦੇ ਰਹਿੰਦੇ ਨੇ। ਇਸ ਕਰਕੇ ਉਹ ਇੱਕ ਦੂਜੇ ਉੱਤੇ ਤਰਸ ਨਹੀਂ ਕਰ ਸਕਦੇ, ਇੱਕ ਦੂਜੇ ਦਾ ਸਹਾਰਾ ਨਹੀਂ ਬਣ ਸਕਦੇ...”

ਦਾਦਾ ਗੁੱਸੇ ਤੇ ਦੁੱਖ ਵੱਸ ਵਧੇਰੇ ਜੋਸ਼ ਵਿੱਚ ਆਉਂਦਾ ਜਾ ਰਿਹਾ ਸੀ। ਇਸੇ ਕਰਕੇ ਉਸ ਦੇ ਬੁੱਲ੍ਹ ਕੰਬ ਰਹੇ ਸਨ, ਉਸ ਦੀਆਂ ਬੁੱਢੀਆਂ, ਬੁਝੀਆਂ ਅੱਖਾਂ ਲਾਲ ਪਲਕਾਂ ਦੇ ਘੇਰੇ ਅੰਦਰ ਝਮਕਦੀਆਂ ਜਾ ਰਹੀਆਂ ਸਨ ਤੇ ਉਸ ਦੇ ਸਾਉਲੇ ਚਿਹਰੇ ਉੱਤੇ ਝੁਰੜੀਆਂ ਹੋਰ ਉੱਭਰ ਆਈਆਂ ਸਨ।

ਇਸ ਤਰ੍ਹਾਂ ਦੇ ਰੌਂ ਵਿੱਚ ਆਇਆ ਦਾਦਾ ਲਿਓਨਕਾ ਨੂੰ ਚੰਗਾ ਨਹੀਂ ਲੱਗਦਾ ਸੀ ਤੇ ਉਸ ਕੋਲ਼ੋਂ ਕੁਝ ਭੈ ਖਾਣ ਲੱਗ ਪੈਂਦਾ ਸੀ।

“ਮੈਂ ਤੈਨੂੰ ਪੁੱਛਦਾਂ, ਤੂੰ ਇਸ ਦੁਨੀਆਂ ਦਾ ਕੀ ਕਰ ਲਏਂਗਾ ? ਤੂੰ ਸੁਕੜੂ ਜਿਹਾ ਮੁੰਡੂ ਏਂ ਤੇ ਸਾਰੀ ਦੁਨੀਆਂ ਵਹਿਸ਼ੀ ਜਨੌਰਾਂ ਦੀ ਹੋਈ। ਉਹ ਤੈਨੂੰ ਉਸੇ ਵੇਲੇ ਖਾ ਜਾਣਗੇ। ਪਰ ਮੈਂ ਨਹੀਂ ਚਾਹੁੰਦਾ ਬਈ ਏਦਾਂ ਹੋਵੇ।... ਤੂੰ, ਬਚੜਿਆ, ਮੈਨੂੰ ਜਾਨੋਂ ਪਿਆਰਾ ਏਂ !... ਤੇਰੇ ਬਿਨਾਂ ਮੇਰਾ ਹੋਰ ਕੋਈ ਨਹੀਂ ਤੇ ਮੇਰੇ ਬਿਨਾਂ ਤੇਰਾ ਹੋਰ ਕੋਈ ਨਹੀਂ।... ਮੈਂ ਮਰ ਭਲਾ ਕਿੱਦਾਂ ਜਾਵਾਂ ? ਮੈਨੂੰ ਮਰਨਾ ਬਿਲਕੁਲ ਨਹੀਂ ਚਾਹੀਦਾ, ਤੇ ਤੈਨੂੰ ਕਿਸ ਕੋਲ਼ ਛੱਡਕੇ ਜਾਵਾਂ... ? ਹੇ ਦਾਤਿਆ ! ਤੂੰ ਆਪਣੇ ਬੰਦੇ ਨੂੰ ਕਾਹਦੀ ਸਜ਼ਾ ਦਿੱਤੀ ਊ ?! ਜਿਊਣ ਦੀ ਮੇਰੇ ’ਚ ਤਾਕਤ ਨਹੀਂ ਰਹੀ ਤੇ ਮਰ ਮੈਂ ਸਕਦਾ ਨਹੀਂ, ਮੈਂ ਅਜੇ ਇਸ ਬੱਚੇ ਦਾ ਖ਼ਿਆਲ ਰੱਖਣੈਂ ! ਸੱਤ ਸਾਲ ਤੋਂ... ਮੇਰੀਆਂ ਬੁੱਢੀਆਂ ਬਾਹਵਾਂ ਨੇ ਏਹਨੂੰ... ਸੰਭਾਲੀ ਰੱਖਿਆ... ਹਾਏ ਓਇ ਰੱਬਾ, ਬਹੁੜੀਂ !...”

ਦਾਦਾ ਬੈਠ ਗਿਆ ਅਤੇ ਆਪਣੀਆਂ ਬੁੱਢੀਆਂ ਲੱਤਾਂ ਦੇ ਗੋਡਿਆਂ ਵਿੱਚ ਸਿਰ ਦੇ ਕੇ ਫਿਸ ਪਿਆ।

ਦਰਿਆ ਤੇਜ਼ੀ ਨਾਲ਼ ਕਿਧਰੇ ਦੂਰ ਵਹਿੰਦਾ ਜਾ ਰਿਹਾ ਸੀ, ਕੰਢਿਆਂ ਨਾਲ਼ ਟਕਰਾਉਂਦਾ ਸ਼ੋਰ ਮਚਾ ਰਿਹਾ ਸੀ ਮਾਣੋ ਉਹ ਬੁੱਢੇ ਦੇ ਰੋਣ ਕੁਰਲਾਉਣ ਦੀ ਅਵਾਜ਼ ਨੂੰ ਸਮੋ ਲੈਣਾ ਚਾਹੁੰਦਾ ਹੋਵੇ। ਨਿਰਮਲ ਅਕਾਸ਼ ਮੁਸਕਾਣਾਂ ਸੁੱਟ ਰਿਹਾ ਸੀ, ਅੱਗ ਵਰ੍ਹਾ ਰਿਹਾ ਸੀ, ਤੇ ਗੰਧਲੇ ਪਾਣੀ ਦੇ ਸ਼ੋਰ ਨੂੰ ਬੜੇ ਠਰ੍ਹੰਮੇ ਨਾਲ਼ ਸੁਣ ਰਿਹਾ ਸੀ।

“ਭਲੀ ਹੋਊ, ਬਾਬਾ, ਐਵੇਂ ਰੋ ਨਾ,” ਅੱਖਾਂ ਦੂਜੇ ਪਾਸੇ ਕਰ ਕੇ ਲਿਓਨਕਾ ਨੇ ਸਖ਼ਤ ਲਹਿਜੇ ਵਿੱਚ ਕਿਹਾ, ਤੇ ਫਿਰ ਦਾਦੇ ਵੱਲ ਮੂੰਹ ਕਰ ਕੇ ਅੱਗੇ ਕਿਹਾ, “ਪਹਿਲਾਂ ਹੀ ਬਥੇਰਾ ਕਹਿ ਸੁਣ ਲਿਆ ਏਹਦੇ ਬਾਰੇ। ਕੁਝ ਨਹੀਂ ਹੁੰਦਾ ਮੈਨੂੰ। ਸ਼ਰਾਬਖ਼ਾਨੇ ਜਾਂ ਹੋਰਬੇ ਕਿਤੇ ਨੌਕਰੀ ਕਰ ਲਊਂ...”

“ਉਥੇ ਤੈਨੂੰ ਕੁੱਟ ਕੁੱਟ ਮਾਰ ਦੇਣਗੇ...” ਦਾਦਾ ਰੋਂਦਾ ਰੋਂਦਾ ਕਰਾਹਿਆ।

“ਤੇ ਹੋ ਸਕਦੈ, ਨਾ ਹੀ ਮਾਰਨ। ਹੋ ਸਕਦੈ, ਕਿਵੇਂ ਵੀ ਨਾ ਮਾਰਨ !” ਲਿਓਨਕਾ ਕੁਝ ਜੋਸ਼ ਵਿੱਚ ਆ ਕੇ ਬੜ੍ਹਕਿਆ, “ਤਦ ਫਿਰ ? ਮੈਂ ਜਣੇ ਖਣੇ ਨੂੰ ਹੱਥ ਨਹੀਂ ਲਾਉਣ ਦੇਣਾ !...”

ਏਨਾ ਕਹਿ ਕੇ ਲਿਓਨਕਾ ਰੁਕ ਗਿਆ ਤੇ ਫਿਰ ਥੋੜ੍ਹਾ ਚੁੱਪ ਰਹਿਣ ਮਗਰੋਂ ਹੌਲ਼ੀ ਜਿਹੀ ਬੋਲਿਆ :

"ਨਹੀਂ ਤੇ ਮੱਠ 'ਚ ਚਲਿਆ ਜਾਊਂ..."

"ਹਾਂ, ਮੱਠ 'ਚ!" ਬੁੱਢੇ ਨੇ ਕੁਝ ਕਾਇਮ ਹੁੰਦਿਆਂ ਹੌਂਕਾ ਲਿਆ ਤੇ ਉਸ ਨੂੰ ਬੁਰੀ ਤਰ੍ਹਾਂ ਖੰਘ ਛਿੜ ਪਈ।

ਓਧਰ ਉਹਨਾਂ ਦੇ ਸਿਰਾਂ ਉਤਲੇ ਢਾਹੇ ਤੋਂ ਰੌਲ਼ੇ ਤੇ ਪੱਹੀਆਂ ਦੇ ਚੀਕਣ ਦੀ ਅਵਾਜ਼ ਆਈ...

"ਬੇ-ੜੀ, ਬੇ-ੜੀ—ਓਇ!" ਕਿਸੇ ਦੀ ਗਰਜਵੀਂ ਅਵਾਜ਼ ਆਈ।

ਉਹ ਭੁੜਕ ਕੇ ਉੱਠ ਖੜੇ ਹੋਏ ਤੇ ਆਪਣੀਆਂ ਗਠੜੀਆਂ ਤੇ ਡੰਗੋਰੀਆਂ ਫੜੀਆਂ।

ਜ਼ੋਰ ਨਾਲ਼ ਚੀਕਦਾ ਹੋਇਆ ਇੱਕ ਗੱਡਾ ਦਰਿਆ ਦੇ ਰੇਤਲੇ ਕੰਢੇ ਉੱਤੇ ਆ ਗਿਆ। ਉਸ ਉੱਤੇ ਇੱਕ ਕਜ਼ਾਕ ਖੜਾ ਸੀ। ਉਹ ਟੇਢੇ ਦਾਅ ਪਾਈ ਹੋਈ ਬੁਰਦਾਰ ਟੋਪੀ ਵਾਲ਼ਾ ਆਪਣਾ ਸਿਰ ਪਿਛਾਂਹ ਉਲਾਰ ਕੇ ਆਪਣੇ ਖੁੱਲ੍ਹੇ ਮੂੰਹ ਥਾਣੀਂ ਹਵਾ ਖਿੱਚ ਕੇ ਫਿਰ ਗੜ੍ਹਕਣ ਲਈ ਤਿਆਰ ਹੋ ਰਿਹਾ ਸੀ, ਜਿਸ ਕਾਰਨ ਉਸ ਦੀ ਚੌੜੀ, ਅੱਗੇ ਨੂੰ ਨਿਕਲੀ ਹੋਈ ਹਿੱਕ ਹੋਰ ਵਧ ਗਈ ਸੀ। ਉਸ ਦੀ ਮੁਲਾਇਮ ਕਾਲ਼ੀ ਦਾੜ੍ਹੀ ਦੇ ਘੇਰੇ ਵਿੱਚੋਂ ਜਿਹੜਾ ਉਸ ਦੀਆਂ ਲਾਲ ਅੱਖਾਂ ਤੋਂ ਸ਼ੁਰੂ ਹੁੰਦਾ ਸੀ, ਚਿੱਟੇ ਦੰਦ ਮੋਤੀਆਂ ਵਾਂਗ ਚਮਕ ਰਹੇ ਸਨ। ਖੁੱਲ੍ਹੇ ਗਲ਼ਮੇ ਵਾਲ਼ੇ ਉਸ ਦੇ ਕੁੜਤੇ 'ਤੇ ਮੋਢਿਆਂ ਉੱਤੇ ਬੇਧਿਆਨੀ ਨਾਲ਼ ਸੁੱਟੇ ਚੋਖ਼ੇ* ਵਿੱਚੋਂ ਉਸ ਦੀ ਜੱਤਲ, ਧੁੱਪ-ਸੜੀ ਹਿੱਕ ਵਿਖਾਈ ਦੇ ਰਹੀ ਸੀ। ਉਸ ਦੇ ਤਗੜੇ ਜੁੱਸੇ ਤੋਂ, ਉਸ ਦੇ ਮੋਟੇ ਤਾਜ਼ੇ, ਕੁਢੱਬੇ ਦਿਓਕਦ ਤੇ ਡੱਬ ਖੜੱਬੇ ਘੋੜੇ ਤੋਂ ਅਤੇ ਉਸ ਦੇ ਗੱਡੇ ਦੇ ਪਹੀਆਂ ਉੱਤੇ ਚੜ੍ਹੇ ਮੋਟੇ ਟਾਇਰਾਂ ਤੋਂ ਲੱਗਦਾ ਸੀ ਕਿ ਉਹ ਚੰਗਾ ਰੱਜਿਆ ਪੁੱਜਿਆ, ਤਗੜਾ ਤੇ ਤੰਦਰੁਸਤ ਸੀ।

"ਹੋ-ਹੋ—ਹੋ-ਹੋ!"

ਦਾਦੇ ਤੇ ਪੋਤਰੇ ਨੇ ਟੋਪੀਆਂ ਲਾਹੀਆਂ ਤੇ ਸਿਜਦਾ ਕੀਤਾ।

"ਸਲਾਮ ਏ, ਜਣਿਓਂ!" ਆਉਣ ਵਾਲ਼ਾ ਗੜ੍ਹਕਿਆ, ਤੇ ਦੂਜੇ ਕੰਢੇ ਵੱਲ ਝਾਤ ਮਾਰ ਕੇ, ਜਿੱਥੇ ਝਾੜੀਆਂ ਵਿੱਚੋਂ ਕਾਲ਼ੇ ਰੰਗ ਦੀ ਬੇਢੱਬੀ ਜਿਹੀ ਬੇੜੀ ਹੌਲ਼ੀ ਹੌਲ਼ੀ ਬਾਹਰ ਆ ਰਹੀ ਸੀ, ਮੰਗਤਿਆਂ ਵੱਲ ਨੀਝ ਲਾ ਕੇ ਵੇਖਣ ਲੱਗ ਪਿਆ। "ਰੂਸ ਤੋਂ ਆਏ ਓ?"

"ਰੂਸ ਤੋਂ, ਮੋਤੀਆਂ ਵਾਲ਼ਿਆ!" ਅਰਖ਼ੀਪ ਨੇ ਝੁਕ ਕੇ ਜਵਾਬ ਦਿੱਤਾ।

"ਤੁਹਾਡੇ ਉੱਥੇ ਕਾਲ਼ ਪੈ ਗਿਐ, ਹੈਂ?"

ਉਹ ਛਾਲ ਮਾਰ ਕੇ ਗੱਡੇ ਤੋਂ ਉੱਤਰ ਆਇਆ ਤੇ ਸਾਜ਼ ਨੂੰ ਠੀਕ-ਠਾਕ ਕਰਨ ਲੱਗ ਪਿਆ।

"ਸਾਡੇ ਤਾਂ ਜੂੰਆਂ-ਪਿਸੂ ਵੀ ਭੁੱਖੇ ਮਰਦੇ ਜਾਂਦੇ ਨੇ।"

"ਹੱ-ਹੱ! ਜੂਆਂ ਵੀ? ਜਣੀ, ਭੋਰਾ ਵੀ ਨਹੀਂ ਰਿਹਾ, ਸਭ ਖਾਧਾ ਪੀਤਾ ਗਿਐ? ਚੰਗਾ ਖਾਂਧੇ ਪੀਂਦੇ ਓ। ਲੱਗਦੈ, ਕੰਮ ਕਰਨ ਵਿੱਚ ਬੜੇ ਨਿਕੰਮੇ ਜੇ। ਚੱਜ ਨਾਲ਼ ਕੰਮ ਕਰਨ ਵਾਲ਼ਾ ਬੰਦਾ ਕਦੀ ਭੁੱਖਾ ਨਹੀਂ ਮਰਦਾ।"

"ਸਾਰਾ ਕਸੂਰ ਭੋਂ ਦਾ, ਬੱਚਿਆਂ ਵਾਲ਼ਿਆ। ਉਹ ਫ਼ਸਲ ਦੇਂਦੀ ਹੀ ਨਹੀਂ। ਅਸੀਂ

ਇਹਦੀ ਸਾਰੀ ਸੱਤਿਆ ਖਿੱਚ ਲਈ ਆ।"

"ਭੋਂ ?" ਕਜ਼ਾਕ ਨੇ ਆਪਣਾ ਸਿਰ ਛੰਡਿਆ, "ਭੋਂ ਸਾਡੀ ਉਪਜਾਊ ਹੋਣੀ ਚਾਹੀਦੀ ਆ, ਇਸੇ ਕੰਮ ਲਈ ਉਹ ਲੋਕਾਂ ਨੂੰ ਮਿਲ਼ੀ ਆ। ਭੋਂ ਨਾ ਆਖ, ਹੱਥ ਆਖ, ਨਿਕੰਮੇ ਹੱਥ! ਚੰਗੇ ਹੱਥ ਪੱਥਰ 'ਚੋਂ ਫ਼ਸਲ ਉਗਾ ਲੈਂਦੇ ਨੇ।"

ਏਨੇ ਨੂੰ ਬੇੜੀ ਪਹੁੰਚ ਗਈ।

ਦੋ ਹੱਟੇ ਕੱਟੇ, ਲਾਲ-ਮੂੰਹੇਂ ਕਜ਼ਾਕ ਆਪਣੀਆਂ ਮੋਟੀਆਂ ਮੋਟੀਆਂ ਲੱਤਾਂ ਉੱਤੇ ਭਾਰ ਪਾਉਂਦੇ ਹੋਏ ਬੇੜੀ ਨੂੰ ਧੱਕਦੇ ਧੱਕਦੇ ਕੰਢੇ 'ਤੇ ਲੈ ਆਏ। ਉਹ ਲੜਖੜਾਏ, ਰੱਸੇ ਸੁੱਟ ਦਿੱਤੇ ਤੇ ਇੱਕ ਦੂਜੇ ਨੂੰ ਵੇਖ ਕੇ ਫੂਕਾਂ ਮਾਰਨ ਲੱਗੇ।

"ਤਪਸ਼ ਪੈਂਦੀ ਆ ?" ਆਉਣ ਵਾਲ਼ੇ ਨੇ ਦੰਦ ਕੱਢੇ ਤੇ ਆਪਣੀ ਟੋਪੀ ਨੂੰ ਹੱਥ ਲਾਉਂਦਿਆਂ ਆਪਣਾ ਘੋੜਾ ਬੇੜੀ ਉੱਤੇ ਚੜ੍ਹਾ ਲਿਆ।

"ਹਾਹੋ!" ਬੇੜੀ ਵਿਚਲੇ ਇੱਕ ਜਣੇ ਨੇ ਆਪਣੀ ਸਲਵਾਰ ਦੀਆਂ ਜੇਬਾਂ ਵਿੱਚ ਹੱਥ ਘਸੋੜਦਿਆਂ ਤੇ ਗੱਡੇ ਦੇ ਨੇੜੇ ਆਉਂਦਿਆਂ ਕਿਹਾ, ਇਸ ਵੱਲ ਵੇਖਿਆ ਤੇ ਖਿੱਚ ਕੇ ਸੁੰਘਿਆ।

ਦੂਜਾ ਜਣਾ ਭੁੰਜੇ ਬੈਠ ਗਿਆ ਤੇ ਕਿੱਲ੍ਹਦਾ ਹੋਇਆ ਉੱਚਾ ਬੂਟ ਲਾਹੁਣ ਲੱਗ ਪਿਆ।

ਦਾਦਾ ਤੇ ਲਿਓਨਕਾ ਬੇੜੀ ਉੱਤੇ ਚੜ੍ਹ ਗਏ ਤੇ ਇਸ ਦੇ ਇੱਕ ਪਾਸੇ ਨਾਲ਼ ਢੋਹ ਲਾ ਕੇ ਕਜ਼ਾਕਾਂ ਵੱਲ ਵੇਖਣ ਲੱਗ ਪਏ।

"ਚਲੋ, ਚਾਲੇ ਪਾਓ!" ਗੱਡੇ  ਦੇ ਮਾਲਕ ਨੇ ਹੁਕਮ ਦਿੱਤਾ।

"ਤੇਰੇ ਕੋਲ਼ ਪੀਣ ਪੂਣ ਲਈ ਕੁਝ ਹੈ ਈ ?" ਉਸ ਜਣੇ ਨੇ ਪੁੱਛਿਆ ਜਿਹੜਾ ਗੱਡੇ ਨੂੰ ਸੁੰਘ ਕੇ ਵੇਖ ਰਿਹਾ ਸੀ ? ।ਉਸ ਦੇ ਨਾਲ਼ ਦੇ ਨੇ ਬੂਟ ਲਾਹ ਲਿਆ ਸੀ ਤੇ ਅੱਖਾਂ ਸੁੰਗੇੜ ਕੇ ਇਸ ਨੂੰ ਵੇਖ ਰਿਹਾ ਸੀ।

"ਕੁਝ ਨਹੀਂ। ਕੀ ਗੱਲ ਆ ? ਕੂਬਾਨ 'ਚ ਪਾਣੀ ਦਾ ਕੋਈ ਘਾਟੈ ?"

"ਪਾਣੀ!... ਮੈਂ ਪਾਣੀ ਨਹੀਂ ਆਖਿਆ।"

"ਕੌੜਾ ਪਾਣੀ ? ਹੈ ਨਹੀਂ, ਕੌੜਾ ਪਾਣੀ।"

"ਹੈ, ਭਲਾ ਕਿਉਂ ਨਹੀਂ ?" ਪੁੱਛਣ ਵਾਲ਼ਾ ਬੇੜੀ ਦੇ ਥੱਲੇ ਉੱਤੇ ਅੱਖਾਂ ਗੱਡ ਕੇ ਸੋਚੀਂ ਪੈ ਗਿਆ।

"ਚਲੋ, ਚਲੋ, ਚਾਲੇ ਪਾਓ!"

ਕਜ਼ਾਕ ਨੇ ਹੱਥਾਂ 'ਚ ਥੁੱਕਿਆ ਤੇ ਰੱਸਾ ਫੜ ਲਿਆ। ਇੱਕ ਮੁਸਾਫਰ ਉਸ ਦੀ ਸਹਾਇਤਾ ਕਰਨ ਲੱਗ ਪਿਆ।

"ਤੇ ਤੂੰ, ਬਾਪੂ ਹੱਥ ਕਿਉਂ ਨਹੀਂ ਵਟਾਉਂਦਾ ?" ਬੂਟ ਨਾਲ਼ ਰੁੱਝੇ ਬੇੜੀ ਵਾਲ਼ੇ ਨੇ ਅਰਖ਼ੀਪ ਨੂੰ ਆਖਿਆ।

"ਮੇਰੇ 'ਚ ਏਨੀ ਜਾਨ ਕਿੱਥੇ, ਭਰਾਵਾ!" ਸਿਰ ਹਿਲਾਉਂਦਿਆਂ ਬੁੱਢੇ ਨੇ ਰਊਂ-ਰਊਂ ਕੀਤਾ।

"ਉਹਨਾਂ ਦਾ ਹੱਥ ਵਟਾਉਣ ਦੀ ਲੋੜ ਨਹੀਂ, ਉਹ ਆਪੇ ਕਰ ਲੈਣਗੇ!"

ਦਾਦੇ ਨੂੰ ਆਪਣੀ ਆਖੀ ਗੱਲ ਵਿਚਲੇ ਸੱਚ ਬਾਰੇ ਕਾਇਲ ਕਰਨ ਦੇ ਮਨੋਰਥ ਨਾਲ਼ ਉਹ ਧੜੰਮ ਕਰਦਾ ਗੋਡਿਆਂ ਭਾਰ ਹੋ ਗਿਆ ਤੇ ਫਿਰ ਬੇੜੀ ਵਿੱਚ ਲੰਮਾ ਪੈ ਗਿਆ।

ਉਸ ਦਾ ਸਾਥੀ ਆਪਣੀ ਗੱਲ ਦਾ ਹੁੰਗਾਰਾ ਨਾ ਮਿਲਣ ਉੱਤੇ ਸੁਸਤ ਅਵਾਜ਼ ਵਿੱਚ ਬੁਰਾ ਭਲਾ ਬੋਲਣ ਲੱਗ ਪਿਆ ਤੇ ਡੈੱਕ ਉੱਤੇ ਖਲੋਤਾ ਹੋਇਆ ਲੱਤਾਂ ਮਾਰਨ ਲੱਗ ਪਿਆ।

ਲਹਿਰਾਂ ਦੇ ਥਪੇੜੇ ਖਾਂਦੀ ਬੇੜੀ, ਜਿਹੜੀਆਂ ਉਸ ਦੇ ਪਾਸਿਆਂ ਨਾਲ਼ ਟਕਰਾਂ ਕੇ ਮੱਧਮ ਜਿਹਾ ਸ਼ੋਰ ਪਾ ਰਹੀਆਂ ਸਨ, ਕੰਬੀ ਤੇ ਹਿਚਕੋਲੇ ਖਾਂਦੀ ਹੋਈ ਹੌਲ਼ੀ ਹੌਲ਼ੀ ਅੱਗੇ ਵੱਧਣ ਲੱਗੀ।

ਪਾਣੀ ਵੱਲ ਵੇਖਦਿਆਂ ਲਿਓਨਕਾ ਦੇ ਸਿਰ ਨੂੰ ਚੱਕਰ ਆ ਰਹੇ ਸਨ ਤੇ ਦਰਿਆ ਦੇ ਤੇਜ਼ ਵਹਾ ਨੂੰ ਵੇਖ ਵੇਖ ਕੇ ਥੱਕ ਗਈਆਂ ਅੱਖਾਂ ਵਿੱਚ ਨੀਂਦਰ ਹਾਵੀ ਹੁੰਦੀ ਜਾ ਰਹੀ ਸੀ। ਦਾਦੇ ਦੀ ਦੱਬੀ ਘੁੱਟੀ ਫੁਸਫੁਸਾਹਟ, ਰੱਸੇ ਦੀ ਚੀਂ ਚੀਂ ਤੇ ਲਹਿਰਾਂ ਦੀ ਮਿੱਠੀ ਕਲ-ਕਲ ਉਸ ਨੂੰ ਲੋਰੀਆਂ ਦੇ ਰਹੀਆਂ ਸਨ; ਉਹ ਡੈੱਕ ਉੱਤੇ ਹੀ ਗੂੜ੍ਹੀ ਨੀਂਦ ਦੀ ਝੋਲ਼ੀ ਪੈ ਜਾਣਾ ਚਾਹੁੰਦਾ ਸੀ, ਪਰ ਅਚਾਨਕ ਉਸ ਨੂੰ ਏਨੇ ਜ਼ੋਰ ਦਾ ਧੱਕਾ ਲੱਗਾ ਕਿ ਉਹ ਡਿੱਗ ਪਿਆ।

ਉਸ ਨੇ ਅੱਖਾਂ ਚੰਗੀ ਤਰ੍ਹਾਂ ਉਘੇੜ ਕੇ ਆਸੇ ਪਾਸੇ ਨਜ਼ਰ ਮਾਰੀ। ਕਜ਼ਾਕ ਉਸ ਦੀ ਖਿੱਲੀ ਉਡਾ ਰਹੇ ਸਨ ਜਿਹੜੇ ਬੇੜੀ ਨੂੰ ਕੰਢੇ ਉੱਤੇ ਪਏ ਹੋਏ ਕਿਸੇ ਦਰਖ਼ਤ ਦੇ ਸੜੇ ਹੋਏ ਮੁੱਢ ਵੱਲ ਧੱਕ ਕੇ ਲਈ ਜਾ ਰਹੇ ਸਨ।

"ਨੀਂਦ ਆ ਗਈ? ਮਾੜੂਆ! ਗੱਡੇ 'ਤੇ ਚੜ੍ਹ ਜਾ। ਮੈਂ ਤੈਨੂੰ ਪਿੰਡ ਤੱਕ ਲੈ ਚਲਦਾਂ। ਬਾਪੂ, ਤੂੰ ਵੀ ਬਹਿ ਜਾ।"

ਦਾਦੇ ਨੇ ਕਜ਼ਾਕ ਦਾ ਧੰਨਵਾਦ ਜਾਣਬੁਝ ਕੇ ਨੱਕ ਵਿੱਚ ਬੋਲ਼ਦਿਆਂ ਕੀਤਾ ਤੇ ਕਿੱਲ੍ਹਦਾ ਹੋਇਆ ਗੱਡੇ 'ਤੇ ਚੜ੍ਹ ਗਿਆ। ਲਿਓਨਕਾ ਵੀ ਛਾਲ ਮਾਰ ਕੇ ਉੱਥੇ ਬੈਠ ਗਿਆ ਤੇ ਉਹ ਰਵਾਨਾ ਹੋ ਗਏ। ਉਹ ਮਹੀਨ ਕਾਲ਼ੇ ਘੱਟੇ ਦੇ ਬੱਦਲ ਥਾਣੀਂ ਲੰਘ ਰਹੇ ਸਨ ਜਿਸ ਕਰਕੇ ਖੰਘ ਰਹੇ ਦਾਦੇ ਦਾ ਸਾਹ ਘੁੱਟੀਂਦਾ ਜਾ ਰਿਹਾ ਸੀ।

ਕਜ਼ਾਕ ਨੇ ਇੱਕ ਗੀਤ ਛੋਹ ਲਿਆ। ਉਹ ਅਜੀਬ ਅਵਾਜ਼ ਵਿੱਚ ਗਾ ਰਿਹਾ ਸੀ, ਸੁਰ ਵਿੱਚੋਂ ਹੀ ਛੱਡ ਕੇ ਸੀਟੀਆਂ ਮਾਰਨ ਲੱਗ ਪੈਂਦਾ। ਉਸ ਦੀਆਂ ਸੁਰਾਂ ਏਵੇਂ ਲੱਗਦੀਆਂ ਸਨ ਜਿਵੇਂ ਪਿੰਨੇ ਤੋਂ ਧਾਗਾ ਲਾਹੁੰਦਿਆਂ ਵਿੱਚ ਵਿੱਚ ਗੰਢਾਂ ਆ ਜਾਂਦੀਆਂ ਹੋਣ ਤੇ ਧਾਗੇ ਦਾ ਲੱਥਣਾ ਰੁਕ ਜਾਂਦਾ ਹੋਵੇ।

ਪਹੀਏ ਤਰਸਯੋਗ ਢੰਗ ਨਾਲ਼ ਚੀਂ ਚੀਂ ਕਰ ਰਹੇ ਸਨ, ਧੂੜ ਉੱਡ ਰਹੀ ਸੀ, ਦਾਦੇ ਦਾ ਖੰਘਦੇ ਹੋਏ ਦਾ ਸਿਰ ਹਿੱਲੀ ਜਾ ਰਿਹਾ ਸੀ, ਤੇ ਲਿਓਨਕਾ ਸੋਚ ਰਿਹਾ ਸੀ ਕਿ ਉਹ ਛੇਤੀ ਹੀ

ਪਿੰਡ ਪਹੁੰਚ ਜਾਣਗੇ ਤੇ ਘਰਾਂ ਦੀਆਂ ਖਿੜਕੀਆਂ ਕੋਲ਼ ਜਾ ਕੇ ਨਾਸਲ ਅਵਾਜ਼ ਵਿੱਚ ਹੇਕ ਲਾ ਕੇ ਮੰਗਣਾ ਪਵੇਗਾ : "ਈਸਾ ਦਾ ਵਾਸਤਾ ਜੇ, ਭਾਗਵਾਨੋਂ...।" ਪਿੰਡ ਦੇ ਮੁੰਡੇ ਉਸ ਨਾਲ਼ ਫਿਰ ਛੇੜਖਾਨੀਆਂ ਕਰਨਗੇ, ਤੇ ਜ਼ਨਾਨੀਆਂ ਰੂਸ ਬਾਰੇ ਸਵਾਲ ਪੁੱਛ ਪੁੱਛ ਤੰਗ ਕਰ ਮਾਰਨਗੀਆਂ। ਓਦੋਂ ਦਾਦੇ ਵੱਲ ਵੇਖਿਆ ਨਹੀਂ ਜਾਂਦਾ, ਜਿਹੜਾ ਖੰਘ ਖੰਘ ਕੇ ਏਨਾ ਦੂਹਰਾ ਹੋ ਜਾਂਦਾ ਹੈ ਕਿ ਉਹ ਨੂੰ ਬੜੇ ਦੁਖ ਤੇ ਬੇਅਰਾਮੀ ਦਾ ਅਹਿਸਾਸ ਹੁੰਦਾ। ਉਹ ਆਪਣੀ ਤਰਸਯੋਗ, ਇੱਥੋਂ ਤੱਕ ਕਿ ਸਿਸਕਦੀ ਅਵਾਜ਼ ਵਿੱਚ ਅਜਿਹੀਆਂ ਗੱਲਾਂ ਸੁਣਾਉਂਦਾ ਜਿਹੜੀਆਂ ਕਦੇ ਵਾਪਰੀਆਂ ਹੀ ਨਹੀਂ ਹੁੰਦੀਆਂ...। ਉਹ ਆਖਿਆ ਕਰਦਾ ਕਿ ਰੂਸ ਵਿੱਚ ਲੋਕ ਗਲ਼ੀਆਂ ਵਿੱਚ ਮਰਦੇ ਜਾਂਦੇ ਸਨ ਅਤੇ ਉੱਥੇ ਹੀ ਪਏ ਰਹਿੰਦੇ ਸਨ, ਉਨ੍ਹਾਂ ਨੂੰ ਉਠਾਉਣ ਵਾਲ਼ਾ ਕੋਈ ਨਹੀਂ ਸੀ ਕਿਉਂਕਿ ਲੋਕਾਂ ਵਿੱਚ ਭੁੱਖ ਕਾਰਨ ਜਾਨ ਹੀ ਨਹੀਂ ਰਹੀ ਸੀ...। ਲਿਓਨਕਾ ਤੇ ਉਸ ਦੇ ਦਾਦੇ ਨੇ ਕਦੀ ਵੀ ਅਜਿਹਾ ਵਰਤਾਰਾ ਨਹੀਂ ਵੇਖਿਆ ਸੀ। ਪਰ ਇਹ ਗੱਲਾਂ ਸੁਣਾਉਣ ਦੀ ਲੋੜ ਇਸ ਵਾਸਤੇ ਪੈਂਦੀ ਸੀ ਤਾਂ ਜੋ ਵਧੇਰੇ ਖ਼ੈਰਾਤ ਮਿਲ਼ੇ। ਪਰ ਇਸ ਥਾਂ ਏਨੀ ਜ਼ਿਆਦਾ ਭੀਖ ਮੰਗ ਕੇ ਕੀ ਕਰਨਾ ਸੀ ? ਆਪਣੇ ਇਲਾਕੇ ਵਿੱਚ ਤਾਂ ਪੂਡ ਦੇ ਚਾਲੀ ਕੋਪਕ, ਇੱਥੋਂ ਤੱਕ ਕਿ ਪੰਜਾਹ ਕੋਪੇਕ ਵੱਟੇ ਜਾ ਸਕਦੇ ਸਨ, ਪਰ ਇੱਥੇ ਤਾਂ ਖਰੀਦਣ ਵਾਲ਼ਾ ਹੀ ਕੋਈ ਨਹੀਂ ਸੀ। ਮਗਰੋਂ ਕਈ ਵਾਰ ਇਹ ਟੁਕੜੇ, ਜਿਹੜੇ ਕਦੀ ਕਦੀ ਤਾਂ ਬੜੇ ਹੀ ਸਵਾਦੀ ਹੁੰਦੇ, ਸਤੇਪੀ ਵਿੱਚ ਕਿਧਰੇ ਸੁੱਟ ਪਾਉਣੇ ਪੈਂਦੇ ਸਨ।

"ਮੰਗਣ ਚੜ੍ਹੇ ਜੇ ?" ਕਜ਼ਾਕ ਨੇ ਆਪਣਾ ਸਿਰ ਪਿੱਛੇ ਘੁਮਾ ਕੇ ਦੋ ਝੁਕੇ ਹੋਏ ਸਰੀਰਾਂ ਵੱਲ ਵੇਖਦਿਆਂ ਪੁੱਛਿਆ।

"ਆਹੋ, ਮੋਤੀਆਂ ਵਾਲ਼ਿਆ !" ਦਾਦੇ ਅਰਖ਼ੀਪ ਨੇ ਹੌਂਕਾ ਲੈਂਦਿਆਂ ਜਵਾਬ ਦਿੱਤਾ।

"ਉੱਠੀਂ ਜ਼ਰਾ ਬਾਪੂ, ਤੈਨੂੰ ਆਪਣਾ ਘਰ ਵਿਖਾਵਾਂ, ਰਾਤ ਕੱਟਣ ਮੇਰੇ ਕੋਲ਼ ਆ ਜਇਓ।"

ਦਾਦੇ ਨੇ ਉੱਠਣ ਲਈ ਹੰਭਲਾ ਮਾਰਿਆ ਪਰ ਗੱਡੇ ਦੇ ਕੰਢੇ ਨਾਲ਼ ਠੋਕਰ ਖਾ ਕੇ ਡਿੱਗ ਪਿਆ ਤੇ ਕਰਾਹਿਆ।

"ਹੱਤ, ਬਾਹਲਾ ਈ ਬੁੱਢਾ ਏਂ !"... ਕਜ਼ਾਕ ਹਮਦਰਦੀ ਨਾਲ਼ ਗੜ੍ਹਕਿਆ। "ਚਲ, ਚਿੰਤਾ ਛੱਡ, ਜਦੋਂ ਰਾਤ ਕਟਣੀ ਹੋਊ ਤਾਂ ਚੋਰਨੀ, ਆਂਦਰੇਈ ਚੋਰਨੀ ਦਾ ਘਰ ਪੁੱਛੀਂ, ਇਹ ਮੈਂ ਹੀ ਆਂ। ਲੈ, ਹੁਣ ਉੱਤਰ ਜਾ। ਅਲਵਿਦਾ !"

ਹੁਣ ਦਾਦਾ ਤੇ ਪੋਤਰਾ ਚਾਂਦੀ ਰੰਗੇ ਤੇ ਕਾਲ਼ੇ ਪੋਪਲਰਾਂ ਦੇ ਇੱਕ ਛੋਟੇ ਜਿਹੇ ਝੁੰਡ ਸਾਮ੍ਹਣੇ ਖੜੇ ਸਨ। ਉਹਨਾਂ ਦੇ ਤਣਿਆਂ ਵਿੱਚੋਂ ਦੀ ਘਰਾਂ ਦੀਆਂ ਛੱਤਾਂ ਤੇ ਵਿਹੜਿਆਂ ਦੇ ਜੰਗਲੇ ਵਿਖਾਈ ਦੇ ਰਹੇ ਸਨ ਅਤੇ ਸੱਜੇ ਖੱਬੇ—ਹਰ ਥਾਂ ਇਸੇ ਤਰ੍ਹਾਂ ਦੇ ਉੱਚੇ ਝੁੰਡ ਉੱਗੇ ਹੋਏ ਸਨ। ਉਹਨਾਂ ਦੇ ਹਰੇ ਪੱਤਿਆਂ ਉੱਤੇ ਭੂਰੀ ਧੂੜ ਪਈ ਹੋਈ ਸੀ, ਉਹਨਾਂ ਦੇ ਮੋਟੇ, ਸਿੱਧੇ ਤਣਿਆਂ ਦੇ ਛਿਲਕੇ ਧੁੱਪ ਕਾਰਨ ਤਰੇੜੋ-ਤਰੇੜ ਹੋਏ ਪਏ ਸਨ।

ਮੰਗਤਿਆਂ ਦੇ ਸਾਮ੍ਹਣੇ ਵਾਸਾਂ ਦੀਆਂ ਟਾਹਣੀਆਂ ਦੀਆਂ ਦੋ ਵਾੜਾਂ ਵਿਚਾਲੇ ਇੱਕ ਵੀਹੀ ਸੀ ਤੇ ਉਹ ਉਸੇ ਵੱਲ ਪੈਰ ਘਸੀਟਦੇ ਹੋਏ ਤੁਰ ਪਏ ਜਿਵੇਂ ਦੇਰ ਤੱਕ ਪੈਦਲ ਸਫ਼ਰ ਕਰਨ

ਵਾਲ਼ੇ ਲੋਕ ਕਰਦੇ ਹਨ।

"ਤੇਰਾ ਕੀ ਖ਼ਿਆਲ ਆ, ਕੱਠੇ ਚੱਲੀਏ ਕਿ ਅੱਡ ਅੱਡ ?" ਦਾਦੇ ਨੇ ਪੁੱਛਿਆ ਅਤੇ ਜਵਾਬ ਦੀ ਉਡੀਕ ਕੀਤੇ ਬਗ਼ੈਰ ਗੱਲ ਵਧਾਈ : " 'ਕੱਠਿਆਂ ਚੰਗਾ ਰਹੂ, ਤੈਨੂੰ ਤਾਂ ਅਗਲੇ ਬੜਾ ਥੋੜ੍ਹਾ ਖੈਰ ਪਾਉਂਦੇ ਆ। ਤੈਨੂੰ ਤੇ ਮੰਗਣਾ ਵੀ ਨਹੀਂ ਆਉਂਦਾ..."

"ਤੇ ਬਹੁਤਾ ਅਸੀਂ ਸਿਰ 'ਚ ਮਾਰਨੈ ? ਸਾਰਾ ਅਸੀਂ ਖਾ ਹੀ ਨਹੀਂ ਸਕਣਾ..." ਲਿਓਨਕਾ ਨੇ ਆਲ਼ੇ ਦੁਆਲ਼ੇ ਨਜ਼ਰ ਮਾਰਦਿਆਂ ਤਿਊੜੀ ਚੜ੍ਹਾ ਕੇ ਆਖਿਆ।

"ਸਿਰ ਮਾਰਨਾ ਆਂਹਦੈਂ ? ਤੂੰ ਵੀ ਕਮਾਲ ਏਂ!... ਕੀ ਜਾਣੀਏ, ਜੇ ਕੋਈ ਐਸਾ ਢੌਹ ਢੁਕੇ ਕਿ ਖਰੀਦਣ ਵਾਲ਼ਾ ਕੋਈ ਬਹੁੜ ਪਵੇ ?... ਵੇਚ ਕੇ ਪੈਸੇ ਲੈ ਲਾਂਗੇ ਤੇ ਪੈਸਾ ਬੜੀ ਸ਼ੈ ਹੁੰਦੇ; ਮੇਰੇ ਮਰਨ ਮਗਰੋਂ ਜੇ ਤੇਰੇ ਕੋਲ਼ ਪੈਸਾ ਹੋਊਗਾ, ਥੋੜ੍ਹਾ ਕੀਤਿਆਂ ਤੂੰ ਲਈਦਾ ਨਹੀਂ।"

ਤੇ ਨੇਹ-ਭਰੀ ਮੁਸਕਾਨ ਖਿਲਾਰਦਿਆਂ ਦਾਦੇ ਨੇ ਪੋਤਰੇ ਦਾ ਸਿਰ ਪਲੋਸਿਆ।

"ਤੇ ਤੈਨੂੰ ਪਤੈ, ਜਦੋਂ ਦਾ ਮੈਂ ਮੰਗਣ ਚੜ੍ਹਿਆਂ, ਕਿੰਨਾ ਪੈਸਾ ਜੋੜ ਲਿਐ, ਹੈਂ ?"

"ਕਿੰਨਾ ?" ਲਿਓਨਕਾ ਨੇ ਬੇਪਰਵਾਹੀ ਨਾਲ਼ ਪੁੱਛਿਆ।

"ਸਾਢੇ ਯਾਰਾਂ ਰੂਬਲ!... ਵੇਖਿਐ ?!"

ਪਰ ਲਿਓਨਕਾ ਉੱਤੇ ਨਾ ਹੀ ਏਨੀ ਰਕਮ ਦੀ ਗੱਲ ਦਾ ਤੇ ਨਾ ਹੀ ਦਾਦੇ ਦੀ ਖ਼ੁਸ਼ੀ ਨਾਲ਼ ਖੀਵੀ ਅਵਾਜ਼ ਦਾ ਕੋਈ ਅਸਰ ਹੋਇਆ।

"ਰਹਿਓਂ ਨਿਆਣੇ ਦਾ ਨਿਆਣਾ!" ਦਾਦੇ ਨੇ ਹੌਂਕਾ ਲਿਆ, "'ਕੱਲੇ, 'ਕੱਲੇ ਚੱਲੀਏ ਫਿਰ ?"

" 'ਕੱਲੇ, 'ਕੱਲੇ..."

"ਚੰਗਾ ਫਿਰ...। ਤੂੰ ਗਿਰਜੇ ਵੱਲ ਹੋ ਜਾ।"

"ਠੀਕ ਆ।"

ਅਰਖ਼ੀਪ ਉਸ ਵੀਹੀ ਪੈ ਗਿਆ ਜਿਹੜੀ ਖੱਬੇ ਪਾਸੇ ਨੂੰ ਮੁੜਦੀ ਸੀ ਤੇ ਲਿਓਨਕਾ ਸਿੱਧਾ ਅੱਗੇ ਨਿੱਕਲ਼ ਗਿਆ। ਅਜੇ ਉਸ ਨੇ ਦਸ-ਕੁ ਕਦਮ ਹੀ ਪੁਟੇ ਸਨ ਕਿ ਉਸ ਨੂੰ ਇੱਕ ਲਰਜ਼ਦੀ ਹੋਈ ਅਵਾਜ਼ ਸੁਣਾਈ ਦਿੱਤੀ : "ਭਲੇ ਲੋਕੋ, ਦਾਤਿਓ!..." ਇਹ ਅਵਾਜ਼ ਇੰਝ ਸੀ ਜਿਵੇਂ ਕਿਸੇ ਨੇ ਹਾਰਪ ਦੀ ਮੋਟੀ ਤਾਰ ਵੱਲੋਂ ਪਤਲੀ ਵੱਲ ਹੱਥ ਫੇਰ ਦਿੱਤਾ ਹੋਵੇ। ਲਿਓਨਕਾ ਕੰਬਿਆ ਤੇ ਕਾਹਲੀ ਕਾਹਲੀ ਤੁਰਨ ਲੱਗ ਪਿਆ। ਜਦੋਂ ਵੀ ਉਹ ਦਾਦੇ ਨੂੰ ਭੀਖ ਮੰਗਦਿਆਂ ਸੁਣਦਾ ਤਾਂ ਹਮੇਸ਼ਾ ਅਸੁਖਾਵਾਂ ਤੇ ਕੁਝ ਉਦਾਸ ਜਿਹਾ ਮਹਿਸੂਸ ਕਰਦਾ, ਅਤੇ ਜਦੋਂ ਦਾਦੇ ਨੂੰ ਖ਼ੈਰ ਨਾ ਪੈਂਦਾ ਤਾਂ ਉਹ ਇਸ ਗੱਲੋਂ ਸਹਿਮ ਜਾਂਦਾ ਕਿ ਹੁਣ ਉਸ ਦਾ ਦਾਦਾ ਫੁਟ ਫੁਟ ਕੇ ਰੋਣ ਲੱਗ ਪਵੇਗਾ।

ਦਾਦੇ ਦੀ ਥਿੜਕਦੀ, ਕਰੁਣਾਮਈ ਅਵਾਜ਼ ਅਜੇ ਵੀ ਉਸ ਦੇ ਕੰਨਾਂ ਵਿੱਚ ਗੂੰਜ ਰਹੀ ਸੀ ਅਤੇ ਪਿੰਡ ਉੱਤੇ ਤਾਰੀ ਸੁਸਤ ਤੇ ਝੁਲਸਾਊ ਹਵਾ ਵਿੱਚ ਮੰਡਲਾ ਰਹੀ ਸੀ। ਆਲ਼ਾ ਦੁਆਲ਼ਾ

ਰਾਤ ਵਾਂਗ ਹੀ ਖਾਮੋਸ਼ ਸੀ। ਲਿਓਨਕਾ ਫਿੜਕਿਆਂ ਦੀ ਵਾੜ ਲਾਗੇ ਜਾ ਕੇ ਚੈਰੀ-ਦਰਖ਼ਤ ਦੀ ਵਾੜ ਉੱਤੋਂ ਦੀ ਬਾਹਰ ਨਿੱਕਲ਼ੀਆਂ ਟਾਹਣੀਆਂ ਦੀ ਛਾਵੇਂ ਬੈਠ ਗਿਆ। ਲਾਗੇ ਹੀ ਕਿਤੇ ਸ਼ਹਿਦ ਦੀ ਮੱਖੀ ਦੀ ਘੂਕਵੀਂ ਭਿਣਭਿਣਾਹਟ ਸੁਣਾਈ ਦੇ ਰਹੀ ਸੀ...

ਲਿਓਨਕਾ ਨੇ ਮੋਢਿਆਂ ਤੋਂ ਗਠੜੀ ਲਾਹ ਕੇ ਉਸ ਉੱਤੇ ਆਪਣਾ ਸਿਰ ਟਿਕਾ ਲਿਆ ਤੇ ਥੋੜ੍ਹਾ ਚਿਰ ਆਪਣੇ ਸਿਰ ਉੱਪਰ ਦਰਖ਼ਤ ਦੇ ਪੱਤਿਆਂ ਥਾਣੀ ਆਸਮਾਨ ਵੱਲ ਵੇਖਦਾ ਹੋਇਆ ਗੂੜ੍ਹੀ ਨੀਂਦ ਸੌਂ ਗਿਆ। ਇੱਕ ਪਾਸਿਓਂ ਗੋਡੇ ਗੋਡੇ ਘਾਹ ਅਤੇ ਦੂਜੇ ਪਾਸਿਓਂ ਫਿੜਕਿਆਂ ਦੀ ਵਾੜ ਦੀ ਛਾਂ ਨੇ ਉਸ ਨੂੰ ਆਉਂਦੇ ਜਾਂਦੇ ਲੋਕਾਂ ਦੀਆਂ ਨਜ਼ਰਾਂ ਤੋਂ ਬਚਾਇਆ ਹੋਇਆ ਸੀ...

ਉਸ ਨੂੰ ਕੁਝ ਅਜੀਬ ਅਵਾਜ਼ਾਂ ਨੇ ਜਗਾ ਦਿੱਤਾ ਜਿਹੜੀਆਂ ਤਰਕਾਲਾਂ ਦੇ ਨੇੜੇ ਆਉਣ ਕਾਰਨ ਕੁਝ ਤਾਜ਼ਾ ਹੋਈ ਹਵਾ ਵਿੱਚ ਗੂੰਜ ਰਹੀਆਂ ਸਨ। ਉਸ ਤੋਂ ਥੋੜ੍ਹੀ ਹੀ ਦੂਰ ਕੋਈ ਜਣਾ ਰੋ ਰਿਹਾ ਸੀ। ਫਿਰ ਡਾਡਾਂ ਇਕਸਾਰ ਗੀਂ-ਗੀਂ ਵਿੱਚ ਬਦਲ ਗਈਆਂ ਪਰ ਫਿਰ ਅਚਾਨਕ ਡਾਡਾਂ ਵੱਜਣ ਲੱਗ ਪਈਆਂ ਤੇ ਡਾਡਾਂ ਵੱਜਣ ਦੀ ਅਵਾਜ਼ ਉਸ ਦੇ ਹੋਰ ਨੇੜੇ ਆਉਣ ਲੱਗ ਪਈ। ਉਸ ਨੇ ਸਿਰ ਉਠਾਇਆ ਤੇ ਘਾਹ ਥਾਣੀਂ ਵੀਹੀ ਵੱਲ ਵੇਖਿਆ।

ਕੋਈ ਸੱਤ-ਕੁ-ਸਾਲ ਦੀ ਬੱਚੀ ਸਾਫ਼ ਸੁਥਰੇ ਕੱਪੜੇ ਪਾਈ ਤੁਰੀ ਜਾ ਰਹੀ ਸੀ ਜਿਸ ਦਾ ਚਿਹਰਾ ਰੋਣ ਕਾਰਨ ਲਾਲ ਤੇ ਸੁੱਜਿਆ ਹੋਇਆ ਸੀ ਜਿਸ ਨੂੰ ਉਹ ਆਪਣੀ ਚਿੱਟੀ ਘੱਗਰੀ ਦੀ ਕਿਨਾਰੀ ਨਾਲ਼ ਪੂੰਝੀ ਜਾ ਰਹੀ ਸੀ। ਉਹ ਰਾਹ ਉੱਤੇ ਆਪਣੇ ਨੰਗੇ ਪੈਰ ਘੜੀਸਦੀ ਤੇ ਘੱਟਾ ਉਡਾਉਂਦੀ ਹੌਲ਼ੀ ਹੌਲ਼ੀ ਤੁਰੀ ਜਾ ਰਹੀ ਸੀ ਤੇ ਸਪੱਸ਼ਟ ਤੌਰ 'ਤੇ ਇਸ ਗੱਲੋਂ ਬਿਲਕੁਲ ਬੇਧਿਆਨ ਸੀ ਕਿ ਉਹ ਕਿੱਧਰ ਤੇ ਕਿਉਂ ਜਾ ਰਹੀ ਸੀ। ਉਸ ਦੀਆਂ ਮੋਟੀਆਂ ਕਾਲ਼ੀਆਂ ਅੱਖਾਂ ਸਨ ਜਿਹੜੀਆਂ ਹੁਣ ਮਾਯੂਸ, ਉਦਾਸ ਤੇ ਹੰਝੂਆਂ ਨਾਲ਼ ਭਰੀਆਂ ਪਈਆਂ ਸਨ ਤੇ ਜਿਸ ਦੇ ਛੋਟੇ, ਪਤਲੇ, ਗੁਲਾਬੀ ਕੰਨ ਉਸ ਦੇ ਮੱਥੇ, ਉਸ ਦੀਆਂ ਗੱਲ੍ਹਾਂ ਉਸ ਦੇ ਮੋਢਿਆਂ ਉੱਤੇ ਖਿਲਰੇ ਹੋਏ ਲਾਖੇ ਰੰਗ ਦੇ ਘੁੰਗਰਾਲੇ ਵਾਲ਼ਾਂ ਵਿੱਚੋਂ ਸ਼ਰਾਰਤੀਆਂ ਵਾਂਗ ਝਾਕ ਰਹੇ ਸਨ।

ਉਹ ਲਿਓਨਕਾ ਨੂੰ ਰੋਂਦੀ ਹੋਣ ਦੇ ਬਾਵਜੂਦ ਬੜੀ ਹਸਾਉਣੀ... ਹਸਾਉਣੀ ਤੇ ਖੁਸ਼-ਰਹਿਣੀ ਲੱਗੀ।... ਤੇ ਇਲਤੀ ਵੀ ਬੜੀ ਹੋਣੀ ਹੈ!...

"ਤੂੰ ਕਾਹਦੇ ਤੋਂ ਰੋਂਦੀ ਏ?" ਜਦੋਂ ਉਹ ਉਸ ਦੇ ਲਾਗੇ ਆ ਗਈ ਤਾਂ ਉਸ ਨੇ ਉੱਠਦਿਆਂ ਪੁੱਛਿਆ।

ਉਹ ਤ੍ਰਬਕੀ ਤੇ ਖਲੋ ਗਈ ਤੇ ਰੋਣਾ ਇਕਦਮ ਬੰਦ ਕਰ ਦਿੱਤਾ ਪਰ ਅਜੇ ਵੀ ਹੌਲ਼ੀ ਹੌਲ਼ੀ ਡੁਸਕੀ ਜਾ ਰਹੀ ਸੀ। ਫਿਰ, ਜਦੋਂ ਉਸ ਨੇ ਕੁਝ ਛਿਣਾਂ ਲਈ ਮੁੰਡੇ ਨੂੰ ਵੇਖ ਲਿਆ ਤਾਂ ਉਸ ਦੇ ਬੁੱਲ੍ਹ ਮੁੜ ਕੰਬਣ ਲੱਗ ਪਏ, ਚਿਹਰਾ ਤਿਊੜੀਆਂ ਨਾਲ਼ ਭਰ ਗਿਆ, ਹਿਕੜੀ ਹੇਠਾਂ ਉੱਤੇ ਹੋਣ ਲੱਗੀ, ਫਿਰ ਉਸ ਦੀਆਂ ਭੁੱਬਾਂ ਨਿੱਕਲ਼ ਗਈਆਂ ਤੇ ਉਹ ਤੁਰ ਪਈ।

ਲਿਓਨਕਾ ਨੂੰ ਮਹਿਸੂਸ ਹੋਇਆ ਕਿ ਉਸ ਦੇ ਕਾਲਜੇ ਦਾ ਰੁੱਗ ਭਰਿਆ ਗਿਆ ਸੀ, ਤੇ ਅਚਾਨਕ ਉਹ ਵੀ ਕੁੜੀ ਦੇ ਮਗਰ ਮਗਰ ਹੋ ਤੁਰਿਆ।

"ਤੂੰ ਰੋ ਨਾ। ਏਡੀ ਵੱਡੀ ਕੁੜੀ ਏਂ, ਤੈਨੂੰ ਸ਼ਰਮ ਆਉਣੀ ਚਾਹੀਦੀ ਆ!" ਕੁੜੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਸ ਨੇ ਕਹਿਣਾ ਸ਼ੁਰੂ ਕੀਤਾ ਤੇ ਜਦੋਂ ਉਸ ਦੇ ਬਰਾਬਰ ਆ ਗਿਆ ਤਾਂ ਉਸ ਦੇ ਮੂੰਹ ਵੱਲ ਵੇਖ ਕੇ ਦੁਬਾਰਾ ਪੁੱਛਿਆ, "ਤੂੰ ਕਿਹੜੀ ਗੱਲੋਂ ਡੁਸਕੀ ਜਾਂਦੀ ਏਂ?"

"ਊਈ ਊਈ!..." ਉਹ ਬੁਸਕੀ। "ਤੈਨੂੰ ਕੀ ਲੱਗੇ..." ਤੇ ਧੜੰਮ ਕਰਦੀ ਭੁੰਜੇ ਡਿੱਗ ਪਈ, ਆਪਣੇ ਹੱਥਾਂ ਨਾਲ਼ ਮੂੰਹ ਕੱਜ ਲਿਆ ਤੇ ਰੀਂ-ਰੀਂ ਕਰਦੀ ਰਹੀ।

"ਚੱਲ, ਪਈ ਰਹਿ!" ਲਿਓਨਕਾ ਨੇ ਬੇਪਰਵਾਹੀ ਨਾਲ਼ ਹੱਥ ਮਾਰਿਆ। "ਔਰਤ ਜਾਤ! ਔਰਤ ਜਾਤ ਐਸੀ ਹੀ ਹੁੰਦੀ ਆ। ਥੂਹ!"

ਪਰ ਇਸ ਗੱਲ ਦਾ ਕਿਸੇ ਉੱਤੇ ਵੀ ਕੋਈ ਅਸਰ ਨਾ ਹੋਇਆ। ਲਿਓਨਕਾ ਨੂੰ, ਜਿਹੜਾ ਉਸ ਦੀਆਂ ਪਤਲੀਆਂ, ਗੁਲਾਬੀ ਉਂਗਲੀਆਂ ਥਾਣੀਂ ਲਗਾਤਾਰ ਵਹਿ ਰਹੇ ਹੰਝੂਆਂ ਨੂੰ ਵੇਖ ਰਿਹਾ ਸੀ, ਉਦਾਸੀ ਨੇ ਆ ਘੇਰਿਆ ਤੇ ਉਸ ਦਾ ਵੀ ਰੋਣ ਨੂੰ ਜੀਅ ਕਰ ਆਇਆ। ਉਹ ਉਸ ਉੱਤੇ ਝੁਕਿਆ ਤੇ ਧਿਆਨ ਨਾਲ਼ ਹੱਥ ਉਠਾ ਕੇ ਉਸ ਦੇ ਵਾਲ਼ਾਂ ਨੂੰ ਰਤਾ-ਕੁ ਛੁਹਾਇਆ, ਪਰ ਉਸੇ ਵੇਲੇ ਆਪਣੀ ਇਸ ਦਲੇਰੀ ਤੋਂ ਸਹਿਮ ਕੇ ਹੱਥ ਪਿਛਾਂਹ ਖਿੱਚ ਲਿਆ। ਕੁੜੀ ਰੋਈ ਜਾ ਰਹੀ ਸੀ ਤੇ ਕੁਝ ਵੀ ਦੱਸ ਨਹੀਂ ਰਹੀ ਸੀ।

"ਗੱਲ ਸੁਣ!..." ਰਤਾ ਚੁੱਪ ਰਹਿਣ ਮਗਰੋਂ ਲਿਓਨਕਾ ਨੇ ਕੁੜੀ ਦੀ ਸਹਾਇਤਾ ਕਰਨ ਦੀ ਵੱਡੀ ਲੋੜ ਮਹਿਸੂਸ ਕਰਦਿਆਂ ਕਹਿਣਾ ਸ਼ੁਰੂ ਕੀਤਾ। "ਤੈਨੂੰ ਹੋਇਆ ਕੀ ਆ? ਤੈਨੂੰ ਕਿਸੇ ਸਓੜ ਚਾੜ੍ਹੀ ਆ? ਕੋਈ ਗੱਲ ਨਹੀਂ, ਸਭ ਠੀਕ ਹੋ ਜਾਊ!... ਕਿਤੇ ਕੋਈ ਹੋਰ ਗੱਲ ਤੇ ਨਹੀਂ? ਤੂੰ ਦੱਸ ਮੈਨੂੰ! ਨੀ ਕੁੜੀਏ—ਹੈਂ?"

ਕੁੜੀ ਨੇ ਆਪਣੇ ਚਿਹਰੇ ਤੋਂ ਹੱਥ ਹਟਾਏ ਬਿਨਾਂ ਹੀ ਉਦਾਸੀ ਵਿੱਚ ਆਪਣਾ ਸਿਰ ਹਿਲਾਇਆ ਤੇ ਆਖ਼ਰਕਾਰ, ਭੁੱਬਾਂ ਮਾਰਦੀ ਨੇ ਆਪਣੇ ਨੰਨ੍ਹੇ ਮੋਢਿਆਂ ਨਾਲ਼ ਪਲਸੇਟੇ ਮਾਰਦਿਆਂ ਹੌਲ਼ੀ ਜਿਹੀ ਜਵਾਬ ਦਿੱਤਾ...

"ਰਮਾਲ... ਮੇਰਾ ਰਮਾਲ ਗਵਾਚ ਗਿਐ!... ਬਾਪੂ ਨੇ ਹੱਟੀਓਂ ਲਿਆ ਕੇ ਦਿੱਤਾ ਸੀ... ਨੀਲਾ, ਫੁੱਲਾਂ ਵਾਲ਼ਾ ਰੁਮਾਲ, ਮੈਂ ਸਿਰ 'ਤੇ ਲਿਆ ਸੀ—ਤੇ ਗੁਆਚ ਗਿਆ।" ਤੇ ਫਿਰ ਜ਼ੋਰ ਜ਼ੋਰ ਦੀ ਰੋਣ ਲੱਗ ਪਈ, ਸਟਪਟਾਉਂਦੀ ਹੋਈ ਉੱਭੇ ਸਾਹ ਲੈਂਦੀ ਅਜੀਬ ਤਰ੍ਹਾਂ "ਊਈ, ਊਈ" ਕਰੀ ਜਾ ਰਹੀ ਸੀ।

ਲਿਓਨਕਾ ਨੇ ਕੁੜੀ ਦੀ ਕੋਈ ਸਹਾਇਤਾ ਕਰ ਸਕਣ ਤੋਂ ਆਪਣੇ ਆਪ ਨੂੰ ਅਸਮੱਰਥ ਮਹਿਸੂਸ ਕੀਤਾ ਤੇ ਝੇਂਪਦਾ ਹੋਇਆ ਉਸ ਤੋਂ ਥੋੜ੍ਹਾ ਦੂਰ ਹੋ ਗਿਆ, ਸੋਚਵਾਨ ਤੇ ਦਿਲਗੀਰ ਹੋ ਕੇ ਹਨੇਰੇ ਹੋ ਚੁੱਕੇ ਆਸਮਾਨ ਵੱਲ ਵੇਖਿਆ। ਉਹ ਬੜਾ ਦੁਖੀ ਹੋਇਆ ਪਿਆ ਸੀ ਤੇ ਉਸ ਨੂੰ ਕੁੜੀ ਉੱਤੇ ਡਾਢਾ ਤਰਸ ਆ ਰਿਹਾ ਸੀ।

"ਰੋ ਨਾ!... ਖਵਰੇ ਲੱਭ ਹੀ ਪਵੇ..." ਉਸ ਨੇ ਫੁਸ ਫੁਸ ਕੀਤਾ ਪਰ ਇਹ ਵੇਖ ਕੇ ਕਿ ਉਸ ਦੇ ਦਿਲਾਸੇ ਉਹ ਨਹੀਂ ਸੁਣ ਰਹੀ ਸੀ, ਅਤੇ ਇਹ ਸੋਚਦਿਆਂ ਉਹ ਹੋਰ ਦੂਰ ਹੋ ਗਿਆ ਕਿ ਗੁਆਚੇ ਰੁਮਾਲ ਬਦਲੇ ਉਹਦਾ ਬਾਪ ਉਸ ਦੀ ਭਗਤ ਸਵਾਰੇਗਾ। ਪਰ ਉਸੇ ਵੇਲੇ ਉਸ ਨੇ

ਕਲਪਨਾ ਕੀਤੀ ਕਿ ਕੁੜੀ ਦਾ ਬਾਪ, ਤਗੜਾ ਸਓਲਾ ਕਜ਼ਾਕ ਉਸ ਨੂੰ ਕੁੱਟੀ ਜਾ ਰਿਹਾ ਸੀ ਤੇ ਉਸ ਦਾ ਹਟਕੋਰੇ ਭਰਦੀ ਤੇ ਅੱਥਰੂ ਵਹਾਂਦੀ ਹੋਈ ਦਾ ਡਰ ਤੇ ਪੀੜ ਕਾਰਨ ਸਾਰਾ ਸਰੀਰ ਕੰਬੀ ਜਾ ਰਿਹਾ ਸੀ ਅਤੇ ਉਹ ਉਸ ਦੇ ਪੈਰਾਂ ਕੋਲ਼ ਤੜਫੀ ਜਾ ਰਹੀ ਸੀ...

ਉਹ ਉੱਠਿਆ, ਪਰ੍ਹਾਂ ਜਾਣ ਲੱਗ ਪਿਆ ਪਰ ਕੋਈ ਪੰਜ-ਕੁ ਕਦਮ ਪੁੱਟਣ ਮਗਰੋਂ ਇਕਦਮ ਪਿਛਾਂਹ ਮੁੜਿਆ, ਕੁੜੀ ਦੇ ਐਨ ਸਾਮ੍ਹਣੇ ਆ ਖੜਾ ਹੋਇਆ ਤੇ ਵਾੜ ਨਾਲ਼ ਢੋਹ ਲਾ ਕੇ ਕੋਈ ਪਿਆਰ-ਭਰੀ ਤੇ ਮਿਹਰ-ਭਰੀ ਗੱਲ ਕਹਿਣ ਲਈ ਸੋਚਣ ਦਾ ਯਤਨ ਕਰਨ ਲੱਗਾ...

"ਤੂੰ, ਕੁੜੀਏ ਇਸ ਵੀਹੀ 'ਚੋਂ ਚਲੀ ਜਾਏਂ ਤਾਂ ਚੰਗਾ ਰਹੂ! ਚੱਲ, ਹੁਣ ਰੋਣਾ ਧੋਣਾ ਛੱਡ ਵੀ ਦੇ! ਤੂੰ ਘਰ ਜਾ ਤੇ ਸਾਰੀ ਗੱਲ ਦੱਸ ਦੇ। ਆਖੀਂ, ਭਈ ਗੁਆਚ ਗਿਐ... ਰਮਾਲ ਦਾ ਕੀ ਹੁੰਦੈ?..."

ਉਸ ਨੇ ਸ਼ਾਂਤ, ਹਮਦਰਦੀ-ਭਰੀ ਅਵਾਜ਼ ਵਿੱਚ ਕਹਿਣਾ ਸ਼ੁਰੂ ਕੀਤਾ ਤੇ ਇੱਕ ਗੁੱਸੇ-ਭਰੀ ਹੂਕ ਛੱਡੀ, ਪਰ ਇਹ ਵੇਖ ਕੇ ਖੁਸ਼ ਹੋ ਗਿਆ ਕਿ ਕੁੜੀ ਭੁੰਜਿਉਂ ਉੱਠ ਰਹੀ ਸੀ।

"ਕਿੰਨੀ ਚੰਗੀ ਗੱਲ ਆ!... ਉਹ ਮੁਸਕ੍ਰਾਉਂਦਾ ਹੋਇਆ ਜੋਸ਼ ਵਿੱਚ ਆਇਆ ਬੋਲਦਾ ਗਿਆ। "ਤੂੰ ਹੁਣ ਘਰ ਚਲੀ ਜਾ। ਜੇ ਤੂੰ ਆਖੇਂ, ਤੇਰੇ ਨਾਲ਼ ਜਾ ਕੇ ਸਾਰੀ ਗੱਲ ਦੱਸ ਆਉਂਦਾ? ਤੂੰ ਡਰ ਨਾ, ਮੈਂ ਤੇਰਾ ਪੱਖ ਲਊਂ!"

ਲਿਓਨਕਾ ਨੇ ਬੜੇ ਮਾਣ ਨਾਲ਼ ਮੋਢੇ ਮਚਕੋੜੇ ਤੇ ਆਸੇ ਪਾਸੇ ਵੇਖਿਆ।

"ਤੂੰ ਨਾ ਆਵੀਂ..." ਕੁੜੀ ਨੇ ਆਪਣੇ ਕੱਪੜਿਆਂ ਤੋਂ ਘੱਟਾ ਝਾੜਦਿਆਂ ਤੇ ਅਜੇ ਵੀ ਸਿਸਕੀਆਂ ਲੈਂਦਿਆਂ ਫੁਸ ਫੁਸ ਕੀਤਾ।

"ਜੇ ਆਂਹਦੀ ਏਂ ਤਾਂ ਚਲਦਾਂ," ਲਿਓਨਕਾ ਨੇ ਪੂਰੀ ਤਤਪਰਤਾ ਨਾਲ਼ ਗਜਾਇਆ ਤੇ ਆਪਣੀ ਟੋਪੀ ਨੂੰ ਕੰਨ ਤੱਕ ਖਿੱਚ ਲਿਆ।

ਹੁਣ ਉਹ ਲੱਤਾਂ ਚੌੜੀਆਂ ਕਰ ਕੇ ਕੁੜੀ ਅੱਗੇ ਖਲੋਤਾ ਸੀ ਜਿਸ ਕਰਕੇ ਉਸ ਦੇ ਗਲ਼ ਪਈਆਂ ਹੋਈਆਂ ਲੀਰਾਂ ਵੀ ਚੁਸਤ ਲੱਗਣ ਲੱਗ ਪਈਆਂ। ਉਹ ਆਪਣੀ ਡੰਗੋਰੀ ਮਜ਼ਬੂਤੀ ਨਾਲ਼ ਭੁੰਜੇ ਮਾਰੀ ਜਾ ਰਿਹਾ ਸੀ ਅਤੇ ਕੁੜੀ ਵੱਲ ਟਿਕਟਿਕੀ ਲਾ ਕੇ ਵੇਖੀ ਜਾ ਰਿਹਾ ਸੀ ਜਦਕਿ ਉਸ ਦੀਆਂ ਮੋਟੀਆਂ, ਉਦਾਸ ਅੱਖਾਂ ਵਿੱਚ ਫ਼ਖ਼ਰ ਤੇ ਦਲੇਰੀ ਦੀ ਚਮਕ ਸੀ।

ਕੁੜੀ ਨੇ ਆਪਣੀਆਂ ਗੱਲ੍ਹਾਂ ਉੱਤੋਂ ਅੱਥਰੂ ਪੂੰਝਦਿਆਂ ਉਸ ਵੱਲ ਤਿਰਛੀ ਨਜ਼ਰ ਨਾਲ਼ ਵੇਖਿਆ ਤੇ ਫਿਰ ਹਉਂਕਾ ਲੈ ਕੇ ਆਖਿਆ:

"ਨਾ ਆਏਂ ਤਾਂ ਚੰਗੈ।... ਮੇਰੀ ਅੰਮਾਂ ਮੰਗਤਿਆਂ ਨੂੰ ਚੰਗਾ ਨਹੀਂ ਜਾਣਦੀ।"

ਤੇ ਉਹ ਉਸ ਕੋਲ਼ੋਂ ਦੂਰ ਚਲੀ ਗਈ ਤੇ ਜਾਂਦੀ ਹੋਈ ਨੇ ਦੋ ਵਾਰੀ ਪਿਛਾਂਹ ਮੁੜ ਕੇ ਵੇਖਿਆ।

ਲਿਓਨਕਾ ਬੜਾ ਦਿਲਗੀਰ ਹੋ ਗਿਆ। ਹੌਲ਼ੀ ਹੌਲ਼ੀ ਉਸ ਨੇ ਆਪਣੀ ਦ੍ਰਿੜ੍ਹ, ਵੰਗਾਰਦੀ ਚਾਲ-ਢਾਲ ਬਦਲ ਲਈ, ਉਹ ਫਿਰ ਕੁੱਬਾ ਹੋ ਗਿਆ, ਫਿਰ ਨਿਮਾਣਾ ਬਣ ਗਿਆ

ਅਤੇ ਆਪਣੀ ਗਠੜੀ ਜਿਹੜੀ ਕਦੀ ਇੱਕ ਤੇ ਕਦੀ ਦੂਜੇ ਹੱਥ ਵਿੱਚ ਲਮਕਦੀ ਸੀ, ਮੋਢਿਆਂ ਉੱਤੇ ਸੁੱਟ ਲਈ ਤੇ ਕੁੜੀ ਨੂੰ ਜ਼ੋਰ ਦੀ ਅਵਾਜ਼ ਮਾਰੀ ਜਿਹੜੀ ਗਲੀ ਦੇ ਸਿਰੇ ਉੱਤੇ ਮੋੜ ਮੁੜਨ ਹੀ ਵਾਲ਼ੀ ਸੀ।

"ਅਲਵਿਦਾ!"

ਉਸ ਨੇ ਤੁਰੀ ਜਾਂਦੀ ਨੇ ਹੀ ਮੁੜ ਕੇ ਉਸ ਵੱਲ ਵੇਖਿਆ ਤੇ ਲੋਪ ਹੋ ਗਈ।

ਤਰਕਾਲਾਂ ਪੈਣ ਵਾਲ਼ੀਆਂ ਸਨ ਤੇ ਹਵਾ ਵਿੱਚ ਖ਼ਾਸ ਤਰ੍ਹਾਂ ਦੀ ਡਾਢੀ ਹੁੰਮਸ ਤਾਰੀ ਸੀ ਜਿਸ ਮਗਰੋਂ ਅਕਸਰ ਤੂਫ਼ਾਨ ਆਉਂਦਾ ਹੈ। ਸੂਰਜ ਚੋਖਾ ਹੇਠਾਂ ਜਾ ਚੁੱਕਾ ਸੀ ਤੇ ਪੋਪਲਰਾਂ ਦੀਆਂ ਟੀਸੀਆਂ ਹਲਕੇ ਲਾਲ ਰੰਗ ਦੀ ਭਾਹ ਮਾਰ ਰਹੀਆਂ ਸਨ। ਉਹਨਾਂ ਦੀਆਂ ਨੀਵੀਆਂ ਟਾਹਣੀਆਂ ਉੱਤੇ ਪੈ ਰਹੇ ਪਰਛਾਵਿਆਂ ਕਾਰਨ ਇਹ ਉੱਚੇ, ਅਹਿਲ ਦਰਖ਼ਤ ਹੋਰ ਵੀ ਸੰਘਣੇ ਤੇ ਲੰਮੇਰੇ ਲੱਗ ਰਹੇ ਸਨ... ਉਹਨਾਂ ਉੱਪਰ ਅਕਾਸ਼ ਹਨੇਰਾ ਹੁੰਦਾ ਜਾ ਰਿਹਾ ਸੀ, ਮਖਮਲੀ ਬਣਦਾ ਜਾ ਰਿਹਾ ਸੀ ਤੇ ਮਾਣੋ ਧਰਤੀ ਦੇ ਹੋਰ ਨੇੜੇ ਆਉਂਦਾ ਜਾ ਰਿਹਾ ਸੀ। ਦੂਰ ਕਿਤੇ ਗੱਲਾਂ ਕਰਦੇ ਲੋਕਾਂ ਦੀ ਅਵਾਜ਼ ਆ ਰਹੀ ਸੀ ਤੇ ਦੂਜੇ ਪਾਸੇ ਤੋਂ ਗਾਉਣ ਦੀ। ਇਹ ਮੱਧਮ ਪਰ ਭਾਰੀ ਅਵਾਜ਼ਾਂ ਵੀ ਹੁੰਮਸ ਨਾਲ਼ ਭਰੀਆਂ ਲੱਗ ਰਹੀਆਂ ਸਨ।

ਲਿਓਨਕਾ ਵਧੇਰੇ ਇਕੱਲਤਾ ਮਹਿਸੂਸ ਕਰਨ ਲੱਗ ਪਿਆ, ਸਗੋਂ ਕਿਸੇ ਗੱਲ ਤੋਂ ਡਰਨ ਲੱਗ ਪਿਆ ਸੀ। ਉਸ ਦਾ ਆਪਣੇ ਦਾਦੇ ਕੋਲ਼ ਚਲੇ ਜਾਣ ਨੂੰ ਜੀਅ ਕੀਤਾ, ਉਸ ਨੇ ਆਪਣੇ ਆਸੇ ਪਾਸੇ ਵੇਖਿਆ ਤੇ ਗਲ਼ੀ ਦੇ ਨਾਲ਼ ਨਾਲ਼ ਛੇਤੀ ਛੇਤੀ ਅਗਾਂਹ ਤੁਰ ਪਿਆ। ਉਸ ਦਾ ਭੀਖ ਮੰਗਣ ਨੂੰ ਦਿਲ ਨਹੀਂ ਕਰ ਰਿਹਾ ਸੀ। ਉਹ ਤੁਰਿਆ ਜਾਂਦਾ ਮਹਿਸੂਸ ਕਰ ਰਿਹਾ ਸੀ ਕਿ ਉਸ ਦੀ ਛਾਤੀ ਵਿੱਚ ਦਿਲ ਤੇਜ਼ ਤੇਜ਼ ਧੜਕਣ ਕਾਰਨ ਉਸ ਉੱਤੇ ਤੁਰਨ ਤੇ ਸੋਚਣ ਵਾਸਤੇ ਖ਼ਾਸ ਹੀ ਤਰ੍ਹਾਂ ਦਾ ਆਲਸ ਛਾ ਗਿਆ ਸੀ...। ਇਸ ਦੇ ਨਾਲ਼ ਹੀ ਉਹ ਕੁੜੀ ਨੂੰ ਆਪਣੇ ਦਿਮਾਗ਼ ਵਿੱਚੋਂ ਕਿਵੇਂ ਵੀ ਨਾ ਕੱਢ ਸਕਿਆ ਤੇ ਸੋਚਣ ਲੱਗ ਪਿਆ : "ਉਸ ਉੱਤੇ ਹੁਣ ਕੀ ਬੀਤ ਰਹੀ ਹੋਵੇਗੀ ? ਜੇ ਉਹ ਕਿਸੇ ਅਮੀਰ ਘਰੋਂ ਹੋਈ ਤਾਂ ਉਸ ਨੂੰ ਕੁੱਟ ਪਵੇਗੀ : ਸਾਰੇ ਅਮੀਰ ਲੀਚੜ ਹੁੰਦੇ ਨੇ; ਪਰ ਜੇ ਉਹ ਗ਼ਰੀਬ ਹੋਈ ਤਾਂ ਹੋ ਸਕਦੈ, ਕੁੱਟ ਨਾ ਹੀ ਪਵੇ...। ਗ਼ਰੀਬ ਘਰਾਂ ਦੇ ਲੋਕ ਨਿਆਣਿਆਂ ਨੂੰ ਪਿਆਰ ਕਰਦੇ ਨੇ ਕਿਉਂਕਿ ਉਹਨਾਂ ਨੂੰ ਆਸ ਹੁੰਦੀ ਏ ਕਿ ਉਹ ਵੀ ਵੱਡੇ ਹੋ ਕੇ ਕੰਮ ਕਰਿਆ ਕਰਨਗੇ।" ਉਸ ਦੇ ਦਿਮਾਗ਼ ਵਿੱਚ ਇੱਕ ਮਗਰੋਂ ਦੂਜਾ ਅੜੀਅਲ ਵਿਚਾਰ ਭਿਣ ਭਿਣ ਕਰ ਰਹੇ ਸਨ, ਤੇ ਹਰ ਬੀਤਦੇ ਪਲ ਨਾਲ਼ ਦਿਲਗੀਰੀ ਦੀ ਨਿਢਾਲ ਤੇ ਦੁੱਖੀ ਭਰੀ ਜਾ ਰਹੀ ਭਾਵਨਾ ਉਸ ਦੇ ਵਿਚਾਰਾਂ ਦੇ ਨਾਲ਼ ਨਾਲ਼ ਚੱਲ ਰਹੇ ਪਰਛਾਵੇਂ ਵਾਂਗ ਵਧੇਰੇ ਬੋਝਲ ਹੁੰਦੀ ਜਾ ਰਹੀ ਸੀ ਅਤੇ ਉਸ ਉੱਤੇ ਛਾਈ ਹੀ ਜਾ ਰਹੀ ਸੀ।

ਤਰਕਾਲਾਂ ਦੇ ਪ੍ਰਛਾਵੇਂ ਲੰਮੇਰੇ ਤੇ ਘਨੇਰੇ ਹੁੰਦੇ ਜਾ ਰਹੇ ਸਨ। ਰਾਹ ਵਿਚ ਲਿਓਨਕਾ ਨੂੰ ਕਦੀ ਕਦੀ ਕਜ਼ਾਕ ਤੇ ਕਜ਼ਾਕਣਾਂ ਵਿਖਾਈ ਦੇ ਜਾਂਦੀਆਂ ਤੇ ਉਸ ਵੱਲ ਕੋਈ ਧਿਆਨ ਦਿੱਤੇ ਬਗ਼ੈਰ ਲਾਗੋਂ ਦੀ ਲੰਘ ਜਾਂਦੀਆਂ। ਉਹ ਰੂਸ ਤੋਂ ਭੁੱਖਿਆਂ ਦੀਆਂ ਆਉਣ ਵਾਲ਼ੀਆਂ ਭੀੜਾਂ ਦੇ ਆਦੀ ਹੋ ਗਏ ਸਨ। ਉਸ ਨੇ ਵੀ ਉਹਨਾਂ ਦੇ ਰੱਜੇ, ਪਲ਼ੇ ਸਰੀਰਾਂ ਵੱਲ ਬੁਝੀ ਜਿਹੀ ਸੁਸਤ ਨਜ਼ਰ ਨਾਲ਼ ਸਰਸਰੀ ਜਿਹਾ ਵੇਖਿਆ ਤੇ ਗਿਰਜੇ ਵੱਲ ਛੇਤੀ ਛੇਤੀ ਤੁਰਨ ਲੱਗ ਪਿਆ, ਜਿਸ ਦੀ

ਸਲੀਬ ਸਾਮ੍ਹਣੇ ਵਾਲ਼ੇ ਦਰਖ਼ਤਾਂ ਪਿੱਛੇ ਲਿਸ਼ਕਾਰੇ ਮਾਰ ਰਹੀ ਸੀ।

ਰਾਹ ਵਿੱਚ ਉਸ ਨੂੰ ਉਸ ਵੱਲ ਆ ਰਹੇ ਕਿਸੇ ਇੱਜੜ ਦੀ ਦਗੜ-ਦਗੜ ਸੁਣਾਈ ਦਿੱਤੀ। ਸਾਮ੍ਹਣੇ ਹੀ ਨੀਵਾਂ ਤੇ ਚੌੜਾ ਜਿਹਾ ਗਿਰਜਾ ਸੀ ਜਿਸ ਦੇ ਨੀਲ਼ੇ ਰੰਗ ਦੇ ਪੰਜ ਗੁੰਬਦ ਸਨ ਤੇ ਜਿਸ ਦੇ ਦੁਆਲੇ ਪੋਪਲਰ ਉੱਗੇ ਹੋਏ ਸਨ ਜਿਨ੍ਹਾਂ ਦੀਆਂ ਟੀਸੀਆਂ ਇਸ ਦੀਆਂ ਸੁਨਹਿਰੀ ਸਲੀਬਾਂ ਨਾਲ਼ੋਂ ਵੀ ਉੱਚੀਆਂ ਸਨ ਜਿਹੜੀਆਂ ਅਸਤਦੇ ਸੂਰਜ ਦੀਆਂ ਕਿਰਨਾਂ ਵਿੱਚ ਨਹਾਤੀਆਂ, ਹਰੇ ਦਰਖ਼ਤਾਂ ਵਿੱਚੋਂ ਹੀ ਗੁਲਾਬੀ ਰੰਗ ਦੀ ਭਾਹ ਮਾਰਦੀਆਂ ਲਿਸ਼ਕ ਰਹੀਆਂ ਸਨ।

ਉਧਰ ਦਾਦਾ ਵੀ ਆਪਣੀ ਗਠੜੀ ਦੇ ਭਾਰ ਹੇਠ ਲਿਫਿਆ ਹੋਇਆ, ਅੱਖਾਂ ਨੂੰ ਹੱਥਾਂ ਦੀ ਓਟ ਦਿੰਦਾ ਤੇ ਇਧਰ-ਉਧਰ ਵੇਖਦਾ ਹੋਇਆ ਗਿਰਜੇ ਦੀ ਦਹਿਲੀਜ਼ ਵੱਲ ਜਾ ਰਿਹਾ ਸੀ।

ਦਾਦੇ ਦੇ ਪਿੱਛੇ ਪਿੱਛੇ ਬੋਝਲ ਤੇ ਲੜਖੜਾਉਂਦੇ ਕਦਮ ਪੁੱਟਦਾ ਇੱਕ ਕਜ਼ਾਕ ਤੁਰਿਆ ਜਾ ਰਿਹਾ ਸੀ ਜਿਸ ਦੇ ਹੱਥ ਵਿੱਚ ਡਾਂਗ ਸੀ ਤੇ ਟੋਪੀ ਅੱਖਾਂ ਤੱਕ ਸਰਕਾਈ ਹੋਈ ਸੀ।

"ਕੀ ਗੱਲ, ਗਠੜੀ ਖ਼ਾਲੀ ਕਿਉਂ ਆ ?" ਦਾਦੇ ਨੇ ਪੋਤਰੇ ਕੋਲ਼ ਪੁੱਜਦਿਆਂ ਪੁੱਛਿਆ ਜਿਹੜਾ ਉਸ ਦੀ ਉਡੀਕ ਵਿੱਚ ਗਿਰਜੇ ਦੇ ਜੰਗਲੇ ਲਾਗੇ ਖਲੋਤਾ ਹੋਇਆ ਸੀ। "ਵੇਖ, ਮੈਂ ਕਿੰਨਾ ਕੁਝ ਮੰਗ ਲਿਆਇਆਂ !..." ਤੇ ਉਸ ਨੇ ਕਿਲ੍ਹਦਿਆਂ ਆਪਣੇ ਮੋਢਿਆਂ ਤੋਂ ਕੈਨਵਸ ਦੀ ਬਣੀ, ਕੱਸ ਕੇ ਭਰੀ ਹੋਈ ਆਪਣੀ ਗਠੜੀ ਭੁੰਜੇ ਲਾਹੀ। "ਆਹ !... ਏਥੇ ਖ਼ੈਰੈਤ ਚੰਗੀ ਪਾਉਂਦੇ ਸੂ ! ਬਹਿਜਾ ਬਹਿਜਾ ਹੋਗੀ !... ਤੇ ਤੂੰ ਉਦਾਸ ਕਿਉਂ ਏਂ ?"

"ਮੇਰੇ ਸਿਰ ਪੀੜ ਹੁੰਦੀ ਆ...।" ਦਾਦੇ ਲਾਗੇ ਭੁੰਜੇ ਬੈਠਦਿਆਂ ਲਿਓਨਕਾ ਨੇ ਮੱਧਮ ਜਿਹੀ ਅਵਾਜ਼ ਵਿੱਚ ਆਖਿਆ।

"ਹੱਛਾ ?... ਥੱਕ ਗਿਐਂ... ਸੂਤਿਆ ਗਿਐਂ ! ਆ, ਰਾਤੀਂ ਸੌਂਣ ਦਾ ਬੰਦੋਬਸਤ ਕਰੀਏ। ਕੀ ਨਾਂ ਸੀ ਉਸ ਕਜ਼ਾਕ ਦਾ ? ਹੈਂ ?"

"ਆਂਦਰੇਈ ਚੋਰਨੀ।"

"ਆ, ਅਸੀਂ ਲੋਕਾਂ ਕੋਲ਼ੋਂ ਪੁੱਛ ਲੈਂਦੇ ਆਂ, ਭਈ ਚੋਰਨੀ ਆਂਦਰੇਈ ਦਾ ਘਰ ਕਿੱਥੇ ਆ ? ਅਹੁ ਵੇਖ, ਸਾਡੇ ਵੱਲ ਕੋਈ ਜਣਾ ਆਉਂਦਾ ਪਿਐ... ਹਾਂ ਵਈ,... ਏਥੋਂ ਦੇ ਲੋਕ ਬੜੇ ਚੰਗੇ ਸੂ, ਚੰਗੇ ਰੱਜੇ ਪੁੱਜੇ ਸੂ ! ਤੇ ਸਾਰੇ ਈ ਕਣਕ ਦੀਆਂ ਰੋਟੀਆਂ ਖਾਂਦੇ। ਸਲਾਮ ਏਂ, ਭਲਿਆ ਲੋਕਾ !"

ਕਜ਼ਾਕ ਉਹਨਾਂ ਦੇ ਨੇੜੇ ਆਇਆ ਤੇ ਦਾਦੇ ਦੀ ਦਵਾ-ਸਲਾਮ ਦੇ ਜਵਾਬ ਵਿੱਚ ਲਮਕਾ ਕੇ ਬੋਲਿਆ :

"ਤੁਹਾਨੂੰ ਵੀ ਸਲਾਮਾਂ ਨੇ !"

ਤੇ ਫਿਰ ਉਹ ਲੱਤਾਂ ਚੌੜੀਆਂ ਕਰ ਕੇ ਖੜਾ ਹੋ ਗਿਆ ਤੇ ਆਪਣੀਆਂ ਮੋਟੀਆਂ ਭਾਵ-ਹੀਣ ਅੱਖਾਂ ਭਿਖਾਰੀਆਂ ਉੱਤੇ ਗੱਡ ਕੇ ਚੁੱਪ-ਚੁਪੀਤਾ ਸਿਰ ਖੁਰਕਣ ਲੱਗ ਪਿਆ।

ਲਿਓਨਕਾ ਉਸ ਵੱਲ ਉਤਸੁਕਤਾ ਨਾਲ਼ ਵੇਖ ਰਿਹਾ ਸੀ ਤੇ ਦਾਦਾ ਆਪਣੀਆਂ

ਬੁੱਢੀਆਂ, ਸਵਾਲੀਆ ਅੱਖਾਂ ਝਮਕੀ ਜਾ ਰਿਹਾ ਸੀ। ਕਜ਼ਾਕ ਨੇ ਚੁੱਪ ਵੱਟੀ ਰੱਖੀ, ਤੇ ਆਪਣੀ ਜ਼ਬਾਨ ਕੱਢੀ ਤੇ ਮੁੱਛ ਉੱਤੇ ਫੇਰਨ ਲੱਗ ਪਿਆ। ਇਹ ਕੰਮ ਕਾਮਯਾਬੀ ਨਾਲ਼ ਮੁਕਾਉਣ ਮਗਰੋਂ ਮੁੱਛ ਮੂੰਹ ਵਿੱਚ ਲੈ ਲਈ, ਇਸ ਨੂੰ ਚੱਬਿਆ ਤੇ ਫਿਰ ਮੂੰਹ ਵਿੱਚੋਂ ਜੀਭ ਨਾਲ਼ ਧੱਕ ਕੇ ਬਾਹਰ ਕੱਢ ਦਿੱਤੀ ਤੇ ਆਖ਼ਰਕਾਰ, ਆਪਣੀ ਚੁੱਪੀ ਤੋੜੀ, ਜਿਹੜੀ ਹੁਣ ਤੱਕ ਬੋਝਲ ਹੋ ਚੁੱਕੀ ਸੀ ਤੇ ਅਲਸਾਈ ਅਵਾਜ਼ ਵਿੱਚ ਆਖਿਆ :

"ਆਓ, ਪੰਚਾਇਤ-ਘਰ ਚੱਲੀਏ!"

"ਕੀ ਕਰਨ ?" ਦਾਦਾ ਤ੍ਰਭਕ ਗਿਆ।

ਲਿਓਨਕਾ ਦਾ ਅੰਦਰ ਕੰਬ ਗਿਆ।

"ਜ਼ਰੂਰੀ ਆ... ਹੁਕਮ ਮਿਲਿਐ ਜਾਣ ਦਾ, ਚੱਲੋ!"

ਉਸ ਨੇ ਉਹਨਾਂ ਵੱਲ ਪਿੱਠ ਕੀਤੀ ਤੇ ਤੁਰਨ ਲੱਗਾ ਸੀ ਪਰ ਜਦੋਂ ਉਸ ਨੇ ਪਿੱਛੇ ਭਉਂ ਕੇ ਵੇਖਿਆ ਕਿ ਉਹ ਹਿਲਣ ਦਾ ਨਾਂ ਨਹੀਂ ਲੈ ਰਹੇ ਸਨ ਤਾਂ ਇਸ ਵਾਰੀ ਉਹ ਗੁੱਸੇ ਵਿੱਚ ਆ ਕੇ ਕੜਕਿਆ :

"ਤੁਹਾਡੀ ਸਲਾਹ ਕੀ ਆ ?"

ਤਦ ਦਾਦਾ ਤੇ ਲਿਓਨਕਾ ਫਟਾ ਫਟ ਉਸ ਦੇ ਪਿੱਛੇ ਤੁਰ ਪਏ।

ਲਿਓਨਕਾ ਦੀਆਂ ਨਜ਼ਰਾਂ ਦਾਦੇ ਉੱਤੇ ਟਿਕੀਆਂ ਹੋਈਆਂ ਸਨ ਅਤੇ ਇਹ ਵੇਖ ਕੇ ਕਿ ਉਸ ਦੇ ਬੁੱਲ੍ਹ ਤੇ ਸਿਰ ਕੰਬ ਰਹੇ ਸਨ ਤੇ ਉਹ ਸਹਿਮਿਆ ਹੋਇਆ ਆਪਣੇ ਆਲ਼ੇ ਦੁਆਲ਼ੇ ਝਾਕੀ ਜਾ ਰਿਹਾ ਸੀ, ਆਪਣੇ ਕੁੜਤੇ ਹੇਠਾਂ ਕਾਹਲ਼ੀ ਕਾਹਲ਼ੀ ਟਟੋਲਣ ਲੱਗ ਪਿਆ ਸੀ, ਉਹ ਸਮਝ ਗਿਆ ਕਿ ਦਾਦੇ ਨੇ ਫਿਰ ਕੋਈ ਗੜਬੜ ਕਰ ਦਿੱਤੀ ਹੈ ਜਿਸ ਤਰ੍ਹਾਂ ਦੀ ਪਿਛਲੀ ਵਾਰੀ ਤਾਮਾਨ ਵਿੱਚ ਕੀਤੀ ਸੀ। ਉਹ ਤਾਮਾਨ ਵਾਲ਼ੀ ਘਟਨਾ ਦਾ ਚੇਤਾ ਕਰ ਕੇ ਬੁਰੀ ਤਰ੍ਹਾਂ ਸਹਿਮ ਗਿਆ। ਓਦੋਂ ਦਾਦੇ ਨੇ ਕਿਸੇ ਦੇ ਵਿਹੜੇ ਵਿੱਚੋਂ ਕੱਪੜੇ ਚੁਰਾ ਲਏ ਸਨ ਤੇ ਉਹ ਰੰਗੇ ਹੱਥੀਂ ਫੜਿਆ ਗਿਆ ਸੀ। ਲੋਕਾਂ ਉਸ ਦੀ ਖਿੱਲੀ ਉਡਾਈ, ਉਸ ਨੂੰ ਬੁਰਾ ਭਲਾ ਆਖਿਆ, ਕੁੱਟਿਆ ਮਾਰਿਆ ਤੇ ਆਖ਼ਰ ਰਾਤੀਂ ਪਿੰਡੋਂ ਕੱਢ ਦਿੱਤਾ। ਲਿਓਨਕਾ ਤੇ ਦਾਦੇ ਨੇ ਰਾਤ ਸਮੁੰਦਰ ਦੇ ਕੰਢੇ ਦੀ ਰੇਤ ਉੱਤੇ ਕਿਤੇ ਸੌਂ ਕੇ ਲੰਘਾਈ ਸੀ, ਤੇ ਸਮੁੰਦਰ ਸਾਰੀ ਰਾਤ ਡਰਾਉਣੇ ਅੰਦਾਜ਼ ਵਿੱਚ ਗਰਜਦਾ ਰਿਹਾ ਸੀ...। ਛੱਲਾਂ ਦੀ ਮਾਰ ਹੇਠਾਂ ਆਈ ਰੇਤ ਚਰ ਚਰ ਕਰਦੀ ਰਹੀ ਸੀ...। ਤੇ ਦਾਦਾ ਸਾਰੀ ਰਾਤ ਊਂਘਦਾ ਅਤੇ ਮੱਧਮ ਅਵਾਜ਼ ਵਿੱਚ ਰੱਬ ਅੱਗੇ ਅਰਦਾਸਾਂ ਕਰਦਾ ਰਿਹਾ, ਆਪਣੇ ਆਪ ਨੂੰ ਚੋਰ ਦੱਸ ਕੇ ਭੁੱਲਾਂ ਬਖ਼ਸ਼ਾਉਂਦਾ ਰਿਹਾ ਸੀ।

"ਲਿਓਨਕਾ..."

ਲਿਓਨਕਾ ਵੱਖੀ ਵਿੱਚ ਵੱਜੀ ਹੁੱਝ ਕਾਰਨ ਤ੍ਰਬਕ ਪਿਆ ਤੇ ਦਾਦੇ ਵੱਲ ਵੇਖਿਆ। ਉਸ ਦਾ ਚਿਹਰਾ ਉਤਰਿਆ ਹੋਇਆ ਸੀ ਜਿਹੜਾ ਵਧੇਰੇ ਖ਼ੁਸ਼ਕ, ਸਵਾਹ-ਰੰਗਾ ਹੋ ਗਿਆ ਸੀ ਤੇ ਫਰਕੀ ਜਾ ਰਿਹਾ ਸੀ।

ਕਜ਼ਾਕ ਕੋਈ ਪੰਜ-ਕੁ ਕਦਮ ਅੱਗੇ ਅੱਗੇ ਜਾ ਰਿਹਾ ਸੀ, ਹੁੱਕੀ ਪੀ ਰਿਹਾ ਸੀ ਤੇ ਜਾਂਦਾ ਜਾਂਦਾ ਪੋਹਲੀ ਦੇ ਬੂਟਿਆਂ ਦੇ ਸਿਰਿਆਂ ਨੂੰ ਡੰਡੇ ਨਾਲ਼ ਝੰਬੀ ਜਾ ਰਿਹਾ ਸੀ ਤੇ ਪਿੱਛੇ ਮੁੜ ਕੇ ਉਹਨਾਂ ਵੱਲ ਵੇਖ ਨਹੀਂ ਰਿਹਾ ਸੀ।

"ਲੈ, ਏਹਨੂੰ ਫੜ।... ਵਗਾਹ ਮਾਰ... ਬੂਝਿਆਂ ਵਿੱਚ ਸੁੱਟ ਦੇ... ਜਿੱਥੇ ਸੁਟੇਂਗਾ ਉਸ ਥਾਂ ਦੀ ਨਿਸ਼ਾਨੀ ਰੱਖ ਲਈਂ!... ਮਗਰੋਂ ਲੱਭ ਲਾਂਗੇ..." ਦਾਦਾ ਮਸਾਂ ਮਸਾਂ ਸੁਣੀਂਦੀ ਅਵਾਜ਼ ਵਿੱਚ ਫੁਸਫੁਸਾਇਆ ਅਤੇ ਤੁਰੇ ਤੁਰੇ ਜਾਂਦਿਆਂ ਪੋਤਰੇ ਦੇ ਬਿਲਕੁਲ ਲਾਗੇ ਜਾ ਕੇ ਉਸ ਦੇ ਹੱਥ ਵਲੇਟਿਆ ਹੋਇਆ ਕੋਈ ਲੀੜਾ ਫੜਾ ਦਿੱਤਾ।

ਲਿਓਨਕਾ ਡਰ ਨਾਲ਼ ਕੰਬਿਆ ਤੇ ਇੱਕਦਮ ਪਿੱਛੇ ਹਟ ਗਿਆ, ਉਸ ਦੇ ਸਾਰੇ ਸਰੀਰ ਵਿੱਚ ਠੰਡੀ ਝੁਣਝੁਣੀ ਫਿਰ ਗਈ ਤੇ ਉਹ ਜੰਗਲੇ ਦੇ ਨੇੜੇ ਹੋ ਗਿਆ ਜਿਸ ਦੇ ਲਾਗੇ ਸੰਘਣਾ ਜੰਗਲੀ ਘਾਹ ਉਗਿਆ ਹੋਇਆ ਸੀ। ਉਸ ਨੇ ਉਹਨਾਂ ਨੂੰ ਲਈ ਜਾਂਦੇ ਕਜ਼ਾਕ ਦੀ ਚੌੜੀ ਪਿੱਠ ਵੱਲ ਉਤੇਜਿਤ ਹੋਏ ਨੇ ਵੇਖਿਆ, ਹੱਥ ਇੱਕ ਪਾਸੇ ਵਧਾਇਆ ਤੇ ਇਸ ਵੱਲ ਤਕ ਕੇ ਲੀੜਾ ਬੂਝਿਆਂ ਵਿੱਚ ਵਗਾਹ ਮਾਰਿਆ...

ਡਿੱਗਦਾ ਹੋਇਆ ਲੀੜਾ ਖੁੱਲ੍ਹ ਗਿਆ, ਲਿਓਨਕਾ ਦੀ ਨਜ਼ਰ ਇੱਕ ਨੀਲ਼ੇ, ਫੁੱਲ-ਬੂਟੀਆਂ ਵਾਲ਼ੇ ਰੁਮਾਲ ਉੱਤੇ ਪਈ, ਤੇ ਉਸੇ ਪਲ ਉਸ ਨੂੰ ਉਸ ਰੋਂਦੀ ਹੋਈ ਬੱਚੀ ਦੀ ਯਾਦ ਆ ਗਈ। ਉਹ ਜਿਊਂਦੀ ਜਾਗਦੀ ਉਸ ਦੇ ਸਾਮ੍ਹਣੇ ਆ ਖੜੀ ਹੋਈ ਤੇ ਉਸ ਨੂੰ ਕਜ਼ਾਕ, ਦਾਦਾ ਤੇ ਹੋਰ ਸਭ ਕੁਝ ਦਿੱਸਣੋਂ ਹਟ ਗਿਆ ਸੀ...। ਲਿਓਨਕਾ ਦੇ ਕੰਨਾਂ ਵਿੱਚ ਕੁੜੀ ਦੇ ਕੁਰਲਾਉਣ ਦੀ ਅਵਾਜ਼ ਫਿਰ ਸਾਫ਼ ਸਾਫ਼ ਗੂੰਜਣ ਲੱਗੀ ਤੇ ਉਸ ਨੂੰ ਜਾਪਿਆ ਕਿ ਉਸ ਦੇ ਸਾਮ੍ਹਣੇ ਜ਼ਮੀਨ ਉੱਤੇ ਨਿਰਮਲ ਹੰਝੂ ਕਿਰ ਰਹੇ ਸਨ।

ਲਗਭਗ ਬਦਹਵਾਸੀ ਦੀ ਹਾਲਤ ਵਿੱਚ ਹੀ ਉਹ ਦਾਦੇ ਦੇ ਮਗਰ ਮਗਰ ਪੰਚਾਇਤ-ਘਰ ਪਹੁੰਚ ਗਿਆ, ਲੋਕਾਂ ਦੀ ਅਸਪਸ਼ਟ ਭਿਣ-ਭਿਣ, ਮਿਣ-ਮਿਣ ਸੁਣਾਈ ਦਿੱਤੀ, ਜਿਸ ਦੀ ਉਸ ਨੂੰ ਕੋਈ ਸਮਝ ਨਹੀਂ ਆ ਰਹੀ ਸੀ ਤੇ ਨਾ ਹੀ ਉਹ ਸਮਝਣਾ ਚਾਹੁੰਦਾ ਸੀ। ਉਹ ਧੁੰਦ ਦੇ ਕਿਸੇ ਪਰਦੇ ਥਾਣੀਂ ਵੇਖ ਰਿਹਾ ਸੀ : ਕਿਵੇਂ ਦਾਦੇ ਦੀ ਗਠੜੀ ਵਿੱਚੋਂ ਟੁਕੜੇ ਕੱਢ ਕੇ ਇੱਕ ਵੱਡੇ ਸਾਰੇ ਮੇਜ਼ ਉੱਤੇ ਸੁੱਟੇ ਜਾ ਰਹੇ ਸਨ, ਤੇ ਇਹ ਟੁਕੜੇ ਧੜੰਮ ਕਰ ਕੇ ਮੇਜ਼ ਉੱਤੇ ਡਿੱਗਦੇ ਜਾ ਰਹੇ ਸਨ...। ਫਿਰ ਉਹਨਾਂ ਉੱਤੇ ਉੱਚੀਆਂ ਟੋਪੀਆਂ ਵਾਲ਼ੇ ਕਈ ਸਿਰ ਝੁਕੇ; ਸਿਰ ਤੇ ਟੋਪੀਆਂ ਵੱਟੋ-ਵੱਟ ਹੋਈਆਂ ਤੇ ਕਾਲ਼ੀਆਂ ਸਨ ਅਤੇ ਉਹਨਾਂ ਦੁਆਲ਼ੇ ਲਿਪਟੀ ਧੁੰਦ ਵਿੱਚੋਂ ਦੀ ਝੂਲਦੇ ਤੇ ਕਿਸੇ ਖ਼ੌਫ਼ਨਾਕ ਚੀਜ਼ ਦਾ ਡਰਾਵਾ ਦਿੰਦੇ ਹੋਏ ਨਜ਼ਰ ਆ ਰਹੇ ਸਨ...। ਮਗਰੋਂ ਅਚਾਨਕ ਦਾਦੇ ਨੇ ਭਰੜਾਈ ਅਵਾਜ਼ ਵਿੱਚ ਕੁਝ ਮਿਣ ਮਿਣ ਕੀਤਾ ਤੇ ਦੋ ਹੱਟੇ ਕੱਟੇ ਲੋਕਾਂ ਦੇ ਹੱਥਾਂ ਵਿੱਚ ਲਾਟੂ ਵਾਂਗ ਘੁੰਮਣ ਲੱਗ ਪਿਆ...

"ਏਦਾਂ ਨਾ ਕਰੋ, ਰੱਬ ਦੇ ਬੰਦਿਓ!... ਰੱਬ ਜਾਣਦੈ, ਮੇਰਾ ਕੋਈ ਕਸੂਰ ਨਹੀਂ!..." ਦਾਦਾ ਕੰਨ-ਪਾੜਵੀਆਂ ਚੀਕਾਂ ਮਾਰ ਰਿਹਾ ਸੀ।

ਲਿਓਨਕਾ ਦੀਆਂ ਭੁੱਬਾਂ ਨਿੱਕਲ਼ ਗਈਆਂ ਤੇ ਉਹ ਫਰਸ਼ ਉੱਤੇ ਡਿੱਗ ਪਿਆ।

ਤਦ ਉਹ ਲੋਕ ਉਸ ਕੋਲ਼ ਵੀ ਆਏ। ਉਸ ਨੂੰ ਚੁੱਕ ਕੇ ਇੱਕ ਬੈਂਚ ਉੱਤੇ ਬਿਠਾਇਆ ਤੇ ਉਸ ਦੇ ਨੰਨ੍ਹੇ ਜਿਹੇ ਸਰੀਰ ਨੂੰ ਕੱਜ ਰਹੇ ਚੀਥੜੇ ਫੋਲ ਮਾਰੇ।

"ਦਾਨੀਲੋਵਨਾ ਝੂਠ ਬੋਲਦੀ ਆ, ਭੈੜੀ ਰੰਨ!" ਕੋਈ ਜਣਾ ਗਰਜਿਆ, ਜਿਸ ਦੀ ਭਾਰੀ, ਚਿੜਚਿੜੀ ਅਵਾਜ਼ ਲਿਓਨਕਾ ਦੇ ਕੰਨਾਂ ਨਾਲ਼ ਟਕਰਾਈ।

"ਖ਼ਵਰੇ ਉਹਨਾਂ ਲੁਕਾ ਦਿੱਤਾ ਹੋਵੇ?" ਜਵਾਬ ਵਿੱਚ ਇਸ ਤੋਂ ਵੀ ਜ਼ੋਰ ਦੀਆਂ ਅਵਾਜ਼ਾਂ ਆਈਆਂ।

ਲਿਓਨਕਾ ਨੂੰ ਲੱਗਾ ਜਿਵੇਂ ਇਹ ਸਾਰੀਆਂ ਚੀਕਾਂ ਉਸ ਦੇ ਸਿਰ ਉੱਤੇ ਹਥੌੜੇ ਵਾਂਗ ਵੱਜ ਰਹੀਆਂ ਸਨ, ਉਹ ਬੁਰੀ ਤਰ੍ਹਾਂ ਡਰ ਗਿਆ ਸੀ, ਉਹ ਬੇਹੋਸ਼ ਹੋ ਗਿਆ, ਮਾਨੋ ਅਚਾਨਕ ਕਿਸੇ ਹਨੇਰੀ ਖੱਡ ਵਿੱਚ ਲਹਿ ਗਿਆ ਹੋਵੇ ਜਿਸ ਨੇ ਆਪਣਾ ਪਤਾਲ਼ੀ ਜਬਾੜਾ ਟੱਡਿਆ ਹੋਇਆ ਸੀ।

ਜਦੋਂ ਉਹ ਹੋਸ਼ ਵਿੱਚ ਆਇਆ ਉਸ ਦਾ ਸਿਰ ਦਾਦੇ ਦੇ ਗੋਡਿਆਂ ਉੱਤੇ ਟਿਕਿਆ ਹੋਇਆ ਸੀ ਤੇ ਉਸ ਦੇ ਚਿਹਰੇ ਉੱਤੇ ਦਾਦੇ ਦਾ ਤਰਸਯੋਗ, ਪਹਿਲਾਂ ਹਮੇਸ਼ਾ ਨਾਲ਼ੋਂ ਵਧੇਰੇ ਝੁਰੜੀਆਂ ਨਾਲ਼ ਭਰਿਆ ਚਿਹਰਾ ਝੁਕਿਆ ਹੋਇਆ ਸੀ ਤੇ ਦਾਦੇ ਦੀਆਂ ਡਰੀਆਂ ਹੋਈਆਂ ਝਮਕਦੀਆਂ ਅੱਖਾਂ ਉਸ ਦੇ, ਲਿਓਨਕਾ ਦੇ ਮੱਥੇ ਉੱਤੇ ਧੁੰਦਲੇ ਜਿਹੇ ਨਿੱਕੇ ਨਿੱਕੇ ਅੱਥਰੂ ਕੇਰ ਰਹੀਆਂ ਸਨ ਜਿਹੜੇ ਗੱਲ੍ਹਾਂ ਉੱਤੋਂ ਦੀ ਧੌਣ ਵੱਲ ਵਹਿੰਦੇ ਹੋਏ ਬੜੀ ਜਲੂਹਣ ਕਰ ਰਹੇ ਸਨ...

"ਆ ਗਈ ਸੁਰਤ, ਮੇਰੇ ਲਾਡੇ ਨੂੰ?! ਆ, ਏਥੋਂ ਚਲੇ ਜਾਈਏ। ਆ ਚੱਲੀਏ, ਛੱਡ ਦਿਤੈ, ਪਾਪੀਆਂ ਨੇ!"

ਲਿਓਨਕਾ ਉੱਠਿਆ, ਉਸ ਨੂੰ ਆਪਣਾ ਸਿਰ ਸਿੱਕੇ ਵਾਂਗ ਭਾਰਾ ਲੱਗਾ ਤੇ ਉਸ ਨੂੰ ਮਹਿਸੂਸ ਹੋਇਆ ਕਿ ਸਿਰ ਉਸ ਦੇ ਮੋਢਿਆਂ ਤੋਂ ਲੱਥਾ ਕਿ ਲੱਥਾ...। ਉਹ ਆਪਣੇ ਸਿਰ ਨੂੰ ਹੱਥਾਂ ਵਿੱਚ ਘੁੱਟ ਕੇ ਕਰਾਹੁੰਦਾ ਹੋਇਆ ਘੁਮਾਉਣ ਲੱਗਾ।

"ਸਿਰ ਪੀੜ ਕਰਦੈ? ਮੇਰਾ ਲਾਡਾ।... ਉਹਨਾਂ ਨੇ ਸਾਨੂੰ ਬੜਾ ਸਤਾਇਐ...। ਨਿਰਦਈ! ਕਿਸੇ ਦਾ ਚਾਕੂ ਗੁਆਚ ਗਿਆ, ਉਸ ਛੋਕਰੀ ਦਾ ਰਮਾਲ ਗੁਆਚ ਗਿਐ, ਤੇ ਉਹ ਸਾਰੇ ਸਾਡੇ ਉੱਤੇ ਟੁੱਟ ਪਏ!... ਹਾਇ ਓਇ ਰੱਬਾ! ਕਾਹਦੀ ਸਜ਼ਾ ਦੇ ਰਿਹੈਂ!"

ਦਾਦੇ ਦੀ ਸ਼ੂਕਦੀ ਅਵਾਜ਼ ਲਿਓਨਕਾ ਨੂੰ ਤੜਫਾਈ ਜਾ ਰਹੀ ਸੀ ਤੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਚਿੰਗਆੜੀ ਉਸ ਦਾ ਅੰਦਰ ਲੂਹੀ ਜਾ ਰਹੀ ਸੀ ਜਿਸ ਨੇ ਉਸ ਨੂੰ ਦਾਦੇ ਤੋਂ ਪਰ੍ਹਾਂ ਹਟਣ ਉੱਤੇ ਮਜ਼ਬੂਰ ਕਰ ਦਿੱਤਾ ਸੀ। ਉਸ ਨੇ ਲਾਂਭੇ ਹੋ ਕੇ ਆਲ਼ੇ ਦੁਆਲ਼ੇ ਵੇਖਿਆ...

ਉਹ ਪਿੰਡ ਦੇ ਬਾਹਰਵਾਰ ਇੱਕ ਬੇਡੌਲ ਜਿਹੇ ਪੋਪਲਰ ਦੀਆਂ ਸੰਘਣੀਆਂ ਟਾਹਣੀਆਂ ਦੀ ਛਾਵੇਂ ਬੈਠੇ ਹੋਏ ਸਨ। ਰਾਤ ਪੈ ਚੁੱਕੀ ਸੀ ਤੇ ਚੰਨ ਚੜ੍ਹ ਆਇਆ ਸੀ ਜਿਸ ਦਾ ਦੁੱਧ-ਚਾਂਦੀ ਵਰਗਾ ਚਾਨਣ ਸਤੇਪੀ ਦੇ ਪੱਧਰੇ ਪਸਾਰਿਆਂ ਉੱਤੇ ਝਰ ਰਿਹਾ ਸੀ ਤੇ ਉਹਨਾਂ ਨੂੰ ਮਾਨੋ ਦਿਨ ਵੇਲ਼ੇ ਨਾਲ਼ੋਂ ਛੁਟੇਰਾ, ਵਧੇਰੇ ਸੁੰਞਾ ਤੇ ਵੀਰਾਨ ਬਣਾ ਰਿਹਾ ਸੀ। ਦੂਰੋਂ, ਜਿੱਥੇ ਸਤੇਪੀ ਅਸਮਾਨ

ਨਾਲ਼ ਮਿਲਦੀ ਸੀ, ਬੱਦਲ ਉੱਠ ਰਹੇ ਸਨ ਤੇ ਸਤੇਪੀ ਉੱਤੇ ਉੱਡਦੇ ਹੋਏ ਚੰਨ ਨੂੰ ਢੱਕੀ ਜਾ ਰਹੇ ਸਨ ਤੇ ਧਰਤੀ ਉੱਤੇ ਕਾਲ਼ੇ ਪਰਛਾਵੇਂ ਸੁੱਟ ਰਹੇ ਸਨ। ਧਰਤੀ ਉੱਤੇ ਪੈ ਰਹੇ ਪਰਛਾਵੇਂ ਗੂੜ੍ਹੇ ਹੁੰਦੇ ਜਾ ਰਹੇ ਸਨ, ਹੌਲ਼ੀ ਹੌਲ਼ੀ ਤੇ ਸੋਚਾਂ ਵਿੱਚ ਡੁੱਬੇ ਤੁਰੇ ਜਾ ਰਹੇ ਸਨ, ਤੇ ਫਿਰ ਉਹ ਅਚਾਨਕ ਲੋਪ ਹੋ ਜਾਂਦੇ ਸਨ ਜਿਵੇਂ ਸੂਰਜ ਦੀਆਂ ਲੂੰਹਦੀਆਂ ਕਿਰਨਾਂ ਕਾਰਨ ਤਰੇੜੋ-ਤਰੇੜ ਹੋਈ ਧਰਤੀ ਵਿੱਚ ਸਮੋ ਗਏ ਹੋਣ... ਪਿੰਡ ਵੱਲੋਂ ਕੋਈ ਵਿਰਲੀ ਟਾਵੀਂ ਅਵਾਜ਼ ਆ ਜਾਂਦੀ, ਜਿੱਥੇ ਕਿਤੇ ਕਿਤੇ ਚਾਨਣ ਦਾ ਝਲਕਾਰਾ ਪੈਂਦਾ ਤੇ ਚਮਕ ਰਹੇ ਸੁਨਹਿਰੀ ਤਾਰਿਆਂ ਦੀ ਲੋਅ ਨਾਲ਼ ਅੱਖ-ਮਟੱਕੇ ਕਰਦਾ।

"ਆ ਚੱਲੀਏ, ਲਾਡੋ!... ਚਲਣਾ ਚਾਹੀਦੈ," ਦਾਦੇ ਨੇ ਆਖਿਆ।

"ਹੋਰ ਘੜੀ ਬਹਿ ਲਈਏ!..." ਲਿਓਨਕਾ ਨੇ ਹੌਲ਼ੀ ਜਿਹੀ ਕਿਹਾ।

ਉਸ ਨੂੰ ਸਤੇਪੀ ਚੰਗੀ ਲੱਗਦੀ ਸੀ। ਦਿਨ ਵੇਲੇ ਇੱਥੇ ਤੁਰਦਿਆਂ ਉਸ ਨੂੰ ਅੱਗੇ ਵੱਲ, ਜਿੱਥੇ ਅਸਮਾਨ ਧਰਤੀ ਦੀ ਵਿਸ਼ਾਲ ਹਿੱਕ ਨਾਲ਼ ਮਿਲਦਾ ਸੀ, ਵੇਖਣਾ ਪਸੰਦ ਸੀ...। ਉਹ ਕਲਪਨਾ ਕਰਦਾ ਕਿ ਉੱਥੇ ਵੱਡੇ ਵੱਡੇ ਸ਼ਾਨਦਾਰ ਸ਼ਹਿਰ ਸਨ ਜਿਨ੍ਹਾਂ ਵਿੱਚ ਅਜਿਹੇ ਮਿਹਰਬਾਨ ਲੋਕ ਰਹਿੰਦੇ ਸਨ ਜਿਨ੍ਹਾਂ ਵਰਗੇ ਉਸ ਨੇ ਕਦੀ ਵੇਖੇ ਨਹੀਂ ਸਨ ਤੇ ਜਿਨ੍ਹਾਂ ਕੋਲ਼ੋਂ ਭੀਖ ਮੰਗਣ ਦੀ ਲੋੜ ਹੀ ਨਹੀਂ ਪਵੇਗੀ—ਆਪੇ ਹੀ ਦੇ ਦੇਣਗੇ...। ਪਰ ਜਦੋਂ ਸਤੇਪੀ ਉਸ ਦੀਆਂ ਅੱਖਾਂ ਸਾਮ੍ਹਣੇ ਫੈਲਦੀ ਗਈ ਤਾਂ ਉਸ ਦਾ ਜਾਣਿਆ ਪਛਾਣਿਆ ਪਿੰਡ ਦਿਸਿਆ ਜਿਸ ਵਿੱਚ ਉਸੇ ਤਰ੍ਹਾਂ ਦੇ ਘਰ ਦੇ ਲੋਕ ਸਨ ਜਿਹੋ ਜਿਹੇ ਉਸ ਨੇ ਪਹਿਲਾਂ ਵੇਖੇ ਸਨ ਤਾਂ ਉਹ ਇਸ ਧੋਖੇ ਕਾਰਨ ਡਾਢਾ ਉਦਾਸ ਤੇ ਦੁੱਖੀ ਹੋ ਜਾਂਦਾ।

ਤੇ ਹੁਣ ਉਹ ਸੋਚਾਂ ਵਿੱਚ ਗਲਤਾਨ ਦੂਰ ਉਸ ਥਾਂ ਵੱਲ ਵੇਖ ਰਿਹਾ ਸੀ ਜਿੱਥੋਂ ਹੌਲ਼ੀ ਹੌਲ਼ੀ ਬੱਦਲ ਉੱਠ ਰਹੇ ਸਨ। ਉਹ ਉਸ ਨੂੰ ਉਸ ਸ਼ਹਿਰ ਦੀਆਂ ਹਜ਼ਾਰਾਂ ਚਿਮਨੀਆਂ ਵਿੱਚੋਂ ਨਿਕਲਦੇ ਧੂੰਏ ਵਰਗੇ ਲੱਗੇ ਜਿਸ ਨੂੰ ਵੇਖਣ ਦੀ ਉਸ ਦੀ ਪ੍ਰਬਲ ਇੱਛਾ ਸੀ...। ਉਸ ਦੀਆਂ ਸੋਚਾਂ ਦੀ ਲੜੀ ਨੂੰ ਦਾਦੇ ਦੀ ਸੁੱਕੀ ਖੰਘ ਨੇ ਭੰਗ ਕਰ ਦਿੱਤਾ।

ਲਿਓਨਕਾ ਨੇ ਦਾਦੇ ਦੇ ਹੰਝੂਆਂ ਨਾਲ਼ ਭਿੱਜੇ ਚਿਹਰੇ ਵੱਲ ਨਜ਼ਰ ਭਰ ਕੇ ਵੇਖਿਆ, ਜਿਸ ਨੂੰ ਉੱਥੂ ਛਿੜਿਆ ਹੋਇਆ ਸੀ।

ਇਹ ਚਿਹਰਾ, ਜਿਸ ਉੱਤੇ ਚੰਨ-ਚਾਨਣੀ ਪੈਣ ਨਾਲ਼ ਲੀਰੋ ਲੀਰ ਹੋਈ ਟੋਪੀ, ਭਰਵੱਟਿਆਂ 'ਤੇ ਦਾੜ੍ਹੀ ਦੇ ਅਜੀਬ ਜਿਹੇ ਪਰਛਾਵੇਂ ਪੈ ਰਹੇ ਸਨ, ਤੇਜ਼ੀ ਨਾਲ਼ ਫਰਕ ਰਹੇ ਬੁੱਲ੍ਹਾਂ ਅਤੇ ਕਿਸੇ ਰਹੱਸਮਈ ਖੁਸ਼ੀ ਨਾਲ਼ ਚਮਕ ਰਹੀਆਂ ਤੇ ਟੱਡੀਆਂ ਅੱਖਾਂ ਵਾਲ਼ਾ ਇਹ ਚਿਹਰਾ ਬੜਾ ਡਰਾਉਣਾ ਤੇ ਦਰਦਨਾਕ ਲੱਗ ਰਿਹਾ ਸੀ ਅਤੇ ਲਿਓਨਕਾ ਦੇ ਅੰਦਰ ਕੋਈ ਨਵੀਂ ਭਾਵਨਾ ਜਗਾਉਂਦਾ ਹੋਇਆ ਉਸ ਨੂੰ ਦਾਦੇ ਤੋਂ ਦੂਰ ਹਟ ਜਾਣ ਲਈ ਮਜ਼ਬੂਰ ਕਰ ਰਿਹਾ ਸੀ...।

"ਚੰਗਾ, ਬਹਿ ਜਾਂਦੇ ਆਂ ਹੋਰ ਘੜੀ ਪਲ!..." ਉਸ ਨੇ ਬੁੜ ਬੁੜ ਕੀਤਾ ਤੇ ਅਹਿਮਕਾਂ ਵਾਂਗ ਹਿਚ ਹਿਚ ਕਰਦਿਆਂ ਕੁੜਤੇ ਹੇਠਾਂ ਕੁਝ ਟਟੋਲਣ ਲੱਗ ਪਿਆ।

ਲਿਓਨਕਾ ਨੇ ਉਸ ਵੱਲੋਂ ਮੂੰਹ ਮੋੜਿਆ ਤੇ ਫਿਰ ਦੂਰ ਕਿਤੇ ਵੇਖਣ ਲੱਗ ਪਿਆ।

"ਲਿਓਨਕਾ!... ਆਹ ਵੇਖੀਂ ਤਾਂ!..." ਅਚਾਨਕ ਦਾਦੇ ਨੇ ਜੋਸ਼ ਵਿੱਚ ਆ ਕੇ ਕਿਲਕਾਰੀ ਮਾਰੀ ਤੇ ਸਾਹ-ਘੁਟਵੀਂ ਖੰਘ ਦੀ ਮਾਰ ਹੇਠ ਲਿਫਦੇ ਹੋਇਆਂ ਪੋਤਰੇ ਵੱਲ ਕੋਈ ਲੰਮੀ, ਲਿਸ਼ਕਦੀ ਚੀਜ਼ ਵਧਾਈ। "ਚਾਂਦੀ ਦੀ ਝਾਲ ਕੀਤੀ ਲੱਗਦੀ ਆ! ਵੇਖ ਨਾ, ਚਾਂਦੀ ਦੀ ਆ!... ਪੰਜਾਹ ਰੂਬਲ ਦੀ ਹੋਊ!..."

ਲਾਲਚ ਤੇ ਪੀੜ ਕਾਰਨ ਉਸ ਦੇ ਹੱਥ ਤੇ ਬੁੱਲ੍ਹ ਕੰਬ ਰਹੇ ਸਨ ਅਤੇ ਪੂਰਾ ਚਿਹਰਾ ਫਰਕੀ ਜਾ ਰਿਹਾ ਸੀ।

ਲਿਓਨਕਾ ਕੰਬ ਉੱਠਿਆ ਤੇ ਦਾਦੇ ਦਾ ਹੱਥ ਪਿਛਾਂਹ ਧੱਕ ਦਿੱਤਾ।

"ਏਹਨੂੰ ਲੁਕੋ ਲੈ! ਓਹ, ਬਾਬਾ, ਲੁਕੋ ਲੈ ਏਹਨੂੰ!..." ਉਸ ਨੇ ਕਾਹਲ਼ੀ ਨਾਲ਼ ਆਸ ਪਾਸ ਵੇਖ ਕੇ ਤਰਲੇ ਲੈਂਦੀ ਅਵਾਜ਼ ਵਿੱਚ ਫੁਸ ਫੁਸ ਕੀਤਾ।

"ਕੀ ਗੱਲ ਆ, ਕਮਲ਼ਿਆ? ਡਰਦੈਂ, ਲਾਡਿਆ?... ਮੈਂ ਐਵੇਂ ਖਿੜਕੀ ਵੱਲ ਤੱਕਿਆ ਹੀ ਸੀ ਤੇ ਇਹ ਉੱਥੇ ਲਮਕਦਾ ਪਿਆ ਸੀ... ਮੈਂ ਇਹਨੂੰ ਬੋਚਿਆ... ਤੇ... ਕੋਟ ਦੇ ਅੰਦਰ ਕਰ ਲਿਆ... ਤੇ ਫਿਰ ਬੂਝਿਆਂ ਵਿੱਚ ਲੁਕੋ ਦਿੱਤਾ। ਜਦੋਂ ਆਪਾਂ ਪਿੰਡੋਂ ਨਿੱਕਲ਼ੇ ਸਾਂ ਮੈਂ ਜਾਣ ਕੇ ਉਸ ਥਾਂ ਆਪਣੀ ਟੋਪੀ ਡੇਗ ਲਈ ਤੇ ਉਸ ਨੂੰ ਚੁੱਕਣ ਦੇ ਬਹਾਨੇ ਇਹ ਵੀ ਚੁੱਕ ਲਿਆ...। ਬੁੱਧੂ ਨੇ ਉਹ!... ਤੇ ਰੁਮਾਲ ਫੜ ਲਿਆ—ਆਹ ਵੇਖ!..."

ਉਸ ਨੇ ਚੀਥੜਿਆਂ ਵਿੱਚੋਂ ਕੰਬਦੇ ਹੱਥਾਂ ਨਾਲ਼ ਰੁਮਾਲ ਕੱਢਿਆ ਤੇ ਲਿਓਨਕਾ ਦੇ ਚਿਹਰੇ ਲਾਗੇ ਕਰ ਕੇ ਹਿਲਾਇਆ।

ਲਿਓਨਕਾ ਦੀਆਂ ਅੱਖਾਂ ਅੱਗੇ ਧੁੰਦ ਦਾ ਪਰਦਾ ਲੀਰੋ ਲੀਰ ਹੋ ਗਿਆ ਤੇ ਇਹ ਦ੍ਰਿਸ਼ ਆ ਗਿਆ : ਉਹ ਤੇ ਉਸ ਦਾ ਦਾਦਾ ਪਿੰਡ ਦੀ ਗਲ਼ੀ ਵਿੱਚ ਲੋਕਾਂ ਦੀਆਂ ਨਜ਼ਰਾਂ ਤੋਂ ਬਚਦੇ ਹੋਏ, ਸਹਿਮੇ ਹੋਏ ਵਾਹੋ ਦਾਹੀ ਤੁਰੇ ਜਾ ਰਹੇ ਹਨ, ਤੇ ਲਿਓਨਕਾ ਨੂੰ ਲੱਗਦਾ ਹੈ ਕਿ ਹਰ ਕਿਸੇ ਨੂੰ, ਜਿਸ ਦੀ ਵੀ ਇੱਛਾ ਹੋਵੇ ਉਹਨਾਂ ਦੋਹਾਂ ਨੂੰ ਕੁੱਟਣ ਮਾਰਨ, ਉਹਨਾਂ ਉੱਤੇ ਥੁੱਕਣ, ਉਹਨਾਂ ਨੂੰ ਗਾਲ੍ਹਾਂ ਕੱਢਣ ਦਾ ਹੱਕ ਹੈ...। ਉਹਨਾਂ ਦੇ ਆਲ਼ੇ ਦੁਆਲ਼ੇ ਦੀ ਹਰ ਚੀਜ਼—ਜੰਗਲੇ, ਘਰ, ਦਰਖ਼ਤ—ਕਿਸੇ ਅਜੀਬ ਜਿਹੀ ਧੁੰਦ ਵਿੱਚ ਹਿੱਲ ਰਹੀ ਹੈ, ਜਿਵੇਂ ਹਵਾ ਵਗ ਰਹੀ ਹੋਵੇ ਤੇ ਕਿਸੇ ਦੀਆਂ ਗੁੱਸੇ-ਭਰੀਆਂ, ਸਖ਼ਤ ਅਵਾਜ਼ਾਂ ਦੀ ਭਿਣ ਭਿਣ ਹੋ ਰਹੀ ਹੈ। ਇਸ ਔਖੇ ਰਾਹ ਦਾ ਕੋਈ ਅੰਤ ਨਹੀਂ ਹੈ, ਤੇ ਡਗਮਗਾ ਰਹੇ ਘਰਾਂ ਨੇ ਪਿੰਡ ਵਿੱਚੋਂ ਸਤੇਪੀ ਵੱਲ ਨਿੱਕਲਣ ਦਾ ਰਾਹ ਰੋਕਿਆ ਹੋਇਆ ਹੈ ਜਿਹੜੇ ਕਦੀ ਉਹਨਾਂ ਉੱਤੇ ਉਲਰਦੇ ਲੱਗਦੇ ਹਨ, ਜਿਵੇਂ ਉਹਨਾਂ ਨੂੰ ਦਰੜ ਦੇਣਾ ਚਾਹੁੰਦੇ ਹੋਣ, ਅਤੇ ਕਦੀ ਦੂਰ ਚਲੇ ਜਾਂਦੇ ਹਨ, ਜਿਨ੍ਹਾਂ ਦੀਆਂ ਕਾਲ਼ੀਆਂ ਬਾਰੀਆਂ ਉਹਨਾਂ ਦਾ ਮੂੰਹ ਚਿੜਾ ਰਹੀਆਂ ਲੱਗਦੀਆਂ ਹਨ। ਤੇ ਅਚਾਨਕ ਇੱਕ ਬਾਰੀ ਵਿੱਚੋਂ ਚੀਕ ਆਉਂਦੀ ਹੈ : "ਚੋਰ! ਚੋਰ! ਚੋਰ!..." ਲਿਓਨਕਾ ਚੋਰ-ਅੱਖ ਨਾਲ਼ ਉਸ ਬਾਰੀ ਵੱਲ ਵੇਖਦਾ ਹੈ ਜਿਸ ਵਿੱਚ ਉਸ ਨੂੰ ਉਹੀ ਕੁੜੀ ਵਿਖਾਈ ਦਿੰਦੀ ਹੈ ਜਿਸ ਨੂੰ ਰੋਂਦੀ ਹੋਈ ਨੂੰ ਵੇਖਿਆ ਸੀ ਤੇ ਜਿਸ ਦਾ ਪੱਖ ਲੈਣਾ ਚਾਹੁੰਦਾ ਸੀ। ਉਸ ਦੀ ਨਜ਼ਰ ਉਸ ਨਾਲ਼ ਟਕਰਾਈ ਤੇ ਕੁੜੀ ਨੇ ਉਸ ਨੂੰ ਆਪਣੀ ਜੀਭ ਕੱਢ ਕੇ ਵਿਖਾਈ, ਉਸ ਦੀਆਂ ਗੁੱਸੇ-ਭਰੀਆਂ ਨੀਲੀਆਂ ਅੱਖਾਂ ਨੇ ਲਿਓਨਕਾ ਨੂੰ ਸੂਈਆਂ

ਵਾਂਗ ਵਿੰਨ੍ਹ ਸੁੱਟਿਆ ਸੀ।

ਇਹ ਦ੍ਰਿਸ਼ ਲਿਓਨਕਾ ਦੀ ਯਾਦਾਸ਼ਤ ਵਿੱਚ ਉਭਰਿਆ, ਤੇ ਉਸੇ ਪਲ ਖਿੰਡ ਗਿਆ ਤੇ ਇੱਕ ਦੁਰਭਾਵੀ ਮੁਸਕਾਨ ਪਿੱਛੇ ਛੱਡ ਗਿਆ ਜਿਸ ਨਾਲ਼ ਲਿਓਨਕਾ ਨੇ ਦਾਦੇ ਦੇ ਚਿਹਰੇ ਵੱਲ ਵੇਖਿਆ।

ਦਾਦਾ ਲਗਾਤਾਰ ਕੁਝ ਬੋਲੀ ਜਾ ਰਿਹਾ ਸੀ, ਵਿੱਚ-ਵਿੱਚ ਖੰਘਣ ਲੱਗ ਜਾਂਦਾ ਸੀ, ਹੱਥ ਹਿਲਾਈ, ਸਿਰ ਮਾਰੀ ਜਾ ਰਿਹਾ ਸੀ ਤੇ ਆਪਣੇ ਚਿਹਰੇ ਦੀਆਂ ਝੁਰੜੀਆਂ ਵਿੱਚੋਂ ਨਿੱਕਲ਼ਦੀਆਂ ਪਸੀਨੇ ਦੀਆਂ ਮੋਟੀਆਂ ਮੋਟੀਆਂ ਬੂੰਦਾਂ ਨੂੰ ਪੂੰਝੀ ਜਾ ਰਿਹਾ ਸੀ।

ਲੀਰੋ ਲੀਰ ਤੇ ਪਾਟੀ ਹੋਈ ਇੱਕ ਭਾਰੀ ਬੱਦਲੀ ਨੇ ਚੰਨ ਨੂੰ ਢੱਕ ਲਿਆ ਸੀ ਤੇ ਲਿਓਨਕਾ ਨੂੰ ਦਾਦੇ ਦਾ ਚਿਹਰਾ ਬਿਲਕੁਲ ਹੀ ਵਿਖਾਈ ਨਹੀਂ ਦੇ ਰਿਹਾ ਸੀ। ਪਰ ਉਸ ਨੇ ਕਲਪਨਾ ਵਿੱਚ ਹੀ ਉਸ ਰੋਂਦੀ ਹੋਈ ਕੁੜੀ ਨੂੰ ਸੱਦ ਕੇ ਦਾਦੇ ਲਾਗੇ ਲਿਆ ਖਲ੍ਹਾਰਿਆ ਅਤੇ ਉਹਨਾਂ ਦੋਹਾਂ ਦਾ ਟਾਕਰਾ ਕੀਤਾ। ਉਸ ਦਾ ਕਮਜ਼ੋਰ, ਲੋਭੀ, ਖੁਥੜ ਦਾਦਾ ਉਸ ਰੋਂਦੀ ਹੋਈ, ਪਰ ਸਿਹਤਮੰਦ, ਅੱਲ੍ਹੜ ਤੇ ਸੋਹਣੀ ਕੁੜੀ ਲਾਗੇ, ਜਿਸ ਨੂੰ ਉਸ ਨੇ ਦੁਖੀ ਕੀਤਾ ਸੀ, ਫਜ਼ੂਲ ਅਤੇ ਲਗਭਗ ਪਰੀ-ਕਹਾਣੀ ਵਿਚਲੇ ਕਾਸ਼ਚੇਈ* ਵਰਗਾ ਹੀ ਦੁਸ਼ਟ ਤੇ ਮਲੀਨ ਲੱਗਾ। ਉਹ ਅਜਿਹਾ ਕਿਵੇਂ ਕਰ ਸਕਿਆ ? ਕਿਉਂ ਉਸ ਨੇ ਕੁੜੀ ਦਾ ਦਿਲ ਦੁਖਾਇਆ ? ਉਹ ਉਸ ਦੀ ਕੋਈ ਰਿਸ਼ਤੇਦਾਰ ਤਾਂ ਨਹੀਂ ਸੀ...

ਤੇ ਦਾਦੇ ਨੇ ਚਿੜ ਚਿੜ ਕੀਤਾ :

"ਜੇ ਸੌ ਰੂਬਲ ਜੋੜ ਲੈਂਦਾ!... ਜਾਨ ਸੌਖਿਆਂ ਨਿੱਕਲ਼ ਜਾਂਦੀ..."

"ਛੱਡ ਇਹ ਗੱਲਾਂ!..." ਲਿਓਨਕਾ ਦੇ ਅੰਦਰ ਕੋਈ ਤੂਫ਼ਾਨ ਉੱਠ ਖੜਾ ਹੋਇਆ, "ਆਪਣੀ ਜ਼ਬਾਨ ਨੂੰ ਜਿੰਦਰਾ ਮਾਰ ਲੈ! ਚੰਗਾ ਈ ਹੁੰਦਾ ਜੇ ਮਰ ਗਿਆ ਹੁੰਦੋਂ...। ਪਰ ਮਰਦਾ ਵੀ ਨਹੀਂ ਤੂੰ...। ਚੋਰੀਆਂ ਕਰਦਾ ਫਿਰਦੈਂ!..." ਲਿਓਨਕਾ ਨੇ ਰਊਂ ਰਊਂ ਕੀਤਾ ਤੇ ਕੰਬਦਾ ਹੋਇਆ ਉੱਠ ਖਲੋਤਾ। "ਤੂੰ ਬੁੱਢਿਆ ਚੋਰ ਏਂ!... ਊਈਂ-ਊਈਂ!" ਤੇ ਆਪਣਾ ਨਿੱਕਾ, ਸੁੱਕਾ ਜਿਹਾ ਘਸੁੰਨ ਵੱਟ ਕੇ ਅਚਾਨਕ ਚੁੱਪ ਕਰ ਗਏ ਦਾਦੇ ਦੇ ਨੱਕ ਲਾਗੇ ਹਿਲਾਇਆ ਤੇ ਫਿਰ ਥਾੜ ਕਰਦਾ ਜ਼ਮੀਨ ਉੱਤੇ ਬੈਠ ਗਿਆ ਤੇ ਕਚੀਚੀਆਂ ਵੱਟਦਾ ਹੋਇਆ ਆਖਦਾ ਗਿਆ : "ਤੂੰ ਇੱਕ ਨਿਆਣੀ ਕੋਲ਼ੋਂ ਰੁਮਾਲ ਚੁਰਾਇਆ... ਬੱਲੇ, ਬੜੀ ਬਹਾਦਰੀ ਕੀਤੀ ਊ!... ਧੌਲ਼ੀ ਦਾੜ੍ਹੀ ਤੇ ਆਟਾ ਖ਼ਰਾਬ...। ਅਗਲੇ ਜਹਾਨ ਜਾ ਕੇ ਵੀ ਤੇਰੇ ਪਾਪਾਂ ਦੀ ਮੈਲ਼ ਨਹੀਂ ਧੁਲਣ ਲੱਗੀ!..."

ਅਚਾਨਕ ਸਾਰੀ ਸਤੇਪੀ ਕੰਬ ਉੱਠੀ, ਅੱਖਾਂ ਚੁੰਧਿਆਉਂਦੇ ਨੀਲ਼ੇ ਭਾਂਬੜਾਂ ਵਿੱਚ ਲਿਪਟੀ ਫੈਲਣ ਲੱਗੀ...। ਜਿਸ ਹਨੇਰੇ ਵਿੱਚ ਉਹ ਡੁੱਬੀ ਪਈ ਸੀ ਉਹ ਪਲਾਂ ਛਿਣਾਂ ਵਿੱਚ ਲੋਪ ਹੋ ਗਿਆ...। ਬੱਦਲ ਗਰਜੇ ਤੇ ਉਹਨਾਂ ਦੀ ਗਰਜ ਨੇ ਧਰਤੀ ਤੇ ਆਸਮਾਨ ਨੂੰ ਵੀ ਕੰਬਾ ਦਿੱਤਾ ਜਿਸ ਉੱਤੇ ਹੁਣ ਘਨਘੋਰ ਘਟਾਵਾਂ ਉੱਡਦੀਆਂ ਜਾ ਰਹੀਆਂ ਸਨ, ਚੰਨ ਨੂੰ ਆਪਣੇ ਵਿੱਚ ਡਬੋਈ ਜਾ ਰਹੀਆਂ ਸਨ।

ਘੁੱਪ ਹਨੇਰਾ ਸੀ। ਦੂਰ ਕਿਤੇ ਬੇਅਵਾਜ਼ ਪਰ ਭਿਅੰਕਰ ਅਸਮਾਨੀ ਬਿਜਲੀ ਲਿਸ਼ਕੀ

ਤੇ ਪਲ-ਕੁ ਮਗਰੋਂ ਮਾੜੀ ਜਿਹੀ ਗਰਜ ਵੀ ਸੁਣਾਈ ਦਿੱਤੀ...। ਫਿਰ ਖ਼ਾਮੋਸ਼ੀ ਛਾ ਗਈ ਜਿਹੜੀ ਲੱਗਦਾ ਸੀ, ਕਦੇ ਭੰਗ ਨਹੀਂ ਹੋਵੇਗੀ।

ਲਿਓਨਕਾ ਨੇ ਸੂਲੀ ਦਾ ਨਿਸ਼ਾਨ ਬਣਾਇਆ। ਦਾਦਾ ਅਹਿਲ ਤੇ ਚੁੱਪ-ਚਾਪ ਬੈਠਾ ਹੋਇਆ ਸੀ ਜਿਵੇਂ ਉਸ ਦਰਖ਼ਤ ਦੇ ਤਣੇ ਨਾਲ਼ ਹੀ ਜੁੜ ਗਿਆ ਹੋਵੇ, ਜਿਸ ਨਾਲ਼ ਉਹ ਢੋਹ ਲਾ ਕੇ ਬੈਠਾ ਹੋਇਆ ਸੀ।

"ਬਾਬਾ!..." ਲਿਓਨਕਾ ਨੇ, ਬੁਰੀ ਤਰ੍ਹਾਂ ਸਹਿਮੇ ਹੋਏ ਨੇ ਬੱਦਲਾਂ ਦੀ ਹੋਰ ਗੜਗੜਾਹਟ ਹੋਣ ਦੀ ਉਡੀਕ ਵਿੱਚ ਫੁਸ ਫੁਸ ਕੀਤਾ। "ਆ, ਪਿੰਡ ਚਲੇ ਚੱਲੀਏ!"

ਅਸਮਾਨ ਮੁੜ ਕੰਬਿਆ, ਬਿਜਲੀ ਦੀ ਨੀਲੀ ਲਿਸ਼ਕ ਪਈ, ਧਰਤੀ ਨੂੰ ਕਿਸੇ ਵਿਸ਼ਾਲ, ਲੋਹ-ਸ਼ਕਤੀ ਨੇ ਝੰਜੋੜ ਸੁੱਟਿਆ, ਮਾਨੋ ਲੋਹੇ ਦੀਆਂ ਹਜ਼ਾਰਾਂ ਚਾਦਰਾਂ ਧਰਤੀ ਉੱਤੇ ਵਰ੍ਹ ਰਹੀਆਂ ਹੋਣ ਤੇ ਇੱਕ ਦੂਜੀ ਨਾਲ਼ ਵੱਜ ਰਹੀਆਂ ਹੋਣ...

"ਬਾਬਾ!..." ਲਿਓਨਕਾ ਦੀ ਚੀਕ ਨਿੱਕਲ਼ ਗਈ।

ਉਸ ਦੀ ਇਹ ਚੀਕ, ਜਿਸ ਨੂੰ ਬੱਦਲਾਂ ਦੀ ਗੜਗੜਾਹਟ ਨੇ ਮਾਂਦ ਪਾ ਦਿੱਤਾ ਸੀ, ਕਿਸੇ ਟੁੱਟੀ ਹੋਈ ਟੱਲੀ ਉੱਤੇ ਵੱਜੀ ਸੱਟ ਵਾਂਗ ਸੁਣਾਈ ਦਿੱਤੀ।

"ਹਲਾ... ਡਰ ਆਉਂਦੈ..." ਦਾਦਾ ਉਸੇ ਤਰ੍ਹਾਂ ਅਹਿਲ ਬੈਠਾ ਹੋਇਆ ਭਰੜਾਇਆ।

ਮੋਟੀਆਂ ਮੋਟੀਆਂ ਛਿੱਟਾਂ ਪੈਣ ਲੱਗ ਪਈਆਂ ਸਨ, ਜਿਨ੍ਹਾਂ ਦਾ ਸ਼ੋਰ ਏਨਾ ਰਹੱਸਮਈ ਸੀ ਮਾਨੋ ਕਿਸੇ ਗੱਲੋਂ ਚੌਕੰਨਿਆਂ ਕਰ ਰਿਹਾ ਹੋਵੇ। ਦੂਰੋਂ ਮੀਂਹ ਪੈਣ ਦੀ ਅਵਾਜ਼ ਆਉਣ ਲੱਗ ਪਈ ਸੀ ਜਿਵੇਂ ਖ਼ੁਸ਼ਕ ਧਰਤੀ ਉੱਤੇ ਕੋਈ ਵੱਡਾ ਸਾਰਾ ਝਾੜੂ ਫਿਰ ਰਿਹਾ ਹੋਵੇ—ਪਰ ਇੱਥੇ, ਜਿੱਥੇ ਦਾਦਾ ਤੇ ਪੋਤਰਾ ਬੈਠੇ ਹੋਏ ਸਨ, ਹਰ ਡਿੱਗਦੀ ਛਿੱਟ ਦੀ ਤਿੱਖੀ ਤੇ ਥੋੜ੍ਹ-ਚਿਰੀ ਅਵਾਜ਼ ਆਉਂਦੀ ਤੇ ਖੜਾਕ ਕੀਤੇ ਬਿਨਾਂ ਮਰ ਜਾਂਦੀ। ਬੱਦਲਾਂ ਦੀ ਗਰਜ ਹੋਰ ਨੇੜੇ ਆਉਂਦੀ ਜਾ ਰਹੀ ਸੀ ਤੇ ਅਸਮਾਨ ਵਿੱਚ ਬਿਜਲੀ ਅਕਸਰ ਲਿਸ਼ਕਣ ਲੱਗ ਪਈ ਸੀ।

"ਮੈਂ ਪਿੰਡ ਨਹੀਂ ਜਾਣਾ! ਮੈਨੂੰ, ਕੁੱਤੇ ਬੁੱਢੇ ਨੂੰ... ਚੋਰ ਨੂੰ... ਹੋ ਲੈਣ ਦੇ ਮੀਂਹ ਵਿੱਚ ਗੜੁੱਚ... ਗਰਜ ਮੇਰੀ ਜਾਨ ਕੱਢ ਲਵੇ!..." ਦਾਦੇ ਨੇ ਹਫ਼ਦਿਆਂ ਆਖਿਆ। "ਮੈਂ ਨਹੀਂ ਜਾਣਾ!... ਤੂੰ ਕੱਲਾ ਚਲਿਆ ਜਾ...। ਅਹੁ ਵੇਖ, ਨੇੜੇ ਹੀ ਆ ਪਿੰਡ...। ਜਾ, ਵਗ ਜਾ! ਮੈਂ ਨਹੀਂ ਚਾਹੁੰਦਾ ਤੂੰ ਏਥੇ ਬੈਠਾ ਰਹੇਂ... ਜਾ! ਨਿੱਕਲ਼ ਜਾ, ਚਲਿਆ ਜਾ!... ਚਲਿਆ ਜਾ!..."

ਦਾਦਾ ਭਰੜਾਈ, ਬੈਠੀ ਅਵਾਜ਼ ਵਿੱਚ ਚੀਕੀ ਜਾ ਰਿਹਾ ਸੀ।

"ਬਾਬਾ!... ਮੈਨੂੰ ਮਾਫ਼ੀ ਦੇ ਦੇ!..." ਦਾਦੇ ਵੱਲ ਸਰਕਦਿਆਂ ਲਿਓਨਕਾ ਨੇ ਵਾਸਤਾ ਪਾਇਆ।

"ਮੈਂ ਨਹੀਂ ਜਾਣਾ... ਕੋਈ ਮੜੀ ਮਾਫ਼ੀ ਨਹੀਂ ਦੇਣੀ...। ਸੱਤਾਂ ਸਾਲਾਂ ਤੋਂ ਮੈਂ ਤੇਰੇ ਨਾਲ਼ ਜਫਰ ਜਾਲਣ ਡਿਹਾਂ!... ਸਭ ਕੁਝ ਤੇਰੇ ਲਈ... ਤੇ ਜਿਉਂਦਾ ਵੀ ਤੇਰੇ ਲਈ ਰਿਹਾਂ। ਮੈਨੂੰ ਆਪਣੇ ਲਈ ਕਿਸ ਸ਼ੈ ਦੀ ਲੋੜ ਸੀ ?... ਤੇ ਹੁਣ ਮੈਂ ਮਰਨ ਕੰਢੇ ਪਿਆਂ... ਮਰਨ ਕੰਢੇ... ਤੇ ਤੂੰ ਮੈਨੂੰ... ਚੋਰ ਆਖਦੈਂ... ਮੈਂ ਕੀਹਦੀ ਖ਼ਾਤਰ ਚੋਰੀਆਂ ਕਰਦਾ ਰਿਹਾਂ ? ਤੇਰੀ ਖ਼ਾਤਰ... ਸਭ ਕੁਝ

ਤੇਰੀ ਖ਼ਾਤਰ...।ਲੈ, ਫੜ ਲੈ... ਫੜ ਲੈ, ਫੜ ਲੈ...।ਤੇਰਾ ਕੁਝ ਬਣਾਉਣ ਲਈ ਹੀ... ਜੋੜਦਾ ਰਿਹਾਂ... ਤੇ ਚੋਰੀਆਂ ਕਰਨੀਆਂ ਪਈਆਂ...।ਰੱਬ ਨੂੰ ਸਭ ਦੀਹਦੈ... ਉਹਨੂੰ ਪਤੈ... ਮੈਂ ਚੋਰੀਆਂ ਕਰਦਾ ਰਿਹਾਂ... ਜਾਣਦੈਂ...।ਉਹ ਆਪੇ ਮੈਨੂੰ ਸਜ਼ਾ ਦਊ।ਉਹ ਮੈਨੂੰ, ਕੁੱਤੇ ਬੁੱਢੇ ਨੂੰ ਚੋਰੀ ਕਰਨ ਲਈ ਬਖ਼ਸ਼ਣ ਨਹੀਂ ਲੱਗਾ ਤੇ ਮੈਨੂੰ ਸਜ਼ਾ ਮਿਲ ਗਈ ਆ... ਹੇ ਪਰਮਾਤਮਾ! ਚੰਗੀ ਸਜ਼ਾ ਦਿੱਤੀ ਊ ਮੈਨੂੰ!... ਹੈਂ? ਦਿੱਤੀ ਊ ਨਾ?... ਤੂੰ ਬਾਲ ਕੋਲੋਂ ਮਰਵਾਇਆ ਮੈਨੂੰ!... ਤੂੰ ਠੀਕ ਹੀ ਕੀਤੈ, ਮੇਰੇ ਦਾਤਿਆ!... ਬਿਲਕੁਲ ਠੀਕ ਕੀਤੈ!... ਤੇਰੇ ਘਰ ਵਿੱਚ ਸਦਾ ਇਨਸਾਫ ਹੁੰਦੈ, ਸੱਚਿਆ ਪਾਤਸ਼ਾਹ!... ਮੇਰੇ ਪ੍ਰਾਣ ਕੱਢ ਲੈ... ਹਾਇ!..."

ਦਾਦੇ ਦੀ ਏਨੀ ਜ਼ੋਰ ਦੀ ਲੇਰ ਨਿੱਕਲ਼ ਗਈ ਕਿ ਲਿਓਨਕਾ ਦੇ ਕਲੇਜੇ ਦਾ ਰੁੱਗ ਭਰਿਆ ਗਿਆ।

ਸਤੇਪੀ ਤੇ ਅਸਮਾਨ ਨੂੰ ਕੰਬਾ ਰਹੀ ਬੱਦਲਾਂ ਦੀ ਗੜਗੜਾਹਟ ਦੇ ਹੱਲਿਆਂ ਵਿੱਚੋਂ, ਜਿਨ੍ਹਾਂ ਨੇ ਹੁਣ ਕੁਹਰਾਮ ਮਚਾ ਦਿੱਤਾ ਹੋਇਆ ਸੀ, ਮਾਨੋ ਹਰ ਇੱਕ ਧਰਤੀ ਨੂੰ ਉਸ ਵਾਸਤੇ ਕੋਈ ਜ਼ਰੂਰੀ ਗੱਲ ਦੱਸਣਾ ਚਾਹੁੰਦਾ ਸੀ, ਤੇ ਉਹ ਸਾਰੇ ਇੱਕ ਦੂਜੇ ਨਾਲ਼ੋਂ ਵੱਧ ਕੇ ਲਗਾਤਾਰ ਖੌਰੂ ਪਾਈ ਜਾ ਰਹੇ ਸਨ।ਬਿਜਲੀ ਦੀ ਚਮਕ ਨਾਲ਼ ਲੀਰੋ ਲੀਰ ਹੋਇਆ ਆਸਮਾਨ ਕੰਬ ਰਿਹਾ ਸੀ, ਸਤੇਪੀ ਵੀ ਕੰਬ ਰਹੀ ਸੀ, ਕਦੀ ਸਾਰੀ ਦੀ ਸਾਰੀ ਨੀਲੀ ਲਾਟ ਬਣ ਜਾਂਦੀ, ਕਦੀ ਠੰਡੇ, ਬੋਝਲ, ਘਣੇ ਹਨੇਰੇ ਵਿੱਚ ਡੁੱਬ ਜਾਂਦੀ, ਜਿਹੜਾ ਉਸ ਨੂੰ ਅਜੀਬ ਤਰ੍ਹਾਂ ਛੋਟੀ ਤੇ ਸੌੜੀ ਬਣਾ ਦਿੰਦਾ। ਕਦੀ ਕਦੀ ਬਿਜਲੀ ਦੁਰੇਡੀਆਂ ਥਾਵਾਂ ਉੱਤੇ ਵੀ ਲਿਸ਼ਕਾਰਾ ਮਾਰ ਜਾਂਦੀ ਤੇ ਇਹ ਥਾਵਾਂ ਰੌਲ਼ੇ-ਗੌਲ਼ੇ ਤੇ ਗਰਜ ਤੋਂ ਕਿਧਰੇ ਦੂਰ ਉੱਡਦੀਆਂ ਜਾਂਦੀਆਂ ਲੱਗਦੀਆਂ ਸਨ...

ਮੀਂਹ ਤੇਜ਼ ਹੋ ਗਿਆ ਸੀ ਤੇ ਬਿਜਲੀ ਦੀ ਲਿਸ਼ਕ ਵਿੱਚ ਇਸਪਾਤ ਵਾਂਗ ਚਮਕਦੀਆਂ ਇਸ ਦੀਆਂ ਛਿੱਟਾਂ ਪਿੰਡ ਵਿੱਚ ਜਗ ਰਹੀਆਂ ਬੱਤੀਆਂ ਦੀ ਸੁਖਾਵੀਂ ਟਿਮਟਿਮਾਹਟ ਨੂੰ ਰੋਕ ਰਹੀਆਂ ਸਨ।

ਲਿਓਨਕਾ ਡਰ, ਠੰਡ ਤੇ ਦਾਦੇ ਦੀਆਂ ਲੇਰਾਂ ਤੋਂ ਉਸ ਅੰਦਰ ਜਨਮੇ ਗੁਨਾਹ ਤੇ ਤਰਸਯੋਗ ਅਹਿਸਾਸ ਨਾਲ਼ ਸੁੰਨ ਹੋਇਆ ਪਿਆ ਸੀ।ਉਹ ਅੱਖਾਂ ਟੱਡ ਕੇ ਸਾਹਮਣੇ ਵੇਖ ਰਿਹਾ ਸੀ, ਤੇ ਓਦੋਂ ਵੀ, ਜਦੋਂ ਉਸ ਦੇ ਗੜੁੱਚ ਸਿਰ ਵਿੱਚੋਂ ਵਹਿ ਰਹੀਆਂ ਪਾਣੀ ਦੀਆਂ ਬੂੰਦਾਂ ਉਹਨਾਂ ਵਿੱਚ ਪੈ ਰਹੀਆਂ ਸਨ ਤਾਂ ਵੀ ਉਹਨਾਂ ਨੂੰ ਬਿਲਕੁਲ ਝਮਕਦਾ ਨਹੀਂ ਸੀ ਅਤੇ ਸ਼ਕਤੀਸ਼ਾਲੀ ਅਵਾਜ਼ਾਂ ਵਿੱਚ ਡੁੱਬਦੀ ਜਾਂਦੀ ਦਾਦੇ ਦੀ ਅਵਾਜ਼ ਨੂੰ ਗਹੁ ਨਾਲ਼ ਸੁਣ ਰਿਹਾ ਸੀ।

ਲਿਓਨਕਾ ਨੂੰ ਭਾਸਿਆ ਕਿ ਦਾਦਾ ਅਹਿਲ ਬੈਠਾ ਹੋਇਆ ਸੀ ਪਰ ਇਹ ਵੀ ਮਹਿਸੂਸ ਕੀਤਾ ਕਿ ਦਾਦੇ ਨੇ ਕਿਤੇ ਅਲੋਪ ਹੋ ਜਾਣਾ, ਉਸ ਨੂੰ ਇਕੱਲੇ ਨੂੰ ਛੱਡ ਕੇ ਕਿਧਰੇ ਨਿੱਕਲ਼ ਜਾਣਾ ਚਾਹੀਦਾ ਸੀ।ਉਹ ਅਣਜਾਣੇ ਹੀ ਦਾਦੇ ਵੱਲ ਥੋੜ੍ਹਾ ਥੋੜ੍ਹਾ ਸਰਕੀ ਗਿਆ ਤੇ ਜਦੋਂ ਉਸ ਦੀ ਅਰਕ ਨੂੰ ਛੁਹਿਆ ਤਾਂ ਕੋਈ ਭਿਆਨਕ ਵਰਤਾਰਾ ਵਾਪਰ ਸਕਣ ਦੇ ਅਹਿਸਾਸ ਨਾਲ਼ ਕੰਬ ਉੱਠਿਆ...

ਅਸਮਾਨ ਨੂੰ ਚੀਰਦੀ ਹੋਈ ਬਿਜਲੀ ਦੀ ਲਿਸ਼ਕ ਦਰਖ਼ਤ ਦੀਆਂ ਟਾਹਣੀਆਂ ਉੱਤੋਂ

ਵਗ ਰਹੇ ਪਾਣੀ ਹੇਠ ਸੁੰਗੜ ਕੇ ਇੱਕ ਦੂਜੇ ਦੇ ਲਾਗੇ ਬੈਠੇ ਕਮਜ਼ੋਰ ਕਾਇਆਂ ਵਾਲ਼ੇ ਇਹਨਾਂ ਦੋਹਾਂ ਜਣਿਆਂ ਉੱਤੇ ਚਾਨਣ ਸੁੱਟ ਜਾਂਦੀ...

ਦਾਦਾ ਹਵਾ ਵਿੱਚ ਹੱਥ ਮਾਰਦਾ, ਬੁੜ-ਬੁੜ ਕਰਦਾ ਥੱਕ ਤੇ ਹਫ਼ ਗਿਆ ਸੀ।

ਲਿਓਨਕਾ ਨੇ ਉਸ ਦੇ ਚਿਹਰੇ ਵੱਲ ਵੇਖਿਆ ਤੇ ਡਰ ਨਾਲ਼ ਉਸ ਦੀ ਚੀਕ ਨਿੱਕਲ਼ ਗਈ...। ਅਸਮਾਨੀ ਬਿਜਲੀ ਦੀ ਨੀਲੀ ਲਿਸ਼ਕ ਪੈਣ ਵੇਲੇ ਚਿਹਰਾ ਮੁਰਦਾ ਲੱਗਦਾ ਸੀ ਤੇ ਘੁੰਮਦੀਆਂ, ਸੋਗੀ ਅੱਖਾਂ ਵਿੱਚ ਪਾਗਲਪਨ ਝਲਕਦਾ ਸੀ।

"ਬਾਬਾ!... ਆ ਚੱਲੀਏ!..." ਉਹ ਦਾਦੇ ਦੇ ਗੋਡਿਆਂ ਉੱਤੇ ਆਪਣਾ ਸਿਰ ਰੱਖ ਕੇ ਕੂਕਿਆ।

ਦਾਦਾ ਉਸ ਉੱਤੇ ਝੁਕਿਆ, ਉਸ ਨੂੰ ਆਪਣੇ ਪਤਲੇ, ਹੱਡਲ ਹੱਥਾਂ ਵਿੱਚ ਲਿਆ ਤੇ ਘੁੱਟ ਕੇ ਆਪਣੇ ਨਾਲ਼ ਲਾ ਲਿਆ ਤੇ ਉਸ ਨੂੰ ਜੱਫੀ ਪਾਉਂਦਿਆਂ ਉਸ ਦੀ, ਕੁੜਿੱਕੀ ਵਿੱਚ ਫਸ ਗਏ ਕਿਸੇ ਬਘਿਆੜ ਦੇ ਹਵਾਂਕਣ ਵਾਂਗ ਕੰਨ ਪਾੜਵੀਂ ਲੇਰ ਨਿੱਕਲ਼ ਗਈ।

ਇਸ ਚੀਕ ਕਾਰਨ ਕਮਲ਼ਾ ਹੋਇਆ ਲਿਓਨਕਾ ਦਾਦੇ ਦੀਆਂ ਬਾਹਾਂ ਵਿੱਚੋਂ ਨਿੱਕਲ਼ ਕੇ ਉੱਠ ਖਲੋਤਾ ਤੇ ਉੱਥੋਂ ਤੀਰ ਹੋ ਗਿਆ, ਉਸ ਦੀਆਂ ਅੱਖਾਂ ਟੱਡੀਆਂ ਹੋਈਆਂ ਸਨ, ਜਿਹੜੀਆਂ ਬਿਜਲੀ ਲਿਸ਼ਕਣ ਕਾਰਨ ਚੁੰਧਿਆ ਜਾਂਦੀਆਂ ਸਨ, ਡਿੱਗਦਾ ਢਹਿੰਦਾ ਉਹ ਹਨੇਰੇ ਵੱਲ ਵਧਦਾ ਜਾ ਰਿਹਾ ਸੀ, ਜਿਹੜਾ ਨੀਲੀ ਲਿਸ਼ਕ ਕਾਰਨ ਕਦੇ ਦੂਰ ਹੋ ਜਾਂਦਾ, ਕਦੇ ਫਿਰ ਡਰ ਨਾਲ਼ ਪਾਗਲ ਹੋਏ ਉਸ ਮੁੰਡੇ ਨੂੰ ਪੂਰੀ ਤਰ੍ਹਾਂ ਘੇਰ ਲੈਂਦਾ।"

ਤੇ ਵਰ੍ਹ ਰਿਹਾ ਮੀਂਹ ਠੰਡੀ, ਸੋਗੀ ਤੇ ਨੀਰਸ ਅਵਾਜ਼ ਪੈਦਾ ਕਰ ਰਿਹਾ ਸੀ। ਤੇ ਇੰਝ ਲੱਗ ਰਿਹਾ ਸੀ ਕਿ ਮੀਂਹ ਦੇ ਸ਼ੋਰ, ਬਿਜਲੀ ਦੀ ਲਿਸ਼ਕ ਤੇ ਬੱਦਲਾਂ ਦੀ ਚਿੜਚਿੜੀ ਗੜਗੜਾਹਟ ਤੋਂ ਇਲਾਵਾ ਸਤੇਪੀ ਵਿੱਚ ਕਦੇ ਵੀ ਕੁਝ ਨਹੀਂ ਹੁੰਦਾ ਸੀ।

ਅਗਲੇ ਦਿਨ ਸਵੇਰੇ ਕੁਝ ਮੁੰਡੇ ਦੌੜਦੇ ਹੋਏ ਪਿੰਡੋਂ ਬਾਹਰ ਗਏ ਪਰ ਉਸੇ ਵੇਲੇ ਮੁੜ ਆਏ ਅਤੇ ਇਹ ਕਹਿ ਕੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਕਿ ਉਹਨਾਂ ਨੇ ਪੋਪਲਰ ਹੇਠਾਂ ਕੱਲ੍ਹ ਵਾਲ਼ੇ ਮੰਗਤੇ ਨੂੰ ਵੇਖਿਆ ਹੈ ਤੇ ਉਸ ਦਾ ਗਲਾ ਕੱਟਿਆ ਹੋਣਾ, ਕਿਉਂਕਿ ਉਸ ਦੇ ਲਾਗੇ ਹੀ ਛੁਰਾ ਪਿਆ ਹੋਇਆ ਹੈ।

ਪਰ ਜਦੋਂ ਸਿਆਣੀ ਉਮਰ ਦੇ ਕਜ਼ਾਕ ਉੱਥੇ ਗਏ ਤਾਂ ਪਤਾ ਲੱਗਾ ਕਿ ਗੱਲ ਏਦਾਂ ਨਹੀਂ ਸੀ। ਬੁੱਢਾ ਅਜੇ ਵੀ ਜਿਊਂਦਾ ਸੀ। ਜਦੋਂ ਲੋਕ ਉਸ ਦੇ ਨੇੜੇ ਗਏ ਤਾਂ ਉਸ ਨੇ ਭੁੰਜਿਓਂ ਉੱਠਣ ਦਾ ਯਤਨ ਕੀਤਾ, ਪਰ ਉੱਠ ਨਾ ਸਕਿਆ। ਉਸ ਵਿੱਚ ਬੋਲਣ ਦੀ ਤਾਕਤ ਨਹੀਂ ਰਹੀ ਸੀ ਪਰ ਉਸ ਦੀਆਂ ਹੰਝੂਆਂ-ਭਰੀਆਂ ਅੱਖਾਂ ਸਭਨਾਂ ਕੋਲ਼ੋਂ ਕੁਝ ਪੁੱਛ ਰਹੀਆਂ ਸਨ, ਭੀੜ ਵਿੱਚੋਂ ਕੁਝ ਢੂੰਡ ਰਹੀਆਂ ਸਨ, ਪਰ ਉਸ ਨੂੰ ਕੁਝ ਵੀ ਨਾ ਲੱਭਾ, ਕਿਸੇ ਨੇ ਵੀ ਕੋਈ ਜਵਾਬ ਨਾ ਦਿੱਤਾ।

ਤਰਕਾਲੀਂ ਬੁੱਢਾ ਚੱਲ ਵਸਿਆ ਤੇ ਜਿੱਥੋਂ ਲਿਆਂਦਾ ਗਿਆ ਸੀ ਉੱਥੇ ਹੀ, ਪੋਪਲਰ ਦੇ ਦਰਖ਼ਤ ਹੇਠ ਦਫ਼ਨਾ ਦਿੱਤਾ ਗਿਆ ਕਿਉਂਕਿ ਇਹ ਸਮਝਿਆ ਗਿਆ ਕਿ ਉਸ ਨੂੰ ਪਿੰਡ ਦੇ ਕਬਰਿਸਤਾਨ ਵਿੱਚ ਨਹੀਂ ਦਫ਼ਨਾਇਆ ਜਾ ਸਕਦਾ ਸੀ ਕਿਉਂਕਿ, ਪਹਿਲੀ ਗੱਲ–ਉਹ

ਓਪਰਾ ਬੰਦਾ ਸੀ, ਦੂਜੀ ਗੱਲ—ਉਹ ਚੋਰ ਸੀ, ਤੇ ਤੀਜੀ ਗੱਲ—ਉਹ ਭੁੱਲਾਂ ਬਖ਼ਸ਼ਾਉਣ ਤੋਂ ਬਿਨਾਂ ਹੀ ਮਰ ਗਿਆ ਸੀ। ਉਸ ਦੇ ਲਾਗੇ ਹੀ ਛੁਰਾ ਤੇ ਰੁਮਾਲ ਪਏ ਮਿਲੇ ਸਨ।

ਦੋ ਜਾਂ ਤਿੰਨ ਦਿਨਾਂ ਮਗਰੋਂ ਲਿਓਨਕਾ ਵੀ ਮਿਲ ਗਿਆ।

ਪਿੰਡ ਤੋਂ ਥੋੜ੍ਹੀ ਜਿਹੀ ਦੂਰੀ ਉੱਤੇ ਇੱਕ ਟੋਏ ਉੱਪਰ ਕਾਵਾਂ ਦੀ ਇੱਕ ਡਾਰ ਚੱਕਰ ਕੱਟੀ ਜਾ ਰਿਹਾ ਸੀ ਤੇ ਜਦੋਂ ਲੋਕ ਵੇਖਣ ਲਈ ਉੱਥੇ ਅੱਪੜੇ ਤਾਂ ਉੱਥੇ ਉਹ ਮੁੰਡਾ ਬਾਹਾਂ ਪਸਾਰੀ ਮੂਧੇ-ਮੂੰਹ ਚਿੱਕੜ ਵਿੱਚ ਪਿਆ ਹੋਇਆ ਸੀ, ਜਿਹੜਾ ਮੀਂਹ ਪੈਣ ਕਾਰਨ ਟੋਏ ਵਿੱਚ ਇਕੱਠਾ ਹੋ ਗਿਆ ਸੀ।

ਲੋਕਾਂ ਨੇ ਪਹਿਲਾਂ ਤਾਂ ਇਹ ਫੈਸਲਾ ਕੀਤਾ ਕਿ ਉਸ ਨੂੰ ਪਿੰਡ ਦੇ ਕਬਰਿਸਤਾਨ ਵਿੱਚ ਦਫ਼ਨਾ ਦਿੱਤਾ ਜਾਵੇ ਕਿਉਂਕਿ ਉਹ ਅਜੇ ਬੱਚਾ ਹੀ ਸੀ, ਪਰ ਕੁਝ ਸੋਚਣ ਵਿਚਾਰਨ ਮਗਰੋਂ ਉਸ ਨੂੰ ਵੀ ਉਸ ਦੇ ਦਾਦੇ ਲਾਗੇ ਕਾਲ਼ੇ ਪੋਪਲਰ ਹੇਠਾਂ ਦਫ਼ਨਾ ਦਿੱਤਾ। ਉੱਥੇ ਮਿੱਟੀ ਦੀ ਢੇਰੀ ਬਣਾ ਕੇ ਉਸ ਉੱਤੇ ਪੱਥਰ ਦੀ ਬੇਡੌਲ ਜਿਹੀ ਸੂਲੀ ਗੱਡ ਦਿੱਤੀ।

(1893 )

# ਸਫ਼ਰ ਦਾ ਸਾਥੀ

ਉਸ ਨਾਲ਼ ਮੇਰੀ ਮੁਲਾਕਾਤ ਓਦੇਸਯਾ ਦੀ ਬੰਦਰਗਾਹ ਵਿੱਚ ਹੋਈ। ਤਿੰਨ ਦਿਨ ਲਗਾਤਾਰ ਹੌਲ਼ੀ-ਹੌਲ਼ੀ ਡੋਲਦਾ ਹੋਇਆ, ਕੱਦਵਾਰ ਸਰੀਰ ਅਤੇ ਸੋਹਣੀ ਜਿਹੀ ਦਾਹੜੀ 'ਚ ਜੜਿਆ ਉਹ ਪੂਰਬੀ ਚਿਹਰਾ ਮੇਰਾ ਧਿਆਨ ਖਿੱਚਦਾ ਰਿਹਾ। ਅਕਸਰ ਹੀ ਉਹ ਮੇਰੇ ਸਾਹਮਣੇ ਪ੍ਰਗਟ ਹੋ ਜਾਂਦਾ ਸੀ। ਮੈਂ ਉਸਨੂੰ ਗ੍ਰੇਨਾਈਟ ਦੇ ਪੱਥਰ ਨਾਲ਼ ਬਣੇ ਹੋਏ ਜਹਾਜ਼ੀ ਘਾਟ ਦੇ ਕਿਨਾਰੇ 'ਤੇ ਘੰਟਿਆਂ-ਬੱਧੀ ਖਲੋਤੇ ਨੂੰ ਆਪਣੀ ਸੋਟੀ ਦਾ ਸਿਰਾ ਚਬਾਉਂਦੇ ਹੋਏ, ਆਪਣੀਆਂ ਕਾਲ਼ੀਆਂ, ਬਦਾਮ ਦੇ ਅਕਾਰ ਦੀਆਂ ਅੱਖਾਂ ਨਾਲ਼ ਬੰਦਰਗਾਹ ਦੇ ਪਾਣੀ ਵਿੱਚ ਉੱਛਲ਼ਦੀਆਂ ਲਹਿਰਾਂ ਨੂੰ ਆਲਸੀ ਜਿਹੇ ਢੰਗ ਨਾਲ਼ ਟਿਕਟਿਕੀ ਬੰਨ੍ਹ ਕੇ ਨਿਹਾਰਦੇ ਹੋਏ ਨੂੰ ਤੱਕਦਾ ਰਹਿੰਦਾ ਦਿਨ 'ਚ ਦਰਜਨਾਂ ਵਾਰ ਉਹ ਮੇਰੇ ਕੋਲ਼ੋਂ ਟਹਿਲਦਾ ਹੋਇਆ ਲੰਘਦਾ ਅਤੇ ਇੰਝ ਜਾਪਦਾ ਸੀ ਜਿਵੇਂ ਇਸ ਦੁਨੀਆਂ ਵਿੱਚ ਉਸਦੀ ਪ੍ਰਵਾਹ ਕਰਨ ਵਾਲ਼ਾ ਕੋਈ ਨਹੀਂ ਹੈ। ਕੌਣ ਹੈ ਇਹ ਆਦਮੀ ?... ਮੈਂ ਉਸ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਆਪਣੇ ਭਾਣੇ, ਉਹ, ਜਿਵੇਂ ਮੇਰੀ ਦਿਲਚਸਪੀ ਹੋਰ ਜ਼ਿਆਦਾ ਵਧਾਉਣ ਦੀ ਗਰਜ਼ ਨਾਲ਼, ਮੇਰੇ ਸਾਹਮਣੇ ਜ਼ਿਆਦਾ ਤੋਂ ਜ਼ਿਆਦਾ, ਅਕਸਰ ਆਉਣ ਲੱਗ ਪਿਆ ਤੇ ਆਖ਼ਿਰਕਾਰ ਮੈਂ ਉਸਦੇ ਫ਼ੈਸ਼ਨੇਬਲ ਹਲਕੇ ਚੈੱਕ ਦੇ ਸੂਟ ਅਤੇ ਕਾਲ਼ੇ ਟੋਪ, ਉਸਦੇ ਸੁਸਤ ਕਦਮ ਅਤੇ ਆਲਸ ਨਾਲ਼ ਭਰੀਆਂ ਹੋਈਆਂ ਨਜ਼ਰਾਂ ਨੂੰ ਦੇਖਦੇ ਰਹਿਣ ਦਾ ਆਦੀ ਹੋ ਗਿਆ ਅਤੇ ਕਾਫ਼ੀ ਦੂਰੋਂ ਹੀ ਉਸਨੂੰ ਪਛਾਨਣ ਲੱਗ ਪਿਆ ਸਾਂ। ਇੱਥੇ ਬੰਦਰਗਾਹ ਵਿੱਚ ਸੀਟੀਆਂ ਵਜਾਉਂਦੇ ਸਟੀਮਰ ਅਤੇ ਇੰਜ਼ਣ, ਜੰਜੀਰਾਂ ਦੀ ਛਣਕਾਰ, ਗੋਦੀ ਮਜ਼ਦੂਰਾਂ ਦਾ ਰੌਲ਼ਾ-ਰੱਪਾ, ਗੋਦੀ ਦੀ ਬੇਕਾਬੂ, ਚਾਰੇ ਪਾਸੇ ਮੱਚੀ ਹਫੜਾ-ਦਫੜੀ ਵਿਚਕਾਰ ਉਸਦੀ ਹਾਜ਼ਰੀ ਬਿਲਕੁਲ ਹੀ ਬੇਮੇਲ਼ ਜਿਹੀ ਜਾਪਦੀ ਸੀ। ਸਾਰੇ ਹੀ ਇੱਥੇ ਕਿਸੇ ਨਾ ਕਿਸੇ ਕੰਮ ਵਿੱਚ ਰੁੱਝੇ ਹੋਏ ਸਨ, ਥੱਕੇ ਹੋਏ ਸਨ, ਭੱਜੇ ਨੱਠੇ ਫਿਰਦੇ ਸਨ, ਗੰਦੇ-ਮੰਦੇ ਸਨ, ਪਸੀਨੇ ਨਾਲ਼ ਗੜੁੱਚ, ਚੀਕਾਂ ਮਾਰ ਰਹੇ ਸਨ ਅਤੇ ਗਾਲ਼ਾਂ ਕੱਢ ਰਹੇ ਸਨ। ਇਸ ਸਾਰੇ ਘੜਮੱਸ ਵਿੱਚ ਇੱਕ ਆਦਮੀ ਦਾ ਅਜਨਬੀ ਅਕਾਰ ਆਪਣਾ ਬੁਰੀ ਤਰ੍ਹਾਂ ਅੱਕਿਆ ਹੋਇਆ ਮੂੰਹ ਲਟਕਾਈ ਟਹਿਲਦਾ ਰਹਿੰਦਾ ਸੀ— ਹਰ ਚੀਜ਼ ਤੋਂ ਅਲੱਗ, ਟੁੱਟਿਆ ਹੋਇਆ ਅਤੇ ਕੱਲ-ਮੁਕੱਲਾ।

ਆਖ਼ਿਰਕਾਰ ਚੌਥੇ ਦਿਨ, ਦੁਪਹਿਰ ਦੇ ਖਾਣੇ ਦੀ ਛੁੱਟੀ ਸਮੇਂ, ਉਸਦੇ ਨੇੜੇ ਪਹੁੰਚਦੇ

ਹੋਏ ਮੈਂ ਤੈਅ ਕੀਤਾ ਕਿ ਹੁਣ ਜੋ ਵੀ ਹੋਣਾ ਹੈ ਹੋ ਜਾਵੇ, ਮੈਂ ਇਹ ਜਾਣ ਕੇ ਹੀ ਰਹਾਂਗਾ ਕਿ ਇਹ ਆਦਮੀ ਹੈ ਕੌਣ। ਕੁੱਝ ਰੋਟੀਆਂ ਅਤੇ ਇੱਕ ਤਰਬੂਜ਼ ਲੈ ਕੇ ਉਸਤੋਂ ਥੋੜ੍ਹਾ ਜਿਹਾ ਦੂਰ ਬੈਠਕੇ ਮੈਂ ਉਸਨੂੰ ਦੇਖਦੇ ਹੋਏ ਖਾਣਾ ਸ਼ੁਰੂ ਕਰ ਦਿੱਤਾ ਅਤੇ ਇਹ ਸੋਚਣ ਲੱਗਿਆ ਕਿ ਗੱਲਬਾਤ ਸ਼ੁਰੂ ਕਰਨ ਦਾ ਸਭ ਤੋਂ ਵੱਧ ਨਿਮਰਤਾ ਭਰਿਆ ਤਰੀਕਾ ਕੀ ਹੋ ਸਕਦਾ ਹੈ।

ਉਹ ਚਾਹ ਦੀਆਂ ਪੇਟੀਆਂ ਦੇ ਇੱਕ ਢੇਰ ਨਾਲ਼ ਢੋਅ ਲਾ ਕੇ ਖੜ੍ਹਾ ਸੀ ਅਤੇ ਐਵੇਂ ਹੀ ਚਾਰੇ ਪਾਸੇ ਦੇਖ ਰਿਹਾ ਸੀ ਤੇ ਆਪਣੀ ਸੋਟੀ ’ਤੇ ਇਸ ਢੰਗ ਨਾਲ਼ ਉਂਗਲ਼ੀਆਂ ਫੇਰ ਰਿਹਾ ਸੀ ਜਿਵੇਂ ਉਹ ਕੋਈ ਬੰਸਰੀ ਹੋਵੇ।

ਮੇਰੇ ਵਰਗੇ ਆਵਾਰਾ ਰੰਗ-ਰੂਪ ਵਾਲ਼ੇ ਆਦਮੀ ਲਈ, ਜਿਸਦੀ ਪਿੱਠ ’ਤੇ ਗੋਦੀ ਮਜ਼ਦੂਰ ਦਾ ਪੱਟਾ ਸੀ ਅਤੇ ਜਿਸਦੇ ਕੱਪੜੇ ਪੂਰੀ ਤਰ੍ਹਾਂ ਕੋਲੇ ਦੀ ਧੂੜ ਦੇ ਦਾਗ਼-ਧੱਬਿਆਂ ਨਾਲ਼ ਭਰੇ ਹੋਏ ਸਨ, ਅਜਿਹੇ ਬਾਂਕੇ-ਛੈਲੇ ਗੱਭਰੂ ਨਾਲ਼ ਗੱਲਬਾਤ ਸ਼ੁਰੂ ਕਰਨ ਦੀ ਪਹਿਲ ਕਰਨੀ ਜ਼ਰਾ ਮੁਸ਼ਕਿਲ ਸੀ। ਪਰ, ਹੈਰਾਨੀ ਨਾਲ਼ ਮੈਂ ਦੇਖਿਆ ਕਿ ਉਸਦੀਆਂ ਅੱਖਾਂ ਮੇਰੇ ਉੱਤੇ ਹੀ ਟਿਕੀਆਂ ਹੋਈਆਂ ਹਨ ਅਤੇ ਉਹ ਜਿਵੇਂ ਇੱਕ ਨਫ਼ਰਤ ਭਰੀ, ਲਾਲਚੀ, ਪਾਸ਼ਵਿਕ ਲਪਟ ਨਾਲ਼ ਹੁਣ ਸਜੀਵ ਹੋ ਗਈਆਂ ਹਨ। ਮੈਂ ਇਸ ਫੈਸਲੇ ’ਤੇ ਪਹੁੰਚਿਆ ਕਿ ਮੇਰੀ ਉਤਸੁਕਤਾ ਦੀ ਚੀਜ਼ ਭੁੱਖ ਦੀ ਮਾਰੀ ਹੋਈ ਹੈ ਅਤੇ, ਚਾਰੇ ਪਾਸੇ ਛੇਤੀ-ਛੇਤੀ ਨਜ਼ਰ ਮਾਰਨ ਤੋਂ ਬਾਅਦ, ਮੈਂ ਸੁਹਿਰਦਤਾ ਨਾਲ਼ ਉਸਨੂੰ ਪੁੱਛਿਆ:

“ਕੁਝ ਖਾਣਾ ਚਾਹੁੰਦੇ ਹੋ ?”

ਉਹ ਤ੍ਰਭਕਿਆ, ਹਾਬੜਿਆਂ ਵਾਂਗ ਉਸਨੇ ਜਿਵੇਂ ਸੈਂਕੜੇ ਤੰਦਰੁਸਤ ਦੰਦ ਬਾਹਰ ਕੱਢ ਲਏ ਅਤੇ, ਮੇਰੇ ਵਾਂਗ ਹੀ, ਸ਼ੱਕੀ ਨਜ਼ਰਾਂ ਨਾਲ਼ ਆਪਣੇ ਆਲ਼ੇ-ਦੁਆਲ਼ੇ ਦੇਖਣ ਲੱਗ ਪਿਆ।

ਕਿਸੇ ਦਾ ਵੀ ਸਾਡੇ ਵੱਲ ਧਿਆਨ ਨਹੀਂ ਸੀ। ਮੈਂ ਉਸਨੂੰ ਅੱਧਾ ਤਰਬੂਜ਼ ਅਤੇ ਰੋਟੀ ਦਾ ਇੱਕ ਟੁਕੜਾ ਫੜਾ ਦਿੱਤਾ। ਉਸਨੇ ਇਹ ਚੀਜ਼ਾਂ ਝਪਟ ਲਈਆਂ ਤੇ ਟੋਕਰਿਆਂ ਦੀ ਇੱਕ ਢੇਰੀ ਪਿੱਛੇ ਚੌਂਕੜੀ ਮਾਰ ਕੇ ਬੈਠਦਾ ਹੋਇਆ ਮੇਰੀਆਂ ਨਜ਼ਰਾਂ ਤੋਂ ਓਹਲੇ ਹੋ ਗਿਆ। ਕਦੇ-ਕਦੇ ਉਸਦਾ ਸਿਰ ਥੋੜ੍ਹੀ ਦੇਰ ਲਈ ਉੱਭਰਦਾ ਅਤੇ ਉਸਦਾ ਪਿੱਛੇ ਸਰਕਿਆ ਹੋਇਆ ਟੋਪ ਅਤੇ ਧੁੱਪ ’ਚ ਝੁਲਸਿਆ ਮੱਥਾ ਦਿਖਾਈ ਦਿੰਦਾ। ਉਸਦਾ ਚਿਹਰਾ ਚੌੜੀ ਮੁਸਕਾਨ ਨਾਲ਼ ਚਮਕ ਰਿਹਾ ਸੀ ਅਤੇ ਇਹ ਗੱਲ ਤਾਂ ਬਿਹਤਰ ਉਹੀ ਜਾਣਦਾ ਸੀ ਕਿ ਉਹ, ਇੱਕ ਸੈਕਿੰਡ ਲਈ ਵੀ ਬੁਰਕੀ ਚਬਾਉਣੀ ਰੋਕੇ ਬਿਨਾਂ ਮੇਰੇ ਵੱਲ ਦੇਖਦਾ ਹੋਇਆ ਅੱਖਾਂ ਕਿਉਂ ਝਪਕਾਈ ਜਾ ਰਿਹਾ ਸੀ। ਮੈਂ ਉਸਨੂੰ ਇਸ਼ਾਰੇ ਨਾਲ਼ ਮੇਰੀ ਉਡੀਕ ਕਰਨ ਲਈ ਕਿਹਾ ਅਤੇ ਹੋਰ ਗੋਸ਼ਤ ਲੈਣ ਚਲਾ ਗਿਆ। ਗੋਸ਼ਤ ਖਰੀਦ ਕੇ ਮੈਂ ਵਾਪਸ ਆਇਆ, ਉਸਨੂੰ ਦਿੱਤਾ ਅਤੇ ਟੋਕਰੀ ਦੀ ਢੇਰੀ ਕੋਲ਼ ਇਸ ਢੰਗ ਨਾਲ਼ ਖਲੋ ਗਿਆ ਜਿਵੇਂ ਕਿਸੇ ਰਾਹ ਜਾਂਦੇ ਆਦਮੀ ਕੋਲ਼ੋਂ ਉਸਨੂੰ ਲੁਕਾਉਣ ਲਈ ਖੜ੍ਹਾ ਹੋਵਾਂ। ਓਨੀਂ ਦੇਰ ਤੱਕ ਉਹ ਇਸ ਤਰ੍ਹਾਂ ਆਪਣੇ ਆਲ਼ੇ-ਦੁਆਲ਼ੇ ਦੇਖਦਾ ਰਿਹਾ ਜਿਵੇਂ ਸ਼ਿਕਾਰ ਕਰਨ ਵਾਲ਼ਾ ਕੋਈ ਜਾਨਵਰ ਆਪਣੇ ਕੀਤੇ ਸ਼ਿਕਾਰ ਕੋਲ਼ ਖੜ੍ਹਾ ਹੋ ਕੇ ਦੇਖਦਾ ਹੈ, ਜਿਵੇਂ ਉਸਨੂੰ ਇਹ ਡਰ ਹੋਵੇ ਕਿ ਕੋਈ ਉਸਤੋਂ ਇਹ ਖੋਹ ਨਾ ਲਵੇ : ਹੁਣ

ਉਸਨੇ ਅਰਾਮ ਨਾਲ਼ ਖਾਣਾ ਸ਼ੁਰੂ ਕੀਤਾ, ਫਿਰ ਵੀ ਉਹ ਐਨੀ ਜਲਦੀ-ਜਲਦੀ ਅਤੇ ਐਨੇ ਲਾਲਚੀ ਢੰਗ ਨਾਲ਼ ਖਾ ਰਿਹਾ ਸੀ ਕਿ ਮੇਰੇ ਲਈ ਬੁਰੀ ਤਰ੍ਹਾਂ ਭੁੱਖੇ ਇਸ ਆਦਮੀ ਨੂੰ ਦੇਖਣਾ ਮੁਸ਼ਕਿਲ ਹੋ ਗਿਆ ਅਤੇ ਮੈਂ ਉਸਦੇ ਵੱਲ ਪਿੱਠ ਕਰ ਲਈ।

"ਧੰਨਵਾਦ! ਬਹੁਤ ਧੰਨਵਾਦ ਤੇਰਾ!" ਉਸਨੇ ਮੇਰਾ ਮੋਢਾ ਫੜ ਕੇ ਝੰਜੋੜਿਆ, ਫਿਰ ਮੇਰਾ ਹੱਥ ਫੜ੍ਹ ਲਿਆ, ਉਸਨੂੰ ਜ਼ੋਰ ਨਾਲ਼ ਘੁੱਟਿਆ ਅਤੇ ਫਿਰ ਇਸ ਤਰ੍ਹਾਂ ਹਿਲਾਉਣ ਲੱਗਿਆ ਕਿ ਮੇਰੇ ਹੱਥ ਦੁਖਣ ਲੱਗ ਪਏ।

ਪੰਜਾਂ ਮਿੰਟਾਂ ਦੇ ਅੰਦਰ-ਅੰਦਰ ਉਹ ਆਪਣੀ ਕਹਾਣੀ ਸੁਣਾਉਣੀ ਸ਼ੁਰੂ ਕਰ ਚੁੱਕਿਆ ਸੀ।

ਉਹ ਇੱਕ ਜਾਰਜਿਆਈ ਸੀ, ਪ੍ਰਿੰਸ ਸ਼ੈਕਰੋ ਤਾਦਜ਼ੇ, ਆਪਣੇ ਪਿਓ ਦੀ ਇਕਲੌਤੀ ਔਲਾਦ ਸੀ। ਉਸਦਾ ਬਾਪ ਕੁਤੈਸੀ ਦਾ ਇੱਕ ਅਮੀਰ ਜਿਮੀਂਦਾਰ ਸੀ। ਉਹ ਟ੍ਰਾਂਸ-ਕਾਕੇਸ਼ੀਆਈ ਰੇਲਵੇ ਦੇ ਕਿਸੇ ਸਟੇਸ਼ਨ 'ਤੇ ਕਲਰਕ ਦੀ ਨੌਕਰੀ ਕਰਦਾ ਸੀ ਅਤੇ ਇੱਕ ਦੋਸਤ ਨਾਲ਼ ਰਹਿੰਦਾ ਸੀ। ਉਹ ਦੋਸਤ ਅਚਾਨਕ ਗਾਇਬ ਹੋ ਗਿਆ ਅਤੇ ਆਪਣੇ ਨਾਲ਼ ਪ੍ਰਿੰਸ ਸ਼ੈਕਰੋ ਦਾ ਸਾਰਾ ਪੈਸਾ ਅਤੇ ਕੀਮਤੀ ਸਮਾਨ ਵੀ ਲੈ ਗਿਆ। ਫਿਰ ਇਹ ਪ੍ਰਿੰਸ ਉਸਦਾ ਖੁਰਾ-ਖੋਜ਼ ਨੱਪਣ ਲਈ ਨਿੱਕਲ਼ਿਆ, ਇਤਫ਼ਾਕ ਨਾਲ਼ ਉਸਨੇ ਸੁਣਿਆ ਕਿ ਉਸਦੇ ਦੋਸਤ ਨੇ ਬਾਤੂਮੀ ਦੀ ਟਿਕਟ ਲਈ ਸੀ। ਪ੍ਰਿੰਸ ਸ਼ੈਕਰੋ ਨੇ ਫੌਰਨ ਉਸਦਾ ਪਿੱਛਾ ਕੀਤਾ। ਪਰ ਬਾਤੂਮੀ ਵਿੱਚ ਇਹ ਪਤਾ ਲੱਗਿਆ ਕਿ ਉਸਦਾ ਦੋਸਤ ਓਦੇਸਯਾ ਚਲੇ ਗਿਆ ਸੀ। ਫਿਰ ਪ੍ਰਿੰਸ ਸ਼ੈਕਰੋ ਕਿਸੇ ਵਾਨੋ ਸਵਾਨਿਦਜ਼ੇ ਨਾਮਕ ਹਜ਼ਾਮ ਨੂੰ ਮਿਲ਼ਿਆ— ਉਹ ਵੀ ਇਕ ਦੋਸਤ ਸੀ ਜਿਹੜਾ ਉਸਦਾ ਹੀ ਹਾਣੀ ਸੀ ਪਰ ਉਸਦਾ ਕੱਦ-ਕਾਠ ਉਹਦੇ ਵਰਗਾ ਨਹੀਂ ਸੀ। ਉਸਨੇ ਉਸ ਦੋਸਤ ਤੋਂ ਉਸਦਾ ਪਾਸਪੋਰਟ ਉਧਾਰ ਲਿਆ ਅਤੇ ਓਦੇਸਯਾ ਆ ਗਿਆ। ਇੱਥੇ ਆ ਕੇ ਉਸਨੇ ਪੁਲਿਸ ਨੂੰ ਚੋਰੀ ਦੀ ਸੂਚਨਾ ਦਿੱਤੀ, ਉਹਨਾਂ ਨੇ ਉਸ ਨਾਲ਼ ਚੋਰ ਦਾ ਪਤਾ ਲਗਾ ਲੈਣ ਦਾ ਵਾਅਦਾ ਕੀਤਾ, ਉਸਨੇ ਦੋ ਹਫ਼ਤਿਆਂ ਤੱਕ ਉਡੀਕ ਕੀਤੀ, ਖਾਣ-ਪੀਣ ਵਿੱਚ ਆਪਣਾ ਸਾਰਾ ਪੈਸਾ ਖ਼ਰਚ ਦਿੱਤਾ ਅਤੇ ਹੁਣ ਇਹ ਦੂਜਾ ਦਿਨ ਸੀ ਜਦੋਂ ਕਿ ਅੰਨ ਦਾ ਇੱਕ ਦਾਣਾ ਵੀ ਉਸਨੂੰ ਖਾਣ ਨੂੰ ਨਹੀਂ ਸੀ ਮਿਲ਼ਿਆ।

ਮੈਂ ਉਸਦੀ ਕਹਾਣੀ ਸੁਣੀ ਜਿਹੜੀ ਗਾਲ਼ਾਂ ਤੇ ਮਿਹਣਿਆਂ ਨਾਲ਼ ਭਰਪੂਰ ਸੀ, ਉਸਨੂੰ ਦੇਖਿਆ, ਉਸਦਾ ਯਕੀਨ ਕੀਤਾ ਅਤੇ ਫਿਰ ਇਸ ਮੁੰਡੇ ਲਈ ਮੈਨੂੰ ਅਫ਼ਸੋਸ ਹੋਇਆ— ਉਹ ਵੀਹਾਂ ਤੋਂ ਥੋੜਾ ਉੱਪਰ ਸੀ ਅਤੇ ਐਨਾ ਭੋਲ਼ਾ ਸੀ ਕਿ ਇਸ ਤੋਂ ਘੱਟ ਹੀ ਲੱਗਦਾ ਸੀ। ਉਹ ਵਾਰ-ਵਾਰ ਅਤੇ ਭਾਰੀ ਗੁੱਸੇ ਨਾਲ਼ ਉਸ ਮਜ਼ਬੂਤ ਦੋਸਤੀ ਦਾ ਹਵਾਲਾ ਦੇ ਰਿਹਾ ਸੀ ਜਿਸਨੇ ਉਸਨੂੰ ਉਸ ਚੋਰ ਨਾਲ਼ ਬੰਨ੍ਹ ਕੇ ਰੱਖਿਆ ਹੋਇਆ ਸੀ, ਜਿਸਨੇ ਉਸਦੀਆਂ ਉਹ ਸਾਰੀਆਂ ਚੀਜ਼ਾਂ ਚੋਰੀ ਕਰ ਲਈਆਂ ਸਨ, ਜਿਹਨਾਂ ਲਈ ਸ਼ੈਕਰੋ ਦਾ ਪੱਥਰ-ਦਿਲ ਬਾਪ "ਡੱਗਾ" ਨਾਲ਼ ਨਿਰਸੰਦੇਹ ਉਸਦੀ "ਗਰਦਨ ਵੱਢ ਦਿੰਦਾ", ਜੇਕਰ ਉਸਨੇ ਉਹ ਚੀਜ਼ਾਂ ਮੁੜ ਹਾਸਲ ਨਾ ਕੀਤੀਆਂ ਤਾਂ! ਮੈਂ ਸੋਚਿਆ ਕਿ ਜੇ ਕਿਸੇ ਨੇ ਇਸਦੀ ਮੱਦਦ ਨਾ ਕੀਤੀ ਤਾਂ ਇਹ ਲਾਲਚੀ ਸ਼ਹਿਰ ਇਸ ਮੁੰਡੇ ਨੂੰ ਖਾ ਜਾਵੇਗਾ। ਮੈਂ ਜਾਣਦਾ ਸਾਂ ਕਿ ਪਹਿਲਾਂ ਕਿੰਨੇ ਹੀ ਤੁੱਛ ਕਾਰਨਾਂ

ਕਰਕੇ ਕੰਗਾਲਾਂ ਦੀ ਅਬਾਦੀ ਵਿੱਚ ਵਾਧਾ ਹੋ ਜਾਇਆ ਕਰਦਾ ਸੀ, ਅਤੇ ਇੱਥੇ ਪ੍ਰਿੰਸ ਸ਼ੈਕਰੋ ਲਈ ਪੂਰਾ ਮੌਕਾ ਸੀ ਕਿ ਉਹ ਉਸ ਲਾਇਕ ਪਰ ਮੁਸ਼ਕਿਲ ਨਾਲ਼ ਹੀ ਇੱਜ਼ਤ ਬਖ਼ਸ਼ੇ ਜਾਣ ਵਾਲ਼ੇ ਸਮਾਜਿਕ ਸਮੂਹ ਵਿੱਚ ਸ਼ਾਮਿਲ ਹੋ ਜਾਵੇ। ਮੈਂ ਸ਼ੈਕਰੋ ਨੂੰ ਸੁਝਾਅ ਦਿੱਤਾ ਕਿ ਸਾਨੂੰ ਪੁਲਿਸ ਦੇ ਪ੍ਰਮੁੱਖ ਅਧਿਕਾਰੀ ਕੋਲ਼ ਜਾਣਾ ਚਾਹੀਦਾ ਹੈ ਅਤੇ ਉਸਨੂੰ ਇੱਕ ਟਿਕਟ ਲੈ ਕੇ ਦੇਣ ਲਈ ਕਹਿਣਾ ਚਾਹੀਦਾ ਹੈ। ਪਰ ਉਹ ਉਲਝਣ ਜਿਹੀ ਵਿੱਚ ਫਸਿਆ ਜਾਪਿਆ, ਉਸਨੇ ਕਿਹਾ ਕਿ ਉਹ ਨਹੀਂ ਜਾਵੇਗਾ। ਕਿਉਂ ? ਫਿਰ ਪਤਾ ਲੱਗਿਆ ਕਿ ਉਸਨੇ ਮਕਾਨ-ਮਾਲਿਕ ਨੂੰ ਆਪਣੇ ਰਹਿਣ ਦੀ ਜਗ੍ਹਾ ਦਾ ਕਿਰਾਇਆ ਨਹੀਂ ਦਿੱਤਾ ਸੀ ਅਤੇ ਪੈਸਾ ਮੰਗਣ 'ਤੇ ਕਿਸੇ ਨਾਲ਼ ਮਾਰ-ਕੁਟਾਈ ਵੀ ਕੀਤੀ ਸੀ; ਉਦੋਂ ਤੋਂ ਹੀ ਉਹ ਲੁਕ-ਛਿਪ ਕੇ ਰਹਿ ਰਿਹਾ ਸੀ ਅਤੇ ਸ਼ਾਇਦ ਠੀਕ ਹੀ, ਇਹ ਮੰਨ ਕੇ ਚੱਲ ਰਿਹਾ ਸੀ ਕਿ ਕਿਰਾਇਆ ਨਾ ਦੇਣ ਲਈ ਅਤੇ ਕੁੱਟ-ਮਾਰ ਕਰਨ ਲਈ ਪੁਲਿਸ ਉਸਨੂੰ ਧੰਨਵਾਦ ਨਹੀਂ ਕਹੇਗੀ। ਗੱਲਾਂ ਦੀ ਗੱਲ ਇਹ ਕਿ ਉਸਨੂੰ ਇਹ ਵੀ ਯਾਦ ਨਹੀਂ ਆ ਰਿਹਾ ਸੀ ਕਿ ਉਸਨੇ ਇੱਕ, ਦੋ, ਤਿੰਨ ਜਾਂ ਚਾਰ ਜਾਂ ਫਿਰ ਕਿੰਨੇ ਘਸੁੰਨ ਰਸੀਦ ਕੀਤੇ ਸਨ।

ਇਸ ਗੱਲ ਨੇ ਹਲਾਤ ਹੋਰ ਵੀ ਉਲ਼ਝਾ ਦਿੱਤੇ। ਮੈਂ ਫੈਸਲਾ ਕੀਤਾ ਕਿ ਮੈਂ ਆਪਣੀ ਮੌਜੂਦਾ ਨੌਕਰੀ ਕਰਦਾ ਰਹਾਂਗਾ ਜਦੋਂ ਤੱਕ ਕਿ ਐਨੇ ਪੈਸੇ ਨਾ ਕਮਾ ਲਵਾਂ ਕਿ ਉਸਨੂੰ ਬਾਤੂਮੀ ਵਾਪਸ ਭੇਜ ਸਕਾਂ, ਪਰ— ਅਫ਼ਸੋਸ !— ਇਹ ਕਾਫ਼ੀ ਲੰਮੀ ਪ੍ਰਕਿਰਿਆ ਜਾਪਣ ਲੱਗੀ ਕਿਉਂਕਿ ਬਾਅਦ ਵਿੱਚ ਪਤਾ ਲੱਗਿਆ ਕਿ ਭੁੱਖ ਦਾ ਸਵਾਦ ਚੱਖ ਲੈਣ ਤੋਂ ਬਾਅਦ, ਸ਼ੈਕਰੋ ਹੁਣ ਤਿੰਨ ਜਾਂ ਇਸ ਤੋਂ ਵੀ ਜ਼ਿਆਦਾ ਵਾਰ ਖਾਣਾ ਖਾਣ ਲੱਗ ਪਿਆ ਸੀ।

ਉਹਨੀਂ ਦਿਨੀਂ, ਅਕਾਲ-ਪ੍ਰਭਾਵਿਤ ਖੇਤਰਾਂ ਤੋਂ ਕਾਫ਼ੀ ਲੋਕਾਂ ਦੇ ਆ ਜਾਣ ਕਾਰਨ ਪੱਲੇਦਾਰੀ ਵਿੱਚ ਦਿਹਾੜੀ ਬਹੁਤ ਘੱਟ ਮਿਲ਼ਦੀ ਸੀ ਅਤੇ ਸਾਡੇ ਵਿੱਚੋਂ, ਜਿਹੜੇ ਅੱਸੀ ਕੋਪੇਕ ਮੈਂ ਕਮਾਉਂਦਾ ਸਾਂ, ਉਸ ਵਿੱਚੋਂ ਸੱਠ ਅਸੀਂ ਆਪਣੇ ਖਾਣ-ਪੀਣ ਵਿੱਚ ਖ਼ਰਚ ਦਿੰਦੇ ਸਾਂ। ਇਸ ਤੋਂ ਬਿਨਾਂ, ਪ੍ਰਿੰਸ ਨਾਲ਼ ਮੁਲਾਕਾਤ ਤੋਂ ਪਹਿਲਾਂ ਮੈਂ ਕ੍ਰੀਮੀਆ ਜਾਣ ਦਾ ਫੈਸਲਾ ਕਰ ਚੁੱਕਿਆ ਸਾਂ ਅਤੇ ਓਦੇਸਯਾ ਵਿੱਚ ਹੋਰ ਜ਼ਿਆਦਾ ਦੇਰ ਰੁਕਣ ਦੀ ਮੇਰੀ ਕੋਈ ਇੱਛਾ ਨਹੀਂ ਸੀ। ਇਸ ਲਈ ਮੈਂ ਪ੍ਰਿੰਸ ਸ਼ੈਕਰੋ ਨੂੰ ਇਹ ਸਲਾਹ ਦਿੱਤੀ ਕਿ ਉਹ ਤੇ ਮੈਂ ਦੋਨੇ ਇਕੱਠੇ ਪੈਦਲ ਇਹਨਾਂ ਸ਼ਰਤਾਂ ਅਧੀਨ ਚੱਲਾਂਗੇ: ਜੇਕਰ ਤਿਫ਼ਲਿਸ ਤੱਕ ਜਾਣ ਲਈ ਮੈਂ ਉਸ ਲਈ ਕੋਈ ਸਫ਼ਰ ਦਾ ਸਾਥੀ ਨਾ ਲੱਭ ਸਕਿਆ ਤਾਂ ਮੈਂ ਖੁਦ ਉਸਦੇ ਨਾਲ਼ ਜਾਵਾਂਗਾ, ਪਰ ਜੇ ਕੋਈ ਮਿਲ਼ ਗਿਆ ਤਾਂ ਅਸੀਂ ਆਪਣੇ-ਆਪਣੇ ਰਾਹ ਪੈ ਜਾਵਾਂਗੇ।

ਪ੍ਰਿੰਸ ਨੇ ਆਪਣੇ ਵਧੀਆ ਬੂਟਾਂ ਵੱਲ, ਆਪਣੇ ਟੋਪ, ਪਤਲੂਨ ਵੱਲ ਨਜ਼ਰ ਫੇਰੀ, ਜੈਕੇਟ ਥਪਥਪਾਈ, ਥੋੜੀ ਦੇਰ ਸੋਚਿਆ, ਕਈ ਵਾਰ ਠੰਢੀ ਸਾਹ ਭਰੀ, ਅਖ਼ੀਰ ਵਿੱਚ ਹਾਮੀ ਭਰ ਦਿੱਤੀ। ਇਸ ਤਰ੍ਹਾਂ ਹੋਇਆ ਇਹ ਕਿ ਮੈਂ ਤੇ ਉਹ ਇਕੱਠੇ ਪੈਦਲ ਓਦੇਸਯਾ ਤੋਂ ਤਿਫ਼ਲਿਸ ਲਈ ਤੁਰ ਪਏ।

2.

ਖ਼ੇਰਸਾਨ ਪਹੁੰਚਣ ਤੱਕ ਮੈਂ ਆਪਣੇ ਸਾਥੀ ਨੂੰ ਮੂਰਖ, ਅਸੱਭਿਆ ਨੌਜਵਾਨ ਵਜੋਂ ਜਾਨਣ ਲੱਗ ਪਿਆ ਸਾਂ, ਜਿਹੜਾ ਬੇਹੱਦ ਅਗਿਆਨੀ ਸੀ, ਜਦੋਂ ਢਿੱਡ ਭਰਿਆ ਹੋਵੇ ਤਾਂ ਖ਼ੁਸ਼ ਰਹਿੰਦਾ ਸੀ ਅਤੇ ਭੁੱਖ ਲੱਗੀ ਹੋਵੇ ਤਾਂ ਤਰਸਯੋਗ ਬਣ ਜਾਂਦਾ ਸੀ। ਮੈਂ ਉਸਨੂੰ ਇੱਕ ਤਾਕਤਵਰ, ਖ਼ੁਸ਼ਮਿਜ਼ਾਜ਼ ਜਾਨਵਰ ਵਜੋਂ ਦੇਖਿਆ।

ਰਾਹ ਵਿੱਚ ਉਸਨੇ ਮੈਨੂੰ ਕਾਕੇਸ਼ੀਆ ਬਾਰੇ, ਜਾਰਜਿਆਈ-ਜ਼ਿਮੀਂਦਾਰਾਂ ਦੀ ਜੀਵਨ-ਸ਼ੈਲੀ ਬਾਰੇ, ਉਹਨਾਂ ਦੇ ਮਨੋਰੰਜਨ ਦੇ ਤੌਰ-ਤਰੀਕਿਆਂ ਅਤੇ ਸਾਧਨਾਂ ਬਾਰੇ ਅਤੇ ਕਿਸਾਨਾਂ ਪ੍ਰਤੀ ਉਹਨਾਂ ਦੇ ਰਵੱਈਏ ਬਾਰੇ ਦੱਸਿਆ। ਉਸਦੇ ਕਿੱਸੇ ਦਿਲਚਸਪ ਸਨ, ਉਹਨਾਂ ਵਿੱਚ ਆਪਣਾ ਇੱਕ ਵਚਿੱਤਰ, ਭਿਆਨਕ ਸੁਹੱਪਣ ਰਮਿਆ ਹੋਇਆ ਸੀ, ਪਰ ਉਹਨਾਂ ਨੇ ਮੇਰੇ ਸਾਹਮਣੇ ਕਿੱਸਾ ਸੁਣਾਉਣ ਵਾਲ਼ੀ ਨਿਰੀ ਸਪੱਸ਼ਟਵਾਦੀ ਸ਼ਖਸ਼ੀਅਤ ਦਾ ਅਕਸ ਖੜ੍ਹਾ ਕਰ ਦਿੱਤਾ ਸੀ। ਮਿਸਾਲ ਵਜੋਂ ਉਸਨੇ ਮੈਨੂੰ ਇਹ ਕਹਾਣੀ ਸੁਣਾਈ:

ਇੱਕ ਅਮੀਰ ਪ੍ਰਿੰਸ ਦੇ ਗੁਆਂਢੀ ਇੱਕ ਦਾਅਵਤ ਵਿੱਚ ਉਸਦੇ ਘਰ ਇਕੱਠੇ ਹੋਏ; ਉਹਨਾਂ ਨੇ ਸ਼ਰਾਬ ਪੀਤੀ, ਚੁਰੇਕ ਅਤੇ ਸ਼ਾਸ਼ਲਿਕ ਖਾਧਾ, ਲਵਾਸ਼ ਰੋਟੀ ਅਤੇ ਚੌਲ਼ਾਂ ਦਾ ਪੁਲਾਅ ਖਾਧਾ ਅਤੇ ਫਿਰ ਪ੍ਰਿੰਸ ਨੇ ਉਹਨਾਂ ਨੂੰ ਆਪਣਾ ਤਬੇਲਾ ਦੇਖਣ ਦਾ ਸੱਦਾ ਦਿੱਤਾ। ਘੋੜਿਆਂ 'ਤੇ ਜ਼ੀਨਾਂ ਕਸੀਆਂ ਗਈਆਂ। ਪ੍ਰਿੰਸ ਨੇ ਸਭ ਤੋਂ ਵਧੀਆ ਘੋੜਾ ਚੁਣਿਆ ਅਤੇ ਉਸਨੂੰ ਘਾਹ 'ਤੇ ਸਰਪਟ ਭਜਾਉਣ ਲੱਗਿਆ। ਉਹ ਇੱਕ ਦਲੇਰ ਸਟੈਲਿਅਨ ਸੀ! ਮਹਿਮਾਨਾਂ ਨੇ ਉਸਦੇ ਸ਼ਾਹੀ ਤੌਰ-ਤਰੀਕੇ ਅਤੇ ਰਫ਼ਤਾਰ ਦੀ ਸ਼ਲਾਘਾ ਕੀਤੀ ਅਤੇ ਪ੍ਰਿੰਸ ਨੇ ਘੋੜਾ ਇੱਕ ਵਾਰ ਫਿਰ ਸਰਪਟ ਭਜਾ ਲਿਆ, ਪਰ ਅਚਾਨਕ ਇੱਕ ਕਿਸਾਨ ਆਪਣੇ ਸਫ਼ੈਦ ਘੋੜੇ 'ਤੇ ਸਵਾਰ ਬਿਜਲੀ ਵਾਂਗੂੰ ਉਸ ਘਾਹ ਦੇ ਮੈਦਾਨ ਵਿੱਚ ਆ ਵੜਿਆ ਅਤੇ ਪ੍ਰਿੰਸ ਦੇ ਘੋੜੇ 'ਤੋਂ ਅੱਗੇ ਨਿੱਕਲ਼ ਗਿਆ— ਉਸਤੋਂ ਅੱਗੇ ਨਿੱਕਲ਼ ਗਿਆ ਅਤੇ... ਮਾਣ ਨਾਲ਼ ਹੱਸਿਆ। ਪ੍ਰਿੰਸ ਨੂੰ ਆਪਣੇ ਸਾਰੇ ਮਹਿਮਾਨਾਂ ਸਾਹਵੇਂ ਸ਼ਰਮਿੰਦਗੀ ਸਹਿਣੀ ਪਈ!...ਉਸਦੇ ਭਰਵੱਟੇ ਸੁੰਗੜ ਕੇ ਇੱਕਠੇ ਹੋ ਗਏ, ਉਸਨੇ ਇਸ਼ਾਰਾ ਕਰਕੇ ਕਿਸਾਨ ਨੂੰ ਆਪਣੇ ਕੋਲ਼ ਬੁਲਾਇਆ ਅਤੇ ਜਦੋਂ ਉਹ ਘੋੜੇ 'ਤੇ ਸਵਾਰ ਹੋਇਆ ਕੋਲ਼ ਪਹੁੰਚਿਆ ਤਾਂ ਉਸਨੇ ਆਪਣੀ ਕਟਾਰ ਦੇ ਇੱਕ ਹੀ ਵਾਰ ਨਾਲ਼ ਉਸਦਾ ਸਿਰ ਧੜ ਨਾਲ਼ੋ ਅਲੱਗ ਕਰ ਦਿੱਤਾ ਅਤੇ ਉਸਦੇ ਘੋੜੇ ਦੇ ਕੰਨ 'ਤੇ ਪਿਸਤੌਲ ਰੱਖ ਕੇ ਗੋਲ਼ੀ ਮਾਰ ਦਿੱਤੀ ਅਤੇ ਫਿਰ ਉਹ ਮੈਜਿਸਟ੍ਰੇਟ ਕੋਲ਼ ਗਿਆ ਅਤੇ ਉਸਨੂੰ ਦੱਸ ਦਿੱਤਾ ਕਿ ਉਸਨੇ ਕੀ ਕੀਤਾ ਸੀ। ਉਸਨੂੰ ਬਾਮੁਸ਼ੱਕਤ ਕੈਦ ਦੀ ਸਜ਼ਾ ਹੋਈ।

ਸ਼ੈਕਰੋ ਨੇ ਮੈਨੂੰ ਇਹ ਸਾਰਾ ਕੁੱਝ ਪ੍ਰਿੰਸ ਨਾਲ਼ ਹਮਦਰਦੀ ਦੇ ਅੰਦਾਜ਼ ਵਿੱਚ ਦੱਸਿਆ। ਮੈਂ ਉਸਦੇ ਅੱਗੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਮਾਮਲੇ ਵਿੱਚ ਉਸਦੀ ਹਮਦਰਦੀ ਬੇਕਾਰ ਹੈ, ਪਰ ਉਸਨੇ ਉਲਟਾ ਮੈਨੂੰ ਹੀ ਅਕਲ ਦੇਣਾ ਬਿਹਤਰ ਸਮਝਿਆ।

"ਪ੍ਰਿੰਸ ਬੌਤ ਘਟ ਹੈਂ, ਕਿਸਾਨ ਬੌਤ ਸਾਰੇ ਹੈਂ। ਏਕ ਕਿਸਾਨ ਲਈ ਕਿਸੀ ਪ੍ਰਿੰਸ ਨੂੰ ਸਜ਼ਾ ਦੇਣੀ ਨਹੀਂ ਚਾਈਏ। ਏਕ ਕਿਸਾਨ ਕੀ ਏ ? ਓ।" ਸ਼ੈਕਰੋ ਨੇ ਇੱਕ ਮਿੱਟੀ ਦੇ ਡਲ਼ੇ ਵੱਲ ਇਸ਼ਾਰਾ ਕੀਤਾ। "ਪਰ ਏਕ ਪ੍ਰਿੰਸ—ਏਕ ਪ੍ਰਿੰਸ ਏਕ ਤਾਰੇ ਜੈਸਾ ਹੁੰਦਾ ਏ!"

ਅਸੀਂ ਬਹਿਸ ਕਰਨ ਲੱਗ ਪਏ। ਉਹ ਆਪੇ ਤੋਂ ਬਾਹਰ ਹੋ ਗਿਆ। ਗੁੱਸਾ ਆਉਣ 'ਤੇ ਉਹ ਕਿਸੇ ਭੇੜੀਏ ਵਾਂਗ ਆਪਣੇ ਦੰਦ ਬਾਹਰ ਕੱਢ ਲੈਂਦਾ ਅਤੇ ਉਸਦਾ ਪੂਰਾ ਚਿਹਰਾ ਕਰੂਰ ਲੱਗਣ ਲੱਗ ਪੈਂਦਾ।

"ਚੁੱਪ, ਮਕਸਿਮ ! ਤੂੰ ਅਜੇ ਤੱਕ ਕਦੀ ਕਾਕੇਸ਼ੀਆ ਵਿੱਚ ਰਏ ਨੀਂ ਹੋ !" ਉਹ ਮੇਰੇ ਉੱਤੇ ਚੀਕਣ ਲੱਗ ਪੈਂਦਾ।

ਮੇਰੀਆਂ ਤਰਕਸੰਗਤ ਦਲੀਲਾਂ ਉਸਦੀ ਆਪਮੁਹਾਰਤਾ ਸਾਹਵੇਂ ਬਲਹੀਣ ਸਾਬਿਤ ਹੁੰਦੀਆਂ ਸਨ ਅਤੇ ਜਿਹੜੀ ਚੀਜ਼ ਮੈਨੂੰ ਚਿੱਟੇ ਦਿਨ ਵਾਂਗ ਸਾਫ਼ ਦਿਖਾਈ ਦਿੰਦੀ ਸੀ, ਉਸ 'ਤੇ ਉਸਨੂੰ ਮੱਲੋ-ਮੱਲੀ ਹਾਸਾ ਆ ਜਾਂਦਾ ਸੀ। ਜਦੋਂ ਮੈਂ ਆਪਣੀਆਂ ਧਾਰਨਾਵਾਂ ਦੀ ਉੱਤਮਤਾ ਦੇ ਪ੍ਰਮਾਣਾਂ ਦੁਆਰਾ ਉਸਦਾ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕਰਦਾ ਤਾਂ ਮੇਰੀਆਂ ਗੱਲਾਂ ਬਾਰੇ ਸੋਚਣ ਲਈ ਤਿਆਰ ਹੋਣ ਦੀ ਥਾਂ ਉਹ ਕਹਿੰਦਾ:

"ਤੂੰ ਬਸ ਕਾਕੇਸ਼ੀਆ ਜਾ ਔਰ ਊਥੇ ਰਹਿਣ ਦੀ ਕੋਸਿਸ ਕਰ। ਤੂੰ ਦੇਖਨਾ— ਮੈਂ ਜੋ ਕਹਿ ਰਿਆਂ ਉਈ ਸਹੀ ਏ। ਸਾਰੇ ਊਥੇ ਇਹੀ ਕਰਦੇ, ਇਸ ਲਈ ਏ ਹੀ ਸਹੀ ਹੋਵੇਗਾ। ਮੈਂ ਤੇਰੀ ਗੱਲ ਕਿਉਂ ਮੰਨਾਂ ਜਦੋਂ ਕਿ ਤੂੰ ਈ ਕੱਲਾ ਐਸਾ ਹੈਂ ਜੋ ਇਹ ਕਹਿੰਦਾ ਹੈ ਕਿ ਚੀਜ਼ਾਂ ਐਸੀਆਂ ਨਹੀਂ ਹਨ ਔਰ ਹਜ਼ਾਰੋਂ ਲੋਗ ਕਹਿੰਦੇ ਹਨ ਕਿ — ਇਸੇ ਤਰ੍ਹਾਂ ਹੁੰਦਾ ਏ ?"

ਫਿਰ ਮੈਂ ਬਹਿਸ ਕਰਨੀ ਬੰਦ ਕਰ ਦਿੰਦਾ, ਇਹ ਸੋਚਦੇ ਹੋਏ ਕਿ ਇੱਕ ਆਦਮੀ ਜਿਸਦਾ ਯਕੀਨ ਹੈ ਕਿ ਜ਼ਿੰਦਗੀ, ਚਾਹੇ ਉਹ ਜਿਹੋ ਜਿਹੀ ਵੀ ਹੋਵੇ ਹਮੇਸ਼ਾ ਸਹੀ ਹੁੰਦੀ ਹੈ ਅਤੇ ਨਿਆਂ-ਪੂਰਣ ਹੁੰਦੀ ਹੈ, ਉਸਨੂੰ ਸ਼ਬਦ ਨਹੀਂ ਸਿਰਫ਼ ਤੱਥ ਹੀ ਕਾਇਲ ਕਰ ਸਕਦੇ ਹਨ। ਮੈਂ ਚੁੱਪ ਹੋ ਜਾਂਦਾ ਅਤੇ ਉਹ ਹੋਰ ਵੀ ਜੋਸ਼ ਵਿੱਚ ਆ ਕੇ, ਆਪਣੇ ਬੁੱਲਾਂ ਨਾਲ਼ ਪੁਚਕਾਰਦਾ ਹੋਇਆ ਕਾਕੇਸ਼ੀਆ ਦੀ ਬਰਬਰ ਖ਼ੂਬਸੂਰਤੀ ਨਾਲ਼ ਭਰਪੂਰ, ਅੱਗ ਅਤੇ ਮੌਲਿਕਤਾ ਨਾਲ਼ ਭਰਪੂਰ ਜ਼ਿੰਦਗੀ ਦੀਆਂ ਗੱਲਾਂ ਕਰਨ ਲੱਗ ਪੈਂਦਾ। ਇਹ ਕਹਾਣੀਆਂ ਇੱਕ ਪਾਸੇ ਤਾਂ ਮੈਨੂੰ ਦਿਲਚਸਪ ਅਤੇ ਮਨੋਰੰਜ਼ਕ ਲੱਗਦੀਆਂ ਸਨ, ਦੂਜੇ ਪਾਸੇ ਆਪਣੀ ਕਰੂਰਤਾ ਅਤੇ ਅਮੀਰਾਂ ਤੇ ਪਾਸ਼ਵਿਕ ਤਾਕਤ ਪ੍ਰਤੀ ਸ਼ਰਧਾਭਾਵ ਕਾਰਨ ਮੇਰੇ ਅੰਦਰ ਸਖ਼ਤ ਰੋਹ ਅਤੇ ਗੁੱਸਾ ਵੀ ਪੈਦਾ ਕਰਦੀਆਂ ਸਨ। ਇੱਕ ਵਾਰ ਮੈਂ ਉਸਨੂੰ ਪੁੱਛਿਆ ਕਿ ਕੀ ਉਹ ਈਸਾ ਮਸੀਹ ਦੀਆਂ ਸਿੱਖਿਆਵਾਂ ਬਾਰੇ ਜਾਣਦਾ ਹੈ ?

"ਬਿਲਕੁਲ !" ਉਸਨੇ ਮੋਢੇ ਸੁੰਗੇੜਦੇ ਹੋਏ ਜਵਾਬ ਦਿੱਤਾ।

ਪੁੱਛਣ 'ਤੇ ਪਤਾ ਲੱਗਿਆ ਕਿ ਉਹ ਜੋ ਕੁਝ ਵੀ ਜਾਣਦਾ ਹੈ ਉਹ ਇਸ ਤਰ੍ਹਾਂ ਹੈ: ਈਸਾ ਨਾਮ ਦਾ ਇੱਕ ਆਦਮੀ ਸੀ ਜਿਹੜਾ ਯਹੂਦੀਆਂ ਦੇ ਕਨੂੰਨਾਂ ਖਿਲਾਫ਼ ਉੱਠ ਖੜਾ ਹੋਇਆ ਅਤੇ ਇਸ ਲਈ ਯਹੂਦੀਆਂ ਨੇ ਉਸਨੂੰ ਸੂਲ਼ੀ 'ਤੇ ਚੜ੍ਹਾ ਦਿੱਤਾ। ਪਰ ਉਹ ਈਸ਼ਵਰ ਸੀ ਤੇ ਇਸ ਲਈ ਸੂਲ਼ੀ 'ਤੇ ਮਰਿਆ ਨਹੀਂ ਸਗੋਂ ਸਵਰਗ ਚਲਾਇਆ ਗਿਆ ਅਤੇ ਫਿਰ ਉਸਨੇ ਲੋਕਾਂ ਦੀ ਜ਼ਿੰਦਗੀ ਦਾ ਇੱਕ ਨਵਾਂ ਕਨੂੰਨ ਦਿੱਤਾ।

"ਕਿਹੋ ਜਿਹਾ ਕਨੂੰਨ ?" ਮੈਂ ਪੁੱਛਿਆ।

ਉਸਨੇ ਮਜ਼ਾਕ ਉਡਾਉਣ ਵਾਲ਼ੀ ਮੁਸਕਰਾਹਟ ਨਾਲ਼ ਮੇਰੇ ਵੱਲ ਦੇਖਿਆ ਅਤੇ

ਪੁੱਛਿਆ: "ਤੂੰ ਇਸਾਈ ਏ ? ਤੋ ਠੀਕ ਐ। ਮੈਂ ਬੀ ਇਸਾਈ। ਇਸ ਧਰਤੀ 'ਤੇ ਲਗਭਗ ਸਾਰੇ ਇਸਾਈ ਐ। ਤੋ ਠੀਕ ਐ, ਤੂੰ ਕਿਉਂ ਪੁੱਛਦਾ ? ਤੂੰ ਦੇਖਦਾ ਹੈ ਲੋਕ ਕਿਵੇਂ ਰਹਿੰਦੇ ਐ ? ਉਹੀ ਈਸਾ ਦਾ ਕਨੂੰਨ ਹੈ।"

ਮੈਨੂੰ ਜੋਸ਼ ਆ ਗਿਆ ਤੇ ਮੈਂ ਉਸਨੂੰ ਈਸਾ ਦੀ ਜ਼ਿੰਦਗੀ ਬਾਰੇ ਦੱਸਣ ਲੱਗ ਪਿਆ। ਪਹਿਲਾਂ ਤਾਂ ਉਸਨੇ ਧਿਆਨ ਨਾਲ਼ ਸੁਣਿਆ, ਪਰ ਹੌਲ਼ੀ-ਹੌਲ਼ੀ ਸੁਸਤ ਪੈਂਦਾ ਗਿਆ ਅਤੇ ਅਖ਼ੀਰ ਵਿੱਚ ਉਬਾਸੀਆਂ ਲੈਣ ਲੱਗ ਪਿਆ।

ਇਹ ਦੇਖਦੇ ਹੋਏ ਕਿ ਮੇਰੀ ਗੱਲ ਉਸਦੇ ਦਿਲ ਤੱਕ ਨਹੀਂ ਪਹੁੰਚ ਰਹੀ ਹੈ, ਮੈਂ ਫਿਰ ਉਸਦੇ ਦਿਮਾਗ ਨੂੰ ਸੰਬੋਧਿਤ ਹੋਇਆ ਅਤੇ ਉਸਨੂੰ ਆਪਸੀ ਸਹਿਯੋਗ ਦੇ ਲਾਭ, ਗਿਆਨ ਦੇ ਲਾਭ, ਕਨੂੰਨ ਅਨੁਸਾਰ ਚੱਲਣ ਦੇ ਲਾਭ ਅਤੇ ਤਰ੍ਹਾਂ-ਤਰ੍ਹਾਂ ਦੇ ਫਾਇਦਿਆਂ ਬਾਰੇ, ਸਿਰਫ਼ ਫਾਇਦਿਆਂ ਬਾਰੇ ਹੀ ਦੱਸਣ ਲੱਗ ਪਿਆ... ਪਰ ਜ਼ਿੰਦਗੀ ਬਾਰੇ ਉਸਦੀ ਸਮਝਦਾਰੀ ਦੀ ਪੱਥਰ ਦੀ ਕੰਧ ਨਾਲ਼ ਟਕਰਾ ਕੇ ਮੇਰੀਆਂ ਦਲੀਲਾਂ ਚੂਰ-ਚੂਰ ਹੋ ਗਈਆਂ ਅਤੇ ਬਰੀਕ ਧੂੜ ਵਾਂਗ ਖਿੰਡ-ਪੁੰਡ ਗਈਆਂ।

"ਜੋ ਤਾਕਤਵਰ ਐ ਉਹੀ ਸਹੀ ਏ। ਤਾਕਤਵਰ ਆਦਮੀ ਆਪ ਈ ਕਨੂੰਨ ਹੁੰਦਾ ਐ। ਉਸਨੂੰ ਪੜ੍ਹਨ ਦੀ ਲੋੜ ਨਈਂ। ਉਹ ਉਸ ਰਾਹ 'ਤੇ ਅੱਖਾਂ ਪਰ ਪੱਟੀ ਬੰਨ੍ਹ ਕੇ ਤੁਰਨ ਜਿਹਾ ਮਹਿਸੂਸ ਕਰਦਾ ਏ।" ਪ੍ਰਿੰਸ ਸ਼ੈਕਰੋ ਨੇ ਸੁਸਤੀ ਨਾਲ਼ ਆਪਣੀ ਦਲੀਲ ਰੱਖੀ।

ਸ਼ੈਕਰੋ ਆਪਣੇ-ਆਪ ਪ੍ਰਤੀ ਹਮੇਸ਼ਾ ਸੱਚਾ ਰਹਿੰਦਾ ਸੀ। ਇਸੇ ਲਈ ਮੈਂ ਉਸਦੀ ਇੱਜ਼ਤ ਕਰਦਾ ਸਾਂ, ਪਰ ਉਹ ਬਰਬਰ ਅਤੇ ਕਰੂਰ ਸੀ ਅਤੇ ਕਦੇ-ਕਦੇ ਮੇਰੇ ਮਨ ਵਿੱਚ ਅਚਾਨਕ ਉਸ ਲਈ ਘ੍ਰਿਣਾ ਦਾ ਇੱਕ ਜਵਾਰ ਜਿਹਾ ਉੱਠ ਪੈਂਦਾ ਸੀ। ਫਿਰ ਵੀ ਮੈਂ ਉਸਦੇ ਨਾਲ਼ ਸੰਵਾਦ ਕਾਇਮ ਰੱਖ ਸਕਣ ਵਾਲ਼ੇ ਕਿਸੇ ਸੂਤਰ ਨੂੰ ਖੋਜ ਲੈਣ ਦੀ, ਅਜਿਹੀ ਕੋਈ ਸਾਂਝੀ ਜ਼ਮੀਨ ਖੋਜ ਲੈਣ ਦੀ ਉਮੀਦ ਨਹੀਂ ਛੱਡੀ ਜਿੱਥੇ ਅਸੀਂ ਮਿਲ਼ ਸਕੀਏ ਅਤੇ ਇੱਕ-ਦੂਜੇ ਨੂੰ ਸਮਝਣ ਦੀ ਸ਼ੁਰੂਆਤ ਕਰ ਸਕੀਏ।

ਅਸੀਂ ਪੇਰੇਕਪ ਇਸਥਮਸ ਨੂੰ ਪਾਰ ਕਰ ਚੁੱਕੇ ਸੀ ਅਤੇ ਯਾਇਲਾ ਕੋਲ਼ ਪਹੁੰਚ ਰਹੇ ਸਾਂ। ਮੈਂ ਕ੍ਰੀਮਿਆ ਦੇ ਦੱਖਣੀ ਸਮੁੰਦਰੀ ਤੱਟ ਦਾ ਸੁਪਨਾ ਦੇਖ ਰਿਹਾ ਸਾਂ; ਪ੍ਰਿੰਸ ਆਪਣੇ ਦੰਦਾਂ ਵਿੱਚੋਂ ਅਜੀਬ ਜਿਹਾ ਗੀਤ ਗਾਉਂਦਾ ਹੋਇਆ, ਅਣਮੰਨੇ ਢੰਗ ਨਾਲ਼ ਤੁਰਦਾ ਜਾ ਰਿਹਾ ਸੀ। ਸਾਡਾ ਸਾਰਾ ਪੈਸਾ ਖਤਮ ਹੋ ਚੁੱਕਿਆ ਸੀ ਅਤੇ ਕੁੱਝ ਕਮਾ ਸਕਣ ਦਾ ਕੋਈ ਜੁਗਾੜ ਵੀ ਨਜ਼ਰੀਂ ਨਹੀਂ ਸੀ ਪੈ ਰਿਹਾ। ਅਸੀਂ ਥਿਓਦੋਸੀਆ ਵੱਲ ਨੂੰ ਜਾ ਰਹੇ ਸਾਂ ਜਿੱਥੇ ਇੱਕ ਬੰਦਰਗਾਹ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਰਿਹਾ ਸੀ।

ਪ੍ਰਿੰਸ ਨੇ ਮੈਨੂੰ ਦੱਸਿਆ ਕਿ ਉਹ ਵੀ ਕੰਮ ਕਰਨਾ ਚਾਹੁੰਦਾ ਹੈ ਅਤੇ ਇਹ ਕਿ, ਜਦੋਂ ਆਪਾਂ ਲੋੜੀਂਦਾ ਪੈਸਾ ਕਮਾ ਲਵਾਂਗੇ ਤਾਂ ਸਮੁੰਦਰ ਦੇ ਰਾਸਤੇ ਬਾਤੂਮੀ ਚਲੇ ਜਾਵਾਂਗੇ। ਬਾਤੂਮੀ ਵਿੱਚ ਉਸਦੇ ਬਥੇਰੇ ਦੋਸਤ ਹਨ ਅਤੇ ਉੱਥੇ ਉਹ ਮੇਰੇ ਲਈ ਫੌਰਨ ਦੇਖਭਾਲ ਕਰਨ ਵਾਲ਼ੇ ਜਾਂ ਚੌਂਕੀਦਾਰ ਦੀ ਨੌਕਰੀ ਲੱਭ ਦੇਵੇਗਾ। ਉਸਨੇ ਮੇਰੇ ਮੋਢੇ ਥਪਥਪਾਏ ਅਤੇ ਸਰਪ੍ਰਸਤ ਵਾਂਗ, ਜੀਭ ਨਾਲ਼ ਪੂਰਵ-ਆਭਾਸੀ ਟੱਕ-ਟੱਕ ਦੀ ਅਵਾਜ਼ ਕੱਢਦਿਆਂ ਐਲਾਨ ਕੀਤਾ ਕਿ:

"ਤੇਰੇ ਲੀਏ ਮੈਂ ਐਸੀ ਜ਼ਿੰਦਗੀ ਦਾ ਪ੍ਰਬੰਧ ਕਰ ਦਿਆਂਗਾ! ਟਕ-ਟਕ! ਜਿੰਨਾ ਚਾਏ ਦਾਰੂ ਪੀਨਾ, ਗੋਸ਼ਤ ਖਾਨਾ— ਜਿੰਨਾ ਦਿਲ ਕਰੇ! ਕਿਸੇ ਜਾਰਜਿਆਈ ਔਰਤ ਸੇ ਸ਼ਾਦੀ ਕਰਨਾ, ਕਿਸੇ ਹੱਟੀ-ਕੱਟੀ ਔਰਤ ਸੇ! ਟਕ, ਟਕ, ਟਕ! ਉਹ ਤੇਰੇ ਲੀਏ ਤੰਦੂਰ ਵਿੱਚ ਲਵਾਸ਼ ਪਕਾਏਗੀ, ਤੇਰੇ ਬੱਚੇ ਪਾਲੇਗੀ, ਪੂਰੀ ਪਲਟਨ, ਟਕ-ਟਕ!"

ਇਸ "ਟਕ, ਟਕ!" ਤੇ ਪਹਿਲਾਂ ਤਾਂ ਮੈਨੂੰ ਹੈਰਾਨੀ ਹੋਈ, ਫਿਰ ਝੁੰਜਲਾਹਟ ਜਿਹੀ ਹੋਣ ਲੱਗੀ ਜਿਹੜੀ ਅਖੀਰ ਇੱਕ ਤਰਸਯੋਗ ਕਿਸਮ ਦੇ ਗੁੱਸੇ ਵਿੱਚ ਬਦਲ ਗਈ। ਰੂਸ ਵਿੱਚ ਇਹ ਖਾਸ ਆਵਾਜ਼ ਸੂਰਾਂ ਨੂੰ ਬੁਲਾਉਣ ਲਈ ਕੱਢੀ ਜਾਂਦੀ ਸੀ; ਕਾਕੇਸ਼ੀਆ ਵਿੱਚ ਇਸਦੀ ਵਰਤੋਂ ਉਤਸ਼ਾਹ, ਅਫ਼ਸੋਸ, ਖੁਸ਼ੀ ਜਾਂ ਦੁੱਖ ਦੇ ਪ੍ਰਗਟਾਵੇ ਦੇ ਰੂਪ ਵਿੱਚ ਹੁੰਦੀ ਸੀ।

ਸ਼ੈਕਰੋ ਦਾ ਫੈਸ਼ਨੇਬਲ ਸੂਟ ਲੀਰੋ-ਲੀਰ ਹੋ ਚੁੱਕਿਆ ਸੀ ਤੇ ਉਸਦੇ ਬੂਟ ਥਾਂ-ਥਾਂ ਤੋਂ ਫਟ ਚੁੱਕੇ ਸਨ। ਉਸਦੀ ਸੋਟੀ ਅਤੇ ਹੈਟ ਖੇਰਸਾਨ ਵਿੱਚ ਹੀ ਵਿਕ ਚੁੱਕੇ ਸਨ। ਹੈਟ ਦੀ ਥਾਂ ਉਸਨੇ ਆਪਣੇ ਲਈ ਰੇਲ ਕਰਮਚਾਰੀ ਦੀ ਇੱਕ ਪੁਰਾਣੀ ਟੋਪੀ ਖਰੀਦ ਲਈ ਸੀ।

ਪਹਿਲੀ ਵਾਰ ਉਸਨੇ ਉਹ ਆਪਣੇ ਸਿਰ 'ਤੇ ਇੱਕ ਪਾਸੇ ਨੂੰ ਟੇਢੀ ਕਰਕੇ ਰੱਖੀ ਤਾਂ ਮੈਨੂੰ ਪੁੱਛਿਆ;

"ਕਿਵੇਂ ਲੱਗਦਾ ਹੂੰ ? ਸੋਹਣਾ ?"

## 3.

ਤੇ ਹੁਣ ਅਸੀਂ ਕ੍ਰੀਮਿਆ ਪਹੁੰਚ ਗਏ ਸਾਂ। ਸਿੰਫਰੋਪੋਲ ਸਾਡੇ ਪਿੱਛੇ ਸੀ ਅਤੇ ਅਸੀਂ ਯਾਲਟਾ ਵੱਲ ਅੱਗੇ ਵਧ ਰਹੇ ਸਾਂ। ਮੈਂ ਸਮੁੰਦਰ ਨਾਲ਼ ਘਿਰੇ ਧਰਤੀ ਦੇ ਇਸ ਕੋਨੇ ਦੇ ਕੁਦਰਤੀ ਸੁਹੱਪਣ ਤੋਂ ਹੈਰਾਨ-ਆਵਾਕ ਤੁਰਦਾ ਜਾ ਰਿਹਾ ਸਾਂ। ਪ੍ਰਿੰਸ ਦੁਖੀ ਜਿਹਾ ਹੋ ਕੇ ਲੰਮੇ-ਲੰਮੇ ਸਾਹ ਲੈ ਰਿਹਾ ਸੀ ਅਤੇ ਆਲ਼ੇ-ਦੁਆਲ਼ੇ ਦੇ ਪਿੰਡਾਂ 'ਤੇ ਨਿਰਾਸ਼ ਜਿਹੀਆਂ ਨਜ਼ਰਾਂ ਸੁੱਟ ਰਿਹਾ ਸੀ। ਉਸਨੇ ਸ਼ੱਕੀ ਬਦਰ-ਫਲ਼ਾਂ ਨਾਲ਼ ਆਪਣਾ ਢਿੱਡ ਭਰਨ ਦੀ ਕੋਸ਼ਿਸ਼ ਕੀਤੀ। ਉਸਦੇ ਪੌਸ਼ਟਿਕ ਗੁਣਾਂ ਬਾਰੇ ਉਸਦੀ ਜਾਣਕਾਰੀ ਦਾ ਨਤੀਜਾ ਉਸ ਲਈ ਹਮੇਸ਼ਾ ਚੰਗਾ ਨਹੀਂ ਹੁੰਦਾ ਸੀ ਅਤੇ ਅਕਸਰ ਉਹ ਗੁਸੈਲ ਹਾਸੇ ਨਾਲ਼ ਮੈਨੂੰ ਪੁੱਛਦਾ:

"ਤੇ ਜੇ ਮੈਂ ਅੰਦਰ ਕਾ ਸਾਰਾ ਕੁਝ ਬਾਹਰ ਕੱਢ ਦੇਉਂ ਤਾਂ ਫਿਰ ਮੈਂ ਅੱਗੇ ਕਿਵੇਂ ਤੁਰ ਸਕਾਂਗਾ ? ਐਂ ? ਦੱਸ ਕਿਵੇਂ ?

ਰਾਸਤੇ ਵਿੱਚ ਹੋਰ ਸਭ ਭਾਵੇਂ ਜੋ ਵੀ ਮਿਲ਼ਿਆ ਪਰ ਕਮਾਉਣ ਦਾ ਕੋਈ ਮੌਕਾ ਹੱਥ ਨਾ ਲੱਗਿਆ ਅਤੇ ਰੋਟੀ 'ਤੇ ਖ਼ਰਚਣ ਲਈ ਸਾਡੇ ਕੋਲ਼ ਹੁਣ ਫੁੱਟੀ ਕੌਡੀ ਵੀ ਨਹੀਂ ਸੀ। ਅਸੀਂ ਫਲ਼ ਅਤੇ ਭਵਿੱਖ ਪ੍ਰਤੀ ਉਮੀਦਾਂ ਦੇ ਸਹਾਰੇ ਗੁਜ਼ਾਰਾ ਕਰਦੇ ਰਹੇ। ਸ਼ੈਕਰੋ ਨੇ ਪਹਿਲਾਂ ਹੀ ਮੈਨੂੰ ਕਾਹਲ਼ੀ ਕਰਨ ਲਈ ਅਤੇ ਉਸਦੇ ਮੁਤਾਬਿਕ "ਮੂੰਹ ਫੁਲਾ ਕੇ ਬੈਠੇ ਰਹਿਣ" ਕਾਰਨ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ ਸੀ। ਆਮ ਤੌਰ 'ਤੇ ਤਾਂ ਉਹ ਪਹਿਲਾਂ ਨਾਲ਼ੋ ਜ਼ਿਆਦਾ ਅਕਾਊ ਹੁੰਦਾ ਹੀ ਜਾ ਰਿਹਾ ਸੀ, ਪਰ ਜ਼ਿਆਦਾਤਰ ਦੰਦ-ਕਥਾਵਾਂ ਜਿਹੀਆਂ ਆਪਣੀਆਂ ਭੁੱਖ ਦੀਆਂ ਕਹਾਣੀਆਂ ਨਾਲ਼ ਮੈਨੂੰ ਸਤਾਉਂਦਾ ਵੀ ਰਹਿੰਦਾ ਸੀ। ਇੰਝ ਜਾਪਦਾ ਸੀ ਕਿ ਸਵੇਰੇ

ਆਪਣਾ ਵਰਤ "ਇੱਕ ਛੋਟੇ ਜਿਹੇ ਮੇਮਣੇ" ਅਤੇ ਤਿੰਨ ਬੋਤਲ ਅੰਗੂਰੀ ਸ਼ਰਾਬ ਨਾਲ਼ ਤੋੜਨ ਤੋਂ ਬਾਅਦ ਦੋ ਵਜੇ ਨਾਸ਼ਤੇ ਵਿੱਚ ਉਹ ਬਿਨਾਂ ਕਿਸੇ ਵਿਸ਼ੇਸ਼ ਤਰੱਦਦ ਦੇ ਚੋਖੋਖਬਿਲੀ ਜਾਂ ਚਿਖੀਤਰਮਾ ਜਿਹਾ ਕੋਈ ਅਜੀਬ ਜਿਹਾ ਕਾੜ੍ਹਾ, ਇੱਕ ਡੌਂਗਾ ਪੁਲਾਵ, ਇੱਕ ਸ਼ਾਮਪੁਰ ਸ਼ਾਸ਼ਲਿਕ, ਤੋਲਮਾ ਦੀ "ਅਸਸਸਸੀਮ ਮਾਤਰਾ" ਅਤੇ ਹੋਰ ਕਈ ਕਾਕੇਸ਼ੀਆਈ ਪਕਵਾਨਾਂ ਨਾਲ਼ ਭਰੀਆਂ ਹੋਈਆਂ ਤਿੰਨ-ਤਿੰਨ ਪਲੇਟਾਂ ਹੜੱਪ ਕਰ ਸਕਦਾ ਸੀ ਅਤੇ ਇਹਨਾਂ ਦੇ ਨਾਲ਼ ਹੀ "ਜਿੰਨੀ ਚਾਹੇ ਓਨੀ" ਸ਼ਰਾਬ ਵੀ ਪੀ ਸਕਦਾ ਸੀ। ਦਿਨ-ਰਾਤ ਉਹ ਮੈਨੂੰ ਭੋਜਨ ਪ੍ਰਯੋਗ ਵਿੱਦਿਆ ਸਬੰਧੀ ਆਪਣੇ ਰੁਝਾਨ ਅਤੇ ਖੋਜਾਂ ਬਾਰੇ ਦੱਸਦਾ ਰਹਿੰਦਾ ਸੀ ਅਤੇ ਅਜਿਹਾ ਕਰਦਿਆਂ ਉਹ ਆਪਣੇ ਬੁੱਲਾਂ ਨਾਲ਼ ਪੁਚਕਾਰਦਾ ਰਹਿੰਦਾ ਸੀ, ਉਸਦੀਆਂ ਅੱਖਾਂ ਜਲ਼ ਰਹੀਆਂ ਹੁੰਦੀਆਂ ਸਨ, ਦੰਦ ਬਾਹਰ ਨਿਕਲ਼ੇ ਹੁੰਦੇ, ਉਹ ਉਹਨਾਂ ਨੂੰ ਪੀਂਹਦਾ ਰਹਿੰਦਾ ਅਤੇ ਆਪਣੇ ਫਰਾਟੇਦਾਰ ਬੁੱਲਾਂ ਚੋਂ ਬਾਹਰ ਚੋਣ ਨੂੰ ਤਿਆਰ ਲਾਰ ਨੂੰ ਆਵਾਜ਼ ਕੱਢਦਾ ਹੋਇਆ ਅੰਦਰ ਖਿੱਚਦਾ ਅਤੇ ਗਟਕਦਾ ਰਹਿੰਦਾ ਸੀ।

ਇੱਕ ਵਾਰ ਯਾਲਟਾ ਕੋਲ਼ ਮੈਨੂੰ ਇੱਕ ਬਗੀਚੇ ਵਿੱਚ ਛਾਂਟੀਆਂ ਹੋਈਆਂ ਟਾਹਣੀਆਂ ਸਾਫ਼ ਕਰਨ ਦਾ ਕੰਮ ਮਿਲ਼ ਗਿਆ ਅਤੇ ਇੱਕ ਦਿਨ ਦੀ ਤਨਖਾਹ ਐਡਵਾਂਸ ਵਿੱਚ ਲੈਣ ਤੋਂ ਬਾਅਦ, ਮੈਂ ਪੂਰਾ ਅੱਧਾ ਰੂਬਲ ਰੋਟੀ ਅਤੇ ਮਾਸ ਉੱਤੇ ਹੀ ਖ਼ਰਚ ਕਰ ਦਿੱਤਾ। ਜਦੋਂ ਮੈਂ ਇਹ ਸਾਰੀਆਂ ਚੀਜ਼ਾਂ ਖਰੀਦ ਕੇ ਲਿਆ ਰਿਹਾ ਸਾਂ ਤਾਂ ਮਾਲੀ ਨੇ ਮੈਨੂੰ ਬੁਲਾ ਲਿਆ ਤੇ ਮੈਂ ਖਰੀਦੀਆਂ ਹੋਈਆਂ ਚੀਜ਼ਾਂ ਸ਼ੈਕਰੋ ਕੋਲ ਹੀ ਛੱਡ ਕੇ ਚਲਾ ਗਿਆ, ਜਿਸਨੇ ਸਿਰਦਰਦ ਦਾ ਬਹਾਨਾ ਬਣਾ ਕੇ ਕੰਮ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਇੱਕ ਘੰਟੇ ਬਾਅਦ ਜਦੋਂ ਮੈਂ ਵਾਪਿਸ ਆਇਆ ਤਾਂ ਦੇਖਿਆ ਕਿ ਸ਼ੈਕਰੋ ਆਪਣੀ ਭੁੱਖ ਦੀਆਂ ਜਿਹੜੀਆਂ ਕਹਾਣੀਆਂ ਸੁਣਾਉਂਦਾ ਹੁੰਦਾ ਸੀ ਉਹਨਾਂ ਵਿੱਚ ਜ਼ਰਾ ਵੀ ਅਤਕਥਨੀ ਨਹੀਂ ਸੀ, ਜੋ ਕੁੱਝ ਵੀ ਮੈਂ ਖਰੀਦਿਆ ਸੀ ਉਸਦੀ ਇੱਕ ਬੁਰਕੀ ਵੀ ਨਹੀਂ ਬਚੀ ਸੀ। ਇਹ ਇੱਕ ਗੈਰ-ਦੋਸਤਾਨਾ ਹਰਕਤ ਸੀ, ਪਰ ਮੈਂ ਕੁੱਝ ਨਾ ਕਿਹਾ- ਜਿਹੜਾ, ਜਿਵੇਂ ਕਿ ਬਾਅਦ ਵਿੱਚ ਪਤਾ ਲੱਗਿਆ, ਮੇਰੀ ਬਰਬਾਦੀ ਦਾ ਕਾਰਨ ਬਣਿਆ।

ਸ਼ੈਕਰੋ ਨੇ ਮੇਰੀ ਚੁੱਪ 'ਤੇ ਗੌਰ ਕੀਤਾ ਅਤੇ ਇਸਦਾ ਆਪਣੇ ਹੀ ਢੰਗ ਨਾਲ਼ ਫਾਇਦਾ ਲਿਆ। ਇਹ ਇੱਕ ਬੇਤੁਕੀ ਸਥਿਤੀ ਦੀ ਸ਼ੁਰੂਆਤ ਸੀ। ਮੈਂ ਕੰਮ ਕਰਦਾ ਸੀ, ਅਤੇ ਉਹ, ਚਾਹੇ ਕੋਈ ਵੀ ਕੰਮ ਮਿਲ਼ੇ, ਕੋਈ ਨਾ ਕੋਈ ਬਹਾਨਾ ਬਣਾ ਕੇ ਮਨ੍ਹਾਂ ਕਰ ਦਿੰਦਾ, ਖਾਂਦਾ, ਸੌਂਦਾ ਅਤੇ ਮੈਨੂੰ ਕੰਮ ਲੱਭਣ ਅਤੇ ਕਰਦੇ ਰਹਿਣ ਲਈ ਪ੍ਰੇਰਿਤ ਕਰਦਾ ਰਹਿੰਦਾ। ਅੱਧੀ ਕੁ ਤਾਂ ਮੈਨੂੰ ਉਸਤੇ ਹੈਰਾਨੀ ਹੁੰਦੀ ਅਤੇ ਅੱਧਾ ਕੁ ਅਫਸੋਸ ਹੁੰਦਾ ਜਦੋਂ ਉਹ— ਇੱਕ ਹੱਟਾ-ਕੱਟਾ ਕੜੀਅਲ— ਕਿਤੇ ਛਾਵੇਂ ਕੋਨੇ ਵਿੱਚ ਬੈਠਾ ਹੁੰਦਾ, ਅਤੇ ਜੋ ਵੀ ਕੰਮ ਮੈਨੂੰ ਮਿਲ਼ਿਆ ਹੁੰਦਾ, ਉਸਤੋਂ ਮੇਰੇ ਵਾਪਿਸ ਆਉਣ ਦੀ ਉਡੀਕ ਕਰਦਾ ਅਤੇ ਕੰਮ ਖਤਮ ਕਰਕੇ ਥੱਕਿਆ-ਹਾਰਿਆ ਜਦੋਂ ਮੈਂ ਵਾਪਿਸ ਆਉਂਦਾ ਤਾਂ ਭੁੱਖੀਆਂ ਅੱਖਾਂ ਨਾਲ਼ ਦੇਖਦਾ-ਸੁੰਘਦਾ ਮੇਰੇ ਵੱਲ ਨੂੰ ਤੁਰ ਪੈਂਦਾ। ਇਸ ਤੋਂ ਵੀ ਜ਼ਿਆਦਾ ਸਤਾਉਣ ਵਾਲ਼ੀ ਅਤੇ ਖਿਝਾਉਣ ਵਾਲ਼ੀ ਗੱਲ ਇਹ ਸੀ ਕਿ ਉਹ ਕੰਮ ਕਰਨ ਲਈ ਮੇਰੇ ਉੱਤੇ ਹੱਸਦਾ ਸੀ। ਉਹ ਹੱਸ ਸਕਦਾ ਸੀ ਕਿਉਂਕਿ ਈਸਾ ਦੇ ਨਾਮ

’ਤੇ ਭੀਖ ਮੰਗਣਾ ਉਸਨੇ ਸਿੱਖ ਲਿਆ ਸੀ। ਸ਼ੁਰੂ-ਸ਼ੁਰੂ ਵਿੱਚ ਜਦੋਂ ਉਸਨੇ ਭੀਖ ਮੰਗਣੀ ਸ਼ੁਰੂ ਕੀਤੀ ਤਾਂ ਮੇਰੇ ਸਾਹਮਣੇ ਅਜਿਹਾ ਕਰਦਿਆਂ ਉਹ ਥੋੜਾ ਝਿਪ ਜਾਂਦਾ ਸੀ, ਪਰ ਬਾਅਦ ਵਿੱਚ ਜਦੋਂ ਅਸੀਂ ਇੱਕ ਤਾਤਾਰ ਪਿੰਡ ਕੋਲ ਪਹੁੰਚੇ ਤਾਂ ਉਸਨੇ ਮੇਰੀਆਂ ਅੱਖਾਂ ਦੇ ਸਾਹਮਣੇ ਹੀ ਭੀਖ ਮੰਗਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਇਸ ਲਈ ਉਹ ਇੱਕ ਸੋਟੀ ਦੇ ਸਹਾਰੇ ਲੰਗੜਾਉਂਦਾ ਹੋਇਆ ਅਤੇ ਇੱਕ ਪੈਰ ਨੂੰ ਘਸੀਟਦਾ ਹੋਇਆ ਚੱਲਣ ਲੱਗ ਪਿਆ, ਜਿਵੇਂ ਉਹਨੂੰ ਬਹੁਤ ਹੀ ਤਕਲੀਫ ਹੋ ਰਹੀ ਹੋਵੇ। ਉਹ ਜਾਣਦਾ ਸੀ ਕਿ ਚਤਰ ਤਤਾਰ ਇੱਕ ਸਿਹਤਮੰਦ ਮੁੰਡੇ ਲਈ ਕਦੇ ਵੀ ਆਪਣਾ ਬਟੂਆ ਨਹੀਂ ਖੋਲਣਗੇ। ਮੈਂ ਉਸ ਨਾਲ਼ ਬਹਿਸ ਕੀਤੀ ਅਤੇ ਇਸ ਪੇਸ਼ੇ ਦੀ ਬੇਸ਼ਰਮੀ-ਜ਼ਿੱਲਤ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ...

"ਮੈਨੂੰ ਕੰਮ ਕਰਨਾ ਨਈਂ ਆਤਾ!" ਉਸਨੇ ਦੋ ਟੁੱਕ ਸ਼ਬਦਾਂ ਵਿੱਚ ਮੇਰੀ ਗੱਲ ਖਾਰਿਜ਼ ਕਰ ਦਿੱਤੀ।

ਉਸਨੂੰ ਜ਼ਿਆਦਾ ਭੀਖ ਨਾ ਮਿਲ਼ੀ। ਇਸੇ ਸਮੇਂ ਮੇਰੀ ਸਿਹਤ ਵੀ ਕੁੱਝ ਖਰਾਬ ਹੋਣ ਲੱਗ ਪਈ। ਸਾਡਾ ਰਾਸਤਾ ਦਿਨੋ-ਦਿਨ ਬਦ ਤੋਂ ਬਦਤਰ ਹੁੰਦਾ ਗਿਆ ਅਤੇ ਸ਼ੈਕਰੋ ਨਾਲ਼ ਮੇਰੇ ਸਬੰਧ ਵੀ ਵਧੇਰੇ ਤਣਾਅਪੂਰਨ ਹੁੰਦੇ ਗਏ। ਉਹ ਹੁਣ ਜ਼ੋਰ ਦਿੰਦਾ ਸੀ ਕਿ ਮੈਨੂੰ ਉਸਨੂੰ ਖਿਲਾਉਣਾ ਚਾਹੀਦਾ ਹੈ, ਜਿਵੇਂ ਕਿ ਇਹ ਉਸਦਾ ਹੱਕ ਹੋਵੇ।

"ਤੂੰ ਮੇਰਾ ਗਾਈਡ ਏਂ! ਮੈਨੂੰ ਗਾਈਡ ਕਰ! ਇਹ ਕਿਵੇਂ ਹੋ ਸਕਦਾ ਕਿ ਮੈਂ ਇੰਨਾ ਰਾਸਤਾ ਪੈਦਲ ਤੈਅ ਕਰੂੰ? ਮੈਂ ਇਸਦਾ ਆਦੀ ਨਈਂ ਹੂੰ। ਮੈਂ ਇਸ ਨਾਲ਼ ਮਰ ਸਕਦਾ ਹੂੰ। ਤੂੰ ਮੇਰੇ ਪਰ ਇੰਨਾਂ ਜ਼ੁਲਮ ਕਿਉਂ ਕਰ ਰਿਹਾਂ ਏ? ਕਿਉਂ ਮੇਰੀ ਜਾਨ ਲੈਣ ਲੱਗਾ ਏਂ? ਜੇ ਮੈਂ ਮਰ ਗਿਆ ਤਾਂ ਪਿਛਲਿਆਂ ਦਾ ਕੀ ਹੋਵੇਗਾ? ਮੇਰੀ ਮਾਂ, ਉਹ ਰੋਏਗੀ, ਮੇਰਾ ਪਿਓ, ਉਹ ਰੋਏਗਾ, ਮੇਰੇ ਦੋਸਤ ਉਹ ਸਾਰੇ ਹੀ ਰੋਣਗੇ। ਓਹ ਕਿੰਨੇ ਹੰਝੂ ਡਿੱਗਣਗੇ!"

ਮੈਂ ਅਜਿਹੇ ਭਾਸ਼ਣ ਸੁਣਦਾ ਰਹਿੰਦਾ ਸਾਂ, ਪਰ ਇਸ ਨਾਲ਼ ਮੈਨੂੰ ਗੁੱਸਾ ਨਹੀਂ ਆਉਂਦਾ ਸੀ। ਉਸ ਸਮੇਂ ਮੇਰੇ ਜ਼ਿਹਨ ਅੰਦਰ ਇੱਕ ਅਜੀਬ ਜਿਹਾ ਖ਼ਿਆਲ ਮੱਚਣ ਲੱਗਦਾ। ਜਿਸਨੇ ਮੇਰੇ ਅੰਦਰ ਇਹ ਸਭ ਕੁੱਝ ਸਹਿਣ ਦਾ ਧੀਰਜ਼ ਪੈਦਾ ਕਰ ਦਿੱਤਾ ਸੀ। ਕਦੇ-ਕਦੇ ਜਦੋਂ ਉਹ ਸੌਂ ਰਿਹਾ ਹੁੰਦਾ ਸੀ, ਮੈਂ ਉਸਦੇ ਸ਼ਾਂਤ ਭਾਵਹੀਣ ਚਿਹਰੇ ’ਤੇ ਕੁੱਝ ਖੋਜਦਾ ਹੋਇਆ ਉਸਨੂੰ ਨਿਹਾਰਦਾ ਅਤੇ ਖੁਦ ਹੀ ਇਹਨਾਂ ਸ਼ਬਦਾਂ ਨੂੰ ਇੰਝ ਦੁਹਰਾਉਂਦਾ ਸਾਂ ਜਿਵੇਂ ਇਹ ਸ਼ਬਦ ਮੇਰੇ ਸਾਹਮਣੇ ਕੋਈ ਰਹੱਸ ਦਾ ਪਰਦਾਫਾਸ਼ ਕਰ ਰਹੇ ਹੋਣ ਜਿਹਨਾਂ ਨੂੰ ਮੈਂ ਢੰਗ ਨਾਲ਼ ਸਮਝ ਨਹੀਂ ਸਕਦਾ ਸੀ: "ਮੇਰਾ ਸਫ਼ਰ ਦਾ ਸਾਥੀ... ਮੇਰਾ... ਮੇਰਾ ਸਫ਼ਰ ਦਾ ਸਾਥੀ..."

ਅਤੇ, ਕਿਤੇ, ਦਿਮਾਗ ਦੀਆਂ ਧੁੰਦਲੀਆਂ ਗਹਿਰਾਈਆਂ ਵਿੱਚ ਇਹ ਸੋਚ ਉੱਠਦੀ ਸੀ ਕਿ ਸ਼ੈਕਰੋ ਜਦੋਂ ਮੇਰੇ ਕੋਲ਼ੋਂ ਮੱਦਦ ਅਤੇ ਖਿਆਲ਼ ਰੱਖਣ ਦੀ ਵਿਸ਼ਵਾਸ਼ਪੂਰਵਕ ਅਤੇ ਦੋ ਟੁੱਕ ਸ਼ਬਦਾਂ ਵਿੱਚ ਮੰਗ ਕਰਦਾ ਹੈ ਤਾਂ ਜ਼ੋਰ ਦੇ ਕੇ ਸਿਰਫ਼ ਆਪਣਾ ਹੱਕ ਹੀ ਤਾਂ ਮੰਗਦਾ ਹੈ। ਇਹਨਾਂ ਮੰਗਾਂ ਵਿੱਚ ਉਸਦੇ ਚਰਿੱਤਰ ਦਾ ਬਲ ਹੁੰਦਾ ਹੈ, ਇੱਕ ਤਰ੍ਹਾਂ ਦੀ ਤਾਕਤ ਹੁੰਦੀ ਹੈ। ਉਸਨੇ ਮੈਨੂੰ ਗੁਲਾਮ ਬਣਾ ਲਿਆ ਸੀ ਅਤੇ ਮੈਂ ਉਸਦੀ ਈਨ ਮੰਨ ਲਈ ਸੀ ਅਤੇ ਉਸਦਾ ਅਧਿਐਨ ਕਰਦਾ ਰਹਿੰਦਾ ਸਾਂ, ਉਸਦੇ ਹਰ ਪ੍ਰਗਟਾਵੇ ਦੀ ਚਮਕ ਨੂੰ ਦੇਖਦਾ ਅਤੇ ਇਹ

ਜਾਨਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸਾਂ ਕਿ ਕਿੱਥੇ, ਕਿਸ ਬਿੰਦੂ 'ਤੇ ਉਹ ਦੂਜੇ ਇਨਸਾਨ ਨੂੰ ਆਪਣੇ ਅਧੀਨ ਰੱਖਣ ਦੀ ਇਸ ਪੂਰੀ ਪ੍ਰਕਿਰਿਆ ਤੋਂ ਖੁਦ ਨੂੰ ਅਲੱਗ ਕਰ ਲਵੇਗਾ। ਜਿੱਥੋਂ ਤੱਕ ਉਸਦਾ ਸਵਾਲ ਸੀ, ਉਹ ਬੇਫਿਕਰ ਸੀ, ਗਾਉਂਦਾ ਸੀ, ਸੌਂਦਾ ਸੀ ਅਤੇ ਜਦੋਂ ਵੀ ਦਿਲ ਕਰਦਾ, ਮੇਰੇ ਉੱਪਰ ਹੱਸਦਾ ਸੀ। ਕਦੇ-ਕਦੇ ਅਸੀਂ ਦੋ ਜਾਂ ਤਿੰਨ ਦਿਨਾਂ ਲਈ ਇੱਕ-ਦੂਜੇ ਤੋਂ ਅਲੱਗ ਹੋ ਜਾਂਦੇ ਸਾਂ, ਮੈਂ ਉਸ ਲਈ ਰਾਸ਼ਨ-ਪਾਣੀ ਅਤੇ ਪੈਸੇ ਦਾ ਪ੍ਰਬੰਧ ਕਰ ਦਿੰਦਾ ਅਤੇ ਇਹ ਦੱਸ ਦਿੰਦਾ ਕਿ ਉਹ ਕਿੱਥੇ ਮੇਰੀ ਉਡੀਕ ਕਰੇ। ਜਦੋਂ ਅਸੀਂ ਦੁਬਾਰਾ ਮਿਲ਼ਦੇ ਤਾਂ ਉਹ ਪਹਿਲਾਂ ਮੈਨੂੰ ਸ਼ੱਕ ਅਤੇ ਗੁੱਸੇ ਨਾਲ਼, ਰੁੱਸੀਆਂ ਹੋਈਆਂ ਨਜ਼ਰਾਂ ਨਾਲ਼ ਦੇਖਦਾ, ਫਿਰ ਖੁਸ਼ ਹੋ ਕੇ, ਜੇਤੂ ਅੰਦਾਜ਼ ਵਿੱਚ ਮੇਰਾ ਸਵਾਗਤ ਕਰਦਾ ਅਤੇ ਹਮੇਸ਼ਾ ਹੀ ਹੱਸਦੇ ਹੋਏ ਕਿਹਾ ਕਰਦਾ ਸੀ:

"ਔਰ ਮੈਂ ਸੋਚ ਰਿਆਂ ਸੀ ਕਿ ਤੂੰ ਮੈਨੂੰ ਇਕੱਲਾ ਛੱਡ ਕੇ ਕਿਤੇ ਨੱਠ ਗਿਆ ਏਂ! ਹਾ ਹਾ ਹਾ!!"

ਮੈਂ ਉਸਨੂੰ ਕੁੱਝ ਖਾਣ ਨੂੰ ਦਿੰਦਾ ਅਤੇ ਉਹਨਾਂ ਖ਼ੂਬਸੂਰਤ ਥਾਵਾਂ ਬਾਰੇ ਦੱਸਦਾ ਜਿਹੜੀਆਂ ਮੈਂ ਉਸ ਸਮੇਂ ਦੌਰਾਨ ਦੇਖੀਆਂ ਹੁੰਦੀਆਂ ਸਨ। ਇੱਕ ਵਾਰ ਬਾਖ਼ਚੀਸਰਾਯ ਬਾਰੇ ਗੱਲ ਕਰਦਿਆਂ ਮੈਂ ਉਸਨੂੰ ਪੁਸ਼ਕਿਨ ਬਾਰੇ ਦੱਸਿਆ ਅਤੇ ਉਸਦੀਆਂ ਕੁੱਝ ਕਵਿਤਾਵਾਂ ਸੁਣਾਈਆਂ। ਪਰ ਇਹਨਾਂ ਦਾ ਉਸਤੇ ਕੋਈ ਅਸਰ ਨਾ ਹੋਇਆ।

"ਓਹ! ਕਵਿਤਾ! ਇਹ ਗੀਤ ਏ, ਕਵਿਤਾ ਨਈਂ! ਮੈਂ ਇੱਕ ਆਦਮੀ ਨੂੰ ਜਾਣਦਾਂ, ਇੱਕ ਜਾਰਜਿਆਈ ਸੀ! ਉਹ ਗੀਤ ਗਾ ਸਕਦਾ ਸੀ! ਉਹ ਤਾਂ ਅਸਲੀ ਗੀਤ!... ਉਹ ਗਾਉਣਾ ਸ਼ੁਰੂ ਕਰਦਾ – ਆ ਆ ਆ! ਉੱਚੀ ਆਵਾਜ਼ ਵਿੱਚ..ਉਹ ਬਹੁਤ ਉੱਚੀ ਆਵਾਜ਼ ਵਿੱਚ ਗਾਉਂਦਾ, ਜਿਵੇਂ ਕਿਸੇ ਨੇ ਉਸਦੇ ਹਲ਼ਕ ਵਿੱਚ ਕਟਾਰ ਖੋਭ ਦਿੱਤੀ ਹੋਏ! ਉਸਨੇ ਇੱਕ ਸਰਾਂ ਦੇ ਮਾਲਿਕ ਨੂੰ ਚਾਕੂ ਮਾਰ ਕੇ ਮਾਰ ਦਿੱਤਾ ਸੀ। ਹੁਣ ਸਾਈਬੇਰੀਆ ਵਿੱਚ ਹੈ ਉਹ!"

ਹਰ ਵਾਰ ਜਦੋਂ ਮੈਂ ਵਾਪਿਸ ਪਰਤ ਕੇ ਉਸ ਕੋਲ਼ ਆਉਂਦਾ ਤਾਂ ਦੇਖਦਾ ਕਿ ਉਹ ਅਜੇ ਵੀ ਮੈਨੂੰ ਕਾਫ਼ੀ ਨੀਚ ਸਮਝਦਾ ਹੈ ਅਤੇ ਇਹ ਗੱਲ ਉਹ ਮੈਥੋਂ ਲੁਕਾਉਂਦਾ ਵੀ ਨਹੀਂ ਸੀ।

ਸਾਡੀ ਜ਼ਿੰਦਗੀ ਬੜੀ ਹੀ ਔਖੀ ਕੱਟ ਰਹੀ ਸੀ। ਹਫ਼ਤੇ ਵਿੱਚ ਮੁਸ਼ਕਿਲ ਨਾਲ਼ ਡੇਢ ਰੂਬਲ ਹੀ ਕਮਾ ਸਕਣ ਦੇ ਮੌਕੇ ਮਿਲ਼ਦੇ ਸਨ ਅਤੇ ਜ਼ਾਹਿਰ ਹੈ ਕਿ ਇਹ ਦੋ ਜਣਿਆਂ ਲਈ ਕਾਫ਼ੀ ਘੱਟ ਸੀ। ਸ਼ੈਕਰੋ ਦੇ ਭੀਖ ਮੰਗਣ ਨਾਲ਼ ਵੀ ਰਾਸ਼ਨ-ਪਾਣੀ 'ਤੇ ਹੋਣ ਵਾਲ਼ੇ ਖਰਚੇ 'ਚੋਂ ਕੋਈ ਖਾਸ ਬੱਚਤ ਨਹੀਂ ਹੁੰਦੀ ਸੀ। ਉਸਦਾ ਢਿੱਡ ਇੱਕ ਅੰਨ੍ਹਾ ਖੂਹ ਸੀ ਜਿਹੜਾ ਬਿਨ੍ਹਾ ਕਿਸੇ ਭੇਦ-ਭਾਵ ਤੋਂ ਹਰ ਇੱਕ ਚੀਜ਼ ਨੂੰ ਹੜੱਪ ਕਰ ਸਕਦਾ ਸੀ— ਅੰਗੂਰ, ਤਰਬੂਜ਼, ਨਮਕੀਨ ਮੱਛੀ, ਰੋਟੀ, ਸੁੱਕੇ ਮੇਵੇ— ਅਤੇ ਸਮਾਂ ਬੀਤਣ ਨਾਲ਼ ਹੀ ਜਿਵੇਂ ਇਹ ਹੋਰ ਵੀ ਡੂੰਘਾ ਹੁੰਦਾ ਜਾ ਰਿਹਾ ਸੀ ਅਤੇ ਜ਼ਿਆਦਾ ਤੋਂ ਜ਼ਿਆਦਾ ਸ਼ਿਕਾਰ ਦੀ ਮੰਗ ਕਰਦਾ ਸੀ।

ਸ਼ੈਕਰੋ ਨੇ ਜਲਦੀ ਤੋਂ ਜਲਦੀ ਕ੍ਰੀਮਿਆ ਛੱਡਣ ਲਈ ਮੇਰੇ 'ਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਇੱਕ ਤਰ੍ਹਾਂ ਨਾਲ਼ ਠੀਕ ਵੀ ਸੀ। ਉਹ ਮੈਨੂੰ ਯਾਦ ਦਿਲਾਉਂਦਾ ਸੀ ਕਿ ਪਤਝੜ ਆ ਚੁੱਕੀ ਹੈ ਅਤੇ ਅਜੇ ਵੀ ਅਸੀਂ ਕਾਫ਼ੀ ਲੰਮੀ ਦੂਰੀ ਤੈਅ ਕਰਨੀ ਹੈ। ਮੈਂ ਉਸਦੀ

ਗੱਲ ਮੰਨ ਲਈ। ਇਸ ਤੋਂ ਸਿਵਾ ਮੈਂ ਹੁਣ ਤੱਕ, ਕ੍ਰੀਮੀਆ ਦੇ ਇਸ ਹਿੱਸੇ ਵਿੱਚ ਜੋ ਕੁੱਝ ਵੀ ਦੇਖਣਾ ਚਾਹੁੰਦਾ ਸਾਂ, ਦੇਖ ਚੁੱਕਿਆ ਸਾਂ। ਇਸ ਲਈ ਹੁਣ ਅਸੀਂ ਕੁੱਝ "ਨਕਦੀ ਬਟੋਰਨ" ਦੀ ਆਸ ਵਿੱਚ ਥਿਓਦੋਸਿਆ ਵੱਲ ਚੱਲ ਪਏ, ਜਿਸਦੀ ਸਾਡੇ ਕੋਲ਼ ਕਾਫ਼ੀ ਕਮੀ ਸੀ।

ਆਲੁਸ਼ਤਾ ਤੋਂ ਲਗਭਗ ਵੀਹ ਵੇਰਸਤ ਦੀ ਦੂਰੀ ਤੈਅ ਕਰਨ ਤੋਂ ਬਾਅਦ ਅਸੀਂ ਰਾਤ ਕੱਟਣ ਲਈ ਰੁਕੇ। ਮੈਂ ਸ਼ੈਕਰੋ ਨੂੰ ਸਮੁੰਦਰ ਦੇ ਕੰਢੇ-ਕੰਢੇ ਚੱਲਣ ਲਈ ਤਿਆਰ ਕਰ ਲਿਆ ਸੀ। ਭਾਵੇਂ ਇਹ ਰਾਹ ਆਮ ਨਾਲ਼ੋਂ ਜ਼ਿਆਦਾ ਲੰਮਾ ਸੀ, ਪਰ ਮੇਰਾ ਸਮੁੰਦਰੀ ਹਵਾ ਵਿੱਚ ਸਾਹ ਲੈਣ ਦਾ ਦਿਲ ਕਰ ਰਿਹਾ ਸੀ। ਅਸੀਂ ਅੱਗ ਬਾਲ਼ੀ ਅਤੇ ਉਸਦੇ ਨੇੜੇ ਹੋ ਕੇ ਲੇਟ ਗਏ। ਇਹ ਸ਼ਾਨਦਾਰ ਸ਼ਾਮ ਸੀ। ਸਾਡੇ ਬਿਲਕੁਲ ਹੇਠਾਂ ਹਰਾ ਸਮੁੰਦਰ ਚੱਟਾਨਾਂ ਨਾਲ਼ ਟਕਰਾ ਰਿਹਾ ਸੀ, ਉੱਪਰ ਹਲਕਾ ਨੀਲਾ ਆਕਾਸ਼ ਇੱਕ ਰਹੱਸਮਈ ਚੁੱਪ ਧਾਰੀ ਬੈਠਾ ਸੀ, ਅਤੇ ਚਾਰੇ ਪਾਸੇ ਦਰੱਖਤ ਅਤੇ ਝਾੜੀਆਂ ਸੰਨਾਟੇ ਵਿੱਚ ਸਰਸਰਾ ਰਹੇ ਸਨ। ਚੰਦ ਉੱਪਰ ਉੱਠ ਰਿਹਾ ਸੀ। ਗਾੜੇ ਹਰੇ ਰੰਗ ਦੇ ਛਤਨਾਰ ਦੇ ਦਰਖਤਾਂ ਦੀ ਛਾਂ ਪਸਰਦੀ ਜਾ ਰਹੀ ਸੀ। ਇੱਕ ਪੰਛੀ ਨਿਡਰਤਾ ਨਾਲ਼, ਸੁਰੀਲੀ ਆਵਾਜ਼ ਵਿੱਚ ਗਾ ਰਿਹਾ ਸੀ। ਲਹਿਰਾਂ ਦੀ ਮਿੱਠੀ-ਕੋਮਲ, ਪਿਆਰ ਭਰੀ ਆਵਾਜ਼ ਨਾਲ਼ ਸਜੀਵ ਹਵਾ ਵਿੱਚ ਉਸਦੀਆਂ ਮਖਮਲੀ ਸੁਰਾਂ ਪਿਘਲ਼ ਰਹੀਆਂ ਸਨ ਅਤੇ ਜਿਵੇਂ ਹੀ ਉਹ ਵਿਲੀਨ ਹੋ ਜਾਂਦੀਆਂ ਤਾਂ ਕਿਸੇ ਕੀੜੇ ਦੀ ਪ੍ਰੇਸ਼ਾਨ-ਘਬਰਾਈ ਹੋਈ ਝਨਝਨਾਉਂਦੀ ਆਵਾਜ਼ ਉੱਚੀ ਉੱਠਣ ਲੱਗ ਪੈਂਦੀ। ਅੱਗ ਖੁਸ਼ ਜਿਹੀ ਭੜਕਾ ਰਹੀ ਸੀ ਅਤੇ ਉਸਦੀਆਂ ਉੱਚੀਆਂ ਲਪਟਾਂ ਲਾਲ-ਪੀਲ਼ੇ ਫੁੱਲਾਂ ਦੇ ਗੁਲਦਸਤੇ ਵਾਂਗ ਜਾਪ ਰਹੀਆਂ ਸਨ। ਇਹਨਾਂ ਦੀਆਂ ਪਰਛਾਈਆਂ ਸਾਡੇ ਆਲ਼ੇ-ਦੁਆਲ਼ੇ ਖੁਸ਼ੀ ਨਾਲ਼ ਨੱਚ-ਟੱਪ ਰਹੀਆਂ ਸਨ, ਜਿਵੇਂ ਕਿ ਚੰਦ ਦੀਆਂ ਸੁਸਤ ਪਰਛਾਈਆਂ ਦੇ ਸਾਹਮਣੇ ਆਪਣੀ ਜੀਵੰਤਤਾ 'ਤੇ ਘਮੰਡ ਕਰ ਰਹੀਆਂ ਹੋਣ। ਸਾਗਰ ਦੇ ਦੁਮੇਲ ਦਾ ਪੂਰਾ ਵਿਸਥਾਰ ਸੁੰਨਸਾਨ ਸੀ, ਉਸਦਾ ਆਸਮਾਨ ਪੂਰੀ ਤਰ੍ਹਾਂ ਸਾਫ਼ ਸੀ ਅਤੇ ਮੈਂ ਮਹਿਸੂਸ ਕੀਤਾ ਕਿ ਮੈਂ ਧਰਤੀ ਦੇ ਸਿਰੇ 'ਤੇ ਬੈਠਾ ਸੁੰਨਸਾਨ ਬ੍ਰਹਿਮੰਡ ਦਾ— ਸਭ ਤੋਂ ਜ਼ਿਆਦਾ ਮਾਇਆਵੀ ਰਹੱਸ ਦਾ — ਨਜ਼ਾਰਾ ਤੱਕ ਰਿਹਾ ਹਾਂ.. ਕਿਸੇ ਅਕਿਹ ਵਿਸਥਾਰ ਦੇ ਅੰਤਿਮ ਸਿਰੇ 'ਤੇ ਹੋਣ ਦੀ ਭਾਰੀ ਸੋਚ ਮੇਰੀ ਆਤਮਾ ਵਿੱਚ ਘਰ ਕਰ ਗਈ ਅਤੇ ਮੇਰੇ ਦਿਲ ਦੀਆਂ ਧੜਕਣਾਂ ਜਿਵੇਂ ਖੌਫਨਾਕ ਹੈਰਾਨੀ ਨਾਲ਼ ਰੁਕ ਜਿਹੀਆਂ ਗਈਆਂ।

ਅਚਾਨਕ ਸ਼ੈਕਰੋ ਜ਼ੋਰ-ਜ਼ੋਰ ਨਾਲ਼ ਠਾਹਕੇ ਮਾਰਦਾ ਹੋਇਆ ਹੱਸਣ ਲੱਗ ਪਿਆ।

"ਹਾ ਹਾ ਹਾ... ਕਿਵੇਂ ਬੁੱਧੂ ਜੈਸਾ ਮੂੰਹ ਬਣਾਇਆ ਏ ਤੂੰ! ਜਮਾਂ ਹੀ ਭੇਡ ਵਰਗਾ! ਆਹਾ ਹਾ ਹਾ..."

ਮੈਂ ਇੰਝ ਹੱਕਾ-ਬੱਕਾ ਰਹਿ ਗਿਆ ਜਿਵੇਂ ਮੇਰੇ ਸਿਰ 'ਤੇ ਬਿਜਲੀ ਗੜ੍ਹਕੀ ਹੋਵੇ। ਸਗੋਂ ਇਹ ਤਾਂ ਇਸ ਤੋਂ ਵੀ ਬੁਰਾ ਸੀ, ਇਹ ਹਾਸੋਹੀਣਾ ਸੀ, ਹਾਂ ਪਰ, ਇਸਨੇ ਮੇਰੀਆਂ ਭਾਵਨਾਵਾਂ ਨੂੰ ਕਿੰਨੀ ਠੇਸ ਪਹੁੰਚਾਈ ਸੀ।... ਉਹ, ਸ਼ੈਕਰੋ ਹੱਸਦਾ ਹੋਇਆ ਚੀਕਾਂ ਮਾਰ ਰਿਹਾ ਸੀ ਅਤੇ ਕਿਸੇ ਹੋਰ ਹੀ ਵਜ੍ਹਾ ਨਾਲ਼ ਮੇਰੇ ਹੰਝੂ ਵਹਿ ਤੁਰੇ ਸਨ। ਮੇਰੇ ਗਲ਼ੇ ਵਿੱਚ ਜਿਵੇਂ ਕੋਈ ਚੀਜ਼ ਅਟਕ ਗਈ ਸੀ, ਮੈਂ ਸੁੰਨ ਹੋ ਗਿਆ ਸੀ ਅਤੇ ਟੱਡੀਆਂ ਅੱਖਾਂ ਨਾਲ਼ ਬਸ ਉਸਨੂੰ ਦੇਖੀ ਜਾ ਰਿਹਾ ਸਾਂ, ਅਤੇ ਨਿਰਸੰਦੇਹ ਇਸ ਨਾਲ਼ ਉਹ ਹੋਰ ਹੱਸ-ਹੱਸ ਕੇ ਦੂਹਰਾ ਹੁੰਦਾ ਜਾ ਰਿਹਾ

ਸੀ। ਉਹ ਆਪਣਾ ਢਿੱਡ ਫੜ ਕੇ ਜ਼ਮੀਨ ’ਤੇ ਲਿਟ ਰਿਹਾ ਸੀ, ਮੈਂ ਅਜੇ ਵੀ ਬੇਇੱਜ਼ਤੀ ਦੇ ਇਸ ਅਹਿਸਾਸ ਤੋਂ ਨਿਕਲ਼ ਨਹੀਂ ਪਾ ਰਿਹਾ ਸਾਂ। ਮੈਨੂੰ ਇੱਕ ਬਹੁਤ ਅਸਲੀ ਸੱਟ ਵੱਜੀ ਸੀ, ਜਿਸਨੂੰ ਮੈਂ ਸਮਝਦਾ ਹਾਂ ਕਿ ਉਹੀ ਮੁੱਠੀ ਕੁ ਭਰ ਲੋਕ ਹੀ ਸਮਝ ਸਕਦੇ ਹਨ ਜਿਹੜੇ ਅਜਿਹੇ ਹਲਾਤਾਂ ਵਿੱਚੋਂ ਲੰਘੇ ਹੋਣ— ਕਿਉਂਕਿ ਉਹਨਾਂ ਨੂੰ ਵੀ ਸ਼ਾਇਦ ਅਜਿਹਾ ਹੀ ਅਨੁਭਵ ਹੋਇਆ ਹੋਵੇ— ਉਹ ਹੀ ਬਸ ਮੇਰੀ ਇਸ ਹਾਲਤ ਦੀ ਭਿਆਨਕਤਾ ਦਾ ਅੰਦਾਜ਼ਾ ਲਗਾ ਸਕਦੇ ਹਨ।

“ਬਸ ਕਰ” ਮੈਂ ਗੁੱਸੇ ਵਿੱਚ ਪਾਗਲ ਹੋ ਕੇ ਉਸ ’ਤੇ ਚੀਖਣ ਲੱਗ ਪਿਆ।

ਉਸਨੇ ਡਰ ਦੇ ਮਾਰੇ ਨੇ ਛਾਲ਼ ਮਾਰੀ, ਪਰ ਅਜੇ ਵੀ ਉਹ ਖ਼ੁਦ ਨੂੰ ਸੰਭਾਲ ਨਹੀਂ ਸੀ ਸਕਿਆ ਅਤੇ ਥੋੜੀ-ਥੋੜੀ ਦੇਰ ਬਾਅਦ ਉਸਨੂੰ ਹੱਸਣ ਦੇ ਦੌਰੇ ਪੈ ਰਹੇ ਸਨ। ਉਹ ਆਪਣੀਆਂ ਗੱਲਾਂ ਫੈਲਾ ਕੇ ਸਾਹ ਰੋਕਦਾ, ਉਸਦੀਆਂ ਅੱਖਾਂ ਬਾਹਰ ਨਿਕਲ਼ ਆਉਂਦੀਆਂ ਅਤੇ ਫਿਰ ਅਚਾਨਕ ਹਾਸੇ ਦਾ ਇੱਕ ਹੋਰ ਦੌਰਾ ਪੈਂਦਾ ਅਤੇ ਉਹ ਵਾਪਸ ਪਰਤ ਜਾਂਦਾ। ਫਿਰ ਮੈਂ ਉੱਠ ਕੇ ਤੁਰ ਪਿਆ। ਜ਼ਿਹਨ ਵਿੱਚ ਬਿਨਾਂ ਕਿਸੇ ਖਿਆਲ ਤੋਂ ਅਤੇ ਬਿਨਾਂ ਕਿਸੇ ਸਮਝ ਤੋਂ, ਮੈਂ ਕਾਫ਼ੀ ਦੇਰ ਤੱਕ ਤੁਰਦਾ ਰਿਹਾ। ਆਪਣੇ ਜ਼ਖ਼ਮ ਦੇ ਰਿਸਦੇ ਜ਼ਹਿਰ ਕਾਰਨ ਮੈਂ ਗਲ਼ੇ ਤੱਕ ਭਰਿਆ ਹੋਇਆ ਸਾਂ। ਕੁਦਰਤ ਦੀ ਸੰਪੂਰਨਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਲਈ ਮੈਂ ਆਪਣਾ ਪੂਰਾ ਜਿਗਰਾ ਖੋਲ ਦਿੱਤਾ ਸੀ ਅਤੇ ਚੁੱਪਚਾਪ ਆਪਣੀ ਸੰਪੂਰਨ ਆਤਮਾ ਨਾਲ਼, ਮੈਂ ਉਸਨੂੰ ਦੱਸ ਰਿਹਾ ਸਾਂ ਕਿ ਮੈਂ ਉਸਨੂੰ ਕਿੰਨਾ ਪਿਆਰ ਕਰਦਾ ਹਾਂ ਅਤੇ ਮੇਰਾ ਪਿਆਰ ਉਸ ਆਦਮੀ ਦੇ ਹੱਠੀ ਪਿਆਰ ਵਾਂਗ ਹੈ ਜਿਸਦੇ ਅੰਦਰ ਕਵੀ ਜਿਹਾ ਕੁੱਝ ਹੁੰਦਾ ਹੈ ਅਤੇ ਕੁਦਰਤ, ਸ਼ੈਕਰੋ ਦੇ ਵਿਅਕਤੀਤਵ ਦੇ ਰੂਪ ਵਿੱਚ, ਮੇਰੇ ਆਤਮ-ਸਮਰਪਣ ਦੇ ਪਲਾਂ ਲਈ, ਮੇਰੇ ਉੱਤੇ ਹੱਸ-ਹੱਸ ਕੇ ਲੋਟ-ਪੋਟ ਹੋ ਰਹੀ ਸੀ। ਸ਼ੈਕਰੋ, ਕੁਦਰਤ ਅਤੇ ਆਮ ਤੌਰ ’ਤੇ ਜ਼ਿੰਦਗੀ ਖਿਲਾਫ਼, ਦੋਸ਼-ਪੱਤਰ ਤੈਅ ਕਰਦਾ ਹੋਇਆ ਮੈਂ ਦੂਰ ਤੱਕ ਤੁਰਦਾ ਰਿਹਾ, ਪਰ ਇਸੇ ਦੌਰਾਨ ਮੈਨੂੰ ਆਪਣੇ ਪਿੱਛੇ ਤੇਜ਼ ਕਦਮਾਂ ਦੀ ਆਵਾਜ਼ ਸੁਣਾਈ ਦਿੱਤੀ।

“ਗੁੱਸਾ ਨਾ ਕਰ!” ਸ਼ੈਕਰੋ ਨੇ ਸ਼ਰਮਾਉਂਦਿਆਂ ਕਿਹਾ ਅਤੇ ਨਰਮੀ ਨਾਲ਼ ਮੇਰੇ ਮੋਢੇ ਛੂਹੇ, “ਤੂੰ ਪ੍ਰਾਰਥਨਾ ਕਰ ਰਿਹਾ ਸੀ? ਮੈਂ ਸਮਝਾ ਨਈਂ।”

ਉਹ ਇੱਕ ਦੋਸ਼ੀ ਛੋਟੇ ਬੱਚੇ ਵਾਂਗ ਡਰੀ ਹੋਈ ਆਵਾਜ਼ ਵਿੱਚ ਬੋਲਦਾ ਰਿਹਾ ਅਤੇ, ਆਪਣੀ ਭਾਵਨਾਤਮਕ ਹਾਲਤ ਦੇ ਬਾਵਜੂਦ, ਮੈਂ ਉਸਦੇ ਤਰਸਯੋਗ ਚਿਹਰੇ ਵੱਲ ਜਿਹੜਾ ਸ਼ਰਮ ਅਤੇ ਡਰ ਕਾਰਨ ਵਿਗੜਿਆ ਹੋਇਆ ਸੀ, ਦੇਖਣ ਤੋਂ ਖ਼ੁਦ ਨੂੰ ਰੋਕ ਨਹੀਂ ਸਕਿਆ।

“ਮੈਂ ਹੁਣ ਕਦੇ ਵੀ ਤੈਨੂੰ ਠੇਸ ਨਈਂ ਪੁਚਾਉਂਗਾ। ਸੱਚੀਂ। ਕਦੇ ਨਈਂ।”

ਉਸਨੇ ਜ਼ੋਰ-ਜ਼ੋਰ ਨਾਲ਼ ਆਪਣਾ ਸਿਰ ਹਿਲਾਇਆ।

“ਮੈਂ ਜਾਣਦਾ ਹੂੰ ਕਿ ਤੂੰ ਕਿੰਨਾ ਨਿਮਰ ਏਂ ! ਤੂੰ ਕੰਮ ਕਰਦਾ ਏਂ! ਮੈਨੂੰ ਕੰਮ ਨਹੀਂ ਕਰਨ ਦਿੰਦਾ, ਮੈਨੂੰ ਹੈਰਾਨੀ ਹੁੰਦੀ ਏ— ਕਿਉਂ? ਜ਼ਰੂਰ ਉਹ ਮੂਰਖ ਏ— ਬਿਲਕੁਲ ਕਿਸੇ ਭੇਡ ਵਾਂਗ।”

ਤਾਂ ਉਹ ਮੇਰਾ ਦੁੱਖ ਵੰਡਾ ਰਿਹਾ ਸੀ। ਇਹ ਉਸਦੀ ਮਾਫ਼ੀ ਸੀ। ਜ਼ਾਹਿਰ ਹੈ, ਅਜਿਹੇ ਦਿਲਾਸਿਆਂ ਅਤੇ ਮਾਫ਼ੀਆਂ ਤੋਂ ਬਾਅਦ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ ਰਿਹਾ, ਸਿਵਾ

ਉਸਨੂੰ ਮਾਫ਼ ਕਰ ਦੇਣ ਤੋਂ, ਅਤੇ ਨਾ ਸਿਰਫ਼ ਅਤੀਤ ਦੀਆਂ ਗਲਤੀਆਂ ਲਈ ਸਗੋਂ ਆਉਣ ਵਾਲ਼ੇ ਸਾਰੇ ਦਿਨਾਂ ਦੀਆਂ ਗਲਤੀਆਂ ਲਈ ਵੀ!

ਅੱਧੇ ਘੰਟੇ ਬਾਅਦ ਹੀ ਉਹ ਗੂੜ੍ਹੀ ਨੀਂਦ ਵਿੱਚ ਸੁੱਤਾ ਪਿਆ ਸੀ, ਅਤੇ ਮੈਂ ਉਸਦੇ ਕੋਲ਼ ਬੈਠਾ ਉਸਨੂੰ ਦੇਖ ਰਿਹਾ ਸਾਂ। ਨੀਂਦ ਵਿੱਚ ਇੱਕ ਤਕੜਾ ਬੰਦਾ ਵੀ ਕਮਜ਼ੋਰ ਅਤੇ ਰੱਖਿਆ-ਹੀਣ ਜਾਪਦਾ ਹੈ— ਅਤੇ ਸ਼ੈਕਰੋ ਤਾਂ ਤਰਸਯੋਗ ਲੱਗ ਰਿਹਾ ਸੀ। ਉਸਦੇ ਫੁੱਲੇ ਹੋਏ ਬੁੱਲ ਅਤੇ ਕਮਾਨ ਜਿਹੇ ਭਰਵੱਟੇ ਉਸਦੇ ਚਿਹਰੇ ਨੂੰ ਸ਼ਰਮੀਲੀ ਹੈਰਾਨੀ ਨਾਲ਼ ਭਰਿਆ ਹੋਇਆ ਅਤੇ ਬੱਚਿਆਂ ਵਰਗਾ ਬਣਾ ਰਹੇ ਸਨ। ਉਹ ਸ਼ਾਂਤੀਪੂਰਵਕ ਹੌਲ਼ੀ-ਹੌਲ਼ੀ ਸਾਹ ਲੈ ਰਿਹਾ ਸੀ, ਪਰ ਵਿੱਚ-ਵਿੱਚ ਉਹ ਬੇਚੈਨ ਹੋ ਉੱਠਦਾ ਅਤੇ ਜਾਰਜਿਆਈ ਬੋਲੀ ਵਿੱਚ ਤੇਜ਼-ਤੇਜ਼ ਮਿੰਨਤਾਂ-ਤਰਲੇ ਕਰਨ ਦੇ ਅੰਦਾਜ਼ ਵਿੱਚ ਕੁੱਝ ਬੁੜਬੁੜਾਉਣ ਲੱਗਦਾ। ਸਾਡੇ ਆਲ਼ੇ-ਦੁਆਲ਼ੇ ਇੱਕ ਤਣਾਅਪੂਰਨ ਸੰਨਾਟਾ ਪਸਰਿਆ ਹੋਇਆ ਸੀ ਜਿਹੜਾ ਬੇਸ਼ੱਕ ਇੱਕ ਤਰ੍ਹਾਂ ਦੀ ਉਮੀਦ ਦੀ ਭਾਵਨਾ ਜਗਾਉਂਦਾ ਹੈ ਅਤੇ ਜਿਹੜਾ, ਜੇਕਰ ਜ਼ਿਆਦਾ ਲੰਮੇ ਸਮੇਂ ਤੱਕ ਬਣਿਆ ਰਹੇ ਤਾਂ ਆਪਣੀ ਨੀਰਵਤਾ ਦੇ ਸੰਪੂਰਨ ਸੁਭਾਅ ਨਾਲ਼, ਹਰ ਉਸ ਆਵਾਜ਼ ਦੀ ਗੈਰ-ਹਾਜ਼ਰੀ ਨਾਲ਼, ਜਿਸ ਵਿੱਚ ਗਤੀ ਦਾ ਸਜੀਵ ਪਰਛਾਵਾਂ ਹੁੰਦਾ ਹੈ, ਕਿਸੇ ਇਨਸਾਨ ਨੂੰ ਪਾਗਲ ਬਣਾ ਸਕਦਾ ਹੈ। ਲਹਿਰਾਂ ਦੀ ਸ਼ਾਂਤ ਫੁਸਰ-ਫੁਸਰ ਸਾਡੇ ਤੱਕ ਨਹੀਂ ਪਹੁੰਚ ਰਹੀ ਸੀ— ਅਸੀਂ ਸੰਘਣੀਆਂ ਝਾੜੀਆਂ ਨਾਲ਼ ਢੱਕੇ ਹੋਏ ਇੱਕ ਤਰ੍ਹਾਂ ਦੇ ਟੋਏ ਵਿੱਚ ਸਾਂ ਜਿਸਦੇ ਅੰਦਰਲਾ ਦੱਰਾ ਕਿਸੇ ਪਥਰਾਏ ਹੋਏ ਜਾਨਵਰ ਦੇ ਲੰਮੇ-ਚੌੜੇ ਜਬਾੜੇ ਵਰਗਾ ਜਾਪ ਰਿਹਾ ਸੀ। ਮੈਂ ਸ਼ੈਕਰੋ ’ਤੇ ਨਜ਼ਰ ਮਾਰੀ ਅਤੇ ਸੋਚਣ ਲੱਗਿਆ:

“ਉਹ ਮੇਰਾ ਸਫ਼ਰ ਦਾ ਸਾਥੀ ਹੈ... ਮੈਂ ਇਸਨੂੰ ਇੱਥੇ ਛੱਡ ਤਾਂ ਸਕਦਾ ਹਾਂ, ਪਰ ਉਸ ਤੋਂ ਪਿੱਛਾ ਕਦੇ ਨਹੀਂ ਛੁਡਾ ਸਕਾਂਗਾ, ਕਿਉਂਕਿ ਉਸਦਾ ਨਾਮ ਅਣਗਿਣਤ ਹੈ... ਉਹ ਪੂਰੀ ਜ਼ਿੰਦਗੀ ਲਈ ਮੇਰਾ ਸਫ਼ਰ ਦਾ ਸਾਥੀ ਹੈ... ਉਹ ਕਬਰ ਦੇ ਕਿਨਾਰੇ ਤੱਕ ਮੇਰੇ ਨਾਲ਼-ਨਾਲ਼ ਚੱਲੇਗਾ...”

ਥਿਓਦੇਸਿਆ ਸਾਡੀਆਂ ਉਮੀਦਾਂ ’ਤੇ ਖਰਾ ਨਹੀਂ ਉੱਤਰਿਆ। ਜਦੋਂ ਅਸੀਂ ਉੱਥੇ ਪਹੁੰਚੇ ਤਾਂ ਪਹਿਲਾਂ ਹੀ ਅਜਿਹੇ ਚਾਰ ਸੌ ਲੋਕ ਮੌਜੂਦ ਸਨ ਜਿਹੜੇ ਸਾਡੇ ਵਾਂਗ ਹੀ ਕੰਮ ਦੀ ਉਮੀਦ ਵਿੱਚ ਉੱਥੇ ਆਏ ਹੋਏ ਸਨ। ਅਤੇ ਜਿਹਨਾਂ ਨੂੰ ਜਹਾਜ਼ੀ ਘਾਟ ਦੇ ਨਿਰਮਾਣ-ਕਾਰਜ ਦੇ ਦਰਸ਼ਕ ਦੀ ਭੂਮਿਕਾ ਨਾਲ਼ ਹੀ ਸਬਰ ਕਰਨਾ ਪੈ ਰਿਹਾ ਸੀ। ਕੰਮ ’ਤੇ ਲੱਗੇ ਹੋਏ ਕਾਮੇ ਤੁਰਕੀ, ਗਰੀਕ, ਜਾਰਜੀਆ, ਸਮੋਲੇਂਸਕ ਤੋਂ ਆਏ ਹੋਏ ਰੂਸੀ ਅਤੇ ਪੀਲਤਾਵਾ ਦੇ ਯੂਕਰਾਇਨੀ ਸਨ। ਸ਼ਹਿਰ ਵਿੱਚ ਅਤੇ ਇਸਦੇ ਬਾਹਰੀ ਹਿੱਸਿਆਂ ਵਿੱਚ, ਹਰ ਪਾਸੇ “ਕਾਲ਼-ਪੀੜਤ” ਲੋਕਾਂ ਦੇ ਉਦਾਸ-ਨਿਰਾਸ਼ ਝੁੰਡ ਭਟਕ ਰਹੇ ਸਨ ਅਤੇ ਉਹਨਾਂ ਦਰਮਿਆਨ ਕ੍ਰੀਮਿਆ ਅਤੇ ਏਜੋਵ ਸਾਗਰ ਦੇ ਆਵਾਰਾਗਰਦ ਭੇੜੀਏ ਵਾਂਗ ਲੰਮੇ-ਲੰਮੇ ਕਦਮ ਪੁੱਟਦੇ ਘੁੰਮ ਰਹੇ ਸਨ।

ਅਸੀਂ ਕੇਰਚ ਵੱਲ ਰਵਾਨਾ ਹੋ ਗਏ। ਮੇਰੇ ਸਾਥੀ ਨੇ ਆਪਣਾ ਵਾਅਦਾ ਨਿਭਾਇਆ ਅਤੇ ਮੇਰਾ ਮਜ਼ਾਕ ਉਡਾਉਣਾ ਬੰਦ ਕਰ ਦਿੱਤਾ। ਪਰ ਉਸਨੂੰ ਬਹੁਤ ਭੁੱਖ ਲੱਗੀ ਹੋਈ ਸੀ ਅਤੇ ਜਦੋਂ ਵੀ ਕਿਸੇ ਨੂੰ ਕੁੱਝ ਖਾਂਦੇ ਹੋਏ ਦੇਖ ਲੈਂਦਾ ਤਾਂ ਭੇੜੀਏ ਵਾਂਗੂੰ ਦੰਦ ਕਰੀਚਣ ਲੱਗ ਪੈਂਦਾ ਸੀ

ਅਤੇ ਛੱਤੀ ਕਿਸਮਾਂ ਦੇ ਪਕਵਾਨਾਂ ਦੇ ਵਰਣਨ ਨਾਲ਼ ਜਿਹਨਾਂ ਨੂੰ ਉਹ ਖੁਸ਼ੀ-ਖੁਸ਼ੀ ਹਲ਼ਕ ਤੋਂ ਹੇਠਾਂ ਉਤਾਰ ਸਕਦਾ ਸੀ, ਮੈਨੂੰ ਡਰਾ ਦਿੰਦਾ ਸੀ। ਅੱਜ-ਕੱਲ੍ਹ ਪਿਛਲ਼ੇ ਕੁੱਝ ਸਮੇਂ ਤੋਂ ਉਹ ਔਰਤਾਂ ਬਾਰੇ ਬਹੁਤ ਸੋਚਣ ਲੱਗ ਪਿਆ ਸੀ। ਪਹਿਲਾਂ, ਔਰਤਾਂ ਕੋਲੋਂ ਲੰਘਦੇ ਹੋਏ ਉਹ ਅਫਸੋਸ ਪ੍ਰਗਟ ਕਰਨ ਦੇ ਅੰਦਾਜ਼ ਵਿੱਚ ਆਹਾਂ ਭਰਦਾ ਸੀ। ਫਿਰ, ਵੱਧ ਤੋਂ ਵੱਧ ਇਹ ਹੁੰਦਾ ਕਿ ਉਹ "ਪੂਰਬ ਦੇ ਆਦਮੀ" ਵਾਂਗ ਹਾਬੜਿਆਂ ਵਾਂਗ ਮੁਸਕਰਾਉਂਦਾ ਹੋਇਆ ਅੱਖਾਂ ਸੇਕਦਾ ਸੀ ਅਤੇ ਫਿਰ ਅਖ਼ੀਰ ਵਿੱਚ ਇਹ ਨੌਬਤ ਆ ਗਈ ਕਿ ਕਿਸੇ ਵੀ ਉਮਰ ਜਾਂ ਕਿਹੋ ਜਿਹੀ ਵੀ ਸ਼ਕਲ ਵਾਲ਼ੀ ਕੋਲੋਂ ਲੰਘਣ ਵਾਲ਼ੀ ਇੱਕ ਵੀ ਅਜਿਹੀ ਔਰਤ ਨਾ ਬਚਦੀ ਜਿਸਦੇ ਇਸ ਜਾਂ ਉਸ ਬਿੰਦੂ 'ਤੇ ਉਹ ਮੇਰੇ ਨਾਲ਼ ਕੋਈ ਘੋਰ ਵਿਵਹਾਰਿਕ ਕਾਮੁਕ-ਲੰਪਟ ਟਿੱਪਣੀ ਜਾਂ ਕੋਈ ਦਾਰਸ਼ਨਿਕ ਟਿੱਪਣੀ ਸਾਂਝੀ ਨਾ ਕਰਦਾ ਹੋਵੇ। ਉਹ ਔਰਤਾਂ ਬਾਰੇ ਇੰਨਾਂ ਖੁੱਲ ਕੇ ਅਤੇ ਵਿਸ਼ੇ ਦੀ ਐਨੀ ਡੂੰਘੀ ਜਾਣਕਾਰੀ ਨਾਲ਼ ਗੱਲ ਕਰਦਾ ਸੀ ਅਤੇ ਉਹਨਾਂ ਨੂੰ ਐਨੇ ਹੈਰਾਨੀਜਨਕ ਇਕਹਿਰੇ-ਮਕਸਦ ਵਾਲ਼ੇ ਨਜ਼ਰੀਏ ਨਾਲ਼ ਦੇਖਦਾ ਸੀ ਕਿ ਮੇਰਾ ਦਿਲ ਕੱਚਾ ਜਿਹਾ ਹੋਣ ਲੱਗ ਪੈਂਦਾ। ... ਇੱਕ ਵਾਰ ਮੈਂ ਉਸਦੇ ਸਾਹਮਣੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਔਰਤਾਂ ਕਿਸੇ ਵੀ ਕੰਮ ਵਿੱਚ ਉਸ ਤੋਂ ਘੱਟ ਨਹੀਂ ਹਨ, ਪਰ ਜਦ ਮੈਂ ਦੇਖਿਆ ਕਿ ਮੇਰੇ ਇਸ ਵਿਚਾਰ ਕਾਰਨ ਉਸਨੂੰ ਕਾਫ਼ੀ ਠੇਸ ਪਹੁੰਚੀ ਹੈ ਅਤੇ ਉਸਦੇ ਖਿਆਲ ਵਿੱਚ ਮੈਂ ਉਸਦੀ ਜਿਹੜੀ ਬੇਇੱਜ਼ਤੀ ਕਰ ਰਿਹਾ ਸਾਂ, ਅਤੇ ਇਸ ਕਾਰਨ ਉਹ ਗੁੱਸੇ ਵਿੱਚ ਕੱਪੜਿਓਂ ਬਾਹਰ ਹੋਣ ਨੂੰ ਤਿਆਰ ਹੈ, ਤਾਂ ਮੈਂ ਫੈਸਲਾ ਕੀਤਾ ਕਿ ਮੈਂ ਆਪਣੀਆਂ ਕੋਸ਼ਿਸ਼ਾਂ ਉਦੋਂ ਤੱਕ ਮੁਲਤਵੀ ਕਰ ਦਿਆਂ ਜਦੋਂ ਤੱਕ ਉਸਦੀ ਕੁੱਝ ਵਧੀਆ ਢੰਗ ਨਾਲ਼ ਪੇਟ-ਪੂਜਾ ਨਹੀਂ ਹੋ ਜਾਂਦੀ।

ਕੇਰਚ ਲਈ ਅਸੀਂ ਸਮੁੰਦਰ ਦੇ ਕੰਢੇ-ਕੰਢੇ ਨਹੀਂ, ਸਗੋਂ ਰਾਸਤਾ ਛੋਟਾ ਕਰਨ ਦੀ ਗਰਜ਼ ਨਾਲ਼, ਸਤੇਪੀ ਵਿੱਚੋਂ ਲੰਘ ਕੇ ਜਾ ਰਹੇ ਸਾਂ ਕਿਉਂਕਿ ਸਾਡੇ ਕੋਲ ਖਾਣ ਲਈ ਤਿੰਨ ਪੌਂਡ ਵਜ਼ਨ ਦੀ ਜਈ ਦੀ ਇੱਕ ਰੋਟੀ ਤੋਂ ਸਿਵਾ ਹੋਰ ਕੁੱਝ ਵੀ ਨਹੀਂ ਸੀ ਜਿਹੜੀ ਅਸੀਂ ਆਪਣੇ ਆਖ਼ਰੀ ਪੰਜ ਕੋਪੇਕ ਦੇ ਕੇ ਇੱਕ ਤਤਾਰ ਕੋਲੋਂ ਖ਼ਰੀਦੀ ਸੀ। ਪਿੰਡ ਵਿੱਚ ਰੋਟੀ ਮੰਗਣ ਦੀਆਂ ਸ਼ੈਕਰੋ ਦੀਆਂ ਕੋਸ਼ਿਸ਼ਾਂ ਦਾ ਕੋਈ ਵੀ ਸਿੱਟਾ ਨਾ ਨਿੱਕਲ਼ਿਆ। ਹਰ ਥਾਂ 'ਤੇ ਲੋਕ ਇੱਕੋ ਘੜਿਆ-ਘੜਾਇਆ ਜਵਾਬ ਦਿੰਦੇ ਸਨ: "ਤੁਹਾਡਾ ਸਾਰਿਆਂ ਦੇ ਢਿੱਡ ਨਹੀਂ ਭਰ ਸਕਦੇ!" ਸੱਚ ਵੀ ਸੀ! ਉਹਨਾਂ ਮੁਸ਼ਕਿਲ ਦਿਨਾਂ ਵਿੱਚ ਸੱਚੀਂ ਭਿਆਨਕ ਰੂਪ ਵਿੱਚ ਭਾਰੀ ਗਿਣਤੀ ਵਿੱਚ ਲੋਕ ਰੋਟੀ ਦੇ ਇੱਕ ਟੁਕੜੇ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਸਨ।

ਮੇਰਾ ਸਫ਼ਰ ਦਾ ਸਾਥੀ ਅਕਾਲ-ਪੀੜਤ ਸ਼ਰਨਾਰਥੀਆਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ— ਕਿਉਂਕਿ ਭੀਖ ਮੰਗਣ ਵਿੱਚ ਉਹ ਉਸਦੇ ਸ਼ਰੀਕ ਦੀ ਭੂਮਿਕਾ ਨਿਭਾਉਂਦੇ ਸਨ। ਆਪਣੀ ਜਾਨਦਾਰ-ਸ਼ਾਨਦਾਰ ਕੱਦਕਾਠੀ ਕਾਰਨ, ਬਿਖੜੇ ਪੈਂਡੇ ਅਤੇ ਕੁਪੋਸ਼ਣ ਦੇ ਬਾਵਜੂਦ ਉਹ ਐਨਾ ਨੁੱਚੜਿਆ ਹੋਇਆ ਅਤੇ ਤਰਸ ਦਾ ਪਾਤਰ ਨਹੀਂ ਲਗਦਾ ਸੀ ਜਿੰਨੇ ਕਿ ਅਕਾਲਗ੍ਰਸਤ ਇਲਾਕਿਆਂ ਤੋਂ ਉੱਜੜ ਕੇ ਆਏ ਹੋਏ ਲੋਕ ਲਗਦੇ ਸਨ। ਅਤੇ ਇਸ ਲਈ ਦੂਰੋਂ ਹੀ ਉਹਨਾਂ ਨੂੰ ਆਉਂਦਿਆਂ ਵੇਖ ਕੇ ਉਹ ਬੁੜਬੜਾਉਣ ਲੱਗ ਪੈਂਦਾ ਸੀ:

"ਫਿਰ ਓ ਆ ਰਏ ਏਂ! ਫੂ ਫੂ ਫੂ! ਕਿਉਂ ਆਤੇ ਏਂ ਉਹ ਈਥੇ? ਓ ਕਿਉਂ ਚਲੇ ਆ

ਰਏ ਏਂ ? ਕਿਆ ਪੂਰੇ ਰੂਸ ਵਿੱਚ ਇੰਨੀ ਕਟ ਜਗ੍ਹਾ ਏ ? ਮੈਂ ਸਮਝ ਨੀਂ ਪਾਤਾ ਹੂੰ ? ਇਹ ਰੂਸੀ, ਬੜੇ ਬੇਵਕੂਫ ਹੋਤੇ।"

ਜਦੋਂ ਮੈਂ ਉਹਨਾਂ ਹਾਲਤਾਂ ਬਾਰੇ ਉਸਨੂੰ ਦੱਸਦਾ ਜਿਹੜੀਆਂ ਮੂਰਖ ਰੂਸੀਆਂ ਨੂੰ ਰੋਟੀ ਦੀ ਭਾਲ਼ ਵਿੱਚ ਕ੍ਰੀਮਿਆ ਵਿੱਚ ਏਧਰ-ਓਧਰ ਭਟਕਣ ਲਈ ਮਜ਼ਬੂਰ ਕਰ ਰਹੀਆਂ ਸਨ ਤਾਂ ਉਹ ਬੇਵਿਸਾਹੀ ਵਿੱਚ ਸਿਰ ਹਿਲਾਉਂਦਾ ਅਤੇ ਜਵਾਬ ਦਿੰਦਾ:

"ਮੈਨੂੰ ਸਮਝ ਨਈਂ ਆਤਾ। ਇਹ ਕਿਵੇਂ ਹੋ ਸਕਦਾ ਏ। .. ਸਾਡੇ ਜਾਰਜੀਆ ਵਿੱਚ ਐਸੀ ਬੇਵਕੂਫੀ ਨਹੀਂ ਹੋਤੀ!"

ਸਾਡੇ ਕੇਰਚ ਪਹੁੰਚਣ ਤੱਕ ਰਾਤ ਢਲ਼ ਚੁੱਕੀ ਸੀ ਅਤੇ ਸਾਨੂੰ ਹੁਣ ਜਹਾਜ਼ੀ ਘਾਟ ਦੇ ਪਾੜ ਹੇਠਾਂ ਰਾਤ ਕੱਟਣੀ ਪੈਣੀ ਸੀ। ਸਾਡਾ ਲੁਕ ਕੇ ਰਹਿਣਾ ਹੀ ਬਿਹਤਰ ਸੀ। ਅਸੀਂ ਜਾਣਦੇ ਸੀ ਕਿ ਸਾਡੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਕੇਰਚ ਦੇ ਸਾਰੇ ਵਾਧੂ ਲੋਕਾਂ ਦੀ ਭੀੜ ਨੂੰ ਤਿੱਤਰ-ਬਿੱਤਰ ਕਰ ਦਿੱਤਾ ਗਿਆ ਸੀ ਅਤੇ ਘੁਮੱਕੜ ਆਵਾਰਾਗਰਦਾਂ ਦੇ ਰੂਪ ਵਿੱਚ ਅਸੀਂ ਪੁਲਿਸ ਦੀਆਂ ਨਜ਼ਰਾਂ ਤੋਂ ਬਚ ਰਹੇ ਸਾਂ। ਹੋਰ ਤਾਂ ਹੋਰ ਸ਼ੈਕਰੋ ਕਿਸੇ ਹੋਰ ਦੇ ਪਾਸਪੋਰਟ 'ਤੇ ਸਫ਼ਰ ਕਰ ਰਿਹਾ ਸੀ, ਇਹ ਗੱਲ ਸਾਡੇ ਲਈ ਹੋਰ ਵੀ ਮੁਸੀਬਤਾਂ ਖੜੀਆਂ ਕਰ ਸਕਦੀ ਸੀ।

ਉੱਚੀਆਂ ਲਹਿਰਾਂ ਸਾਡੇ ਉੱਤੇ ਉਦਾਰਪੂਰਵਕ ਝੱਗ ਦੀਆਂ ਲਹਿਰਾਂ ਵਰਸਾਉਂਦੀਆਂ ਰਹੀਆਂ। ਪਹੁ ਫੁੱਟਣ 'ਤੇ ਅਸੀਂ ਪਾੜ ਵਿੱਚੋਂ ਸਿੱਲੇ ਅਤੇ ਕੰਬਦੇ ਹੋਏ ਰੀਂਘ ਕੇ ਬਾਹਰ ਨਿਕਲ਼ੇ। ਸਾਰਾ ਦਿਨ ਮੈਂ ਜਹਾਜ਼ੀ ਘਾਟ ਦੇ ਆਲ਼ੇ-ਦੁਆਲ਼ੇ ਭਟਕਦਾ ਰਿਹਾ ਅਤੇ ਪੂਰਾ ਵਾਹ ਲਾ ਲੈਣ ਤੋਂ ਬਾਅਦ ਅਸੀਂ ਜੋ ਕੁੱਝ ਵੀ ਕਮਾ ਸਕੇ ਉਹ ਇੱਕ ਛੋਟਾ ਜਿਹਾ ਸਿੱਕਾ ਸੀ ਜਿਹੜਾ ਇੱਕ ਪੁਜਾਰੀ ਦੀ ਪਤਨੀ ਨੇ ਤਰਬੂਜਾਂ ਦਾ ਝੋਲ਼ਾ ਬਜ਼ਾਰ ਤੋਂ ਘਰ ਤੱਕ ਲੈ ਕੇ ਜਾਣ ਦੇ ਇਵਜ਼ ਵਜੋਂ ਮੈਨੂੰ ਫੜਾ ਦਿੱਤਾ ਸੀ।

ਹੁਣ ਤਾਮਾਨ ਦੀ ਖਾੜੀ ਨੂੰ ਪਾਰ ਕਰਨਾ ਜ਼ਰੂਰੀ ਹੋ ਗਿਆ ਸੀ! ਮੇਰੀਆਂ ਪੂਰੀਆਂ ਮਿੰਨਤਾਂ-ਤਰਲਿਆਂ ਦੇ ਬਾਵਜੂਦ ਕੋਈ ਵੀ ਮਲਾਹ ਸਾਨੂੰ ਚੱਪੂ ਮਾਰਨ ਦਾ ਕੰਮ ਦੇ ਕੇ ਪਾਰ ਲੰਘਾਉਣ ਲਈ ਤਿਆਰ ਨਾ ਹੋਇਆ। ਉਹ ਸਾਰੇ ਉਹਨਾਂ ਘੁਮੱਕੜ ਲੋਕਾਂ ਬਾਰੇ ਪੂਰਵ-ਧਾਰਨਾਵਾਂ ਨਾਲ਼ ਭਰੇ ਹੋਏ ਸਨ, ਜਿਹੜੇ ਸਾਡੇ ਇੱਥੇ ਆਉਣ ਤੋਂ ਪਹਿਲਾਂ ਹੀ, ਇਹਨਾਂ ਇਲਾਕਿਆਂ ਵਿੱਚ ਆਪਣੀ ਖਾਸੀ ਤਕੜੀ ਸਾਖ਼ ਬਣਾ ਚੁੱਕੇ ਸਨ ਅਤੇ ਇਹ ਐਵੇਂ ਹੀ ਨਹੀਂ ਸੀ ਕਿ ਉਹ ਸਾਨੂੰ ਵੀ ਉਹਨਾਂ ਵਾਧੂ ਅਵਾਰਾਗਰਦਾਂ ਦੀ ਸ਼੍ਰੇਣੀ ਵਿੱਚ ਰੱਖ ਕੇ ਵੇਖ ਰਹੇ ਸਨ।

ਜਦੋਂ ਸ਼ਾਮ ਹੋਈ ਤਾਂ ਆਪਣੀ ਬਦਕਿਸਮਤੀ 'ਤੇ, ਅਤੇ ਆਮ ਤੌਰ 'ਤੇ, ਪੂਰੀ ਦੁਨੀਆਂ 'ਤੇ ਗੁੱਸਾ ਖਾ ਕੇ ਮੈਂ ਇੱਕ ਖ਼ਤਰਨਾਕ ਯੋਜਨਾ ਬਣਾਈ ਅਤੇ ਰਾਤ ਢਲ਼ਦਿਆਂ ਹੀ ਉਸਨੂੰ ਅਮਲੀ ਰੂਪ ਦੇਣ ਵਿੱਚ ਰੁੱਝ ਗਿਆ।

## 4.

ਉਸ ਰਾਤ ਸ਼ੈਕਰੋ ਅਤੇ ਮੈਂ ਚੁੱਪਚਾਪ ਚੁੰਗੀ ਨਾਕੇ 'ਤੇ ਪਹੁੰਚੇ, ਜਿਸਦੇ ਕੋਲ਼ ਹੀ, ਪੁਸ਼ਤੇ ਦੀ ਪੱਥਰ ਦੀ ਕੰਧ ਵਿੱਚ ਜੜੇ ਲੋਹੇ ਦੇ ਛੱਲੇ ਵਿੱਚ ਬੰਨ੍ਹੇ ਹੋਏ ਸੰਗਲ ਨਾਲ਼ ਤਿੰਨ

ਕਿਸ਼ਤੀਆਂ ਬੰਨ੍ਹੀਆਂ ਹੋਈਆਂ ਸਨ। ਹਨ੍ਹੇਰੀ ਰਾਤ ਸੀ ਅਤੇ ਫਰਾਟੇਦਾਰ ਹਵਾ ਚੱਲ ਰਹੀ ਸੀ। ਕਿਸ਼ਤੀਆਂ ਆਪਸ ਵਿੱਚ ਟਕਰਾ ਰਹੀਆਂ ਸਨ ਅਤੇ ਸੰਗਲ਼ ਖੜ-ਖੜ ਵੱਜ ਰਹੇ ਸਨ। ਲੋਹੇ ਦੇ ਇੱਕ ਛੱਲੇ ਨੂੰ ਢਿੱਲਾ ਕਰਕੇ ਪੱਥਰ ਵਿੱਚੋਂ ਕੱਢ ਲੈਣਾ ਮੇਰੇ ਲਈ ਖੱਬੇ ਹੱਥ ਦੀ ਖੇਡ ਸੀ।

ਸਾਡੇ ਸਿਰ ਤੋਂ ਲਗਭਗ ਦਸ ਕੁ ਫੁੱਟ ਉੱਪਰ ਚੁੰਗੀ ਦਾ ਸੰਤਰੀ ਉੱਪਰ-ਥੱਲੇ ਟਹਿਲ ਰਿਹਾ ਸੀ ਅਤੇ ਦੰਦਾਂ ਵਿੱਚ ਦੱਬੀ ਹੋਈ ਸੀਟੀ ਵਜਾ ਰਿਹਾ ਸੀ। ਜਦੋਂ ਉਹ ਕਿਤੇ ਸਾਡੇ ਨੇੜੇ ਆ ਢੁੱਕਦਾ ਤਾਂ ਮੈਂ ਕੰਮ ਕਰਨਾ ਬੰਦ ਕਰ ਦਿੰਦਾ ਸੀ, ਪਰ ਇਹ ਵਾਧੂ ਦੀ ਸਾਵਧਾਨੀ ਸੀ, ਉਹ ਆਪਣੇ ਹੇਠਾਂ ਗਰਦਨ ਤੱਕ ਪਾਣੀ ਵਿੱਚ ਬੈਠੇ ਕਿਸੇ ਆਦਮੀ ਦੀ ਹੋਂਦ ਬਾਰੇ ਸ਼ੱਕ ਕਰਨ ਦੀ ਸੋਚ ਵੀ ਨਹੀਂ ਸਕਦਾ ਸੀ। ਹੋਰ ਤਾਂ ਹੋਰ ਸੰਗਲ਼ ਮੇਰੀ ਕੋਸ਼ਿਸ਼ ਤੋਂ ਬਿਨਾਂ ਹੀ ਲਗਾਤਾਰ ਖੜਕ ਰਹੇ ਸਨ। ਸ਼ੈਕਰੋ ਤਾਂ ਪਹਿਲਾਂ ਹੀ ਕਿਸ਼ਤੀ ਦੇ ਤਲ ’ਤੇ ਲੇਟਿਆ ਹੋਇਆ ਸੀ, ਅਤੇ ਬੁੜਬੁੜ ਕਰਦਾ ਹੋਇਆ ਮੈਨੂੰ ਕੁੱਝ ਕਹਿ ਰਿਹਾ ਸੀ, ਜਿਹੜਾ ਮੈਨੂੰ ਲਹਿਰਾਂ ਦੇ ਰੌਲ਼ੇ-ਰੱਪੇ ਵਿੱਚ ਸਮਝ ਨਹੀਂ ਆ ਰਿਹਾ ਸੀ। ਛੱਲਾ ਮੇਰੇ ਹੱਥ ਵਿੱਚ ਆ ਗਿਆ। ਇੱਕ ਲਹਿਰ ਆਈ ਅਤੇ ਕਿਸ਼ਤੀ ਨੂੰ ਕਿਨਾਰੇ ਤੋਂ ਦੂਰ ਵਹਾ ਕੇ ਲੈ ਗਈ। ਮੈਂ ਸੰਗਲ਼ ਫੜੀ ਕਿਸ਼ਤੀ ਦੇ ਪਿੱਛੇ-ਪਿੱਛੇ ਤੈਰਨ ਲੱਗ ਪਿਆ ਅਤੇ ਫਿਰ ਉਸਤੇ ਸਵਾਰ ਹੋ ਗਿਆ। ਕਿਸ਼ਤੀ ਦੇ ਫ਼ਰਸ਼ ਤੋਂ ਅਸੀਂ ਦੋ ਫੱਟੇ ਕੱਢੇ ਅਤੇ ਉਹਨਾਂ ਤੋਂ ਚੱਪੂ ਦਾ ਕੰਮ ਲੈਂਦੇ ਹੋਏ ਅੱਗੇ ਵਧ ਗਏ...

ਲਹਿਰਾਂ ਪੂਰੀ ਜ਼ਿੰਦਾਦਿਲੀ ਨਾਲ਼ ਛਾਲ਼ਾਂ ਮਾਰ ਰਹੀਆਂ ਸਨ ਅਤੇ ਬਾਦਵਾਨ ਦੀ ਰੱਸੀ ਫੜੀ ਸਿਰੇ ’ਤੇ ਬੈਠਾ ਸ਼ੈਕਰੋ ਕਦੇ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਜਾਂਦਾ ਤੇ ਕਦੇ ਉੱਪਰ ਉੱਠ ਕੇ ਐਨ ਮੇਰੇ ਸਿਰ ’ਤੇ ਆ ਪਹੁੰਚਦਾ, ਅਤੇ ਇੱਕ ਤਿੱਖੀ ਚੀਕ ਨਾਲ਼ ਮੇਰੇ ਉੱਪਰ ਡਿੱਗਣ ਵਾਲ਼ਾ ਹੋ ਜਾਂਦਾ। ਮੈਂ ਉਸਨੂੰ ਚੀਕਣ ਤੋਂ ਵਰਜ ਦਿੱਤਾ ਕਿਉਂਕਿ ਸੰਤਰੀ ਦੇ ਸੁਣ ਲੈਣ ਦਾ ਡਰ ਸੀ। ਫਿਰ ਉਹ ਬਿਲਕੁਲ ਹੀ ਚੁੱਪ ਹੋ ਗਿਆ। ਉਸਦਾ ਚਿਹਰਾ ਇੱਕ ਸਫੈਦ ਧੱਬੇ ਵਰਗਾ ਜਾਪ ਰਿਹਾ ਸੀ। ਪੂਰਾ ਰਾਹ ਉਸਨੇ ਲਗਾਤਾਰ ਬਾਦਵਾਨ ਫੜੀ ਰੱਖਿਆ। ਸਾਡੇ ਕੋਲ਼ ਥਾਂ ਬਦਲਣ ਲਈ ਸਮਾਂ ਨਹੀਂ ਸੀ ਅਤੇ ਕਿਸ਼ਤੀ ਵਿੱਚ ਤੁਰਨ-ਫਿਰਨ ਤੋਂ ਅਸੀਂ ਡਰ ਰਹੇ ਸਾਂ। ਮੈਂ ਉਸਨੂੰ ਹਾਕ ਮਾਰ ਕੇ ਦੱਸਦਾ ਸਾਂ ਕਿ ਕਿਸ਼ਤੀ ਕਿੱਧਰ ਨੂੰ ਮੋੜਨੀ ਹੈ ਅਤੇ ਉਹ ਇੱਕੋ ਝਟਕੇ ਵਿੱਚ ਸਮਝ ਜਾਂਦਾ ਸੀ ਕਿ ਮੈਂ ਕੀ ਚਾਹੁੰਦਾ ਹਾਂ ਅਤੇ ਇੱਕ ਜਮਾਂਦਰੂ ਮਲਾਹ ਵਾਂਗ ਹਰ ਕੰਮ ਨੂੰ ਪੂਰੀ ਉਸਤਾਦੀ ਨਾਲ਼ ਅੰਜ਼ਾਮ ਦੇ ਰਿਹਾ ਸੀ। ਚੱਪੂ ਦੇ ਰੂਪ ਵਿੱਚ ਇਸਤੇਮਾਲ ਹੋ ਰਹੇ ਫੱਟੇ ਬਹੁਤੇ ਕਾਰਗਰ ਸਾਬਿਤ ਨਹੀਂ ਹੋ ਰਹੇ ਸੀ। ਹਵਾ ਅਨੁਕੂਲ ਦਿਸ਼ਾ ਵਿੱਚ ਵਹਿ ਰਹੀ ਸੀ ਅਤੇ ਮੈਂ ਕਿਸ਼ਤੀ ਦੇ ਏਧਰ-ਓਧਰ ਜਾਣ ਦੀ ਜ਼ਿਆਦਾ ਪਰਵਾਹ ਨਹੀਂ ਕਰ ਰਿਹਾ ਸਾਂ, ਬਸ ਲਗਾਤਾਰ ਇਹੀ ਕੋਸ਼ਿਸ਼ ਕਰ ਰਿਹਾ ਸਾਂ ਕਿ ਕਿਸ਼ਤੀ ਦਾ ਸਿਰਾ ਦੂਜੇ ਕਿਨਾਰੇ ਦੀ ਦਿਸ਼ਾ ਵਿੱਚ ਸੇਧਿਆ ਰਹੇ। ਇਹ ਕਿੱਧਰ ਹੈ, ਇਹ ਅੰਦਾਜ਼ਾ ਲਗਾਉਣਾ ਆਸਾਨ ਸੀ ਕਿਉਂਕਿ ਕੇਰਚ ਦੀ ਰੌਸ਼ਨੀ ਸਾਨੂੰ ਅਜੇ ਵੀ ਦਿਖ ਰਹੀ ਸੀ। ਕਿਸ਼ਤੀ ਦੇ ਦੋਨੇ ਪਾਸਿਓਂ ਲਹਿਰਾਂ ਸਾਡੇ ਵੱਲ ਅਹੁਲਦੀਆਂ ਸਨ ਅਤੇ ਗੁੱਸੇ ਵਿੱਚ ਬੁੜਬੁੜਾਉਂਦੀਆਂ ਸਨ; ਖਾੜੀ ਵਿੱਚ ਅਸੀਂ ਜਿੰਨਾ ਹੀ ਅੰਦਰ ਨੂੰ ਜਾ ਰਹੇ ਸਾਂ, ਉਹ ਓਨਾਂ ਹੀ ਉੱਚਾ ਉਛਲਦੀਆਂ ਸਨ। ਦੂਰੋਂ ਪਾਣੀ ਗਰਜਦਾ ਹੋਇਆ ਜਾਪਦਾ ਸੀ, ਪੂਰੀ ਤਰ੍ਹਾਂ ਵਿਕਰਾਲ ਅਤੇ ਖਤਰੇ ਨਾਲ਼ ਭਰਿਆ ਹੋਇਆ... ਅਤੇ

ਕਿਸ਼ਤੀ ਲਗਾਤਾਰ ਹੋਰ ਵਧੇਰੇ ਤੇਜ਼ੀ ਨਾਲ਼ ਇੱਧਰ-ਓਧਰ ਡੋਲ ਰਹੀ ਸੀ। ਇਸਨੂੰ ਸਹੀ ਦਿਸ਼ਾ ਵਿੱਚ ਟਿਕਾਈ ਰੱਖਣਾ ਹੋਰ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਸੀ। ਕਦੇ ਅਸੀਂ ਇੱਕ ਡੂੰਘੀ ਖੱਡ ਦੇ ਤਲ ਵਿੱਚ ਹੁੰਦੇ ਸੀ ਤਾਂ ਕਦੇ ਪਾਣੀ ਦੀਆਂ ਉੱਚੀਆਂ ਪਹਾੜੀਆਂ ਦੇ ਸਿਖ਼ਰ ’ਤੇ, ਅਤੇ ਰਾਤ ਲਗਾਤਾਰ ਹਨ੍ਹੇਰੀ ਹੋਰ ਹਨ੍ਹੇਰੀ ਹੁੰਦੀ ਜਾ ਰਹੀ ਸੀ, ਬੱਦਲ ਲਗਾਤਾਰ ਨੀਵੇਂ ਹੁੰਦੇ ਜਾ ਰਹੇ ਸਨ। ਸਾਡੇ ਪਿੱਛੇ ਦਿਖਾਈ ਦੇਣ ਵਾਲ਼ੀ ਰੌਸ਼ਨੀ ਹਨੇਰੇ ਵਿੱਚ ਲੋਪ ਹੋ ਚੁੱਕੀ ਸੀ ਅਤੇ ਹੁਣ ਹਾਲਾਤ ਸੱਚੀਂ ਬਹੁਤ ਖ਼ੌਫ਼ਨਾਕ ਹੋ ਚੁੱਕੇ ਸਨ। ਇੰਝ ਜਾਪ ਰਿਹਾ ਸੀ ਜਿਵੇਂ ਇਸ ਗੁੱਸੇਖੋਰ ਜਲ ਦੇ ਵਿਸਥਾਰ ਦਾ ਕੋਈ ਅੰਤ ਹੀ ਨਹੀਂ ਹੈ। ਹਨ੍ਹੇਰੇ ਵਿੱਚੋਂ ਨਿਕਲ਼ ਕੇ ਸਾਡੇ ਵੱਲ ਉੱਡਦੀਆਂ ਆ ਰਹੀਆਂ ਲਹਿਰਾਂ ਤੋਂ ਬਿਨਾਂ ਹੋਰ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ ਸੀ। ਉਹਨਾਂ ਦੇ ਧੱਕੇ ਨਾਲ਼ ਇੱਕ ਫੱਟਾ ਮੇਰੇ ਹੱਥੋਂ ਛੁੱਟ ਗਿਆ ਅਤੇ ਦੂਜਾ ਮੈਂ ਖੁਦ ਹੀ ਕਿਸ਼ਤੀ ਦੇ ਫ਼ਰਸ਼ ’ਤੇ ਸੁੱਟ ਦਿੱਤਾ ਅਤੇ ਕਿਸ਼ਤੀ ਦੇ ਦੋਨੋ ਕਿਨਾਰੇ ਆਪਣੇ ਹੱਥਾਂ ਨਾਲ਼ ਘੁੱਟ ਕੇ ਫੜ ਲਏ। ਹਰ ਵਾਰ ਕਿਸ਼ਤੀ ਜਦੋਂ ਉੱਪਰ ਉੱਛਲਦੀ ਸੀ ਤਾਂ ਸ਼ੈਕਰੋ ਵਹਿਸ਼ੀ ਢੰਗ ਨਾਲ਼ ਚੀਕਾਂ ਮਾਰਨ ਲੱਗ ਪੈਂਦਾ। ਚਾਰੇ ਪਾਸਿਓਂ ਇਸ ਗੁਸੈਲ ਪਾਣੀ ਨਾਲ਼ ਘਿਰਿਆ ਅਤੇ ਉਸਦੇ ਬੋਲ਼ਾ ਕਰ ਦੇਣ ਵਾਲ਼ੇ ਰੌਲ਼ੇ ਵਿੱਚ ਇਸ ਹਨ੍ਹੇਰੇ ਵਿੱਚ ਮੈਂ ਖੁਦ ਨੂੰ ਕਮਜ਼ੋਰ ਅਤੇ ਲਾਚਾਰ ਮਹਿਸੂਸ ਕਰ ਰਿਹਾ ਸਾਂ। ਬਿਨਾਂ ਕਿਸੇ ਉਮੀਦ ਤੋਂ, ਕੌੜੀ ਨਿਰਾਸ਼ਾ ਦਾ ਸ਼ਿਕਾਰ ਹੋ ਕੇ, ਮੈਂ ਸਿਰਫ਼ ਉਹਨਾਂ ਲਹਿਰਾਂ ਨੂੰ ਦੇਖ ਰਿਹਾ ਸਾਂ ਜਿਹਨਾਂ ਦੇ ਸਫ਼ੈਦ ਸਿਖ਼ਰ ਨਮਕੀਨ ਫੁਹਾਰਿਆਂ ਦੇ ਰੂਪ ਵਿੱਚ ਬਰਸ ਰਹੇ ਸਨ ਅਤੇ ਉੱਪਰ ਚੜ੍ਹਦੇ ਤੇ ਸੰਘਣੇ ਹੁੰਦੇ ਜਾਂਦੇ ਬੱਦਲਾਂ ਨੂੰ ਦੇਖ ਰਿਹਾ ਸਾਂ ਜਿਹੜੇ ਖੁਦ ਵੀ ਲਹਿਰਾਂ ਵਾਂਗ ਹੀ ਵਿਕਰਾਲ ਜਾਪ ਰਹੇ ਸਨ... ਮੈਨੂੰ ਸਿਰਫ਼ ਇੱਕ ਹੀ ਗੱਲ ਸਮਝ ਆ ਰਹੀ ਸੀ; ਮੇਰੇ ਆਲ਼ੇ-ਦੁਆਲ਼ੇ ਜੋ ਕੁੱਝ ਵੀ ਵਾਪਰ ਰਿਹਾ ਸੀ ਉਹ ਹੋਰ ਵੀ ਵਿਕਰਾਲ ਅਤੇ ਪ੍ਰਚੰਡ ਹੋ ਸਕਦਾ ਸੀ, ਅਤੇ ਇਸ ਗੱਲ ਨਾਲ਼ ਮੈਨੂੰ ਇੱਕ ਤਰ੍ਹਾਂ ਦੀ ਠੇਸ ਪਹੁੰਚ ਰਹੀ ਸੀ ਕਿ ਇਸਨੇ ਖੁਦ ਨੂੰ ਰੋਕ ਕੇ ਰੱਖਿਆ ਹੋਇਆ ਹੈ ਅਤੇ ਆਪਣੀ ਪੂਰੀ ਤਾਕਤ ਦਿਖਾਉਣਾ ਨਹੀਂ ਚਾਹੁੰਦਾ। ਮੌਤ ਪੱਕੀ ਸੀ। ਪਰ ਇਹ ਜ਼ਰੂਰੀ ਸੀ ਕਿ ਇਸਦੀ ਨਿਰਪੱਖ ਅਤੇ ਸਮਤਾਵਾਦੀ ਸੱਤ੍ਹਾ ਨੂੰ ਕਿਸੇ ਤਰ੍ਹਾਂ ਨਾਲ਼ ਸੁਹਜਮਈ ਬਣਾਇਆ ਜਾਵੇ, ਕਿਸੇ ਤਰ੍ਹਾਂ ਵਧੇਰੇ ਸਵੀਕਾਰਨਯੋਗ ਬਣਾਇਆ ਜਾਵੇ— ਨਹੀਂ ਤਾਂ ਇਹ ਸੱਚਾਈ ਬਹੁਤ ਹੀ ਰੁੱਖੀ ਜਿਹੀ ਸੀ ਅਤੇ ਇਸਨੂੰ ਸਵੀਕਾਰ ਕਰ ਸਕਣਾ ਕਾਫ਼ੀ ਮੁਸ਼ਕਿਲ ਸੀ। ਜੇਕਰ ਮੈਨੂੰ ਲਪਟਾਂ ਵਿੱਚ ਸੜ ਕੇ ਮਰਨ ਅਤੇ ਤੂਫਾਨ ਵਿੱਚ ਡੁੱਬ ਕੇ ਮਰਨ ਵਿੱਚੋਂ ਕੋਈ ਇੱਕ ਚੁਣਨਾ ਪਵੇ ਤਾਂ ਮੈਂ ਪਹਿਲੇ ਵਿਕਲਪ ਨੂੰ ਹੀ ਚੁਣਦਾ— ਕਿਸੇ ਵੀ ਤਰ੍ਹਾਂ ਇਹ ਸ਼ਾਇਦ ਵਧੇਰੇ ਸਨਮਾਨਜਨਕ ਅੰਤ ਹੁੰਦਾ।

“ਬਾਦਵਾਨ ਉਟਾਨਾ ਓਗਾ!” ਸ਼ੈਕਰੋ ਨੇ ਚੀਕ ਕੇ ਕਿਹਾ।

“ਬਾਦਵਾਨ ਤੈਨੂੰ ਕਿੱਥੋਂ ਮਿਲਣਾ ਹੁਣ?” ਮੈਂ ਪੁੱਛਿਆ।

“ਮੇਰੇ ਕੋਟ ਤੋਂ ਬਨ ਜੇ ਗਾ।”

“ਇੱਧਰ ਸੁੱਟ ਇਸਨੂੰ। ਪਤਵਾਰ ਨਾ ਛੱਡੀਂ!...”

“... ਫੜ ਇਨੂੰ!”

ਉਸਨੇ ਆਪਣਾ ਕੋਟ ਮੇਰੇ ਵੱਲ ਸੁੱਟਿਆ। ਕਿਸ਼ਤੀ ਦੇ ਤਲ ਤੇ ਬੜੀ ਮੁਸ਼ਕਿਲ ਨਾਲ਼ ਰੀਂਘਦੇ ਹੋਏ ਮੈਂ ਇੱਕ ਹੋਰ ਫੱਟਾ ਤੋੜਕੇ ਕੱਢਿਆ, ਉਸ ਫਟੇ-ਪੁਰਾਣੇ ਕੋਟ ਦੀ ਬਾਂਹ ਵਿੱਚ ਘੁਸਾਇਆ, ਸੀਟ ਦੇ ਸਹਾਰੇ ਖੜਾ ਕੀਤਾ, ਆਪਣੀਆਂ ਲੱਤਾਂ ਨਾਲ਼ ਉਸਨੂੰ ਦਬਾਇਆ ਅਤੇ ਫਿਰ ਕੋਟ ਦੀ ਦੂਜੀ ਬਾਂਹ ਅਤੇ ਕਿਨਾਰੇ ਦੇ ਇੱਕ ਹਿੱਸੇ ਨੂੰ ਅਜੇ ਫੜਿਆ ਹੀ ਸੀ ਕਿ ਇੱਕਦਮ ਕੁੱਝ ਅਜਿਹਾ ਵਾਪਰਿਆ ਜਿਸਦੀ ਬਿਲਕੁਲ ਵੀ ਉਮੀਦ ਨਹੀਂ ਸੀ... ਕਿਸ਼ਤੀ ਅਚਾਨਕ ਕੁੱਝ ਜ਼ਿਆਦਾ ਹੀ ਉੱਚੀ ਉੱਠੀ ਅਤੇ ਇੱਕ ਹੱਥ ਵਿੱਚ ਕੋਟ ਅਤੇ ਦੂਜੇ ਵਿੱਚ ਕਿਸ਼ਤੀ ਤੋਂ ਬਾਹਰ ਚਾਰੇ ਪਾਸੇ ਬੱਝੀ ਰੱਸੀ ਫੜੀ ਮੈਂ ਖੁਦ ਨੂੰ ਪਾਣੀ ਵਿੱਚ ਵੇਖਿਆ। ਰੌਲ਼ਾ ਪਾਉਂਦੀਆਂ ਲਹਿਰਾਂ ਮੇਰੇ ਸਿਰ 'ਤੇ ਸੱਟਾਂ ਮਾਰ ਰਹੀਆਂ ਸਨ ਅਤੇ ਮੈਂ ਕੌੜਾ ਨਮਕੀਨ ਪਾਣੀ ਪੀਂਦਾ ਜਾ ਰਿਹਾ ਸਾਂ। ਮੇਰੇ ਕੰਨਾਂ ਵਿੱਚ, ਮੂੰਹ ਵਿੱਚ, ਨੱਕ ਵਿੱਚ ਇਹ ਭਰ ਗਿਆ ਸੀ... ਰੱਸੀ ਨੂੰ ਮਜ਼ਬੂਤੀ ਨਾਲ਼ ਫੜੀ ਮੈਂ ਪਾਣੀ ਵਿੱਚ ਉੱਪਰ-ਥੱਲੇ ਗੋਤੇ ਖਾ ਰਿਹਾ ਸਾਂ ਅਤੇ ਕਿਸ਼ਤੀ ਦੇ ਕਿਨਾਰੇ ਨਾਲ਼ ਮੇਰਾ ਸਿਰ ਟਕਰਾ ਰਿਹਾ ਸੀ। ਮੈਂ ਕੋਟ ਨੂੰ ਪੁੱਠੀ ਹੋਈ ਕਿਸ਼ਤੀ ਦੇ ਤਲ 'ਤੇ ਸੁੱਟ ਦਿੱਤਾ ਅਤੇ ਫਿਰ ਖੁਦ ਵੀ ਉਸਤੇ ਚੜਨ ਲਈ ਜੂਝਣ ਲੱਗ ਪਿਆ। ਇੱਕ ਦਰਜਨ ਤੋਂ ਸ਼ਾਇਦ ਕੁੱਝ ਵਧੇਰੇ ਕੋਸ਼ਿਸ਼ਾਂ ਤੋਂ ਬਾਅਦ ਮੈਂ ਇਹ ਕਰਨ ਵਿੱਚ ਕਾਮਯਾਬ ਹੋ ਗਿਆ। ਕਿਸ਼ਤੀ ਦੇ ਦੋਨੇ ਪਾਸੇ ਪੈਰ ਫੈਲਾ ਕੇ ਬੈਠਣ ਸਾਰ ਹੀ ਮੇਰੀ ਨਜ਼ਰ ਸ਼ੈਕਰੋ 'ਤੇ ਪਈ ਜਿਹੜਾ ਦੋਨਾਂ ਹੱਥਾਂ ਵਿੱਚ ਉਹੀ ਰੱਸੀ ਫੜੀ ਪਾਣੀ ਵਿੱਚ ਗੋਤੇ ਖਾ ਰਿਹਾ ਸੀ ਜਿਸਨੂੰ ਮੈਂ ਅਜੇ ਹੁਣੇ ਹੀ ਛੱਡਿਆ ਸੀ। ਪਤਾ ਚੱਲਿਆ ਕਿ ਕਿਨਾਰੇ 'ਤੇ ਲੱਗੇ ਲੋਹੇ ਦੀਆਂ ਕੜੀਆਂ ਵਿੱਚ ਫਸਾ ਕੇ ਰੱਸੀ ਨੂੰ ਕਿਸ਼ਤੀ ਦੇ ਚਾਰੇ ਪਾਸੇ ਲਪੇਟਿਆ ਹੋਇਆ ਸੀ।

"ਬਚ ਗਏ!" ਮੈਂ ਸ਼ੈਕਰੋ ਨੂੰ ਸੰਬੋਧਿਤ ਹੋ ਕੇ ਚੀਕਿਆ।

ਉਹ ਲਹਿਰਾਂ 'ਤੇ ਉੱਪਰ ਉੱਛਲਿਆ ਅਤੇ ਪੁੱਠੀ ਹੋਈ ਕਿਸ਼ਤੀ ਦੇ ਤਲ 'ਤੇ ਆ ਕੇ ਡਿੱਗ ਪਿਆ। ਮੈਂ ਉਸਦੀ ਮੱਦਦ ਕਰਨ ਲਈ ਅੱਗੇ ਵਧਿਆ ਅਤੇ ਅਸੀਂ ਇੱਕ ਪਲ ਲਈ ਇੱਕ-ਦੂਜੇ ਦੇ ਆਹਮੋ-ਸਾਹਮਣੇ ਹੋਏ। ਮੈਂ ਕਿਸ਼ਤੀ 'ਤੇ ਲੱਤਾਂ ਫੈਲਾ ਕੇ ਇਸ ਤਰ੍ਹਾਂ ਬੈਠਾ ਸੀ ਜਿਵੇਂ ਉਹ ਕੋਈ ਘੋੜਾ ਹੋਵੇ, ਗੁਨ ਵਿੱਚ ਮੇਰੇ ਤਣੇ ਹੋਏ ਪੈਰ ਇੰਝ ਫਸੇ ਹੋਏ ਸਨ ਜਿਵੇਂ ਰਕਾਬ ਵਿੱਚ ਹੋਣ— ਪਰ ਇਹ ਪੋਜ਼ ਅਸੁਰੱਖਿਅਤ ਸੀ: ਕੋਈ ਵੀ ਲਹਿਰ ਮੈਨੂੰ ਕਾਠੀ ਤੋਂ ਪਰ੍ਹੇ ਵਗ੍ਹਾ ਕੇ ਮਾਰ ਸਕਦੀ ਸੀ। ਸ਼ੈਕਰੋ ਨੇ ਆਪਣੇ ਹੱਥਾਂ ਵਿੱਚ ਮੇਰੇ ਗੋਡੇ ਘੁੱਟ ਕੇ ਫੜੇ ਹੋਏ ਸਨ ਅਤੇ ਆਪਣਾ ਮੂੰਹ ਮੇਰੀ ਛਾਤੀ ਵਿੱਚ ਘਸੋਈ ਜਾ ਰਿਹਾ ਸੀ। ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬ ਰਿਹਾ ਸੀ ਅਤੇ ਮੈਂ ਉਸਦੇ ਦੰਦ ਵੱਜਦੇ ਸੁਣ ਸਕਦਾ ਸੀ। ਕੁੱਝ ਨਾ ਕੁੱਝ ਕਰਨਾ ਜ਼ਰੂਰੀ ਸੀ। ਕਿਸ਼ਤੀ ਦਾ ਤਲ ਇੰਝ ਤਿਲਕਣਾ ਹੋਇਆ ਪਿਆ ਸੀ ਜਿਵੇਂ ਉਸਤੇ ਤੇਲ ਮਲ਼ਿਆ ਹੋਵੇ। ਮੈਂ ਸ਼ੈਕਰੋ ਨੂੰ ਕਿਹਾ ਕਿ ਉਹ ਵਾਪਸ ਪਾਣੀ ਵਿੱਚ ਉੱਤਰ ਕੇ ਇੱਕ ਕਿਨਾਰੇ ਦੀ ਰੱਸੀ ਫੜੇ ਅਤੇ ਮੈਂ ਦੂਜੇ ਕਿਨਾਰੇ ਦੀ ਰੱਸੀ ਫੜਦਾ ਹਾਂ। ਪਰ ਜਵਾਬ ਦੇਣ ਦੀ ਥਾਂ ਉਹ ਸਿਰ ਨਾਲ਼ ਮੇਰੀ ਛਾਤੀ ਵਿੱਚ ਟੱਕਰਾਂ ਮਾਰਨ ਲੱਗ ਪਿਆ। ਲਹਿਰਾਂ ਵਾਰ-ਵਾਰ ਵਹਿਸ਼ੀ ਢੰਗ ਨਾਲ਼ ਨੱਚਦੀਆਂ ਹੋਈਆਂ ਸਾਡੇ ਉੱਪਰ ਟੁੱਟ ਪੈਂਦੀਆਂ ਸਨ ਅਤੇ ਬੜੀ ਮੁਸ਼ਕਿਲ ਨਾਲ਼ ਅਸੀਂ ਆਪਣੀ ਪਕੜ ਕਾਇਮ ਰੱਖ ਰਹੇ ਸਾਂ। ਮੇਰੇ ਇੱਕ ਪੈਰ ਨੂੰ ਰੱਸੀ ਬੁਰੀ ਤਰ੍ਹਾਂ ਵੱਢ ਰਹੀ ਸੀ। ਚਾਰੇ ਪਾਸੇ, ਜਿੱਥੇ

ਤੱਕ ਮੇਰੀ ਨਜ਼ਰ ਦੇਖ ਸਕਦੀ ਸੀ ਪਾਣੀ ਦੇ ਉੱਚੇ ਪਹਾੜ ਉੱਭਰ ਰਹੇ ਸਨ ਅਤੇ ਫਿਰ ਰੌਲ਼ਾ ਪਾਉਂਦੇ ਹੋਏ ਲੋਪ ਹੁੰਦੇ ਜਾ ਰਹੇ ਸਨ।

ਜੋ ਮੈਂ ਹੁਣੇ ਕਿਹਾ ਸੀ, ਫਿਰ ਉਹੀ ਗੱਲ ਮੈਂ ਹੁਕਮੀ ਅੰਦਾਜ਼ ਵਿੱਚ ਦੁਹਰਾਈ। ਸ਼ੈਕਰੋ ਆਪਣਾ ਸਿਰ ਮੇਰੀ ਛਾਤੀ ਨਾਲ਼ ਹੋਰ ਵਧੇਰੇ ਜ਼ੋਰ-ਜ਼ੋਰ ਨਾਲ਼ ਮਾਰਨ ਲੱਗ ਪਿਆ। ਸਮਾਂ ਬਹੁਤ ਘੱਟ ਸੀ। ਮੈਂ ਇੱਕ-ਇੱਕ ਕਰਕੇ ਉਸਦੇ ਹੱਥਾਂ ਨੂੰ ਜ਼ੋਰ ਲਗਾ ਕੇ ਆਪਣੇ-ਆਪ ਨਾਲ਼ੋਂ ਅਲੱਗ ਕੀਤਾ ਅਤੇ ਉਸਨੂੰ ਪਾਣੀ ਵਿੱਚ ਧੱਕਣ ਦੀ ਅਤੇ ਰੱਸੀ ਫੜਾਉਣ ਦੀ ਕੋਸ਼ਿਸ਼ ਕਰਨ ਲੱਗਿਆ। ਅਤੇ ਉਸੇ ਸਮੇਂ ਕੁੱਝ ਅਜਿਹੀ ਗੱਲ ਵਾਪਰੀ ਜਿਹੜੀ ਮੇਰੇ ਲਈ ਉਸ ਰਾਤ ਵਾਪਰਨ ਵਾਲ਼ੀ ਸਭ ਤੋਂ ਭਿਆਨਕ ਸੀ।

"ਕੀ ਤੂੰ ਮੈਨੂੰ ਡੁਬੋਣਾ ਚਾਹੁੰਦਾ ਏਂ ?" ਸ਼ੈਕਰੋ ਇੱਕਦਮ ਮੇਰੇ ਚਿਹਰੇ ਵੱਲ ਦੇਖਦਾ ਹੋਇਆ ਬੁੜਬੁੜਾਇਆ।

ਇਹ ਸੱਚ-ਮੁੱਚ ਭਿਅੰਕਰ ਸੀ। ਸਵਾਲ ਆਪਣੇ-ਆਪ ਵਿੱਚ ਭਿਅੰਕਰ ਸੀ, ਅਤੇ ਉਸ ਤੋਂ ਵੀ ਕਿਤੇ ਜ਼ਿਆਦਾ ਭਿਅੰਕਰ ਸਵਾਲ ਪੁੱਛਣ ਦਾ ਸੁਰ ਸੀ ਜਿਸ ਵਿੱਚ ਇੱਕ ਦੱਬੂ ਸਮਰਪਣ ਸੀ, ਅਤੇ ਤਰਸ ਦੀ ਮਿੰਨਤ ਸੀ, ਅਤੇ ਉਸ ਆਦਮੀ ਦਾ ਆਖ਼ਰੀ ਹਾਉਕਾ ਸੀ ਜਿਸਨੇ ਕਿਸੇ ਖ਼ਤਰਨਾਕ ਹਾਲਾਤ ਤੋਂ ਬਚਣ ਦੀ ਆਖ਼ਰੀ ਉਮੀਦ ਵੀ ਛੱਡ ਦਿੱਤੀ ਹੋਵੇ। ਪਰ ਸਭ ਤੋਂ ਭਿਆਨਕ ਸਨ ਮੌਤ ਜਿਹੇ ਜ਼ਰਦ-ਪੀਲ਼ੇ, ਭਿੱਜੇ ਹੋਏ ਚਿਹਰੇ 'ਤੇ ਜੜੀਆਂ ਹੋਈਆਂ ਉਹ ਅੱਖਾਂ...

ਮੈਂ ਉਸ ਤੇ ਚੀਖਿਆ, "ਇੱਥੇ ਹੀ ਰੁਕ!" ਅਤੇ ਰੱਸੀ ਫੜ ਕੇ ਖੁਦ ਪਾਣੀ ਵਿੱਚ ਠਿੱਲ ਪਿਆ। ਮੇਰਾ ਪੈਰ ਕਿਸੇ ਚੀਜ਼ ਨਾਲ਼ ਟਕਰਾਇਆ ਅਤੇ ਪਹਿਲਾਂ ਤਾਂ ਦਰਦ ਕਰਕੇ ਮੈਂ ਕੁੱਝ ਸਮਝ ਹੀ ਨਾ ਸਕਿਆ। ਪਰ ਫਿਰ ਮੈਂ ਸਮਝ ਗਿਆ। ਮੇਰੇ ਅੰਦਰ ਕੋਈ ਗਰਮ ਜਿਹੀ ਚੀਜ਼ ਹਿਚਕੋਲੇ ਮਾਰਦੇ ਹੋਈ ਉੱਠੀ। ਮੈਂ ਮਦਹੋਸ਼ ਜਿਹਾ ਹੋ ਗਿਆ ਅਤੇ ਖੁਦ ਨੂੰ ਐਨਾ ਮਜ਼ਬੂਤ ਮਹਿਸੂਸ ਕੀਤਾ, ਜਿੰਨਾ ਪਹਿਲਾਂ ਕਦੇ ਨਹੀਂ ਕੀਤਾ ਸੀ...

"ਜ਼ਮੀਨ!" ਮੈਂ ਕੂਕ ਮਾਰੀ।

ਕਿਸੇ ਨਵੀਂ ਧਰਤੀ ਦੀ ਖੋਜ਼ ਕਰ ਲੈਣ 'ਤੇ ਸ਼ਾਇਦ ਮਹਾਨ ਸਮੁੰਦਰੀ ਯਾਤਰੀਆਂ ਨੇ ਵੀ ਚੀਖ਼ ਕੇ ਇਹੀ ਸ਼ਬਦ ਕਹੇ ਹੋਣਗੇ ਅਤੇ ਸ਼ਾਇਦ ਮੇਰੇ ਨਾਲ਼ੋ ਕਿਤੇ ਵਧੇਰੇ ਤਿੱਖੇ ਜਜ਼ਬੇ ਨਾਲ਼ ਕਹੇ ਹੋਣਗੇ, ਪਰ ਮੈਨੂੰ ਸ਼ੱਕ ਹੈ ਕਿ ਉਹ ਐਨੀ ਜ਼ੋਰ ਨਾਲ਼ ਨਹੀਂ ਚੀਕੇ ਹੋਣਗੇ। ਸ਼ੈਕਰੋ ਨੇ ਤੇਜ਼ ਆਵਾਜ਼ ਕੱਢੀ ਅਤੇ ਖੁਦ ਨੂੰ ਪਾਣੀ ਵਿੱਚ ਸੁੱਟ ਲਿਆ। ਪਰ ਜਲਦੀ ਹੀ ਅਸੀਂ ਦੋਨੇ ਗੰਭੀਰ ਹੋ ਗਏ; ਪਾਣੀ ਅਜੇ ਵੀ ਸਾਡੀ ਛਾਤੀ ਤੱਕ ਸੀ ਅਤੇ ਸੁੱਕੀ ਜ਼ਮੀਨ ਦੇ ਠੋਸ ਨਿਸ਼ਾਨ ਅਜੇ ਵੀ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਖੁਸ਼ਕਿਸਮਤੀ ਨਾਲ਼ ਮੈਂ ਕਿਸ਼ਤੀ ਅਜੇ ਛੱਡੀ ਨਹੀਂ ਸੀ। ਅਤੇ ਇਸ ਲਈ ਸ਼ੈਕਰੋ ਅਤੇ ਮੈਂ ਇਸਦੇ ਦੋਨੋ ਪਾਸੇ ਹੋ ਗਏ ਅਤੇ ਜੀਵਨ-ਰੱਖਿਅਕ ਰੱਸੀਆਂ ਨੂੰ ਫੜੀ, ਕਿਸ਼ਤੀ ਨੂੰ ਆਪਣੇ ਪਿੱਛੇ ਖਿੱਚਦੇ ਹੋਏ, ਸਾਵਧਾਨੀ ਨਾਲ਼ ਅਣਜਾਣ ਦਿਸ਼ਾ ਵਿੱਚ ਅੱਗੇ ਵਧਣ ਲੱਗ ਪਏ।

ਸ਼ੈਕਰੋ ਕੁੱਝ ਬੁੜਬੜਾ ਰਿਹਾ ਸੀ ਅਤੇ ਹੱਸ ਰਿਹਾ ਸੀ। ਮੈਂ ਫਿਕਰ ਵਿੱਚ ਡੁੱਬਿਆ

ਚਾਰੇ ਪਾਸੇ ਵੇਖ ਰਿਹਾ ਸਾਂ। ਗੂੜ੍ਹਾ ਹਨ੍ਹੇਰਾ ਸੀ। ਸਾਡੇ ਪਿੱਛੇ ਅਤੇ ਸੱਜੇ ਪਾਸੇ ਲਹਿਰਾਂ ਦੀ ਆਵਾਜ਼ ਤੇਜ਼ ਸੀ, ਅੱਗੇ ਅਤੇ ਖੱਬੇ ਪਾਸੇ ਕੁੱਝ ਨਰਮ ਸੀ; ਅਸੀਂ ਖੱਬੇ ਪਾਸ ਨੂੰ ਤੁਰਨ ਲੱਗ ਪਏ। ਤਲ ਠੋਸ ਅਤੇ ਰੇਤਲਾ ਸੀ, ਪਰ ਉਸ ਵਿੱਚ ਥਾਂ-ਥਾਂ ਡੂੰਘੇ ਖੱਡੇ ਸਨ; ਕਦੇ-ਕਦੇ ਤਾਂ ਸਾਡੇ ਪੈਰ ਤਲ ਨੂੰ ਛੂੰਹਦੇ ਵੀ ਨਹੀਂ ਸਨ ਅਤੇ ਉਦੋਂ ਅਸੀਂ ਆਪਣੇ ਪੈਰਾਂ ਨੂੰ ਅਤੇ ਇੱਕ ਬਾਂਹ ਨੂੰ ਚੱਪੂ ਵਾਂਗ ਚਲਾਉਣ ਲੱਗ ਪੈਂਦੇ ਸਾਂ ਅਤੇ ਦੂਜੇ ਹੱਥ ਨਾਲ਼ ਕਿਸ਼ਤੀ ਨੂੰ ਫੜੀ ਰੱਖਦੇ ਸਾਂ। ਕਦੇ-ਕਦੇ ਇੰਝ ਵੀ ਹੁੰਦਾ ਕਿ ਪਾਣੀ ਸਾਡੇ ਗੋਡਿਆਂ ਤੱਕ ਹੀ ਰਹਿ ਜਾਂਦਾ ਸੀ। ਡੂੰਘੀਆਂ ਥਾਵਾਂ ਆਉਣ ’ਤੇ ਸ਼ੈਕਰੋ ਚੀਕਾਂ ਮਾਰਨ ਲੱਗ ਪੈਂਦਾ ਸੀ ਅਤੇ ਮੈਂ ਡਰ ਨਾਲ਼ ਕੰਬਣ ਲੱਗ ਪੈਂਦਾ। ਫਿਰ, ਅਚਾਨਕ— ਸਾਨੂੰ ਬਚਾ ਲਿਆ ਗਿਆ। ਸਾਡੇ ਸਾਹਮਣੇ ਕਿਤੇ ਰੌਸ਼ਨੀ ਨਜ਼ਰ ਆ ਰਹੀ ਸੀ।

ਸ਼ੈਕਰੋ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਹੋਰ ਉਹ ਕਰ ਵੀ ਕੀ ਸਕਦਾ ਸੀ। ਪਰ ਮੈਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਕਿਸ਼ਤੀ ਸਰਕਾਰੀ ਸੰਪਤੀ ਸੀ ਅਤੇ ਬਿਨਾਂ ਕੋਈ ਦੇਰ ਕੀਤਿਆਂ ਮੈਂ ਉਸਨੂੰ ਇਹਦੀ ਯਾਦ ਦਿਵਾਈ। ਉਹ ਚੁੱਪ ਹੋ ਗਿਆ, ਪਰ ਦੋ ਕੁ ਮਿੰਟ ਬਾਅਦ ਹੀ ਡੁਸਕਣ ਲੱਗ ਪਿਆ। ਮੈਂ ਉਸਨੂੰ ਦਿਲਾਸਾ ਨਹੀਂ ਦੇ ਸਕਦਾ ਸੀ— ਦਿਲਾਸਾ ਹੈ ਹੀ ਨਹੀਂ ਸੀ।

ਪਾਣੀ ਘਟਦਾ ਗਿਆ... ਗੋਡਿਆਂ ਤੱਕ ...ਫਿਰ ਗਿੱਟਿਆਂ ਤੱਕ। ਅਸੀਂ ਅਜੇ ਵੀ ਸਰਕਾਰੀ ਕਿਸ਼ਤੀ ਖਿੱਚੀ ਫਿਰਦੇ ਸਾਂ ਪਰ ਇੱਕ ਸਮਾਂ ਆਇਆ ਜਦੋਂ ਸਾਡੀ ਸਾਰੀ ਤਾਕਤ ਖ਼ਤਮ ਹੋ ਗਈ ਅਤੇ ਫਿਰ ਅਸੀਂ ਇਸਨੂੰ ਛੱਡ ਦਿੱਤਾ। ਸਾਡੇ ਰਾਹ ਵਿੱਚ ਇੱਕ ਕਾਲ਼ਾ, ਸੁੱਕਾ ਹੋਏ ਦਰੱਖਤ ਦਾ ਇੱਕ ਤਣਾ ਪਿਆ ਸੀ। ਅਸੀਂ ਛਾਲ ਮਾਰ ਕੇ ਉਸਨੂੰ ਪਾਰ ਕੀਤਾ ਅਤੇ ਦੋਨੇ ਨੰਗੇ ਪੈਰ ਇੱਕ ਤਰ੍ਹਾਂ ਦੇ ਚੁਭਣ ਵਾਲ਼ੇ ਘਾਹ ਦੇ ਮੈਦਾਨ ਵਿੱਚ ਤੁਰਨ ਲੱਗ ਪਏ। ਇਹ ਤਕਲੀਫ ਦੇਹ ਸੀ ਅਤੇ ਸਾਡੇ ਪ੍ਰਤੀ ਧਰਤੀ ਦਾ ਰੁਖ ਮਸਾਂ ਹੀ ਸਵਾਗਤ ਕਰਨ ਵਾਲ਼ਾ ਕਿਹਾ ਜਾ ਸਕਦਾ ਸੀ, ਪਰ ਅਸੀਂ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਅਤੇ ਰੌਸ਼ਨੀ ਵੱਲ ਨੂੰ ਭੱਜਣ ਲੱਗੇ। ਇਹ ਕਰੀਬ ਇੱਕ ਮੀਲ ਦੂਰ ਸੀ। ਲਪਟਾਂ ਖੁਸ਼ੀ ਨਾਲ਼ ਲਹਿਰਾ ਰਹੀਆਂ ਸਨ ਅਤੇ ਸਾਡੇ ਨੇੜੇ ਆਉਂਦੀਆਂ ਤੇ ਹੱਸਦੀਆਂ ਜਾਪ ਰਹੀਆਂ ਸਨ।

5.

ਤਿੰਨ ਬਹੁਤ ਵੱਡੇ ਜੱਤਲ਼ ਕੁੱਤੇ ਹਨੇਰੇ ਵਿੱਚੋਂ ਕਿਤੋਂ ਛਾਲ਼ਾਂ ਮਾਰਦੇ ਹੋਏ ਆਏ ਅਤੇ ਸਾਡੇ ਉੱਤੇ ਟੁੱਟ ਪਏ। ਸ਼ੈਕਰੋ ਨੇ ਜਿਹੜਾ ਇਸ ਪੂਰੇ ਸਮੇਂ ਲਗਾਤਾਰ ਡੁਸਕਦਾ ਹੋਇਆ ਆ ਰਿਹਾ ਸੀ, ਇੱਕ ਹੁਆਂਕਣ ਜਿਹੀ ਚੀਕ ਮਾਰੀ ਅਤੇ ਜ਼ਮੀਨ ’ਤੇ ਲਿਟ ਗਿਆ। ਮੈਂ ਝਪਟਦੇ ਕੁੱਤਿਆਂ ਉੱਪਰ ਗਿੱਲਾ ਕੋਟ ਸੁੱਟਿਆ ਅਤੇ ਕੋਈ ਪੱਥਰ ਜਾਂ ਡੰਡਾ ਲੱਭਣ ਲਈ ਹੱਥਾਂ ਨਾਲ਼ ਧਰਤੀ ਟਟੋਲਣ ਲੱਗ ਪਿਆ। ਘਾਹ ਦੀ ਚੋਭ ਤੋਂ ਸਿਵਾ ਮੇਰੇ ਹੱਥ ਹੋਰ ਕੁੱਝ ਨਾ ਲੱਗਿਆ। ਕੁੱਤਿਆਂ ਨੇ ਇੱਕਜੁਟ ਹੋ ਕੇ ਧਾਵਾ ਬੋਲਿਆ। ਹੋਰ ਕੋਈ ਚਾਰਾ ਨਾ ਚੱਲਦਾ ਵੇਖ ਮੈਂ ਦੋ ਉਂਗਲ਼ੀਆਂ ਮੂੰਹ ਵਿੱਚ ਪਾਈਆਂ ਅਤੇ ਪੂਰੀ ਤਾਕਤ ਨਾਲ਼ ਸੀਟੀ ਮਾਰੀ। ਉਹ ਪਿੱਛੇ ਵੱਲ ਨੂੰ

ਉੱਲਰੇ ਅਤੇ ਉਸੇ ਪਲ਼ ਸਾਨੂੰ ਭੱਜੇ ਆਉਂਦੇ ਲੋਕਾਂ ਦੇ ਪੈਰਾਂ ਦੀ ਠੱਪ-ਠੱਪ ਅਤੇ ਉੱਚੀਆਂ ਆਵਾਜ਼ਾਂ ਸੁਣਾਈ ਦਿੱਤੀਆਂ।

ਕੁੱਝ ਹੀ ਮਿੰਟਾਂ ਬਾਅਦ ਅਸੀਂ ਚਾਰ ਆਜੜੀਆਂ ਵਿੱਚ ਘਿਰੇ ਹੋਏ ਅੱਗ ਕੋਲ਼ ਖੜੇ ਸਾਂ। ਆਜੜੀਆਂ ਨੇ ਬਾਹਰੋਂ ਰੂੰਦਾਰ ਭੇਡ ਦੀ ਖੱਲ ਨਾਲ਼ ਸਰੀਰ ਢਕੇ ਹੋਏ ਸਨ।

ਉਹਨਾਂ ਵਿੱਚੋਂ ਦੋ ਜ਼ਮੀਨ 'ਤੇ ਬੈਠੇ ਹੋਏ ਤੰਮਾਕੂ ਪੀ ਰਹੇ ਸਨ। ਸੰਘਣੀ ਕਾਲ਼ੀ ਦਾਹੜੀ ਵਾਲ਼ਾ ਅਤੇ ਕਜ਼ਾਕਾਂ ਵਰਗੀ ਲੰਮੀ ਰੂੰਦਾਰ ਟੋਪੀ ਪਹਿਨੀ ਇੱਕ ਲੰਮਾ ਆਦਮੀ ਸਾਡੇ ਪਿੱਛੇ ਇੱਕ ਡਾਂਗ ਨਾਲ਼ ਟਿਕਿਆ ਖੜਾ ਸੀ, ਜਿਸਦੇ ਸਿਰ 'ਤੇ ਜੜ ਦੀ ਇੱਕ ਵੱਡ-ਅਕਾਰੀ ਗੱਠ ਸੀ। ਚੌਥਾ ਭੂਰੇ ਵਾਲ਼ਾਂ ਵਾਲ਼ਾ ਇੱਕ ਨੌਜਵਾਨ ਸੀ, ਜਿਹੜਾ ਰੋਂਦੇ ਹੋਏ ਸ਼ੈਕਰੋ ਦੇ ਕੱਪੜੇ ਉਤਾਰਨ ਵਿੱਚ ਉਸਦੀ ਮੱਦਦ ਕਰ ਰਿਹਾ ਸੀ। ਗੋਲਦਾਰ ਘੇਰੇ ਤੋਂ ਕਰੀਬ ਪੰਜ ਗਜ਼ ਦੀ ਦੂਰੀ 'ਤੇ ਧਰਤੀ ਕਿਸੇ ਰੇਤਲੀ, ਲਹਿਰਦਾਰੀ ਜਿਹੀ, ਬਸੰਤ ਦੇ ਦਿਨਾਂ ਦੀ ਬਰਫ਼ ਜਿਹੀ ਚੀਜ਼ ਦੀ ਮੋਟੀ ਪਰਤ ਨਾਲ਼ ਢੱਕੀ ਹੋਈ, ਜਿਸਦੇ ਪਿਘਲਣ ਦੀ ਅਜੇ ਸ਼ੁਰੂਆਤ ਹੀ ਹੋ ਰਹੀ ਸੀ। ਕੁੱਝ ਦੇਰ ਤੱਕ ਗੌਰ ਨਾਲ਼ ਦੇਖ ਲੈਣ ਤੋਂ ਬਾਅਦ ਹੀ, ਇੱਕ-ਦੂਜੀ ਨਾਲ਼ ਜੁੜੀਆਂ ਬੈਠੀਆਂ ਭੇਡਾਂ ਦੇ ਆਕਾਰਾਂ ਨੂੰ ਪਹਿਚਾਣਿਆ ਜਾ ਸਕਦਾ ਸੀ। ਉਹ ਕੁੱਝ ਹਜ਼ਾਰ ਤਾਂ ਹੋਣਗੀਆਂ ਹੀ ਜਿਹੜੀਆਂ ਨੀਂਦ ਅਤੇ ਰਾਤ ਦੇ ਹਨ੍ਹੇਰੇ ਨਾਲ਼ ਸੁੰਗੜ ਕੇ ਸਤੇਪੀ ਦੀ ਇੱਕ ਸੰਘਣੀ, ਗਰਮ, ਮੋਟੀ ਪਰਤ ਜਿਹੀ ਬਣ ਗਈ ਸੀ। ਥੋੜੀ-ਥੋੜੀ ਦੇਰ ਬਾਅਦ ਉਹ ਸ਼ਿਕਾਇਤ ਕਰਨ ਦੇ ਅੰਦਾਜ਼ ਵਿੱਚ ਅਤੇ ਘਬਰਾਹਟ ਭਰੀ ਆਵਾਜ਼ ਵਿੱਚ ਮਮਿਆਉਂਦੀਆਂ ਸਨ...

ਮੈਂ ਕੋਟ ਸੁਕਾਇਆ ਅਤੇ ਆਜੜੀਆਂ ਨੂੰ ਹੁਣ ਤੱਕ ਦਾ ਸਾਰਾ ਘਟਨਾਕ੍ਰਮ ਸੱਚੋ-ਸੱਚ ਦੱਸ ਦਿੱਤਾ, ਇਹ ਵੀ ਕਿਸ ਤਰ੍ਹਾਂ ਕਿਸ਼ਤੀ ਲੈ ਕੇ ਅਸੀਂ ਇੱਥੇ ਤੱਕ ਆਏ ਸਾਂ।

"ਕਿੱਥੇ ਹੈ ਉਹ, ਉਹ ਕਿਸ਼ਤੀ ?" ਧੌਲ਼ੇ ਵਾਲ਼ਾਂ ਵਾਲੇ, ਕਠੋਰ ਬੁੱਢੇ ਆਦਮੀ ਨੇ ਪੁੱਛਿਆ। ਜਿੰਨੀ ਦੇਰ ਤੱਕ ਮੈਂ ਬੋਲਦਾ ਰਿਹਾ ਸੀ ਉਸਨੇ ਇੱਕ ਪਲ਼ ਲਈ ਵੀ ਮੇਰੇ ਤੋਂ ਆਪਣੀਆਂ ਨਜ਼ਰਾਂ ਨਹੀਂ ਹਟਾਈਆਂ ਸਨ।

ਮੈਂ ਉਸਨੂੰ ਕਿਸ਼ਤੀ ਬਾਰੇ ਦੱਸ ਦਿੱਤਾ।

"ਜਾ ਮਿਖਾਈਲ। ਜ਼ਰਾ ਦੇਖ ਕੇ ਆ ਤਾਂ !"

ਮਿਖਾਈਲ— ਕਾਲ਼ੀ ਦਾਹੜੀ ਵਾਲ਼ੇ ਆਦਮੀ ਨੇ ਡਾਂਗ ਆਪਣੇ ਮੋਢੇ 'ਤੇ ਰੱਖੀ ਅਤੇ ਕਿਨਾਰੇ ਵੱਲ ਨੂੰ ਤੁਰ ਪਿਆ।

ਠੰਢ ਨਾਲ਼ ਕੰਬਦੇ ਹੋਏ ਸ਼ੈਕਰੋ ਨੇ ਮੈਥੋਂ ਨਿੱਘਾ ਕੋਟ ਮੰਗਿਆ ਜਿਹੜਾ ਅਜੇ ਵੀ ਗਿੱਲਾ ਸੀ, ਪਰ ਬੁੱਢੇ ਆਦਮੀ ਨੇ ਕਿਹਾ:

"ਰੁਕੋ ! ਆਪਣੇ ਲਹੂ ਨੂੰ ਗਰਮੀ ਦੇਣ ਲਈ ਪਹਿਲਾਂ ਥੋੜਾ ਜਿਹਾ ਭੱਜ ਲਓ। ਅੱਗ ਦੇ ਚਾਰੇ ਪਾਸੇ ਭੱਜੋ ! ਉੱਠ, ਚੱਲ ਤੂੰ ਵੀ ਭੱਜ ਇਹਦੇ ਨਾਲ਼ !"

ਸ਼ੈਕਰੋ ਇਕਦਮ ਸਮਝ ਨਾ ਸਕਿਆ ਪਰ ਫਿਰ ਉਹ ਅਚਾਨਕ ਉੱਛਲਿਆ ਅਤੇ ਨੰਗ-ਧੜੰਗਾ, ਅੱਗ ਉੱਪਰੋਂ ਗੇਂਦ ਵਾਂਗ ਉੱਡਦੇ ਹੋਏ ਇੱਕੋ ਥਾਂ 'ਤੇ ਗੋਲ਼-ਗੋਲ਼ ਘੁੰਮਦਿਆਂ ਅਤੇ ਆਪਣੇ ਪੈਰਾਂ ਨਾਲ਼ ਜ਼ਮੀਨ 'ਤੇ ਥਾਪ ਦਿੰਦੇ ਹੋਏ, ਜ਼ੋਰ-ਜ਼ੋਰ ਨਾਲ਼ ਚੀਕਾਂ ਮਾਰਦਾ

ਹੋਇਆ ਅਤੇ ਬਾਹਾਂ ਲਹਿਰਾਉਂਦਾ ਹੋਇਆ ਜੰਗਲ਼ੀਆਂ ਵਾਂਗ ਨੱਚਣ ਲੱਗ ਪਿਆ। ਇਹ ਇੱਕ ਜਾਨਲੇਵਾ ਦ੍ਰਿਸ਼ ਸੀ। ਦੋ ਆਜੜੀ ਹੱਸਦੇ-ਹੱਸਦੇ ਜ਼ਮੀਨ 'ਤੇ ਲੋਟ-ਪੋਟ ਹੋ ਰਹੇ ਸਨ, ਪਰ ਬੁੱਢੇ ਦਾ ਚਿਹਰਾ ਬਿਲਕੁਲ ਹੀ ਭਾਵਹੀਣ ਅਤੇ ਗੰਭੀਰ ਬਣਿਆ ਰਿਹਾ। ਉਹ ਨਾਚ ਦੀ ਤਾਲ ਨਾਲ਼ ਤਾੜੀ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸਨੂੰ ਤਾਲ ਦੀ ਸਮਝ ਨਹੀਂ ਆ ਰਹੀ ਸੀ। ਉਹ ਸ਼ੈਕਰੋ ਦੇ ਗੋਲ਼-ਗੋਲ਼ ਚੱਕਰਾਂ 'ਤੇ ਨਜ਼ਰਾਂ ਟਿਕਾਈ ਆਪਣਾ ਸਿਰ ਹਿਲਾਉਂਦਾ ਰਿਹਾ, ਮੁੱਛਾਂ ਮਰੋੜਦਾ ਰਿਹਾ ਅਤੇ ਡੂੰਘੇ ਮੱਧਮ ਜਿਹੇ ਸੁਰ ਵਿੱਚ ਆਵਾਜ਼ਾਂ ਕੱਢਦਾ ਰਿਹਾ:

"ਹੈ- ਹਾ!! ਸ਼ੀ ਸ਼ੀ! ਹੈ- ਹਾ!! ਬੁਜ਼-ਬੁਜ਼"

ਅੱਗ ਦੀ ਰੌਸ਼ਨੀ ਵਿੱਚ ਚਮਕਦਾ ਹੋਇਆ ਸ਼ੈਕਰੋ ਸੱਪ ਵਾਂਗ ਲੋਟਣੀਆਂ ਖਾ ਰਿਹਾ ਸੀ, ਕਦੇ ਇੱਕ ਪੈਰ 'ਤੇ ਟੱਪ ਰਿਹਾ ਸੀ ਤੇ ਕਦੇ ਦੋਨਾਂ ਪੈਰਾਂ ਨਾਲ਼ ਲੈਅਬੱਧ ਥਾਪ ਦੇ ਰਿਹਾ ਸੀ। ਅੱਗ ਦੀ ਰੌਸ਼ਨੀ ਵਿੱਚ ਚਮਕਦਾ ਉਸਦਾ ਸਰੀਰ ਪਸੀਨੇ ਦੀਆਂ ਵੱਡੀਆਂ-ਵੱਡੀਆਂ ਬੂੰਦਾਂ ਨਾਲ਼ ਭਰ ਗਿਆ ਸੀ ਜਿਹੜੀਆਂ ਲਹੂ ਵਾਂਗ ਲਾਲ ਦਿਖ ਰਹੀਆਂ ਸਨ।

ਹੁਣ ਤਿੰਨੇ ਆਜੜੀ ਤਾੜੀ ਮਾਰ ਰਹੇ ਸਨ ਅਤੇ ਮੈਂ ਠੰਢ ਨਾਲ਼ ਕੰਬਦਾ ਹੋਇਆ ਅੱਗ ਨਾਲ਼ ਖੁਦ ਨੂੰ ਸੁਕਾ ਰਿਹਾ ਸਾਂ ਅਤੇ ਸੋਚ ਰਿਹਾ ਸਾਂ ਕਿ ਅੱਜ ਦਾ ਸਾਹਸਿਕ ਕਾਰਨਾਮਾ ਫੇਨੀਮੋਰ ਕੂਪਰ ਜਾਂ ਜੂਲ ਵਰਨ ਦੇ ਕਿਸੇ ਮੁਰੀਦ ਲਈ ਪਰਮ ਆਨੰਦ ਦੀ ਚੀਜ਼ ਸੀ: ਜਹਾਜ਼ ਦਾ ਟੁੱਟਣਾ, ਮਹਿਮਾਨ ਨਿਵਾਜ਼ ਆਦਿਵਾਸੀ ਅਤੇ ਅੱਗ ਦੇ ਦੁਆਲ਼ੇ ਬਰਬਰ ਨਾਚ...

ਸ਼ੈਕਰੋ ਹੁਣ ਆਪਣੇ ਕੋਟ ਵਿੱਚ ਸਿਮਟਿਆ ਹੋਇਆ ਜ਼ਮੀਨ 'ਤੇ ਬੈਠਾ ਸੀ ਅਤੇ ਕੁੱਝ ਖਾਂਦਾ ਹੋਇਆ ਆਪਣੀਆਂ ਕਾਲ਼ੀਆਂ ਅੱਖਾਂ ਨਾਲ਼ ਮੇਰੇ ਵੱਲ ਦੇਖ ਰਿਹਾ ਸੀ ਜਿਹਨਾਂ ਵਿੱਚ ਇੱਕ ਅਜਿਹੀ ਚਮਕ ਸੀ ਜਿਹੜੀ ਮੈਨੂੰ ਖਾਸ ਪਸੰਦ ਨਹੀਂ ਸੀ। ਅੱਗ ਕੋਲ ਜ਼ਮੀਨ ਵਿੱਚ ਗੱਡੇ ਹੋਏ ਡੰਡੇ ਉੱਤੇ ਉਸਦੇ ਕੱਪੜੇ ਸੁੱਕ ਰਹੇ ਸਨ। ਮੈਨੂੰ ਵੀ ਖਾਣ ਲਈ ਕੁਝ ਰੋਟੀਆਂ ਅਤੇ ਲੂਣ ਵਾਲ਼ੀ ਸੂਰ ਦੀ ਚਰਬੀ ਦਿੱਤੀ ਗਈ।

ਮਿਖਾਈਲ ਮੁੜ ਆਇਆ ਅਤੇ ਬਿਨਾਂ ਕੁੱਝ ਬੋਲਿਆਂ ਬੁੱਢੇ ਕੋਲ਼ ਆ ਕੇ ਬੈਠ ਗਿਆ।

"ਠੀਕ ਹੈ?" ਬੁੱਢੇ ਨੇ ਪੁੱਛਿਆ।

"ਕਿਸ਼ਤੀ ਤਾਂ ਹੈ ਉੱਥੇ!" ਮਿਖਾਈਲ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਵਹਿ ਤਾਂ ਨਹੀਂ ਗਈ ਕਿਤੇ?"

"ਨਹੀਂ।"

ਅਤੇ ਉਹ ਸਾਰੇ ਮੈਨੂੰ ਘੂਰਦੇ ਹੋਏ ਚੁੱਪ ਹੋ ਗਏ।

"ਠੀਕ ਹੈ।" ਬਿਨਾਂ ਕਿਸੇ ਖਾਸ ਆਦਮੀ ਨੂੰ ਸੰਬੋਧਿਤ ਹੋਏ ਮਿਖਾਈਲ ਨੇ ਪੁੱਛਿਆ, "ਕੀ ਆਪਾਂ ਇਹਨਾਂ ਨੂੰ ਪਿੰਡ ਅਤਾਮਾਨ ਕੋਲ਼ ਲੈ ਚੱਲੀਏ? ਜਾਂ ਫਿਰ ਇੰਝ ਕਰ ਸਕਦੇ ਹਾਂ ਕਿ— ਸਿੱਧਾ ਆਬਕਾਰੀ ਦੇ ਆਦਮੀ ਕੋਲ਼ ਹੀ ਲੈ ਚੱਲੀਏ?"

ਕਿਸੇ ਨੇ ਜਵਾਬ ਨਾ ਦਿੱਤਾ। ਸ਼ੈਕਰੋ ਚੁੱਪ-ਚਾਪ ਖਾਂਦਾ ਰਿਹਾ।

"ਆਪਾਂ ਇਹਨਾਂ ਨੂੰ ਅਤਾਮਾਨ ਕੋਲ਼ ਲੈ ਜਾ ਸਕਦੇ ਹਾਂ... ਜਾਂ ਆਬਕਾਰੀ ਦੇ

ਆਦਮੀ ਕੋਲ਼ ਵੀ ਲਿਜਾ ਸਕਦੇ ਹਾਂ... ਇੱਕੋ ਗੱਲ ਹੈ..."

"ਰੁਕੋ ਤਾਂ ਸਹੀ ਦਾਦਾ..." ਮੈਂ ਕਹਿਣਾ ਸ਼ੁਰੂ ਕੀਤਾ।

ਪਰ ਉਸਨੇ ਮੇਰੇ ਵੱਲ ਇੱਕਦਮ ਧਿਆਨ ਨਹੀਂ ਦਿੱਤਾ।

" ਤਾਂ ਇਹ ਗੱਲ ਹੈ, ਮਿਖਾਈਲ ਕਿਸ਼ਤੀ ਹੈ ਉੱਥੇ ?"

"ਹਾਂ, ਹੈ..."

"ਤੇ ਪਾਣੀ ਨਾਲ਼ ਵਹਿ ਨਹੀਂ ਗਈ ?"

"ਨਹੀਂ।"

"ਫਿਰ ਉਸਨੂੰ ਉੱਥੇ ਹੀ ਰਹਿਣ ਦਿਓ ਤੇ ਕੱਲ ਕੋਈ ਕਿਸ਼ਤੀ ਵਾਲ਼ਾ ਕੇਰਚ ਜਾਵੇਗਾ ਤਾਂ ਆਪਣੇ ਨਾਲ਼ ਲਿਜਾ ਸਕਦਾ ਹੈ। ਇੱਕ ਖਾਲ਼ੀ ਕਿਸ਼ਤੀ ਆਪਣੇ ਨਾਲ਼ ਉਹ ਕਿਉਂ ਨਹੀਂ ਲੈ ਕੇ ਜਾਣਗੇ ? ਹੈਂ ? ਤਾਂ ਇਹ ਗੱਲ ਹੈ... ਤੇ ਹੁਣ ਤੁਸੀਂ... ਤੁਸੀਂ ਮੁੰਡਿਓ... ਕਿਵੇਂ ਕਹਿਣਾ ਚਾਹੀਦਾ ਹੈ ਮੈਨੂੰ, ਹੁਣ ? ... ਤੁਹਾਨੂੰ ਡਰ ਨਹੀਂ ਲੱਗਿਆ ? ਨਹੀਂ ? ਚੀ-ਚੀ... ਪਰ ਬਸ ਅੱਧਾ ਵੇਰਸਤ ਹੋਰ ਤੇ ਤੁਸੀਂ ਖੁੱਲੇ ਸਮੁੰਦਰ ਵਿੱਚ ਹੁੰਦੇ। ਤੁਸੀਂ ਇੱਕਦਮ ਸਮੁੰਦਰ ਵਿੱਚ ਸੁੱਟ ਦਿੱਤੇ ਜਾਂਦੇ। ਫਿਰ ਤੁਸੀਂ ਕੀ ਕਰਦੇ ? ਤੁਸੀਂ ਇਸਦੇ ਤਲ ਤੱਕ ਚਲੇ ਜਾਂਦੇ, ਪੱਥਰ ਵਾਂਗ, ਤੁਸੀਂ ਦੋਨੋ। ਡੁੱਬ ਜਾਂਦੇ ਤੁਸੀਂ... ਤੇ ਬਸ।"

ਬੁੱਢਾ ਚੁੱਪ ਹੋ ਗਿਆ ਅਤੇ ਮੁੱਛਾਂ ਵਿੱਚ ਲੁਕੀ ਵਿਅੰਗਾਤਮਕ ਮੁਸਕਾਨ ਨਾਲ਼ ਮੈਨੂੰ ਦੇਖਣ ਲੱਗ ਪਿਆ।

"ਠੀਕ ਹੈ, ਤੁਸੀਂ ਕੁੱਝ ਕਹਿਣਾ ਹੈ, ਬਈ ?"

ਮੈਂ ਉਸਦੀਆਂ ਗੱਲਾਂ ਤੋਂ ਅੱਕ ਗਿਆ ਸਾਂ। ਉਹਨਾਂ ਦੇ ਵਹਿਣ ਦੀ ਦਿਸ਼ਾ ਮੇਰੀ ਸਮਝ ਵਿੱਚ ਨਹੀਂ ਆ ਰਹੀ ਸੀ ਅਤੇ ਉਹ ਮੈਨੂੰ ਮਜ਼ਾਕ ਉਡਾਉਣ ਵਾਲ਼ੀਆਂ ਜਾਪ ਰਹੀਆਂ ਸਨ।

"ਮੈਂ ਤੁਹਾਡੀਆਂ ਗੱਲਾਂ ਸੁਣ ਰਿਹਾ ਹਾਂ।" ਮੈਂ ਕੁੱਝ ਤਿੱਖੇ ਜਿਹੇ ਢੰਗ ਨਾਲ਼ ਕਿਹਾ।

"ਠੀਕ ਹੈ, ਪਰ ਤੂੰ ਇਹਨਾਂ ਦਾ ਕਰੇਂਗਾ ਕੀ ? " ਬੁੱਢੇ ਨੇ ਜਾਨਣਾ ਚਾਹਿਆ।

"ਨਾ ਸਿਰ, ਨਾ ਪੈਰ।"

"ਤਾਂ ਫਿਰ, ਤਾਂ ਫਿਰ ਆਪਣੇ ਦੰਦ ਕਿਸ ਲਈ ਦਿਖਾ ਰਿਹਾ ਹੈ ? ਸੋਚ ਰਿਹਾ ਹੈਂ ਕਿ ਆਪਣੇ ਵੱਡੇ ਅਤੇ ਭਲਾਈ ਕਰਨ ਵਾਲ਼ਿਆਂ 'ਤੇ ਘੁਰ-ਘੁਰ ਕਰਨ ਲਈ ਇਹ ਕਾਫੀ ਹੈ ? ਕਿਉਂ, ਇਹੀ ਸੋਚ ਰਿਹਾ ਹੈਂ ਨਾ ?"

ਮੈਂ ਕੁੱਝ ਨਾ ਬੋਲਿਆ।

"ਥੋੜਾ ਹੋਰ ਨਹੀਂ ਖਾਣਾ ਚਾਹੁੰਦਾ, ਹੁਣ ?" ਬੁੱਢੇ ਨੇ ਬੋਲਣਾ ਜਾਰੀ ਰੱਖਿਆ।

"ਨਹੀਂ।"

"ਠੀਕ ਹੈ, ਤਾਂ ਰਹਿਣ ਦੇ। ਕੋਈ ਮਜ਼ਬੂਰ ਨਹੀਂ ਕਰੇਗਾ ਤੈਨੂੰ। ਪਰ ਸ਼ਾਇਦ ਤੁਸੀਂ ਰਸਤੇ ਲਈ ਥੋੜੀ ਰੋਟੀ ਲਜਾਣਾ ਪਸੰਦ ਕਰੋਗੇ। ਕਿਉਂ, ਨਹੀਂ ?"

ਮੇਰੀ ਖੁਸ਼ੀ ਬਸ ਫੁੱਟ ਪੈਣ ਵਾਲ਼ੀ ਹੀ ਸੀ, ਪਰ ਮੈਂ ਉਸਨੂੰ ਰੋਕ ਲਿਆ।

“ਰਸਤੇ ਲਈ ਮੈਂ ਲਿਜਾ ਸਕਦਾ ਹਾਂ...” ਮੈਂ ਸ਼ਾਂਤੀਪੂਰਵਕ ਕਿਹਾ।

“ਓਏ..! ਇਹਨਾਂ ਨੂੰ ਰਸਤੇ ਲਈ ਥੋੜੀਆਂ ਰੋਟੀਆਂ ਦੇ ਦਿਓ ਤੇ ਥੋੜੀ ਚਰਬੀ ਵੀ, ਹੋਰ ਵੀ ਹੈ ਕੁੱਝ ? ਜੇ ਹੈ ਤਾਂ ਉਹ ਵੀ ਦੇ ਦਿਓ ਥੋੜਾ ਜਿਹਾ...”

“ਤਾਂ ਕੀ ਆਪਾਂ ਇਹਨਾਂ ਨੂੰ ਛੱਡ ਰਹੇ ਹਾਂ ?” ਮਿਖਾਈਲ ਨੇ ਪੁੱਛਿਆ।

ਬਾਕੀ ਦੋਹਾਂ ਨੇ ਵੀ ਆਪਣੀਆਂ ਨਜ਼ਰਾਂ ਬੁੱਢੇ ਵੱਲ ਵਧਾਈਆਂ।

“ਹੋਰ ਨਹੀਂ ਤਾਂ ਇਹ ਆਪਣੇ ਨਾਲ਼ ਇੱਥੇ ਕੀ ਕਰਨਗੇ ?”

“ਪਰ ਅਸੀਂ ਸੋਚ ਰਹੇ ਸਾਂ ਕਿ ਆਪਾਂ ਨੂੰ ਇਹਨਾਂ ਨੂੰ ਅਤਾਮਾਨ ਕੋਲ਼ ਲੈ ਜਾਣਾ ਚਾਹੀਦਾ ਹੈ... ਜਾਂ ਫਿਰ ਆਬਕਾਰੀ ਦੇ ਆਦਮੀ ਕੋਲ਼,” ਮਿਖਾਈਲ ਨੇ ਨਿਰਾਸ਼ਾ ਭਰੇ ਸੁਰ ਵਿੱਚ ਟਿੱਪਣੀ ਕੀਤੀ।

ਸ਼ੈਕਰੋ ਨੇ ਅੱਗ ਕੋਲ ਆਪਣੀ ਜਗ੍ਹਾ ’ਤੇ ਹਿੱਲ-ਜੁਲ ਕੀਤੀ ਅਤੇ ਕੋਟ ਤੋਂ ਬਾਹਰ ਆਪਣਾ ਸਿਰ ਕੱਢ ਕੇ ਉਤਸੁਕਤਾ ਭਰੀਆਂ ਨਜ਼ਰਾਂ ਨਾਲ਼ ਦੇਖਣ ਲੱਗ ਪਿਆ। ਉਹ ਬੇਫਿਕਰ ਸੀ।

“ਅਤਾਮਾਨ ਨਾਲ਼ ਮਿਲ਼ ਕੇ ਇਹਨਾਂ ਨੂੰ ਕੀ ਮਿਲਣਾ ਹੈ ? ਉੱਥੇ ਇਹਨਾਂ ਲਈ ਕੁੱਝ ਨਹੀਂ ਹੈ, ਜਿਵੇਂ ਕਿ ਮੈਂ ਸਮਝਦਾ ਹਾਂ, ਹੁਣ ਉਹ ਜਾ ਸਕਦੇ ਹਨ ਤੇ ਬਾਅਦ ਵਿੱਚ ਮਿਲ਼ ਸਕਦੇ ਹਨ— ਜੇ ਉਹ ਚਾਹੁਣ ਤਾਂ।”

“ਤਾਂ ਫਿਰ ਕਿਸ਼ਤੀ ਦਾ ਕੀ ਬਣੂਗਾ ?” ਮਿਖਾਈਲ ਨੇ ਜ਼ੋਰ ਦੇ ਕੇ ਪੁੱਛਿਆ।

“ਕਿਸ਼ਤੀ ?” ਬੁੱਢੇ ਨੇ ਸਵਾਲ ਦਾ ਜਵਾਬ ਵਿੱਚ ਸਵਾਲ ਕੀਤਾ। “ਕਿਸ਼ਤੀ ਦਾ ਕੀ ਬਣਨਾ ਹੈ ? ਉੱਥੇ ਹੈ ਉਹ ?”

“ਹਾਂ, ਹੈ।” ਮਿਖਾਈਲ ਨੇ ਜਵਾਬ ਦਿੱਤਾ।

“ਠੀਕ ਹੈ, ਉਸਨੂੰ ਉੱਥੇ ਹੀ ਰਹਿਣ ਦਿਓ। ਸਵੇਰੇ ਇਵਾਸ਼ਕਾ ਉਸਨੂੰ ਕਿਸ਼ਤੀ ਬੰਨ੍ਹਣ ਦੀ ਥਾਂ ਤੱਕ ਲੈ ਜਾਵੇਗਾ। ਅਤੇ ਉੱਥੋਂ ਉਸਨੂੰ ਕੋਈ ਕੇਰਚ ਤੱਕ ਲੈ ਜਾਵੇਗਾ। ਕਿਸ਼ਤੀ ਦਾ ਹੋਰ ਆਪਾਂ ਕੁੱਝ ਨਹੀਂ ਕਰ ਸਕਦੇ।”

ਮੈਂ ਬੁੱਢੇ ਆਜੜੀ ਨੂੰ ਗੌਰ ਨਾਲ਼ ਵੇਖਿਆ, ਪਰ ਉਸਦੇ ਧੁੱਪ ਨਾਲ਼ ਝੁਲਸੇ, ਮੌਸਮਾਂ ਦੀ ਮਾਰ ਸਹਿ ਚੁੱਕੇ ਭਾਵਹੀਣ ਚਿਹਰੇ ’ਤੇ ਕੋਈ ਹਰਕਤ ਨਜ਼ਰ ਨਾ ਆਈ। ਉੱਥੇ ਅੱਗ ਦੇ ਪਰਛਾਵੇਂ ਨੱਚ ਰਹੇ ਸਨ।

“ਜਦੋਂ ਤੱਕ ਕਿ, ਬਾਅਦ ਵਿੱਚ ਇਸ ਨਾਲ਼ ਕੋਈ ਅਣਚਾਹੀ ਮੁਸੀਬਤ ਨਾ ਆ ਜਾਵੇ...” ਮਿਖਾਈਲ ਦਾ ਇਤਰਾਜ਼ ਖਤਮ ਹੋਣ ਲੱਗ ਪਿਆ ਸੀ।

“ਜੇ ਤੂੰ ਆਪਣੀ ਜ਼ੁਬਾਨ ਨੂੰ ਕਾਬੂ ਵਿੱਚ ਰੱਖੇਂਗਾ ਤਾਂ ਮੈਨੂੰ ਨਹੀਂ ਲੱਗਦਾ ਕਿ ਕੋਈ ਮੁਸੀਬਤ ਆਵੇਗੀ। ਅਤੇ ਜੇ ਆਪਾਂ ਇਹਨਾਂ ਨੂੰ ਅਤਾਮਾਨ ਕੋਲ਼ ਲੈ ਜਾਵਾਂਗਾ ਤਾਂ ਮੇਰਾ ਖਿਆਲ ਹੈ ਕਿ ਇਸ ਨਾਲ਼ ਆਪਾਂ ਨੂੰ ਅਤੇ ਇਹਨਾਂ ਨੂੰ ਵੀ ਪ੍ਰੇਸ਼ਾਨੀ ਹੋ ਸਕਦੀ ਹੈ। ਆਪਾਂ ਸਿਰਫ਼ ਚਾਹੁੰਦੇ ਹਾਂ ਆਪਣੇ ਕੰਮ ਨਾਲ਼ ਮਤਲਬ ਰੱਖਣਾ ਅਤੇ ਉਹ ਚਾਹੁੰਦੇ ਹਨ—ਜਾਣਾ! ਓਏ! ਤੁਸੀਂ ਹੋਰ ਕਿੰਨੀ ਦੂਰ ਜਾਣਾ ਹੈ ? ਬੁੱਢੇ ਆਜੜੀ ਨੇ ਪੁੱਛਿਆ, ਭਾਵੇਂ ਕਿ ਮੈਂ ਉਸਨੂੰ

ਇਹ ਦੱਸ ਚੁੱਕਿਆ ਸਾਂ ਕਿ ਅਸੀਂ ਕਿੰਨੀ ਦੂਰ ਜਾਣਾ ਹੈ।

"ਤਿਫਲਿਸ ਤੱਕ..."

"ਕਾਫ਼ੀ ਲੰਮਾ ਰਸਤਾ ਹੈ। ਅਤੇ ਤੁਹਾਨੂੰ ਤਾਂ ਪਤਾ ਹੀ ਹੈ ਕਿ ਅਤਾਮਾਨ ਇਹਨਾਂ ਨੂੰ ਰੋਕ ਲਵੇਗਾ ਅਤੇ ਜੇ ਉਸਨੇ ਇਹਨਾਂ ਨੂੰ ਰੋਕ ਲਿਆ ਤਾਂ ਇਹ ਪਹੁੰਚਣਗੇ ਕਦੋਂ ? ਬਿਹਤਰ ਹੈ ਕਿ ਇਹਨਾਂ ਨੂੰ ਉੱਥੇ ਜਾਣ ਦਿੱਤਾ ਜਾਵੇ ਜਿੱਥੇ ਇਹ ਜਾਣਾ ਚਾਹੁੰਦੇ ਹਨ। ਹੈਂ ?"

"ਕਿਉਂ ਨਹੀਂ, ਜਾਣ ਦਿਓ ਫਿਰ।" ਬੁੱਢੇ ਆਜੜੀ ਦੇ ਸਾਥੀ ਮੰਨ ਗਏ। ਹੌਲ਼ੀ-ਹੌਲ਼ੀ ਆਪਣੀ ਗੱਲ ਖਤਮ ਕਰਕੇ ਬੁੱਢੇ ਨੇ ਆਪਣੇ ਬੁੱਲ ਸਖਤੀ ਨਾਲ਼ ਮੀਚ ਲਏ ਅਤੇ ਆਪਣੀ ਕਾਲ਼ੀ-ਸਫੈਦ ਦਾਹੜੀ ਵਿੱਚ ਉਂਗਲੀਆਂ ਫੇਰਦੇ ਹੋਏ ਸਾਰਿਆਂ ਨੂੰ ਸਵਾਲੀਆਂ ਨਜ਼ਰਾਂ ਨਾਲ਼ ਦੇਖਣ ਲੱਗ ਪਿਆ।

"ਠੀਕ ਹੈ, ਰੱਬ ਤੁਹਾਡੇ ਨਾਲ਼ ਰਹੇਗਾ, ਮੁੰਡਿਓ !" ਬੁੱਢੇ ਨੇ ਗੱਲ ਖਤਮ ਕਰਨ ਦੀ ਮੁਦਰਾ ਬਣਾਈ। "ਅਤੇ ਕਿਸ਼ਤੀ ਅਸੀਂ ਉੱਥੇ ਭੇਜ ਦਿਆਂਗੇ ਜਿੱਥੇ ਦੀ ਉਹ ਹੈ। ਠੀਕ ਹੈ ?"

"ਸ਼ੁਕਰੀਆਂ ਦਾਦਾ !" ਮੈਂ ਟੋਪੀ ਉਤਾਰ ਲਈ।

"ਤੂੰ ਮੈਨੂੰ ਕਿਸ ਗੱਲ ਲਈ ਸ਼ੁਕਰੀਆ ਕਹਿ ਰਿਹਾ ਹੈਂ ?"

"ਸ਼ੁਕਰੀਆ, ਭਾਈ, ਸ਼ੁਕਰੀਆ !" ਮੈਂ ਬਹੁਤ ਵਿਚਲਿਤ ਹੋ ਕੇ ਦੁਹਰਾਇਆ।

"ਤੂੰ ਮੈਨੂੰ ਕਿਸ ਗੱਲ ਲਈ ਸ਼ੁਕਰੀਆ ਕਹਿ ਰਿਹਾ ਹੈਂ ? ਅਜੀਬ ਗੱਲ ਹੈ। ਮੈਂ ਕਹਿ ਰਿਹਾ ਹਾਂ ਕਿ — ਰੱਬ ਤੁਹਾਡੇ ਨਾਲ਼ ਹੈ, ਤੇ ਇਹ ਕਹਿ ਰਿਹਾ ਹੈ— ਸ਼ੁਕਰੀਆ। ਕੀ ਤੁਸੀਂ ਡਰੇ ਹੋਏ ਨਹੀਂ ਸੀ ਕਿ ਮੈਂ ਤੁਹਾਨੂੰ ਸ਼ੈਤਾਨ ਕੋਲ਼ ਭੇਜ ਦਿਆਂਗਾ, ਡਰੇ ਹੋਏ ਸੀ ਨਾ ? ਹੈਂ ?"

"ਮੇਰੀ ਗਲਤੀ ਸੀ।" ਮੈਂ ਮੰਨ ਲਿਆ।

"ਓਹ !" ਅਤੇ ਬੁੱਢੇ ਨੇ ਆਪਣੇ ਭਰਵੱਟੇ ਚੜ੍ਹਾਏ, "ਹੁਣ ਮੈਂ ਕਿਸੇ ਨੂੰ ਗਲਤ ਰਾਹੇ ਭਲਾਂ ਕਿਉਂ ਭੇਜਦਾ ? ਬਿਹਤਰ ਹੈ ਉਸੇ ਰਾਹ 'ਤੇ ਭੇਜਾਂ ਜਿਸ 'ਤੇ ਮੈਂ ਖੁਦ ਜਾਣਾ ਹੈ। ਕੀ ਪਤਾ ਆਪਾਂ ਫਿਰ ਕਿਤੇ ਮਿਲੀਏ, ਅਤੇ ਫਿਰ... ਆਪਾਂ ਪੁਰਾਣੇ ਜਾਣਕਾਰਾਂ ਵਾਂਗ ਮਿਲਾਂਗੇ। ਆਪਾਂ ਸਾਰਿਆਂ ਨੂੰ ਕਦੇ ਨਾ ਕਦੇ ਥੋੜ੍ਹੀ-ਬਹੁਤੀ ਮੱਦਦ ਦੀ ਲੋੜ ਤਾਂ ਹੁੰਦੀ ਹੀ ਹੈ... ਤਾਂ ਫਿਰ... ਅਲਵਿਦਾ !..."

ਉਸਨੇ ਭੇਡ ਦੇ ਖੱਲ ਦੀ ਜੱਤਲ਼ ਟੋਪੀ ਲਾਹੀ ਅਤੇ ਸਾਡੇ ਸਾਹਮਣੇ ਝੁਕਿਆ। ਉਸਦੇ ਸਾਥੀ ਵੀ ਝੁਕੇ। ਅਸੀਂ ਉਹਨਾਂ ਤੋਂ ਅਨਾਪਾ ਦਾ ਰਾਹ ਪੁੱਛਿਆ ਅਤੇ ਅੱਗੇ ਚੱਲ ਪਏ।

ਸ਼ੈਕਰੋ ਕਿਸੇ ਗੱਲ 'ਤੇ ਹੱਸ ਰਿਹਾ ਸੀ...

## 6.

"ਤੂੰ ਹੱਸ ਕਿਉਂ ਰਿਹਾ ਸੀ ?" ਮੈਂ ਉਸਨੂੰ ਪੁੱਛਿਆ।

ਮੈਂ ਬੁੱਢੇ ਆਜੜੀ ਅਤੇ ਉਸਦੇ ਜੀਵਨ-ਦਰਸ਼ਨ ਤੋਂ ਖੁਸ਼ ਸੀ, ਮੈਂ ਉਹ ਪਹੁ-ਫੁਟਾਲੇ ਤੋਂ ਪਹਿਲਾਂ ਵਗਣ ਵਾਲ਼ੀ ਤਾਜ਼ੀ ਹਵਾ ਤੋਂ ਖੁਸ਼ ਸਾਂ ਜਿਹੜੀ ਸਿੱਧੀ ਸਾਡੇ ਚਿਹਰਿਆਂ ਨਾਲ਼ ਟਕਰਾ ਰਹੀ ਸੀ, ਮੈਂ ਖੁਸ਼ ਸਾਂ ਕਿ ਅਕਾਸ਼ ਵਿੱਚ ਬੱਦਲ ਨਹੀਂ ਸਨ, ਕਿ

ਜਲਦੀ ਹੀ ਸਾਫ਼ ਅਸਮਾਨ ਵਿੱਚ ਸੂਰਜ ਚੜ੍ਹਨ ਵਾਲ਼ਾ ਸੀ ਅਤੇ ਇੱਕ ਨਵੇਂ ਦਿਨ ਦੇ ਮਹਾਨ, ਖ਼ੂਬਸੂਰਤ ਦੇਵਤੇ ਦਾ ਜਨਮ ਹੋਣ ਵਾਲ਼ਾ ਸੀ…

ਸ਼ੈਕਰੋ ਕਮੀਨੀਆਂ ਨਜ਼ਰਾਂ ਨਾਲ਼ ਮੇਰੇ ਵੱਲ ਦੇਖ ਰਿਹਾ ਸੀ ਅਤੇ ਵਧੇਰੇ ਜ਼ੋਰ ਨਾਲ਼ ਹੱਸਣ ਲੱਗ ਪੈਂਦਾ ਸੀ। ਮੈਂ ਵੀ ਉਸਦੇ ਸਿਹਤਮੰਦ, ਖ਼ੁਸ਼ੀਆਂ ਭਰਪੂਰ ਹਾਸੇ ’ਤੇ ਮੁਸਕਰਾਉਣ ਲੱਗ ਪਿਆ। ਆਜੜੀਆਂ ਦੀ ਅੱਗ ਕੋਲ਼ ਬੈਠ ਕੇ ਦੋ ਜਾਂ ਤਿੰਨ ਘੰਟੇ ਗੁਜ਼ਾਰਨ ਤੋਂ ਬਾਅਦ ਅਤੇ ਸਵਾਦ ਰੋਟੀ ਅਤੇ ਚਰਬੀ ਖਾਣ ਤੋਂ ਬਾਅਦ ਸਾਡੇ ਥਕਾਊ ਸਫ਼ਰ ਵਿੱਚੋਂ ਜੋ ਕੁੱਝ ਵੀ ਬਚਿਆ ਰਹਿ ਗਿਆ ਸੀ ਉਹ ਬਸ ਸਾਡੀਆਂ ਹੱਡੀਆਂ ਦਾ ਹਲਕਾ ਜਿਹਾ ਦਰਦ ਹੀ ਸੀ ਪਰ ਇਸ ਅਹਿਸਾਸ ਨੇ ਸਾਡੀ ਜ਼ਿੰਦਾਦਿਲੀ ਨੂੰ ਪ੍ਰਭਾਵਿਤ ਨਹੀਂ ਸੀ ਕੀਤਾ।

“ਠੀਕ ਹੈ ਹੁਣ ਦੱਸ ਤੂੰ ਹੱਸ ਕਿਉਂ ਰਿਹਾ ਸੀ ? ਜਿਉਂਦੇ ਬਚ ਜਾਣ ਕਾਰਨ ? ਇਸੇ ਗੱਲ ’ਤੇ ਨਾ ? ਜਿਉਂਦੇ, ਅਤੇ ਭਰੇ ਹੋਏ ਢਿੱਡ ਨਾਲ਼ ?”

ਸ਼ੈਕਰੋ ਨੇ ਆਪਣਾ ਸਿਰ ਹਿਲਾਇਆ, ਜ਼ੋਰ ਨਾਲ਼ ਕੂਹਣੀ ਮਾਰੀ ਅਤੇ ਹਾਸੇ ਨਾਲ਼ ਫਿਰ ਫਟ ਪਿਆ। ਆਖ਼ਿਰਕਾਰ ਆਪਣੀ ਘਟੀਆ ਜਿਹੀ ਰੂਸੀ ਵਿੱਚ ਉਸਨੇ ਕਿਹਾ:

“ਤੂੰ ਸਮਝਦਾ ਨਈਂ, ਯੇ ਬਾਤ ਮਜਾਕੀਆ ਕਿਉਂ ਏ ? ਨਈਂ ਨਾ ? ਮੈਂ ਤੈਨੂੰ ਦੱਸਦਾ। ਜੇ ਉਹ ਆਪਾਂ ਨੂੰ ਅਤਾਮਾਨ ਜਾਂ ਆਬਕਾਰੀ ਦੇ ਆਦਮੀ ਕੋਲ਼ ਲੈ ਜਾਂਦੇ ਤਾਂ ਤੂੰ ਜਾਣਦਾ ਮੈਂ ਕੀ ਕਰਦਾ ? ਤੂੰ ਨਈਂ ਜਾਣਦਾ ? ਮੈਂ ਤੇਰੇ ਬਾਰੇ ਕਹਿੰਦਾ: ਇਹ ਮੈਨੂੰ ਡਬੋਣਾ ਚਾਹੁੰਦਾ ਸੀ ! ਅਤੇ ਫਿਰ ਮੈਂ ਰੋਣ ਲੱਗ ਪੈਂਦਾ। ਫਿਰ ਉਹਨਾਂ ਨੂੰ ਮੇਰੇ ’ਤੇ ਤਰਸ ਆ ਜਾਂਦਾ ਤੇ ਉਹ ਮੈਨੂੰ ਜੇਲ੍ਹ ਨਾ ਭੇਜਦੇ ! ਸਮਝੇ ?”

ਸ਼ੁਰੂ ਵਿੱਚ ਤਾਂ ਮੈਂ ਇਸਨੂੰ ਮਜ਼ਾਕ ਮੰਨਣਾ ਚਾਹਿਆ— ਪਰ — ਅਫ਼ਸੋਸ !– ਉਹ ਮੈਨੂੰ ਇਹ ਗੱਲ ਸਾਫ਼-ਸਾਫ਼ ਸਮਝਾਉਣ ਵਿੱਚ ਸਫਲ ਰਿਹਾ ਕਿ ਉਸਦਾ ਬਿਲਕੁਲ ਇਹੀ ਇਰਾਦਾ ਸੀ। ਉਸਦੇ ਇਸ ਤੁੱਛ ਮਨੁੱਖ ਦੋਖੀ ਪੁਣੇ ’ਤੇ ਗੁੱਸਾ ਹੋਣ ਦੀ ਬਜਾਏ ਮੈਂ ਤਰਸ ਖਾਣ ਦੀ ਭਾਵਨਾ ਨਾਲ਼ ਭਰ ਗਿਆ। ਉਸ ਇਨਸਾਨ ਬਾਰੇ ਭਲਾਂ ਹੋਰ ਕੀ ਮਹਿਸੂਸ ਕੀਤਾ ਜਾ ਸਕਦਾ ਹੈ ਜਿਹੜਾ ਸਾਫ਼ ਉੱਜਲੀ ਮੁਸਕਾਨ ਅਤੇ ਵੱਧ ਤੋਂ ਵੱਧ ਇਮਾਨਦਾਰੀ ਨਾਲ਼, ਤੁਹਾਡਾ ਕਤਲ ਕਰਨ ਦੇ ਆਪਣੇ ਇਰਾਦੇ ਬਾਰੇ ਤੁਹਾਨੂੰ ਦੱਸੇ ? ਅਤੇ ਆਪਣੀ ਇਸ ਹਰਕਤ ਨੂੰ ਜੇਕਰ ਉਹ ਹਾਸਾ-ਮਜ਼ਾਕ ਸਮਝ ਰਿਹਾ ਹੋਵੇ ਤਾਂ ਉਸਦਾ ਭਲਾਂ ਕੀ ਕੀਤਾ ਜਾ ਸਕਦਾ ਸੀ ?

ਮੈਂ ਜ਼ੋਰ-ਸ਼ੋਰ ਨਾਲ਼ ਸ਼ੈਕਰੋ ਸਾਹਮਣੇ ਉਸਦੀ ਨੀਅਤ ਦੀ ਸਾਰੀ ਅਨੈਤਿਕਤਾ ਨੂੰ ਸਿੱਧ ਕਰਨ ਦਾ ਯਤਨ ਕੀਤਾ। ਉਸਨੇ ਬਿਲਕੁਲ ਸਿੱਧੇ-ਸਾਫ਼ ਢੰਗ ਨਾਲ਼ ਜਵਾਬ ਦਿੱਤਾ ਕਿ ਮੈਂ ਉਸਦਾ ਅਸਲੀ ਹਿੱਤ ਸਮਝ ਨਹੀਂ ਰਿਹਾ ਹਾਂ ਅਤੇ ਇਹ ਭੁੱਲ ਰਿਹਾ ਹਾਂ ਕਿ ਉਹ ਇੱਕ ਫ਼ਰਜ਼ੀ ਪਾਸਪੋਰਟ ’ਤੇ ਰਹਿ ਰਿਹਾ ਹੈ ਅਤੇ ਇਹ ਕਿ ਇਸ ਗੱਲ ਲਈ ਕੋਈ ਵੀ ਉਸਨੂੰ ਸ਼ਾਬਾਸ਼ੀ ਨਹੀਂ ਦੇਵੇਗਾ…

ਅਚਾਨਕ ਮੇਰੇ ਮਨ ਵਿੱਚ ਇੱਕ ਕਰੂਰ ਵਿਚਾਰ ਆਇਆ…

“ਇੱਕ ਮਿੰਟ ਰੁਕ,” ਮੈਂ ਕਿਹਾ, “ਕੀ ਤੇਰੇ ਕਹਿਣ ਦਾ ਇਹ ਮਤਲਬ ਹੈ ਕਿ ਤੈਨੂੰ ਪੱਕਾ ਯਕੀਨ ਹੈ ਕਿ ਮੈਂ ਤੈਨੂੰ ਸੱਚੀਂ ਡੁਬੋਣਾ ਚਾਹੁੰਦਾ ਸੀ ?”

"ਨਹੀਂ!... ਜਦੋਂ ਤੂੰ ਮੈਨੂੰ ਪਾਣੀ ਵਿੱਚ ਧੱਕਾ ਦਿੱਤਾ, ਤਾਂ ਮੈਂ ਇਹ ਸੋਚਿਆ, ਪਰ ਜਦ ਤੂੰ ਖ਼ੁਦ ਈ ਪਾਣੀ ਵਿੱਚ ਉਤਰਿਆ ਤਾਂ ਮੈਂ ਇਹ ਸੋਚਣਾ ਬੰਦ ਕਰ ਦਿੱਤਾ।"

"ਲੱਖ-ਲੱਖ ਸ਼ੁਕਰ ਹੈ ਰੱਬ ਦਾ!" ਮੈਂ ਚੀਕਿਆ, "ਠੀਕ ਹੈ, ਮੈਨੂੰ ਲੱਗਦਾ ਹੈ ਕਿ ਮੈਨੂੰ ਇਸ ਲਈ ਤੈਨੂੰ ਸ਼ੁਕਰੀਆ ਕਹਿਣਾ ਚਾਹੀਦਾ ਹੈ।"

"ਨਈਂ ਤੂੰ ਸ਼ੁਕਰੀਆ ਨਾ ਕਹਿ! ਮੈਂ ਤੈਨੂੰ ਕਹਿੰਦਾ। ਉੱਥੇ ਅੱਗ ਕੋਲ਼ ਮੈਂ ਕੰਬ ਰਿਹਾ ਸੀ ਤੂੰ ਵੀ ਕੰਬ ਰਿਹਾ ਸੀ, ਕੋਟ ਤੇਰਾ ਸੀ ਪਰ ਤੂੰ ਲਿਆ ਨਹੀਂ। ਤੂੰ ਉਸਨੂੰ ਸੁਕਾਇਆ ਤੇ ਮੈਨੂੰ ਦੇ ਦਿੱਤਾ। ਅਤੇ ਖੁਦ ਤੂੰ ਕੁੱਝ ਨਈਂ ਲਿਆ। ਇਸ ਲਈ ਮੈਂ ਤੈਨੂੰ ਤੰਨਬਾਦ ਕਹਿੰਦਾ ਹਾਂ। ਤੂੰ ਬਹੁਤ ਅੱਛਾ ਆਦਮੀ। ਮੈਂ ਜਾਣ ਗਿਆ ਹਾਂ । ਜਦੋਂ ਆਪਾਂ ਤਿਫਲਿਸ ਪਹੁੰਚਾਂਗੇ ਤਾਂ ਮੈਂ ਹਰ ਚੀਜ਼ ਦਾ ਮੁੱਲ ਚੁੱਕਾ ਦਿਆਂਗਾ। ਮੈਂ ਤੈਨੂੰ ਆਪਣੇ ਪਿਤਾ ਕੋਲ਼ ਲੈ ਜਾਉਂਗਾ। ਆਪਣੇ ਪਿਤਾ ਨੂੰ ਕਹੂੰਗਾ— ਇਹ ਹੈ ਅਸਲੀ ਆਦਮੀ! ਇਸਨੂੰ ਖਾਣ ਨੂੰ ਦਿਓ, ਪੀਣ ਨੂੰ ਦਿਓ ਅਤੇ ਮੈਨੂੰ ਤਬੇਲੇ ਵਿੱਚ ਗੰਦਗੀ ਵਿੱਚ ਭੇਜ ਦਿਓ। ਇਹ ਕਹੂੰਗਾ ਮੈਂ। ਤੂੰ ਸਾਡੇ ਨਾਲ਼ ਰਹੇਂਗਾ, ਤੈਨੂੰ ਮਾਲੀ ਬਣਾ ਦਿੱਤਾ ਜਾਵੇਗਾ, ਖ਼ੂਬ ਸ਼ਰਾਬ ਪੀਣਾ, ਜੋ ਦਿਲ ਕਰੇ ਸਭ ਕੁੱਝ ਕਰਨਾ! ਅਖ, ਅਖ, ਅਖ ! ਤੇਰੀ ਜ਼ਿੰਦਗੀ ਸ਼ਾਨਦਾਰ ਹੋਵੇਗੀ! ਬਹੁਤ ਅਸਾਨ ਹੈ! ਮੇਰੀ ਥਾਲੀ ਵਿੱਚ ਖਾਓ, ਮੈਂ ਕਹੂੰਗਾ ਉਸੀ ਗਲਾਸ ਵਿੱਚ ਪੀਓ ਜਿਸ ਵਿੱਚ ਮੈਂ ਪੀਂਦਾ ਹਾਂ!..."

ਉਹ ਜ਼ਿੰਦਗੀ ਦੀਆਂ ਉਹਨਾਂ ਖੁਸ਼ੀਆਂ ਦਾ ਲੰਮਾ ਅਤੇ ਵਿਸਤਾਰ ਸਹਿਤ ਵਰਣਨ ਕਰਨ ਲੱਗ ਪਿਆ, ਜਿਹਨਾਂ ਦਾ ਉਹ ਮੇਰੇ ਲਈ ਤਿਫਲਿਸ ਵਿੱਚ ਪ੍ਰਬੰਧ ਕਰਨ ਵਾਲ਼ਾ ਸੀ। ਅਤੇ ਉਸਦੀਆਂ ਗੱਲਾਂ ਦੀ ਮਹਿਜ਼ ਅਵਾਜ਼ ਸੁਣਦੇ ਹੋਏ, ਮੈਂ ਉਹਨਾਂ ਲੋਕਾਂ ਦੇ ਅਪਾਰ ਦੁੱਖਾਂ ਬਾਰੇ ਸੋਚਣ ਲੱਗ ਪਿਆ ਜਿਹੜੇ ਇੱਕ ਨਵੀਂ ਨੈਤਿਕਤਾ ਨਾਲ਼, ਨਵੀਆਂ ਇੱਛਾਵਾਂ ਨਾਲ਼ ਲੈੱਸ ਹੋ ਕੇ ਆਪਣੇ ਸਮਕਾਲੀਆਂ ਨਾਲ਼ੋਂ ਕਿਤੇ ਅੱਗੇ ਨਿਕਲ਼ ਆਏ ਹਨ ਅਤੇ ਉਹਨਾਂ ਲੋਕਾਂ ਨਾਲ਼ ਸਫ਼ਰ ਕਰਨ ਲਈ ਮਜ਼ਬੂਰ ਹਨ ਜਿਹੜੇ ਉਹਨਾਂ ਲਈ ਅਜਨਬੀ ਹਨ, ਉਹਨਾਂ ਦੀ ਗੱਲ ਸਮਝ ਹੀ ਨਹੀਂ ਸਕਦੇ... ਅਜਿਹੇ ਇਕੱਲੇ ਲੋਕਾਂ ਲਈ ਜ਼ਿੰਦਗੀ ਕਠਿਨ ਹੁੰਦੀ ਹੈ! ਉਹ ਧਰਤੀ ਤੋਂ ਉੱਪਰ ਹਵਾ ਵਿੱਚ ਹਨ... ਉਹ ਚੰਗੇ ਅਨਾਜ ਦੇ ਬੀਜ ਵਾਂਗ ਇੱਧਰ-ਓਧਰ ਉੱਡਦੇ ਰਹਿੰਦੇ ਹਨ, ਅਤੇ ਭਾਵੇਂ ਕਿ ਇਸ ਗੱਲ ਦੀ ਸੰਭਾਵਨਾ ਵਿਰਲੀ ਹੀ ਕਿਉਂ ਨਾ ਹੋਵੇ, ਉਹ ਉਪਜਾਊ ਮਿੱਟੀ ਵਿੱਚ ਡਿੱਗ ਸਕਦੇ ਹਨ...

ਚਾਨਣ ਫੈਲਣ ਲੱਗ ਪਿਆ ਸੀ। ਦੁਮੇਲ ਕੋਲ਼, ਸਮੁੰਦਰ ਪਹਿਲਾਂ ਹੀ ਗੁਲਾਬੀ, ਸੁਨਹਿਰੀ ਭਾਹ ਮਾਰਨ ਲੱਗ ਪਿਆ ਸੀ।

"ਮੈਂ ਸੋਣਾ ਚਾਹੁੰਦਾ!" ਸ਼ੈਕਰੋ ਬੋਲਿਆ।

ਅਸੀਂ ਰੁਕ ਗਏ। ਉਹ ਕੰਢੇ ਕੋਲ਼ ਹਵਾ ਨਾਲ਼ ਸੁੱਕੇ ਰੇਤਲੇ ਟਿੱਬੇ ਵਿੱਚ ਬਣੇ ਇੱਕ ਟੋਏ ਵਿੱਚ ਲੇਟ ਗਿਆ ਅਤੇ ਲੰਮੇ ਕੋਟ ਨਾਲ਼ ਸਿਰ ਤੋਂ ਲੈ ਕੇ ਪੈਰਾਂ ਤੱਕ ਖ਼ੁਦ ਨੂੰ ਢੱਕ ਲਿਆ। ਛੇਤੀ ਹੀ ਉਹ ਸੌਂ ਗਿਆ। ਮੈਂ ਉਸਦੇ ਕੋਲ਼ ਬੈਠਾ ਰਿਹਾ ਅਤੇ ਸਮੁੰਦਰ ਨੂੰ ਤੱਕਦਾ ਰਿਹਾ।

ਉਹ ਆਪਣੀ ਹੀ ਕਿਸਮ ਦੀ ਇੱਕ ਜ਼ਿੰਦਗੀ ਸੀ, ਸੰਪੂਰਣ ਅਤੇ ਆਜ਼ਾਦ, ਤਾਕਤਵਰ ਹਲਚਲਾਂ ਨਾਲ਼ ਧੜਕਦੀ। ਲਹਿਰਾਂ ਦੇ ਝੁੰਡਾਂ ਦੇ ਝੁੰਡ ਰੌਲ਼ਾ ਪਾਉਂਦੇ ਹੋਏ ਕਿਨਾਰੇ

ਵੱਲ ਆਉਂਦੇ ਸਨ ਅਤੇ ਟਿੱਬੇ 'ਤੇ ਸਿਰ ਪਟਕਦੇ ਸਨ। ਪਾਣੀ ਸੋਖਦੇ ਹੋਏ ਰੇਤਲਾ ਟਿੱਬਾ ਸ਼ਾਂਤ ਸੀਤਕਾਰ ਕਰਦਾ ਸੀ। ਆਪਣੇ ਸਫੈਦ ਅਯਾਲਾਂ ਨੂੰ ਲਹਿਰਾਉਂਦੀਆਂ ਆਗੂ ਲਹਿਰਾਂ ਰੌਲ਼ਾ ਪਾਉਂਦੀਆਂ ਹੋਈਆਂ ਸਾਹਮਣਿਓਂ ਧਾਵਾ ਬੋਲਣ ਲਈ ਕਿਨਾਰੇ ਵੱਲ ਵਧਦੀਆਂ ਸਨ ਅਤੇ ਹਾਰ ਕੇ ਪਿੱਛੇ ਖਿਸਕਣ ਹੀ ਲੱਗਦੀਆਂ ਕਿ ਉਦੋਂ ਤੱਕ ਉਹਨਾਂ ਦੀ ਮੱਦਦ ਲਈ ਦੂਜੀਆਂ ਲਹਿਰਾਂ ਆ ਜਾਂਦੀਆਂ ਤੇ ਉਹਨਾਂ ਵਿੱਚ ਘੁਲ਼ਮਿਲ ਜਾਂਦੀਆਂ। ਦ੍ਰਿੜਤਾ ਨਾਲ਼ ਆਪਸ ਵਿੱਚ ਬੁਣੀਆਂ ਹੋਈਆਂ, ਝੱਗ ਅਤੇ ਫੇਨ ਉਡਾਉਂਦੀਆਂ ਉਹ ਫਿਰ ਕੰਢੇ 'ਤੇ ਚੜ੍ਹਾਈ ਕਰ ਦਿੰਦੀਆਂ ਅਤੇ ਆਪਣੀ ਹੋਂਦ ਦੀਆਂ ਹੱਦਾਂ ਦੇ ਵਿਸਤਾਰ ਲਈ ਉਸ 'ਤੇ ਸੱਟਾਂ ਮਾਰਦੀਆਂ। ਦੁਮੇਲ ਤੋਂ ਲੈ ਕੇ ਕੰਢੇ ਤੱਕ, ਸਮੁੰਦਰ ਦੇ ਸਮੁੱਚੇ ਵਿਸਥਾਰ 'ਤੇ, ਤਾਕਤਵਾਰ ਅਤੇ ਚੁਸਤ ਲਹਿਰਾਂ ਉੱਠਦੀਆਂ ਸਨ, ਅੱਗੇ ਹੋਰ ਅੱਗੇ ਵੱਧਦੀਆਂ ਜਾਂਦੀਆਂ ਸਨ, ਇੱਕ ਦਮ ਇਕੱਠੀਆਂ ਹੋ ਜਾਂਦੀਆਂ ਸਨ ਅਤੇ ਇੱਕੋ ਮਕਸਦ ਦੀ ਵਜ੍ਹਾ ਨਾਲ਼ ਇੱਕ-ਦੂਜੀ ਨਾਲ਼ ਜੁੜ ਜਾਂਦੀਆਂ ਸਨ... ਸੂਰਜ ਉਹਨਾਂ ਦੇ ਸਿਖ਼ਰਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਚਮਕ ਨਾਲ਼ ਰੁਸ਼ਨਾ ਰਿਹਾ ਸੀ ਅਤੇ ਜਿਹੜੀਆਂ ਲਹਿਰਾਂ ਦੁਮੇਲ 'ਤੇ ਦੂਰ ਸਨ ਉਹ ਤਾਂ ਬਿਲਕੁਲ ਹੀ ਲਹੂ ਰੰਗੀਆਂ ਜਾਪਦੀਆਂ ਸਨ। ਇੱਕਜੁੱਟ ਲਹਿਰਾਂ ਦੀਆਂ ਵਿਰਾਟ ਹਲਚਲਾਂ ਇੱਕ ਸੁਚੇਤ ਮਕਸਦ ਨਾਲ਼ ਪ੍ਰੇਰਿਤ ਹੋ ਰਹੀਆਂ ਸਨ ਜਿਹਨਾਂ ਨੂੰ ਉਹ ਆਪਣੇ ਵਿਰਾਟ ਅਤੇ ਲੈਆਤਮਕ ਹਮਲਿਆਂ ਦੁਆਰਾ ਜਿੱਤ ਲੈਣਾ ਚਾਹੁੰਦੀਆਂ ਸਨ ਅਤੇ ਇਸ ਪੂਰੀ ਪ੍ਰਕਿਰਿਆ ਵਿੱਚ ਇੱਕ ਵੀ ਬੂੰਦ ਨਾ ਤਾਂ ਬੇਕਾਰ ਹੋ ਰਹੀ ਸੀ ਅਤੇ ਨਾ ਹੀ ਬੇਸ਼ਨਾਖਤ ਗੁੰਮ ਹੋ ਰਹੀ ਸੀ। ਆਗੂਆਂ ਦੇ ਚੁਣੌਤੀਪੂਰਣ ਸਾਹਸ ਨੂੰ ਤੱਕਦੇ ਰਹਿਣ ਵਿੱਚ ਜਾਦੂਈ ਖਿੱਚ ਸੀ ਜਿਹੜੇ ਮੌਨ ਤੱਟ ਨਾਲ਼ ਬੀਰਤਾਪੂਰਵਕ ਟਕਰਾ ਜਾਂਦੇ ਸਨ ਅਤੇ ਇਹ ਦੇਖਣਾ ਰੋਮਾਂਚਿਤ ਕਰ ਦਿੰਦਾ ਸੀ ਕਿ ਕਿਵੇਂ, ਸ਼ਾਂਤੀਪੂਰਵਕ ਅਤੇ ਦ੍ਰਿੜਤਾ ਨਾਲ਼ ਪੂਰਾ ਸਮੁੰਦਰ, ਉਹ ਤਾਕਤਵਰ ਸਮੁੰਦਰ ਉਹਨਾਂ ਦੇ ਪਿੱਛੇ ਖੜ੍ਹਾ ਸੀ ਅਤੇ ਉਹਨਾਂ ਵਿੱਚ ਹੌਸਲਾ ਭਰ ਰਿਹਾ ਸੀ ਜਿਸਨੂੰ ਸੂਰਜ ਨੇ ਪਹਿਲਾਂ ਹੀ ਸਤਰੰਗੀ ਰੰਗਾਂ ਨਾਲ਼ ਰੰਗ ਦਿੱਤਾ ਸੀ ਅਤੇ ਜਿਸਨੂੰ ਆਪਣੇ ਸੁਹੱਪਣ ਅਤੇ ਤਾਕਤ ਦਾ ਭਲੀ-ਭਾਂਤ ਗਿਆਨ ਸੀ...

ਲਹਿਰਾਂ ਨੂੰ ਕੱਟਦਾ ਹੋਇਆ ਇੱਕ ਵਿਸ਼ਾਲ ਸਟੀਮਰ ਅੰਤਰੀਪ ਦੇ ਪਿੱਛਿਓਂ ਸਾਹਮਣੇ ਆਇਆ ਅਤੇ ਉੱਚੀਆਂ ਲਹਿਰਾਂ ਦੇ ਸਿਖ਼ਰਾਂ 'ਤੇ ਸਵਾਰ, ਸਮੁੰਦਰ ਦੀ ਭਾਰੀ-ਭਰਕਮ ਛਾਤੀ 'ਤੇ ਡੋਲਦਾ ਹੋਇਆ ਅੱਗੇ ਵੱਧਦਾ ਰਿਹਾ। ਗੁੱਸੇਖੋਰ ਲਹਿਰਾਂ ਇਸਦੇ ਪਾਸਿਆਂ ਨਾਲ਼ ਟਕਰਾ ਰਹੀਆਂ ਸਨ। ਉਹ ਸੋਹਣਾ ਅਤੇ ਤਾਕਤਵਰ ਸੀ, ਉਸਦੀ ਧਾਤ ਧੁੱਪ ਵਿੱਚ ਚਮਕ ਰਹੀ ਸੀ। ਕੋਈ ਹੋਰ ਸਮਾਂ ਹੁੰਦਾ ਤਾਂ ਉਸਨੂੰ ਦੇਖ ਕੇ ਜ਼ਿਹਨ ਵਿੱਚ ਮਨੁੱਖ ਦੇ ਮਾਣਮੱਤੇ ਕਾਰਜਾਂ ਦਾ ਖਿਆਲ ਆਉਂਦਾ, ਜਿਹੜਾ ਕੁਦਰਤੀ ਤਾਕਤਾਂ ਨੂੰ ਆਪਣੀ ਇੱਛਾ ਨਾਲ਼ ਵੱਸ ਵਿੱਚ ਕਰ ਸਕਦਾ ਹੈ... ਪਰ ਫਿਲਹਾਲ ਮੇਰੇ ਕੋਲ਼ ਇੱਕ ਆਦਮੀ ਸੁੱਤਾ ਪਿਆ ਸੀ, ਜਿਹੜਾ ਖੁਦ ਇੱਕ ਕੁਦਰਤੀ ਤਾਕਤ ਸੀ।

7.

ਅਸੀਂ ਤੇਰੇਕ ਜ਼ਿਲ੍ਹੇ 'ਚੋਂ ਹੋ ਕੇ ਲੰਘੇ। ਸ਼ੈਕਰੋ ਬੇਯਕੀਨੀ ਦੀ ਹੱਦ ਤੱਕ ਫਟੇਹਾਲ

ਅਤੇ ਬੇਹੱਦ ਚਿੜਚਿੜਾ ਹੋ ਗਿਆ ਸੀ, ਭਾਵੇਂ ਕਿ ਹੁਣ ਉਸਨੂੰ ਭੁੱਖਾ ਨਹੀਂ ਸੀ ਰਹਿਣਾ ਪੈਂਦਾ ਕਿਉਂਕਿ ਇੱਧਰ ਕਮਾਈ ਕਰਨ ਦੇ ਕਾਫ਼ੀ ਮੌਕੇ ਮਿਲ਼ ਰਹੇ ਸਨ। ਉਸਨੇ ਆਪਣੇ-ਆਪ ਨੂੰ ਕਿਸੇ ਤਰ੍ਹਾਂ ਦੇ ਵੀ ਕੰਮ ਲਈ ਪੂਰੀ ਤਰ੍ਹਾਂ ਅਣਫਿੱਟ ਸਾਬਿਤ ਕਰ ਦਿੱਤਾ ਸੀ। ਇੱਕ ਵਾਰ ਉਸਨੇ ਥਰੈਸ਼ਿੰਗ ਮਸ਼ੀਨ 'ਚੋਂ ਨਿਕਲ਼ੀ ਤੂੜੀ ਨੂੰ ਤੰਗਲ਼ੀ ਨਾਲ਼ ਚੁੱਕਣ ਦਾ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਦੁਪਿਹਰ ਤੱਕ ਹੀ ਉਸਦੀ ਛੁੱਟੀ ਕਰਨੀ ਪਈ ਅਤੇ ਹੱਥਾਂ ਉੱਤੇ ਫਿੱਸੇ ਹੋਏ, ਖ਼ੂਨੋ-ਖ਼ੂਨ ਛਾਲੇ ਲੈ ਕੇ ਉਹ ਵਾਪਿਸ ਪਰਤ ਆਇਆ। ਇੱਕ ਹੋਰ ਵਾਰੀ ਅਸੀਂ ਗੁਡਾਈ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਸਨੇ ਖੁਰਪੇ ਨਾਲ਼ ਆਪਣੇ ਗਲ਼ੇ ਦੀ ਸਾਰੀ ਚਮੜੀ ਹੀ ਖੁਰਚ ਲਈ।

ਸਾਡੀ ਪ੍ਰਗਤੀ ਕਾਫ਼ੀ ਸੁਸਤ ਸੀ– ਦੋ ਦਿਨ ਕੰਮ 'ਤੇ ਅਤੇ ਇੱਕ ਦਿਨ ਸੜ੍ਹਕ 'ਤੇ। ਸ਼ੈਕਰੋ ਬਿਨ੍ਹਾਂ ਕਿਸੇ ਆਤਮ-ਨਿਯੰਤਰਣ ਤੋਂ ਖਾਂਦਾ ਸੀ ਅਤੇ ਉਸਦੇ ਲਾਲਚ ਦੀ ਵਜ੍ਹਾ ਨਾਲ਼ ਮੈਂ ਇੰਨੇ ਪੈਸੇ ਵੀ ਨਹੀਂ ਬਚਾ ਸਕਦਾ ਸੀ ਕਿ ਉਸਦੇ ਲਈ ਕੁਝ ਕੱਪੜੇ ਖਰੀਦ ਸਕਾਂ। ਬੜੀ ਮੁਸ਼ਕਿਲ ਨਾਲ਼ ਮੈਂ ਬਸ ਕੁੱਝ ਹਿੱਸਾ ਹੀ ਖਰੀਦ ਸਕਿਆ, ਪਰ ਉਸਦੀ ਪੁਸ਼ਾਕ ਦਾ ਬਾਕੀ ਹਿੱਸਾ ਅਜਿਹਾ ਸੀ ਜਿਵੇਂ ਰੰਗ-ਬਿਰੰਗੀਆਂ ਮੋਰੀਆਂ ਨੂੰ ਬਹੁਰੰਗੇ ਗੋਟੇ ਨਾਲ਼ ਬੜੇ ਹੀ ਭੱਦੇ ਢੰਗ ਨਾਲ਼ ਇੱਕ ਥਾਂ ਸਿਉਂ ਦਿੱਤਾ ਗਿਆ ਹੋਵੇ।

ਇੱਕ ਵਾਰ ਕਿਸੇ ਪਿੰਡ ਵਿੱਚ ਉਸਨੇ ਮੇਰੇ ਸਮਾਨ ਵਿੱਚੋਂ ਉਹ ਪੰਜ ਰੂਬਲ ਲੱਭ ਕੇ ਖਰਚ ਦਿੱਤੇ, ਜਿਹੜੇ ਮੈਂ ਬੜੀ ਮੁਸ਼ਕਿਲ ਨਾਲ਼ ਬਚਾ ਕੇ ਤੇ ਉਸਤੋਂ ਲੁਕੋ ਕੇ ਰੱਖੇ ਸਨ। ਅਤੇ ਸ਼ਾਮ ਨੂੰ ਜਦੋਂ ਮੈਂ ਕਿਚਨ-ਗਾਰਡਨ ਵਿੱਚ ਕੰਮ ਕਰ ਰਿਹਾ ਸਾਂ ਤੇ ਉਹ ਇੱਕ ਮੋਟੀ ਕਜ਼ਾਕ ਔਰਤ ਨਾਲ਼ ਟੱਲੀ ਹੋਇਆ ਘਰ ਵੜਿਆ। ਆਉਂਦਿਆਂ ਹੀ ਉਸ ਕਜ਼ਾਕ ਔਰਤ ਨੇ ਮੇਰਾ ਇਹਨਾਂ ਸ਼ਬਦਾਂ ਨਾਲ਼ ਸਵਾਗਤ ਕੀਤਾ:

"ਲਾਹਨਤ ਹੈ ਤੇਰੇ 'ਤੇ, ਓ ਅਧਰਮੀ, ਨਰਕ ਦੇ ਕੀੜੇ!"

ਅਤੇ ਜਦੋਂ, ਇਸ ਉਪਾਧੀ ਤੋਂ ਚੌਂਕ ਕੇ ਮੈਂ ਉਸਤੋਂ ਇਹ ਜਾਨਣਾ ਚਾਹਿਆ ਕਿ ਮੈਨੂੰ ਅਧਰਮੀ ਕਿਉਂ ਕਿਹਾ ਜਾ ਰਿਹਾ ਹੈ ਤਾਂ ਉਸਨੇ ਬੜੇ ਆਤਮ-ਵਿਸ਼ਵਾਸ ਨਾਲ਼ ਕਿਹਾ:

"ਇਸ ਲਈ ਕਿ ਤੂੰ ਸ਼ੈਤਾਨ, ਤੂੰ ਇਸ ਵਿਚਾਰੇ ਮੁੰਡੇ ਨੂੰ ਔਰਤਾਂ ਨਾਲ਼ ਸੌਣ ਤੋਂ ਰੋਕਦਾ ਹੈਂ! ਤੂੰ ਉਸ ਚੀਜ਼ ਤੋਂ ਇਸਨੂੰ ਕਿਵੇਂ ਰੋਕ ਸਕਦਾ ਹੈਂ, ਜਿਸਦੀ ਕਾਨੂੰਨ ਇਜ਼ਾਜਤ ਦਿੰਦਾ ਹੋਵੇ? ਤੂੰ ਧਰਮ 'ਚੋਂ ਛੇਕਿਆ ਹੋਇਆ ਆਦਮੀ ਹੈਂ, ਇਹੀ ਹੈਂ ਨਾ ਤੂੰ?"

ਸ਼ੈਕਰੋ ਉਸਦੇ ਕੋਲ਼ ਖੜਾ ਸੀ ਅਤੇ ਸਹਿਮਤੀ ਨਾਲ਼ ਸਿਰ ਹਿਲਾ ਰਿਹਾ ਸੀ। ਉਹ ਪੂਰੀ ਤਰ੍ਹਾਂ ਸ਼ਰਾਬੀ ਹੋਇਆ ਪਿਆ ਸੀ ਅਤੇ ਥੋੜਾ ਜਿਹਾ ਤੁਰਨ-ਫਿਰਨ ਨਾਲ਼ ਵੀ ਇੰਝ ਡੋਲ ਰਿਹਾ ਸੀ ਜਿਵੇਂ ਉਸਦੇ ਸਾਰੇ ਜੋੜਾਂ ਦੇ ਪੇਚ ਢਿੱਲੇ ਕਰ ਦਿੱਤੇ ਗਏ ਹੋਣ। ਉਸਦਾ ਹੇਠਲਾ ਬੁੱਲ ਲਟਕ ਕੇ ਝੂਲ ਰਿਹਾ ਸੀ। ਉਸਦੀਆਂ ਮੱਧਮ ਜਿਹੀਆਂ ਅੱਖਾਂ ਖੋਖਲੀ ਅਟੱਲਤਾ ਨਾਲ਼ ਮੈਨੂੰ ਘੂਰਨ ਦੀ ਕੋਸ਼ਿਸ਼ ਕਰਦੀਆਂ ਜਾਪ ਰਹੀਆਂ ਸਨ।

"ਤਾਂ ਹੁਣ, ਤੂੰ ਇੰਝ ਮੂੰਹ ਟੱਡੀ ਸਾਡੇ ਵੱਲ ਕੀ ਦੇਖ ਰਿਹਾ ਹੈਂ? ਕੱਢ ਇਸਦੇ ਪੈਸੇ, ਇਸਦੇ ਹਵਾਲੇ ਕਰ!" ਉਹ ਔਰਤ ਲਲਕਾਰਦੇ ਹੋਏ ਚੀਕੀ।

"ਕਿਹੜੇ ਪੈਸੇ ?" ਮੈਂ ਹੈਰਾਨੀ ਨਾਲ਼ ਪੁੱਛਿਆ।

"ਅੱਛਾ ! ਨਾਟਕ ਨਾ ਕਰ ! ਨਹੀਂ ਤਾਂ ਮੈਂ ਤੈਨੂੰ ਘਸੀਟ ਕੇ ਅਦਾਲਤ ਲੈ ਚੱਲਾਂਗੀ। ਉਹ ਡੇਢ ਸੌ ਰੂਬਲ ਜਿਹੜੇ ਤੂੰ ਓਦੇਸਯਾ ਵਿੱਚ ਇਸਤੋਂ ਲਏ ਸਨ, ਵਾਪਿਸ ਕਰ ਇਸਨੂੰ !"

ਹੁਣ ਮੈਂ ਕੀ ਕਰਦਾ ? ਉਹ ਕੰਬਖਤ ਔਰਤ ਨਸ਼ੇ ਦੀ ਹਾਲਤ ਵਿੱਚ ਅਦਾਲਤ ਜਾ ਵੀ ਸਕਦੀ ਸੀ ਅਤੇ ਫਿਰ ਗ੍ਰਾਮ-ਪ੍ਰਸਾਸ਼ਨ ਸਾਨੂੰ ਗ੍ਰਿਫ਼ਤਾਰ ਵੀ ਕਰ ਸਕਦਾ ਸੀ ਕਿਉਂਕਿ ਹਰ ਤਰ੍ਹਾਂ ਦੇ ਘੁਮੱਕੜਾਂ-ਅਵਾਰਾਗਰਦਾਂ ਪ੍ਰਤੀ ਉਸਦਾ ਰਵੱਈਆ ਬੇਹੱਦ ਸਖ਼ਤ ਸੀ। ਕੀ ਪਤਾ ਮੇਰੇ ਅਤੇ ਸ਼ੈਕਰੋ ਲਈ ਅਜਿਹੀ ਗ੍ਰਿਫ਼ਤਾਰੀ ਦਾ ਨਤੀਜਾ ਸਾਹਮਣੇ ਆਉਂਦਾ ! ਇਸ ਲਈ ਮੈਂ ਉਸ ਔਰਤ ਨੂੰ ਕੂਟਨੀਤਕ ਢੰਗ-ਤਰੀਕਿਆਂ ਨਾਲ਼ ਮਨਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਅਤੇ ਇਸ ਵਿੱਚ ਮੈਨੂੰ ਕੋਈ ਖਾਸ ਮਿਹਨਤ ਵੀ ਨਹੀਂ ਕਰਨੀ ਪਈ। ਜਿਵੇਂ-ਕਿਵੇਂ ਕਰਕੇ ਤਿੰਨ ਬੋਤਲ ਅੰਗੂਰੀ ਸ਼ਰਾਬ ਦੀ ਮੱਦਦ ਨਾਲ਼ ਮੈਂ ਉਸਨੂੰ ਸ਼ਾਂਤ ਕਰਨ ਵਿੱਚ ਸਫ਼ਲ ਰਿਹਾ। ਉਹ ਤਰਬੂਜਾਂ ਵਿੱਚ ਹੀ ਜ਼ਮੀਨ 'ਤੇ ਲਿਟ ਗਈ ਅਤੇ ਉੱਥੇ ਹੀ ਸੌਂ ਗਈ। ਮੈਂ ਸ਼ੈਕਰੋ ਨੂੰ ਬਿਸਤਰੇ 'ਤੇ ਸੁਲਾਇਆ ਅਤੇ ਅਗਲੇ ਦਿਨ, ਸਵੇਰੇ ਤੜਕਸਾਰ ਹੀ, ਉਸ ਔਰਤ ਨੂੰ ਤਰਬੂਜਾਂ ਵਿੱਚ ਹੀ ਸੁੱਤੀ ਛੱਡ ਕੇ ਅਸੀਂ ਉਹ ਪਿੰਡ ਛੱਡ ਦਿੱਤਾ।

ਸ਼ੈਕਰੋ ਦਾ ਪੂਰਾ ਚਿਹਰਾ ਕੁਚਲਿਆ ਹੋਇਆ ਅਤੇ ਸੁੱਜਿਆ ਹੋਇਆ ਜਾਪ ਰਿਹਾ ਸੀ। ਖੁਮਾਰੀ ਕਾਰਨ ਅੱਧਾ ਬਿਮਾਰ ਉਹ ਲਗਾਤਾਰ ਥੁੱਕਦਾ ਜਾ ਰਿਹਾ ਸੀ ਅਤੇ ਲੰਮੇ-ਲੰਮੇ ਹੌਂਕੇ ਭਰ ਰਿਹਾ ਸੀ। ਮੈਂ ਉਸ ਨਾਲ਼ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸਨੇ ਕੋਈ ਜਵਾਬ ਨਾ ਦਿੱਤਾ ਅਤੇ ਭੇਡ ਵਾਂਗ ਬਸ ਆਪਣਾ ਜੱਤਲ਼ ਸਿਰ ਝਟਕਦਾ ਰਿਹਾ।

ਅਸੀਂ ਇੱਕ ਭੀੜੀ ਪਗਡੰਡੀ 'ਤੇ ਤੁਰ ਰਹੇ ਸਾਂ। ਕਿਤੇ-ਕਿਤੇ ਛੋਟੇ-ਛੋਟੇ ਲਾਲ ਸੱਪ ਰੀਂਘਦੇ ਹੋਏ ਸਾਡੇ ਪੈਰਾਂ ਕੋਲ਼ੋਂ ਨਿੱਕਲ਼ ਜਾਂਦੇ ਸਨ। ਚਾਰੇ ਪਾਸੇ ਛਾਈ ਹੋਈ ਨੀਰਸਤਾ ਉਬਾਸੀਆਂ ਲੈਂਦੇ ਹੋਏ ਦਿਨ-ਦਿਹਾੜੇ ਸੁਪਨੇ ਦੇਖਣ ਵਾਂਗ ਸੀ। ਕਾਲ਼ੇ ਬੱਦਲਾਂ ਦੇ ਝੁੰਡ ਸਾਡੇ ਪਿੱਛੇ ਅਸਮਾਨ ਵਿੱਚ ਹੌਲ਼ੀ-ਹੌਲ਼ੀ ਉੱਪਰ ਚੜ ਰਹੇ ਸਨ। ਆਪਸ ਵਿੱਚ ਮਿਲ਼ਦੇ ਹੋਏ ਉਹਨਾਂ ਨੇ ਸਾਡੇ ਪਿੱਛੇ ਪੂਰਾ ਆਸਮਾਨ ਢੱਕ ਲਿਆ, ਪਰ ਸਾਡੇ ਸਾਹਮਣੇ ਦਾ ਅਕਾਸ਼ ਬਿਲਕੁਲ ਸਾਫ਼ ਸੀ, ਭਾਵੇਂ ਕਿ ਪਿੱਛਿਓਂ ਛਿਟਕ ਕੇ ਬੱਦਲਾਂ ਦੇ ਕੁੱਝ ਛੋਟੇ-ਛੋਟੇ ਟੁਕੜੇ ਖੁਸ਼ਮਿਜਾਜੀ ਨਾਲ਼ ਸਾਨੂੰ ਪਿੱਛੇ ਛੱਡਦੇ ਹੋਏ ਅੱਗੇ ਵਧ ਰਹੇ ਸਨ। ਦੂਰੋਂ ਕਿਤਿਓਂ ਬਿਜਲੀ ਦੀ ਗਰਜ ਸੁਣਾਈ ਦੇ ਰਹੀ ਸੀ ਅਤੇ ਹੌਲ਼ੀ-ਹੌਲ਼ੀ ਇਸਦੇ ਗਰਜਣ ਦੀਆਂ ਆਵਾਜ਼ਾਂ ਹੋਰ ਨੇੜੇ ਆ ਰਹੀਆਂ ਸਨ। ਘਾਹ ਟੀਨ ਦੀ ਚਾਦਰ ਵਾਂਗ ਸਰਸਰਾ ਰਿਹਾ ਸੀ।

ਕਿਤੇ ਕੋਈ ਸਿਰ ਛੁਪਾਉਣ ਦੀ ਜਗ੍ਹਾ ਨਹੀਂ ਸੀ। ਹੁਣ ਹਨ੍ਹੇਰਾ ਹੋ ਗਿਆ ਸੀ। ਘਾਹ ਦੀ ਸਰਸਰਾਹਟ ਹੋਰ ਤੇਜ਼ ਹੋ ਗਈ ਸੀ ਅਤੇ ਡਰਾਵਣੀ ਜਾਪ ਰਹੀ ਸੀ। ਬਿਜਲੀ ਗੜ੍ਹਕੀ— ਅਤੇ ਬੱਦਲ਼ ਨੀਲ਼ੇ ਚਾਨਣ ਨਾਲ਼ ਜਗਮਗਾ ਕੇ ਥਰਥਰਾ ਉੱਠੇ। ਮੋਹਲੇਧਾਰ ਮੀਂਹ ਵਰ੍ਹਨ ਲੱਗ ਪਿਆ ਅਤੇ ਇੱਕ ਤੋਂ ਬਾਅਦ ਦੂਜੀ ਬਿਜਲੀ ਦੀ ਗੜ੍ਹਕ ਵੀਰਾਨ ਸਤੇਪੀ ਵਿੱਚ ਲਗਾਤਾਰ ਗਰਜਣ ਲੱਗ ਪਈ। ਹਵਾ ਅਤੇ ਮੀਂਹ ਦੀ ਵਾਛੜ ਨਾਲ਼ ਘਾਹ ਜ਼ਮੀਨ 'ਤੇ ਲਿਟ ਗਿਆ। ਹਰ ਚੀਜ਼ ਜਿਵੇਂ ਘਬਰਾਈ ਹੋਈ ਕੰਬ ਰਹੀ ਸੀ। ਬਿਜਲੀ ਨੇ ਬੱਦਲ਼ਾਂ ਨੂੰ ਅੰਨ੍ਹਾ ਕਰ

ਦੇਣ ਵਾਲ਼ੀ ਚਮਕ ਨਾਲ਼ ਚੀਰ ਕੇ ਰੱਖ ਦਿੱਤਾ... ਇਸਦੀ ਤੇਜ਼ ਨੀਲੀ ਰੌਸ਼ਨੀ ਵਿੱਚ ਦੂਰ ਪਰਬਤਾਂ ਦੀਆਂ ਲੜੀਆਂ ਨੀਲੀਆਂ ਲਪਟਾਂ ਵਿੱਚ ਝਿਲਮਿਲਾਉਂਦੀਆਂ ਹੋਈਆਂ ਧੁੰਦਲੀਆਂ ਜਿਹੀਆਂ ਦਿਖਾਈ ਦੇ ਗਈਆਂ, ਚਾਂਦੀ ਰੰਗੀਆਂ ਅਤੇ ਠੰਢੀਆਂ। ਜਦੋਂ ਬਿਜਲੀ ਦੀ ਚਮਕ ਲੋਪ ਹੋ ਗਈ ਤਾਂ ਉਹ ਵੀ ਲੋਪ ਹੋ ਗਈਆਂ ਜਿਵੇਂ ਹਨੇਰੇ ਦਾ ਅੰਨ੍ਹਾ ਖੂਹ ਸਭ ਕੁੱਝ ਹੜੱਪ ਕਰ ਗਿਆ ਹੋਵੇ। ਸਾਡੇ ਚਾਰੇ ਪਾਸੇ ਜਿਵੇਂ ਅਵਾਜ਼ਾਂ ਦੀ ਇੱਕ ਕੁੱਖ ਜਿਹੀ ਬਣ ਗਈ ਸੀ, ਗਰਜਦੀ, ਕੰਬਦੀ ਅਤੇ ਗੂੰਜਦੀ ਹੋਈ। ਇੰਜ ਜਾਪ ਰਿਹਾ ਸੀ ਜਿਵੇਂ ਗੁੱਸੇਖੋਰ ਅਤੇ ਉੱਭਰਿਆ ਹੋਇਆ ਆਕਾਸ਼, ਧਰਤੀ ਤੋਂ ਸਾਰੀ ਧੂੜ ਅਤੇ ਗੰਦਗੀ ਦੇ ਸਫਾਏ ਲਈ ਅੱਗ ਨਾਲ਼ ਸ਼ੁੱਧੀਕਰਨ ਕਰਨ ਦਾ ਕਰਮਕਾਂਡ ਕਰ ਰਿਹਾ ਸੀ ਅਤੇ ਧਰਤੀ, ਜਿਵੇਂ ਇਸਦੇ ਕਰੋਪ ਤੋਂ ਡਰੀ ਹੋਈ ਕੰਬ ਰਹੀ ਸੀ।

ਸ਼ੈਕਰੋ ਇੱਕ ਡਰੇ ਹੋਏ ਕੁੱਤੇ ਵਾਂਗ ਹੁਆਂਕ ਰਿਹਾ ਸੀ। ਮੈਂ ਇੱਕ ਵਿਲੱਖਣ ਕਿਸਮ ਦੇ ਹੁਲਾਸ ਨਾਲ਼ ਗੜੁੱਚ ਹੋਇਆ ਪਿਆ ਸਾਂ। ਸਤੇਪੀ ਵਿੱਚ ਤੂਫ਼ਾਨ ਦੀ ਇਸ ਤਾਕਤਵਰ, ਭਿਆਨਕ ਦ੍ਰਿਸ਼ਾਵਲੀ ਦਾ ਨਜ਼ਾਰਾ ਮੈਨੂੰ ਨਿੱਤ-ਦਿਹਾੜੀ ਦੀ ਦੁਨੀਆਂ ਤੋਂ ਕਾਫ਼ੀ ਉੱਪਰ ਉਡਾ ਲੈ ਆਇਆ ਸੀ। ਦੈਵੀ ਘੜਮੱਸ ਨੇ ਜਿਵੇਂ ਮੇਰੇ ਅੰਦਰ ਜੋਸ਼ ਭਰ ਦਿੱਤਾ ਸੀ, ਇੱਕ ਤਰ੍ਹਾਂ ਦੀ ਦਲੇਰਾਨਾ, ਨਾਇਕਾਂ ਵਰਗੀ ਮਨੋਬਿਰਤੀ ਪੈਦਾ ਕਰ ਦਿੱਤੀ ਸੀ ਅਤੇ ਮੇਰੀ ਰੂਹ ਤੂਫ਼ਾਨੀ ਇੱਕਸੁਰਤਾ ਵਿੱਚ ਰਚਮਿਚ ਗਈ ਸੀ...

ਤੂਫ਼ਾਨ ਦੀ ਤਾਕਤ ਦੁਆਰਾ ਮੇਰੇ ਅੰਦਰ ਭਰ ਦਿੱਤੇ ਗਏ ਭੈਅ ਅਤੇ ਹੈਰਾਨੀ ਨੂੰ ਉੱਛਲ ਕੇ ਵਹਿ ਨਿਕਲਣ ਲਈ ਕਿਸੇ ਰਾਸਤੇ ਦੀ ਤਲਾਸ਼ ਸੀ ਅਤੇ ਮੈਂ ਤੂਫ਼ਾਨ ਵਿੱਚ ਹਿੱਸਾ ਲੈਣ ਦੀ ਤਾਂਘ ਵਿੱਚ ਪਾਗਲ ਹੋ ਗਿਆ ਸਾਂ। ਜਿਹੜੀ ਨੀਲੀ ਅੱਗ ਨੇ ਪੂਰੇ ਆਕਾਸ਼ ਨੂੰ ਜਗਮਗਾ ਦਿੱਤਾ ਸੀ, ਇੰਝ ਜਾਪ ਰਿਹਾ ਸੀ ਜਿਵੇਂ ਉਹ ਮੇਰੇ ਸੀਨੇ ਵਿੱਚ ਵੀ ਭੜਕ ਰਹੀ ਸੀ ਅਤੇ ਫਿਰ ਆਪਣੀ ਅਪਾਰ ਉਤੇਜਨਾ ਅਤੇ ਖੁਸ਼ੀ ਨੂੰ ਮੈਂ ਕਿਵੇਂ ਪ੍ਰਗਟ ਕਰਦਾ ? ਮੈਂ ਗਾਉਣਾ ਸ਼ੁਰੂ ਕਰ ਦਿੱਤਾ— ਜ਼ੋਰ-ਜ਼ੋਰ ਨਾਲ਼ ਆਪਣੀ ਪੂਰੀ ਤਾਕਤ ਨਾਲ਼। ਬੱਦਲ ਗਰਜ ਰਹੇ ਸਨ, ਬਿਜਲੀ ਕੜ੍ਹਕ ਰਹੀ ਸੀ, ਘਾਹ ਸਰਸਰਾ ਰਿਹਾ ਸੀ ਅਤੇ ਮੈਂ ਗਾ ਰਿਹਾ ਸੀ... ਮੈਂ ਆਪਣੇ-ਆਪ ਤੋਂ ਬਾਹਰ ਸਾਂ, ਪਰ ਇਸ ਨਾਲ਼ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਹੋਣੀ ਚਾਹੀਦੀ ਸੀ ਕਿਉਂਕਿ ਮੈਂ ਖੁਦ ਤੋਂ ਸਿਵਾ ਹੋਰ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਰਿਹਾ ਸਾਂ। ਸਮੁੰਦਰ ਵਿੱਚ ਤੂਫ਼ਾਨ ਅਤੇ ਸਤੇਪੀ ਵਿੱਚ ਬੱਦਲ਼-ਬਿਜਲੀ ਦੀ ਗੜਗੜਾਹਟ! ਕੁਦਰਤ ਦਾ ਇਸ ਨਾਲ਼ੋਂ ਵੱਧ ਸ਼ਾਨਦਾਰ ਪ੍ਰਗਟਾਵਾ ਮੇਰੇ ਖਿਆਲ ਵਿੱਚ ਹੋਰ ਕੋਈ ਨਹੀਂ ਹੋ ਸਕਦਾ!

ਅਤੇ ਇਸ ਲਈ ਮੈਂ ਹੋਰ ਜ਼ੋਰ-ਜ਼ੋਰ ਨਾਲ਼ ਚੀਕਣ ਲੱਗ ਪਿਆ, ਇਸ ਦ੍ਰਿੜ ਵਿਸ਼ਵਾਸ ਨਾਲ਼ ਕਿ ਆਪਣੇ ਇਸ ਵਰਤਾਓ ਨਾਲ਼ ਮੈਂ ਕਿਸੇ ਦੀ ਸ਼ਾਂਤੀ ਭੰਗ ਨਹੀਂ ਕਰ ਰਿਹਾ ਹਾਂ, ਕਿਸੇ ਨੂੰ ਪ੍ਰੇਸ਼ਾਨ ਨਹੀਂ ਕਰ ਰਿਹਾ ਹਾਂ ਅਤੇ ਮੇਰੀ ਇਸ ਹਰਕਤ ਦੀ ਅਲੋਚਨਾ ਕੀਤੇ ਜਾਣ ਦਾ ਕੋਈ ਖਤਰਾ ਨਹੀਂ ਹੈ। ਪਰ, ਉਸੇ ਸਮੇਂ ਅਚਾਨਕ ਮੇਰੇ ਪੈਰਾਂ ਵਿੱਚ ਝਟਕਾ ਲੱਗਿਆ ਅਤੇ, ਬੇਧਿਆਨਾ ਮੈਂ ਚਿੱਕੜ ਭਰੇ ਟੋਏ ਵਿੱਚ ਜਾ ਡਿੱਗਿਆ...

ਸ਼ੈਕਰੋ ਗੁੱਸੇ ਅਤੇ ਗੰਭੀਰ ਨਜ਼ਰਾਂ ਨਾਲ਼ ਮੇਰੇ ਚਿਹਰੇ ਨੂੰ ਦੇਖ ਰਿਹਾ ਸੀ।

"ਕਿਆ ਤੂੰ ਪਾਗਲ ਹੋ ਗਏ ਹੋ ? ਨਈਂ ਓਏ ਹੋ ? ਨਹੀਂ ? ਤੋ ਚੁੱਪ ਰਹੋ ! ਚੀਕਣਾ ਨਈਂ ! ਮੈਂ ਤੇਰਾ ਗਲ਼ਾ ਫ਼ਾੜ ਦੂੰਗਾ ! ਸਮਝੇ ?"

ਮੈਂ ਭਮੱਤਰ ਗਿਆ ਅਤੇ ਉਸ ਤੋਂ ਪੁੱਛਣ ਲੱਗਿਆ ਕਿ ਮੇਰੀਆਂ ਹਰਕਤਾਂ ਤੋਂ ਉਸਨੂੰ ਕੀ ਪ੍ਰੇਸ਼ਾਨੀ ਹੋ ਰਹੀ ਹੈ !

"ਤੂੰ ਮੈਨੂੰ ਡਰਾ ਰਿਆ ਹੈਂ ! ਸਮਝੇ ? ਬੱਦਲ ਕੜਕਦਾ ਏ— ਮਤਲਬ ਰੱਬ ਬੋਲਦਾ ਏ, ਅਤੇ ਤੂੰ ਨੀਚੇ ਤੋਂ ਉਸ 'ਤੇ ਚੀਕ ਰਿਹਾ ਹੈਂ.. ਤੂੰ ਸਮਝਦਾ ਕੀ ਹੈਂ ਆਪਣੇ-ਆਪ ਨੂੰ ?"

ਮੈਂ ਉਸਨੂੰ ਕਿਹਾ ਕਿ ਜੇ ਮੈਂ ਚਾਹੁੰਦਾ ਹਾਂ ਤਾਂ ਮੈਨੂੰ ਗਾਉਣ ਦਾ ਪੂਰਾ ਹੱਕ ਹੈ ਜਿਵੇਂ ਕਿ ਉਸਨੂੰ ਵੀ ਹੈ।

"ਪਰ ਮੈਂ ਨਈਂ ਚਾਹਤਾ," ਉਸਨੇ ਦੋ ਟੁੱਕ ਸ਼ਬਦਾਂ ਵਿੱਚ ਐਲਾਨ ਕੀਤਾ।

"ਤਾਂ ਨਾ ਗਾ ਫਿਰ," ਮੈਂ ਮੰਨ ਲਿਆ।

"ਅਤੇ ਤੂੰ ਵੀ ਨਈਂ ਗਾਏਂਗਾ!" ਸ਼ੈਕਰੋ ਨੇ ਗੰਭੀਰਤਾ ਨਾਲ਼ ਮੈਨੂੰ ਚੇਤਾਵਨੀ ਦਿੱਤੀ।

"ਨਾ, ਮੈਂ ਤਾਂ ਗਾਉਣ ਦੀ ਤਲਬ ਮਹਿਸੂਸ ਕਰ ਰਿਹਾ ਹਾਂ..."

"ਸੁਣ ਫਿਰ, ਕੀ ਸੋਚਦਾ ਤੂੰ ?" ਸ਼ੈਕਰੋ ਨੇ ਬੇਹੱਦ ਗੁੱਸੇ ਵਿੱਚ ਕਹਿਣਾ ਸ਼ੁਰੂ ਕੀਤਾ, "ਕੌਣ ਹੈਂ ਤੂੰ ? ਤੇਰਾ ਕੋਈ ਘਰ ਏ ? ਕੋਈ ਮਾਂ ਏ ? ਕੋਈ ਬਾਪ ਏ ? ਕੋਈ ਰਿਸ਼ਤਾ ਏ ? ਕੋਈ ਜ਼ਮੀਨ ? ਕੀ ਹੋ ਤੂੰ ਇਸ ਦੁਨੀਆ ਵਿੱਚ ? ਇਨਸਾਨ ਹੈਂ ਤੂੰ ? ਤੈਨੂੰ ਲੱਗਦਾ ਏ ? ਇਹ ਮੈਂ ਆਂ—ਇਨਸਾਨ ! ਮੇਰੇ ਕੋਲ ਸਭ ਕੁੱਝ ਏ !" ਉਸਨੇ ਆਪਣੀ ਛਾਤੀ ਠੋਕੀ, "ਮੈਂ ਪ੍ਰਿੰਸ ਹੂੰ ! ਅਤੇ ਤੂੰ... ਤੂੰ ਕੁੱਝ ਨਹੀਂ ਏਂ ! ਕੁੱਝ ਵੀ ਨਹੀਂ, ਕੁਤੈਸੀ ਵਿੱਚ ਲੋਕ ਮੈਨੂੰ ਜਾਣਦੇ ਨੇ.... ਤਿਫਲਿਸ ਵਿੱਚ ਜਾਣਦੇ ਨੇ !... ਸਮਝੇ ? ਮੇਰੀ ਮਰਜ਼ੀ ਕੇ ਖਿਲਾਫ਼ ਕੁੱਝ ਨਾ ਕਰੋ ! ਮੇਰਾ ਹੁਕਮ ਮਾਨੋ ! — ਤੂੰ ਸੰਤੁਸ਼ਟ ਹੋ ਜਾਵੇਂਗਾ ! ਮੈਂ ਤੈਨੂੰ ਦਸ ਗੁਣਾ ਜ਼ਿਆਦਾ ਦੂੰਗਾ ! ਤੂੰ ਮੇਰੇ ਲਈ ਇਹ ਕਰੇਂਗਾ ? ਤੂੰ ਮਨ੍ਹਾ ਨਹੀਂ ਕਰ ਸਕਦਾ ! ਤੂੰ ਖੁਦ ਹੀ ਕਹਿੰਦਾ ਹੈਂ ਕਿ ਰੱਬ ਸਾਰੇ ਲੋਕਾਂ ਨੂੰ ਬਿਨ੍ਹਾਂ ਮਿਹਨਤਾਨੇ ਜਾਂ ਇਨਾਮ ਤੋਂ ਸੇਵਾ ਕਰਨ ਦਾ ਹੁਕਮ ਦਿੰਦਾ ਹੈ ! ਮੈਂ ਤੈਨੂੰ ਮਿਹਨਤਾਨਾ ਦੂੰਗਾ ! ਤੂੰ ਕਿਉਂ ਮੈਨੂੰ ਤੰਗ ਕਰਦਾ ? ਮੈਨੂੰ ਨਸੀਹਤ ਦਿੰਦਾ, ਡਰਾਉਂਦਾ ! ਤੂੰ ਚਾਹੁੰਦਾ ਮੈਂ ਤੇਰੇ ਵਰਗਾ ਹੋ ਜਾਵਾਂ ? ਇਹ ਅੱਛਾ ਨਹੀਂ ਹੈ ! ਅਖ...ਅਖ... ਅਖ ! ਥੂ...ਥੂ...!

ਉਹ ਬੋਲਦਾ ਜਾ ਰਿਹਾ ਸੀ, ਬੁੱਲਾਂ 'ਚੋਂ ਪੁਚਕਾਰਨ ਜਿਹੀਆਂ ਆਵਾਜ਼ਾਂ ਕੱਢ ਰਿਹਾ ਸੀ, ਝੱਗ ਥੁੱਕ ਰਿਹਾ ਸੀ, ਫੁੰਕਾਰ ਰਿਹਾ ਸੀ ਅਤੇ ਔਖੇ-ਔਖੇ ਸਾਹ ਲੈ ਰਿਹਾ ਸੀ... ਮੈਂ ਹੈਰਾਨੀ ਨਾਲ਼ ਮੂੰਹ ਟੱਡੀ ਉਸਦੀ ਸ਼ਕਲ ਦੇਖ ਰਿਹਾ ਸੀ। ਜ਼ਾਹਿਰ ਸੀ ਕਿ ਉਹ ਸਾਰੇ ਅਪਮਾਨ, ਸੱਟਾਂ, ਨਜ਼ਰਅੰਦਾਜ਼ਗੀ ਆਦਿ ਨੂੰ ਬਾਹਰ ਉਗਲ਼ ਰਿਹਾ ਸੀ, ਜਿਹੜੀ ਉਸਨੂੰ ਸਫ਼ਰ ਦੇ ਸ਼ੁਰੂਆਤ ਵਿੱਚ ਹੀ ਮੇਰੇ ਹੱਥੋਂ ਝੱਲਣੀ ਪਈ ਸੀ। ਆਪਣੀਆਂ ਦਲੀਲਾਂ ਨੂੰ ਵਜ਼ਨਦਾਰ ਬਣਾਉਣ ਲਈ ਉਹ ਆਪਣੀ ਉਂਗਲ਼ੀ ਮੇਰੀ ਛਾਤੀ ਵਿੱਚ ਘੁਸੋ ਰਿਹਾ ਸੀ, ਮੇਰੇ ਮੋਢਿਆਂ ਨੂੰ ਝੰਜੋੜ ਰਿਹਾ ਸੀ ਅਤੇ ਖਾਸ ਮੌਕਿਆਂ 'ਤੇ ਆਪਣੇ ਪੂਰੇ ਵਿਸ਼ਾਲ ਸਰੀਰ ਨਾਲ਼ ਮੇਰੇ ਉੱਤੇ ਦਬਾਅ ਬਣਾ ਰਿਹਾ ਸੀ। ਪਾਣੀ ਲਗਾਤਾਰ ਸਾਨੂੰ ਭਿਉਂਦਾ ਹੋਇਆ ਬਰਸ ਰਿਹਾ ਸੀ, ਬਿਜਲੀ

ਲਗਾਤਾਰ ਸਾਡੇ ਸਿਰਾਂ 'ਤੇ ਕੜ੍ਹਕ ਰਹੀ ਸੀ ਅਤੇ ਸ਼ੈਕਰੋ ਆਪਣੀ ਗੱਲ ਸੁਣਾਉਣ ਲਈ ਗਲ਼ੇ ਦੀ ਪੂਰੀ ਤਾਕਤ ਨਾਲ਼ ਚੀਕ ਰਿਹਾ ਸੀ।

ਅਚਾਨਕ ਮੇਰਾ ਧਿਆਨ ਆਪਣੀ ਹਾਸੋਹੀਣੀ ਸਥਿਤੀ ਵੱਲ ਗਿਆ ਅਤੇ ਜ਼ੋਰਦਾਰ ਹਾਸਾ ਫੁੱਟ ਪਿਆ, ਇਸ ਹੱਦ ਤੱਕ ਕਿ ਪਸਲ਼ੀਆਂ ਵੀ ਦੁਖਣ ਲੱਗ ਪਈਆਂ...

ਸ਼ੈਕਰੋ ਆਪਣੀ ਨਫ਼ਰਤ ਜ਼ਾਹਿਰ ਕਰਨ ਲਈ ਥੁੱਕਦਾ ਹੋਇਆ ਮੈਥੋਂ ਦੂਰ ਹਟ ਗਿਆ।

8.

ਜਿਵੇਂ-ਜਿਵੇਂ ਅਸੀਂ ਤਿਫਲਿਸ ਦੇ ਨੇੜੇ ਪਹੁੰਚਦੇ ਜਾ ਰਹੇ ਸਾਂ, ਸ਼ੈਕਰੋ ਪਹਿਲਾਂ ਨਾਲ਼ੋਂ ਵਧੇਰੇ ਉਦਾਸ ਅਤੇ ਸੋਚਾਂ ਵਿੱਚ ਡੁੱਬਿਆ ਜਿਹਾ ਰਹਿਣ ਲੱਗ ਪਿਆ ਸੀ। ਉਸਦੇ ਕਮਜ਼ੋਰ, ਪਤਲੇ ਪਰ ਭਾਵਹੀਣ ਚਿਹਰੇ 'ਤੇ ਕੋਈ ਨਵੀਂ ਚੀਜ਼ ਦਿਖਣ ਲੱਗ ਪਈ ਸੀ। ਵਲਾਦੀਕਾਵਕਾਜ਼ ਕੋਲ਼ ਅਸੀਂ ਇੱਕ ਚੇਰਕੇਸਿਅਨ ਪਿੰਡ ਕੋਲ਼ ਪਹੁੰਚੇ ਅਤੇ ਉੱਥੇ ਸਾਨੂੰ ਦਿਹਾੜੀ 'ਤੇ ਮੱਕੀ ਦੀ ਫ਼ਸਲ ਦੀ ਵਾਢੀ ਦਾ ਕੰਮ ਮਿਲ਼ ਗਿਆ।

ਚੇਰਕੇਸੀਅਨ ਲੋਕਾਂ ਨਾਲ਼ ਅਸੀਂ ਦੋ ਦਿਨਾਂ ਤੱਕ ਕੰਮ ਕੀਤਾ। ਉਹ ਰੂਸੀ ਬਹੁਤ ਘੱਟ ਹੀ ਬੋਲਦੇ ਸਨ ਅਤੇ ਸਾਰਾ ਦਿਨ ਸਾਡੇ 'ਤੇ ਹੱਸਦੇ ਰਹਿੰਦੇ ਜਾਂ ਆਪਣੀ ਭਾਸ਼ਾ ਵਿੱਚ ਸਾਨੂੰ ਚੰਗਾ-ਮੰਦਾ ਬੋਲਦੇ ਰਹਿੰਦੇ ਸਨ। ਪਿੰਡ ਦੇ ਲੋਕਾਂ ਦੇ ਵਧਦੇ ਜਾ ਰਹੇ ਦੁਸ਼ਮਣਾਨਾ ਰਵੱਈਏ ਤੋਂ ਤੰਗ ਆ ਕੇ ਅਸੀਂ ਪਿੰਡ ਛੱਡਣ ਦਾ ਫੈਸਲਾ ਕੀਤਾ। ਪਿੰਡ ਤੋਂ ਲਗਭਗ ਦਸ ਵੇਰਸਤ ਦੂਰ ਆਉਣ ਤੋਂ ਬਾਅਦ ਸ਼ੈਕਰੋ ਨੇ ਆਪਣੀ ਕਮੀਜ਼ ਹੇਠੋਂ ਲੇਜ਼ਗਿਨ ਸ਼ਿਫ਼ਾਨ (ਪਤਲਾ ਜਾਲ਼ੀਦਾਰ ਕੱਪੜਾ —ਅਨੁ.) ਦਾ ਇੱਕ ਟੁਕੜਾ ਕੱਢਿਆ ਅਤੇ ਜੇਤੂ ਮਾਣ ਨਾਲ਼ ਮੈਨੂੰ ਦਿਖਾਉਂਦੇ ਹੋਏ ਐਲਾਨ ਕੀਤਾ:

"ਹੁਣ ਕੰਮ ਕਰਨ ਦੀ ਲੋੜ ਨਈਂ! ਇਸਨੂੰ ਵੇਚਾਂਗੇ— ਫਿਰ ਜੋ ਵੀ ਲੋੜ ਹੋਏਗੀ ਖਰੀਦ ਲਾਂਗੇ! ਇਸ ਨਾਲ਼ ਤਿਫਲਿਸ ਤੱਕ ਸਾਡਾ ਕੰਮ ਚੱਲ ਜਾਵੇਗਾ! ਸਮਝੇ ?"

ਬੇਹੱਦ ਗੁੱਸੇ ਨਾਲ਼ ਮੈਂ ਉਸ ਤੋਂ ਸ਼ਿਫਾਨ ਦਾ ਉਹ ਟੁਕੜਾ ਖੋਹ ਲਿਆ ਅਤੇ ਦੂਰ ਸੁੱਟ ਕੇ ਇੱਧਰ-ਓਧਰ ਦੇਖਣ ਲੱਗ ਪਿਆ। ਚੇਰਕਾਸਿਅਨਾਂ ਨਾਲ਼ ਚੁਹਲਬਾਜ਼ੀ ਨਹੀਂ ਚੱਲਦੀ। ਕੁੱਝ ਹੀ ਦਿਨ ਪਹਿਲਾਂ ਅਸੀਂ ਕਜ਼ਾਕਾਂ ਤੋਂ ਇਹ ਕਹਾਣੀ ਸੁਣੀ ਸੀ: ਇੱਕ ਘੁਮੱਕੜ ਆਦਮੀ ਜਿਸ ਪਿੰਡ ਵਿੱਚ ਕੰਮ ਕਰ ਰਿਹਾ ਸੀ ਉੱਥੋਂ ਜਾਂਦੇ ਸਮੇਂ ਲੋਹੇ ਦਾ ਇੱਕ ਚਮਚਾ ਨਾਲ਼ ਲੈ ਗਿਆ। ਚੇਰਕਾਸਿਅਨਾਂ ਨੇ ਉਸਦਾ ਪਿੱਛਾ ਕੀਤਾ ਤੇ ਫ਼ੜ ਲਿਆ, ਚਮਚਾ ਹਾਸਿਲ ਕਰ ਲਿਆ ਅਤੇ ਚਾਕੂ ਨਾਲ਼ ਉਸਦਾ ਢਿੱਡ ਪਾੜ ਕੇ ਚਮਚਾ ਉਸ ਵਿੱਚ ਘੁਸੋ ਦਿੱਤਾ ਅਤੇ ਫਿਰ ਖੁੱਲੀ ਸਤੇਪੀ ਵਿੱਚ ਉਸਨੂੰ ਛੱਡ ਕੇ ਸ਼ਾਂਤੀਪੂਰਵਕ ਘੋੜਿਆਂ 'ਤੇ ਸਵਾਰ ਹੋ ਕੇ ਚਲੇ ਗਏ। ਬਾਅਦ ਵਿੱਚ ਉਹ ਆਦਮੀ ਮਰਨ ਕਿਨਾਰੇ ਪਿਆ ਕਜ਼ਾਕਾਂ ਨੂੰ ਮਿਲ਼ਿਆ। ਉਸਨੇ ਉਹਨਾਂ ਨੂੰ ਪੂਰੀ ਗੱਲ ਦੱਸੀ ਅਤੇ ਫਿਰ ਉਹਨਾਂ ਦੇ ਪਿੰਡ ਜਾਂਦੇ ਸਮੇਂ ਉਹ ਰਾਹ ਵਿੱਚ ਹੀ ਮਰ ਗਿਆ। ਕਜ਼ਾਕਾਂ ਨੇ ਚੇਰਕਾਸਿਅਨਾਂ ਬਾਰੇ ਸਾਨੂੰ ਵਾਰ-ਵਾਰ ਸਖ਼ਤ ਚੇਤਾਵਨੀ ਦਿੰਦਿਆਂ ਅਜਿਹੀਆਂ

ਹੀ ਹੋਰ ਵੀ ਕਈ ਕਹਾਣੀਆਂ ਸੁਣਾਈਆਂ ਸਨ, ਜਿਹਨਾਂ 'ਤੋਂ ਇੱਕ ਹੀ ਨਸੀਹਤ ਮਿਲ਼ਦੀ ਸੀ— ਅਤੇ ਕੋਈ ਵਜ੍ਹਾ ਨਹੀਂ ਸੀ ਕਿ ਮੈਂ ਕਜ਼ਾਕਾਂ ਦੀਆਂ ਇਹਨਾਂ ਕਹਾਣੀਆਂ 'ਤੇ ਯਕੀਨ ਨਾ ਕਰਦਾ।

ਮੈਂ ਸ਼ੈਕਰੋ ਨੂੰ ਇਸ ਗੱਲ ਦੀ ਯਾਦ ਦਿਲਾਈ। ਉਹ ਮੇਰੇ ਸਾਹਮਣੇ ਖੜਾ ਚੁੱਪ-ਚਾਪ ਸੁਣਦਾ ਰਿਹਾ ਸੀ ਅਤੇ ਫਿਰ ਅਚਾਨਕ, ਬਿਨਾਂ ਕੁੱਝ ਕਹੇ, ਆਪਣੇ ਦੰਦ ਕੱਢਦਾ ਹੋਇਆ ਅਤੇ ਅੱਖਾਂ ਸੁੰਗੇੜਦਾ ਮੇਰੇ ਉੱਪਰ ਬਿੱਲੀ ਵਾਂਗ ਟੁੱਟ ਪਿਆ। ਲਗਭਗ ਪੰਜ ਮਿੰਟ ਤੱਕ ਅਸੀਂ ਲੜਦੇ ਰਹੇ, ਆਖ਼ਿਰ ਸ਼ੈਕਰੋ ਗੁੱਸੇ ਵਿੱਚ ਚੀਕਿਆ:

"ਬਸ, ਬੌਤ ਹੋ ਚੁੱਕਾ!"

ਮਿੱਟੀ ਘੱਟੇ ਨਾਲ਼ ਲੱਥ-ਪੱਥ ਥੋੜੀ ਦੇਰ ਅਸੀਂ ਇੱਕ-ਦੂਜੇ ਦੇ ਸਾਹਮਣੇ ਬੈਠੇ ਰਹੇ। ਸ਼ੈਕਰੋ ਨੇ ਲਲਚਾਈਆਂ ਨਜ਼ਰਾਂ ਨਾਲ਼ ਓਧਰ ਵੇਖਿਆ ਜਿੱਧਰ ਮੈਂ ਸ਼ਿਫਾਨ ਸੁੱਟਿਆ ਸੀ ਅਤੇ ਫਿਰ ਕਹਿਣ ਲੱਗਾ:

"ਹਮ ਕਿਉਂ ਲੜ ਰਹੇ ਹੈਂ? ਪਾ, ਪਾ, ਪਾ!... ਬੌਤ ਬੇਫਕੂਫੀ ਏ। ਕੀ ਮੈਂ ਤੇਰਾ ਚੁਰਾਇਆ? ਤੈਨੂੰ ਮੇਰੇ ਕੱਪੜੇ ਦੇਖ ਕੇ ਤਕਲੀਪ ਹੁੰਦੀ ਏ? ਮੈਨੂੰ ਤੇਨੂੰ ਦੇਖ ਕੇ ਹੁੰਦੀ ਏ? ਇਸ ਲਈ ਚੁਰਾਇਆ... ਤੈਨੂੰ ਹਰਦਮ ਕੰਮ ਕਰਨਾ ਪੈਂਦਾ... ਮੈਂ ਇਸ ਕਾਬਿਲ ਨਈਂ... ਮੈਂ ਕੀ ਕਰਦਾ? ਮੈਂ ਤੇਰੀ ਮੱਦਦ ਕਰਨਾ ਚਾਹੁੰਦਾ.."

ਮੈਂ ਉਸਨੂੰ ਚੋਰੀ ਦਾ ਮਤਲਬ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਮਿਹਰਬਾਨੀ ਕਰਕੇ ਚੁੱਪ ਰਓ? ਤੇਰਾ ਸਿਰ ਲੱਕੜੀ ਦੇ ਘੋਟਣੇ ਵਰਗਾ... " ਉਸਨੇ ਤਿਰਸਕਾਰਪੂਰਵਕ ਮੈਨੂੰ ਝਿੜਕਿਆ ਅਤੇ ਸਮਝਾਉਣ ਲੱਗ ਪਿਆ: "ਜੇ ਤੂੰ ਮਰਨ ਲੱਗਾ ਫਿਰ ਤੂੰ ਚੋਰੀ ਕਰੇਂਗਾ? ਠੀਕ ਏ! ਅਤੇ ਤੂੰ ਇਸਨੂੰ ਜ਼ਿੰਦਗੀ ਕਹਿੰਦਾ? ਅਰੇ, ਮੂੰਹ ਬੰਦ ਰੱਖੋ!"

ਉਸਨੂੰ ਫਿਰ ਗੁੱਸਾ ਆ ਜਾਵੇਗਾ ਇਸ ਡਰ ਕਰਕੇ ਮੈਂ ਕੁੱਝ ਨਾ ਬੋਲਿਆ। ਇਹ ਚੋਰੀ ਦਾ ਦੂਜਾ ਮਾਮਲਾ ਸੀ। ਪਹਿਲੀ ਵਾਰ ਕਾਲ਼ੇ ਸਾਗਰ ਕੋਲ਼ ਉਸਨੇ ਇੱਕ ਯੂਨਾਨੀ ਮਛੇਰੇ ਦੀ ਜੇਬ੍ਹੀ ਤੱਕੜੀ ਚੁਰਾ ਲਈ ਸੀ। ਉਸ ਸਮੇਂ ਵੀ ਅਸੀਂ ਲਗਭਗ ਮਾਰ-ਧਾੜ 'ਤੇ ਉੱਤਰ ਆਏ ਸਾਂ।

ਜਦੋਂ ਅਸੀਂ ਕੁੱਝ ਠੰਢੇ ਹੋਏ ਤੇ ਸੁਲਾਹ-ਸਫ਼ਾਈ ਹੋ ਗਈ ਅਤੇ ਆਰਾਮ ਵੀ ਕਰ ਲਿਆ ਤਾਂ ਉਸਨੇ ਪੁੱਛਿਆ, "ਠੀਕ ਏ, —ਚੱਲੀਏ ਫਿਰ?"

ਅਸੀਂ ਅੱਗੇ ਚੱਲ ਪਏ। ਜਿਵੇਂ-ਜਿਵੇਂ ਦਿਨ ਬੀਤ ਰਹੇ ਸਨ ਸ਼ੈਕਰੋ ਹੋਰ ਜ਼ਿਆਦਾ ਉੱਖੜਿਆ ਜਿਹਾ ਰਹਿਣ ਲੱਗ ਪਿਆ ਸੀ। ਆਪਣੇ ਸੰਘਣੇ ਭਰਵੱਟਿਆਂ ਵਿੱਚੋਂ ਉਹ ਮੈਨੂੰ ਅਜੀਬ ਜਿਹੀਆਂ ਨਜ਼ਰਾਂ ਨਾਲ਼ ਦੇਖਦਾ ਸੀ। ਇੱਕ ਵਾਰ ਜਦੋਂ ਅਸੀਂ ਦਰਿਆਲ ਦੀ ਤੰਗ ਘਾਟੀ ਪਾਰ ਕਰ ਚੁੱਕੇ ਸਾਂ ਅਤੇ ਗੁਦੌਰ ਤੋਂ ਹੇਠਾਂ ਉੱਤਰ ਰਹੇ ਸਾਂ, ਉਸਨੇ ਕਹਿਣਾ ਸ਼ੁਰੂ ਕੀਤਾ:

"ਇੱਕ ਜਾਂ ਦੋ ਦਿਨ— ਫਿਰ ਆਪਾਂ ਤਿਫਲਿਸ ਪਹੁੰਚ ਜਾਵਾਂਗੇ! ਟਕ, ਟਕ" ਉਸਨੇ ਜੀਭ ਨਾਲ਼ ਅਵਾਜ਼ ਕੱਢੀ ਅਤੇ ਮੁਕਤ ਭਾਵ ਨਾਲ਼ ਮੁਸਕਰਾਇਆ, " ਮੈਂ ਘਰ ਪਹੁੰਚ

ਜਾਵਾਂਗਾ! ਤੂੰ ਕਿੱਥੇ ਜਾਏਂਗਾ? ਮੈਂ ਸਫ਼ਰ ਕਰਦਾ ਰਿਹਾਂ! ਮੈਂ ਸਟੀਮ-ਬਾਥ ਲੈਣ ਜਾਊਂਗਾ... ਆਹਾ! ਮੈਂ ਖ਼ੂਬ ਖਾਊਂਗਾ... ਢੇਰ ਸਾਰਾ! ਮੈਂ ਆਪਣੀ ਮਾਂ ਨੂੰ ਕਹੂੰਗਾ... ਮੈਂ ਢੇਰ ਸਾਰਾ ਖਾਣਾ ਏ! ਮੈਂ ਆਪਣੇ ਪਿਤਾ ਨੂੰ ਕਹੂੰਗਾ— ਮੈਨੂੰ ਮਾਫ਼ ਕਰ ਦਿਓ! ਮੈਂ ਬਹੁਤ ਦੁੱਖ ਦੇਖ ਲਿਆ ਏ, ਮੈਂ ਜ਼ਿੰਦਗੀ ਦੇਖ ਲਈ ਏ— ਹਰ ਕਿਸਮ ਦੀ! ਘੁਮੱਕੜ ਆਵਾਰਾ ਲੋਕ ਬੜੇ ਅੱਛੇ ਲੋਕ ਹੁੰਦੇ। ਮੈਂ ਕਿਸੇ ਨੂੰ ਮਿਲਾਂਗਾ ਤਾਂ ਉਸਨੂੰ ਇੱਕ ਰੂਬਲ ਦੂੰਗਾ, ਉਸਨੂੰ ਸਰਾਂ 'ਚ ਲੈ ਜਾਊਂਗਾ, ਉਸਨੂੰ ਸ਼ਰਾਬ ਪਿਲਾਊਂਗਾ। ਮੈਂ ਵੀ ਘੁਮੱਕੜ-ਆਵਾਰਾ ਲੋਕਾਂ ਦੀ ਜ਼ਿੰਦਗੀ ਬਿਤਾਈ! ਮੈਂ ਆਪਣੇ ਪਿਤਾ ਨੂੰ ਕਹੂੰਗਾ... ਇਹ ਆਦਮੀ— ਇਹ ਮੇਰੇ ਵੱਡੇ ਭਾਈ ਵਰਗਾ ਏ... ਇਹ ਮੈਨੂੰ ਨਸੀਹਤ ਦਿੰਦਾ। ਇਹ ਮੈਨੂੰ ਮਾਰਦਾ ਏ... ਕੁੱਤਾ! ਇਹ ਮੈਨੂੰ ਖਾਣਾ ਦਿੰਦਾ ਏ। ਹੁਣ, ਮੈਂ ਕਹੂੰਗਾ, ਬਦਲੇ ਵਿੱਚ ਤੂੰ ਵੀ ਇਸਨੂੰ ਖਾਣਾ ਦੇ। ਇੱਕ ਸਾਲ ਤੱਕ ਇਸਨੂੰ ਖਿਲਾਓ! ਇੱਕ ਸਾਲ ਤੱਕ... ਇੰਨੇ ਲੰਮੇ ਸਮੇਂ ਤੱਕ। ਤੂੰ ਸੁਣ ਰਿਹਾ ਏ ਨਾ ਮਕਸਿਮ?"

ਜਦੋਂ ਉਹ ਅਜਿਹੀਆਂ ਗੱਲਾਂ ਕਰਦਾ ਸੀ ਤਾਂ ਮੈਨੂੰ ਸੁਣਨਾ ਚੰਗਾ ਲੱਗਦਾ ਸੀ। ਅਜਿਹੇ ਪਲਾਂ ਵਿੱਚ ਉਹ ਬਿਲਕੁਲ ਸਿੱਧਾ-ਸਾਦਾ ਜਿਹਾ ਲੱਗਦਾ ਸੀ, ਬੱਚਿਆਂ ਵਰਗਾ। ਉਸਦੇ ਅਜਿਹੇ ਫਿਕਰਿਆਂ ਵਿੱਚ ਮੇਰੀ ਦਿਲਚਸਪੀ ਇਸ ਲਈ ਵੀ ਸੀ ਕਿਉਂਕਿ ਤਿਫਲਿਸ ਵਿੱਚ ਮੈਨੂੰ ਕੋਈ ਜਾਣਦਾ ਨਹੀਂ ਸੀ ਅਤੇ ਸਰਦੀ ਦਾ ਮੌਸਮ ਸ਼ੁਰੂ ਹੋ ਗਿਆ ਸੀ— ਗੁਦੌਰ ਵਿੱਚ ਹੀ ਸਾਡੀ ਬਰਫ਼ ਨਾਲ਼ ਮੁਲਾਕਾਤ ਵੀ ਹੋ ਚੁੱਕੀ ਸੀ। ਇੱਕ ਹੱਦ ਤੱਕ ਮੈਂ ਸ਼ੈਕਰੋ 'ਤੇ ਨਿਰਭਰ ਸਾਂ।

ਅਸੀਂ ਜਲਦੀ-ਜਲਦੀ ਚੱਲਣ ਲੱਗੇ। ਅਸੀਂ ਮਤਸਖੇਟਾ ਪਹੁੰਚੇ ਜਿਹੜੀ ਇਬੇਰੀਆ ਦੀ ਪ੍ਰਾਚੀਨ ਰਾਜਧਾਨੀ ਸੀ। ਅਗਲੇ ਦਿਨ ਅਸੀਂ ਤਿਫਲਿਸ ਪਹੁੰਚਣ ਦੀ ਯੋਜਨਾ ਬਣਾਈ।

ਕਾਫ਼ੀ ਦੂਰੋਂ, ਲਗਭਗ ਪੰਜ ਵੇਰਸਤ ਦੀ ਦੂਰੀ ਤੋਂ, ਮੈ ਦੋ ਪਹਾੜਾਂ ਵਿਚਕਾਰ ਵਸੀ ਕਾਕੇਸ਼ੀਆ ਦੀ ਰਾਜਧਾਨੀ ਨੂੰ ਦੇਖਿਆ। ਸਾਡੇ ਸਫ਼ਰ ਦਾ ਆਖ਼ਰੀ ਪੜਾਅ! ਮੈਂ ਕਿਸੇ ਚੀਜ਼ ਬਾਰੇ ਖੁਸ਼ ਸਾਂ। ਸ਼ੈਕਰੋ— ਚੁੱਪ-ਚਾਪ, ਉਦਾਸੀਨ ਜਿਹਾ ਸੀ। ਸੁਸਤ ਨਜ਼ਰਾਂ ਨਾਲ਼ ਉਹ ਅੱਗੇ ਵੇਖ ਰਿਹਾ ਸੀ, ਭੁੱਖ ਕਾਰਨ ਲਾਲ਼ਾਂ ਸੁੱਟ ਰਿਹਾ ਸੀ ਅਤੇ ਦਰਦ ਨਾਲ਼ ਮੂੰਹ ਬਣਾ ਕੇ ਆਪਣਾ ਢਿੱਡ ਘੁੱਟ ਰਿਹਾ ਸੀ। ਉਸਨੇ ਸੜ੍ਹਕ ਕਿਨਾਰੇ ਪੁੱਟ ਕੇ ਰੱਖੀਆਂ ਕੱਚੀਆਂ ਗਾਜਰਾਂ ਖਾਣ ਦਾ ਜੋਖ਼ਮ ਉਠਾਇਆ ਸੀ!

"ਤੂੰ ਕੀ ਸੋਚਦਾਂ ਏ, ਮੈਂ— ਇੱਕ ਜਾਰਜੀਆਈ ਰਈਸ— ਆਪਣੇ ਸ਼ਹਿਰ ਵਿੱਚ ਏਸ ਤਰ੍ਹਾਂ ਲੀਰੋ-ਲੀਰ, ਗੰਦੇ-ਮੰਦੇ ਕੱਪੜਿਆਂ ਵਿੱਚ ਜਾਊਂਗਾ, ਉਹ ਵੀ ਦਿਨ ਮੇਂ? ਅਰੇ, ਨਈਂ, ਨਈਂ! — ਆਪਾਂ ਸ਼ਾਮ ਤੱਕ ਇੰਤਜ਼ਾਰ ਕਰਾਂਗੇ। ਰੁਕੋ!"

ਅਸੀਂ ਕਿਸੇ ਵੀਰਾਨ ਘਰ ਦੀ ਕੰਧ ਨਾਲ਼ ਸਹਾਰਾ ਲੈ ਕੇ ਬੈਠ ਗਏ ਅਤੇ ਠੰਢ ਨਾਲ਼ ਕੰਬਦਿਆਂ ਆਪਣੀ ਆਖ਼ਰੀ ਸਿਗਰਟ ਲਪੇਟੀ ਅਤੇ ਪੀਣ ਲੱਗ ਪਏ। ਜਾਰਜੀਆਈ ਸੈਨਿਕ ਰਾਜ ਮਾਰਗ ਵੱਲੋਂ ਤੇਜ਼, ਠੰਢੀ ਹਵਾ ਆ ਰਹੀ ਸੀ। ਮੈਂ ਇੱਕ ਨਿੱਘੇ ਕਮਰੇ ਬਾਰੇ ਅਤੇ ਖਾਨਾਬਦੋਸ਼ ਜ਼ਿੰਦਗੀ ਦੇ ਮੁਕਾਬਲੇ ਇੱਕ ਟਿਕੀ-ਟਿਕਾਈ ਜ਼ਿੰਦਗੀ ਦੇ ਸਾਰੇ ਦੂਜੇ ਫਾਇਦਿਆਂ ਬਾਰੇ ਸੋਚਣ ਲੱਗ ਪਿਆ।

"ਚੱਲੀਏ ਹੁਣ!" ਸ਼ੈਕਰੋ ਖੜ੍ਹਾ ਹੋ ਗਿਆ। ਉਸਦੇ ਚਿਹਰੇ 'ਤੇ ਫੈਸਲਾ ਲੈ ਚੁੱਕੇ ਆਦਮੀ ਦਾ ਭਾਵ ਸੀ।

ਹਨ੍ਹੇਰਾ ਛਾ ਰਿਹਾ ਸੀ। ਸ਼ਹਿਰ ਵਿੱਚ ਬੱਤੀਆਂ ਜਗਣ ਦਾ ਵੇਲ਼ਾ ਹੋ ਚੁੱਕਿਆ ਸੀ। ਇਹ ਖ਼ੂਬਸੂਰਤ ਨਜ਼ਾਰਾ ਸੀ; ਇੱਕ-ਇੱਕ ਕਰਕੇ, ਬੱਤੀਆਂ ਉਸ ਧੁੰਦ ਵਿੱਚੋਂ ਚਮਕਣ ਲੱਗੀਆਂ, ਜਿਹੜੀ ਪੂਰੀ ਘਾਟੀ ਵਿੱਚ ਭਰ ਗਈ ਸੀ ਅਤੇ ਪੂਰਾ ਸ਼ਹਿਰ ਜਿਸ ਵਿੱਚ ਲੁਕ ਗਿਆ ਸੀ।

"ਅਰੇ, ਮੈਨੂੰ ਉਹ ਬਾਸ਼ਲਿਕ ਦੇਣਾ, ਮੈਂ ਮੂੰਹ ਢੱਕ ਲਾਂ, ਕਿਤੇ ਕੋਈ ਦੋਸਤ ਪਛਾਨ ਹੀ ਨਾ ਲਏ!"

ਮੈਂ ਉਸਨੂੰ ਬਾਸ਼ਲਿਕ ਦੇ ਦਿੱਤਾ। ਅਸੀਂ ਓਲੀਗਨਸਕਾਯਾ ਗਲ਼ੀ ਵਿੱਚੋਂ ਲੰਘ ਰਹੇ ਸਾਂ। ਸ਼ੈਕਰੋ ਕਿਸੇ ਫੈਸਲਾਕੁਨ ਧੁਨ ਵਿੱਚ ਸੀਟੀ ਵਜਾ ਰਿਹਾ ਸੀ।

"ਮਕਸਿਮ, ਉਹ ਤਰਾਮ-ਸਟਾਪ ਦੇਖ ਰਏ ਓ — ਵੇਰਿਸਕੀ ਬ੍ਰਿਜ ਦਾ? ਤੂੰ ਉੱਥੇ ਹੀ ਬੈਠ! ਮੇਰੀ ਉਡੀਕ ਕਰ! ਮੈਂ ਹੁਣੇ ਇੱਕ ਘਰ ਵਿੱਚ ਜਾ ਕੇ ਇੱਕ ਦੋਸਤ ਤੋਂ ਆਪਣੇ ਲੋਕਾਂ ਬਾਰੇ, ਮਾਂ ਤੇ ਪਿਤਾ ਜੀ ਬਾਰੇ ਪੁੱਛ ਕੇ ਆਉਂਦਾ ਆਂ, ਬਸ ਹੁਣੇ ਇੱਕ ਮਿੰਟ ਵਿੱਚ..."

"ਜ਼ਿਆਦਾ ਦੇਰ ਤਾਂ ਨਹੀਂ ਕਰੇਂਗਾ?"

"ਬਸ ਹੁਣੇ ਗਿਆ ਤੇ ਆਇਆ! ਇੱਕ ਮਿੰਟ 'ਚ..."

ਉਹ ਇੱਕ ਹਨੇਰੀ, ਤੰਗ ਗਲ਼ੀ ਦੇ ਮੂੰਹ ਵਿੱਚ ਕਾਹਲ਼ੀ ਨਾਲ਼ ਖਿਸਕ ਗਿਆ ਅਤੇ ਗਾਇਬ ਹੋ ਗਿਆ— ਹਮੇਸ਼ਾ ਲਈ!

ਇਸ ਆਦਮੀ ਨਾਲ਼ ਫਿਰ ਕਦੇ ਮੇਰੀ ਕੋਈ ਮੁਲਾਕਾਤ ਨਹੀਂ ਹੋਈ— ਜਿਹੜਾ ਮੇਰੀ ਜ਼ਿੰਦਗੀ ਦੇ ਲਗਭਗ ਚਾਰ ਮਹੀਨਿਆਂ ਦੇ ਸਫ਼ਰ ਵਿੱਚ ਮੇਰਾ ਸਾਥੀ ਰਿਹਾ ਸੀ, ਪਰ ਮੈਂ ਅਕਸਰ ਉਸਨੂੰ ਸਨੇਹ ਅਤੇ ਸੱਚੀ ਖ਼ੁਸ਼ੀ ਨਾਲ਼ ਯਾਦ ਕਰਦਾ ਹਾਂ।

ਉਸਨੇ ਮੈਨੂੰ ਬਹੁਤ ਕੁੱਝ ਸਿਖਾਇਆ ਜਿਹੜਾ ਕਿਸੇ ਬੁੱਧੀਜੀਵੀ ਦੇ ਲਿਖੇ ਮੋਟੇ ਗ੍ਰੰਥ ਦੇ ਸਫ਼ਿਆਂ ਵਿੱਚੋਂ ਨਹੀਂ ਮਿਲ਼ ਸਕਦਾ — ਕਿਉਂਕਿ ਜੀਵਨ ਦੀ ਸਿਆਣਪ ਹਮੇਸ਼ਾ ਹੀ ਇਨਸਾਨਾਂ ਦੀ ਸਿਆਣਪ ਨਾਲ਼ੋਂ ਕਿਤੇ ਵਧੇਰੇ ਤੇਜ਼, ਗੰਭੀਰ ਅਤੇ ਸਮੁੱਚੇ ਸੰਸਾਰ ਨੂੰ ਕਲਾਵੇ ਵਿੱਚ ਲੈਣ ਦੇ ਕਾਬਿਲ ਹੁੰਦੀ ਹੈ।

(1894)

# ਬੁੱਢੀ ਇਜ਼ਰਗੀਲ

1.

ਮੈਂ ਇਹ ਕਹਾਣੀਆਂ ਆਕਰਮਾਨ ਦੇ ਨੇੜੇ ਬੇਸਸਾਰਬੀ ਤੱਟ ਉੱਤੇ ਇੱਕ ਥਾਂ ਸੁਣੀਆਂ ਸਨ।

ਇੱਕ ਸ਼ਾਮ, ਅੰਗੂਰ ਲਾਹੁਣ ਦਾ ਆਪਣਾ ਦਿਹਾੜੀ ਦਾ ਕੰਮ ਮੁਕਾ ਲੈਣ ਪਿੱਛੋਂ, ਮੋਲਦਾਵੀਅਨਾਂ ਦਾ ਟੋਲਾ, ਜਿਨ੍ਹਾਂ ਨਾਲ਼ ਮੈਂ ਕੰਮ ਕਰ ਰਿਹਾ ਸਾਂ, ਸਾਗਰ ਕੰਢੇ ਚਲਾ ਗਿਆ। ਮੈਂ ਬੁੱਢੀ ਇਜ਼ਰਗੀਲ ਕੋਲ਼ ਪਿੱਛੇ ਰਹਿ ਗਿਆ। ਅੰਗੂਰਾਂ ਦੀ ਇੱਕ ਸੰਘਣੀ ਵੇਲ ਦੇ ਪ੍ਰਛਾਵੇਂ ਹੇਠ ਜ਼ਮੀਨ ਉੱਤੇ ਲੇਟਿਆ ਹੋਇਆ, ਮੈਂ ਸਾਗਰ ਵੱਲ ਜਾਂਦੇ ਲੋਕਾਂ ਦੇ ਅਕਾਰਾਂ ਨੂੰ ਰਾਤ ਦੇ ਸੰਘਣੇ ਹੋ ਰਹੇ ਹਨੇਰੇ ਨਾਲ਼ ਇਕਮਿਕ ਹੁੰਦਿਆਂ ਚੁੱਪ-ਚਾਪ ਵੇਖ ਰਿਹਾ ਸਾਂ।

ਉਹ ਗਾਉਂਦੇ ਤੇ ਹੱਸਦੇ ਤੁਰੇ ਜਾ ਰਹੇ ਸਨ। ਤਾਂਬੇ-ਰੰਗੇ ਚਿਹਰਿਆਂ ਵਾਲ਼ੇ ਆਦਮੀਆਂ ਨੇ ਛੋਟੀਆਂ ਕੁੜਤੀਆਂ ਤੇ ਸਲਵਾਰਾਂ ਪਾਈਆਂ ਹੋਈਆਂ ਸਨ, ਉਹਨਾਂ ਦੀਆਂ ਮੋਟੀਆਂ-ਮੋਟੀਆਂ ਕਾਲ਼ੀਆਂ ਮੁੱਛਾਂ ਸਨ ਤੇ ਵਾਲਾਂ ਦੀਆਂ ਭਾਰੀਆਂ ਲਿਟਾਂ, ਜਿਹੜੀਆਂ ਉਹਨਾਂ ਦੇ ਮੋਢਿਆਂ ਤੱਕ ਆਉਂਦੀਆਂ ਸਨ। ਔਰਤਾਂ ਤੇ ਕੁੜੀਆਂ, ਪ੍ਰਸੰਨ ਤੇ ਲਚਕੀਲੇ ਪਿੰਡਿਆਂ ਵਾਲ਼ੀਆਂ, ਗੂੜ੍ਹੀਆਂ ਨੀਲ਼ੀਆਂ ਅੱਖਾਂ ਵਾਲ਼ੀਆਂ, ਤੇ ਚਿਹਰੇ ਉਹਨਾਂ ਦੇ ਵੀ ਤਾਂਬੇ-ਰੰਗੇ ਸਨ। ਉਹਨਾਂ ਦੇ ਸ਼ਾਹਕਾਲੇ, ਰੇਸ਼ਮੀ ਵਾਲ ਲੱਕ-ਲੱਕ ਤੱਕ ਲਮਕੇ ਹੋਏ ਸਨ, ਤੇ ਨਿੱਘੀ, ਰੁਮਕਦੀ ਹਵਾ ਉਹਨਾਂ ਦੀਆਂ ਲਿਟਾਂ ਵਿੱਚੋਂ ਲੰਘਦੀ ਸ਼ਿੰਗਾਰ ਲਈ ਉਹਨਾਂ ਵਿੱਚ ਗੁੰਦੇ ਸਿੱਕਿਆਂ ਨੂੰ ਟੁਣਕਾ ਜਾਂਦੀ ਸੀ। ਹਵਾ ਵਿਸ਼ਾਲ, ਇਕਸਾਰ ਰੌਂਅ ਵਿੱਚ ਵਹਿ ਰਹੀ ਸੀ, ਪਰ ਕਦੀ-ਕਦੀ ਇੰਝ ਲੱਗਦਾ ਸੀ ਜਿਵੇਂ ਇਹ ਕਿਸੇ ਅਦਿੱਖ ਅਟਕਾ ਉੱਤੇ ਤਿਲਕ ਪਈ ਹੋਵੇ, ਤੇ ਫਿਰ ਹਵਾ ਦੇ ਤੇਜ਼ ਬੁਲ੍ਹੇ ਔਰਤ ਦੇ ਵਾਲਾਂ ਨੂੰ ਉਹਨਾਂ ਦੇ ਸਿਰਾਂ ਦੁਆਲੇ ਅਦਭੁਤ ਅੱਯਾਲਾਂ ਵਾਂਗ ਫੈਲਾ ਦੇਂਦੇ, ਤੇ ਉਹ ਇੰਝ ਲੱਗਣ ਲੱਗ ਪੈਂਦੀਆਂ, ਜਿਵੇਂ ਕਿਸੇ ਵਿਚਿਤ੍ਰ ਪਰੀ-ਕਹਾਣੀ ਦੇ ਦੇਸ਼ ਵਿੱਚੋਂ ਆਈਆਂ ਹੋਣ। ਜਿਉਂ-ਜਿਉਂ ਉਹ ਸਾਡੇ ਤੋਂ ਦੂਰ ਜਾਈ ਜਾਂਦੀਆਂ, ਤਿਉਂ-ਤਿਉਂ ਰਾਤ ਤੇ ਮੇਰੀ ਕਲਪਨਾ ਉਹਨਾਂ ਨੂੰ ਹੋਰ ਵੀ ਵਧੇਰੇ ਸੁੰਦਰ ਭੇਸ਼ਨਾਂ

ਨਾਲ਼ ਸਜਾਈ ਜਾਂਦੀ।

ਕੋਈ ਵਾਇਲਿਨ ਵਜਾ ਰਿਹਾ ਸੀ।... ਇੱਕ ਕੁੜੀ ਹੌਲ਼ੀ-ਹੌਲ਼ੀ ਮੱਧਮ ਸੁਰ ਵਿੱਚ ਗਾ ਰਹੀ ਸੀ। ਹਾਸੇ ਦੀਆਂ ਅਵਾਜ਼ਾਂ ਆ ਰਹੀਆਂ ਸਨ...

ਹਵਾ ਸਾਗਰ ਦੀ ਤੁਰਸ਼ ਮਹਿਕ ਨਾਲ਼ ਤੇ ਸੂਰਜ ਡੁੱਬਣ ਤੋਂ ਜ਼ਰਾ ਹੀ ਪਹਿਲਾਂ ਮੀਂਹ ਨਾਲ਼ ਤਰੋ-ਤਾਰ ਹੋਈ ਜ਼ਮੀਨ ਤੋਂ ਨਿਕਲਦੀ ਹਵਾੜ ਨਾਲ਼ ਭਰੀ ਹੋਈ ਸੀ। ਹੁਣ ਵੀ ਬੱਦਲਾਂ ਦੇ ਟੋਟੇ ਬੇਢੱਬੇ ਰੂਪਾਂ ਤੇ ਰੰਗਾਂ ਵਿੱਚ ਅਕਾਸ਼ ਦੇ ਆਰ-ਪਾਰ ਜਾ ਰਹੇ ਸਨ—ਕਿਧਰੇ ਹਲਕੇ, ਧੂੰਏਂ ਦੇ ਚੱਕਰਾਂ ਵਰਗੇ, ਨੀਲ਼ੇ ਤੇ ਸੁਆਹ-ਰੰਗੇ, ਤੇ ਕਿਤੇ ਫਟੇ ਹੋਏ, ਚੱਟਾਨ ਦੇ ਟੋਟਿਆਂ ਵਰਗੇ, ਕਾਲ਼ੇ ਜਾਂ ਭੂਰੇ। ਉਹਨਾਂ ਦੇ ਵਿੱਚੋਂ ਸੁਨਹਿਰੀ ਸਿਤਾਰਿਆਂ ਨਾਲ਼ ਜੜੇ ਹੋਏ ਅਕਾਸ਼ ਦੇ ਗੂੜ੍ਹੇ ਨੀਲ਼ੇ ਟੋਟੇ ਬੜੇ ਸਨੇਹ ਨਾਲ਼ ਝਾਤੀਆਂ ਮਾਰ ਰਹੇ ਸਨ। ਇਹ ਸਾਰਾ ਕੁੱਝ-ਅਵਾਜ਼ਾਂ ਤੇ ਮਹਿਕਾਂ, ਬੱਦਲ ਤੇ ਲੋਕ—ਵਿਚਿੱਤਰ ਢੰਗ ਨਾਲ਼ ਸੁੰਦਰ ਤੇ ਉਦਾਸ ਲੱਗ ਰਿਹਾ ਸੀ, ਜਿਵੇਂ ਕਿਸੇ ਅਦਭੁਤ ਪਰੀ-ਕਹਾਣੀ ਦਾ ਅਰੰਭ ਹੋਵੇ। ਤੇ ਸਭ ਕੁੱਝ ਇੰਝ ਲੱਗ ਰਿਹਾ ਸੀ ਜਿਵੇਂ ਕਿ ਇਸ ਦੇ ਵਾਧੇ ਨੂੰ ਰੋਕ ਦਿੱਤਾ ਗਿਆ ਹੋਵੇ, ਜਿਵੇਂ ਕਿ ਇਹ ਮਰ ਰਿਹਾ ਹੋਵੇ। ਅਵਾਜ਼ਾਂ ਦੀ ਖੱਪ ਦੂਰ ਹੁੰਦੀ ਜਾ ਰਹੀ ਸੀ, ਘਟਦੀ ਜਾ ਰਹੀ ਸੀ, ਤੇ ਸੋਗੀ ਹਉਕਿਆਂ ਵਾਂਗ ਬਣ ਕੇ ਰਹਿ ਗਈ।

"ਤੂੰ ਉਹਨਾਂ ਨਾਲ਼ ਕਿਉਂ ਨਹੀਂ ਜਾਂਦਾ ?" ਬੁੱਢੀ ਇਜ਼ਰਗੀਲ ਨੇ ਉਸ ਪਾਸੇ ਵੱਲ ਸਿਰ ਨਾਲ਼ ਇਸ਼ਾਰਾ ਕਰਦਿਆਂ ਮੈਨੂੰ ਪੁੱਛਿਆ, ਜਿਧਰ ਲੋਕ ਗਏ ਸਨ।

ਸਮੇਂ ਨੇ ਉਸ ਨੂੰ ਝੁਕਾ ਕੇ ਦੂਹਰੀ ਕਰ ਦਿੱਤਾ ਸੀ; ਉਸ ਦੀਆਂ ਕਦੀ ਚਮਕਦੀਆਂ ਕਾਲ਼ੀਆਂ ਅੱਖਾਂ ਹੁਣ ਧੁੰਦਲੀਆਂ ਹੋ ਗਈਆਂ ਸਨ, ਤੇ ਉਹਨਾਂ ਵਿੱਚੋਂ ਪਾਣੀ ਵਗਦਾ ਰਹਿੰਦਾ ਸੀ। ਉਸ ਦੀ ਖੁਸ਼ਕ ਅਵਾਜ਼ ਅਜੀਬ ਜਿਹੀ ਲੱਗਦੀ ਸੀ, ਇਹ ਇੰਝ ਕਿੜ-ਕਿੜ ਕਰਦੀ ਸੀ, ਜਿਵੇਂ ਉਹ ਹੱਡੀਆਂ ਚੱਬ ਰਹੀ ਹੋਵੇ।

"ਮੇਰਾ ਜੀ ਨਹੀਂ ਕਰਦਾ!" ਮੈਂ ਜਵਾਬ ਦਿੱਤਾ।

"ਏਖ!... ਤੁਸੀਂ ? ਰੂਸੀ ਜੰਮਦੇ ਹੀ ਬੁੱਢੇ ਹੁੰਦੇ ਹੋ। ਸਾਰੇ ਦੇ ਸਾਰੇ ਨਿਮੋਝੂਣੇ, ਪ੍ਰੇਤਾਂ ਵਾਂਗ।... ਸਾਡੀਆਂ ਕੁੜੀਆਂ ਤੁਹਾਡੇ ਤੋਂ ਡਰਦੀਆਂ ਨੇ।... ਪਰ ਤੂੰ ਤਾਂ ਜਵਾਨ ਏਂ, ਤਕੜਾ ਏਂ..."

ਚੰਨ ਨਿਕਲ ਆਇਆ—ਵੱਡਾ ਸਾਰਾ, ਗੋਲ ਤੇ ਲਾਲ-ਸੂਹਾ, ਲੱਗਦਾ ਸੀ ਜਿਵੇਂ ਇਸ ਸਤੇਪੀ ਦੇ ਪੇਟ ਵਿੱਚੋਂ ਨਿਕਲਿਆ ਹੋਵੇ, ਜਿਹੜਾ ਆਪਣੇ ਸਮੇਂ ਵਿੱਚ ਏਨਾ ਜ਼ਿਆਦਾ ਮਨੁੱਖੀ ਮਾਸ ਤੇ ਖ਼ੂਨ ਪਚਾ ਚੁੱਕਾ ਸੀ, ਤੇ ਸ਼ਾਇਦ ਇਸੇ ਕਰਕੇ ਇਹ ਏਨਾਂ ਭਰਪੂਰ ਤੇ ਉਪਜਾਊ ਬਣ ਗਿਆ ਸੀ। ਤੇ ਜਿਉਂ-ਜਿਉਂ ਇਹ ਉਤਾਂਹ ਜਾਈ ਜਾਂਦਾ ਸੀ, ਇਹ ਸਾਡੇ ਉੱਤੇ ਵੇਲ ਦੇ ਪੱਤਿਆਂ ਦੇ ਫੀਤਿਆਂ ਵਰਗੇ ਪ੍ਰਛਾਵੇਂ ਸੁੱਟੀ ਜਾਂਦਾ ਸੀ, ਤੇ ਇੰਝ ਲੱਗਦਾ ਸੀ। ਜਿਵੇਂ ਮੈਂ ਤੇ ਬੁੱਢੀ ਜਾਲ ਨਾਲ਼ ਢਕੇ ਹੋਈਏ। ਸਾਡੇ ਖੱਬੇ ਪਾਸੇ ਬੱਦਲਾਂ ਦੇ ਪ੍ਰਛਾਵੇਂ ਸਤੇਪੀ ਦੇ ਆਰ-ਪਾਰ ਨੱਠੇ ਜਾ ਰਹੇ ਸਨ, ਤੇ ਖ਼ੁਦ ਬੱਦਲ, ਚੰਨ ਦੀਆਂ ਕਾਸ਼ਨੀ ਰਿਸ਼ਮਾਂ ਦੇ ਚਮਕਦੇ ਹੋਏ, ਹੋਰ ਵੀ ਚਮਕਦਾਰ ਤੇ ਹੋਰ ਵੀ ਪਾਰਦਰਸ਼ੀ ਲੱਗ ਰਹੇ ਸਨ।

"ਵੇਖ, ਔਹ ਲਾਰਾ ਜਾਂਦਾ ਈ!"

ਮੈਂ ਉਧਰ ਦੇਖਿਆ, ਜਿਧਰ ਬੁੱਢੀ ਆਪਣੇ ਕੰਬਦੇ ਹੱਥਾਂ ਤੇ ਮੁੜੀਆਂ ਉਂਗਲਾਂ ਨਾਲ਼ ਇਸ਼ਾਰਾ ਕਰ ਰਹੀ ਸੀ, ਤੇ ਮੈਨੂੰ ਪ੍ਰਛਾਵੇਂ ਤਰਦੇ ਦਿਖਾਈ ਦਿੱਤੇ, ਕਿੰਨੇ ਸਾਰੇ, ਪਰ ਉਹਨਾਂ ਵਿੱਚੋਂ ਇੱਕ ਬਾਕੀਆਂ ਨਾਲ਼ੋਂ ਕਾਲ਼ਾ ਤੇ ਸੰਘਣਾ ਸੀ, ਤੇ ਇਹ ਬਾਕੀਆਂ ਨਾਲ਼ੋਂ ਤੇਜ਼ ਤੇ ਨੀਵਾਂ ਹੋ ਕੇ ਚੱਲ ਰਿਹਾ ਸੀ—ਇਹ ਬੱਦਲਾਂ ਦੇ ਗੁੱਛੇ ਵਿੱਚੋਂ ਡਿੱਗ ਪਿਆ ਸੀ, ਜਿਹੜਾ ਧਰਤੀ ਦੇ ਨੇੜੇ-ਨੇੜੇ ਹੋ ਕੇ ਉੱਡ ਰਿਹਾ ਸੀ ਤੇ ਦੂਜਿਆਂ ਨਾਲ਼ੋਂ ਤੇਜ਼ ਚਲ ਰਿਹਾ ਸੀ।

"ਮੈਨੂੰ ਤਾਂ ਕੋਈ ਨਹੀਂ ਦਿੱਸਦਾ," ਮੈਂ ਕਿਹਾ।

"ਤੈਨੂੰ ਮੇਰੇ, ਬੁੱਢੀ, ਨਾਲ਼ੋਂ ਵੀ ਘੱਟ ਦਿਸਦੈ! ਦੇਖ—ਔਹ, ਕਾਲ਼ਾ ਜਿਹਾ, ਸਤੇਪੀ ਦੇ ਆਰ-ਪਾਰ ਨੱਠਦਾ ਪਿਆ!"

ਮੈਂ ਫਿਰ ਵੇਖਿਆ, ਤੇ ਫਿਰ ਮੈਨੂੰ ਪਰਛਾਵਿਆਂ ਤੋਂ ਬਿਨਾਂ ਕੁੱਝ ਨਜ਼ਰੀਂ ਨਾ ਪਿਆ।

"ਉਹ ਤਾਂ ਪਰਛਾਵਾਂ ਏ! ਤੂੰ ਇਸ ਨੂੰ ਲਾਰਾ ਕਿਉਂ ਕਹਿੰਦੀ ਏਂ!"

"ਕਿਉਂਕਿ ਇਹ ਉਹੀ ਏ। ਹੁਣ ਉਹ ਪਰਛਾਵਾਂ ਜਿਹਾ ਹੀ ਰਹਿ ਗਿਐ। ਕੋਈ ਹੈਰਾਨੀ ਵਾਲ਼ੀ ਗੱਲ ਨਹੀਂ! ਹਜ਼ਾਰ ਸਾਲ ਦਾ ਤਾਂ ਉਹ ਹੋ ਗਿਐ : ਧੁੱਪ ਨੇ ਉਸ ਦਾ ਸਰੀਰ, ਉਸ ਦਾ ਖ਼ੂਨ, ਉਸ ਦੀਆਂ ਹੱਡੀਆਂ ਸੁੱਕਾ ਛੱਡੀਐਂ ਤੇ ਹਵਾ ਉਹਨਾਂ ਨੂੰ ਧੂੜ ਵਾਂਗ ਉਡਾ ਕੇ ਲੈ ਗਈ ਏ। ਵੇਖਿਆ, ਰੱਬ ਬੰਦੇ ਦਾ ਕੀ ਬਣਾ ਦੇਂਦੈ, ਜੇ ਉਹ ਮਾਣ ਕਰੇ ਤਾਂ!"

"ਮੈਨੂੰ ਦੱਸ, ਇਹ ਕਿਵੇਂ ਹੋਇਆ!" ਮੈਂ ਬੁੱਢੀ ਦਾ ਤਰਲਾ ਕੀਤਾ, ਇਸ ਉਮੀਦ ਨਾਲ਼ ਕਿ ਮੈਂ ਸਤੇਪੀ ਵਿੱਚ ਸਿਰਜੀ ਗਈ ਇੱਕ ਅਦਭੁਤ ਪਰੀ-ਕਹਾਣੀ ਸੁਣਾਂਗਾ।

ਤੇ ਉਸ ਨੇ ਮੈਨੂੰ ਹੇਠ ਲਿਖੀ ਪਰੀ-ਕਹਾਣੀ ਸੁਣਾਈ।

"ਇਸ ਗੱਲ ਨੂੰ ਹਜ਼ਾਰਾਂ ਸਾਲ ਹੋ ਗਏ ਨੇ। ਸਾਗਰ ਤੋਂ ਪਾਰ, ਦੂਰ ਜਿੱਥੇ ਸੂਰਜ ਚੜ੍ਹਦੈ, ਇੱਕ ਦੇਸ਼ ਏ, ਜਿੱਥੇ ਇੱਕ ਵੱਡਾ ਸਾਰਾ ਦਰਿਆ ਵਗਦੈ, ਤੇ ਉਸ ਦੇਸ਼ ਵਿੱਚ ਹਰ ਦਰਖ਼ਤ ਤੇ ਘਾਹ ਦੀ ਹਰ ਤਿੜ ਦਾ ਪਰਛਾਵਾਂ ਏਡਾ ਵੱਡਾ ਹੁੰਦੈ, ਜਿੱਡਾ ਆਦਮੀ ਨੂੰ ਧੁੱਪ ਤੋਂ ਬਚਣ ਲਈ ਚਾਹੀਦੈ, ਕਿਉਂਕਿ ਧੁੱਪ ਉੱਥੇ ਬਹੁਤ ਤੇਜ਼ ਹੁੰਦੀ ਏ।

"ਉਸ ਦੇਸ਼ ਦੀ ਧਰਤੀ ਇਸ ਤਰ੍ਹਾਂ ਦੀ ਭਰਪੂਰ ਏ!

"ਉਸ ਦੇਸ਼ ਵਿੱਚ ਆਦਮੀਆਂ ਦਾ ਇੱਕ ਸ਼ਕਤੀਸ਼ਾਲੀ ਕਬੀਲਾ ਰਿਹਾ ਕਰਦਾ ਸੀ। ਉਹ ਆਪਣੇ ਪਸ਼ੂ ਪਾਲਦੇ, ਤੇ ਆਪਣੀ ਤਾਕਤ ਤੇ ਮਰਦਾਨਗੀ ਸ਼ਿਕਾਰ ਖੇਡਣ ਉੱਤੇ ਖ਼ਰਚ ਕਰਦੇ, ਸ਼ਿਕਾਰ ਤੋਂ ਪਿੱਛੋਂ ਦਾਅਵਤਾਂ ਰਚਾਉਂਦੇ, ਗੀਤ ਗਾਉਂਦੇ ਤੇ ਕੁੜੀਆਂ ਨਾਲ਼ ਰੰਗ-ਰਲੀਆਂ ਮਨਾਉਂਦੇ।

"ਇੱਕ ਦਿਨ, ਇੱਕ ਦਾਅਵਤ ਸਮੇਂ, ਸ਼ਾਹ-ਕਾਲ਼ੇ ਵਾਲ਼ਾਂ ਵਾਲ਼ੀ ਤੇ ਰਾਤ ਵਰਗੀ ਮਲੂਕ ਇੱਕ ਕੁੜੀ ਨੂੰ ਇੱਕ ਬਾਜ਼ ਚੁੱਕ ਕੇ ਲੈ ਗਿਆ, ਜਿਹੜਾ ਅਸਮਾਨੋਂ ਆ ਝਪਟਿਆ ਸੀ। ਉਸ ਵੱਲ ਆਦਮੀ ਜਿਹੜੇ ਤੀਰ ਛੱਡਦੇ, ਉਹ ਮੰਦੇ ਹਾਲ, ਵਾਪਸ ਜ਼ਮੀਨ ਉੱਤੇ ਆ ਡਿੱਗਦੇ। ਫਿਰ ਉਹ ਕੁੜੀ ਨੂੰ ਲੱਭਣ ਟੁਰ ਪਏ, ਪਰ ਉਹ ਨਾ ਲੱਭੀ। ਤੇ ਫਿਰ, ਉਹ ਉਸ ਨੂੰ ਭੁਲ-ਭੁਲਾ

ਗਏ, ਜਿਸ ਤਰ੍ਹਾਂ ਦੁਨੀਆਂ ਵਿੱਚ ਹਰ ਚੀਜ਼ ਵਿਸਾਰ ਦਿੱਤੀ ਜਾਂਦੀ ਏ।"

ਬੁੱਢੀ ਨੇ ਠੰਡਾ ਸਾਹ ਭਰਿਆ ਤੇ ਰੁਕ ਗਈ। ਉਸ ਦੀ ਚੱਕੀ ਵਰਗੀ ਅਵਾਜ਼ ਸਾਰੇ ਭੁੱਲੇ-ਵਿਸਰੇ ਜੁੱਗਾਂ ਦੀਆਂ ਸ਼ਿਕਾਇਤਾਂ ਬਣ ਗਈ ਲੱਗਦੀ ਸੀ, ਜਿਹੜੀਆਂ ਹਨੇਰੀਆਂ ਯਾਦਾਂ ਬਣ ਕੇ ਉਸ ਦੇ ਸੀਨੇ ਵਿੱਚ ਜਾਗ ਪਈਆਂ ਸਨ। ਸਾਗਰ ਉਹਨਾਂ ਪੁਰਾਤਨ ਕਥਾਵਾਂ ਵਿੱਚੋਂ ਇੱਕ ਦੇ ਅਰੰਭ ਦੇ ਨਾਲ਼ ਮਲਕੜੇ ਜਿਹੇ ਰਲ਼ ਗਿਆ ਸੀ, ਜਿਹੜੀਆਂ ਸ਼ਾਇਦ ਇਸ ਦੇ ਤੱਟ ਉੱਤੇ ਸਿਰਜੀਆਂ ਗਈਆਂ ਸਨ।

"ਵੀਹ ਸਾਲ ਮਗਰੋਂ, ਕੁੜੀ ਆਪੇ ਵਾਪਸ ਆ ਗਈ, ਥੱਕੀ-ਟੁੱਟੀ ਤੇ ਮੰਦੇ ਹਾਲ। ਉਸ ਦੇ ਨਾਲ਼ ਇੱਕ ਗੱਭਰੂ ਸੀ, ਸੋਹਣਾ ਤੇ ਤਕੜਾ, ਜਿਸ ਤਰ੍ਹਾਂ ਵੀਹ ਸਾਲ ਪਹਿਲਾਂ ਉਹ ਆਪ ਹੁੰਦੀ ਸੀ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੂੰ ਕਿੱਥੇ ਰਹੀ ਏਂ, ਤਾਂ ਉਸ ਨੇ ਦੱਸਿਆ ਕਿ ਬਾਜ਼ ਉਸ ਨੂੰ ਚੁੱਕ ਕੇ ਪਹਾੜਾਂ ਵਿੱਚ ਲੈ ਗਿਆ ਸੀ ਤੇ ਉੱਥੇ ਉਹ ਉਸ ਦੀ ਪਤਨੀ ਬਣ ਕੇ ਰਹਿੰਦੀ ਰਹੀ ਹੈ। ਉਹ ਮੁੰਡਾ ਉਸ ਦਾ ਬੇਟਾ ਸੀ, ਉਸ ਦਾ ਪਿਓ ਮਰ ਚੁੱਕਾ ਸੀ। ਜਦੋਂ ਉਹ ਕਮਜ਼ੋਰ ਹੋ ਗਿਆ ਤਾਂ ਉਹ ਆਖ਼ਰੀ ਵਾਰੀ ਉੱਪਰ ਅਕਾਸ਼ ਵਿੱਚ ਉੱਡਿਆ, ਤੇ ਆਪਣੇ ਪਰ ਸਮੇਟ ਕੇ, ਪਹਾੜਾਂ ਦੀਆਂ ਦੰਦੇਦਾਰ ਚੋਟੀਆਂ ਉੱਤੇ ਜ਼ੋਰ ਦੀ ਆ ਕੇ ਡਿੱਗਾ ਤੇ ਦਮ ਤੋੜ ਗਿਆ...

"ਹਰ ਕੋਈ ਬਾਜ਼ ਦੇ ਬੇਟੇ ਵੱਲ ਹੈਰਾਨੀ ਨਾਲ਼ ਵੇਖਣ ਲੱਗਾ, ਤੇ ਉਹਨਾਂ ਵੇਖਿਆ ਕਿ ਉਹ ਉਹਨਾਂ ਨਾਲ਼ੋਂ ਕਿਸੇ ਤਰ੍ਹਾਂ ਵੀ ਵੱਖਰਾ ਨਹੀਂ ਸੀ, ਸਿਵਾਏ ਇਸ ਦੇ ਕਿ ਉਸ ਦੀਆਂ ਅੱਖਾਂ ਠੰਡੀਆਂ-ਠਾਰ ਤੇ ਘੁਮੰਡੀ ਸਨ, ਜਿਸ ਤਰ੍ਹਾਂ ਪੰਛੀਆਂ ਦੇ ਉਸ ਬਾਦਸ਼ਾਹ ਦੀਆਂ ਹੁੰਦੀਆਂ ਸਨ। ਜਦੋਂ ਉਹ ਉਸ ਨਾਲ਼ ਗੱਲਾਂ ਕਰਦੇ ਤਾਂ ਉਹ ਜੇ ਚਾਹੁੰਦਾ ਤਾਂ ਜਵਾਬ ਦੇਂਦਾ, ਨਹੀਂ ਤਾਂ ਚੁੱਪ ਰਹਿੰਦਾ; ਤੇ ਜਦੋਂ ਕਬੀਲੇ ਦੇ ਸਰਦਾਰ ਉਸ ਕੋਲ਼ ਆਏ ਤੇ ਉਸ ਨਾਲ਼ ਗੱਲਾਂ ਕਰਨ ਲੱਗੇ, ਤਾਂ ਉਹ ਉਹਨਾਂ ਨਾਲ਼ ਇੰਝ ਬੋਲਿਆ, ਜਿਵੇਂ ਕੋਈ ਬਰਾਬਰ ਦਾ ਹੋਵੇ। ਉਹਨਾਂ ਨੇ ਇਸ ਨੂੰ ਗੁਸਤਾਖ਼ੀ ਸਮਝਿਆ। ਉਹਨਾਂ ਨੇ ਉਸ ਨੂੰ ਝਿੜਕਿਆ ਤੇ ਕਹਿਣ ਲੱਗੇ ਕਿ ਉਹ ਅਜੇ ਬਿਨ੍ਹਾਂ ਖੰਭਾਂ ਦੇ ਤੀਰ ਏ, ਜਿਸ ਦੀ ਨੋਕ ਵੀ ਅਜੇ ਤਿੱਖੀ ਨਹੀਂ, ਤੇ ਉਸ ਨੂੰ ਦੱਸਿਆ ਕਿ ਉਸ ਦੇ ਵਰਗੇ ਹਜ਼ਾਰਾਂ, ਤੇ ਉਸ ਦਾ ਨਾਲੋਂ ਦੂਣੀ ਉਮਰ ਦੇ ਹਜ਼ਾਰਾਂ ਬੰਦੇ ਉਹਨਾਂ ਦਾ ਸਤਿਕਾਰ ਕਰਦੇ ਤੇ ਹੁਕਮ ਮੰਨਦੇ ਨੇ। ਪਰ ਉਹ ਉਸੇ ਤਰ੍ਹਾਂ ਆਕੜ ਨਾਲ਼ ਉਹਨਾਂ ਵੱਲ ਵੇਖੀ ਗਿਆ ਤੇ ਕਹਿਣ ਲੱਗਾ ਕਿ ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ, ਤੇ ਜੇ ਦੂਜੇ ਉਹਨਾਂ ਦੀ ਇੱਜ਼ਤ ਕਰਦੇ ਨੇ ਤਾਂ ਕਰਨ, ਉਸ ਦੀ ਅਜਿਹੀ ਕਰਨ ਦੀ ਕੋਈ ਇੱਛਾ ਨਹੀਂ, ਓ!... ਫਿਰ ਉਹ ਉਸ ਨਾਲ਼ ਸੱਚਮੁਚ ਨਰਾਜ਼ ਹੋ ਗਏ, ਤੇ ਨਰਾਜ਼ਗੀ ਨਾਲ਼ੋ ਬੋਲੇ :

"ਸਾਡੇ ਵਿੱਚ ਇਸ ਲਈ ਕੋਈ ਥਾਂ ਨਹੀਂ! ਇਹ ਜਿੱਥੇ ਚਾਹੁੰਦਾ ਏ ਜਾਏ!'

"ਉਹ ਹੱਸਿਆ ਤੇ ਜਿਧਰ ਉਸ ਦਾ ਜੀ ਆਇਆ, ਚਲਾ ਗਿਆ—ਇੱਕ ਸੋਹਣੀ ਜਿਹੀ ਕੁੜੀ ਕੋਲ਼ ਜਿਹੜੀ ਉਸ ਵੱਲ ਇੱਕ-ਟਕ ਵੇਖਦੀ ਰਹੀ ਸੀ; ਉਹ ਉਸ ਤੱਕ ਗਿਆ ਤੇ ਉਸ ਨੂੰ ਜੱਫੀ ਵਿੱਚ ਲੈ ਲਿਆ। ਪਰ ਉਹ ਉਹਨਾਂ ਸਰਦਾਰਾਂ ਵਿੱਚੋਂ ਇੱਕ ਦੀ ਧੀ ਸੀ, ਜਿਨ੍ਹਾਂ ਨੇ ਉਸ ਨੂੰ ਝਿੜਕਾਂ ਦਿੱਤੀਆਂ ਸਨ, ਤੇ ਭਾਵੇਂ ਉਹ ਕਿੰਨਾ ਸੋਹਣਾ ਸੀ, ਉਸ ਕੁੜੀ ਨੇ ਉਸ ਨੂੰ

ਪਰ੍ਹੇ ਧੱਕ ਦਿੱਤਾ, ਕਿਉਂਕਿ ਉਹ ਆਪਣੇ ਪਿਉ ਤੋਂ ਡਰਦੀ ਸੀ। ਉਸ ਨੇ ਉਸ ਨੂੰ ਪਰ੍ਹੇ ਧੱਕਿਆ, ਤੇ ਉਥੋਂ ਟੁਰ ਪਈ, ਪਰ ਉਸ ਨੂੰ ਮੁੰਡੇ ਨੇ ਮੁੱਕਾ ਮਾਰਿਆ, ਤੇ ਜਦੋਂ ਉਹ ਜ਼ਮੀਨ ਉੱਤੇ ਡਿੱਗ ਪਈ ਤਾਂ ਉਹ ਉਸ ਦੀ ਛਾਤੀ ਉੱਤੇ ਚੜ੍ਹ ਕੇ ਖੜੋ ਗਿਆ, ਜਿਸ ਨਾਲ਼ ਕੁੜੀ ਦੇ ਮੂੰਹ ਵਿੱਚੋਂ ਖ਼ੂਨ ਦੀ ਤਤੀਰੀ ਨਿਕਲ ਕੇ ਅਕਾਸ਼ ਵੱਲ ਨੂੰ ਜਾਣ ਲੱਗੀ। ਕੁੜੀ ਨੇ ਉਭੇ ਸਾਹ ਲਏ, ਸੱਪ ਵਾਂਗ ਮਰੋੜੇ ਖਾਧੇ, ਤੇ ਮਰ ਗਈ।

"ਜਿਸ ਕਿਸੇ ਨੇ ਇਹ ਦ੍ਰਿਸ਼ ਦੇਖਿਆ, ਉਹ ਡਰ ਨਾਲ਼ ਸੁੰਨ ਹੋ ਗਿਆ—ਇਹ ਪਹਿਲੀ ਵਾਰ ਸੀ ਕਿ ਇਹਨਾਂ ਦੀ ਕਿਸੇ ਔਰਤ ਨੂੰ ਇੰਝ ਮਾਰਿਆ ਗਿਆ ਸੀ। ਉਹ ਕਿੰਨਾ ਚਿਰ ਚੁੱਪ ਖੜੇ ਰਹੇ, ਕਦੀ ਮੋਈ ਕੁੜੀ ਵੱਲ ਵੇਖਦੇ ਜਿਹੜੀ ਖ਼ੂਨ-ਲਿਬੜੇ ਮੂੰਹ ਤੇ ਖੁੱਲ੍ਹੀਆਂ ਅੱਖਾਂ ਨਾਲ਼ ਜ਼ਮੀਨ ਉੱਤੇ ਪਈ ਸੀ, ਤੇ ਕਦੀ ਉਸ ਮੁੰਡੇ ਵੱਲ ਵੇਖਦੇ ਜਿਹੜਾ ਕੁੜੀ ਦੇ ਕੋਲ਼ ਖੜਾ ਸੀ, ਪੂਰੇ ਮਾਣ ਵਿੱਚ ਉਹਨਾਂ ਵੱਲ ਵੇਖਦਾ ਹੋਇਆ—ਉਸ ਨੇ ਆਪਣਾ ਸਿਰ ਨਾ ਸੁੱਟਿਆ, ਜਿਵੇਂ ਕਿ ਸਜ਼ਾ ਦੇਣ ਲਈ ਕਹਿ ਰਿਹਾ ਬੰਦਾ ਹੁੰਦਾ ਹੈ। ਜਦੋਂ ਉਹ ਆਪਣੇ-ਆਪ ਵਿੱਚ ਆਏ ਤਾਂ ਉਹਨਾਂ ਨੇ ਉਸ ਨੂੰ ਫੜ ਲਿਆ ਤੇ ਬੰਨ੍ਹ ਦਿੱਤਾ, ਤੇ ਉੱਥੇ ਹੀ ਛੱਡ ਗਏ, ਕਿਉਂਕਿ ਉਹਨਾਂ ਦਾ ਖ਼ਿਆਲ ਸੀ ਕਿ ਉਸ ਨੂੰ ਉਸੇ ਵੇਲੇ ਮਾਰ ਦੇਣਾ ਬੜੀ ਸੌਖੀ ਗੱਲ ਹੋਵੇਗੀ ਜਿਸ ਨਾਲ਼ ਉਹਨਾਂ ਨੂੰ ਤਸੱਲੀ ਨਹੀਂ ਹੋਵੇਗੀ।"

ਰਾਤ ਦੇ ਹਨੇਰਾ ਵੱਧਦਾ ਗਿਆ ਤੇ ਇਹ ਅਜੀਬ, ਹਲਕੀਆਂ-ਹਲਕੀਆਂ ਅਵਾਜ਼ਾਂ ਨਾਲ਼ ਭਰ ਗਈ। ਸਤੇਪੀ ਵਿੱਚ ਪਹਾੜੀ ਚੂਹੇ ਸੋਗੀਆਂ ਵਾਂਗ ਸੀਟੀਆਂ ਵਜਾ ਰਹੇ ਸਨ, ਤੇ ਟਿੱਡਿਆਂ ਦੀ ਧਾਤ ਵਰਗੀ ਕਰੀਚਣ ਦੀ ਅਵਾਜ਼ ਅੰਗੂਰਾਂ ਦੀ ਵੇਲ ਦੇ ਪੱਤਿਆਂ ਵਿੱਚ ਸੁਣਾਈ ਦੇਂਦੀ ਸੀ; ਪੱਤੇ ਆਹਾਂ ਭਰ ਰਹੇ ਸਨ ਤੇ ਇੱਕ-ਦੂਜੇ ਨਾਲ਼ ਘੁਸਰ-ਮੁਸਰ ਕਰ ਰਹੇ ਸਨ; ਪੁੰਨਿਆ ਦਾ ਚੰਨ, ਜਿਹੜਾ ਪਹਿਲਾਂ ਲਾਲ-ਸੂਹਾ ਸੀ, ਹੁਣ ਪੀਲ਼ਾ ਪੈ ਗਿਆ ਸੀ ਤੇ ਜਿਉਂ-ਜਿਉਂ ਇਹ ਧਰਤੀ ਤੋਂ ਉਤਾਂਹ ਜਾਈ ਜਾਂਦਾ ਸੀ, ਹੋਰ ਪੀਲ਼ਾ ਪਈ ਜਾਂਦਾ ਸੀ; ਨੀਲ਼ੀ ਭਾਹ ਮਾਰਦੀ ਧੁੰਦ ਸਤੇਪੀ ਉੱਤੇ ਹੋਰ ਵਿਸ਼ਾਲ ਢੰਗ ਨਾਲ਼ ਪੱਸਰ ਗਈ ਸੀ...

"ਸੋ, ਉਹ ਇਕੱਠੇ ਹੋਏ, ਕੋਈ ਅਜਿਹੀ ਸਜ਼ਾ ਸੋਚਣ ਲਈ ਜਿਹੜੀ ਉਸ ਦੇ ਜੁਰਮ ਨਾਲ਼ ਮੇਲ ਖਾਂਦੀ ਹੋਵੇ।... ਕੁੱਝ ਲੋਕਾਂ ਨੇ ਸੁਝਾ ਦਿੱਤਾ ਕਿ ਘੋੜਿਆਂ ਨਾਲ਼ ਬੰਨ੍ਹ ਕੇ ਉਸ ਦੇ ਟੁਕੜੇ ਕਰ ਦਿੱਤੇ ਜਾਣ, ਪਰ ਇਹ ਬਹੁਤ ਨਰਮ ਸਜ਼ਾ ਲੱਗਦੀ ਸੀ। ਦੂਜਿਆਂ ਨੇ ਕਿਹਾ ਕਿ ਹਰ ਕੋਈ ਉਸ ਨੂੰ ਇੱਕ-ਇੱਕ ਤੀਰ ਮਾਰੇ, ਪਰ ਇਹ ਵੀ ਰੱਦ ਕਰ ਦਿੱਤਾ ਗਿਆ। ਕਿਸੇ ਹੋਰ ਨੇ ਕਿਹਾ ਕਿ ਉਸ ਨੂੰ ਸਾੜਿਆ ਜਾਏ, ਪਰ ਇਹ ਵੀ ਰੱਦ ਕਰ ਦਿੱਤਾ ਗਿਆ, ਕਿਉਂਕਿ ਅੱਗ ਤੋਂ ਨਿਕਲਦੇ ਧੂੰਏਂ ਨੇ ਉਹਨਾਂ ਨੂੰ ਵੇਖਣ ਨਹੀਂ ਸੀ ਦੇਣਾ ਕਿ ਉਸ ਨੂੰ ਕਿੰਨਾ ਕਸ਼ਟ ਹੋ ਰਿਹਾ ਹੈ। ਕਈ ਤਜਵੀਜ਼ਾਂ ਦਿੱਤੀਆਂ ਗਈਆਂ, ਪਰ ਇੱਕ ਵੀ ਸਾਰਿਆਂ ਨੂੰ ਤਸੱਲੀਬਖ਼ਸ਼ ਨਹੀ ਸੀ ਲੱਗਦੀ। ਤੇ ਉਹ ਜਿਸ ਸਮੇਂ ਵਿਚਾਰ ਕਰ ਰਹੇ ਸਨ, ਤਾਂ ਉਸ ਦੀ ਮਾਂ ਉਹਨਾਂ ਸਾਮ੍ਹਣੇ ਚੁੱਪ-ਚਾਪ ਗੋਡੇ ਟੇਕੀ ਬੈਠੀ ਸੀ, ਉਸ ਨੂੰ ਨਾ ਅੱਥਰੂ ਆਉਂਦੇ ਸਨ ਨਾ ਉਹ ਸ਼ਬਦ ਜਿਨ੍ਹਾਂ ਨਾਲ਼ ਉਹ ਰਹਿਮ ਲਈ ਵਾਸਤਾ ਪਾਏ। ਉਹ ਘੰਟਿਆਂ-ਬੱਧੀ ਬੋਲੀ ਗਏ, ਤੇ ਆਖ਼ਰ ਇੱਕ ਸਿਆਣਾ ਬੜੀ ਸੋਚ ਤੋਂ ਪਿੱਛੋਂ ਬੋਲਿਆ :

"ਆਓ, ਪੁੱਛੀਏ, ਕਿ ਇਸ ਨੇ ਇਹ ਕੀਤਾ ਕਿਉ!'

"ਉਹ ਉਸ ਨੂੰ ਪੁੱਛਣ ਲੱਗੇ, ਤਾਂ ਉਸ ਨੇ ਜਵਾਬ ਦਿੱਤਾ :

"ਮੈਨੂੰ ਖੋਹਲ ਦਿਓ! ਬੱਝਾ ਹੋਇਆ ਮੈਂ ਕੋਈ ਗੱਲ ਨਹੀਂ ਕਰਾਂਗਾ!'

"ਤੇ ਜਦੋਂ ਉਹਨਾਂ ਉਸ ਨੂੰ ਖੋਹਲ ਦਿੱਤਾ ਤਾਂ ਉਹ ਇਸ ਅੰਦਾਜ਼ ਵਿੱਚ ਪੁੱਛਣ ਲੱਗਾ ਜਿਵੇਂ ਗ਼ੁਲਾਮਾਂ ਨਾਲ਼ ਗੱਲ ਕਰੀਦੀ ਏ :

" ' ਕੀ ਚਾਹੁੰਦੇ ਹੋ ?'

" 'ਤੂੰ ਸੁਣ ਚੁਕੈ,' ਸਿਆਣੇ ਨੇ ਜਵਾਬ ਦਿੱਤਾ।

" 'ਮੈਂ ਆਪਣੇ ਵਿਹਾਰ ਦੀ ਤੁਹਾਡੇ ਸਾਮ੍ਹਣੇ ਵਿਆਖਿਆ ਕਿਉਂ ਕਰਾਂ ?'

" 'ਤਾਂ ਕਿ ਅਸੀਂ ਸਮਝ ਸਕੀਏ। ਸੁਣ, ਘੁਮੰਡੀ ਜੀਵ! ਤੂੰ ਹਰ ਹਾਲਤ ਵਿੱਚ ਮਰਨਾ ਹੀ ਏ।... ਜੋ ਤੂੰ ਕੀਤਾ ਏ, ਉਹ ਸਾਨੂੰ ਸਮਝਾ ਤਾਂ ਦੇ। ਅਸੀਂ ਜਿਊਂਦੇ ਰਹਿਣਾ ਏ, ਤੇ ਹੁਣ ਅਸੀਂ ਜੋ ਕੁੱਝ ਜਾਣਦੇ ਹਾਂ, ਉਸ ਨਾਲ਼ੋਂ ਜ਼ਿਆਦਾ ਜਾਨਣਾ ਸਾਡੇ ਲਈ ਲਾਭਦਾਇਕ ਰਹੇਗਾ।'

" 'ਚੰਗਾ, ਮੈਂ ਤੁਹਾਨੂੰ ਦੱਸਦਾ ਹਾਂ, ਭਾਵੇਂ ਮੈਂ ਆਪ ਪੂਰੀ ਤਰ੍ਹਾਂ ਨਹੀਂ ਜਾਣਦਾ, ਜੋ ਵਾਪਰਿਆ ਹੈ। ਮੇਰਾ ਖ਼ਿਆਲ ਏ ਕਿ ਮੈਂ ਉਸਨੂੰ ਇਸ ਲਈ ਮਾਰਿਆ, ਕਿਉਂਕਿ ਉਸ ਨੇ ਮੈਨੂੰ ਠੁਕਰਾ ਦਿੱਤਾ ਸੀ।... ਪਰ ਮੈਨੂੰ ਉਸ ਦੀ ਲੋੜ ਸੀ।'

" 'ਪਰ ਉਹ ਤੇਰੀ ਨਹੀਂ ਸੀ!' ਉਹ ਬੋਲੇ।

" 'ਕੀ ਤੁਸੀਂ ਸਿਰਫ਼ ਉਹੋ ਕੁੱਝ ਵਰਤਦੇ ਹੋ ਜੋ ਕੁੱਝ ਤੁਹਾਡਾ ਹੁੰਦਾ ਹੈ ? ਮੈਂ ਵੇਖਦਾ ਹਾਂ ਕਿ ਹਰ ਆਦਮੀ ਕੋਲ਼ ਸਿਰਫ਼ ਬੋਲੀ, ਲੱਤਾਂ ਤੇ ਬਾਹਵਾਂ ਨੇ... ਪਰ, ਉਹ ਪਸ਼ੂਆਂ, ਔਰਤਾਂ ਤੇ ਜ਼ਮੀਨ... ਤੇ ਕਈ ਹੋਰ ਚੀਜ਼ਾਂ ਦਾ ਵੀ ਮਾਲਕ ਬਣਿਆ ਹੋਇਐ।'

"ਇਸ ਦੇ ਜਵਾਬ ਵਿੱਚ ਉਸ ਨੂੰ ਦੱਸਿਆ ਗਿਆ ਕਿ ਆਦਮੀ ਜੋ ਕੁੱਝ ਵੀ ਲੈਂਦਾ ਹੈ, ਉਸ ਦੀ ਕੀਮਤ ਉਹ ਆਪਣੇ-ਆਪ ਨਾਲ਼ ਅਦਾ ਕਰਦਾ ਹੈ : ਆਪਣੀ ਸਿਆਣਪ ਨਾਲ਼, ਆਪਣੀ ਤਾਕਤ ਨਾਲ਼, ਤੇ ਕਦੀ-ਕਦੀ ਆਪਣੀ ਜ਼ਿੰਦਗੀ ਨਾਲ਼ ਵੀ। ਪਰ ਉਹ ਬੋਲਿਆ ਕਿ ਮੈਂ ਆਪਣਾ- ਆਪਾ ਪੂਰਾ ਰੱਖਣਾ ਚਾਹੁੰਦਾ ਹਾਂ।

"ਉਹ ਕਿੰਨਾ ਚਿਰ ਉਸ ਨਾਲ਼ ਗੱਲਾਂ ਕਰਦੇ ਰਹੇ ਤੇ ਆਖ਼ਰ ਸਮਝ ਗਏ ਕਿ ਉਹ ਆਪਣੇ-ਆਪ ਨੂੰ ਦੁਨੀਆਂ ਦਾ ਸਭ ਤੋਂ ਉੱਚਾ ਇਨਸਾਨ ਸਮਝਦਾ ਹੈ, ਤੇ ਆਪਣੇ ਤੋਂ ਛੁੱਟ ਹੋਰ ਕਿਸੇ ਨੂੰ ਕੁੱਝ ਨਹੀਂ ਸਮਝਦਾ। ਉਹ ਸਾਰੇ ਤ੍ਰਾਹੁਣ ਲੱਗ ਪਏ ਜਦੋਂ ਉਹਨਾਂ ਵੇਖਿਆ ਕਿ ਉਸ ਨੇ ਆਪਣੇ-ਆਪ ਨੂੰ ਕਿਵੇਂ ਇਕੱਲੇਪਣ ਵਿੱਚ ਸੁੱਟ ਲਿਐ। ਉਸ ਦਾ ਕੋਈ ਕਬੀਲਾ ਨਹੀਂ ਸੀ, ਕੋਈ ਮਾਂ ਨਹੀਂ, ਕੋਈ ਢੋਰ-ਡੰਗਰ ਨਹੀਂ ਸਨ, ਨਾ ਹੀ ਪਤਨੀ ਸੀ, ਤੇ ਉਹ ਅਜਿਹੀ ਕਿਸੇ ਚੀਜ਼ ਦਾ ਇੱਛਕ ਨਹੀਂ ਸੀ।

"ਜਦੋਂ ਲੋਕਾਂ ਨੇ ਇਹ ਸਮਝ ਲਿਆ, ਤਾਂ ਉਹਨਾਂ ਨੇ ਇੱਕ ਵਾਰ ਫਿਰ ਵਿਚਾਰਨਾ ਸ਼ੁਰੂ ਕਰ ਦਿੱਤਾ ਕਿ ਉਸ ਨੂੰ ਕੀ ਸਜ਼ਾ ਦਿੱਤੀ ਜਾਏ। ਪਰ ਇਸ ਵਾਰੀ ਉਹ ਬਹੁਤੀ ਲੰਮੀ ਬਹਿਸ ਵਿੱਚ ਨਾ ਪਏ। ਸਿਆਣਾ ਆਦਮੀ, ਜਿਹੜਾ ਹੁਣ ਤੱਕ ਚੁੱਪ ਰਿਹਾ ਸੀ, ਬੋਲਿਆ ਤੇ

ਕਹਿਣ ਲੱਗਾ :

" 'ਠਹਿਰੋ ! ਇੱਕ ਸਜ਼ਾ ਹੈ ! ਭਿਆਨਕ ਸਜ਼ਾ; ਹਜ਼ਾਰ ਸਾਲ ਲਾ ਕੇ ਵੀ ਤੁਸੀਂ ਇਹੋ ਜਿਹੀ ਸਜ਼ਾ ਨਹੀਂ ਸੋਚ ਸਕਦੇ ! ਇਹ ਸਜ਼ਾ ਉਸ ਦੇ ਆਪਣੇ ਵਿੱਚ ਹੀ ਹੈ। ਉਸ ਨੂੰ ਜਾਣ ਦਿਓ, ਉਸ ਨੂੰ ਅਜ਼ਾਦ ਕਰ ਦਿਓ। ਇਹ ਉਸ ਦੀ ਸਜ਼ਾ ਹੋਵੇਗੀ !'

"ਉਸੇ ਘੜੀ ਇੱਕ ਅਦਭੁਤ ਚੀਜ਼ ਵਾਪਰੀ। ਅਕਾਸ਼ ਵਿੱਚ ਉੱਚੀ ਜਿਹੀ ਗਰਜ ਸੁਣਾਈ ਦਿੱਤੀ, ਭਾਵੇਂ ਕੋਈ ਬੱਦਲ ਵਿਖਾਈ ਨਹੀਂ ਸਨ ਦੇਂਦੇ। ਇਸ ਤਰ੍ਹਾਂ ਅਰਸ਼ੀ ਤਾਕਤਾਂ ਨੇ ਉਸ ਦਾ ਸਮਰਥਨ ਕੀਤਾ ਜੋ ਕੁੱਝ ਸਿਆਣੇ ਨੇ ਕਿਹਾ ਸੀ। ਸਾਰਿਆਂ ਨੇ ਸਿਰ ਝੁਕਾਏ ਤੇ ਚਲੇ ਗਏ। ਪਰ ਨੌਜਵਾਨ, ਜਿਸ ਨੂੰ ਹੁਣ ਲਾਰਾ ਦਾ ਨਾਂ ਦਿੱਤਾ ਗਿਆ ਸੀ, ਜਿਸ ਦਾ ਮਤਲਬ ਏ ਸਮਾਜੋਂ ਛੇਕਿਆ, ਲੋਕਾਂ ਉੱਤੇ ਉੱਚੀ ਜਿਹੀ ਹੱਸਿਆ ਜਿਹੜੇ ਉਸ ਨੂੰ ਛੱਡ ਕੇ ਜਾ ਰਹੇ ਸਨ। ਉਹ ਹੱਸਿਆ ਕਿਉਂਕਿ ਹੁਣ ਉਹ ਇਕੱਲਾ ਰਹਿ ਗਿਆ ਸੀ, ਅਜ਼ਾਦ ਸੀ, ਆਪਣੇ ਪਿਉ ਵਾਂਗ। ਪਰ ਉਸ ਦਾ ਪਿਉ ਮਨੁੱਖ ਨਹੀਂ ਸੀ, ਜਦੋਂ ਕਿ ਉਹ ਆਪ ਮਨੁੱਖ ਸੀ। ਸੋ ਉਸ ਨੇ ਅਜ਼ਾਦ ਪੰਛੀ ਵਾਂਗ ਰਹਿਣਾ ਸ਼ੁਰੂ ਕਰ ਦਿੱਤਾ। ਉਹ ਚੋਰੀ-ਚੋਰੀ ਕਬੀਲੇ ਦੇ ਰਹਿਣ ਵਾਲ਼ੇ ਟਿਕਾਣੇ ਤੱਕ ਜਾਂਦਾ ਤੇ ਉਹਨਾਂ ਦੇ ਡੰਗਰ, ਕੁੜੀਆਂ, ਜੋ ਕੁੱਝ ਵੀ ਜੀ ਆਉਂਦਾ ਲੈ ਜਾਂਦਾ। ਉਹ ਉਸ ਨੂੰ ਤੀਰ ਮਾਰਦੇ, ਪਰ ਉਸ ਦਾ ਸਰੀਰ ਉਸ ਨੂੰ ਮਿਲੀ ਸਭ ਤੋਂ ਵੱਡੀ ਸਜ਼ਾ ਦੀ ਅਦਿੱਖ ਸੰਜੋਅ ਨਾਲ਼ ਕੱਜਿਆ ਹੋਇਆ ਸੀ। ਉਹ ਚੁਸਤ, ਅਤਿਆਚਾਰੀ, ਤਕੜਾ ਤੇ ਜ਼ਾਲਮ ਸੀ, ਪਰ ਆਦਮੀਆਂ ਨੂੰ ਉਹ ਕਦੀ ਸਾਮ੍ਹਣਿਓਂ ਹੋ ਕੇ ਨਹੀਂ ਸੀ ਮਿਲਦਾ। ਉਹ ਹਮੇਸ਼ਾ ਕੁੱਝ ਵਿੱਥ ਉੱਤੇ ਹੀ ਦਿੱਸਦਾ।ਤੇ ਇਸ ਤਰ੍ਹਾਂ ਉਹ ਇਕੱਲਾ ਭੌਂਦਾ ਰਿਹਾ, ਕਬੀਲੇ ਦੇ ਘਰਾਂ ਦੁਆਲੇ, ਕਿੰਨਾ ਸਮਾਂ, ਕਈ ਦਰਜਨਾਂ ਸਾਲ। ਪਰ ਇੱਕ ਦਿਨ ਉਹ ਕਬੀਲੇ ਦੀ ਬਸਤੀ ਦੇ ਬਹੁਤ ਨੇੜੇ ਆ ਗਿਆ, ਤੇ ਜਦੋਂ ਆਦਮੀ ਉਸ ਨੂੰ ਫੜਨ ਲਈ ਦੌੜੇ, ਤਾਂ ਉਹ ਦੌੜਿਆ ਨਾ, ਤੇ ਉਸ ਨੇ ਕੋਈ ਅਜਿਹੀ ਹਰਕਤ ਨਾ ਕੀਤੀ ਜਿਸ ਤੋਂ ਪਤਾ ਲੱਗਦਾ ਕਿ ਉਹ ਆਦਮੀ ਰਾਖੀ ਕਰਨਾ ਚਹੁੰਦਾ ਹੈ। ਇੱਕ ਆਦਮੀ ਨੇ ਅੰਦਾਜ਼ਾ ਲਾ ਲਿਆ ਕੀ ਕਿ ਗੱਲ ਹੈ ਤੇ ਉਹ ਉੱਚੀ ਜਿਹੀ ਬੋਲਿਆ :

" 'ਇਸ ਨੂੰ ਨਾ ਛੇੜਿਉ ! ਇਹ ਮਰਨਾ ਚਾਹੁੰਦਾ ਜੇ !'

"ਤੇ ਸਾਰੇ ਇਕਦਮ ਰੁੱਕ ਗਏ; ਉਹ ਉਸ ਬੰਦੇ ਦੀ ਹੋਣੀ ਨੂੰ ਸੌਖਿਆ ਨਹੀਂ ਸਨ ਕਰਨਾ ਚਹੁੰਦੇ, ਜਿਸ ਨੇ ਉਹਨਾਂ ਨਾਲ਼ ਬਦੀ ਕੀਤੀ ਸੀ, ਉਹ ਉਸ ਨੂੰ ਮਾਰਨਾ ਨਹੀਂ ਸਨ ਚਹੁੰਦੇ। ਉਹ ਰੁੱਕ ਗਏ ਤੇ ਉਸ ਉੱਤੇ ਹੱਸਣ ਲੱਗੇ। ਉਹ ਕੰਬਦਾ ਹੋਇਆ, ਤੇ ਉਹਨਾਂ ਦਾ ਹਾਸਾ ਸੁਣਦਾ ਹੋਇਆ ਖੜਾ ਰਿਹਾ, ਤੇ ਲੱਗਦਾ ਸੀ ਜਿਵੇਂ ਉਹ ਆਪਣੀ ਛਾਤੀ ਵਿੱਚ ਕੁੱਝ ਲੱਭ ਰਿਹਾ ਹੈ। ਫਿਰ ਉਹ ਇੱਕਦਮ ਝੁਕਿਆ, ਇੱਕ ਪੱਥਰ ਚੁੱਕਿਆ ਤੇ ਲੋਕਾਂ ਨੂੰ ਮਾਰਨ ਲਈ ਦੌੜਿਆ। ਪਰ ਉਹ ਉਸ ਦੀ ਮਾਰ ਤੋਂ ਬਚਦੇ, ਤੇ ਉਸ ਨੂੰ ਕੁੱਝ ਨਾ ਕਹਿੰਦੇ, ਤੇ ਆਖ਼ਰ ਜਦੋਂ ਹਾਰ ਕੇ ਉਹ ਥਕਾਵਟ ਦੀ ਨਿਰਾਸ਼ਾ ਭਰੀ ਚੀਕ ਨਾਲ਼ ਜ਼ਮੀਨ ਉੱਤੇ ਢਹਿ ਪਿਆ ਤਾਂ ਉਹ ਇੱਕ ਪਾਸੇ ਖੜੋਤੇ ਉਸ ਨੂੰ ਵੇਖਦੇ ਰਹੇ। ਉਹ ਉੱਠਿਆ, ਇੱਕ ਚਾਕੂ ਚੁੱਕਿਆ, ਜਿਹੜਾ ਉਸ ਨਾਲ਼ ਇਸ ਸਾਰੇ ਝਗੜੇ ਸਮੇਂ ਇੱਕ ਆਦਮੀ ਹੱਥੋਂ ਡਿੱਗ ਪਿਆ ਸੀ, ਤੇ ਆਪਣੀ ਛਾਤੀ ਵਿੱਚ

ਦੇ ਮਾਰਿਆ। ਪਰ ਚਾਕੂ ਮੁੜ ਗਿਆ, ਜਿਵੇਂ ਇਹ ਕਿਸੇ ਪੱਥਰ ਵਿੱਚ ਵੱਜਾ ਹੋਵੇ। ਉਹ ਫਿਰ ਡਿੱਗ ਪਿਆ ਤੇ ਜ਼ਮੀਨ ਉੱਤੇ ਆਪਣਾ ਸਿਰ ਮਾਰਨ ਲੱਗਾ, ਪਰ ਜ਼ਮੀਨ ਵੀ ਉਸ ਤੋਂ ਬਚਦੀ ਤੇ ਇਸ ਵਿੱਚ ਸਿਰਫ਼ ਕੁੱਝ ਟੋਏ ਹੀ ਪੈ ਗਏ।

" 'ਇਹ ਨਹੀਂ ਮਰ ਸਕਦਾ!' ਲੋਕ ਕੱਛਾਂ ਵਜਾਉਂਦੇ ਹੋਏ ਕੂਕੇ।

" 'ਉਹ ਚਲੇ ਗਏ ਤੇ ਉਸ ਨੂੰ ਛੱਡ ਗਏ। ਉਹ ਉਤਾਂਹ ਨੂੰ ਮੂੰਹ ਕਰਕੇ ਪਿਆ ਰਿਹਾ, ਤੇ ਤਾਕਤਵਾਰ ਬਾਜ਼ ਉੱਪਰ ਅਕਾਸ਼ ਵਿੱਚ ਉੱਡਦੇ ਉਸ ਨੂੰ ਦਿਖਾਈ ਦਿੱਤੇ, ਕਾਲੇ ਟਿਮਕਣਿਆਂ ਵਾਂਗ, ਤੇ ਉਸ ਦੀਆਂ ਅੱਖਾਂ ਵਿੱਚ ਏਨੀ ਕੌੜ ਭਰ ਗਈ ਕਿ ਸਾਰੀ ਦੁਨੀਆਂ ਦੇ ਲੋਕਾਂ ਨੂੰ ਉਸ ਨਾਲ਼ ਜ਼ਹਿਰ ਦਿੱਤੀ ਜਾ ਸਕਦੀ ਸੀ। ਉਦੋਂ ਤੋਂ ਉਹ ਇਕੱਲਾ ਹੈ, ਅਜ਼ਾਦ, ਮੌਤ ਦੀ ਉਡੀਕ ਕਰ ਰਿਹਾ। ਤੇ ਉਸੇ ਤਰ੍ਹਾਂ ਉਹ ਭੌਂਦਾ ਰਹਿੰਦੈ, ਹਰ ਥਾਂ ਭੌਂਦਾ ਰਹਿੰਦੈ।... ਤੂੰ ਵੇਖਿਐ ? ਉਹ ਪਹਿਲਾਂ ਹੀ ਪ੍ਰਛਾਵਾਂ ਬਣ ਚੁਕੈ, ਤੇ ਇਸੇ ਤਰ੍ਹਾਂ ਉਹ ਹਮੇਸ਼ਾ ਰਹੇਗਾ। ਉਹ ਨਾ ਮਨੁੱਖਾਂ ਦੀ ਬੋਲੀ ਸਮਝਦੈ, ਨਾ ਉਹਨਾਂ ਦੇ ਕੰਮ, ਉਹ ਕੁੱਝ ਨਹੀਂ ਸਮਝਦਾ। ਉਹ ਕੁੱਝ ਨਹੀਂ ਕਰਦਾ, ਸਿਰਫ਼ ਭੌਂਦਾ ਰਹਿੰਦੈ, ਭੌਂਦਾ ਰਹਿੰਦੈ, ਕਿਸੇ ਚੀਜ਼ ਦੀ ਭਾਲ ਕਰਦਾ ਰਹਿੰਦੈ।... ਉਸ ਨੂੰ ਜ਼ਿੰਦਗੀ ਦਾ ਨਹੀਂ ਪਤਾ, ਨਾ ਹੀ ਮੌਤ ਉਸ ਨੂੰ ਵੇਖ ਕੇ ਮੁਸਕ੍ਰਾਉਂਦੀ ਹੈ। ਆਦਮੀਆਂ ਵਿਚਕਾਰ ਉਸ ਦੀ ਕੋਈ ਥਾਂ ਨਹੀਂ।... ਇਉਂ ਮਿਲੀ ਸੀ ਸਜ਼ਾ ਇੱਕ ਆਦਮੀ ਨੂੰ ਉਸ ਦੇ ਘੁਮੰਡ ਲਈ!"

ਬੁੱਢੀ ਨੇ ਠੰਡਾ ਸਾਹ ਭਰਿਆ ਤੇ ਬੋਲਣਾ ਬੰਦ ਕਰ ਦਿੱਤਾ ਤੇ ਉਸ ਦਾ ਸਿਰ, ਜਿਹੜਾ ਉਸ ਦੀ ਛਾਤੀ ਨਾਲ਼ ਜਾ ਲੱਗਾ ਸੀ, ਬੜੇ ਅਜੀਬ ਤਰੀਕੇ ਨਾਲ਼ ਕਈ ਵਾਰੀ ਇਧਰ-ਉਧਰ ਝੂਲਿਆ।

ਮੈਂ ਉਸ ਵੱਲ ਵੇਖਿਆ। ਮੈਨੂੰ ਲੱਗਾ ਜਿਵੇਂ ਨੀਂਦ ਉਸ ਉੱਤੇ ਭਾਰੂ ਹੋ ਰਹੀ ਹੈ, ਤੇ ਪਤਾ ਨਹੀਂ ਕਿਉਂ, ਮੈਨੂੰ ਉਸ ਉੱਤੇ ਬੜਾ ਤਰਸ ਆਇਆ। ਉਸ ਨੇ ਆਪਣੀ ਕਹਾਣੀ ਏਨੇਂ ਗੌਰਵਮਈ, ਏਨੇਂ ਤਾੜਨਾ ਕਰਦੇ ਅੰਦਾਜ਼ ਨਾਲ਼ ਖ਼ਤਮ ਕੀਤੀ ਸੀ, ਪਰ ਤਾਂ ਵੀ, ਇਸ ਅੰਦਾਜ਼ ਵਿੱਚ ਡਰਪੋਕਾਂ ਵਾਲ਼ੀ, ਗ਼ੁਲਾਮਾਂ ਵਾਲ਼ੀ ਝਲਕ ਮਿਲਦੀ ਸੀ।

ਸਾਗਰ-ਕੰਢੇ ਲੋਕਾਂ ਨੇ ਗਾਉਣਾ ਸ਼ੁਰੂ ਕਰ ਦਿੱਤਾ, ਤੇ ਵਿਚਿਤ੍ਰ ਤਰ੍ਹਾਂ ਨਾਲ਼ ਗਾਉਣ ਲੱਗੇ। ਪਹਿਲਾਂ ਇੱਕ ਮੱਧਮ ਸੁਰ ਵਾਲ਼ੀ ਅਵਾਜ਼ ਸੁਣਾਈ ਦਿੱਤੀ। ਇਸ ਨੇ ਦੋ-ਤਿੰਨ ਤੁਕਾਂ ਗਾਈਆਂ, ਤੇ ਇੱਕ ਹੋਰ ਅਵਾਜ਼ ਨੇ ਗੀਤ ਮੁੱਢੋਂ-ਸੁੱਢੋਂ ਸ਼ੁਰੂ ਕਰ ਦਿੱਤਾ, ਜਦ ਕਿ ਪਹਿਲੀ ਅਵਾਜ਼ ਜਾਰੀ ਰਹੀ।... ਤੇ ਫਿਰ ਤੀਜੀ, ਚੌਥੀ ਤੇ ਪੰਜਵੀਂ ਅਵਾਜ਼ ਨੇ ਇੱਕ-ਇੱਕ ਕਰਕੇ ਉਹੋ ਗੀਤ ਸ਼ੁਰੂ ਕੀਤਾ। ਇਕਦਮ ਉਹੋ ਗੀਤ ਬਹੁਤ ਸਾਰੀਆਂ ਮਰਦਾਵੀਆਂ ਅਵਾਜ਼ਾਂ ਨੇ ਮਿਲ ਕੇ ਮੁੱਢੋਂ-ਸੁੱਢੋਂ ਫਿਰ ਸ਼ੁਰੂ ਕਰ ਦਿੱਤਾ।

ਹਰ ਔਰਤ ਦੀ ਅਵਾਜ਼ ਬਾਕੀਆਂ ਨਾਲ਼ੋਂ ਨਿਖੜਵੀਂ ਸੁਣਾਈ ਦੇਂਦੀ ਸੀ, ਤੇ ਉਹਨਾਂ ਸਾਰਿਆਂ ਦੀਆਂ ਰਲੀਆਂ-ਮਿਲੀਆਂ ਅਵਾਜ਼ਾਂ ਸਤਰੰਗੀ ਪਹਾੜੀ ਨਦੀ ਵਾਂਗ ਲੱਗਦੀਆਂ ਸਨ, ਜਿਹੜੀ ਸਿਲੋ-ਸਿਲ ਦੌੜੀ ਆਉਂਦੀ ਹੈ, ਛਾਲਾਂ ਮਾਰਦੀ ਤੇ ਗੜਗੜ ਕਰਦੀ; ਇੱਥੋਂ ਤੱਕ ਕਿ ਉਹ ਮਰਦਾਵੀਆਂ ਅਵਾਜ਼ਾਂ ਦੀਆਂ ਖਰਜ ਧੁਨਾਂ ਨਾਲ਼ ਮਿਲ ਗਈਆਂ,

ਜਿਹੜੀਆਂ ਉਹਨਾਂ ਨੂੰ ਮਿਲਣ ਲਈ ਉੱਪਰ ਨੂੰ ਉੱਠੀਆਂ, ਉਹਨਾਂ ਨਾਲ਼ੋਂ ਵੱਖ ਰਹਿੰਦੀਆਂ ਹੋਈਆਂ, ਉਹਨਾਂ ਨੂੰ ਆਪਣੇ ਵਿੱਚ ਡਬੋਂਦੀਆਂ ਹੋਈਆਂ, ਤੇ ਫਿਰ ਉੱਚੀਆਂ ਉੱਠਦੀਆਂ ਹੋਈਆਂ, ਸ਼ੁੱਧ ਤੇ ਭਰਵੀਆਂ, ਇੱਕ-ਇੱਕ ਕਰਕੇ।

ਅਵਾਜ਼ਾਂ ਕਰਕੇ, ਸਾਗਰ ਦੀਆਂ ਲਹਿਰਾਂ ਦਾ ਰੌਲ਼ਾ ਹੋਰ ਸੁਣਾਈ ਨਹੀਂ ਸੀ ਦੇਂਦਾ...

2.

"ਤੂੰ ਹੋਰ ਕਿਧਰੇ ਲੋਕਾਂ ਨੂੰ ਇੰਝ ਗਾਉਂਦਿਆਂ ਸੁਣਿਐਂ ?" ਆਪਣਾ ਸਿਰ ਚੁੱਕਦੀ ਨੇ ਤੇ ਮੁਸਕ੍ਰਾਉਂਦੀ ਨੇ, ਜਿਸ ਨਾਲ਼ ਉਸ ਦੇ ਦੰਦਾਂ ਤੋਂ ਖ਼ਾਲੀ ਬੁੱਟ ਦਿੱਸਣ ਲੱਗ ਪਏ ਸਨ, ਇਜ਼ਰਗੀਲ ਨੇ ਮੈਨੂੰ ਪੁੱਛਿਆ।

"ਨਹੀਂ, ਮੈਂ ਨਹੀਂ ਸੁਣਿਆ, ਮੈਂ ਕਦੀ ਕਿਧਰੇ ਅਜਿਹੀ ਗੱਲ ਨਹੀਂ ਸੁਣੀ।..."

"ਤੇ ਕਦੀ ਸਣੇਂਗਾ ਵੀ ਨਹੀਂ।ਅਸੀਂ ਗਾਉਣ ਦੇ ਬੜੇ ਸ਼ੁਕੀਨ ਹਾਂ। ਸਿਰਫ਼ ਸੋਹਣੇ ਲੋਕੀਂ ਚੰਗਾ ਗਾ ਸਕਦੇ ਨੇ, ਸੋਹਣੇ ਲੋਕੀਂ, ਜਿਹੜੇ ਜ਼ਿੰਦਗੀ ਦੇ ਆਸ਼ਕ ਹੁੰਦੇ ਨੇ। ਅਸੀਂ ਜ਼ਿੰਦਗੀ ਦੇ ਆਸ਼ਕ ਹਾਂ।ਕੀ ਉੱਥੇ ਗਾ ਰਹੇ ਲੋਕ ਆਪਣੇ ਦਿਹਾੜੀ ਦੇ ਕੰਮ ਪਿੱਛੋਂ ਥੱਕੇ ਨਹੀਂ ਹੋਏ ? ਉਹ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਡੁੱਬਣ ਤੱਕ ਕੰਮ ਕਰਦੇ ਰਹੇ ਨੇ, ਪਰ ਜਿਉਂ ਹੀ ਚੰਨ ਚੜ੍ਹਿਆ, ਉਹਨਾਂ ਗਾਉਣਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਨੂੰ ਜਿਊਣਾ ਨਹੀਂ ਆਉਂਦਾ, ਉਹ ਸਿੱਧੇ ਮੰਜੇ 'ਤੇ ਜਾ ਪੈਂਦੇ ਨੇ, ਪਰ ਜਿਹੜੇ ਜਿਊਣ ਵਿੱਚ ਖੁਸ਼ੀ ਲੈਂਦੇ ਨੇ, ਉਹ ਗਾਉਂਦੇ ਨੇ।"

"ਪਰ ਸਿਹਤ..." ਮੈਂ ਸ਼ੁਰੂ ਕੀਤਾ।

"ਜਿਊਣ ਜੋਗੀ ਸਿਹਤ ਬੰਦੇ ਕੋਲ਼ ਹਮੇਸ਼ਾ ਹੀ ਹੁੰਦੀ ਏ। ਸਿਹਤ ! ਜੇ ਤੇਰੇ ਕੋਲ਼ ਪੈਸੇ ਹੋਣ, ਤਾਂ ਤੂੰ ਖਰਚੇਂਗਾ ਨਹੀਂ ? ਸਿਹਤ ਵੀ ਸੋਨੇ ਵਾਂਗ ਹੁੰਦੀ ਏ। ਤੈਨੂੰ ਪਤੈ, ਜਦੋਂ ਮੈਂ ਜਵਾਨ ਸਾਂ, ਕੀ ਕਰਦੀ ਹੁੰਦੀ ਸਾਂ ? ਮੈਂ ਸੂਰਜ ਚੜ੍ਹਨ ਤੋਂ ਸੂਰਜ ਡੁੱਬਣ ਤੱਕ ਗਲੀਚੇ ਉਣਦੀ ਰਹਿੰਦੀ ਸੀ, ਬਿਨਾਂ ਇੱਕ ਵਾਰ ਵੀ ਉੱਠਿਆ। ਮੈਂ ਸੂਰਜ ਦੀ ਕਿਰਨ ਵਰਗੀ ਚੰਚਲ ਹੁੰਦੀ ਸਾਂ, ਪਰ ਤਾਂ ਵੀ ਮੈਨੂੰ ਸਾਰੀ ਦਿਹਾੜੀ ਬੈਠਣਾ ਪੈਂਦਾ ਸੀ, ਪੱਥਰ ਵਾਂਗ ਅਹਿੱਲ। ਤੇ ਮੈਂ ਏਨੀ ਦੇਰ ਬੈਠੀ ਰਹਿੰਦੀ ਕਿ ਮੇਰੀਆਂ ਸਾਰੀਆਂ ਹੱਡੀਆਂ ਦੁਖਣ ਲੱਗ ਪੈਂਦੀਆਂ। ਪਰ ਜਦੋਂ ਰਾਤ ਪੈਂਦੀ, ਤਾਂ ਮੈਂ ਨੱਠ ਕੇ ਉਸ ਕੋਲ਼ ਚਲੀ ਜਾਂਦੀ ਜਿਸ ਨੂੰ ਮੈਂ ਪਿਆਰ ਕਰਦੀ ਸਾਂ, ਉਸ ਨੂੰ ਚੁੰਮਣ ਤੇ ਗਲਵਕੜੀ ਪਾਉਣ। ਤੇ ਪੂਰੇ ਤਿੰਨ ਮਹੀਨੇ ਮੈਂ ਇੰਝ ਕਰਦੀ ਰਹੀ, ਜਦੋਂ ਤੱਕ ਪਿਆਰ ਚਲਦਾ ਰਿਹਾ; ਮੈਂ ਆਪਣੀਆਂ ਸਾਰੀਆਂ ਰਾਤਾਂ ਉਸ ਨਾਲ਼ ਕੱਟਦੀ। ਤੇ ਤਾਂ ਵੀ ਮੈਂ ਹੁਣ ਤੱਕ ਜਿਊਂਦੀ ਹਾਂ— ਮੇਰੀਆਂ ਰਗਾਂ ਵਿੱਚ ਬਥੇਰਾ ਖ਼ੂਨ ਸੀ, ਨਹੀਂ ? ਤੇ ਕਿੰਨਾ ਮੈਂ ਪਿਆਰ ਕੀਤਾ ! ਕਿੰਨੇ ਚੁੰਮਣ ਲਏ, ਕਿੰਨੇ ਚੁੰਮਣ ਦਿੱਤੇ !..."

ਮੈਂ ਉਸ ਦੇ ਚਿਹਰੇ ਵੱਲ ਤੱਕਿਆ। ਉਸ ਦੀਆਂ ਕਾਲ਼ੀਆਂ ਅੱਖਾਂ ਉਸੇ ਤਰ੍ਹਾਂ ਬੇਚਮਕ ਸਨ, ਉਸ ਦੀਆਂ ਯਾਦਾਂ ਨੇ ਉਹਨਾਂ ਵਿੱਚ ਕੋਈ ਚੰਗਿਆੜੀ ਨਹੀਂ ਸੀ ਬਾਲੀ। ਚੰਨ ਨੇ ਉਸ ਦੇ ਖੁਸ਼ਕ, ਪਾਟੇ ਬੁਲ੍ਹਾਂ ਨੂੰ, ਉਸ ਦੀ ਚਿੱਟੇ ਵਾਲਾਂ ਵਾਲ਼ੀ ਠੋਡੀ ਨੂੰ ਤੇ ਉਸ ਦੇ ਝੁਰੜਾਏ ਨੱਕ ਨੂੰ, ਜਿਹੜਾ ਉੱਲੂ ਦੀ ਚੁੰਜ ਵਾਂਗ ਲਮਕਿਆ ਹੋਇਆ ਸੀ, ਰੁਸ਼ਨਾ ਦਿੱਤਾ ਸੀ। ਉਸ

ਦੀਆਂ ਗੱਲ੍ਹਾਂ ਕਾਲ਼ੇ ਗੜ੍ਹੇ ਸਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਸੁਆਹ-ਰੰਗੇ ਵਾਲਾਂ ਦੀ ਲਿਟ ਟਿਕੀ ਹੋਈ ਸੀ, ਜਿਹੜੀ ਉਸ ਦੇ ਕਿਰਮਚੀ ਪਟਕੇ ਵਿੱਚੋਂ ਨਿਕਲ ਆਈ ਸੀ, ਜਿਹੜਾ ਉਸ ਨੇ ਆਪਣੇ ਸਿਰ ਦੁਆਲੇ ਬੰਨ੍ਹਿਆ ਹੋਇਆ ਸੀ। ਉਸ ਦਾ ਚਿਹਰਾ, ਧੌਣ ਤੇ ਹੱਥ ਝੁਰੜਾਏ ਹੋਏ ਸਨ, ਹਰ ਵਾਰੀ ਜਦੋਂ ਉਹ ਹਿਲਦੀ, ਮੈਨੂੰ ਲੱਗਦਾ ਕਿ ਉਸ ਦੀ ਖ਼ੁਸ਼ਕ ਚਮੜੀ ਤਿੜਕ ਜਾਏਗੀ ਤੇ ਪਾਟ ਜਾਏਗੀ ਤੇ ਟੋਟੇ-ਟੋਟੇ ਹੋ ਕੇ ਡਿੱਗ ਪਵੇਗੀ, ਤੇ ਮੇਰੇ ਸਾਮ੍ਹਣੇ ਨਿਰਾ ਪਿੰਜ਼ਰ ਰਹਿ ਜਾਏਗਾ, ਬੇਚਮਕ ਤੇ ਕਾਲ਼ੀਆਂ ਅੱਖਾਂ ਵਾਲ਼ਾ।

ਉਸ ਨੇ ਫਿਰ ਆਪਣੀ ਚੱਕੀ ਵਰਗੀ ਅਵਾਜ਼ ਵਿੱਚ ਬੋਲਣਾ ਸ਼ੁਰੂ ਕੀਤਾ :

"ਮੈਂ ਦਰਿਆ ਬੀਰਲਾਤ ਦੇ ਬਿਲਕੁਲ ਕੰਢੇ ਉੱਤੇ ਫ਼ਾਲਮੀ ਦੇ ਨੇੜੇ ਆਪਣੀ ਮਾਂ ਕੋਲ਼ ਰਹਿੰਦੀ ਸਾਂ; ਮੈਂ ਪੰਦਰ੍ਹਾਂ ਸਾਲਾਂ ਦੀ ਸਾਂ ਜਦੋਂ ਉਹ ਪਹਿਲੀ ਵਾਰ ਚੱਕ ਉੱਤੇ ਆਇਆ। ਉਹ ਉੱਚਾ-ਲੰਮਾ ਤੇ ਛਮਕ ਵਰਗਾ ਸੀ, ਤੇ ਉਸ ਦੀਆਂ ਕਾਲ਼ੀਆਂ ਮੁੱਛਾਂ ਸਨ, ਤੇ ਉਹ ਕਿੰਨਾ ਖ਼ੁਸ਼-ਮਿਜ਼ਾਜ ਸੀ! ਉਹ ਬੇੜੀ ਵਿੱਚ ਸੀ, ਤੇ ਗੂੰਜਵੀਂ ਅਵਾਜ਼ ਵਿੱਚ ਉਹ ਸਾਡੀ ਬਾਰੀ ਵੱਲ ਮੂੰਹ ਕਰਕੇ ਉੱਚੀ ਸਾਰੀ ਬੋਲਿਆ : 'ਹੇ! ਤੁਹਾਡੇ ਕੋਲ਼ ਕੋਈ ਸ਼ਰਾਬ ਹੈ... ਤੇ ਕੁੱਝ ਖਾਣ ਨੂੰ ?' ਮੈਂ ਬਾਰੀ ਵਿੱਚੋਂ ਬਾਹਰ ਝਾਤੀ ਮਾਰੀ ਤੇ ਐਸ਼ ਦੇ ਦਰਖ਼ਤ ਦੀਆਂ ਟਹਿਣੀਆਂ ਵਿੱਚੋਂ ਮੈਨੂੰ ਦਰਿਆ ਵਿਖਾਈ ਦਿੱਤਾ, ਜਿਹੜਾ ਚੰਨ-ਚਾਨਣੀ ਨਾਲ਼ ਸਾਰਾ ਨੀਲ਼ਾ ਹੋਇਆ ਪਿਆ ਸੀ। ਤੇ ਉਹ, ਚਿੱਟੀ ਕੁੜਤੀ ਪਾਈ, ਤੇ ਲੱਕ ਦੁਆਲੇ ਚੌੜਾ ਰੁਮਾਲ ਬੰਨ੍ਹੀ, ਜਿਸ ਦੇ ਸਿਰੇ ਦੋਵੇਂ ਪਾਸੇ ਲਟਕੇ ਹੋਏ ਸਨ, ਇੱਕ ਪੈਰ ਬੇੜੀ ਵਿੱਚ ਤੇ ਦੂਜਾ ਕੰਢੇ ਉੱਤੇ ਰਖੀ ਖੜਾ ਸੀ, ਝੂਲਦਾ ਹੋਇਆ ਤੇ ਆਪਣੇ-ਆਪ ਵਿੱਚ ਗਾਉਂਦਾ ਹੋਇਆ। ਜਦੋਂ ਉਸ ਨੇ ਮੈਨੂੰ ਵੇਖਿਆ, ਤਾਂ ਬੋਲਿਆ : 'ਕਿਆ ਸੋਹਣੀ ਕੁੜੀ ਇੱਥੇ ਰਹਿੰਦੀ ਏ!... ਤੇ ਮੈਨੂੰ ਪਤਾ ਹੀ ਨਹੀਂ ਸੀ!' ਜਿਵੇਂ ਮੇਰੇ ਤੋਂ ਸਿਵਾ, ਉਸ ਨੂੰ ਦੁਨੀਆਂ ਵਿੱਚ ਰਹਿੰਦੀਆਂ ਬਾਕੀ ਸਭ ਸੋਹਣੀਆਂ ਕੁੜੀਆਂ ਦਾ ਪਤਾ ਸੀ! ਮੈਂ ਉਸ ਨੂੰ ਸ਼ਰਾਬ ਤੇ ਕੁੱਝ ਉਬਲਿਆ ਸੂਰ ਦਾ ਮਾਸ ਦਿੱਤਾ।... ਚਾਰ ਦਿਨਾਂ ਮਗਰੋਂ ਮੈਂ ਆਪਣਾ-ਆਪ ਉਸ ਦੇ ਹਵਾਲੇ ਕਰ ਦਿੱਤਾ, ਪੂਰੀ ਤਰ੍ਹਾਂ।... ਅਸੀਂ ਰਲ਼ ਕੇ ਰਾਤ ਨੂੰ ਬੇੜੀ ਵਿੱਚ ਬੈਠ ਕੇ ਜਾਂਦੇ। ਉਹ ਆਉਂਦਾ ਤੇ ਪਹਾੜੀ ਚੂਹੇ ਵਾਂਗ ਹੌਲ਼ੀ ਜਿਹੀ ਸੀਟੀ ਮਾਰਦਾ, ਤੇ ਮੈਂ ਬਾਰੀ ਵਿੱਚੋਂ ਦਰਿਆ ਵਿੱਚ ਛਾਲ ਮਾਰ ਦੇਂਦੀ, ਮੱਛੀ ਵਾਂਗ। ਤੇ ਫਿਰ ਅਸੀਂ ਬੇੜੀ ਵਿੱਚ ਬੈਠ ਕੇ ਚਲੇ ਜਾਂਦੇ, ਦੂਰ ਕਿੰਨੀ ਦੂਰ।... ਉਹ ਪਰੂਤ ਦਰਿਆ ਦਾ ਮਾਛੀ ਸੀ, ਤੇ ਪਿੱਛੋਂ ਜਦੋਂ ਮੇਰੀ ਮਾਂ ਨੂੰ ਸਭ ਪਤਾ ਲੱਗਾ ਤੇ ਉਸ ਨੇ ਮੈਨੂੰ ਕੁੱਟਿਆ, ਤਾਂ ਉਸ ਨੇ ਮੈਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਉਸ ਦੇ ਨਾਲ਼ ਦੋਬਰੂਜਾ ਤੱਕ, ਤੇ ਉਸ ਤੋਂ ਵੀ ਅੱਗੇ, ਜਿੱਥੇ ਡੈਨਿਊਬ ਦਰਿਆ ਵੰਡਿਆ ਜਾਂਦਾ ਹੈ, ਉੱਥੋਂ ਤੱਕ ਚਲੀ ਚਲਾਂ। ਪਰ ਉਦੋਂ ਤੱਕ ਉਸ ਲਈ ਮੇਰਾ ਪਿਆਰ ਖ਼ਤਮ ਹੋ ਚੁੱਕਾ ਸੀ—ਉਹ ਸਿਰਫ਼ ਗਾਉਂਦਾ ਰਹਿੰਦਾ ਅਤੇ ਚੁੰਮਦਾ ਰਹਿੰਦਾ, ਤੇ ਬੱਸ! ਮੈਂ ਇਸ ਤੋਂ ਅੱਕ ਗਈ ਸਾਂ। ਉਦੋਂ ਹੁਜ਼ੂਲੀਅਨਾਂ* ਦੀ ਇੱਕ ਟੋਲੀ ਉਹਨਾਂ ਪਾਸਿਆਂ ਵੱਲ ਗੇੜੇ ਲਾਉਂਦੀ ਹੁੰਦੀ ਸੀ। ਉਹਨਾਂ ਦੇ ਉੱਥੇ ਆਪਣੇ ਮਸ਼ੂਕ ਹੁੰਦੇ ਸਨ।... ਤੇ ਇਹਨਾਂ ਕੁੜੀਆਂ ਦਾ ਬੜਾ ਸੋਹਣਾ ਸਮਾਂ ਲੰਘਦਾ ਸੀ! ਉਹਨਾਂ ਵਿੱਚੋਂ ਇੱਕ ਆਪਣੇ ਕਾਰਪੇਥਿਆਈ ਨੂੰ ਉਡੀਕਦੀ ਰਹਿੰਦੀ, ਉਡੀਕਦੀ ਰਹਿੰਦੀ, ਹੈਰਾਨ ਹੁੰਦੀ ਰਹਿੰਦੀ ਕਿ ਉਹ ਫੜਿਆ ਗਿਐ,

ਜਾਂ ਕਿਸੇ ਥਾਂ ਲੜਾਈ ਵਿੱਚ ਮਾਰਿਆ ਗਿਐ, ਤੇ ਅਚਨਚੇਤ ਉਹ ਆ ਟਪਕਦਾ, ਇਕੱਲਾ ਜਾਂ ਆਪਣੇ ਦੋ ਤਿੰਨ ਸਾਥੀਆਂ ਨਾਲ਼, ਜਿਵੇਂ ਅਸਮਾਨੋਂ ਡਿੱਗਾ ਹੋਵੇ। ਉਹ ਉਸ ਲਈ ਖ਼ੂਬ ਸੁਗਾਤਾਂ ਲਿਆਉਂਦਾ—ਆਖ਼ਰ, ਉਹਨਾਂ ਨੂੰ ਸਭ ਕੁੱਝ ਏਨੀ ਸੌਖੀ ਤਰ੍ਹਾਂ ਮਿਲ ਜਾਂਦਾ ਸੀ! ਤੇ ਉਹ ਉਸ ਕੁੜੀ ਦੇ ਘਰ ਦਾਅਵਤਾਂ ਕਰਦਾ ਤੇ ਆਪਣੇ ਸਾਥੀਆਂ ਸਾਮ੍ਹਣੇ ਉਸ ਦੀਆਂ ਤਾਰੀਫਾਂ ਕਰਦਾ ਸੀ। ਇਸ ਗੱਲ ਉੱਤੇ ਉਸ ਕੁੜੀ ਨੂੰ ਬਹੁਤ ਖ਼ੁਸ਼ੀ ਹੁੰਦੀ। ਮੈਂ ਇੱਕ ਕੁੜੀ ਨੂੰ, ਜਿਸ ਦਾ ਪ੍ਰੇਮੀ ਇੱਕ ਹੁਜ਼ੂਲੀਅਨ ਸੀ, ਕਿਹਾ ਕਿ ਮੈਨੂੰ ਵੀ ਉਹਨਾਂ ਨਾਲ਼ ਮਿਲਾਵੇ।... ਉਹਦਾ ਨਾਂ ਕੀ ਸੀ? ਮੈਨੂੰ ਭੁੱਲ ਗਿਐ।... ਹੁਣ ਸਭ ਕੁੱਝ ਮੈਨੂੰ ਭੁੱਲਣ ਲੱਗ ਪਿਐ। ਇਹ ਬਹੁਤ ਦੇਰ ਪਹਿਲਾਂ ਦੀ ਗੱਲ ਏ। ਕੋਈ ਅਜੀਬ ਗੱਲ ਨਹੀਂ, ਮੈਨੂੰ ਭੁੱਲ ਗਿਐ! ਖ਼ੈਰ, ਉਸ ਨੇ ਉਹਨਾਂ ਮੁੰਡਿਆਂ ਵਿੱਚੋਂ ਇੱਕ ਨਾਲ਼ ਮੈਨੂੰ ਮਿਲਾਇਆ। ਚੰਗਾ ਸੋਹਣਾ ਮੁੰਡਾ ਸੀ ਉਹ।... ਲਾਲ ਵਾਲ਼, ਸਾਰੇ ਲਾਲ—ਮੁੱਛਾਂ ਤੇ ਸਿਰ ਦੇ! ਅੱਗ ਵਰਗਾ ਸਿਰ! ਪਰ ਉਹ ਏਨਾ ਉਦਾਸ ਲੱਗਦਾ ਸੀ। ਕਦੀ-ਕਦੀ ਉਹ ਮਿੱਠਾ ਹੁੰਦਾ, ਪਰ ਕਦੀ-ਕਦੀ ਉਹ ਜੰਗਲੀ ਜਾਨਵਰਾਂ ਵਾਂਗ ਲੜਦਾ ਤੇ ਗਰਜਦਾ। ਇੱਕ ਦਿਨ ਉਸ ਨੇ ਮੈਨੂੰ ਚਪੇੜ ਕੱਢ ਮਾਰੀ... ਤੇ ਮੈਂ ਉਸ ਉੱਤੇ ਬਿੱਲੀ ਵਾਂਗ ਝਪਟ ਪਈ ਤੇ ਆਪਣੇ ਦੰਦ ਉਸ ਦੀ ਗੱਲ੍ਹ ਵਿੱਚ ਖੋਭ ਦਿੱਤੇ।... ਉਸ ਤੋਂ ਪਿੱਛੋਂ ਉਸ ਦੀ ਉਸ ਗੱਲ੍ਹ ਵਿੱਚ ਟੋਅ ਪੈਣ ਲੱਗ ਪਿਆ, ਤੇ ਮੇਰਾ ਉਸ ਟੋਅ ਨੂੰ ਚੁੰਮਣਾ ਉਸ ਨੂੰ ਬੜਾ ਚੰਗਾ ਲੱਗਦਾ..."

"ਪਰ ਉਸ ਮਛੇਰੇ ਦਾ ਕੀ ਬਣਿਆ?" ਮੈਂ ਪੁੱਛਿਆ।

"ਮਛੇਰਾ? ਅੱਛਾ, ਉਹ... ਉਹ ਹਜ਼ੂਲੀਅਨਾਂ ਦੀ ਉਸ ਟੋਲੀ ਨਾਲ਼ ਜਾ ਰਲਿਆ। ਪਹਿਲਾਂ -ਪਹਿਲਾਂ ਉਸ ਨੇ ਮੈਨੂੰ ਮਨਾਉਣ ਦੀ ਕੋਸ਼ਿਸ਼ ਕੀਤੀ, ਤੇ ਡਰਾਵੇ ਦੇਣ ਲੱਗ ਪਿਆ ਕਿ ਜੇ ਨਾ ਮੰਨੀਂ ਤਾਂ ਦਰਿਆ ਵਿੱਚ ਸੁੱਟ ਦੇਵੇਗਾ। ਪਰ ਕੁੱਝ ਚਿਰ ਪਿੱਛੋਂ ਉਸ ਨੇ ਛੱਡ ਦਿੱਤਾ। ਉਹ ਉਸ ਟੋਲੀ ਨਾਲ਼ ਰਲ਼ ਗਿਆ ਤੇ ਦੂਜੀ ਕੁੜੀ ਲੱਭ ਲਈ।... ਉਹ ਦੋਵੇਂ ਇਕੱਠੇ ਹੀ ਫਾਹੇ ਲੱਗੇ ਸਨ—ਉਹ ਮਛੇਰਾ ਤੇ ਦੂਜਾ ਮੁੰਡਾ। ਮੈਂ ਉਹਨਾਂ ਨੂੰ ਫਾਹੇ ਲੱਗਦਾ ਵੇਖਣ ਗਈ ਸਾਂ। ਦੋਬਰੂਜਾ ਵਿੱਚ ਉਹ ਫਾਹੇ ਲੱਗੇ ਸਨ। ਮਛੇਰਾ ਰੋਂਦਾ ਹੋਇਆ ਫਾਂਸੀ ਵੱਲ ਗਿਆ, ਮੁਰਦੇ ਵਰਗਾ ਪੀਲ਼ਾ ਪਿਆ ਹੋਇਆ, ਪਰ ਦੂਜਾ ਮੁੰਡਾ ਸ਼ਾਂਤੀ ਨਾਲ਼ ਆਪਣਾ ਪਾਈਪ ਪੀ ਰਿਹਾ ਸੀ। ਉਹ ਤੰਮਾਕੂ ਪੀਂਦਾ ਹੀ ਗਿਆ, ਹੱਥ ਜੇਬਾਂ ਵਿੱਚ ਪਾਈ, ਇੱਕ ਮੁੱਛ ਉਸ ਦੇ ਮੋਢੇ ਉੱਤੇ ਪਈ ਸੀ, ਦੂਜੀ ਛਾਤੀ ਉੱਤੇ ਲਟਕ ਰਹੀ ਸੀ। ਉਸ ਨੇ ਮੈਨੂੰ ਵੇਖਿਆ, ਤੇ ਆਪਣੇ ਮੂੰਹ ਵਿੱਚੋਂ ਪਾਈਪ ਕੱਢਦਾ, ਉੱਚੀ ਜਿਹੀ ਬੋਲਿਆ : 'ਅਲਵਿਦਾ!'... ਪੂਰਾ ਸਾਲ ਮੈਂ ਉਸ ਦਾ ਸੋਗ ਮਨਾਇਆ। ਏਖ!... ਇਹ ਗੱਲ ਉਦੋਂ ਵਾਪਰੀ ਜਦੋਂ ਉਹ ਕਰਪੇਥੀਆ ਵਿੱਚ ਆਪਣੇ ਘਰਾਂ ਨੂੰ ਜਾਣ ਹੀ ਵਾਲ਼ੇ ਸਨ। ਇੱਕ ਰੁਮਾਨੀਅਨ ਦੇ ਘਰ ਵਿੱਚ ਉਹਨਾਂ ਦੀ ਅਲਵਿਦਾਈ ਪਾਰਟੀ ਹੋਈ, ਤੇ ਉੱਥੋਂ ਹੀ ਉਹ ਫੜੇ ਗਏ ਸਨ। ਸਿਰਫ਼ ਦੋ ਜਣੇ ਹੀ ਫੜੇ ਗਏ। ਕਈ ਮਾਰੇ ਗਏ, ਤੇ ਬਾਕੀ ਦੇ ਨੱਠ ਗਏ।... ਉਹਨਾਂ ਨੇ ਰੁਮਾਨੀਅਨ ਦਾ ਭਾਵੇਂ ਇਸ ਲਈ ਬਦਲਾ ਚੁਕਾ ਦਿੱਤਾ... ਉਹਨਾਂ ਦੇ ਘਰ ਨੂੰ, ਉਸ ਦੀ ਹਵਾ-ਚੱਕੀ ਨੂੰ ਤੇ ਉਸ ਦੇ ਕਣਕ ਦੇ ਕੋਠਿਆਂ ਨੂੰ ਅੱਗ ਲਾ ਦਿੱਤੀ। ਉਸ ਤੋਂ ਪਿੱਛੋਂ ਉਹ ਮੰਗਤਾ ਬਣ ਗਿਆ।

"ਇਹ ਤੂੰ ਕੀਤਾ ਸੀ ?" ਮੈਂ ਐਵੇਂ ਹੀ ਪੁੱਛ ਲਿਆ।

"ਉਹਨਾਂ ਹੁਜ਼ੂਲੀਅਨਾਂ ਦੇ ਬਥੇਰੇ ਦੋਸਤ ਸਨ, ਇਕੱਲੀ ਮੈਂ ਹੀ ਨਹੀਂ ਸਾਂ।... ਜਿਹੜਾ ਵੀ ਕੋਈ ਉਹਨਾਂ ਦਾ ਚੰਗਾ ਦੋਸਤ ਸੀ, ਉਸ ਨੇ ਉਹਨਾਂ ਦੀ ਯਾਦ ਵਿੱਚ ਅਜਿਹਾ ਕੀਤਾ ਸੀ..."

ਤੱਟ ਉੱਪਰ ਗਾਣਾ ਹੁਣ ਬੰਦ ਹੋ ਚੁੱਕਾ ਸੀ, ਤੇ ਬੁੱਢੀ ਦੀ ਅਵਾਜ਼ ਦੇ ਨਾਲ਼ ਸਿਰਫ਼ ਠਾਠਾਂ ਮਾਰਦੇ ਸਾਗਰ ਦੀ ਅਵਾਜ਼ ਆ ਰਹੀ ਸੀ—ਉਹ ਸੋਚੀਂ-ਡੁੱਬੀ ਬੇਚੈਨ ਅਵਾਜ਼, ਸੱਚਮੁਚ, ਬੇਚੈਨ ਜੀਵਨ ਦੀ ਕਹਾਣੀ ਦੀ ਸੰਗਤ ਲਈ ਸ਼ਾਨਦਾਰ ਸੀ। ਹਲਕੀ ਪੀਲ਼ੀ ਚੰਨ ਚਾਨਣੀ ਨੇ ਰਾਤ ਨੂੰ ਵਧੇਰੇ ਉਜਲੀ ਬਣਾ ਦਿੱਤਾ ਸੀ ਤੇ ਇਹ ਘੱਟ ਸੰਘਣੀ ਹੋ ਗਈ ਸੀ; ਰਾਤ ਦੇ ਅਦਿੱਖ ਵਾਸੀਆਂ ਦੇ ਬੇਚੈਨ ਜੀਵਨ ਦੀਆਂ ਅਸਪੱਸ਼ਟ ਅਵਾਜ਼ਾਂ ਹੌਲ਼ੀ-ਹੌਲ਼ੀ ਖ਼ਤਮ ਹੋ ਗਈਆਂ ਸਨ, ਲਹਿਰਾਂ ਦੀ ਉੱਚੀ ਹੁੰਦੀ ਅਵਾਜ਼ ਵਿੱਚ ਉਹ ਡੁੱਬ ਗਈਆਂ ਸਨ... ਕਿਉਂਕਿ ਹਵਾ ਤੇਜ਼ ਹੁੰਦੀ ਜਾ ਰਹੀ ਸੀ।

"ਇੱਕ ਤੁਰਕ ਵੀ ਸੀ, ਜਿਸ ਨੂੰ ਮੈਂ ਪਿਆਰ ਕਰਦੀ ਸਾਂ। ਮੈਂ ਸਕੂਤਰੀ ਵਿੱਚ ਉਸ ਦੇ ਹਰਮ ਵਿੱਚ ਰਹੀ। ਮੈਂ ਪੂਰਾ ਇੱਕ ਹਫ਼ਤਾ ਉੱਥੇ ਰਹੀ। ਏਨਾਂ ਮਾੜਾ ਨਹੀਂ ਸੀ, ਪਰ ਮੈਂ ਅੱਕ ਗਈ।... ਕੁੱਝ ਵੀ ਨਹੀਂ ਸੀ ਹੁੰਦਾ, ਬਸ ਔਰਤਾਂ ਹੀ ਔਰਤਾਂ... ਉਸ ਕੋਲ਼ ਅੱਠ ਹੁੰਦੀਆਂ ਸਨ।... ਸਾਰੀ ਦਿਹਾੜੀ ਉਹ ਬੱਸ ਕੁੱਝ ਨਾ ਕਰਦੀਆਂ, ਸਿਵਾਏ ਖਾਣ ਦੇ, ਸੌਣ ਦੇ ਤੇ ਬਕਵਾਸ ਕਰਨ ਦੇ।... ਜਾਂ ਉਹ ਲੜਨ ਲੱਗ ਪੈਂਦੀਆਂ ਤੇ ਇੱਕ- ਦੂਜੀ ਉੱਤੇ ਕੁੜ-ਕੁੜ ਕਰਦੀਆਂ, ਜਿਵੇਂ ਕੁਕੜੀਆਂ ਕਰਦੀਆਂ ਨੇ।... ਉਹ ਹੁਣ ਕੋਈ ਜਵਾਨ ਨਹੀਂ ਸੀ ਰਹਿ ਗਿਆ, ਉਹ ਤੁਰਕ। ਉਸ ਦੇ ਵਾਲ਼ ਲਗਭਗ ਧੌਲੇ ਹੋ ਚੁੱਕੇ ਸੀ, ਤੇ ਉਹ ਏਨਾਂ ਅੜ੍ਹਕ-ਮੜ੍ਹਕ ਵਾਲ਼ਾ ਲੱਗਦਾ। ਉਹ ਅਮੀਰ ਵੀ ਸੀ। ਉਹ ਬਿਸ਼ਪ ਵਾਂਗ ਬੋਲਦਾ ਸੀ।... ਉਸ ਦੀਆਂ ਕਾਲ਼ੀਆਂ ਅੱਖਾਂ ਸਨ... ਤੇ ਉਹ ਸਿੱਧੀਆਂ ਬੰਦੇ ਵੱਲ ਵੇਖਦੀਆਂ ਸਨ... ਸਿੱਧੀਆਂ ਬੰਦੇ ਦੀ ਰੂਹ ਵਿੱਚ ਵੇਖਦੀਆਂ ਸਨ। ਉਹ ਨਮਾਜ਼ ਪੜ੍ਹਨ ਦਾ ਬੜਾ ਸ਼ੌਕੀਨ ਸੀ। ਪਹਿਲੀ ਵਾਰ ਮੈਂ ਉਸ ਨੂੰ ਬੁਖ਼ਾਰੈਸਟ ਵਿੱਚ ਵੇਖਿਆ ਸੀ... ਮੰਡੀ ਵਿੱਚ। ਉਹ ਕਿਸੇ ਬਾਦਸ਼ਾਹ ਵਾਂਗ ਫਿਰ-ਤੁਰ ਰਿਹਾ ਸੀ, ਵੇਖਣ ਨੂੰ ਲੱਗਦਾ ਸੀ ਜਿਵੇਂ ਬੜਾ ਮਹੱਤਵਪੂਰਨ ਹੋਵੇ। ਮੈਂ ਉਸ ਵੱਲ ਵੇਖ ਕੇ ਮੁਸਕਰਾਈ। ਉਸੇ ਸ਼ਾਮ ਮੈਨੂੰ ਗਲ਼ੀ ਵਿੱਚ ਫੜ ਲਿਆ ਗਿਆ ਤੇ ਉਸ ਦੇ ਘਰ ਲੈ ਆਂਦਾ ਗਿਆ। ਉਹ ਸੌਦਾਗਰ ਸੀ ਜਿਹੜਾ ਸੰਦਲ ਤੇ ਖਜੂਰ ਦੀ ਲੱਕੜ ਦਾ ਵਪਾਰ ਕਰਦਾ ਸੀ, ਤੇ ਕੁੱਝ ਖਰੀਦਣ ਬੁਖ਼ਾਰੈਸਟ ਆਇਆ ਹੋਇਆ ਸੀ। 'ਮੇਰੇ ਨਾਲ਼ ਚਲੇਂਗੀ ?' ਉਸ ਨੇ ਮੈਨੂੰ ਪੁੱਛਿਆ। 'ਹਾਂ, ਜ਼ਰੂਰ ਚਲਾਂਗੀ !' 'ਚੰਗਾ ਫਿਰ !' ਤੇ ਮੈਂ ਉਸ ਨਾਲ਼ ਚਲੀ ਗਈ। ਉਹ ਅਮੀਰ ਸੀ, ਉਹ ਤੁਰਕ। ਉਸ ਦਾ ਇੱਕ ਮੁੰਡਾ ਸੀ—ਸਾਂਵਲਾ ਛੋਟਾ ਜਿਹਾ ਮੁੰਡਾ ਤੇ ਏਨਾ ਅਲੂਆਂ ਜਿਹਾ।... ਉਹ ਸੋਲਾਂ ਕੁ ਸਾਲਾਂ ਦਾ ਹੋਵੇਗਾ। ਉਹਦੇ ਨਾਲ਼ ਮੈਂ ਤੁਰਕ ਦੇ ਘਰੋਂ ਨੱਠੀ ਸਾਂ।... ਮੈਂ ਨੱਠ ਕੇ ਬਲ਼ਗਰੀਆ ਚਲੀ ਗਈ, ਲੋਮ-ਪਾਲਾਨਕਾ ਨੂੰ... ਉੱਥੇ ਇੱਕ ਬਲ਼ਗਾਰੀਅਨ ਔਰਤ ਨੇ ਮੈਨੂੰ ਛਾਤੀ ਵਿੱਚ ਛੁਰਾ ਕੱਢ ਮਾਰਿਆ ਸੀ, ਆਪਣੇ ਮੰਗੇਤਰ ਲਈ ਕਿ ਘਰ ਵਾਲ਼ੇ ਲਈ, ਮੈਨੂੰ ਹੁਣ ਚੰਗੀ ਤਰ੍ਹਾਂ ਯਾਦ ਨਹੀਂ।

"ਮੈਂ ਇੱਕ ਸਾਧਣੀਆਂ ਦੇ ਮੱਠ ਵਿੱਚ ਕਿੰਨਾ ਚਿਰ ਬਿਮਾਰ ਪਈ ਰਹੀ। ਉਥੇ ਇੱਕ ਪੋਲਿਸਤਾਨੀ ਕੁੜੀ ਮੇਰਾ ਖ਼ਿਆਲ ਰੱਖਦੀ ਹੁੰਦੀ ਸੀ।... ਉਸ ਦਾ ਇੱਕ ਭਰਾ ਸੀ, ਆਰਜ਼ੇਰ-ਪਾਲਾਨਕਾ ਦੇ ਨੇੜੇ ਇੱਕ ਮੱਠ ਵਿੱਚ ਸਾਧ ਸੀ ਉਹ, ਤੇ ਉਹ ਉਸ ਨੂੰ ਮਿਲਣ ਆਉਂਦਾ ਹੁੰਦਾ ਸੀ।... ਉਹ ਮੇਰੇ ਅੱਗੇ ਕੀੜੇ ਵਾਂਗ ਰੀਂਗਦਾ ਹੁੰਦਾ ਸੀ... ਜਦੋਂ ਮੈਂ ਰਾਜ਼ੀ ਹੋਈ ਤਾਂ ਉਸ ਨਾਲ਼ ਚਲੀ ਗਈ... ਉਸ ਦੇ ਦੇਸ਼, ਪੋਲੈਂਡ।"

"ਠਹਿਰ ਜ਼ਰਾ! ਤੇ ਛੋਟਾ ਤੁਰਕ ਕਿੱਥੇ ਗਿਆ?"

"ਉਹ ਮੁੰਡਾ? ਉਹ ਮੁੰਡਾ ਮਰ ਗਿਆ। ਘਰ ਦੇ ਹੇਰਵੇ ਨਾਲ਼, ਜਾਂ ਪਿਆਰ ਕਾਰਨ, ਮੈਨੂੰ ਨਹੀਂ ਪਤਾ, ਪਰ ਉਹ ਕੁਮਲਾ ਗਿਆ ਨਵੇਂ -ਨਵੇਂ ਲਾਏ ਬੂਟੇ ਵਾਂਗ, ਜਿਸ ਉੱਤੇ ਬਹੁਤ ਧੁੱਪ ਪੈਂਦੀ ਹੋਵੇ।... ਉਹ ਬੱਸ ਸੁੱਕ ਹੀ ਗਿਆ।... ਮੈਂ ਹੁਣ ਵੀ ਉਸ ਨੂੰ ਲਗਭਗ ਵੇਖ ਸਕਦੀ ਹਾਂ, ਲੰਮਾ ਪਿਆ ਹੋਇਆ, ਸਾਰਾ ਪਾਰਦਰਸ਼ੀ ਤੇ ਨੀਲ਼ਾ, ਬਰਫ਼ ਦੇ ਡਲੇ ਵਾਂਗ। ਪਰ ਪਿਆਰ ਦੀ ਲਾਟ ਅਜੇ ਵੀ ਉਸ ਵਿੱਚ ਬਲ਼ ਰਹੀ ਸੀ... ਤੇ ਉਹ ਮੇਰੇ ਤਰਲੇ ਕਰਦਾ ਰਹਿੰਦਾ ਕਿ ਉਸ ਉੱਤੇ ਝੁਕਾਂ ਤੇ ਉਸ ਨੂੰ ਚੁੰਮਾਂ।... ਮੈਂ ਉਸ ਨੂੰ ਪਿਆਰ ਕਰਦੀ ਸਾਂ, ਤੇ ਮੈਨੂੰ ਯਾਦ ਏ, ਉਸ ਨੂੰ ਬੜਾ ਚੁੰਮਦੀ ਹੁੰਦੀ ਸਾਂ।... ਫਿਰ ਉਹਦੀ ਹਾਲਤ ਬੜੀ ਮਾੜੀ ਹੋ ਗਈ—ਉਹ ਹਿੱਲ ਵੀ ਨਹੀਂ ਸੀ ਸਕਦਾ। ਉਹ ਆਪਣੇ ਮੰਜੇ ਉੱਤੇ ਪਿਆ ਰਹਿੰਦਾ ਤੇ ਬੜੇ ਤਰਸਯੋਗ ਢੰਗ ਨਾਲ਼ ਮੇਰੇ ਤਰਲੇ ਕਰਦਾ, ਜਿਵੇਂ ਕੋਈ ਮੰਗਤਾ ਭਿਖਿਆ ਮੰਗ ਰਿਹਾ ਹੋਵੇ, ਕਿ ਮੈਂ ਉਸ ਦੇ ਨਾਲ਼ ਲੇਟ ਜਾਵਾਂ ਤੇ ਉਸ ਨੂੰ ਨਿੱਘਾ ਕਰਾਂ। ਮੈਂ ਇਸੇ ਤਰ੍ਹਾਂ ਕਰਦੀ, ਤੇ ਜਿਉਂ ਹੀ ਮੈਂ ਉਸ ਦੇ ਨਾਲ਼ ਲੇਟਦੀ, ਉਹ ਅੱਗ ਵਾਂਗ ਭਖ਼ ਉੱਠਦਾ। ਇੱਕ ਵਾਰ ਮੈਨੂੰ ਜਾਗ ਆਈ, ਤਾਂ ਮੈਂ ਦੇਖਿਆ ਕਿ ਉਹ ਬਿਲਕੁਲ ਠੰਡਾ ਹੋਇਆ ਪਿਆ ਸੀ।... ਉਹ ਮਰ ਚੁੱਕਾ ਸੀ... ਮੈਂ ਉਸ ਉੱਤੇ ਬੜਾ ਰੋਈ। ਕੌਣ ਜਾਣੇ? ਕੀ ਪਤਾ ਮੈਂ ਹੀ ਨਹੀਂ ਸੀ ਉਸ ਦੀ ਜਾਨ ਲਈ। ਉਦੋਂ ਮੇਰੀ ਉਮਰ ਉਸ ਨਾਲ਼ੋਂ ਦੂਣੀ ਸੀ। ਤੇ ਮੈਂ ਏਨੀ ਤਕੜੀ ਤੇ ਜ਼ੋਰਦਾਰ ਸਾਂ... ਪਰ ਉਹ—ਨਿਰਾ ਬੱਚਾ ਸੀ!"

ਉਸ ਨੇ ਠੰਡਾ ਸਾਹ ਭਰਿਆ ਤੇ—ਪਹਿਲੀ ਵਾਰ ਮੈਂ ਉਸ ਨੂੰ ਇੰਝ ਕਰਦਿਆਂ ਵੇਖਿਆ—ਉਸ ਨੇ ਤਿੰਨ ਵਾਰੀ ਸਲੀਬ ਦਾ ਨਿਸ਼ਾਨ ਬਣਾਇਆ ਤੇ ਆਪਣੇ ਸੁੱਕੇ ਬੁੱਲ੍ਹਾਂ ਵਿੱਚ ਕੁੱਝ ਬੁੜਬੁੜਾਇਆ।

"ਅੱਛਾ, ਸੋ ਤੂੰ ਪੋਲੈਂਡ ਚਲੀ ਗਈ"—ਮੈਂ ਉਸ ਨੂੰ ਗੱਲ ਟੋਰਨ ਦਾ ਸੁਝਾ ਦਿੱਤਾ।

"ਹਾਂ... ਉਸ ਨਿੱਕੇ ਪੋਲ ਨਾਲ਼। ਉਹ ਇੱਕ ਕਮੀਨੀ ਤੇ ਹਾਸੋਹੀਣੀ ਚੀਜ਼ ਸੀ। ਜਦੋਂ ਉਸ ਨੂੰ ਔਰਤ ਦੀ ਲੋੜ ਹੁੰਦੀ ਤਾਂ ਉਹ ਬਿੱਲੀ ਵਾਂਗ ਮੇਰੇ ਕੋਲ਼ ਰੀਂਗਦਾ ਹੋਇਆ ਆਉਂਦਾ ਤੇ ਇਉਂ ਗੱਲਾਂ ਕਰਦਾ ਕਿ ਉਸ ਦੇ ਬੁੱਲ੍ਹਾਂ ਤੋਂ ਕੋਸਾ-ਕੋਸਾ ਸ਼ਹਿਦ ਚੋ ਰਿਹਾ ਹੋਵੇ; ਪਰ ਜਦੋਂ ਉਸ ਨੂੰ ਮੇਰੀ ਲੋੜ ਨਾ ਹੁੰਦੀ, ਤਾਂ ਉਹ ਇੰਝ ਕਿੜਕਿੜ ਕਰਕੇ ਬੋਲਦਾ, ਜਿਵੇਂ ਚਾਬਕ ਕਰਦੀ ਹੈ। ਇੱਕ ਵਾਰ ਅਸੀਂ ਦਰਿਆ ਦੇ ਕੰਢੇ ਟੁਰ-ਫਿਰ ਰਹੇ ਸਾਂ ਤੇ ਉਹ ਮੇਰੇ ਨਾਲ਼ ਗੁਸਤਾਖ ਤੇ ਬੇਇਜ਼ਤੀ ਕਰਨ ਵਾਲ਼ੇ ਢੰਗ ਨਾਲ਼ ਪੇਸ਼ ਆਇਆ। ਓ! ਓ! ਮੈਨੂੰ ਗੁੱਸਾ ਆ ਗਿਆ! ਮੈਂ ਉਬਲਦੀ ਲੁੱਕ ਵਾਂਗ ਬੁਲਬੁਲੇ ਛੱਡਣ ਲੱਗੀ! ਮੈਂ ਉਸ ਨੂੰ ਬੱਚੇ ਵਾਂਗ ਆਪਣੀਆਂ ਬਾਹਵਾਂ ਵਿੱਚ ਚੁੱਕ ਲਿਆ—ਉਹ ਨਿੱਕਾ ਜਿਹਾ ਹੀ ਤਾਂ ਹੁੰਦਾ ਸੀ—ਉਸ ਨੂੰ ਜਕੜ ਲਿਆ ਤੇ

ਵੱਖੀਆਂ ਤੋਂ ਏਨਾਂ ਜ਼ੋਰ ਦੀ ਘੁੱਟਿਆ ਕਿ ਉਹ ਸਾਰਾ ਨੀਲ਼ਾ ਪੈ ਗਿਆ। ਫਿਰ ਮੈਂ ਉਸ ਨੂੰ ਘੁੰਮਾਇਆ ਤੇ ਦਰਿਆ ਵਿੱਚ ਸੁੱਟ ਦਿੱਤਾ। ਉਹ ਬਕਣ ਲੱਗਾ। ਉਸ ਨੂੰ ਬਕਦਿਆਂ ਸੁਣਨਾ ਕਿੰਨਾਂ ਅਜੀਬ ਲੱਗਦਾ ਸੀ। ਮੈਂ ਉੱਪਰੋਂ ਉਸ ਵੱਲ ਵੇਖਦੀ ਰਹੀ, ਉਹ ਪਾਣੀ ਵਿੱਚ ਹੱਥ-ਪੈਰ ਮਾਰ ਰਿਹਾ ਸੀ, ਤੇ ਫਿਰ ਮੈਂ ਚਲੀ ਗਈ। ਉਸ ਤੋਂ ਪਿੱਛੋਂ ਉਹ ਮੈਨੂੰ ਨਹੀਂ ਟੱਕਰਿਆ। ਇਸ ਪੱਖੋਂ ਮੈਂ ਖੁਸ਼ਕਿਸਮਤ ਸਾਂ : ਮੈਂ ਜਿਨ੍ਹਾਂ ਨੂੰ ਪਿਆਰ ਕਰਦੀ ਸਾਂ, ਪਿੱਛੋਂ ਉਹਨਾਂ ਨੂੰ ਕਦੀ ਨਹੀਂ ਵੇਖਿਆ। ਇਹ ਕੋਈ ਚੰਗੀਆਂ ਮਿਲਣੀਆਂ ਨਹੀਂ ਹੁੰਦੀਆਂ। ਇਹ ਇੰਝ ਹੀ ਹੁੰਦੈ, ਜਿਵੇਂ ਕੋਈ ਮੁਰਦੇ ਨੂੰ ਮਿਲ ਪਵੇ।"

ਬੁੱਢੀ ਬੋਲਣੋਂ ਰੁੱਕ ਗਈ ਤੇ ਠੰਡਾ ਸਾਹ ਭਰਿਆ। ਮੈਂ ਉਹਨਾਂ ਲੋਕਾਂ ਨੂੰ ਆਪਣੀਆਂ ਅੱਖਾਂ ਸਾਮ੍ਹਣੇ ਚਿਤਰਨ ਲੱਗਾ, ਜਿਨ੍ਹਾਂ ਨੂੰ ਉਹ ਕਬਰਾਂ 'ਚੋਂ ਜਗਾ ਲਿਆਈ ਸੀ : ਅੱਗ ਵਰਗੇ ਲਾਲ ਸਿਰ ਤੇ ਮੁੱਛਾਂ ਵਾਲ਼ਾ ਹੁਜ਼ੂਲੀਅਨ, ਸ਼ਾਂਤੀ ਨਾਲ਼ ਆਪਣਾ ਪਾਈਪ ਪੀਂਦਾ ਹੋਇਆ ਫਾਂਸੀ ਤੇ ਤਖ਼ਤੇ ਵੱਲ ਜਾ ਰਿਹਾ; ਹੋ ਸਕਦਾ ਹੈ ਉਸ ਦੀਆਂ ਅੱਖਾਂ ਠੰਡੀਆਂ ਨੀਲ਼ੀਆਂ ਸਨ, ਜਿਹੜੀਆਂ ਹਰ ਚੀਜ਼ ਵੱਲ ਦ੍ਰਿੜ੍ਹ ਤੇ ਬੱਝਵੀਂ ਨਜ਼ਰ ਨਾਲ਼ ਵੇਖਦੀਆਂ ਸਨ। ਉਸ ਦੇ ਨਾਲ਼, ਪਰੂਤ ਤੋਂ ਕਾਲ਼ੀਆਂ ਮੁੱਛਾਂ ਵਾਲ਼ਾ ਮਾਛੀ ਰੋਂਦਾ ਹੋਇਆ ਜਾ ਰਿਹਾ ਸੀ, ਜਿਹੜਾ ਮਰਨਾ ਨਹੀਂ ਸੀ ਚਾਹੁੰਦਾ ਅਤੇ ਆਉਂਦੀ ਮੌਤ ਦੇ ਖ਼ਿਆਲ ਨਾਲ਼ ਉਸ ਦਾ ਮੂੰਹ ਪੀਲ਼ਾ ਪਿਆ ਹੋਇਆ, ਉਸ ਦੀਆਂ ਖੁਸ਼ ਅੱਖਾਂ ਹੁਣ ਤੇਜ਼ਹੀਨ ਸਨ, ਤੇ ਉਸ ਦੀਆਂ ਮੁੱਛਾਂ ਅੱਥਰੂਆਂ ਨਾਲ਼ ਗਿੱਲੀਆਂ, ਉਸ ਦੇ ਮੁੜੇ ਹੋਏ ਮੂੰਹ ਦੇ ਕੋਨਿਆਂ ਤੋਂ ਹੁਣ ਨਿਰਾਸ਼ਾ ਵਿੱਚ ਲਟਕ ਰਹੀਆਂ ਸਨ। ਤੇ ਬੁੱਢਾ, ਅੜ੍ਹਕ-ਮੁੜ੍ਹਕ ਵਾਲ਼ਾ ਤੁਰਕ, ਸ਼ਾਇਦ ਕਿਸਮਤ ਉੱਤੇ ਯਕੀਨ ਕਰਨ ਵਾਲ਼ਾ ਤੇ ਤਾਨਾਸ਼ਾਹ, ਉਸ ਦੇ ਨਾਲ਼ ਉਸ ਦਾ ਮੁੰਡਾ, ਪੂਰਬ ਦਾ ਪੀਲ਼ਾ ਤੇ ਮਲੂਕ ਫੁੱਲ, ਚੁੰਮਣਾਂ ਦੀ ਜ਼ਹਿਰ ਨਾਲ਼ ਮੋਇਆ। ਤੇ ਉਹ ਫਿੱਟਿਆ ਹੋਇਆ ਪੋਲ, ਚੋਪੜੀ ਚੰਗੇਰ ਤੇ ਜ਼ਾਲਮ, ਫਰ-ਫਰ ਬੋਲਣ ਵਾਲ਼ਾ, ਤੇ ਠੰਡਾ ਯੱਖ।... ਹੁਣ ਉਹ ਸਾਰੇ ਧੁੰਦਲੇ ਜਿਹੇ ਪਰਛਾਵੇਂ ਰਹਿ ਗਏ ਨੇ, ਤੇ ਜੋ ਉਸ ਨੂੰ ਉਹ ਗਲਵਕੜੀ ਵਿੱਚ ਲਿਆ ਕਰਦੇ ਸਨ, ਉਹ ਜਿਊਂਦੀ-ਜਾਗਦੀ ਮੇਰੇ ਕੋਲ਼ ਬੈਠੀ ਹੋਈ ਸੀ, ਪਰ ਸਮੇਂ ਨਾਲ਼ ਝੌਂ ਚੁੱਕੀ, ਬਿਨ੍ਹਾਂ ਬੁੱਤ, ਬਿਨ੍ਹਾਂ ਖੂਨ, ਖਾਹਿਸ਼ਾਂ ਤੋਂ ਖ਼ਾਲੀ ਦਿਲ, ਤੇ ਅੱਖਾਂ—ਜਿਨ੍ਹਾਂ ਵਿੱਚੋਂ ਜ਼ਿੰਦਗੀ ਦੀ ਚਮਕ ਗਾਇਬ ਸੀ—ਉਹ ਵੀ ਲਗਭਗ ਪਰਛਾਵਾਂ ਬਣ ਚੁੱਕੀ ਸੀ।

ਉਸ ਨੇ ਮੁੜ ਬੋਲਣਾ ਸ਼ੁਰੂ ਕੀਤਾ।

"ਪੋਲੈਂਡ ਵਿੱਚ ਮੇਰਾ ਸਮਾਂ ਔਖਾ ਲੰਘਿਆ। ਉੱਥੇ ਠੰਡੇ ਤੇ ਝੂਠੇ ਲੋਕ ਰਹਿੰਦੇ ਨੇ। ਮੈਨੂੰ ਉਹਨਾਂ ਦੀ ਸੱਪ ਵਾਲ਼ੀ ਜ਼ਬਾਨ ਸਮਝ ਨਹੀਂ ਸੀ ਪੈਂਦੀ। ਉਹ ਜਦੋਂ ਬੋਲਦੇ ਨੇ ਤਾਂ ਸ਼ੂਕਦੇ ਨੇ।... ਉਹ ਕਿਉਂ ਸ਼ੂਕਦੇ ਨੇ ? ਜ਼ਰੂਰ ਰੱਬ ਨੇ ਉਹਨਾਂ ਨੂੰ ਇਹ ਸੱਪ ਵਾਲ਼ੀ ਬੋਲੀ ਦਿੱਤੀ ਹੋਵੇਗੀ, ਕਿਉਂਕਿ ਉਹ ਝੂਠੇ ਨੇ। ਮੈਂ ਦੇਸ਼ ਵਿੱਚ ਭੌਂਦੀ ਰਹਿੰਦੀ, ਤੇ ਪਤਾ ਨਾ ਲੱਗਦਾ ਕਿੱਥੇ ਜਾ ਰਹੀ ਹਾਂ, ਪਰ ਮੈਂ ਵੇਖਿਆ ਕਿ ਉਹ ਤੁਹਾਡੇ, ਰੂਸੀਆਂ, ਦੇ ਖਿਲਾਫ਼ ਬਗ਼ਾਵਤ ਦੀਆਂ ਤਿਆਰੀਆਂ ਕਰ ਰਹੇ ਹਨ। ਮੈਂ ਬੋਖ਼ਨੀਆ ਸ਼ਹਿਰ ਪਹੁੰਚ ਗਈ। ਇੱਕ ਯਹੂਦੀ ਨੇ ਮੈਨੂੰ ਖ਼ਰੀਦ ਲਿਆ, ਆਪਣੇ ਲਈ ਨਹੀਂ, ਸਗੋਂ ਮੇਰੇ ਸਰੀਰ ਦਾ ਵਪਾਰ ਕਰਨ ਲਈ। ਮੈਂ ਮੰਨ ਗਈ।

ਜਿਊਣ ਲਈ ਕੁੱਝ ਤਾਂ ਕਰਨਾ ਹੀ ਪੈਂਦਾ ਏ ਨਾ। ਮੈਂ ਕੁੱਝ ਵੀ ਨਹੀਂ ਸਾਂ ਕਰ ਸਕਦੀ, ਸੋ ਮੈਨੂੰ ਆਪਣੇ ਸਰੀਰ ਨਾਲ਼ ਮੁੱਲ ਦੇਣਾ ਪਿਆ। ਪਰ ਮੈਂ ਸੋਚਿਆ : ਜਦੋਂ ਮੇਰੇ ਕੋਲ਼ ਏਨੇ ਕੁ ਪੈਸੇ ਹੋ ਗਏ ਕਿ ਮੈਂ ਬੀਰਲਾਤ ਆਪਣੇ ਘਰ ਵਾਪਸ ਜਾ ਸਕਾਂ, ਤਾਂ ਮੈਂ ਆਪਣੀਆਂ ਜ਼ੰਜੀਰਾਂ ਤੋੜ ਦਿਆਂਗੀ, ਭਾਵੇਂ ਉਹ ਕਿੰਨੀਆਂ ਵੀ ਪੱਕੀਆਂ ਕਿਉਂ ਨਾ ਹੋਣ। ਉੱਥੇ ਮੈਂ ਕਿਹੋ ਜਿਹਾ ਜੀਵਨ ਬਿਤਾਇਆ! ਅਮੀਰ ਜ਼ਿਮੀਂਦਾਰ ਮੇਰੇ ਕੋਲ਼ ਆਉਂਦੇ, ਤੇ ਉੱਥੇ ਦਾਅਵਤਾਂ ਉਡਾਉਂਦੇ। ਉਹਨਾਂ ਦਾ ਕਾਫ਼ੀ ਖ਼ਰਚਾ ਹੋ ਜਾਂਦਾ ਸੀ, ਮੈਂ ਤੈਨੂੰ ਦੱਸ ਦਿਆਂ। ਉਹ ਮੇਰੇ ਲਈ ਲੜ ਪੈਂਦੇ ਤੇ ਆਪਣੇ-ਆਪ ਨੂੰ ਬਰਬਾਦ ਕਰ ਲੈਂਦੇ। ਇੱਕ ਜਣਾ ਮੈਨੂੰ ਲੈਣ ਲਈ ਕਿੰਨਾ ਸਮਾਂ ਕੋਸ਼ਿਸ਼ ਕਰਦਾ ਰਿਹਾ, ਤੇ ਉਸ ਨੇ ਇੰਝ ਕੀਤਾ ਇੱਕ ਦਿਨ ਉਹ ਮੇਰੇ ਕੋਲ਼ ਆਇਆ; ਉਹਦੇ ਨਾਲ਼ ਇੱਕ ਨੌਕਰ ਸੀ, ਜਿਸ ਨੇ ਇੱਕ ਝੋਲਾ ਚੁੱਕਿਆ ਹੋਇਆ ਸੀ। ਜ਼ਿਮੀਂਦਾਰ ਨੇ ਝੋਲਾ ਫੜਿਆ, ਤੇ ਉਸ ਵਿੱਚ ਜੋ ਕੁੱਝ ਸੀ, ਮੇਰੇ ਸਿਰ ਉਪਰ ਉਲੱਦ ਦਿੱਤਾ। ਝੋਲੇ ਵਿੱਚੋਂ ਸੋਨੇ ਦੇ ਸਿੱਕੇ ਕਿਰਨ ਲੱਗੇ, ਉਹ ਮੇਰੇ ਸਿਰ ਵਿੱਚ ਵੱਜਦੇ, ਪਰ ਉਹਨਾਂ ਦੇ ਜ਼ਮੀਨ ਉੱਤੇ ਡਿੱਗਣ ਨਾਲ਼ ਜਿਹੜੀ ਛਣਕਾਰ ਪੈਦਾ ਹੁੰਦੀ ਸੀ, ਉਹ ਮੇਰੇ ਕੰਨਾਂ ਨੂੰ ਬੜੀ ਚੰਗੀ ਲੱਗਦੀ ਸੀ। ਤਾਂ ਵੀ ਮੈਂ ਉਸ ਨੂੰ ਘਰੋਂ ਕੱਢ ਦਿੱਤਾ। ਉਸ ਦਾ ਮੂੰਹ ਮੋਟਾ ਤੇ ਪੀਲਾ-ਪੀਲਾ ਸੀ, ਤੇ ਢਿੱਡ ਵੱਡੇ ਸਾਰੇ ਸਿਰ੍ਹਾਣੇ ਜਿਹਾ। ਉਹ ਚੰਗੇ ਪਲੇ ਸੂਰ ਵਾਂਗ ਲੱਗਦਾ ਸੀ। ਹਾਂ, ਮੈਂ ਉਸ ਨੂੰ ਘਰੋਂ ਕੱਢ ਦਿੱਤਾ, ਭਾਵੇਂ ਉਸ ਨੇ ਮੈਨੂੰ ਦੱਸਿਆ ਸੀ ਕਿ ਉਸ ਨੇ ਆਪਣੀ ਜ਼ਮੀਨ, ਆਪਣਾ ਘਰ ਤੇ ਆਪਣੇ ਘੋੜੇ ਵੇਚ ਦਿੱਤੇ ਹਨ, ਤਾਂ ਕਿ ਉਹ ਮੇਰੇ ਉੱਪਰ ਸੋਨੇ ਦੀ ਵਰਖਾ ਕਰ ਸਕੇ। ਉਦੋਂ ਮੈਂ ਇੱਕ ਯੋਗ ਸਾਊ ਬੰਦੇ ਨੂੰ ਪਿਆਰ ਕਰਦੀ ਸਾਂ, ਜਿਸ ਦੇ ਮੂੰਹ ਉੱਤੇ ਫੱਟਾਂ ਦੇ ਨਿਸ਼ਾਨ ਹੁੰਦੇ ਸੀ। ਫੱਟਾਂ ਦੇ ਨਿਸ਼ਾਨਾਂ ਨਾਲ਼ ਉਸ ਦੇ ਚਿਹਰੇ ਉੱਤੇ ਕਾਟੇ ਪਏ ਹੋਏ ਸਨ, ਜਿਹੜੇ ਕਿ ਤੁਰਕਾਂ ਦੇ ਲਾਏ ਜ਼ਖ਼ਮਾਂ ਦਾ ਸਿੱਟਾ ਸਨ, ਜਿਨ੍ਹਾਂ ਨਾਲ਼ ਉਹ ਕੁੱਝ ਹੀ ਸਮਾਂ ਪਹਿਲਾਂ ਯੂਨਾਨੀਆਂ ਵੱਲੋਂ ਲੜਦਾ ਰਿਹਾ ਸੀ। ਉਹ ਸੀ ਆਦਮੀ! ਯੂਨਾਨੀਆਂ ਨਾਲ਼ ਉਸ ਦਾ ਕੀ ਵਾਸਤਾ ਸੀ, ਜੇ ਆਪ ਉਹ ਪੋਲ ਸੀ ਤਾਂ? ਪਰ ਉਹ ਉਹਨਾਂ ਦੇ ਦੁਸ਼ਮਣਾਂ ਦੇ ਖ਼ਿਲਾਫ਼ ਲੜਾਈ ਵਿੱਚ ਉਹਨਾਂ ਦੀ ਮਦਦ ਕਰਨ ਗਿਆ ਸੀ। ਉਸ ਦਾ ਚਿਹਰਾ ਕੱਟਿਆ ਪਿਆ ਸੀ, ਉਸ ਦੀ ਇੱਕ ਅੱਖ ਜਾਂਦੀ ਰਹੀ ਸੀ, ਤੇ ਖੱਬੇ ਹੱਥ ਦੀਆਂ ਦੋ ਉਂਗਲਾਂ ਵੀ।... ਉਹ ਪੋਲ ਸੀ, ਸੋ ਕਿਉਂ ਯੂਨਾਨੀਆਂ ਬਾਰੇ ਫ਼ਿਕਰਮੰਦ ਸੀ? ਇਸ ਲਈ ਕਿ ਉਹ ਬਹਾਦਰ ਕਾਰਨਾਮਿਆਂ ਦੀ ਤਾਰੀਫ਼ ਕਰਦਾ ਸੀ, ਤੇ ਜਿਹੜਾ ਵੀ ਕੋਈ ਬਹਾਦਰ ਕਾਰਨਾਮਿਆਂ ਨੂੰ ਸਲਾਹੁੰਦਾ ਏ, ਉਸ ਨੂੰ ਬਹਾਦਰ ਕਾਰਨਾਮੇ ਕਰਨ ਦਾ ਮੌਕਾ ਵੀ ਹਮੇਸ਼ਾ ਮਿਲ ਜਾਏਗਾ। ਤੈਨੂੰ ਪਤੈ, ਜ਼ਿੰਦਗੀ ਵਿੱਚ ਬਹਾਦਰ ਕਾਰਨਾਮੇ ਕਰਨ ਦਾ ਹਮੇਸ਼ਾ ਮੌਕਾ ਹੁੰਦੈ। ਤੇ ਜਿਨ੍ਹਾਂ ਨੂੰ ਇਹ ਕਰਨ ਲਈ ਕੋਈ ਮੌਕਾ ਨਹੀਂ ਮਿਲਦਾ, ਉਹ ਬੱਸ ਜਾਂ ਦਲਿਦਰੀ ਹਨ ਜਾਂ ਬੁਜ਼ਦਿਲ, ਜਾਂ ਉਹਨਾਂ ਨੂੰ ਪਤਾ ਹੀ ਨਹੀਂ ਜ਼ਿੰਦਗੀ ਕੀ ਹੁੰਦੀ ਏ, ਕਿਉਂਕਿ ਜੇ ਲੋਕਾਂ ਨੂੰ ਪਤਾ ਹੋਵੇ ਕਿ ਜ਼ਿੰਦਗੀ ਕੀ ਹੁੰਦੀ ਏ ਤਾਂ ਉਹ ਸਾਰੇ ਚਾਹੁੰਣਗੇ ਕਿ ਉਹਨਾਂ ਦੀ ਯਾਦ ਇਸ ਵਿੱਚ ਰਹੇ, ਜਦੋਂ ਉਹ ਆਪ ਨਾ ਵੀ ਰਹਿਣ। ਤੇ ਫਿਰ ਜ਼ਿੰਦਗੀ ਲੋਕਾਂ ਨੂੰ ਇੰਝ ਹੜੱਪ ਨਾ ਕਰ ਜਾਏ, ਬਿਨਾਂ ਕੋਈ ਵੀ ਨਿਸ਼ਾਨ ਛੱਡਣ ਦੇ।...ਓ! ਉਹ ਜ਼ਖ਼ਮਾਂ ਦੇ ਨਿਸ਼ਾਨਾਂ ਵਾਲ਼ਾ ਆਦਮੀ ਸੱਚਮੁਚ ਭਲਾ ਆਦਮੀ ਸੀ! ਉਹ ਕੋਈ ਕਰਨ-ਯੋਗ ਕਾਰਨਾਮਾ

ਕਰਨ ਲਈ ਦੁਨੀਆਂ ਦੇ ਸਿਰੇ ਤੱਕ ਵੀ ਚਲਾ ਜਾਂਦਾ। ਮੇਰੇ ਖ਼ਿਆਲ ਏ ਕਿ ਬਗ਼ਾਵਤ ਦੇ ਦੌਰਾਨ ਤੇਰੇ ਲੋਕਾਂ ਨੇ ਉਸ ਨੂੰ ਮਾਰ ਦਿੱਤਾ ਹੋਵੇਗਾ। ਤੁਸੀਂ ਮਗੀਆਰਾਂ ਨਾਲ਼ ਕਾਹਦੇ ਲਈ ਲੜਨ ਗਏ ਸੌ ? ਚੱਲ, ਠੀਕ ਏ, ਠੀਕ ਏ ਰਹਿਣ ਦੇ !"

ਮੈਨੂੰ ਚੁੱਪ ਰਹਿਣ ਦਾ ਹੁਕਮ ਦੇ ਕੇ, ਬੁੱਢੀ ਇਜ਼ਰਗੀਲ ਆਪ ਵੀ ਚੁੱਪ ਕਰ ਗਈ ਤੇ ਸੋਚਾਂ ਵਿੱਚ ਡੁੱਬ ਗਈ। ਕੁੱਝ ਚਿਰ ਪਿੱਛੋਂ ਉਹ ਬੋਲੀ :

"ਮੈਂ ਵੀ ਇੱਕ ਮਗੀਆਰ ਨੂੰ ਜਾਣਦੀ ਸਾਂ। ਇੱਕ ਦਿਨ ਉਹ ਮੇਰੇ ਘਰੋਂ ਗਿਆ—ਇਹ ਸਰਦੀਆਂ ਦੀ ਗੱਲ ਹੈ—ਤੇ ਸਿਰਫ਼ ਬਸੰਤ ਵਿੱਚ ਹੀ ਉਹ ਲੱਭਾ, ਜਦੋਂ ਬਰਫ਼ ਪਿਘਲੀ; ਉਹ ਕਿਸੇ ਖੇਤ ਵਿੱਚ ਪਿਆ ਸੀ, ਤੇ ਉਸ ਦੇ ਸਿਰ ਵਿੱਚੋਂ ਗੋਲ਼ੀ ਲੰਘੀ ਹੋਈ ਸੀ। ਤੇਰਾ ਇਹਦੇ ਬਾਰੇ ਕੀ ਖਿਆਲ਼ ਏ ? ਵੇਖਿਆ, ਪਿਆਰ ਨਾਲ਼ ਕੋਈ ਪਲੇਗ ਨਾਲ਼ੋਂ ਘੱਟ ਬੰਦੇ ਨਹੀਂ ਮਰਦੇ, ਮੈਨੂੰ ਯਕੀਨ ਏ, ਜੇ ਤੂੰ ਗਿਣੇਂ ਤਾਂ ਇਹ ਠੀਕ ਨਿਕਲੇਗਾ।... ਮੈਂ ਕੀ ਗੱਲ ਕਰ ਰਹੀ ਸਾਂ। ਹਾਂ, ਪੋਲੈਂਡ ਬਾਰੇ... ਹਾਂ, ਮੈਂ ਆਪਣੀ ਆਖ਼ਰੀ ਖੇਡ ਉੱਥੇ ਖੇਡੀ। ਉੱਥੇ ਮੈਨੂੰ ਇੱਕ ਨਵਾਬਜ਼ਾਦਾ ਮਿਲਿਆ।... ਕਿੰਨਾ ਸੋਹਣਾ ਸੀ ਉਹ ! ਸ਼ੈਤਾਨ ਵਰਗਾ ਸੋਹਣਾ। ਮੈਂ ਉਦੋਂ ਤੱਕ ਸਿਆਣੀ ਹੋ ਚੁੱਕੀ ਸਾਂ, ਹਾਂ ਸਿਆਣੀ ! ਮੈਂ ਚਾਲ਼ੀਆਂ ਦੀ ਹੋ ਗਈ ਹੋਵਾਂਗੀ ? ਹਾਂ, ਮੇਰਾ ਖ਼ਿਆਲ ਏ।... ਉਹ ਅਜੇ ਵੀ ਮਾਣ-ਮੱਤਾ ਸੀ, ਤੇ ਅਜੇ ਵੀ ਸਾਡਾ ਔਰਤਾਂ ਦਾ ਵਿਗਾੜਿਆ ਹੋਇਆ। ਉਸ ਨੂੰ ਪਾਉਣ ਲਈ ਮੈਨੂੰ ਬੜਾ ਕੁੱਝ ਦੇਣਾ ਪਿਆ।... ਹਾਂ।... ਉਹ ਮੈਨੂੰ ਉਸ ਵੇਲੇ ਆਮ ਜ਼ਨਾਨੀ ਵਾਂਗ ਰੱਖਣਾ ਚਾਹੁੰਦਾ ਸੀ, ਪਰ ਇਸ ਨਾਲ਼ ਮੈਂ ਸਹਿਮਤ ਨਹੀਂ ਸਾਂ। ਮੈਂ ਕਦੀ ਕਿਸੇ ਦੀ ਗ਼ੁਲਾਮ ਨਹੀਂ ਸਾਂ ਰਹੀ। ਯਹੂਦੀ ਨਾਲ਼ ਮੈਂ ਪਹਿਲਾਂ ਹੀ ਹਿਸਾਬ ਮੁੱਕਾ ਚੁੱਕੀ ਸਾਂ। ਮੈਂ ਉਸ ਨੂੰ ਬਹੁਤ ਸਾਰੇ ਪੈਸੇ ਦੇ ਦਿੱਤੇ, ਤੇ ਹੁਣ ਮੈਂ ਕਰਾਕੋ ਵਿੱਚ ਰਹਿ ਰਹੀ ਸਾਂ। ਉਦੋਂ ਮੇਰੇ ਕੋਲ਼ ਸਭ ਕੁੱਝ ਸੀ, ਘੋੜੇ, ਤੇ ਸੋਨਾ, ਤੇ ਨੌਕਰ-ਚਾਕਰ।... ਉਹ ਮੇਰੇ ਕੋਲ਼ ਆਉਂਦਾ, ਦੈਂਤ ਵਾਂਗ ਘੁਮੰਡੀ, ਤੇ ਚਾਹੁੰਦਾ ਕਿ ਮੈਂ ਆਪਣਾ-ਆਪ ਉਸ ਦੀਆਂ ਬਾਹਾਂ ਵਿੱਚ ਸੁੱਟ ਦੇਵਾਂ। ਅਸੀਂ ਲੜ ਪੈਂਦੇ।... ਮੈਨੂੰ ਯਾਦ ਏ ਕਿ ਸਗੋਂ ਮੇਰੀ ਸੋਹਣੀ ਸ਼ਕਲ ਵੀ ਇਸੇ ਕਰਕੇ ਵਿਗੜ ਗਈ। ਬਹੁਤ ਦੇਰ ਤੱਕ ਇੰਝ ਚਲਦਾ ਰਿਹਾ।... ਪਰ ਆਖ਼ਿਰ ਮੇਰੀ ਜਿੱਤ ਹੋਈ : ਉਸ ਨੇ ਮੇਰੇ ਸਾਮ੍ਹਣੇ ਗੋਡੇ ਟੇਕ ਦਿੱਤੇ।... ਪਰ ਮੈਨੂੰ ਪਾਉਣ ਤੋਂ ਛੇਤੀ ਹੀ ਪਿੱਛੋਂ, ਉਸ ਨੇ ਮੈਨੂੰ ਛੱਡ ਦਿੱਤਾ। ਉਦੋਂ ਮੈਂ ਮਹਿਸੂਸ ਕੀਤਾ ਕਿ ਮੈਂ ਸੱਚਮੁਚ ਬੁੱਢੀ ਹੋ ਚੁੱਕੀ ਸਾਂ।... ਓ ! ਕਿੰਨਾ ਕੌੜਾ ਸੀ ਇਹ ! ਹਾਂ, ਕਿੰਨਾ ਕੌੜਾ !...ਵੇਖਿਆ, ਮੈਂ ਉਸ ਸ਼ੈਤਾਨ ਨੂੰ ਪਿਆਰ ਕਰਦੀ ਸਾਂ... ਪਰ ਜਦੋਂ ਉਹ ਮੈਨੂੰ ਮਿਲਦਾ, ਉਹ ਮੇਰਾ ਮਜ਼ਾਕ ਉਡਾਉਂਦਾ।... ਕਮੀਨਾ ਆਦਮੀ ! ਤੇ ਉਹ ਦੂਜਿਆਂ ਸਾਮ੍ਹਣੇ ਵੀ ਮੇਰਾ ਮਜ਼ਾਕ ਉਡਾਉਂਦਾ ਸੀ, ਮੈਨੂੰ ਪਤਾ ਸੀ। ਇਹ ਸਹਿਣਾ ਮੁਸ਼ਕਲ ਸੀ, ਮੈਂ ਤੈਨੂੰ ਦੱਸ ਦਿਆਂ ! ਪਰ ਉਹ ਮੇਰੇ ਨੇੜੇ ਤਾਂ ਰਹਿੰਦਾ ਸੀ, ਤੇ ਕੁੱਝ ਵੀ ਹੋਵੇ, ਮੈਂ ਉਸ ਨੂੰ ਪਿਆਰ ਕਰਦੀ ਸਾਂ। ਜਦੋਂ ਉਹ ਤੁਹਾਡੇ ਰੂਸੀਆਂ ਨਾਲ਼ ਲੜਨ ਗਿਆ, ਤਾਂ ਮੈਂ ਉਹਦੇ ਲਈ ਤਰਸ ਗਈ। ਮੈਂ ਆਪਣੀ ਇਹ ਭਾਵਨਾ ਖ਼ਤਮ ਕਰਨ ਲਈ ਜ਼ੋਰ ਲਾਇਆ, ਪਰ ਨਾ ਕਰ ਸਕੀ।... ਤੇ ਮੈਂ ਫ਼ੈਸਲਾ ਕੀਤਾ ਕਿ ਮੈਂ ਉਸ ਕੋਲ਼ ਜਾਵਾਂਗੀ। ਉਹ ਵਾਰਸਾ ਦੇ ਨੇੜੇ ਜੰਗਲਾਂ ਵਿੱਚ ਸੀ।

"ਪਰ ਜਦੋਂ ਮੈਂ ਉੱਥੇ ਪਹੁੰਚੀ ਤਾਂ ਮੈਨੂੰ ਪਤਾ ਲੱਗਾ ਕਿ ਤੁਹਾਡੇ ਲੋਕ ਪਹਿਲਾਂ ਹੀ

ਉਹਨਾਂ ਨੂੰ ਹਰਾ ਚੁੱਕੇ ਨੇ ਤੇ ਉਹ ਕੁੱਝ ਹੀ ਦੂਰ ਇੱਕ ਪਿੰਡ ਵਿੱਚ ਕੈਦੀ ਬਣਿਆ ਹੋਇਆ ਸੀ।

"ਇਸ ਦਾ ਮਤਲਬ ਏ, ਕਿ ਮੈਂ ਉਸ ਨੂੰ ਹੁਣ ਹੋਰ ਨਹੀਂ ਵੇਖ ਸਕਾਂਗੀ। ਪਰ ਮੈਂ ਉਸ ਨੂੰ ਮਿਲੇ ਬਿਨਾਂ ਨਹੀਂ ਰਹਿ ਸਕਦੀ ਸੀ! ਸੋ ਮੈਂ ਉਸ ਨੂੰ ਮਿਲਣ ਟੁਰ ਪਈ।... ਮੈਂ ਮੰਗਤੀ ਵਰਗਾ ਭੇਸ ਬਣਾ ਲਿਆ, ਲੰਗੜੀ ਹੋਣ ਦਾ ਬਹਾਨਾ ਕੀਤਾ, ਤੇ ਆਪਣੇ ਮੂੰਹ ਨੂੰ ਬੰਨ੍ਹਦੀ ਹੋਈ ਮੈਂ ਉਸ ਪਿੰਡ ਪੁੱਜ ਗਈ। ਇਹ ਕਜ਼ਾਕਾਂ ਤੇ ਸਿਪਾਹੀਆਂ ਨਾਲ਼ ਭਰਿਆ ਪਿਆ ਸੀ।... ਉੱਥੋਂ ਤੱਕ ਪਹੁੰਚਣਾ ਮੈਨੂੰ ਬੜਾ ਮਹਿੰਗਾ ਪਿਆ! ਮੈਂ ਲੱਭ ਲਿਆ ਕਿ ਪੋਲ ਕਿੱਥੇ ਨੇ। ਮੈਂ ਵੇਖ ਸਕਦੀ ਸਾਂ ਕਿ ਉੱਥੋਂ ਤੱਕ ਪੁੱਜਣਾ ਕੋਈ ਸੌਖਾ ਕੰਮ ਨਹੀਂ ਸੀ। ਪਰ ਮੈਂ ਪੁੱਜਣਾ ਸੀ। ਸੋ, ਇੱਕ ਰਾਤ ਮੈਂ ਰਿੜ੍ਹਦੀ ਹੋਈ ਉਸ ਥਾਂ ਤੱਕ ਜਾ ਪਹੁੰਚੀ, ਇੱਕ ਸਬਜ਼ੀਆਂ ਦੀ ਪੈਲ਼ੀ ਵਿੱਚੋਂ ਦੀ, ਸਿਆੜਾਂ ਦੇ ਵਿੱਚੋਂ, ਤੇ ਇਕਦਮ ਇੱਕ ਸੰਤਰੀ ਨੇ ਮੇਰਾ ਰਾਹ ਰੋਕ ਲਿਆ।... ਪਰ ਪੋਲਾਂ ਦੀ ਗਾਉਂਦਿਆਂ ਦੀ ਤੇ ਉੱਚੀ-ਉੱਚੀ ਗੱਲਾਂ ਕਰਦਿਆਂ ਦੀ ਮੈਨੂੰ ਅਵਾਜ਼ ਆਉਣ ਲੱਗ ਪਈ ਸੀ। ਉਹ ਮਰੀਅਮ ਦਾ ਗੀਤ ਗਾ ਰਹੇ ਸਨ, ਤੇ ਮੈਂ ਆਪਣੇ ਅਰਕਾਦੇਕ ਦੀ ਅਵਾਜ਼ ਸੁਣ ਸਕਦੀ ਸਾਂ।... ਮੈਂ, ਕਸੈਲੇ ਸੁਆਦ ਨਾਲ, ਉਹਨਾਂ ਸਮਿਆਂ ਨੂੰ ਯਾਦ ਕੀਤੇ ਬਿਨਾਂ ਨਾ ਰਹਿ ਸਕੀ ਜਦੋਂ ਆਦਮੀ ਮੇਰੇ ਸਾਮ੍ਹਣੇ ਰੀਂਗਦੇ ਹੁੰਦੇ ਸਨ, ਤੇ ਹੁਣ ਮੈਂ ਸਾਂ ਕਿ ਇੱਕ ਆਦਮੀ ਦੀ ਖ਼ਾਤਰ ਸੱਪ ਵਾਂਗ ਜ਼ਮੀਨ ਉੱਤੇ ਰੀਂਗ ਰਹੀ ਸਾਂ, ਤੇ ਸ਼ਾਇਦ ਰੀਂਗਦੀ ਹੋਈ ਮੌਤ ਵੱਲ ਜਾ ਰਹੀ ਸਾਂ। ਸੰਤਰੀ ਨੇ ਮੇਰਾ ਖੜਾਕ ਸੁਣਿਆ ਤੇ ਅੱਗੇ ਵਧਿਆ। ਮੈਂ ਕੀ ਕਰਦੀ ? ਮੈਂ ਜ਼ਮੀਨ ਤੋਂ ਉੱਠੀ ਉਸ ਵੱਲ ਵਧੀ। ਮੇਰੇ ਕੋਲ਼ ਕੋਈ ਚਾਕੂ, ਕੋਈ ਕੁੱਝ ਨਹੀਂ ਸੀ, ਸਿਰਫ਼ ਮੇਰੇ ਹੱਥ ਸਨ ਤੇ ਮੇਰੀ ਜੀਭ ਸੀ। ਮੈਨੂੰ ਅਫ਼ਸੋਸ ਹੋਇਆ ਕਿ ਮੈਂ ਆਪਣਾ ਛੁਰਾ ਨਾਲ਼ ਨਹੀਂ ਸੀ ਲਿਆਂਦਾ। ਮੈਂ ਹੌਲ਼ੀ ਜਿਹਾ ਕਿਹਾ : 'ਰੁੱਕ ਜਾ!' ਪਰ ਸਿਪਾਹੀ ਨੇ ਆਪਣੀ ਸੰਗੀਨ ਮੇਰੇ ਗਲੇ ਵੱਲ ਸੇਧ ਦਿੱਤੀ। ਮੈਂ ਉਸ ਨੂੰ ਮਸਾਂ ਸੁਣੀਂਦੀ ਅਵਾਜ਼ ਵਿੱਚ ਕਿਹਾ : 'ਮੈਨੂੰ ਸੰਗੀਨ ਨਾਲ਼ ਨਾ ਮਾਰ, ਰੁੱਕ ਜਾ! ਮੇਰੀ ਗੱਲ ਸੁਣ, ਜੇ ਤੇਰੇ ਵਿੱਚ ਰੂਹ ਹੈ ਤਾਂ! ਮੇਰੇ ਕੋਲ਼ ਤੈਨੂੰ ਦੇਣ ਲਈ ਕੁੱਝ ਨਹੀਂ, ਪਰ ਮੈਂ ਵਾਸਤਾ ਪਾਉਂਦੀ ਹਾਂ...' ਉਸ ਨੇ ਬੰਦੂਕ ਨੀਵੀਂ ਕਰ ਲਈ, ਤੇ ਮਸਾਂ ਸੁਣੀਂਦੀ ਅਵਾਜ਼ ਵਿੱਚ ਹੀ ਮੈਨੂੰ ਕਹਿਣ ਲੱਗਾ : 'ਚਲੀ ਜਾ, ਬੁੱਢੀਏ! ਚਲੀ ਜਾ! ਇੱਥੋਂ ਤੂੰ ਕੀ ਲੈਣੈ ?' ਮੈਂ ਉਸ ਨੂੰ ਦੱਸਿਆ ਕਿ ਮੇਰਾ ਪੁੱਤਰ ਇੱਥੇ ਕੈਦੀ ਏ।... 'ਤੂੰ ਸਮਝਦੈ, ਸਿਪਾਹੀ—ਬੇਟਾ! ਤੇਰੀ ਵੀ ਮਾਂ ਹੈ, ਕਿ ਨਹੀਂ ? ਮੇਰੇ ਵੱਲ ਵੇਖ, ਫਿਰ—ਤੇਰੇ ਵਰਗਾ ਮੇਰਾ ਬੇਟਾ ਏ, ਤੇ ਉਹ ਔਥੇ ਹੈ! ਮੈਨੂੰ ਇੱਕ ਨਜ਼ਰ ਉਸ ਨੂੰ ਵੇਖ ਲੈਣ ਦੇ, ਕੀ ਪਤਾ ਉਹਨੇ ਬਚਣਾ ਵੀ ਆ ਕਿ ਨਹੀਂ... ਤੇ ਕੀ ਪਤਾ ਤੂੰ ਵੀ ਭਲਕ ਨੂੰ ਨਹੀਂ ਮਾਰਿਆ ਜਾਣਾ।... ਕੀ ਤੇਰੀ ਮਾਂ ਤੈਨੂੰ ਨਹੀਂ ਰੋਏਗੀ ? ਆਪਣੀ ਮਾਂ ਨੂੰ ਦੇਖੇ ਬਿਨਾਂ ਮਰਨਾ ਤੈਨੂੰ ਮੁਸ਼ਕਲ ਨਹੀਂ ਲਗੇਗਾ ? ਇਸੇ ਤਰ੍ਹਾਂ ਮੇਰੇ ਬੇਟੇ ਲਈ ਹੋਏਗਾ। ਆਪਣੇ ਉੱਤੇ ਰਹਿਮ ਕਰ, ਤੇ ਉਹਦੇ ਉੱਤੇ, ਤੇ ਮੇਰੇ ਉੱਤੇ—ਇੱਕ ਮਾਂ ਉੱਤੇ!'

"ਉਫ਼, ਕਿੰਨਾ ਚਿਰ ਮੈਂ ਉਸ ਦੇ ਤਰਲੇ ਕਰਦੀ ਰਹੀ! ਬਾਰਸ਼ ਹੋ ਰਹੀ ਸੀ, ਤੇ ਅਸੀਂ ਦੋਵੇਂ ਭਿੱਜੇ ਪਏ ਸਾਂ। ਹਵਾ ਝੁੱਲ ਰਹੀ ਤੇ ਗਰਜ ਰਹੀ ਸੀ, ਕਦੀ ਮੈਨੂੰ ਪਿੱਛੋਂ ਦੀ ਪੈਂਦੀ, ਕਦੀ-ਕਦੀ ਅੱਗੋਂ ਦੀ। ਮੈਂ ਉਸ ਪੱਥਰ-ਦਿਲ ਸਿਪਾਹੀ ਅੱਗੇ ਝੂਲਦੀ ਖੜੀ ਰਹੀ, ਪਰ ਉਹ ਕਹੀ ਗਿਆ : 'ਨਹੀਂ! ਨਹੀਂ!' ਤੇ ਹਰ ਵਾਰੀ ਜਦੋਂ ਮੈਂ ਇਹ ਠੰਡਾ-ਯੱਖ ਲਫਜ਼ ਸੁਣਦੀ, ਮੇਰੀ

ਛਾਤੀ ਵਿੱਚ ਆਪਣੇ ਅਰਕਾਦੇਕ ਨੂੰ ਵੇਖਣ ਦੀ ਇੱਛਾ ਹੋਰ ਵੀ ਤੇਜ਼ ਬਲ਼ ਉੱਠਦੀ।... ਉਸ ਦੇ ਨਾਲ਼ ਗੱਲਾਂ ਕਰਦੀ-ਕਰਦੀ ਨੇ ਮੈਂ ਉਸ ਸਿਪਾਹੀ ਨੂੰ ਭਾਂਪਿਆ—ਉਹ ਮਧਰਾ ਤੇ ਪਤਲਾ ਸੀ, ਤੇ ਖੰਘਦਾ ਸੀ। ਮੈਂ ਉਸ ਦੇ ਸਾਮ੍ਹਣੇ ਜ਼ਮੀਨ ਉੱਤੇ ਡਿੱਗ ਪਈ ਤੇ ਉਸ ਦੇ ਗੋਡਿਆਂ ਨੂੰ ਜੱਫੀ ਪਾ ਲਈ, ਭੱਖਦੇ ਲਫਜ਼ਾਂ ਨਾਲ਼ ਵਾਸਤੇ ਪਾਉਣ ਲੱਗੀ ਕਿ ਮੈਨੂੰ ਲੰਘ ਜਾਣ ਦੇ। ਇੱਕਦਮ ਮੈਂ ਉਸ ਨੂੰ ਜ਼ੋਰ ਦੀ ਖਿੱਚਿਆ ਤੇ ਉਹ ਜ਼ਮੀਨ ਉੱਤੇ ਡਿੱਗ ਪਿਆ, ਚਿੱਕੜ ਵਿੱਚ। ਮੈਂ ਉਸ ਨੂੰ ਇਕਦਮ ਮੂਧਾ ਕਰ ਦਿੱਤਾ ਤੇ ਉਸ ਦਾ ਮੂੰਹ ਇਕਦਮ ਚਲ੍ਹੇ ਵਿੱਚ ਦਬਾ ਦਿੱਤਾ, ਕਿ ਉਹ ਚੀਕ ਨਾ ਸਕੇ। ਪਰ ਉਹ ਚੀਕਿਆ ਨਾ, ਸਿਰਫ਼ ਮੈਨੂੰ ਆਪਣੀ ਪਿੱਠ ਤੋਂ ਲਾਹੁਣ ਲਈ ਜ਼ੋਰ ਲਾਉਂਦਾ ਰਿਹਾ। ਮੈਂ ਉਸ ਦਾ ਸਿਰ ਆਪਣੇ ਦੋਹਾਂ ਹੱਥਾਂ ਨਾਲ਼ ਹੋਰ ਡੂੰਘਾ ਚਿੱਕੜ ਵਿੱਚ ਦਬਾ ਦਿੱਤਾ, ਤੇ ਉਸ ਦਾ ਸਾਹ ਘੁੱਟਿਆ ਗਿਆ।... ਫਿਰ ਮੈਂ ਉਸ ਕੋਠੇ ਵੱਲ ਨੱਠ ਪਈ, ਜਿੱਥੇ ਪੋਲ ਬੰਦ ਸੀ। 'ਅਰਕਾਦੇਕ!' ਮੈਂ ਕੰਧ ਵਿਚਲੀ ਝੀਤ ਵਿੱਚੋਂ ਹੌਲ਼ੀ ਜਿਹੀ ਕਿਹਾ। ਉਹਨਾਂ ਪੋਲਾਂ ਦੇ ਬੜੇ ਤੇਜ਼ ਦਿਮਾਗ਼ ਹੁੰਦੇ ਨੇ। ਉਹਨਾਂ ਮੇਰੀ ਅਵਾਜ਼ ਸੁਣੀ ਪਰ ਗਾਉਣਾ ਬੰਦ ਨਾ ਕੀਤਾ! ਮੈਂ ਉਸ ਦੀਆਂ ਅੱਖਾਂ ਦੂਜੇ ਪਾਸੇ ਬਿਲਕੁਲ ਸਾਮ੍ਹਣੇ ਵੇਖ ਸਕਦੀ ਸਾਂ। 'ਕੀ ਤੂੰ ਬਾਹਰ ਇੱਥੇ ਆ ਸਕਦੈਂ ?' ਮੈਂ ਮਸਾਂ ਸੁਣੀਂਦੀ ਅਵਾਜ਼ ਵਿੱਚ ਕਿਹਾ। 'ਹਾਂ, ਫ਼ਰਸ਼ ਰਾਹੀਂ।' ਉਹ ਬੋਲਿਆ। 'ਆ ਜਾ, ਫਿਰ।' ਤੇ ਉਹ ਚਾਰ ਜਣੇ ਰੀਂਗਦੇ ਹੋਏ ਕੋਠੇ ਵਿੱਚੋਂ ਬਾਹਰ ਆ ਗਏ—ਤਿੰਨ ਤੇ ਮੇਰਾ ਅਰਕਾਦੇਕ। 'ਸੰਤਰੀ ਕਿੱਥੇ ਐ ?' ਅਰਕਾਦੇਕ ਮੈਨੂੰ ਪੁੱਛਣ ਲੱਗਾ। 'ਉਹ ਔਥੇ ਪਿਐ।' ਤੇ ਅਸੀਂ ਚੁੱਪ-ਚਾਪ, ਹੋਰ ਵੀ ਜ਼ਿਆਦਾ ਚੁੱਪ-ਚਾਪ ਰੀਂਗਦੇ ਗਏ, ਬਿਲਕੁਲ ਜ਼ਮੀਨ ਦੇ ਨਾਲ਼ ਨਾਲ਼ ਲੱਗ ਕੇ। ਬਾਰਸ਼ ਮੋਹਲੇਧਾਰ ਹੋ ਰਹੀ ਸੀ, ਹਵਾ ਗਰਜ਼ ਰਹੀ ਸੀ। ਅਸੀਂ ਪਿੰਡ ਵਿੱਚੋਂ ਨਿਕਲੇ ਤੇ ਜੰਗਲ ਵਿੱਚ ਜਾ ਵੜੇ। ਅਸੀਂ ਕਿੰਨੀ ਦੇਰ ਚੁੱਪ-ਚਾਪ ਟੁਰਦੇ ਰਹੇ। ਅਸੀਂ ਤੇਜ਼-ਤੇਜ਼ ਟੁਰ ਰਹੇ ਸਾਂ। ਅਰਕਾਦੇਕ ਨੇ ਮੇਰਾ ਹੱਥ ਫੜਿਆ ਹੋਇਆ ਸੀ; ਉਸ ਦਾ ਹੱਥ ਗਰਮ ਤੇ ਕੰਬਦਾ ਪਿਆ ਸੀ। ਉਫ! ਉਸ ਦੇ ਨਾਲ਼-ਨਾਲ਼ ਤੁਰਨਾ ਮੈਨੂੰ ਕਿੰਨਾ ਚੰਗਾ ਲੱਗਾ, ਜਦੋਂ ਤੱਕ ਉਹ ਇੱਕ ਲਫਜ਼ ਵੀ ਨਹੀਂ ਸੀ ਬੋਲ ਰਿਹਾ। ਉਹ ਆਖਰੀ ਘੜੀਆਂ ਸਨ, ਆਖਰੀ ਚੰਗੀਆਂ ਘੜੀਆਂ, ਮੇਰੀ ਲਾਲਚੀ ਜ਼ਿੰਦਗੀ ਦੀਆਂ। ਆਖ਼ਰ ਅਸੀਂ ਇੱਕ ਜੂਹ ਵਿੱਚ ਆ ਗਏ, ਤੇ ਰੁੱਕ ਗਏ। ਉਹਨਾਂ ਚੌਹਾਂ ਨੇ ਮੇਰਾ ਧੰਨਵਾਦ ਕੀਤਾ। ਉਫ਼, ਕਿਸੇ ਗੱਲ ਬਾਰੇ ਕਿੰਨਾ ਚਿਰ ਤੇ ਕਿੰਨਾ ਜ਼ਿਆਦਾ ਗੱਲਾਂ ਕਰਦੇ ਰਹੇ, ਜਿਸ ਦੀ ਮੈਨੂੰ ਸਮਝ ਨਾ ਆਈ। ਮੈਂ ਉਹਨਾਂ ਨੂੰ ਸੁਣਦੀ ਰਹੀ, ਪਰ ਆਪਣੀਆਂ ਅੱਖਾਂ ਆਪਣੇ ਨਵਾਬਜ਼ਾਦੇ ਉੱਤੇ ਟਿਕਾ ਛੱਡੀਆਂ, ਇਹ ਸੋਚਦਿਆਂ ਕਿ ਉਹ ਕੀ ਕਹੇਗਾ। ਇਕਦਮ ਉਸ ਨੇ ਮੈਨੂੰ ਜੱਫੀ ਪਾ ਲਈ ਤੇ ਇੰਝ ਅਹਿਮ ਬੰਦਿਆਂ ਵਾਲ਼ੇ ਅੰਦਾਜ਼ ਵਿੱਚ ਬੋਲਿਆ।... ਮੈਨੂੰ ਹੁਣ ਯਾਦ ਨਹੀਂ ਉਸ ਨੇ ਠੀਕ-ਠਾਕ ਕੀ ਕਿਹਾ ਸੀ, ਪਰ ਉਸ ਦਾ ਮਤਲਬ ਇਹ ਸੀ ਕਿ ਹੁਣ ਉਹ ਮੈਨੂੰ ਕ੍ਰਿਤਗਤਾ ਦੀ ਖ਼ਾਤਰ ਪਿਆਰ ਕਰੇਗਾ, ਕਿਉਂਕਿ ਮੈਂ ਉਸ ਦੀ ਦੌੜਨ ਵਿੱਚ ਸਹਾਇਤਾ ਕੀਤੀ ਸੀ। ਤੇ ਉਹ ਮੇਰੇ ਅੱਗੇ ਗੋਡਿਆਂ ਭਾਰ ਹੋ ਗਿਆ ਤੇ ਮੁਸਕ੍ਰਾਉਂਦਾ ਹੋਇਆ ਕਹਿਣ ਲੱਗਾ : 'ਮੇਰੀ ਮਲਕਾ!' ਝੂਠਾ ਕੁੱਤਾ! ਮੈਂ ਉਸ ਨੂੰ ਠੁੱਡਾ ਮਾਰਿਆ ਤੇ ਇੱਕ ਥੱਪੜ ਲਾਉਣਾ ਚਾਹੁੰਦੀ ਸਾਂ, ਕਿ ਉਹ ਡਿੱਗਦਾ-ਡਿੱਗਦਾ ਭੁੜਕ ਕੇ ਖੜੋ ਗਿਆ। ਉਹ ਪੀਲ਼ਾ ਪਿਆ ਹੋਇਆ ਤੇ ਡਰਾਵੇ ਦੇਂਦਾ ਮੇਰੇ

ਅੱਗੇ ਖੜਾ ਸੀ।... ਬਾਕੀ ਤਿੰਨੇ ਵੀ ਮੂੰਹ ਵੱਟੀ ਖੜੇ ਹੋ ਗਏ। ਤੇ ਕਿਸੇ ਨੇ ਕੋਈ ਲਫਜ਼ ਨਾ ਕਿਹਾ। ਮੈਂ ਉਹਨਾਂ ਵੱਲ ਦੇਖਿਆ ਤੇ—ਮੈਨੂੰ ਬੜੀ ਚੰਗੀ ਤਰ੍ਹਾਂ ਯਾਦ ਏ—ਸਿਰਫ਼ ਦਿਲਗੀਰੀ ਤੇ ਆਲਸ ਦਾ ਅਹਿਸਾਸ ਹੀ ਮੈਨੂੰ ਹੋਇਆ। ਮੈਂ ਉਹਨਾਂ ਨੂੰ ਕਿਹਾ : 'ਜਾਓ!' ਉਹ ਕੁੱਤੇ ਮੈਨੂੰ ਪੁੱਛਣ ਲੱਗੇ : 'ਤੂੰ ਹੁਣ ਉੱਥੇ ਵਾਪਸ ਜਾਏਂਗੀ ਤੇ ਦੱਸੇਂਗੀ ਕਿ ਅਸੀਂ ਕਿਹੜੇ ਰਾਹ ਗਏ ਹਾਂ?' ਏਨੇ ਕਮੀਨੇ ਸਨ ਉਹ! ਤਾਂ ਵੀ, ਉਹ ਚਲੇ ਗਏ, ਤੇ ਮੈਂ ਵੀ ਚਲੀ ਗਈ।... ਅਗਲੇ ਦਿਨ ਤੁਹਾਡੇ ਲੋਕਾਂ ਨੇ ਮੈਨੂੰ ਫੜ ਲਿਆ, ਪਰ ਜਲਦੀ ਹੀ ਛੱਡ ਦਿੱਤਾ। ਫਿਰ ਮੈਂ ਮਹਿਸੂਸ ਕੀਤਾ ਕਿ ਹੁਣ ਵੇਲਾ ਏ ਕਿ ਆਪਣੇ ਲਈ ਕੋਈ ਆਲ੍ਹਣਾ ਬਣਾਵਾਂ। ਬਥੇਰਾ ਕੋਇਲ ਵਾਂਗ ਰਹਿ ਲਿਆ ਸੀ! ਮੈਂ ਭਾਰੀ ਹੋ ਗਈ ਸਾਂ, ਮੇਰੇ ਖੰਭ ਕਮਜ਼ੋਰ ਹੋ ਗਏ ਸਨ, ਤੇ ਮੇਰੇ ਖੰਭਾਂ ਦੀ ਚਮਕ ਜਾਂਦੀ ਰਹੀ ਸੀ।... ਹਾਂ, ਹੁਣ ਸਮਾਂ ਸੀ! ਸੋ ਮੈਂ ਗਾਲੀਸ਼ੀਆ ਚਲੀ ਗਈ, ਤੇ ਉੱਥੋਂ ਦੋਬਰੂਜਾ। ਉਦੋਂ ਤੋਂ ਮੈਂ ਇੱਥੇ ਰਹਿ ਰਹੀ ਹਾਂ, ਲਗਭਗ ਤੀਹ ਸਾਲ ਹੋ ਗਏ ਨੇ। ਮੇਰਾ ਘਰ ਵਾਲ਼ਾ ਵੀ ਸੀ, ਇੱਕ ਮੋਲਦਾਵੀਅਨ। ਸਾਲ ਕੁ ਹੀ ਹੋਇਐ, ਉਸ ਨੂੰ ਮਾਰਿਆ। ਤੇ ਹੁਣ ਮੈਂ ਇਉਂ ਰਹਿ ਰਹੀ ਹਾਂ! ਇਕੱਲੀ... ਨਹੀਂ, ਇਕੱਲੀ ਨਹੀਂ। ਉਹਨਾਂ ਨਾਲ਼।"

ਇਹ ਕਹਿੰਦਿਆਂ ਬੁੱਢੀ ਨੇ ਸਾਗਰ ਵਾਲ਼ੇ ਪਾਸੇ ਹੱਥ ਨਾਲ਼ ਇਸ਼ਾਰਾ ਕੀਤਾ। ਸਾਗਰ-ਕੰਢੇ ਹੁਣ ਚੁੱਪ-ਚਾਂ ਹੋ ਚੁੱਕੀ ਸੀ। ਕਦੀ-ਕਦੀ ਕੋਈ ਛੋਟੀ ਜਿਹੀ, ਬੜੀ ਹੌਲ਼ੀ ਜਿਹੀ ਅਵਾਜ਼ ਪੈਦਾ ਹੁੰਦੀ, ਤੇ ਇੱਕਦਮ ਖ਼ਤਮ ਹੋ ਜਾਂਦੀ।

"ਉਹ ਮੈਨੂੰ ਪਸੰਦ ਕਰਦੇ ਨੇ। ਮੈਂ ਉਹਨਾਂ ਨੂੰ ਕਿੰਨੀਆਂ ਸਾਰੀਆਂ ਦਿਲਚਸਪ ਗੱਲਾਂ ਸੁਣਾਉਂਦੀ ਹਾਂ, ਤੇ ਉਹਨਾਂ ਨੂੰ ਇਸਦੀ ਲੋੜ ਏ। ਉਹ ਸਾਰੇ ਅਜੇ ਜਵਾਨ ਨੇ।... ਉਹਨਾਂ ਨਾਲ਼ ਰਹਿਣਾ ਚੰਗਾ-ਚੰਗਾ ਲੱਗਦੈ। ਮੈਂ ਉਹਨਾਂ ਵੱਲ ਵੇਖਦੀ ਹਾਂ, ਤੇ ਆਪਣੇ ਬਾਰੇ ਸੋਚਦੀ ਹਾਂ : 'ਮੈਂ ਵੀ ਕਦੀ ਉਹਨਾਂ ਵਰਗੀ ਹੁੰਦੀ ਸਾਂ।... ਸਿਰਫ਼, ਮੇਰੇ ਵੇਲੇ ਲੋਕਾਂ ਵਿੱਚ ਜ਼ਿਆਦਾ ਬਲ ਤੇ ਅੱਗ ਹੁੰਦੀ ਸੀ ਤੇ ਇਸੇ ਕਰਕੇ ਉਹ ਜ਼ਿਆਦਾ ਚੰਗਾ ਤੇ ਜ਼ਿਆਦਾ ਖੁਸ਼ ਰਹਿੰਦੇ ਸਨ।... ਹਾਂ!..."

ਉਹ ਚੁੱਪ ਹੋ ਗਈ। ਉਸ ਦੇ ਕੋਲ਼ ਬੈਠਾ ਮੈਂ ਉਦਾਸ-ਉਦਾਸ ਮਹਿਸੂਸ ਕਰਨ ਲੱਗਾ। ਪਰ ਉਹ ਉਂਘਲਾਉਣ ਲੱਗ ਪਈ, ਆਪਣੀ ਸਿਰ ਮਾਰਦੀ ਹੋਈ ਤੇ ਆਪਣੇ-ਆਪ ਵਿੱਚ ਕੁੱਝ ਬੁੜਬੁੜਾਉਂਦੀ ਹੋਈ।... ਸ਼ਾਇਦ ਉਹ ਪ੍ਰਾਰਥਨਾ ਕਰ ਰਹੀ ਸੀ।

ਸਾਗਰ ਤੋਂ ਇੱਕ ਬੱਦਲ ਉੱਠਿਆ—ਕਾਲ਼ਾ, ਭਾਰੀ ਤੇ ਪਹਾੜੀ ਸਿਲਸਿਲੇ ਦੀਆਂ ਚੋਟੀਆਂ ਵਾਂਗ, ਖੁਰਦਰੀਆਂ ਰੇਖਾਵਾਂ ਵਾਲ਼ਾ। ਇਹ ਰੀਂਗਦਾ ਹੋਇਆ ਸਤੇਪੀ ਉੱਤੇ ਛਾ ਗਿਆ; ਤੇ ਜਿਉਂ-ਜਿਉਂ ਇਹ ਤੁਰੀ ਗਿਆ, ਇਸ ਦੇ ਟੋਟੇ ਇਸ ਦੀ ਸਿਖਰ ਨਾਲ਼ੋਂ ਟੁੱਟਦੇ ਗਏ ਇਸ ਦੇ ਅੱਗੇ-ਅੱਗੇ ਦੌੜਣ ਲੱਗ ਪਏ, ਤੇ ਇਉਂ ਇੱਕ-ਇੱਕ ਕਰਕੇ ਸਿਤਾਰੇ ਬੁਝਾਉਂਦੇ ਚਲੇ ਗਏ। ਸਾਗਰ ਹੋਰ ਵੀ ਉੱਚੀ ਗਰਜਣ ਲੱਗਾ। ਅੰਗੂਰਾਂ ਦੀਆਂ ਵੇਲਾਂ ਵਿੱਚ, ਸਾਡੇ ਤੋਂ ਕੁੱਝ ਹੀ ਦੂਰ, ਚੁੰਮਣ, ਫੁਸਫੁਸ ਕਰਨ ਤੇ ਆਹਾਂ ਭਰਨ ਦੀਆਂ ਅਵਾਜ਼ਾਂ ਸੁਣੀਆਂ ਜਾ ਸਕਦੀਆਂ ਸਨ। ਦੂਰ ਸਤੇਪੀ ਵਿੱਚ ਇੱਕ ਕੁੱਤਾ ਰੋ ਰਿਹਾ ਸੀ।... ਹਵਾ ਅਜੀਬ ਜਿਹੀ ਵਾਸ਼ਨਾ ਨਾਲ਼, ਜਿਹੜੀ ਨਾਸਾਂ ਵਿੱਚ ਜਲੂਣ ਕਰਦੀ ਸੀ, ਤੰਤੂਆਂ ਨੂੰ ਖਿੱਝ ਚਾੜ੍ਹਦੀ ਸੀ।

ਅਕਾਸ਼ ਦੇ ਆਰ-ਪਾਰ ਜਾਂਦੇ ਬੱਦਲ ਜ਼ਮੀਨ ਉੱਤੇ ਅਣਗਿਣਤ ਪਰਛਾਵੇਂ ਸੁੱਟ ਰਹੇ ਸਨ, ਪੰਛੀਆਂ ਦੀ ਡਾਰ ਵਾਂਗ, ਜਿਹੜੀ ਗੁੰਮ ਹੋ ਜਾਂਦੀ ਸੀ ਤੇ ਫਿਰ ਆ ਵਿਖਾਈ ਦੇਂਦੀ ਸੀ।... ਚੰਨ ਧੁੰਦਲਾ ਜਿਹਾ, ਦੂਧੀਆ ਪੱਥਰ ਦਾ ਟੋਟਾ ਜਿਹਾ ਰਹਿ ਗਿਆ ਸੀ, ਤੇ ਕਦੀ -ਕਦੀ ਇਹ ਵੀ ਬੱਦਲ ਦੇ ਸਲੇਟੀ ਟੋਟੇ ਹੇਠ ਲੁਕ ਜਾਂਦਾ ਤੇ ਦੂਰ ਸਤੇਪੀ ਵਿੱਚ, ਜਿਹੜਾ ਹੁਣ ਕਾਲ਼ਾ ਤੇ ਗੰਭੀਰ ਲੱਗ ਰਿਹਾ ਸੀ, ਜਿਵੇਂ ਕਿ ਇਹ ਆਪਣੇ ਵਿੱਚ ਕੁੱਝ ਲੁਕਾ ਰਿਹਾ ਤੇ ਅੱਖਾਂ ਤੋਂ ਬਚਾ ਰਿਹਾ ਹੈ, ਨਿੱਕੀਆਂ-ਨਿੱਕੀਆਂ ਨੀਲ਼ੀਆਂ ਰੌਸ਼ਨੀਆਂ ਚਮਕ ਰਹੀਆਂ ਸਨ। ਉਹ ਕਦੀ ਇੱਕ ਥਾਂ, ਕਦੀ ਦੂਜੀ ਥਾਂ ਅੱਖ-ਪਲਕਾਰੇ ਲਈ ਦਿੱਸਦੀਆਂ ਤੇ ਲੋਪ ਹੋ ਜਾਂਦੀਆਂ, ਜਿਵੇਂ ਕਿ ਬਹੁਤ ਸਾਰੇ ਲੋਕ ਸਤੇਪੀ ਉੱਤੇ ਖਿਲਰੇ ਹੋਣ, ਇੱਕ-ਦੂਜੇ ਤੋਂ ਥੋੜੇ ਫ਼ਾਸਲੇ ਉੱਤੇ, ਤੇ ਕਿਸੇ ਚੀਜ਼ ਦੀ ਭਾਲ ਕਰ ਰਹੇ ਹੋਣ ਤੇ ਮਾਚਸਾਂ ਬਾਲ ਰਹੇ ਹੋਣ ਜਿਨ੍ਹਾਂ ਨੂੰ ਹਵਾ ਇੱਕਦਮ ਬੁਝਾ ਦੇਂਦੀ ਹੋਵੇ। ਉਹ ਲਾਟਾਂ ਦੀਆਂ ਨੀਲ਼ੀਆਂ ਜੀਭਾਂ ਸਨ, ਤੇ ਉਹਨਾਂ ਬਾਰੇ ਕੁੱਝ ਭੇਤ-ਭਰਿਆ ਸੀ।

"ਤੈਨੂੰ ਕੋਈ ਚੰਗਿਆੜੀਆਂ ਦਿੱਸਦੀਆਂ ਨੇ ?" ਇਜ਼ਰਗੀਲ ਮੈਨੂੰ ਪੁੱਛਣ ਲੱਗੀ।

"ਕਿਹੜੀਆਂ, ਔਹ ਨੀਲ਼ੀਆਂ ?" ਮੈਂ ਦੂਰ ਇਸ਼ਾਰਾ ਕਰਦਿਆਂ ਕਿਹਾ।

"ਨੀਲ਼ੀਆਂ ? ਹਾਂ ਇਹ ਉਹੋ ਨੇ।... ਸੋ ਆਖ਼ਰ ਉਹ ਉੱਡ ਰਹੀਆਂ ਨੇ ! ਚੰਗਾ ! ਚਲੋ ! ਹੁਣ ਉਹ ਮੈਨੂੰ ਦਿੱਸਦੀਆਂ ਨਹੀਂ। ਕਿੰਨਾ ਕੁੱਝ ਏ, ਜਿਹੜਾ ਹੁਣ ਮੈਂ ਨਹੀਂ ਵੇਖ ਸਕਦੀ।"

"ਇਹ ਚੰਗਿਆੜੀਆਂ ਕਿੱਥੋਂ ਆਉਂਦੀਆਂ ਨੇ ?" ਮੈਂ ਬੁੱਢੀ ਨੂੰ ਪੁੱਛਿਆ।

ਮੈਂ ਪਹਿਲਾਂ ਉਹਨਾਂ ਚੰਗਿਆੜੀਆਂ ਬਾਰੇ ਕੁੱਝ ਸੁਣ ਚੁੱਕਾ ਸਾਂ, ਪਰ ਮੈਂ ਸੁਣਨਾ ਚਾਹੁੰਦਾ ਸਾਂ ਕਿ ਬੁੱਢੀ ਇਜ਼ਰਗੀਲ ਮੈਨੂੰ ਉਹਨਾਂ ਬਾਰੇ ਕੀ ਦੱਸਦੀ ਹੈ।

"ਇਹ ਚੰਗਿਆੜੀਆਂ ਦਾਨਕੋ ਦੇ ਬਲਦੇ ਦਿਲ ਵਿੱਚੋਂ ਨਿਕਲਦੀਆਂ ਨੇ," ਉਹ ਬੋਲੀ। "ਇੱਕ ਵਾਰੀ ਦੀ ਗੱਲ ਏ ਕਿ ਇੱਕ ਦਿਨਲ ਹੁੰਦਾ ਸੀ, ਜਿਹੜਾ ਇੱਕ ਦਿਨ ਲਾਟ ਬਣ ਕੇ ਬਲਣ ਲੱਗ ਪਿਆ।... ਤੇ ਇਹ ਚੰਗਿਆੜੀਆਂ ਉਸ ਲਾਟ ਵਿੱਚੋਂ ਨਿਕਲਦੀਆਂ ਨੇ। ਮੈਂ ਤੈਨੂੰ ਇਸ ਬਾਰੇ ਦੱਸਦੀ ਹਾਂ।... ਇਹ ਵੀ ਇੱਕ ਪੁਰਾਣੀ ਕਹਾਣੀ ਏ।... ਪੁਰਾਣੀ। ਸਭ ਕੁੱਝ ਪੁਰਾਣਾ ਏ ! ਦੇਖਦੈਂ, ਪੁਰਾਣੇ ਦਿਨਾਂ ਵਿੱਚ ਕਿੰਨਾ ਕੁੱਝ ਵਾਪਰਦਾ ਸੀ ! ਅੱਜ-ਕੱਲ ਇਹੋ ਜਿਹੀ ਕੋਈ ਗੱਲ ਨਹੀਂ—ਕੋਈ ਵੱਡੇ ਕਾਰਨਾਮੇ ਨਹੀਂ, ਕੋਈ ਆਦਮੀ ਨਹੀਂ, ਕੋਈ ਕਹਾਣੀਆਂ ਨਹੀਂ !... ਕਿਉਂ ?... ਅੱਛਾ, ਦੱਸ ਮੈਨੂੰ ! ਤੂੰ ਨਹੀਂ ਮੈਨੂੰ ਦੱਸ ਸਕਦਾ।... ਤੈਨੂੰ ਪਤਾ ਹੀ ਕੀ ਏ ? ਤੁਹਾਨੂੰ, ਨੌਜਵਾਨਾਂ, ਵਿੱਚੋਂ ਕਿਸੇ ਨੂੰ ਵੀ ਕੀ ਪਤੈ ? ਏਖ... ਏਖ਼ ! ਜੇ ਤੁਸੀਂ ਬੀਤੇ ਵੱਲ ਜ਼ਰਾ ਚੰਗੀ ਤਰ੍ਹਾਂ ਵੇਖੋਂ, ਤਾਂ ਤੁਹਾਨੂੰ ਆਪਣੇ ਸਾਰੇ ਮਸਲਿਆਂ ਦੇ ਹੱਲ ਲੱਭ ਪੈਣਗੇ।... ਪਰ ਤੁਸੀਂ ਨਹੀਂ ਵੇਖਦੇ, ਤੇ ਇਸੇ ਕਰਕੇ ਤੁਹਾਨੂੰ ਪਤਾ ਨਹੀਂ ਲੱਗਦਾ, ਕਿਵੇਂ ਰਹੀਏ।... ਮੈਂ ਵੇਖਦੀ ਨਹੀਂ ਲੋਕੀਂ ਕਿਵੇਂ ਰਹਿੰਦੇ ਨੇ ? ਉਫ਼, ਮੈਂ ਸਾਰਾ ਕੁੱਝ ਵੇਖਦੀ ਹਾਂ, ਭਾਵੇਂ ਮੇਰੀਆਂ ਅੱਖਾਂ ਹੁਣ ਏਨੀਆਂ ਚੰਗੀਆਂ ਨਹੀਂ ਰਹੀਆਂ, ਜਿੰਨੀਆਂ ਕਦੀ ਹੁੰਦੀਆਂ ਸਨ ! ਪਰ ਮੈਂ ਵੇਖਦੀ ਹਾਂ ਕਿ ਲੋਕੀਂ ਜਿਊਂਦੇ ਨਹੀਂ, ਸਗੋਂ ਜਿਊਣ ਦਾ ਨਿਸ਼ਾਨਾ ਲੱਭਦੇ ਨੇ, ਨਿਸ਼ਾਨਾ ਲੱਭਦੇ ਨੇ, ਤੇ ਇਸੇ

ਤਰ੍ਹਾਂ ਸਾਰੀ ਜ਼ਿੰਦਗੀ ਕੱਟ ਲੈਂਦੇ ਨੇ। ਤੇ ਆਪਣੇ-ਆਪ ਨੂੰ ਪ੍ਰਾਪਤ ਕਰਨ ਯੋਗ ਹਰ ਚੀਜ਼ ਤੋਂ ਵਾਂਝਿਆਂ ਕਰਦਿਆਂ, ਆਪਣਾ ਸਾਰਾ ਸਮਾਂ ਗੁਆ ਲੈਣ ਪਿੱਛੋਂ, ਉਹ ਆਪਣੀ ਕਿਸਮਤ ਉੱਤੇ ਵਿਰਲਾਪ ਕਰਨ ਲੱਗ ਪੈਂਦੇ ਨੇ! ਇਸ ਨਾਲ਼ ਕਿਸਮਤ ਦਾ ਕੀ ਵਾਸਤਾ? ਹਰ ਕੋਈ ਆਪਣੀ ਕਿਸਮਤ ਦਾ ਆਪ ਫ਼ੈਸਲਾ ਕਰਦੈ! ਮੈਨੂੰ ਅੱਜ-ਕੱਲ੍ਹ ਹਰ ਤਰ੍ਹਾਂ ਦੇ ਬੰਦੇ ਦਿੱਸਦੇ ਨੇ, ਪਰ ਕੋਈ ਤਕੜਾ ਬੰਦਾ ਨਹੀਂ ਦਿੱਸਦਾ! ਉਹਨਾਂ ਨੂੰ ਕੀ ਹੋ ਗਿਐ?... ਤੇ ਸੋਹਣੇ ਬੰਦੇ ਵੀ ਦਿਨੋਂ-ਦਿਨ ਘੱਟਦੇ ਜਾਂਦੇ ਨੇ।"

ਬੁੱਢੀ ਸੋਚਾਂ ਵਿੱਚ ਡੁੱਬ ਗਈ, ਇਸ ਗੱਲ ਬਾਰੇ ਹੈਰਾਨ ਹੁੰਦੀ ਹੋਈ ਕਿ ਤਕੜੇ ਤੇ ਸੋਹਣੇ ਆਦਮੀਆਂ ਤੇ ਔਰਤਾਂ ਦਾ ਕੀ ਬਣਿਆ, ਤੇ ਉਹ ਹਨ੍ਹੇਰੀ ਸਤੇਪੀ ਵਿੱਚ ਇੱਕ-ਟਕ ਵੇਖ ਰਹੀ ਸੀ, ਜਿਵੇਂ ਉੱਥੋਂ ਜਵਾਬ ਲੱਭ ਰਹੀ ਹੋਵੇ।

ਮੈਂ ਚੁੱਪ-ਚਾਪ ਉਸ ਦੀ ਕਹਾਣੀ ਦੀ ਉਡੀਕ ਕਰਨ ਲੱਗਾ, ਕਿਉਂਕਿ ਮੈਨੂੰ ਡਰ ਸੀ ਕਿ ਜੇ ਮੈਂ ਕੁੱਝ ਪੁੱਛਿਆ ਤਾਂ ਉਹ ਇੱਕ ਵਾਰ ਫਿਰ ਲਾਂਭੇ ਚਲੀ ਜਾਇਗੀ।

ਆਖ਼ਰ ਉਸ ਨੇ ਬੋਲਣਾ ਸ਼ੁਰੂ ਕੀਤਾ ਤੇ ਮੈਨੂੰ ਹੇਠ ਲਿਖੀ ਕਹਾਣੀ ਸੁਣਾਈ।

3.

"ਇੱਕ ਵਾਰ ਦੀ ਗੱਲ ਏ, ਬਹੁਤ ਸਮਾਂ ਪਹਿਲਾਂ ਇੱਕ ਕਬੀਲਾ ਹੁੰਦਾ ਸੀ, ਜਿਹੜਾ ਸਤੇਪੀ ਵਿੱਚ ਰਹਿੰਦਾ ਸੀ, ਜਿਹੜੀ ਤਿੰਨ ਪਾਸਿਓਂ ਸੰਘਣੇ ਜੰਗਲਾਂ ਨਾਲ਼ ਘਿਰੀ ਹੋਈ ਸੀ। ਉਹ ਖ਼ੁਸ਼-ਰਹਿਣੇ, ਬਲਵਾਨ ਤੇ ਬਹਾਦਰ ਲੋਕ ਸਨ। ਪਰ ਇੱਕ ਵਾਰ ਉਹਨਾਂ ਉੱਤੇ ਡਾਢਾ ਸਮਾਂ ਆਇਆ, ਓਪਰੇ ਕਬੀਲੇ ਕਿਧਰੋਂ ਗ਼ੈਬੋਂ ਆ ਉਤਰੇ ਤੇ ਉਹਨਾਂ ਨੂੰ ਧੁਰ ਜੰਗਲਾਂ ਵਿੱਚ ਧੱਕ ਦਿੱਤਾ। ਜੰਗਲ ਹਨ੍ਹੇਰਾ ਤੇ ਦਲਦਲ ਵਾਲ਼ਾ ਸੀ, ਕਿਉਂਕਿ ਦਰਖ਼ਤ ਬੜੇ ਬੁੱਢੇ ਸਨ, ਤੇ ਉਹਨਾਂ ਦੀਆਂ ਟਹਿਣੀਆਂ ਏਨੀ ਸੰਘਣੀ ਤਰ੍ਹਾਂ ਇੱਕ-ਦੂਜੀ ਨਾਲ਼ ਲਿਪਟੀਆਂ ਹੋਈਆਂ ਸਨ ਕਿ ਉਹਨਾਂ ਅਸਮਾਨ ਪੂਰੀ ਤਰ੍ਹਾਂ ਢੱਕਿਆ ਹੋਇਆ ਸੀ, ਤੇ ਸੂਰਜ ਦੀਆਂ ਕਿਰਨਾਂ ਮੁਸ਼ਕਲ ਨਾਲ਼ ਹੀ ਸੰਘਣੇ ਪੱਤਿਆਂ ਵਿੱਚੋਂ ਲੰਘ ਕੇ ਜ਼ਮੀਨ ਤੱਕ ਪਹੁੰਚ ਸਕਦੀਆਂ ਸਨ। ਜਦੋਂ ਸੂਰਜ ਦੀਆਂ ਕਿਰਨਾਂ ਜ਼ਮੀਨ ਤੱਕ ਪਹੁੰਚ ਹੀ ਜਾਂਦੀਆਂ, ਤਾਂ ਉਹ ਅਜਿਹੀ ਬਦਬੂਦਾਰ ਹਵਾੜ ਪੈਦਾ ਕਰਦੀਆਂ ਕਿ ਲੋਕ ਇਸ ਨਾਲ਼ ਮਰ ਜਾਂਦੇ। ਤੇ ਫਿਰ ਇਸ ਕਬੀਲੇ ਦੀਆਂ ਔਰਤਾਂ ਤੇ ਬੱਚੇ ਰੋਣ ਲੱਗੇ, ਤੇ ਆਦਮੀ ਦਿਲਗੀਰ ਹੋ ਗਏ। ਉਹਨਾਂ ਸਮਝ ਲਿਆ ਕਿ ਜੇ ਬਚਣਾ ਹੈ ਤਾਂ ਜੰਗਲ ਵਿੱਚੋਂ ਨਿਕਲਣਾ ਜ਼ਰੂਰੀ ਹੈ। ਪਰ ਇੰਝ ਕਰਨ ਦੇ ਸਿਰਫ਼ ਦੋ ਹੀ ਤਰੀਕੇ ਸਨ : ਉਹ ਆਪਣੀ ਪੁਰਾਣੀ ਬਸਤੀ ਵੱਲ ਵਾਪਸ ਜਾ ਸਕਦੇ ਸਨ, ਪਰ ਉੱਥੇ ਉਹਨਾਂ ਦਾ ਵਾਹ ਆਪਣੇ ਤੋਂ ਜ਼ੋਰਾਵਰ ਤੇ ਦੁਸ਼ਟ ਦੁਸ਼ਮਣਾਂ ਨਾਲ਼ ਪੈਣਾ ਸੀ; ਜਾਂ ਉਹ ਅੱਗੇ ਨੂੰ ਵਧ ਸਕਦੇ ਸਨ, ਪਰ ਇੱਥੇ ਉਹਨਾਂ ਦਾ ਰਾਹ ਧੜਵੈਲ ਦਰਖ਼ਤਾਂ ਨੇ ਰੋਕਿਆ ਹੋਇਆ ਸੀ, ਜਿਹੜੇ ਆਪਣੀਆਂ ਟਹਿਣੀਆਂ ਰਾਹੀਂ ਇੱਕ-ਦੂਜੇ ਨੂੰ ਇੰਝ ਘੁੱਟ ਕੇ ਜੱਫੀਆਂ ਪਾਈ ਖੜੇ ਸਨ ਤੇ ਆਪਣੀਆਂ ਵਿੰਗ-ਤੜਿੰਗੀਆਂ ਜੜ੍ਹਾਂ ਨਾਲ਼ ਦਲਦਲੀ ਜ਼ਮੀਨ ਨੂੰ ਇੰਝ ਘੁੱਟ ਕੇ ਚੰਬੜੇ ਹੋਏ ਸਨ। ਇਹ ਚੱਟਾਨਾਂ ਵਰਗੇ ਦਰਖ਼ਤ ਦਿਨ ਵੇਲੇ ਚੁੱਪ-ਚਾਪ ਤੇ ਬੇਹਰਕਤ, ਉਦਾਸ ਨਿਮੋਝੂਣੇ

ਹੋਏ ਖੜੇ ਰਹਿੰਦੇ, ਤੇ ਰਾਤ ਨੂੰ ਉਹ ਉਹਨਾਂ ਲੋਕਾਂ ਦੁਆਲੇ ਹੋਰ ਵੀ ਝੁਰਮਟ ਪਾ ਲੈਂਦੇ, ਜਦੋਂ ਉਹ ਆਪਣੀਆਂ ਅੱਗਾਂ ਬਾਲਦੇ। ਦਿਨ-ਰਾਤ ਇਹ ਲੋਕ—ਜਿਹੜੇ ਸਤੇਪੀ ਦੀਆਂ ਖੁੱਲ੍ਹੀਆਂ ਚੁੜਿਤਣਾਂ ਦੇ ਆਦੀ ਸਨ—ਇਸ ਹਨ੍ਹੇਰੇ, ਗੰਦੀ ਵਾਸ਼ਨਾ ਵਾਲ਼ੇ ਜੰਗਲ ਵਿੱਚ ਸੁੰਗੜੇ ਰਹਿੰਦੇ, ਜਿਹੜਾ, ਜਾਪਦਾ ਸੀ, ਉਹਨਾਂ ਨੂੰ ਕੁਚਲ਼ ਦੇਣਾ ਚਾਹੁੰਦਾ ਹੈ। ਜਦੋਂ ਹਵਾ ਦਰਖ਼ਤਾਂ ਦੀਆਂ ਟੀਸੀਆਂ ਦੇ ਉੱਪਰੋਂ ਦੀ ਵਗਦੀ ਤਾਂ ਇਹ ਹੋਰ ਵੀ ਭਿਆਨਕ ਲੱਗਦਾ, ਤੇ ਸਾਰਾ ਜੰਗਲ ਕੁਸ਼ਗਣੀ ਜਿਹੀ ਘੂਕਰ ਨਾਲ਼ ਭਰ ਜਾਂਦਾ ਜਿਹੜੀ ਮਾਤਮੀ ਧੁਨ ਵਾਂਗ ਲੱਗਦੀ ਸੀ। ਇਹ ਲੋਕ ਤਕੜੇ ਸਨ ਤੇ ਉਹਨਾਂ ਲੋਕਾਂ ਕੋਲ਼ ਜਾ ਸਕਦੇ ਸਨ ਜਿਨ੍ਹਾਂ ਨੇ ਉਹਨਾਂ ਨੂੰ ਹਰਾਇਆ ਸੀ, ਪਰ ਉਹਨਾਂ ਦਾ ਲੜਾਈ ਵਿੱਚ ਮਰਨ ਦਾ ਹੌਸਲਾ ਨਹੀਂ ਸੀ ਪੈਂਦਾ, ਕਿਉਂਕਿ ਉਹਨਾਂ ਦੀਆਂ ਰਵਾਇਤਾਂ ਸਨ, ਜਿਹੜੀਆਂ ਸੰਭਾਲੀਆਂ ਜਾਣੀਆਂ ਜ਼ਰੂਰੀ ਸਨ, ਤੇ ਜੇ ਉਹ ਮਾਰੇ ਜਾਂਦੇ, ਤਾਂ ਉਹਨਾਂ ਦੀਆਂ ਰਵਾਇਤਾਂ ਵੀ ਖ਼ਤਮ ਹੋ ਜਾਣੀਆਂ ਸਨ। ਇਉਂ ਉਹ ਜੰਗਲ ਦੀ ਘੂਕਰ ਦੇ ਦਲਦਲ ਦੀ ਜ਼ਹਿਰੀ ਹਵਾੜ ਦੇ ਦਰਮਿਆਨ ਸੋਗੀ ਖ਼ਿਆਲਾਂ ਵਿੱਚ ਡੁੱਬੇ, ਸਾਰੀ-ਸਾਰੀ ਰਾਤ ਬੈਠ ਕੇ ਕੱਟ ਦੇਂਦੇ ਤੇ ਜਦੋਂ ਉਹ ਬੈਠੇ ਹੁੰਦੇ, ਤਾਂ ਉਹਨਾਂ ਦੀਆਂ ਬਾਲ਼ੀਆਂ ਅੱਗਾਂ ਨਾਲ਼ ਪੈਂਦੇ ਪਰਛਾਵੇਂ ਉਹਨਾਂ ਦੁਆਲੇ ਚੁੱਪ ਨਾਚ ਵਿੱਚ ਦੁੜੰਗੇ ਲਾਉਂਦੇ ਰਹਿੰਦੇ; ਤੇ ਇੰਝ ਜਾਪਦਾ ਕਿ ਇਹ ਪਰਛਾਵੇਂ ਨਹੀਂ ਸਨ ਜਿਹੜੇ ਨੱਚ ਰਹੇ ਸਨ, ਸਗੋਂ ਜੰਗਲ ਦੇ ਦਲਦਲ ਦੇ ਭੂਤ ਸਨ ਜਿਹੜੇ ਆਪਣੀ ਜਿੱਤ ਮਨਾ ਰਹੇ ਸਨ।... ਤੇ ਇਉਂ ਇਹ ਲੋਕ ਬੈਠੇ ਰਹਿੰਦੇ ਤੇ ਸੋਚਦੇ ਰਹਿੰਦੇ, ਪਰ ਨਾ ਹੀ ਸਖ਼ਤ ਮੁਸ਼ਕਤ ਤੇ ਨਾ ਹੀ ਔਰਤਾਂ, ਕੁੱਝ ਵੀ ਆਦਮੀਆਂ ਦੀਆਂ ਦੇਹਾਂ ਤੇ ਰੂਹਾਂ ਨੂੰ ਇੰਝ ਨਹੀਂ ਥਕਾਉਂਦਾ, ਜਿਵੇਂ ਕਿ ਸੋਗੀ ਖ਼ਿਆਲ ’ਤੇ ਇਉਂ ਇਹ ਲੋਕ ਆਪਣੀਆਂ ਸੋਚਾਂ ਕਾਰਨ ਕਮਜ਼ੋਰ ਪੈ ਗਏ।... ਉਹਨਾਂ ਵਿੱਚ ਡਰ ਪੈਦਾ ਹੋ ਗਿਆ ਤੇ ਇਸ ਨੇ ਉਹਨਾਂ ਦੀਆਂ ਤਾਕਤਵਰ ਬਾਹਵਾਂ ਨੂੰ ਜ਼ੰਜੀਰਾਂ ਪਾ ਦਿੱਤੀਆਂ। ਔਰਤਾਂ ਬੋ ਨਾਲ਼ ਮਰਨ ਵਾਲ਼ਿਆਂ ਦੀਆਂ ਲੋਥਾਂ ਉੱਪਰ, ਤੇ ਉਹਨਾਂ ਜਿਊਂਦਿਆਂ ਦੀ ਕਿਸਮਤ ਉੱਪਰ, ਜਿਨ੍ਹਾਂ ਨੂੰ ਡਰ ਨੇ ਬੰਨ੍ਹ ਛੱਡਿਆ ਸੀ, ਵੈਣ ਪਾ-ਪਾ ਕੇ ਸੋਗ ਮਨਾਉਣ ਲੱਗੀਆਂ। ਜੰਗਲ ਵਿੱਚ ਬੁਜ਼ਦਿਲਾਂ ਵਾਲ਼ੇ ਲਫਜ਼ ਸੁਣਾਈ ਦੇਣ ਲੱਗੇ, ਪਹਿਲਾਂ ਹੌਲ਼ੀ-ਹੌਲ਼ੀ ਤੇ ਦੱਬੇ-ਘੁੱਟੇ, ਪਰ ਪਿੱਛੋਂ ਉੱਚੀ, ਤੇ ਹੋਰ ਉੱਚੀ।... ਲੋਕ ਪਹਿਲਾਂ ਹੀ ਦੁਸ਼ਮਣ ਕੋਲ਼ ਜਾ ਕੇ ਆਪਣੀ ਅਜ਼ਾਦੀ ਉਸ ਨੂੰ ਭੇਟ ਕਰਨ ਲਈ ਤਿਆਰ ਹੋ ਚੁੱਕੇ ਸਨ; ਸਾਰੇ ਮੌਤ ਤੋਂ ਡਰਦੇ ਸਨ, ਗੁਲਾਮੀ ਦੇ ਜੀਵਨ ਤੋਂ ਕੋਈ ਵੀ ਨਹੀਂ ਸੀ ਡਰਦਾ।... ਪਰ ਬਿਲਕੁਲ ਉਸੇ ਵੇਲੇ ਦਾਨਕੋ ਸਾਮ੍ਹਣੇ ਆਇਆ ਤੇ ਉਸ ਨੇ ਬਿਨ੍ਹਾਂ ਕਿਸੇ ਦੀ ਸਹਾਇਤਾ ਤੋਂ ਉਹਨਾਂ ਸਾਰਿਆਂ ਨੂੰ ਬਚਾ ਲਿਆ।”

ਸਾਫ਼ ਸੀ ਕਿ ਬੁੱਢੀ ਦਾਨਕੋ ਦੇ ਬਲਦੇ ਦਿਲ ਦੀ ਕਹਾਣੀ ਕਈ ਵਾਰ ਸੁਣਾ ਚੁੱਕੀ ਸੀ, ਕਿਉਂਕਿ ਉਸ ਦਾ ਲੈ ਭਰਿਆ ਅੰਦਾਜ਼, ਤੇ ਉਸ ਦੀ ਨੀਵੀਂ ਤੇ ਕਰੀਚਵੀਂ ਅਵਾਜ਼ ਮੇਰੇ ਸਾਮ੍ਹਣੇ ਜੰਗਲ ਦੀ ਅਵਾਜ਼ ਦੀ ਸਪੱਸ਼ਟ ਤਸਵੀਰ ਲਿਆ ਰਹੇ ਸਨ, ਜਿਸ ਨੇ ਦਰਮਿਆਨ ਨਾਖੁਸ਼, ਘਿਰੇ ਹੋਏ ਲੋਕ ਦਲਦਲ ਦੇ ਜ਼ਹਿਰੀ ਸਾਹ ਕਾਰਨ ਮਰ ਰਹੇ ਸਨ।

“ਦਾਨਕੋ ਉਹਨਾਂ ਲੋਕਾਂ ਵਿੱਚੋਂ ਇੱਕ ਸੀ, ਜਵਾਨ ਤੇ ਸੋਹਣਾ। ਸੋਹਣੇ ਲੋਕ ਹਮੇਸ਼ਾ ਹੀ ਬਹਾਦਰ ਹੁੰਦੇ ਨੇ। ਸੋ, ਉਹ ਆਪਣੇ ਸਾਥੀਆਂ ਨੂੰ ਕਹਿਣ ਲੱਗਾ :

" ਤੁਸੀਂ ਸੋਚਾਂ ਨਾਲ਼ ਆਪਣੇ ਰਸਤੇ ਵਿੱਚੋਂ ਪੱਥਰ ਨਹੀਂ ਹਟਾ ਸਕਦੇ। ਜਿਹੜੇ ਕੁੱਝ ਨਹੀਂ ਕਰਦੇ, ਉਹਨਾਂ ਨੂੰ ਕੁੱਝ ਨਹੀਂ ਜੁੜਦਾ। ਅਸੀਂ ਕਿਉਂ ਆਪਣੀ ਤਾਕਤ ਸੋਚਣ ਤੇ ਗ਼ਮ ਕਰਨ ਵਿੱਚ ਜ਼ਾਇਆ ਕਰ ਰਹੇ ਹਾਂ ? ਉੱਠੋ ! ਆਓ, ਜੰਗਲ ਦੇ ਵਿੱਚੋਂ ਆਪਣੇ ਰਾਹ ਬਣਾਈਏ, ਆਖ਼ਰ ਇਸ ਦਾ ਵੀ ਕਿਧਰੇ ਅੰਤ ਹੋਵੇਗਾ–ਧਰਤੀ ਉੱਤੇ ਹਰ ਚੀਜ਼ ਦਾ ਅੰਤ ਹੁੰਦਾ ਹੈ ! ਆਓ ਚੱਲੀਏ ! ਚਲੋ !'

"ਉਹਨਾਂ ਉਸ ਵੱਲ ਨਜ਼ਰ ਮਾਰੀ ਤੇ ਵੇਖਿਆ ਕਿ ਉਹ ਉਹਨਾਂ ਵਿੱਚੋਂ ਸਭ ਤੋਂ ਚੰਗਾ ਸੀ, ਕਿਉਂਕਿ ਮਹਾਨ ਤਾਕਤ ਤੇ ਸਜੀਵ ਅੱਗ ਉਸ ਦੀਆਂ ਅੱਖਾਂ ਵਿੱਚ ਚਮਕਦੀ ਸੀ।

" 'ਸਾਡੀ ਅਗਵਾਈ ਕਰ !' ਉਹ ਬੋਲੇ।

"ਤੇ ਉਹ ਉਹਨਾਂ ਦੀ ਅਗਵਾਈ ਕਰਨ ਲੱਗਾ..."

ਬੁੱਢੀ ਰੁੱਕੀ, ਤੇ ਸਤੇਪੀ ਵਿੱਚ ਵੇਖਣ ਲੱਗੀ ਜਿੱਥੇ ਹਨ੍ਹੇਰਾ ਹੋਰ ਸੰਘਣਾ ਹੋ ਰਿਹਾ ਸੀ, ਦੂਰ-ਦੂਰ ਦਾਨਕੋ ਦੇ ਬਲਦੇ ਦਿਲ ਦੀਆਂ ਚੰਗਿਆੜੀਆਂ ਜਗ-ਬੁੱਝ ਰਹੀਆਂ ਸਨ, ਨੀਲ਼ੇ ਫੁੱਲਾਂ ਵਾਂਗ, ਜਿਹੜੇ ਸਿਰਫ਼ ਘੜੀ-ਪਲ ਲਈ ਖਿੜਦੇ ਹਨ।

"ਦਾਨਕੋ ਉਹਨਾਂ ਦੀ ਅਗਵਾਈ ਕਰਨ ਲੱਗਾ। ਸਾਰੇ ਇਕਮੁੱਠ ਹੋ ਕੇ ਉਸ ਦੇ ਮਗਰ ਚੱਲਣ ਲੱਗੇ, ਕਿਉਂਕਿ ਉਹਨਾਂ ਨੂੰ ਉਸ ਦੇ ਵਿੱਚ ਯਕੀਨ ਸੀ। ਇਹ ਮੁਸ਼ਕਲ ਰਸਤਾ ਸੀ ! ਹਨ੍ਹੇਰਾ ਸੀ, ਹਰ ਕਦਮ ਉੱਤੇ ਦਲਦਲ ਆਪਣਾ ਲਾਲਚੀ, ਸੜਾਂਦ ਮਾਰਦਾ ਮੂੰਹ ਖੋਲ੍ਹਦੀ ਤੇ ਆਦਮੀਆਂ ਨੂੰ ਹੜੱਪ ਕਰ ਜਾਂਦੀ, ਤੇ ਦਰਖ਼ਤ ਪੱਕੀ ਕੰਧ ਬਣ ਕੇ ਉਹਨਾਂ ਦਾ ਰਾਹ ਰੋਕ ਲੈਂਦੇ, ਉਹਨਾਂ ਦੀਆਂ ਟਹਿਣੀਆਂ ਇੱਕ-ਦੂਜੀ ਨਾਲ਼ ਲਿਪਟੀਆਂ ਹੁੰਦੀਆਂ, ਤੇ ਉਹਨਾਂ ਦੀਆਂ ਜੜ੍ਹਾਂ ਸੱਪਾਂ ਵਾਂਗ ਸਭ ਪਾਸੇ ਫੈਲੀਆਂ ਹੁੰਦੀਆਂ। ਹਰ ਕਦਮ ਉੱਤੇ ਉਹਨਾਂ ਲੋਕਾਂ ਨੂੰ ਕਿੰਨਾ ਲਹੂ-ਪਸੀਨਾ ਵਹਾਉਣਾ ਪੈਂਦਾ। ਉਹ ਕਿੰਨਾ ਚਿਰ ਆਪਣੇ ਰਾਹ ਉੱਤੇ ਵੱਧਦੇ ਗਏ।... ਜਿਉਂ-ਜਿਉਂ ਉਹ ਵਧਦੇ ਗਏ, ਜੰਗਲ ਹੋਰ ਸੰਘਣਾ ਹੁੰਦਾ ਗਿਆ, ਤੇ ਉਹਨਾਂ ਦਾ ਸਾਹ-ਸਤ ਖ਼ਤਮ ਹੁੰਦਾ ਗਿਆ ! ਆਖ਼ਰ ਦਾਨਕੋ ਦੇ ਖਿਲਾਫ਼ ਬੁੜਬੁੜ ਸ਼ੁਰੂ ਹੋ ਗਈ, ਲੋਕ ਕਹਿਣ ਲੱਗ ਪਏ ਕਿ ਉਹ ਕਚ-ਉਮਰਾ ਤੇ ਤਜ਼ਰਬੇ ਤੋਂ ਸੱਖਣਾ ਏ, ਤੇ ਉਸ ਨੂੰ ਆਪ ਪਤਾ ਨਹੀਂ ਕਿ ਉਹਨਾਂ ਨੂੰ ਕਿੱਥੇ ਲਿਜਾ ਰਿਹੈ। ਪਰ ਉਹ ਜੋਸ਼ ਦੇ ਦ੍ਰਿੜ੍ਹ ਇਰਾਦੇ ਨਾਲ਼ ਉਹਨਾਂ ਦੇ ਅੱਗੇ-ਅੱਗੇ ਟੁਰੀ ਗਿਆ।

"ਇੱਕ ਦਿਨ ਜੰਗਲ ਵਿੱਚ ਤੂਫ਼ਾਨ ਆ ਗਿਆ ਤੇ ਦਰਖ਼ਤ ਕੁਸ਼ਗਨੇ ਡਰਾਉਣੇ ਤਰੀਕੇ ਨਾਲ਼ ਘੁਸਰ-ਮੁਸਰ ਕਰਨ ਲੱਗੇ। ਜੰਗਲ ਏਨਾਂ ਹਨ੍ਹੇਰਾ ਹੋ ਗਿਆ ਕਿ ਇੰਝ ਲੱਗਦਾ ਸੀ ਕਿ ਇਸ ਦੇ ਪੈਦਾ ਹੋਣ ਤੋਂ ਲੈ ਕੇ ਜਿੰਨੀਆਂ ਰਾਤਾਂ ਲੰਘੀਆਂ ਨੇ, ਉਹ ਉਸ ਇੱਕ ਥਾਂ ਇਕੱਠੀਆਂ ਹੋ ਗਈਆਂ ਹੋਣ।ਤੇ ਇਹ ਨਿੱਕੇ-ਨਿੱਕੇ ਲੋਕ ਵੱਡੇ-ਵੱਡੇ ਦਰਖ਼ਤਾਂ ਦੇ ਵਿੱਚੋਂ ਤੂਫ਼ਾਨ ਦੇ ਭਿਆਨਕ ਸ਼ੋਰ ਦੇ ਦਰਮਿਆਨ ਆਪਣਾ ਰਾਹ ਬਣਾਉਂਦੇ ਗਏ; ਉਹ ਅੱਗੇ ਵੱਧਦੇ ਗਏ, ਤੇ ਸ਼ਕਤੀਸ਼ਾਲੀ ਝੂਲਦੇ ਦਰਖ਼ਤ ਗੁੱਸੇ ਵਿੱਚ ਕਿੜ-ਕਿੜ ਕਰਦੇ ਤੇ ਸ਼ੂਕਦੇ, ਜਦੋਂ ਕਿ ਦਰਖ਼ਤਾਂ ਦੀਆਂ ਟੀਸੀਆਂ ਉੱਪਰ ਬਿਜਲੀ ਦੀ ਲਿਸ਼ਕ ਪੈਂਦੀ ਤੇ ਉਹਨਾਂ ਨੂੰ ਆਪਣੀ ਠੰਡੀ ਨੀਲ਼ੀ ਰੋਸ਼ਨੀ ਨਾਲ਼ ਚਮਕਾ ਦੇਂਦੀ, ਤੇ ਜਿੰਨੀ ਤੇਜ਼ੀ ਨਾਲ਼ ਆਉਂਦੀ, ਓਨੀ ਤੇਜ਼ੀ ਨਾਲ਼ ਲੋਪ

ਹੋ ਜਾਂਦੀ। ਲੋਕ ਡਰ ਗਏ। ਬਿਜਲੀ ਦੇ ਠੰਡੇ ਝਲਕਾਰਿਆਂ ਨਾਲ਼ ਰੁਸ਼ਨਾਏ ਦਰਖ਼ਤ ਇੰਝ ਲੱਗਦੇ ਸਨ, ਜਿਵੇਂ ਜਿਉਂਦੇ ਹੋਣ, ਜਿਵੇਂ ਕਿ ਉਹ ਆਪਣੀਆਂ ਲੰਮੀਆਂ, ਵਿੰਗ-ਤੜਿੰਗੀਆਂ, ਇੱਕ-ਦੂਜੀ ਨਾਲ਼ ਲਿਪਟੀਆਂ ਬਾਹਵਾਂ ਨਾਲ਼ ਉਹਨਾਂ ਦੁਆਲੇ ਜਾਲ ਵਲ ਰਹੇ ਹੋਣ, ਤਾਂ ਕਿ ਉਹਨਾਂ ਨੂੰ ਰੋਕ ਸਕਣ, ਉਹਨਾਂ ਨੂੰ ਆਪਣੀ ਹਨ੍ਹੇਰੀ ਜੇਲ੍ਹ ਵਿੱਚੋਂ ਬਚ ਨਿਕਲਣ ਤੋਂ ਰੋਕ ਸਕਣ ਤੇ ਟਹਿਣੀਆਂ ਵਿਚਲੀ ਕਾਲਖ਼ ਵਿੱਚੋਂ ਕੁੱਝ ਭਿਆਨਕ, ਹਨ੍ਹੇਰਾ ਤੇ ਠੰਡਾ ਉਹਨਾਂ ਵੱਲ ਅੱਖਾਂ ਪਾੜ-ਪਾੜ ਵੇਖ ਰਿਹਾ ਸੀ। ਰਾਹ ਮੁਸ਼ਕਲ ਸੀ, ਤੇ ਇਸ ਤੋਂ ਥੱਕੇ ਹੋਏ ਲੋਕ ਦਿਲ ਢਾਹ ਬੈਠੇ। ਪਰ ਉਹ ਆਪਣੀ ਕਮਜ਼ੋਰੀ ਮੰਨਣੋਂ ਸ਼ਰਮਾ ਰਹੇ ਸਨ, ਇਸ ਲਈ ਉਹਨਾਂ ਨੇ ਆਪਣਾ ਗੁੱਸਾ ਦਾਨਕੋ ਉੱਪਰ ਕੱਢਿਆ, ਜਿਹੜਾ ਉਹਨਾਂ ਦੇ ਅੱਗੇ-ਅੱਗੇ ਜਾ ਰਿਹਾ ਸੀ। ਉਹ ਸ਼ਿਕਵੇ ਕਰਨ ਲੱਗੇ ਕਿ ਉਸ ਨੂੰ ਪਤਾ ਨਹੀਂ ਕਿ ਉਹਨਾਂ ਦੀ ਅਗਵਾਈ ਕਿਵੇਂ ਕਰਨੀ ਹੈ। ਤੇਰਾ ਇਸ ਬਾਰੇ ਕੀ ਖ਼ਿਆਲ ਏ!

"ਉਹ ਜੰਗਲਾਂ ਦੀਆਂ ਕੁਸ਼ਗਣੀਆਂ ਅਵਾਜ਼ਾਂ ਦੇ ਦਰਮਿਆਨ, ਥਰਕਦੇ ਹਨ੍ਹੇਰੇ ਦੇ ਦਰਮਿਆਨ, ਥੱਕੇ-ਹਾਰੇ ਤੇ ਭੁੱਖੇ-ਭਾਣੇ, ਰੁੱਕ ਗਏ ਤੇ ਦਾਨਕੋ ਨੂੰ ਝਾੜਣ ਲੱਗੇ :

" 'ਤੂੰ ਨਿਕੰਮੇ ਤੇ ਨੁਕਸਾਨ ਪੁਚਾਉਂਣ ਵਾਲ਼ੇ ਬੰਦੇ!' ਉਹ ਬੋਲੇ, 'ਤੂੰ ਸਾਡੀ ਅਗਵਾਈ ਕੀਤੀ ਤੇ ਸਾਨੂੰ ਥੱਕਾ ਮਾਰਿਆ, ਤੇ ਹੁਣ ਤੈਨੂੰ ਇਸ ਲਈ ਮਰਨਾ ਪਵੇਗਾ।'

" 'ਤੁਸੀਂ ਕਿਹਾ ਸੀ : "ਸਾਡੀ ਅਗਵਾਈ ਕਰ!" ਤੇ ਮੈਂ ਤੁਹਾਡੀ ਅਗਵਾਈ ਕਰਨ ਲੱਗਾ!' ਦਾਨਕੋ ਉਹਨਾਂ ਸਾਮ੍ਹਣੇ ਮਾਣ ਨਾਲ਼ ਖੜਾ, ਕੂਕਿਆ। 'ਮੇਰੇ ਵਿੱਚ ਅਗਵਾਈ ਕਰਨ ਦੀ ਹਿੰਮਤ ਹੈ, ਤੇ ਇਸੇ ਕਰਕੇ ਮੈਂ ਤੁਹਾਡੀ ਅਗਵਾਈ ਕੀਤੀ ਹੈ। ਪਰ ਤੁਸੀਂ ? ਤੁਸੀਂ ਆਪਣੀ ਮੱਦਦ ਆਪ ਕਰਨ ਲਈ ਕੀ ਕੀਤਾ ਹੈ ? ਤੁਸੀਂ ਸਿਰਫ਼ ਮੇਰੇ ਪਿੱਛੇ ਆਉਂਦੇ ਰਹੇ ਹੋ, ਲੰਮੇ ਸਫ਼ਰ ਲਈ ਆਪਣੀ ਤਾਕਤ ਵੀ ਸਾਂਭ ਕੇ ਨਹੀਂ ਰੱਖ ਸਕੇ! ਤੁਸੀਂ ਸਿਰਫ਼ ਟੁਰਦੇ ਰਹੇ, ਟੁਰਦੇ ਰਹੇ, ਜਿਵੇਂ ਭੇਡਾਂ ਦਾ ਇੱਜੜ ਹੁੰਦਾ ਹੈ!'

"ਪਰ ਇਹਨਾਂ ਲਫ਼ਜ਼ਾਂ ਨੇ ਸਿਰਫ਼ ਉਹਨਾਂ ਸਾਰਿਆਂ ਨੂੰ ਹੋਰ ਗੁੱਸਾ ਹੀ ਚੜ੍ਹਾਇਆ।

" 'ਤੈਨੂੰ ਮਰਨਾ ਪਵੇਗਾ! ਤੈਨੂੰ ਮਰਨਾ ਪਵੇਗਾ!' ਉਹ ਚਿੱਲਾਏ।

"ਜੰਗਲ ਸ਼ੂਕਰਦਾ ਰਿਹਾ, ਸ਼ੂਕਰਦਾ ਰਿਹਾ, ਉਹਨਾਂ ਚੀਕਾਂ ਦੀ ਗੂੰਜ ਪੈਦਾ ਕਰਦਾ ਰਿਹਾ ਤੇ ਬਿਜ਼ਲੀ ਹਨ੍ਹੇਰੇ ਨੂੰ ਪਾੜ ਕੇ ਲੀਰਾਂ ਕਰਦੀ ਰਹੀ। ਦਾਨਕੋ ਨੇ ਉਹਨਾਂ ਵੱਲ ਨਜ਼ਰ ਮਾਰੀ, ਜਿਨ੍ਹਾਂ ਦੀ ਖ਼ਾਤਰ ਉਸ ਨੇ ਏਨੀ ਜਾਨ ਮਾਰੀ ਸੀ, ਤੇ ਵੇਖਿਆ ਕਿ ਉਹ ਜੰਗਲੀ ਜਾਨਵਰਾਂ ਵਾਂਗ ਸਨ। ਉਹਨਾਂ ਨੇ ਉਸ ਦੁਆਲੇ ਭੀੜ ਪਾ ਲਈ। ਉਹਨਾਂ ਵਿੱਚੋਂ ਇੱਕ ਦੇ ਚਿਹਰੇ ਉੱਤੇ ਵੀ ਕੋਈ ਇਨਸਾਨੀ ਭਾਵ ਨਹੀਂ ਸੀ, ਤੇ ਉਹਨਾਂ ਤੋਂ ਰਹਿਮ ਦੀ ਕੋਈ ਆਸ ਨਹੀਂ ਸੀ ਕੀਤੀ ਜਾ ਸਕਦੀ। ਫਿਰ ਦਾਨਕੋ ਦਾ ਦਿਲ ਰੋਹ ਨਾਲ਼ ਭਖ਼ ਉੱਠਿਆ, ਪਰ ਲੋਕਾਂ ਲਈ ਤਰਸ ਮਹਿਸੂਸ ਕਰਦਿਆਂ ਉਸ ਨੇ ਇਸ ਨੂੰ ਦਬਾ ਲਿਆ। ਉਹ ਇਹਨਾਂ ਲੋਕਾਂ ਨੂੰ ਪਿਆਰ ਕਰਦਾ ਸੀ, ਤੇ ਉਸ ਨੂੰ ਯਕੀਨ ਸੀ ਕਿ ਉਸ ਤੋਂ ਬਿਨਾਂ ਉਹ ਤਬਾਹ ਹੋ ਜਾਣਗੇ। ਉਸ ਦਾ ਦਿਲ ਉਹਨਾਂ ਨੂੰ ਬਚਾਉਣ ਦੀ, ਉਹਨਾਂ ਨੂੰ ਉੱਥੋਂ ਕੱਢ ਕੇ ਕਿਸੇ ਸੌਖੇਰੇ ਰਾਹ ਉੱਤੇ ਲਿਜਾਣ ਦੀ ਤਾਂਘ ਨਾਲ਼ ਬਲ ਉੱਠਿਆ, ਤੇ ਇਸ ਸ਼ਕਤੀਸ਼ਾਲੀ ਅੱਗ ਦੀ ਰੋਸ਼ਨੀ ਉਸ

ਦੀਆਂ ਅੱਖਾਂ ਵਿੱਚ ਚਮਕਣ ਲੱਗੀ।... ਪਰ ਇਹ ਵੇਖ ਕੇ ਉਹਨਾਂ ਸੋਚਿਆ ਕਿ ਉਸ ਦੀਆਂ ਅੱਖਾਂ ਰੋਹ ਨਾਲ਼ ਬਲ ਰਹੀਆਂ ਨੇ, ਕਿ ਰੋਹ ਕਾਰਨ ਉਸ ਦੀਆਂ ਅੱਖਾਂ ਵਿੱਚ ਏਨੀ ਤੇਜ਼ ਚਮਕ ਹੈ, ਉਹ ਖ਼ਬਰਦਾਰ ਹੋ ਕੇ ਬਘਿਆੜਾਂ ਵਾਂਗ ਖੜੋ ਗਏ, ਤੇ ਉਡੀਕਣ ਲੱਗੇ ਕਿ ਉਹ ਕਦੋਂ ਉਹਨਾਂ ਉੱਤੇ ਹਮਲਾ ਕਰਦਾ ਹੈ; ਤੇ ਉਹਨਾਂ ਉਸ ਦੁਆਲੇ ਘੇਰਾ ਹੋਰ ਤੰਗ ਕਰ ਲਿਆ ਤਾਂ ਕਿ ਉਸ ਨੂੰ ਫੜ ਕੇ ਮਾਰ ਸਕਣ। ਉਸ ਨੇ ਉਹਨਾਂ ਦੀਆਂ ਸੋਚਾਂ ਪੜ੍ਹ ਲਈਆਂ, ਤੇ ਇਸ ਨਾਲ਼ ਉਸ ਦੇ ਦਿਲ ਦੀ ਅੱਗ ਹੋਰ ਵੀ ਤੇਜ਼ ਬਲਣ ਲੱਗੀ, ਕਿਉਂਕਿ ਉਹਨਾਂ ਦੀਆਂ ਸੋਚਾਂ ਨੇ ਉਸ ਨੂੰ ਉਦਾਸ ਕਰ ਦਿੱਤਾ ਸੀ।

"ਜੰਗਲ ਸੋਗੀ ਧੁਨ ਗੁਣ-ਗੁਣਾਈ ਜਾ ਰਿਹਾ ਸੀ, ਬਿਜਲੀ ਗਰਜ ਰਹੀ ਸੀ ਤੇ ਮੋਹਲੇਧਾਰ ਮੀਂਹ ਵਸ ਰਿਹਾ ਸੀ...

" 'ਮੈਂ ਇਹਨਾਂ ਲੋਕਾਂ ਲਈ ਕੀ ਕਰ ਸਕਦਾਂ!?' ਦਾਨਕੋ ਅਜਿਹੀ ਅਵਾਜ਼ ਵਿੱਚ ਕੂਕਿਆ, ਕਿ ਜਿਸ ਨਾਲ਼ ਬਿਜਲੀ ਦੀ ਗਰਜ ਵੀ ਗੁੰਮ ਹੋ ਗਈ।

"ਇੱਕਦਮ ਉਸ ਨੇ ਆਪਣੀ ਛਾਤੀ ਨੂੰ ਪਾੜਿਆ, ਇਸ ਨੂੰ ਪਾੜ ਕੇ ਖੋਲਲ਼ ਦਿੱਤਾ, ਆਪਣਾ ਦਿਲ ਕੱਢਿਆ ਤੇ ਆਪਣੇ ਸਿਰ ਉੱਤੇ ਉੱਚਾ ਕਰਕੇ ਫੜ ਛੱਡਿਆ।

"ਇਹ ਸੂਰਜ ਵਾਂਗ, ਸਗੋਂ ਉਸ ਨਾਲੋਂ ਵੀ ਤੇਜ਼ ਬਲ ਰਿਹਾ ਸੀ। ਸਾਰੇ ਜੰਗਲ ਵਿੱਚ ਚੁੱਪ ਛਾ ਗਈ, ਤੇ ਇਹ ਮਨੁੱਖੀ ਪਿਆਰ ਦੀ ਇਸ ਮਸ਼ਾਲ ਨਾਲ਼ ਜਗਮਗਾ ਉੱਠਿਆ। ਹਨ੍ਹੇਰਾ ਚਾਨਣ ਸਾਮ੍ਹਣੇ ਨੱਠ ਕੇ ਜੰਗਲ ਦੇ ਧੁਰ ਅੰਦਰ ਚਲਾ ਗਿਆ, ਤੇ ਕੰਬਦਾ ਹੋਇਆ, ਦਲਦਲ ਦੇ ਸੜਾਂਦ ਮਾਰਦੇ ਢਿੱਡ ਵਿੱਚ ਜਾ ਡਿੱਗਾ। ਲੋਕ ਹੈਰਾਨੀ ਨਾਲ਼ ਦਹਿਲ ਗਏ।

" 'ਆਓ ਚੱਲੀਏ!' ਦਾਨਕੋ ਅੱਗੇ ਧਾਉਂਦਾ ਹੋਇਆ ਤੇ ਆਪਣੇ ਬਲਦੇ ਦਿਲ ਨਾਲ਼ ਰਾਹ ਨੂੰ ਰੋਸ਼ਨ ਕਰਦਾ ਹੋਇਆ ਕੂਕਿਆ।

"ਉਹ, ਜਿਵੇਂ ਕੀਲੇ ਹੋਏ, ਉਸ ਦੇ ਮਗਰ-ਮਗਰ ਅੱਗੇ ਵਧੇ। ਫਿਰ ਜੰਗਲ ਇੱਕ ਵਾਰੀ ਫਿਰ ਸ਼ੂਕਣ ਲੱਗਾ, ਦਰਖ਼ਤ ਹੈਰਾਨ ਹੋਏ ਝੂਲਣ ਲੱਗੇ, ਪਰ ਇਸ ਦੀ ਖੱਪ ਦੌੜਦੇ ਲੋਕਾਂ ਦੇ ਪੈਰਾਂ ਦੇ ਸ਼ੋਰ ਵਿੱਚ ਡੁੱਬ ਗਈ। ਬਲਦੇ ਦਿਲ ਦੇ ਅਦਭੁਤ ਦ੍ਰਿਸ਼ ਦੇ ਖਿੱਚੇ ਹੋਏ, ਉਹ ਤੇਜ਼ ਤੇ ਦਲੇਰੀ ਨਾਲ਼ ਦੌੜ ਰਹੇ ਸਨ। ਹੁਣ ਵੀ ਲੋਕ ਮਰ ਰਹੇ ਸਨ, ਪਰ ਹੁਣ ਬਿਨਾਂ ਸ਼ਿਕਵਿਆਂ ਤੇ ਬਿਨਾਂ ਅੱਥਰੂਆਂ ਦੇ ਮਰ ਰਹੇ ਸਨ।ਤੇ ਦਾਨਕੋ ਅਜੇ ਵੀ ਅੱਗੇ-ਅੱਗੇ ਸੀ, ਤੇ ਉਸ ਦਾ ਦਿਲ ਲਾਟੋ-ਲਾਟ ਹੋਇਆ ਹੋਇਆ ਸੀ, ਲਾਟੋ-ਲਾਟ!

"ਅਚਨਚੇਤ ਉਹਨਾਂ ਸਾਮ੍ਹਣੇ ਜੰਗਲ ਨੇ ਰਾਹ ਛੱਡ ਦਿੱਤਾ, ਰਾਹ ਛੱਡ ਦਿੱਤਾ ਤੇ ਪਿੱਛੇ ਹਟ ਗਿਆ, ਸੰਘਣਾ ਤੇ ਚੁੱਪ-ਚਾਪ; ਤੇ ਦਾਨਕੋ ਤੇ ਸਾਰੇ ਲੋਕ ਧੁੱਪ ਦੇ ਤੇ ਬਾਰਸ਼ ਨਾਲ਼ ਸਾਫ਼ ਹੋਈ ਸ਼ੁੱਧ ਹਵਾ ਦੇ ਸਾਗਰ ਵਿੱਚ ਟੁੱਭੀਆਂ ਲਾਉਣ ਲੱਗਾ। ਤੂਫ਼ਾਨ ਹੁਣ ਉਹਨਾਂ ਦੇ ਪਿੱਛੇ ਜੰਗਲ ਦੇ ਉੱਪਰ ਝੁੱਲ ਰਿਹਾ ਸੀ, ਪਰ ਇੱਥੇ ਧੁੱਪ ਨਿਖ਼ਰੀ ਹੋਈ ਸੀ, ਸਤੇਪੀ ਸਾਹ ਲੈ ਰਿਹਾ ਸੀ, ਘਾਹ ਆਪਣੀਆਂ ਤਿੜਾਂ ਉੱਤੇ ਪਏ ਮੀਂਹ ਦੇ ਹੀਰਿਆਂ ਨਾਲ਼ ਚਮਕ ਰਿਹਾ ਸੀ, ਤੇ ਦਰਿਆ ਸੋਨੇ ਵਾਂਗ ਲਿਸ਼ਕਾਂ ਮਾਰ ਰਿਹਾ ਸੀ।... ਸ਼ਾਮ ਪੈ ਚੁੱਕੀ ਸੀ, ਤੇ ਦਰਿਆ, ਡੁੱਬਦੇ ਸੂਰਜ ਦੀਆਂ ਕਿਰਨਾਂ ਨੂੰ ਪਰਤਾਉਂਦਾ ਹੋਇਆ, ਲਾਲ ਲੱਗ ਰਿਹਾ ਸੀ, ਉਹ ਖ਼ੂਨ ਵਾਂਗ,

ਜਿਹੜਾ ਦਾਨਕੋ ਦੀ ਚੀਰੀ ਹੋਈ ਛਾਤੀ ਵਿੱਚੋਂ ਗਰਮ ਧਾਰ ਬਣ ਕੇ ਵਹਿ ਰਿਹਾ ਸੀ।

"ਮਾਣ-ਭਰੇ ਤੇ ਦਲੇਰ ਦਾਨਕੋ ਨੇ ਆਪਣੇ ਸਾਮ੍ਹਣੇ ਫੈਲ਼ੇ ਵਿਸ਼ਾਲ ਸਤੇਪੀ ਉੱਤੇ ਘੋਖਵੀਂ ਨਜ਼ਰ ਮਾਰੀ; ਉਹ ਅਜ਼ਾਦ ਧਰਤੀ ਵੱਲ ਖ਼ੁਸ਼ੀ ਨਾਲ਼ ਵੇਖਣ ਲੱਗਾ ਤੇ ਹੱਸਣ ਲੱਗ ਪਿਆ, ਤੇ ਉਸ ਦੇ ਹਾਸੇ ਵਿੱਚ ਮਾਣ ਦੀ ਛਣਕਾਰ ਸੀ। ਤੇ ਫਿਰ ਉਹ ਡਿੱਗ ਪਿਆ ਤੇ—ਮਰ ਗਿਆ।

"ਖ਼ੁਸ਼ੀ ਵਿੱਚ ਫੁੱਲੇ ਨਾ ਸਮਾਉਂਦੇ, ਤੇ ਆਸ ਨਾਲ਼ ਭਰੇ ਹੋਏ ਲੋਕਾਂ ਨੇ ਇਹ ਨਾ ਵੇਖਿਆ ਕਿ ਉਹ ਮਰ ਗਿਐ, ਤੇ ਉਹਨਾਂ ਇਹ ਨਾ ਵੇਖਿਆ ਕਿ ਉਸ ਦਾ ਬਹਾਦਰ ਦਿਲ ਅਜੇ ਵੀ ਉਸ ਦੇ ਮੁਰਦਾ ਸਰੀਰ ਕੋਲ਼ ਪਿਆ ਬਲ਼ ਰਿਹਾ ਸੀ। ਉਹਨਾਂ ਵਿੱਚੋਂ ਸਿਰਫ਼ ਇੱਕ ਨੇ, ਜਿਹੜਾ ਬਾਕੀਆਂ ਨਾਲੋਂ ਵਧੇਰੇ ਖ਼ਬਰਦਾਰ ਸੀ, ਇਸ ਨੂੰ ਵੇਖਿਆ ਤੇ, ਡਰ ਨਾਲ਼ ਭੈ-ਭੀਤ ਹੋਏ ਨੇ ਦਿਲ ਉੱਪਰ ਪੈਰ ਰੱਖ ਦਿੱਤਾ।... ਤੇ ਦਿਲ ਫਟ ਕੇ ਚੰਗਿਆੜੀਆਂ ਵਿੱਚ ਬਦਲ ਗਿਆ, ਤੇ ਬੁੱਝ ਗਿਆ।...

"ਇਸ ਕਰਕੇ ਸਤੇਪੀ ਵਿੱਚ ਇਹ ਨੀਲ਼ੇ ਚੰਗਿਆੜੇ ਪੈਦਾ ਹੋਏ ਨੇ, ਜਿਹੜੇ ਤੂਫ਼ਾਨ ਤੋਂ ਪਹਿਲਾਂ ਇੱਥੇ ਦਿੱਸਦੇ ਨੇ!"

ਹੁਣ, ਜਦੋਂ ਬੁੱਢੀ ਨੇ ਆਪਣੀ ਸੁੰਦਰ ਕਹਾਣੀ ਮੁਕਾ ਲਈ, ਤਾਂ ਸਤੇਪੀ ਵਿੱਚ ਮਹਾਨ ਸ਼ਾਂਤੀ ਛਾ ਗਈ, ਜਿਵੇਂ ਇਹ ਵੀ ਬਹਾਦਰ ਦਾਨਕੋ ਵੱਲੋਂ ਵਿਖਾਈ ਗਈ ਦ੍ਰਿੜ੍ਹਤਾ ਦੀ ਤਾਕਤ ਉੱਤੇ ਹੈਰਾਨ ਰਹਿ ਗਈ ਹੋਵੇ, ਜਿਸ ਨੇ ਮਨੁੱਖਾਂ ਦੀ ਖ਼ਾਤਰ ਆਪਣਾ ਬਲਦਾ ਦਿਲ ਚੀਰ ਕੱਢਿਆ ਸੀ, ਤੇ ਆਪਣੇ ਲਈ ਬਿਨਾਂ ਕੋਈ ਇਨਾਮ ਮੰਗਣ ਦੇ, ਮਰ ਗਿਆ। ਬੁੱਢੀ ਉਂਘਲਾ ਰਹੀ ਸੀ। ਮੈਂ ਉਸ ਵੱਲ ਨਜ਼ਰ ਮਾਰੀ ਤੇ ਆਪਣੇ-ਆਪ ਤੋਂ ਪੁੱਛਿਆ ਕਿ ਹੋਰ ਕਿੰਨੀਆਂ ਕਹਾਣੀਆਂ ਤੇ ਯਾਦਾਂ ਉਸ ਦੇ ਮਨ ਵਿੱਚ ਦੱਬੀਆਂ ਪਈਆਂ ਹਨ। ਤੇ ਮੈਂ ਦਾਨਕੋ ਦੇ ਮਹਾਨ ਬਲ਼ਦੇ ਦਿਲ ਬਾਰੇ, ਤੇ ਮਨੁੱਖੀ ਕਲਪਨਾ ਬਾਰੇ ਸੋਚਣ ਲੱਗਾ, ਜਿਸ ਨੇ ਇਹੋ ਜਿਹੀਆਂ ਸੁੰਦਰ ਤੇ ਝੂਣ ਦੇਣ ਵਾਲ਼ੀਆਂ ਵਾਰਤਾਵਾਂ ਘੜੀਆਂ ਸਨ।

ਇਜ਼ਰਗੀਲ ਹੁਣ ਘੂਕ ਸੌਂ ਚੁੱਕੀ ਸੀ। ਹਵਾ ਨੇ ਉਸ ਦੇ ਪਾਟੇ ਕੱਪੜੇ ਉਡਾ ਕੇ ਇੱਕ ਪਾਸੇ ਕਰ ਦਿੱਤੇ ਸਨ ਤੇ ਉਸ ਦੀਆਂ ਸੁੱਕ ਚੁੱਕੀਆਂ ਛਾਤੀਆਂ ਨੰਗੀਆਂ ਹੋ ਗਈਆਂ ਸਨ। ਮੈਂ ਉਸ ਦੀ ਬੁੱਢੀ ਦੇਹ ਨੂੰ ਢੱਕਿਆ ਤੇ ਉਸ ਦੇ ਕੋਲ਼ ਹੀ ਪਰ੍ਹੇ ਕਰਕੇ ਜ਼ਮੀਨ ਉੱਤੇ ਲੇਟ ਗਿਆ। ਸਤੇਪੀ ਹਨੇਰਾ ਤੇ ਸ਼ਾਂਤ ਸੀ। ਬੱਦਲ ਅਜੇ ਵੀ ਹੌਲ਼ੀ-ਹੌਲ਼ੀ ਤੇ ਨਿਮੋਝੂਣੇ ਅਕਾਸ਼ ਦੇ ਆਰ-ਪਾਰ ਜਾ ਰਹੇ ਸਨ।... ਸਾਗਰ ਦੀਆਂ ਖੋਖਲੀਆਂ, ਸੋਗੀ ਅਵਾਜ਼ਾਂ ਮੇਰੇ ਕੰਨਾਂ ਤੱਕ ਪਹੁੰਚ ਰਹੀਆਂ ਸਨ।

1894

# ਚੇਲਕਾਸ਼

ਨੀਲ਼ਾ ਦੱਖਣੀ ਅਕਾਸ਼ ਧੂੜ ਨਾਲ਼ ਇੰਝ ਢਕਿਆ ਹੋਇਆ ਸੀ ਕਿ ਧੁੰਦਲਾ ਜਿਹਾ ਲੱਗਦਾ ਸੀ। ਕੜਕਦੀ ਧੁੱਪ ਹਰੀ ਜਿਹੀ ਭਾਹ ਮਾਰਦੇ ਸਾਗਰ ਉੱਤੇ ਜਿਵੇਂ ਕਿਸੇ ਪਤਲੇ ਜਿਹੇ ਪਰਦੇ ਵਿੱਚੋਂ ਪੈ ਰਹੀ ਸੀ ਤੇ ਇਸ ਦੀਆਂ ਕਿਰਨਾਂ ਪਾਣੀ ਵਿੱਚ ਲਗਭਗ ਕੋਈ ਪਰਤੌਂ ਪੈਦਾ ਨਹੀਂ ਸਨ ਕਰ ਰਹੀਆਂ ਜਿਸ ਨੂੰ ਚੱਪੂਆਂ ਦੇ ਧੱਫੇ, ਸਟੀਮਰਾਂ ਦੇ ਪ੍ਰੋਪੈਲਰ, ਤੁਰਕ ਫੈਲੂਕਾ ਬੇੜੀਆਂ ਦੇ ਤਿੱਖੇ ਥੱਲੇ ਤੇ ਹੋਰ ਬੇੜੀਆਂ ਰਿੜਕ ਰਹੀਆਂ ਸਨ, ਜਿਹੜੀਆਂ ਇਸ ਭੀੜ-ਭਰੀ ਬੰਦਰਗਾਹ ਵਿੱਚ ਚਾਰ-ਚੁਫੇਰੇ ਆ-ਜਾ ਰਹੀਆਂ ਸਨ। ਆਪਣੀ ਕੰਜੂਰ ਦੀ ਵਲਗਣ ਵਿੱਚ ਆਪਣੇ ਉੱਪਰ ਤਰ ਰਹੇ ਅਥਾਹ ਬੋਝਾਂ ਹੇਠ ਕੁਚਲੀਆਂ ਜਾ ਰਹੀਆਂ ਸਾਗਰ ਦੀਆਂ ਲਹਿਰਾਂ ਆਪਣੇ-ਆਪ ਨੂੰ ਤੱਟ ਉੱਤੇ ਤੇ ਬੇੜੀਆਂ ਦੇ ਪਾਸਿਆਂ ਨਾਲ਼ ਪਟਕਾ ਰਹੀਆਂ ਸਨ—ਗਰਜ਼ਦੀਆਂ ਤੇ ਝੱਗ ਛੱਡਦੀਆਂ ਪਟਕਾ ਰਹੀਆਂ ਸਨ, ਤੇ ਉਹਨਾਂ ਦੇ ਪਾਸੇ ਹਰ ਤਰ੍ਹਾਂ ਦੇ ਗੰਦ-ਮੰਦ ਨਾਲ਼ ਲਿਬੜੇ ਹੋਏ ਸਨ।

ਲੰਗਰਾਂ ਦੀਆਂ ਜ਼ੰਜੀਰਾਂ ਦਾ ਸ਼ੋਰ, ਮਾਲ-ਲੱਦੀਆਂ ਵੈਗਨਾਂ ਦਾ ਇੱਕ-ਦੂਜੇ ਨਾਲ਼ ਵੱਜ਼ਣਾ, ਪਟੜੀਆਂ ਦੇ ਪੱਥਰਾਂ ਉੱਤੇ ਉਤਾਰੀਆਂ ਜਾ ਰਹੀਆਂ ਲੋਹੇ ਦੀਆਂ ਚਾਦਰਾਂ ਦਾ ਧਾਤਵੀ ਵਿਰਲਾਪ, ਲੱਕੜ ਉੱਤੇ ਲੱਕੜ ਦੇ ਵੱਜ਼ਣ ਦੀ ਥਪਕ, ਗੱਡਿਆਂ ਦੀ ਖੜ-ਖੜ, ਵਿਰਲਾਪ ਤੋਂ ਚੀਕ ਵਿੱਚ ਬਦਲਦੀਆਂ ਸਟੀਮਸ਼ਿਪਾਂ ਦੀਆਂ ਸੀਟੀਆਂ, ਪਾਂਡੀਆਂ, ਜਹਾਜ਼ੀਆਂ

ਤੇ ਚੁੰਗੀ ਦੇ ਗਾਰਦਾਂ ਦੀਆਂ ਕੂਕਾਂ—ਇਹ ਸਭ ਕੁੱਝ ਮਿਲ਼ ਕੇ ਕੰਮ ਦੀ ਦਿਹਾੜੀ ਦਾ ਕੰਨ ਬੋਲ਼ੇ ਕਰਨ ਵਾਲ਼ਾ ਸੰਗੀਤ ਬਣਦਾ ਸੀ ਜਿਹੜਾ ਬੰਦਰਗਾਹ ਤੋਂ ਵਿਦਰੋਹੀ ਢੰਗ ਨਾਲ਼ ਅਕਾਸ਼ ਵੱਲ ਉੱਚਾ ਉੱਠਦਾ ਸੀ, ਜਦੋਂ ਕਿ ਹੇਠੋਂ ਧਰਤੀ ਤੋਂ ਇਸ ਨੂੰ ਮਿਲਣ ਲਈ ਅਵਾਜ਼ਾਂ ਦੀਆਂ ਨਵੀਆਂ ਲਹਿਰਾਂ ਉੱਠਦੀਆਂ ਰਹਿੰਦੀਆਂ ਸਨ—ਕਦੀ ਕੋਈ ਹਲਕੀ ਜਿਹੀ ਧਮਕ ਧਰਤੀ ਨੂੰ ਹਿਲਾ ਦੇਂਦੀ ਸੀ, ਤੇ ਕਦੀ ਕਿਸੇ ਟੱਕਰ ਦੀ ਅਵਾਜ਼ ਸਾੜਦੀ ਲੋ ਨੂੰ ਚੀਰਦੀ ਆਉਂਦੀ ਸੀ।

ਕੰਜੂਰ, ਫੌਲਾਦ, ਲੱਕੜ, ਪਟੜੀਆਂ ਦੇ ਪੱਥਰ, ਬੇੜੀਆਂ ਤੇ ਲੋਕ—ਸਾਰਾ ਕੁੱਝ ਦੇਵਤੇ ਮਰਕਰੀ ਦੇ ਇਸ ਪੁਰਜੋਸ਼ ਭਜਨ ਦੀਆਂ ਬਲਵਾਨ ਅਵਾਜ਼ਾਂ ਛੱਡ ਰਿਹਾ ਸੀ। ਪਰ ਆਮ ਸਮੂਹ-ਗਾਣ ਵਿੱਚੋਂ ਮਨੁੱਖੀ ਅਵਾਜ਼ਾਂ ਨਖੇੜਨੀਆਂ ਮੁਸ਼ਕਲ ਸਨ, ਉਹ ਏਨੀਆਂ ਕਮਜ਼ੋਰ, ਸਗੋਂ ਹਾਸੋਹੀਣੀਆਂ ਸਨ। ਤੇ ਖ਼ੁਦ ਲੋਕ ਵੀ, ਜਿਨ੍ਹਾਂ ਦੀਆਂ ਘਾਲਨਾਵਾਂ ਇਸ ਸਾਰੀ ਅਵਾਜ਼ ਨੂੰ ਜਨਮ ਦੇ ਰਹੀਆਂ ਸਨ, ਹਾਸੋਹੀਣੇ ਤੇ ਤਰਸਯੋਗ ਸਨ। ਉਹਨਾਂ ਦੇ ਅਕਾਰ, ਧੂੜ-ਲਪੇਟੇ, ਖੁਥੜ ਤੇ ਫੁਰਤੀਲੇ, ਆਪਣੀਆਂ ਪਿੱਠਾਂ ਉੱਤੇ ਲੱਦੇ ਭਾਰਾਂ ਹੇਠ ਦੂਹਰੇ ਹੋਏ ਹੋਏ ਸਨ, ਜਦੋਂ ਕਿ ਉਹ ਧੂੜ ਦੇ ਬੱਦਲਾਂ, ਤੇ ਗਰਮੀ ਤੇ ਰੌਲ਼ੇ ਦੇ ਸਾਗਰ ਵਿੱਚ ਇੱਧਰ-ਉੱਧਰ ਤੇਜ਼-ਤੇਜ਼ ਆ-ਜਾ ਰਹੇ ਸਨ, ਤੇ ਫੌਲਾਦ ਦੇ ਦਿਉਆਂ, ਵਪਾਰਕ ਮਾਲ ਦੇ ਪਹਾੜਾਂ, ਰੇਲ਼ ਦੇ ਟਕਰਾ ਰਹੇ ਡੱਬਿਆਂ ਤੇ ਉਹਨਾਂ ਸਾਰੀਆਂ ਬਾਕੀ ਚੀਜ਼ਾਂ ਦੇ ਮੁਕਾਬਲੇ ਉੱਤੇ ਉਹ ਕੁੱਝ ਵੀ ਨਹੀਂ ਸਨ, ਜਿਹੜੀਆਂ ਉਹਨਾਂ ਨੇ ਆਪ ਪੈਦਾ ਕੀਤੀਆਂ ਸਨ। ਉਹਨਾਂ ਦੀਆਂ ਆਪਣੀਆਂ ਸਿਰਜੀਆਂ ਚੀਜ਼ਾਂ ਨੇ ਉਹਨਾਂ ਨੂੰ ਗੁਲਾਮ ਬਣਾ ਲਿਆ ਸੀ ਤੇ ਉਹਨਾਂ ਦੀ ਸ਼ਖ਼ਸੀਅਤ ਨੂੰ ਲੁੱਟ ਲਿਆ ਸੀ।

ਭਾਫ਼ ਛੱਡਦੇ ਖੜੇ ਧੜਵੈਲ ਜਹਾਜ਼ ਸੀਟੀਆਂ ਮਾਰ ਰਹੇ ਤੇ ਸ਼ਾਂ-ਸ਼ਾਂ ਕਰ ਰਹੇ ਸਨ ਤੇ ਵੱਡੀਆਂ-ਵੱਡੀਆਂ ਆਹਾਂ ਭਰ ਰਹੇ ਸਨ, ਤੇ ਉਹਨਾਂ ਵਿੱਚੋਂ ਨਿਕਲਦੀ ਹਰ ਅਵਾਜ਼ ਉਹਨਾਂ ਘਸਮੈਲੇ ਤੇ ਧੂੜ-ਭਰੇ ਲੋਕਾਂ ਦਾ ਠੱਠਾ ਉਡਾਉਂਦੀ ਨਫ਼ਰਤ ਨਾਲ਼ ਭਰੀ ਹੋਈ ਸੀ ਜਿਹੜੇ ਉਹਨਾਂ ਦੇ ਡੂੰਘੇ ਢਿੱਡਾਂ ਨੂੰ ਗ਼ੁਲਾਮ ਕਿਰਤੀ ਦੀਆਂ ਉਪਜਾਂ ਨਾਲ਼ ਭਰਨ ਲਈ ਉਹਨਾਂ ਦੇ ਡੈੱਕਾਂ ਉੱਪਰ ਰੀਂਗਦੇ ਫਿਰਦੇ ਸਨ। ਇਹਨਾਂ ਪਾਂਡੀਆਂ ਦੀਆਂ ਲੰਮੀਆਂ ਕਤਾਰਾਂ ਨੂੰ ਦੇਖ ਕੇ ਏਨਾ ਹਾਸਾ ਆਉਂਦਾ ਸੀ ਕਿ ਅੱਖਾਂ ਵਿੱਚ ਅੱਥਰੂ ਆ ਜਾਂਦੇ ਸਨ, ਜਿਹੜੇ ਹਜ਼ਾਰਾਂ ਪੂਡ ਕਣਕ ਇਹਨਾਂ ਜਹਾਜ਼ਾਂ ਦੇ ਲੋਹੇ ਦੇ ਢਿੱਡਾਂ ਵਿੱਚ ਭਰਨ ਲਈ ਆਪਣੀਆਂ ਪਿੱਠਾਂ ਉੱਤੇ ਢੋਂਦੇ ਸਨ, ਤਾਂ ਕਿ ਉਹ ਆਪਣੇ ਢਿੱਡ ਭਰਨ ਲਈ ਕੁੱਝ ਕਿਲੋਗਰਾਮ ਅਨਾਜ ਕਮਾ ਸਕਣ। ਇਹ ਖੁਥੜ, ਪਸੀਨੋ-ਪਸੀਨਾ ਹੋਏ, ਗਰਮੀ, ਰੌਲੇ ਤੇ ਲੱਕ-ਤੋੜਵੀਂ ਕਿਰਤ ਨਾਲ਼ ਹਰਾਸੇ ਲੋਕ ਇੱਕ ਪਾਸੇ, ਤੇ ਦੂਜੇ ਪਾਸੇ ਸ਼ਕਤੀਸ਼ਾਲੀ ਮਸ਼ੀਨਾਂ, ਜਿਹੜੀਆਂ ਖ਼ੁਦ ਉਹਨਾਂ ਸਿਰਜੀਆਂ ਸਨ ਤੇ ਜਿਹੜੀਆਂ ਧੁੱਪ ਵਿੱਚ ਖੁਸ਼ਹਾਲੀ ਦੀ ਲਿਸ਼ਕ ਦੇਂਦੀਆਂ ਖੜੀਆਂ ਸਨ, ਉਹ ਮਸ਼ੀਨਾਂ ਜਿਹੜੀਆਂ, ਭਾਵੇਂ ਕੁੱਝ ਵੀ ਕਹਿ ਲਵੋ, ਆਖ਼ਰ ਭਾਫ਼ ਨਾਲ਼ ਨਹੀਂ ਸਨ ਹਰਕਤ ਵਿੱਚ ਆਈਆਂ ਸਗੋਂ ਉਹਨਾਂ ਨੂੰ ਬਨਾਉਣ ਵਾਲ਼ੇ ਲੋਕਾਂ ਦੇ ਖ਼ੂਨ ਪਸੀਨੇ ਨਾਲ਼ ਹਰਕਤ ਵਿੱਚ ਆਈਆਂ ਸਨ—ਇਸ ਮੁਕਾਬਲੇ ਵਿੱਚ ਕੌੜੇ ਵਿਅੰਗ ਦੀ ਇੱਕ ਪੂਰੀ ਕਵਿਤਾ ਲੁਕੀ ਹੋਈ ਸੀ।

ਰੌਲ਼ਾ ਬੋਝਲ ਸੀ; ਧੂੜ ਨਾਸਾਂ ਨੂੰ ਚੜ੍ਹਦੀ ਸੀ ਤੇ ਅੱਖਾਂ ਵਿੱਚ ਪੈਂਦੀ ਸੀ। ਤਪਸ਼ ਸਰੀਰ ਨੂੰ ਲੂੰਹਦੀ ਤੇ ਬੇਹਿਸ ਕਰ ਰਹੀ ਸੀ ਤੇ ਸਭ ਕੁੱਝ ਤਣਿਆ-ਤਣਿਆ ਲੱਗ ਰਿਹਾ ਸੀ ਜਿਵੇਂ ਸਹਿਣ-ਸ਼ਕਤੀ ਖ਼ਤਮ ਹੋਣ ਉੱਤੇ ਆਈ ਹੋਵੇ ਤੇ ਦੁਖ਼ਾਂਤ ਹਾਦਸਾ ਵਾਪਰਨ ਵਾਲ਼ਾ ਹੋਵੇ, ਕੋਈ ਬਹੁਤ ਵੱਡਾ ਧਮਾਕਾ ਹੋਣ ਵਾਲ਼ਾ ਹੋਵੇ, ਜਿਹੜਾ ਹਵਾ ਨੂੰ ਸਾਫ਼ ਕਰ ਦੇਵੇਗਾ ਤਾਂ ਕਿ ਲੋਕ ਅਜ਼ਾਦੀ ਨਾਲ਼ ਤੇ ਸੌਖੀ ਤਰ੍ਹਾਂ ਸਾਹ ਲੈ ਸਕਣ। ਤੇ ਫਿਰ ਧਰਤੀ ਉੱਤੇ ਚੁੱਪ ਛਾ ਜਾਏਗੀ, ਤੇ ਲੋਕਾਂ ਦੇ ਕੰਨ ਪਾੜਨ, ਉਹਨਾਂ ਨੂੰ ਖਿਝ ਚਾੜ੍ਹਨ ਤੇ ਪਾਗਲ਼ ਬਣਾ ਦੇਣ ਵਾਲ਼ੀ ਧੂੜ ਤੇ ਹੱਲ-ਗੁੱਲਾ ਨਹੀਂ ਹੋਵੇਗਾ। ਤੇ ਫਿਰ ਸ਼ਹਿਰ, ਸਾਗਰ ਤੇ ਅਕਾਸ਼ ਸ਼ਾਂਤ ਤੇ ਨਿਰਮਲ ਤੇ ਸੁੰਦਰ ਹੋ ਜਾਣਗੇ...

ਘੜਿਆਂ ਉੱਤੇ ਮਾਪੀਆਂ-ਤੋਲੀਆਂ ਤੇ ਗੂੰਜ਼ਵੀਆਂ ਬਾਰਾਂ ਸੱਟਾਂ ਸੁਣਾਈ ਦਿੱਤੀਆਂ। ਜਦੋਂ ਪਿੱਤਲ ਦੀਆਂ ਆਖ਼ਰੀ ਥਕਕਣਾਂ ਖ਼ਤਮ ਹੋ ਗਈਆਂ ਤਾਂ ਕਿਰਤ ਦਾ ਵਹਿਸ਼ੀ ਸੰਗੀਤ ਮੱਠਾ ਪੈ ਗਿਆ ਤੇ ਇੱਕ ਮਿੰਟ ਮਗਰੋਂ ਇਹ ਸਿਰਫ਼ ਅਸੰਤੋਖ ਦੀ ਬੁੜ-ਬੁੜ ਬਣ ਕੇ ਹੀ ਰਹਿ ਗਿਆ। ਹੁਣ ਲੋਕਾਂ ਦੀਆਂ ਅਵਾਜ਼ਾਂ ਤੇ ਸਾਗਰ ਦੀ ਸ਼ਾਂ-ਸ਼ਾਂ ਵਧੇਰੇ ਸਪੱਸ਼ਟ ਸੁਣਾਈ ਦੇਂਦੀ ਸੀ। ਦੁਪਹਿਰ ਦੇ ਖਾਣੇ ਦਾ ਸਮਾਂ ਹੋ ਗਿਆ ਸੀ।

## 1.

ਜਦੋਂ ਪਾਂਡੀਆਂ ਨੇ ਕੰਮ ਕਰਨਾ ਬੰਦ ਕੀਤਾ ਤੇ ਰੌਲ਼ਾ ਪਾਉਂਦੀਆਂ ਟੋਲੀਆਂ ਬਣਾ ਕੇ ਛਾਬੜੀਆਂ ਵਾਲ਼ੀਆਂ ਤੋਂ ਕੁਝ ਖਾਣ-ਪੀਣ ਨੂੰ ਖਰੀਦਣ ਲਈ ਤੇ ਛਾਂਦਾਰ ਟਿਕਾਣੇ ਲੱਭਣ ਲਈ ਬੰਦਰਗਾਹ ਉੱਤੇ ਖਿੰਡ ਗਏ, ਜਿੱਥੇ ਪਟੜੀਆਂ ਉੱਤੇ ਬੈਠ ਕੇ ਉਹ ਆਪਣਾ ਖਾਣਾ ਖਾ ਸਕਣ, ਤਾਂ ਗਰੀਸ਼ਕਾ ਚੇਲਕਾਸ਼ ਆ ਗਿਆ। ਉਹ ਪੁਰਾਣੇ ਬਘਿਆੜ ਵਾਂਗ ਸੀ, ਜਿਸ ਦਾ ਹਮੇਸ਼ਾ ਪਿੱਛਾ ਕੀਤਾ ਜਾਂਦਾ ਸੀ। ਉਸ ਨੂੰ ਬੰਦਰਗਾਰ ਦੇ ਸਾਰੇ ਲੋਕ ਚੰਗੀ ਤਰ੍ਹਾਂ ਜਾਣਦੇ ਸਨ—ਪੱਕਾ ਸ਼ਰਾਬੀ, ਦਲੇਰ ਤੇ ਹੁਸ਼ਿਆਰ ਚੋਰ। ਉਹ ਨੰਗੇ ਸਿਰ ਤੇ ਨੰਗੇ ਪੈਰ ਸੀ; ਉਸ ਨੇ ਘਸੀ ਹੋਈ ਘਟੀਆ ਮਖਮਲ਼ ਦੀ ਪੈਂਟ ਪਾਈ ਹੋਈ  ਸੀ ਤੇ ਪਾਟੇ ਕਾਲਰ ਵਾਲ਼ੀ ਗੰਦੀ ਸੂਤੀ ਕਮੀਜ਼ ਵਿੱਚੋਂ ਉਸ ਦੀ ਸਾਂਵਲੇ ਰੰਗ ਦੀ ਚਮੜੀ ਵਾਲ਼ੀ ਹੱਡਲ ਛਾਤੀ ਦਿਸਦੀ ਸੀ। ਵਿੱਚੋਂ-ਵਿੱਚੋਂ ਚਿੱਟੇ ਹੋਏ ਉਸ ਦੇ ਕਾਲ਼ੇ ਉਲਝੇ ਹੋਏ ਵਾਲਾਂ ਤੇ ਉਸ ਦੇ ਪਤਲੇ ਤੇ ਬਾਜ਼ ਵਰਗੇ ਚਿਹਰੇ ਦੀ ਫਿੱਸੀ ਹੋਈ ਦਿੱਖ ਤੋਂ ਪਤਾ ਲੱਗਦਾ ਸੀ ਕਿ ਉਹ ਅਜੇ ਹੁਣੇ-ਹੁਣੇ ਸੁੱਤਾ ਉੱਠਿਆ ਸੀ। ਉਸ ਦੀ ਭੂਰੀ ਮੁੱਛ ਵਿੱਚ ਇੱਕ ਤੀਲਾ ਅੜਿਆ ਹੋਇਆ ਸੀ ਤੇ ਇੱਕ ਹੋਰ ਤੀਲਾ ਉਸ ਦੀ ਖੱਬੀ ਗੱਲ੍ਹ ਉੱਤੇ ਵਧੀ ਦਾੜ੍ਹੀ ਵਿੱਚ ਫਸਿਆ ਸੀ, ਜਦੋਂ ਕਿ ਉਸ ਨੇ ਕੰਨ ਦੇ ਪਿੱਛੇ ਉਸੇ ਵੇਲੇ ਤੋੜੀ ਲਾਈਮ ਦੀ ਛੋਟੀ ਜਿਹੀ ਟਾਹਣੀ ਅੜਾਈ ਹੋਈ ਸੀ। ਲੰਮਾ, ਪਤਲਾ ਤੇ ਜ਼ਰਾ ਕੁ ਝੁਕਿਆ ਹੋਇਆ, ਉਹ ਪੱਥਰਾਂ ਦੀ ਬਣੀ ਸੜਕ ਉੱਤੇ ਹੌਲ਼ੀ-ਹੌਲ਼ੀ ਟਹਿਲਦਾ ਹੋਇਆ ਆ ਰਿਹਾ ਸੀ। ਉਹ ਆਪਣੇ ਤੋਤੇ ਦੀ ਚੁੰਜ ਵਰਗੇ ਨੱਕ ਨਾਲ਼ ਹਵਾ ਨੂੰ ਸੁੰਘ ਰਿਹਾ ਸੀ ਤੇ ਪਾਂਡੀਆਂ ਵਿੱਚੋਂ ਕਿਸੇ ਦੀ ਭਾਲ ਵਿੱਚ ਆਪਣੀਆਂ ਸਲੇਟੀ ਚਮਕਦੀਆਂ ਅੱਖਾਂ

ਚਾਰ-ਚੁਫੇਰੇ ਘੁੰਮਾ ਰਿਹਾ ਸੀ। ਉਸ ਦੀਆਂ ਲੰਮੀਆਂ ਮੋਟੀਆਂ ਭੂਰੀਆਂ ਮੁੱਛਾਂ ਬਿੱਲੀ ਦੀਆਂ ਮੁੱਛਾਂ ਵਾਂਗ ਫਰਕਦੀਆਂ ਰਹਿੰਦੀਆਂ ਸਨ, ਉਸ ਨੇ ਆਪਣੇ ਹੱਥ ਪਿੱਠ ਪਿੱਛੇ ਕੀਤੇ ਹੋਏ ਸਨ ਤੇ ਉਹਨਾਂ ਨੂੰ ਲਗਾਤਾਰ ਰਗੜੀ ਜਾ ਰਿਹਾ ਸੀ ਤੇ ਆਪਣੀਆਂ ਲੰਮੀਆਂ ਵਿੰਗੀਆਂ-ਟੇਢੀਆਂ ਜਕੜ ਪਾਉਣ ਵਾਲ਼ੀਆਂ ਉਂਗਲਾਂ ਦੇ ਕੜਾਕੇ ਕੱਢੀ ਜਾ ਰਿਹਾ ਸੀ। ਇੱਥੇ ਵੀ, ਆਪਣੇ ਵਰਗੇ ਸੈਂਕੜੇ ਤੇਜ਼-ਤਰਾਰ ਆਵਾਰਾਗਰਦਾਂ ਵਿੱਚ ਵੀ, ਉਹ ਇੱਕਦਮ ਆਪਣੇ ਵੱਲ ਧਿਆਨ ਖਿੱਚ ਲੈਂਦਾ ਸੀ, ਕਿਉਂਕਿ ਆਪਣੇ ਵਹਿਸ਼ੀ ਪਤਲੇਪਣ ਤੇ ਮੰਤਵ-ਭਰਪੂਰ ਚਾਲ ਕਾਰਨ ਉਹ ਸਤੈਪੀ ਦੇ ਬਾਜ਼ ਦੇ ਨਾਲ਼ ਮਿਲਦਾ ਸੀ, ਜਿਸ ਚਾਲ ਨੇ ਉਸ ਸ਼ਿਕਾਰੀ ਪੰਛੀ ਦੀ ਉਡਾਨ ਵਾਂਗ ਆਪਣੀ ਸਹਿਜ-ਸੁਭਾ ਸ਼ਾਂਤੀ ਦੀ ਦਿੱਖ ਹੇਠ ਖਿਚਾਅ-ਭਰੀ ਚੌਕਸੀ ਲੁਕਾਈ ਹੁੰਦੀ ਸੀ।

ਜਿਉਂ ਹੀ ਉਹ ਕੋਲੇ ਦੀਆਂ ਟੋਕਰੀਆਂ ਦੇ ਢੇਰ ਦੀ ਛਾਵੇਂ ਬੈਠੇ ਨੰਗੇ ਪੈਰੀਂ ਪਾਂਡੀਆਂ ਦੀ ਇੱਕ ਟੋਲੀ ਤੱਕ ਪੁੱਜਾ ਤਾਂ ਇੱਕ ਗਠੀਲਾ ਜਿਹਾ, ਮੂਰਖਾਂ ਵਰਗੇ ਤੇ ਚਟਾਕਾਂ ਭਰੇ ਮੂੰਹ ਵਾਲ਼ਾ ਮੁੰਡਾ ਉਸ ਨੂੰ ਅੱਗੋਂ ਦੀ ਹੋ ਕੇ ਮਿਲਣ ਲਈ ਉੱਠਿਆ। ਉਸ ਦੀ ਧੌਣ ਉੱਤੇ ਖਰੂੰਢਾਂ ਦੇ ਨਿਸ਼ਾਨ ਸਨ, ਜਿਸ ਤੋਂ ਪਤਾ ਲੱਗਦਾ ਸੀ ਕਿ ਉਹ ਹੁਣੇ-ਹੁਣੇ ਲੜ ਕੇ ਹਟਿਆ ਹੈ। ਉਹ ਚੇਲਕਾਸ਼ ਦੇ ਨਾਲ਼-ਨਾਲ਼ ਕਦਮ ਮਿਲਾ ਕੇ ਚੱਲਣ ਲੱਗਾ ਤੇ ਦੱਬੇ ਸਾਹ ਬੋਲਿਆ :

"ਗੁਦਾਮ ਵਾਲ਼ਿਆਂ ਨੂੰ ਕੱਪੜੇ ਦੀਆਂ ਦੋ ਗੰਢਾਂ ਨਹੀਂ ਲੱਭਦੀਆਂ, ਉਹ ਢੂੰਡ ਰਹੇ ਨੇ।"

"ਫੇਰ ?" ਚੇਲਕਾਸ਼ ਨੇ ਆਪਣੀ ਨਜ਼ਰ ਉਸ ਉੱਤੇ ਦੌੜਾਉਂਦਿਆਂ ਅਰਾਮ ਨਾਲ਼ ਪੁੱਛਿਆ।

" 'ਫੇਰ' ਤੋਂ ਤੇਰਾ ਕੀ ਮਤਲਬ ? ਮੈਂ ਕਹਿਨਾ ਉਹ ਢੂੰਡਦੇ ਫਿਰਦੇ ਨੇ, ਹੋਰ ਕੀ ?"

"ਤੇ ਤੇਰਾ ਮਤਲਬ ਏ ਮੈਂ ਉਹਨਾਂ ਨੂੰ ਲੱਭਣ ਵਿੱਚ ਮਦਦ ਦਿਆਂ ?"

ਤੇ ਚੇਲਕਾਸ਼ ਨੇ ਮੁਸਕ੍ਰਾਉਂਦਿਆਂ ਹੋਇਆਂ ਉਸ ਪਾਸੇ ਵੱਲ ਦੇਖਿਆ ਜਿੱਥੇ ਗੁਦਾਮ ਸਥਿਤ ਸੀ।

"ਪੈ ਢੱਠੇ ਖੂਹ ਵਿੱਚ।"

ਮੁੰਡਾ ਵਾਪਸ ਚਲਾ ਗਿਆ।

"ਉਏ, ਠਹਿਰ ਜ਼ਰਾ ! ਤੇਰਾ ਇਹ ਸ਼ਿੰਗਾਰ ਕਿਨ੍ਹੇ ਕੀਤੈ ? ਕਿਵੇਂ ਤੂੰ ਆਪਣਾ ਸਾਈਨਬੋਰਡ ਖ਼ਰਾਬ ਕਰ ਲਿਐ ! ਮੀਸ਼ਕਾ ਕਿਧਰੇ ਦੇਖਿਐ ?"

"ਬੜੇ ਚਿਰ ਦਾ ਨਹੀਂ ਦੇਖਿਆ," ਮੁੰਡੇ ਨੇ ਮੁੜ ਕੇ ਜਵਾਬ ਦਿੱਤਾ ਤੇ ਸਾਥੀਆਂ ਨਾਲ਼ ਆ ਰਲਿਆ।

ਜਿਹੜਾ ਵੀ ਕੋਈ ਚੇਲਕਾਸ਼ ਨੂੰ ਮਿਲਦਾ ਸੀ, ਉਸ ਨੂੰ ਪੁਰਾਣੇ ਜਾਣੂਆਂ ਵਾਂਗ ਦੁਆ-ਸਲਾਮ ਕਰਦਾ ਸੀ, ਤੇ ਉਹ ਭਾਵੇਂ ਹਮੇਸ਼ਾ ਖੁਸ਼ ਰਹਿਣਾ ਤੇ ਕਾਟਵਾਂ ਹੁੰਦਾ ਸੀ, ਪਰ ਅੱਜ ਉਹਦਾ ਕੁੱਝ ਰੌ ਖ਼ਰਾਬ ਲੱਗਦਾ ਸੀ ਤੇ ਉਹ ਬਿਲਕੁਲ ਸੰਖੇਪ ਜੁਆਬ ਦੇ ਰਿਹਾ ਸੀ।

ਸਮਾਨ ਦੇ ਢੇਰ ਦੇ ਪਿਛਲੇ ਪਾਸਿਓਂ ਇਕਦਮ ਇੱਕ ਚੁੰਗੀ ਦਾ ਗਾਰਦ ਆ

ਦਿਖਾਈ ਦਿੱਤਾ—ਗੂੜ੍ਹਾ-ਹਰਾ, ਧੂੜ-ਲਿਬੜਿਆ, ਲੜਾਕੇ ਹੋਣ ਦੀ ਹੱਦ ਤੱਕ ਸਿੱਧਾ। ਉਸ ਨੇ ਵੰਗਾਰਦੇ ਅੰਦਾਜ਼ ਵਿੱਚ ਚੇਲਕਾਸ਼ ਦਾ ਰਸਤਾ ਰੋਕ ਲਿਆ, ਆਪਣਾ ਖੱਬਾ ਹੱਥ ਆਪਣੇ ਛੁਰੇ ਦੀ ਮੁੱਠੀ ਉੱਤੇ ਰੱਖ ਲਿਆ ਤੇ ਆਪਣਾ ਸੱਜਾ ਹੱਥ ਚੇਲਕਾਸ਼ ਨੂੰ ਕਾਲਰ ਤੋਂ ਫੜਨ ਦੀ ਕੋਸ਼ਿਸ਼ ਵਿੱਚ ਵਧਾਇਆ।

"ਰੁਕ ਜਾ! ਕਿੱਧਰ ਚੱਲਿਐ ?"

ਚੇਲਕਾਸ਼ ਇੱਕ ਕਦਮ ਪਿੱਛੇ ਹਟ ਗਿਆ, ਆਪਣੀਆਂ ਅੱਖਾਂ ਗਾਰਦ ਦੇ ਲਾਲ ਮੂੰਹ ਵੱਲ ਚੁੱਕੀਆਂ ਤੇ ਖੁਸ਼ਕ ਜਿਹਾ ਮੁਸਕ੍ਰਾਇਆ।

ਗਾਰਦ ਨੇ ਆਪਣੇ ਲਾਲ, ਚਤਰ ਪਰ ਸਦਭਾਵੀ ਚਿਹਰੇ ਉੱਤੇ ਸਖ਼ਤ ਹਾਵਭਾਵ ਲਿਆਉਣ ਦੀ ਕੋਸ਼ਿਸ਼ ਕੀਤੀ : ਗੱਲ੍ਹਾਂ ਫੁਲਾ ਲਈਆਂ ਤੇ ਲਾਲ ਕਰ ਲਈਆਂ, ਭਰਵੱਟੇ ਸੁੰਗੇੜ ਲਏ, ਉਸ ਦੀਆਂ ਅੱਖਾਂ ਘੁੰਮਣ ਲੱਗੀਆਂ ਤੇ ਸਮੁੱਚੇ ਤੌਰ ਉੱਤੇ ਪ੍ਰਭਾਵ ਬੇਹੱਦ ਹਾਸੋਹੀਣਾ ਪੈਣ ਲੱਗਾ।

"ਮੈਂ ਤੈਨੂੰ ਇਸ ਵਾਰ ਕਹਿ ਦਿੱਤਾ ਹੋਇਐ ਕਿ ਬੰਦਰਗਾਹ ਵੱਲ ਆਉਣ ਦੀ ਹਿੰਮਤ ਨਾ ਕਰੀਂ, ਨਹੀਂ ਤਾਂ ਮੈਂ ਤੇਰੀਆਂ ਪੱਸਲੀਆਂ ਤੋੜ ਦਿਆਂਗਾ! ਤੇ ਤੂੰ ਫਿਰ ਇੱਥੇ ਪਿਆ ਫਿਰਦੈਂ ?" ਗਾਰਦ ਕੜਕ ਕੇ ਬੋਲਿਆ।

"ਕੀ ਹਾਲ ਐ, ਸੇਮੀਓਨਿਚ! ਬੜੀ ਦੇਰ ਤੋਂ ਨਹੀਂ ਮਿਲੇ," ਅਡੋਲ ਚੇਲਕਾਸ਼ ਆਪਣਾ ਹੱਥ ਅੱਗੇ ਵਧਾਉਂਦਾ ਹੋਇਆ ਬੋਲਿਆ।

"ਹੋਰ ਸੌ ਸਾਲ ਨਾ ਮਿਲਾਂ ਤਾਂ ਕੀ ਫਰਕ ਪੈਂਦੈ! ਚੱਲ, ਚੱਲ!"

ਪਤਾ ਤਾਂ ਵੀ ਸੇਮੀਓਨਿਚ ਨੇ ਵਧਿਆ ਹੱਥ ਮਿਲਾ ਲਿਆ।

"ਮੈਨੂੰ ਬੱਸ ਇੱਕ ਗੱਲ ਦਸ," ਸੇਮੀਓਨਿਚ ਦਾ ਹੱਥ ਆਪਣੀਆਂ ਫ਼ੌਲਾਦੀ ਉਂਗਲੀਆਂ ਵਿੱਚ ਘੁਟਦਿਆਂ ਤੇ ਇਸ ਨੂੰ ਦੋਸਤਾਨਾ ਤਰੀਕੇ ਨਾਲ਼ ਹਿਲਾਉਂਦਿਆਂ ਚੇਲਕਾਸ਼ ਨੇ ਗੱਲ ਜਾਰੀ ਰੱਖੀ। "ਮੀਸ਼ਕਾ ਨਹੀਂ ਦੇਖਿਆ ਕਿਧਰੇ ?"

"ਕਿਹੜਾ ਮੀਸ਼ਕਾ ? ਮੈਂ ਕਿਸੇ ਮੀਸ਼ਕਾ ਨੂੰ ਨਹੀਂ ਜਾਣਦਾ। ਚੱਲਦਾ ਹੋ, ਭਾਊ, ਔਧਰ ਨੂੰ! ਜੇ ਗਦਾਮ ਦੇ ਚੌਕੀਦਾਰ ਨੇ ਕਿਧਰੇ ਦੇਖ ਲਿਆ ਤਾਂ..."

"ਉਹ ਲਾਲ-ਸਿਰਾ, ਜਿਸ ਦੇ ਨਾਲ਼ ਪਿਛਲੀ ਵਾਰੀ ਮੈਂ "ਕੋਸਤਰੋਮਾ" ਉੱਤੇ ਕੰਮ ਕਰਦਾ ਰਿਹਾਂ," ਚੇਲਕਾਸ਼ ਡਟਿਆ ਰਿਹਾ।

"ਜਿੱਥੋਂ ਤੁਸੀਂ ਇਕੱਠੇ ਚੋਰੀ ਕਰਦੇ ਰਹੇ ਹੋ, ਤੂੰ ਕਹਿਣਾ ਚਾਹੁੰਦੈਂ! ਹਸਪਤਾਲ ਲੈ ਗਏ ਨੇ ਉਹਨੂੰ, ਮੀਸ਼ਕਾ ਤੇਰੇ ਨੂੰ—ਕਿਸੇ ਲੋਹੇ ਨਾਲ਼ ਲੱਤ ਫੇਹ ਲਈ ਸੂ। ਇੱਥੋਂ ਚਲਾ ਜਾ, ਮੈਂ ਤੈਨੂੰ ਸੱਚ ਕਹਿਨਾਂ, ਮਤਾਂ ਗਲਮਿਓਂ ਫੜ ਕੇ ਲਿਜਾਣਾ ਪਵੇ!"

"ਦੇਖ ਹੁਣ ਤੂੰ! ਆਪੇ ਤੂੰ ਕਿਹਾ ਸੀ ਤੂੰ ਕਿਸੇ ਮੀਸ਼ਕਾ ਨੂੰ ਨਹੀਂ ਜਾਣਦਾ। ਪਰ ਤੂੰ ਜਾਣਦੈਂ। ਤੂੰ ਕਿਉਂ ਏਨਾ ਚਿੜਚਿੜਾ ਹੋ ਗਿਐਂ, ਸੇਮੀਓਨਿਚ ?"

"ਗੱਲਾਂ ਨਾ ਮਾਰ, ਤੇ ਚੱਲਦਾ ਹੋ!"

ਗਾਰਦ ਨੂੰ ਗ਼ੁੱਸਾ ਚੜ੍ਹਨਾ ਸ਼ੁਰੂ ਹੋ ਗਿਆ; ਉਸ ਨੇ ਆਸੇ-ਪਾਸੇ ਤੱਕਿਆ ਤੇ

ਆਪਣਾ ਹੱਥ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਚੇਲਕਾਸ਼ ਨੇ ਇਹ ਫੜੀ ਰੱਖਿਆ, ਤੇ ਆਪਣੇ ਮੋਟੇ-ਮੋਟੇ ਭਰਵੱਟਿਆਂ ਹੇਠੋਂ ਉਸ ਵੱਲ ਸ਼ਾਂਤੀ ਨਾਲ਼ ਦੇਖਦਾ ਹੋਇਆ ਗੱਲਾਂ ਕਰੀ ਗਿਆ :

"ਕਾਹਲੀ ਕਾਹਦੀ ਏ ? ਤੇਰੇ ਨਾਲ਼ ਦੋ ਗੱਲਾਂ ਕਰਕੇ ਚਲਾ ਜਾਵਾਂਗਾ। ਕੀ ਹਾਲ ਏ ? ਕਿਵੇਂ ਰਹਿ ਰਿਹੈਂ ?... ਬੀਵੀ ਕਿੱਦਾਂ ਏ, ਬੱਚੇ ਕਿੱਦਾਂ ਨੇ ? ਠੀਕ-ਠਾਕ ਨੇ ?" ਉਸ ਦੀਆਂ ਅੱਖਾਂ ਚਮਕ ਰਹੀਆਂ ਸਨ ਤੇ ਉਸ ਦੇ ਦੰਦ ਲਿਸ਼ਕਦੇ ਨਜ਼ਰ ਪਏ ਜਦੋਂ ਉਸ ਨੇ ਠੱਠਾ ਉਡਾਉਂਦੀ ਮੁਸਕ੍ਰਾਹਟ ਨਾਲ਼ ਗੱਲ ਅੱਗੇ ਵਧਾਈ : "ਕਿੰਨੇ ਚਿਰ ਤੋਂ ਸੋਚ ਰਿਹਾ ਸਾਂ ਤੈਨੂੰ ਮਿਲਣ ਆਵਾਂ, ਪਰ ਵਿਹਲ ਹੀ ਨਹੀਂ ਮਿਲਦੀ—ਦਰਅਸਲ ਪੀਣਾ ਨਹੀਂ ਛੱਡਦਾ..."

"ਬੱਸ ਕਰ ! ਬੱਸ ਕਰ ! ਠੱਠਾ ਨਾ ਕਰ, ਹੱਡਲ ਸ਼ੈਤਾਨ ! ਮੈਂ, ਭਾਊ, ਤੈਨੂੰ ਠੀਕ ਕਹਿਨਾ !... ਪਰ ਸ਼ਾਇਦ ਤੇਰੀ ਫੇਰ ਘਰਾਂ ਨੂੰ ਸੰਨ੍ਹਾਂ ਲਾਉਣ ਦੀ ਤੇ ਗਲੀਆਂ ਬਜ਼ਾਰਾਂ ਵਿੱਚ ਲੋਕਾਂ ਨੂੰ ਲੁੱਟਣ ਦੀ ਮਰਜ਼ੀ ਊ ?"

"ਕਾਹਦੇ ਲਈ ? ਤੂੰ ਤੇ ਮੈਂ ਏਥੇ ਕੰਮ ਕਰਦੇ ਰਹੀਏ ਤਾਂ ਸਾਰੀ ਉਮਰ ਨਾ ਮੁੱਕੇ। ਸਹੁੰ ਰੱਬ ਦੀ, ਏਨਾ ਕੰਮ ਏ ਇੱਥੇ, ਸੇਮੀਓਨਿਚ ! ਸੁਣਿਐ ਤੂੰ ਕੱਪੜਿਆਂ ਦੀਆਂ ਦੋ ਗੰਢਾਂ ਹੋਰ ਖਿਸਕਾ ਲਈਐਂ ? ਧਿਆਨ ਰੱਖੀਂ, ਕਿਤੇ ਮੁਸੀਬਤ ਵਿੱਚ ਨਾ ਫਸ ਜਾਈਂ !..."

ਸੇਮੀਓਨਿਚ ਗੁੱਸੇ ਨਾਲ਼ ਕੰਬਣ ਲੱਗਾ ਤੇ ਜਦੋਂ ਉਸ ਨੇ ਆਪਣੇ ਗੁੱਸੇ ਨੂੰ ਲਫਜ਼ਾਂ ਵਿੱਚ ਜ਼ਾਹਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਮੂੰਹ ਵਿੱਚੋਂ ਥੁੱਕ ਉੱਡਣ ਲੱਗੀ। ਚੇਲਕਾਸ਼ ਨੇ ਉਸ ਦਾ ਹੱਥ ਛੱਡ ਦਿੱਤਾ ਤੇ ਅਰਾਮ ਨਾਲ਼ ਆਪਣੀਆਂ ਲੰਮੀਆਂ ਲੱਤਾਂ ਨਾਲ਼ ਪੁਲਾਂਘਾਂ ਭਰਦਾ ਬੰਦਰਗਾਹ ਦੇ ਗੇਟਾਂ ਤੱਕ ਚਲਾ ਗਿਆ। ਗਾਰਦ ਉਸ ਨੂੰ ਬੁਰਾ-ਭਲਾ ਕਹਿੰਦਾ ਹੋਇਆ ਉਸ ਦੇ ਮਗਰ-ਮਗਰ ਤੁਰੀ ਆਇਆ।

ਚੇਲਕਾਸ਼ ਹੁਣ ਚੰਗੇਰੇ ਰੌਂ ਵਿੱਚ ਸੀ; ਉਸ ਨੇ ਆਪਣੇ ਦੰਦਾਂ ਵਿੱਚੋਂ ਸੀਟੀ ਨਾਲ਼ ਕੋਈ ਧੁਨ ਕੱਢੀ, ਆਪਣੇ ਹੱਥ ਆਪਣੀਆਂ ਜੇਬਾਂ ਵਿੱਚ ਪਾ ਲਏ, ਚਾਲ ਹੌਲ਼ੀ ਕਰ ਲਈ ਤੇ ਸੱਜੇ ਖੱਬੇ ਮਜ਼ਾਕ ਕਰਨ ਲੱਗਾ ਤੇ ਹੱਸਣ ਲੱਗਾ। ਉਸ ਨਾਲ਼ ਵੀ ਅੱਗੋਂ ਉਸੇ ਤਰ੍ਹਾਂ ਹੋਣ ਲੱਗਾ।

"ਜ਼ਰਾ ਵੇਖ, ਗਰੀਸ਼ਕਾ, ਮਾਲਕ ਤੇਰਾ ਕਿੰਨਾ ਖ਼ਿਆਲ ਰੱਖਦੇ ਨੇ !" ਇੱਕ ਪਾਂਡੀ ਬੋਲਿਆ, ਜਿਹੜਾ ਖਾਣੇ ਤੋਂ ਪਿੱਛੋਂ ਅਰਾਮ ਕਰ ਰਿਹਾ ਸੀ ਤੇ ਆਪਣੇ ਸਾਥੀਆਂ ਸਮੇਤ ਜ਼ਮੀਨ ਉੱਤੇ ਨਿੱਸਲ ਹੋਇਆ ਹੋਇਆ ਸੀ।

"ਸੇਮੀਓਨਿਚ ਵੇਖ ਰਿਹੈ ਕਿ ਮੈਂ ਨੰਗੇ ਪੈਰ ਕਿਧਰੇ ਕਿਸੇ ਕਿੱਲ ਉੱਤੇ ਨਾ ਰੱਖ ਲਵਾਂ," ਚੇਲਕਾਸ਼ ਨੇ ਜਵਾਬ ਦਿੱਤਾ।

ਉਹ ਦਰਵਾਜ਼ਿਆਂ ਤੱਕ ਆ ਗਏ। ਦੋ ਸਿਪਾਹੀਆਂ ਨੇ ਚੇਲਕਾਸ਼ ਨੂੰ ਟਟੋਲਿਆ ਤੇ ਉਸ ਨੂੰ ਹੌਲ਼ੀ ਜਿਹੀ ਬਜ਼ਾਰ ਵੱਲ ਧੱਕ ਦਿੱਤਾ।

ਉਸ ਨੇ ਸੜਕ ਪਾਰ ਕੀਤੀ ਤੇ ਸ਼ਰਾਬ ਦੇ ਠੇਕੇ ਦੇ ਸਾਮ੍ਹਣੇ ਪਾਸੇ ਇੱਕ ਥੜ੍ਹੇ ਉੱਤੇ ਜਾ ਬੈਠਾ। ਬੰਦਰਗਾਹ ਦੇ ਗੇਟਾਂ ਵਿੱਚੋਂ ਲੱਦੇ ਹੋਏ ਗੱਡਿਆਂ ਦੀ ਇੱਕ ਕਤਾਰ ਗੜ-ਗੜ ਕਰਦੀ ਬਾਹਰ ਆਈ, ਜਦੋਂ ਕਿ ਖ਼ਾਲੀ ਗੱਡਿਆਂ ਦੀ ਇੱਕ ਕਤਾਰ ਅੰਦਰ ਗਈ; ਉਹਨਾਂ ਦੇ

ਗਾਡੀਵਾਨ ਆਪਣੀਆਂ ਸੀਟਾਂ ਉੱਤੇ ਭੁੜਕ ਰਹੇ ਸਨ। ਬੰਦਰਗਾਹ ਵਿੱਚੋਂ ਅਵਾਜ਼ਾਂ ਦੀ ਗਰਜ ਤੇ ਮਿੱਟੀ-ਘੱਟੇ ਦੇ ਬੱਦਲ ਆ ਰਹੇ ਸਨ, ਜਿਹੜੇ ਪਿੰਡੇ ਨਾਲ਼ ਚਮੜਦੇ ਜਾਂਦੇ ਸਨ।

ਇਸ ਪਾਗਲਾਂ ਵਾਲ਼ੀ ਗੜਬੜ ਵਿਚਕਾਰ ਚੇਲਕਾਸ਼ ਆਪਣੇ ਪੂਰੇ ਰੌਂ ਵਿੱਚ ਸੀ। ਉਸ ਰਾਤ ਉਸ ਨੂੰ ਚੰਗਾ ਮਾਲ ਹੱਥ ਲੱਗਣ ਦੀ ਉਮੀਦ ਸੀ, ਜਿਸ ਮਾਲ ਲਈ ਉਸ ਨੂੰ ਬਹੁਤੀ ਕੋਸ਼ਿਸ਼ ਨਹੀਂ ਸੀ ਕਰਨੀ ਪੈਣੀ, ਪਰ ਬਹੁਤ ਹੁਸ਼ਿਆਰੀ ਦੀ ਲੋੜ ਸੀ। ਉਸ ਨੂੰ ਯਕੀਨ ਸੀ ਕਿ ਹੁਸ਼ਿਆਰੀ ਉਸ ਵਿੱਚ ਬਹੁਤ ਸੀ, ਤੇ ਉਸ ਨੇ ਆਪਣੀਆਂ ਅੱਖਾਂ ਖੁਸ਼ੀ ਨਾਲ਼ ਸੁੰਗੇੜ ਲਈਆਂ ਜਦੋਂ ਉਸ ਨੇ ਮਨ ਹੀ ਮਨ ਵਿੱਚ ਸੋਚਿਆ ਕਿ ਭਲਕ ਨੂੰ ਉਹ ਆਪਣੇ ਸਾਰੇ ਬੈਂਕ-ਨੋਟ ਕਿਵੇਂ ਖ਼ਰਚ ਕਰੇਗਾ।... ਉਸ ਨੂੰ ਆਪਣੇ ਯਾਰ ਮੀਸ਼ਕਾ ਦਾ ਖ਼ਿਆਲ ਆਇਆ। ਉਸ ਨੂੰ ਉਹਦੀ ਅੱਜ ਰਾਤ ਬਹੁਤ ਲੋੜ ਸੀ, ਤੇ ਉਹ ਸੀ ਕਿ ਆਪਣੀ ਲੱਤ ਤੁੜਵਾ ਕੇ ਬੈਠ ਗਿਆ ਸੀ। ਚੇਲਕਾਸ਼ ਆਪਣੇ-ਆਪ ਉੱਤੇ ਗੁੱਸੇ ਹੋਣ ਲੱਗਾ, ਇਹ ਸੋਚਦਿਆਂ ਕਿ ਉਹ ਇਕੱਲਾ ਇਸ ਕੰਮ ਨੂੰ ਨਹੀਂ ਨਜਿੱਠ ਸਕੇਗਾ। ਮੌਸਮ ਕਿਹੋ ਜਿਹਾ ਹੋਵੇਗਾ ? ਉਸ ਨੇ ਅਕਾਸ਼ ਵੱਲ ਨਜ਼ਰ ਮਾਰੀ, ਤੇ ਫਿਰ ਬਜ਼ਾਰ ਵੱਲ।

ਉਸ ਤੋਂ ਛੇ ਕੁ ਕਦਮਾਂ ਦੀ ਵਿੱਥ ਉੱਤੇ, ਆਪਣੀ ਪਿੱਠ ਖੰਭੇ ਨਾਲ਼ ਜੋੜ ਕੇ ਪਟੜੀ ਉੱਤੇ ਇੱਕ ਮੁੰਡਾ ਬੈਠਾ ਸੀ, ਜਿਸ ਨੇ ਘਰ ਦੀ ਬਣੀ ਨੀਲ਼ੀ ਕਮੀਜ਼ ਤੇ ਪਤਲੂਨ ਪਾਈ ਹੋਈ ਸੀ, ਪੈਰਾਂ ਵਿੱਚ ਦਰੱਖ਼ਤ ਦੀ ਛਾਲ ਦੀ ਜੁੱਤੀ ਤੇ ਪਾਟੀ ਹੋਈ ਭੂਰੀ ਟੋਪੀ ਸਿਰ ਉੱਤੇ ਪਾਈ ਹੋਈ ਸੀ। ਉਸ ਦੇ ਕੋਲ਼ ਹੀ ਇੱਕ ਛੋਟਾ ਜਿਹਾ ਝੋਲਾ ਤੇ ਦਸਤੇ ਤੋਂ ਬਿਨਾਂ ਦਾਤਰੀ ਪਈ ਸੀ ਜਿਹੜੀ ਤੂੜੀ ਵਿੱਚ ਲਪੇਟੀ ਤੇ ਬੜੀ ਸੁਥਰੀ ਤਰ੍ਹਾਂ ਰੱਸੀ ਨਾਲ਼ ਬੰਨ੍ਹੀ ਹੋਈ ਸੀ। ਮੁੰਡਾ ਤਕੜਾ ਸੀ, ਚੌੜੀ ਛਾਤੀ, ਕੱਕੇ ਵਾਲ, ਚਿਹਰਾ ਧੁੱਪ ਤੇ ਹਵਾ ਨਾਲ਼ ਸੰਵਲਾਇਆ ਹੋਇਆ, ਤੇ ਮੋਟੀਆਂ-ਮੋਟੀਆਂ ਨੀਲ਼ੀਆਂ ਅੱਖਾਂ, ਜਿਹੜੀਆਂ ਚੇਲਕਾਸ਼ ਵੱਲ ਇਤਬਾਰੀ ਤੇ ਦੋਸਤਾਨਾ ਢੰਗ ਨਾਲ਼ ਇੱਕ-ਟੱਕ ਵੇਖੀ ਜਾ ਰਹੀਆਂ ਸਨ।

ਚੇਲਕਾਸ਼ ਨੇ ਦੰਦ ਵਿਖਾਏ, ਜੀਭ ਬਾਹਰ ਕੱਢੀ, ਡਰਾਉਣਾ ਮੂੰਹ ਬਣਾਇਆ ਤੇ ਅੱਖਾਂ ਪਾੜ ਕੇ ਜਵਾਬ ਵਿੱਚ ਵੇਖਣ ਲੱਗਾ।

ਪਹਿਲਾਂ ਤਾਂ ਮੁੰਡਾ ਹੈਰਾਨ ਹੋ ਕੇ ਅੱਖਾਂ ਝਮਕਣ ਲੱਗਾ, ਫੇਰ ਉਹ ਖਿੜਖਿੜਾ ਕੇ ਹੱਸ ਪਿਆ; ਉਹ ਹੱਸੀ ਜਾ ਰਿਹਾ ਸੀ ਤੇ ਨਾਲੇ ਵਿੱਚ- ਵਿੱਚ ਕਹੀ ਜਾ ਰਿਹਾ ਸੀ : "ਕਿਆ ਅਜੀਬ ਆਦਮੀ ਹੈ !" ਨਾਲ਼ ਹੀ ਘੱਟੇ ਦੇ ਉੱਪਰ ਆਪਣਾ ਝੋਲਾ ਘਸੀਟਦਾ ਤੇ ਦਾਤਰੀ ਦੀ ਨੋਕ ਨਾਲ਼ ਪੱਥਰਾਂ ਦੇ ਉੱਪਰ ਖੜਾਕ ਕਰਦਾ ਉਹ ਬਿਨਾਂ ਉੱਠਿਆਂ ਉਸ ਥੜ੍ਹੇ ਕੋਲ਼ ਆਇਆ ਜਿੱਥੇ ਚੇਲਕਾਸ਼ ਬੈਠਾ ਸੀ।

"ਕਿਉਂ, ਭਾਊ, ਪੀਂਦਾ ਰਿਹਾ ਲਗਦੈਂ, ਖ਼ੂਬ !" ਉਹ ਚੇਲਕਾਸ਼ ਦੀ ਪਤਲੂਣ ਨੂੰ ਖਿੱਚਦਾ ਹੋਇਆ ਬੋਲਿਆ।

"ਹਾਂ, ਕੁੱਝ ਅਜਿਹਾ ਹੀ ਸੀ, ਬੱਚੂ, ਅਜਿਹਾ ਹੀ," ਮੁਸਕ੍ਰਾਉਂਦਿਆਂ ਹੋਇਆਂ ਚੇਲਕਾਸ਼ ਨੇ ਮੰਨਿਆ। ਉਹ ਇੱਕਦਮ ਇਸ ਸਿਹਤਮੰਦ, ਚੰਗੇ ਸੁਭਾ ਵਾਲ਼ੇ ਮੁੰਡੇ ਵੱਲ ਖਿੱਚਿਆ ਗਿਆ ਸੀ, ਜਿਸ ਵਿੱਚ ਬੱਚਿਆਂ ਵਰਗੀਆਂ ਚਮਕਦੀਆਂ ਅੱਖਾਂ ਸਨ। "ਘਾਹ ਕੱਟਦਾ

ਰਿਹੈਂ ?"

"ਹਾਂ, ਘਾਹ ਕੱਟਿਐ, ਪਰ ਪੈਸੇ ਨਹੀਂ ਬਣੇ। ਮਾੜੇ ਸਮੇਂ ਨੇ। ਕਦੀ ਤੁਹਾਨੂੰ ਏਨੇ ਲੋਕ ਨਹੀਂ ਸਨ ਦਿਸੇ! ਇਹ ਸਾਰੇ ਕਾਲ-ਮਾਰੇ ਇਲਾਕਿਆਂ ਤੋਂ ਦੌੜ ਕੇ ਇੱਥੇ ਆਏ ਨੇ। ਏਨੇਂ ਕੁ ਪੈਸਿਆਂ ਲਈ ਕੰਮ ਕਰਨ ਦਾ ਕੋਈ ਮਤਲਬ ਹੀ ਨਹੀਂ। ਕੂਬਾਨ ਵਿੱਚ ਸੱਠ ਕੋਪੇਕ ਮਿਲਦੇ ਨੇ, ਜ਼ਰਾ ਸੋਚ!... ਕਹਿੰਦੇ ਨੇ ਉਹ ਤਿੰਨ ਜਾਂ ਚਾਰ ਰੂਬਲ, ਸਗੋਂ ਪੰਜ ਤੱਕ ਵੀ ਦੇਂਦੇ ਹੁੰਦੇ ਸਨ।"

"ਦੇਂਦੇ ਹੁੰਦੇ ਸਨ! ਉਹ ਸਿਰਫ਼ ਕਿਸੇ ਰੂਸੀ 'ਤੇ ਝਾਤੀ ਮਾਰਨ ਦੇ ਤਿੰਨ ਰੂਬਲ ਦੇ ਦੇਂਦੇ ਹੁੰਦੇ ਸਨ! ਦੱਸ ਸਾਲ ਪਹਿਲਾਂ ਮੈਂ ਏਸੇ ਤਰ੍ਹਾਂ ਤਾਂ ਰੋਜ਼ੀ ਕਮਾਉਂਦਾ ਰਿਹਾਂ। ਮੈਂ ਕਿਸੇ ਕਜ਼ਾਕ ਪਿੰਡ ਵਿੱਚ ਜਾਂਦਾ— 'ਮੈਂ ਰੂਸੀ ਜੇ, ਲੋਕੋ!' —ਤੇ ਇਕਦਮ ਮੇਰੇ ਦੁਆਲੇ ਭੀੜ ਇਕੱਠੀ ਹੋ ਜਾਂਦੀ। ਉਹ ਮੈਨੂੰ ਚੂੰਢੀਆਂ ਵੱਢਦੇ, ਉਂਗਲਾਂ ਖੋਭਦੇ, ਹੂ-ਹੂ, ਹਾ-ਹਾ, ਤੇ ਤਿੰਨ ਰੂਬਲ ਦੇ ਦੇਂਦੇ। ਖਾਣਾ-ਪੀਣਾ ਨਾਲ਼ ਵਾਧੂ ਦਾ, ਤੇ ਰਹੀ ਜਾਹ ਜਿੰਨਾਂ ਚਿਰ ਚਾਹੇਂ!"

ਪਹਿਲਾਂ ਤਾਂ ਉਸ ਦੇ ਗੋਲ਼ ਚਿਹਰੇ ਉੱਤੇ ਅਚੰਭੇ-ਭਰੀ ਪ੍ਰਸੰਸਾ ਦਾ ਪ੍ਰਗਟਾਅ ਆ ਗਿਆ ਤੇ ਉਹਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ, ਪਰ ਜਦੋਂ ਉਸ ਨੂੰ ਸਮਝ ਆਈ ਕਿ ਚੇਲਕਾਸ਼ ਮਖ਼ੌਲ ਕਰ ਰਿਹਾ ਹੈ, ਤਾਂ ਉਸ ਨੇ ਆਪਣਾ ਮੂੰਹ ਬੰਦ ਕਰ ਲਿਆ, ਤੇ ਫ਼ਿਰ ਖਿੜਖਿੜਾ ਕੇ ਹੱਸ ਪਿਆ। ਚੇਲਕਾਸ਼ ਨੇ ਆਪਣਾ ਮੂੰਹ ਗੰਭੀਰ ਬਣਾਈ ਰੱਖਿਆ ਤੇ ਆਪਣੀ ਮੁਸਕਾਨ ਆਪਣੀਆਂ ਮੁੱਛਾਂ ਵਿੱਚ ਲੁਕਾ ਲਈ।

"ਅਜੀਬ ਸ਼ੈ ਏਂ ਤੂੰ, ਇੰਝ ਗੱਲ ਕਰਦੈਂ ਜਿਵੇਂ ਸਭ ਸੱਚ ਹੋਵੇ, ਤੇ ਮੈਂ ਸੁਣੀ ਜਾਨਾਂ ਤੇ ਯਕੀਨ ਕਰੀ ਜਾਨਾਂ... ਨਹੀਂ, ਸਹੁੰ ਰੱਬ ਦੀ, ਪਹਿਲਾਂ ਤਾਂ..."

"ਨਾ, ਤੇ ਕੀ ? ਮੈਂ ਇਹੀ ਤਾਂ ਕਹਿ ਰਿਹਾਂ ਕਿ ਪਹਿਲਾਂ ਤਾਂ..."

"ਠਹਿਰ ਤਾਂ ਸਹੀ!" ਮੁੰਡੇ ਨੇ ਹੱਥ ਹਿਲਾਉਂਦਿਆਂ ਕਿਹਾ। "ਤੂੰ ਮੋਚੀ ਏਂ ? ਕਿ ਦਰਜ਼ੀ ? ਕਿ ਕੀ ?"

"ਮੈਂ ਕੀ ਹਾਂ ?" ਚੇਲਕਾਸ਼ ਨੇ ਮੁੜ ਕੇ ਪੁੱਛਿਆ ਤੇ ਜ਼ਰਾ ਕੁ ਸੋਚ ਕੇ ਬੋਲਿਆ, "ਮੈਂ ਮਾਛੀ..."

"ਮਾਛੀ ? ਜ਼ਰਾ ਸੋਚੋ, ਮੱਛੀਆਂ ਫੜਦਾ ਹੁੰਦੈਂ ?..."

"ਮੱਛੀਆਂ ਕਿਉਂ ? ਇੱਥੋਂ ਦੇ ਮਾਛੀ ਸਿਰਫ਼ ਮੱਛੀਆਂ ਨਹੀਂ ਫੜਦੇ। ਵਧੇਰੇ ਉਹ ਲਾਸ਼ਾਂ, ਪੁਰਾਣੇ ਲੰਗਰ, ਡੁੱਬੀਆਂ ਬੇੜੀਆਂ ਫੜਦੇ ਨੇ! ਇਹੋ ਜਿਹੀਆਂ ਚੀਜ਼ਾਂ ਫੜਨ ਲਈ ਖ਼ਾਸ ਕੁੰਡੇ ਹੁੰਦੇ ਨੇ..."

"ਝੂਠ ਬੋਲ ਰਿਹੈਂ, ਫੇਰ!... ਤੂੰ ਕਿਤੇ ਉਹਨਾਂ ਮਾਛੀਆਂ ਵਿੱਚੋਂ ਤਾਂ ਨਹੀਂ ਜਿਹੜੇ ਗੌਂਦੇ ਹੁੰਦੇ ਨੇ :

ਸੁੱਕੇ ਤੱਟਾਂ ਉੱਤੇ
ਅਸੀਂ ਸੁੱਟੀਏ ਜਾਲ

ਜਾਂ ਜਿੱਥੇ ਦਰ ਹੋਵੇ ਖੁੱਲ੍ਹਾ
ਜਾਂ ਪਿਆ ਹੋਵੇ ਢੇਰ ਮਾਲ!

"ਕਦੀ ਇਹੋ ਜਿਹਾ ਮਾਛੀ ਮਿਲਿਆ ਈ?" ਮੁੰਡੇ ਨੂੰ ਘੋਖਵੀਆਂ ਨਜ਼ਰਾਂ ਨਾਲ਼ ਵੇਖਦਿਆਂ ਤੇ ਮੁਸਕ੍ਰਾਉਂਦਿਆਂ ਚੇਲਕਾਸ਼ ਨੇ ਪੁੱਛਿਆ।

"ਨਹੀਂ, ਪਰ ਮੈਂ ਉਹਨਾਂ ਬਾਰੇ ਸੁਣਿਆ ਹੋਇਐ।"

"ਪਸੰਦ ਨੇ?"

"ਕੌਣ, ਉਸ ਤਰ੍ਹਾਂ ਦੇ ਲੋਕ? ਕਿਉਂ ਨਹੀਂ? ਘੱਟੋ-ਘੱਟ ਉਹ ਅਜ਼ਾਦ ਤਾਂ ਨੇ; ਜੋ ਚਾਹੁੰਣ ਕਰ ਸਕਦੇ ਨੇ..."

"ਅਜ਼ਾਦੀ ਤੋਂ ਤੇਰਾ ਕੀ ਮਤਲਬ? ਤੂੰ, ਇਹਦਾ, ਮਤਲਬ, ਅਜ਼ਾਦੀ ਚਾਹੁੰਦੈਂ?"

"ਹਾਂ, ਕਿਉਂ ਨਹੀਂ। ਆਪਣੇ ਮਾਲਕ ਆਪ, ਜਾਓ—ਜਿੱਥੇ ਚਾਹੋ, ਕਰੋ—ਜੋ ਚਾਹੋ।... ਸਿਰਫ਼ ਜੇ ਤੁਸੀਂ ਆਪਣੇ-ਆਪ ਨੂੰ ਸਿੱਧੇ ਰੱਖ ਸਕੋ, ਤੇ ਤੁਹਾਡੇ ਗਲ਼ ਵਿੱਚ ਕੋਈ ਪੱਥਰ ਨਾ ਪੈ ਜਾਣ। ਇਸ ਨੂੰ ਛੱਡ ਕੇ, ਜਾਓ, ਤੇ ਸਿਵਾਏ ਰੱਬ ਦੇ ਤੇ ਆਪਣੀ ਜ਼ਮੀਰ ਦੇ ਹੋਰ ਕਿਸੇ ਗੱਲ ਬਾਰੇ ਵੀ ਸੋਚਿਆ ਬਿਨਾਂ ਮਜ਼ੇ ਮਾਣੋ।"

ਚੇਲਕਾਸ਼ ਨੇ ਨਫ਼ਰਤ ਨਾਲ਼ ਥੁੱਕਿਆ ਤੇ ਮੂੰਹ ਮੋੜ ਲਿਆ।

"ਇਸ ਸਮੇਂ ਦਾ ਮੇਰਾ ਹਾਲ ਸੁਣ ਲੈ..." ਉਹ ਬੋਲਦਾ ਗਿਆ। "ਮੇਰਾ ਪਿਓ ਚਲਦਾ ਹੋਇਆ, ਬਿਨਾਂ ਕੁੱਝ ਵੀ ਛੱਡਿਆਂ, ਮੇਰੀ ਮਾਂ ਬੁੱਢੀ ਏ, ਜ਼ਮੀਨ ਸੋਕੇ ਦਾ ਸ਼ਿਕਾਰ। ਮੈਂ ਕੀ ਕਰਾਂ? ਆਖ਼ਰ ਜੀਣਾ ਤਾਂ ਪੈਣਾ ਹੀ ਹੈ, ਪਰ ਕਿਸ ਤਰ੍ਹਾਂ? ਕੁਝ ਪਤਾ ਨਹੀਂ। ਇੱਕ ਚੰਗੇ ਘਰ ਮੇਰਾ ਰਿਸ਼ਤਾ ਹੋ ਸਕਦੈ। ਠੀਕ ਹੈ। ਜੇ ਉਹ ਆਪਣੀ ਧੀ ਨੂੰ ਉਸ ਦਾ ਹਿੱਸਾ ਦੇ ਦੇਣ ਤਾਂ।... ਪਰ ਨਹੀਂ, ਸਹੁਰਾ ਚੰਡਾਲ ਇਹ ਕਰਨ ਨੂੰ ਤਿਆਰ ਨਹੀਂ। ਮੈਨੂੰ ਉਹਦੇ ਲਈ ਕੰਮ ਕਰਨਾ ਪਵੇਗਾ... ਤੇ ਕਿੰਨਾ ਹੀ ਚਿਰ... ਕਈ ਸਾਲ! ਸੋ, ਇਹ ਗੱਲ ਏ। ਸਿਰਫ਼ ਜੇ ਕਿਧਰੇ ਮੇਰੇ ਹੱਥ ਡੇਢ ਸੌ ਰੂਬਲ ਲੱਗ ਜਾਣ ਤਾਂ ਇਸੇ ਵਕਤ ਮੈਂ ਉਹਦੇ ਪਿਓ ਸਾਮ੍ਹਣੇ ਜਾ ਡਟਾਂ ਤੇ ਕਹਾਂ: 'ਆਪਣੀ ਮਾਰਫ਼ਾ ਮੇਰੇ ਨਾਲ਼ ਵਿਆਹੇਂਗਾ? ਨਹੀਂ? ਨਾ ਸਹੀ, ਰੱਬ ਦੀ ਦਯਾ ਨਾਲ਼ ਪਿੰਡ ਵਿੱਚ ਉਹੀ ਇੱਕ ਕੁੜੀ ਨਹੀਂ। ਸੋ ਮਤਲਬ ਕੀ ਕਿ ਮੈਂ ਬਿਲਕੁਲ ਅਜ਼ਾਦ ਹੋਵਾਂਗਾ, ਆਪਣਾ ਮਾਲਕ ਆਪ।... ਹਾਂ-ਆਂ," ਮੁੰਡੇ ਨੇ ਠੰਡਾ ਸਾਹ ਭਰਿਆ। "ਪਰ ਹੁਣ ਲੱਗਦੈ ਕਿ ਹੋਰ ਕੋਈ ਚਾਰਾ ਨਹੀਂ, ਸਿਵਾਏ ਉੱਥੇ ਰਿਸ਼ਤਾ ਕਰਨ ਦੇ। ਮੈਂ ਸੋਚਿਆ ਸੀ ਕਿ ਮੈਂ ਕੂਬਾਨ ਤੋਂ ਸੌ ਦੋ ਸੌ ਕਮਾ ਲਿਆਵਾਂਗਾ ਤੇ ਬੱਸ, ਫਿਰ ਮੈਂ ਇੱਜ਼ਤਦਾਰ ਬਣ ਜਾਵਾਂਗਾ!... ਪਰ ਮੈਂ ਫੁੱਟੀ ਕੌਡੀ ਨਹੀਂ ਕਮਾ ਸਕਿਆ। ਹੁਣ ਮੈਨੂੰ ਮੁਜ਼ਾਰਾ ਹੀ ਬਣਨਾ ਪਏਗਾ।... ਕਦੀ ਵੀ ਮੇਰੇ ਕੋਲ਼ ਆਪਣਾ ਖੇਤ ਨਹੀਂ ਹੋਵੇਗਾ। ਸੋ ਇਹ ਨੇ ਗੱਲਾਂ! ਹਾ-ਹਾ!"

ਮੁੰਡਾ ਸੱਚਮੁਚ ਉਸ ਆਦਮੀ ਦਾ ਜਵਾਈ ਬਣਨਾ ਨਹੀਂ ਸੀ ਚਾਹੁੰਦਾ। ਉਸ ਦਾ ਮੂੰਹ ਵੀ ਉਦਾਸੀ ਨਾਲ਼ ਝੌਂ ਗਿਆ। ਉਹ ਜ਼ਮੀਨ ਉੱਤੇ ਬੈਠਾ-ਬੈਠਾ ਪਾਸੇ ਮਾਰਨ ਲੱਗਾ।

"ਤੇ ਹੁਣ ਕਿੱਧਰ ਨੂੰ ਜਾ ਰਿਹੈਂ?" ਚੇਲਕਾਸ਼ ਨੇ ਪੁੱਛਿਆ।

"ਘਰ ਨੂੰ—ਹੋਰ ਕਿੱਧਰ ?"

"ਮੈਨੂੰ ਕੀ ਪਤਾ, ਹੋ ਸਕਦੈ ਤੂੰ ਤੁਰਕੀ ਹੀ ਨਾ ਚਲਿਆ ਹੋਵੇਂ..."

"ਤੁ-ਰ-ਕੀ !" ਮੁੰਡਾ ਕਹਿ ਉੱਠਿਆ। "ਕਿਹੜਾ ਇਮਾਨਦਾਰ ਇਸਾਈ ਕਦੀ ਤੁਰਕੀ ਜਾਏਗਾ ? ਕੀ ਗੱਲ ਕੀਤੀ ਊ !..."

"ਤੂੰ ਤਾਂ ਉੱਲੂ ਏਂ," ਚੇਲਕਾਸ਼ ਬੁੜਬੁੜਾਇਆ ਤੇ ਮੁੜਕੇ ਮੂੰਹ ਫੇਰ ਲਿਆ। ਤਾਂ ਵੀ ਇਸ ਸਿਹਤਮੰਦ ਪੇਂਡੂ ਮੁੰਡੇ ਨੇ ਉਸ ਦੇ ਅੰਦਰ ਕੁੱਝ ਜਗਾ ਦਿੱਤਾ ਸੀ...

ਉਸ ਦੇ ਅੰਦਰ ਧੁੰਦਲੇ ਜਿਹੇ ਅਸੰਤੋਖ ਦੀ ਭਾਵਨਾ ਹੌਲ਼ੀ-ਹੌਲ਼ੀ ਰੂਪ ਧਾਰਦੀ ਜਾ ਰਹੀ ਸੀ ਤੇ ਇਹ ਗੱਲ ਉਸ ਨੂੰ ਉਸ ਕੰਮ ਉੱਪਰ ਆਪਣਾ ਧਿਆਨ ਕੇਂਦਰਿਤ ਕਰਨ ਤੇ ਉਸ ਬਾਰੇ ਸੋਚਣ ਵਿੱਚ ਖ਼ਲਲ ਪਾਉਂਦੀ ਸੀ, ਜਿਹੜਾ ਕੰਮ ਉਸ ਰਾਤ ਕਰਨਾ ਜ਼ਰੂਰੀ ਸੀ।

ਚੇਲਕਾਸ਼ ਦੇ ਲਫ਼ਜ਼ਾਂ ਨੂੰ ਭੈੜਾ ਮਨਾਉਂਦਿਆਂ ਮੁੰਡਾ ਆਪਣੇ-ਆਪ ਵਿੱਚ ਕੁਝ ਬੁੜਬੁੜਾਇਆ ਤੇ ਟੇਢੀਆਂ ਨਜ਼ਰਾਂ ਨਾਲ਼ ਉਸ ਅਵਾਰਾਂ ਆਦਮੀ ਵੱਲ ਵੇਖਣ ਲੱਗਾ। ਉਸ ਨੇ ਹਾਸੋਹੀਣੇ ਢੰਗ ਨਾਲ਼ ਗੱਲ੍ਹਾਂ ਫੁਲਾਈਆਂ ਹੋਈਆਂ ਸਨ, ਬੁੱਲ੍ਹ ਲਮਕਾਏ ਹੋਏ ਸਨ ਤੇ ਆਪਣੀਆਂ ਸੁੰਗੇੜੀਆਂ ਹੋਈਆਂ ਅੱਖਾਂ ਨੂੰ ਜਲਦੀ-ਜਲਦੀ ਝਮਕ ਰਿਹਾ ਸੀ। ਸਾਫ਼ ਸੀ ਕਿ ਉਸ ਨੂੰ ਉਮੀਦ ਨਹੀਂ ਸੀ ਕਿ ਮੁੱਛਾਂ ਵਾਲ਼ੇ ਇਸ ਅਵਾਰਾਂ ਚੀਥੜੇਪੋਸ਼ ਨਾਲ਼ ਉਸ ਦੀ ਗੱਲਬਾਤ ਏਨੀਂ ਜਲਦੀ ਤੇ ਏਨੀ ਅਸੰਤੋਖਜਨਕ ਢੰਗ ਨਾਲ਼ ਖ਼ਤਮ ਹੋ ਜਾਏਗੀ।

ਚੀਥੜੇਪੋਸ਼ ਨੇ ਉਸ ਵੱਲ ਹੋਰ ਧਿਆਨ ਨਾ ਦਿੱਤਾ। ਉਸ ਦਾ ਧਿਆਨ ਕਿਸੇ ਹੋਰ ਪਾਸੇ ਲੱਗਾ ਹੋਇਆ ਸੀ, ਜਦੋਂ ਕਿ ਉਹ ਆਪਣੇ-ਆਪ ਵਿੱਚ ਸੀਟੀਆਂ ਮਾਰਦਾ ਤੇ ਪੈਰ ਦੇ ਗੰਦੇ ਪੰਜੇ ਨਾਲ਼ ਤਾਲ ਦੇਂਦਾ ਹੋਇਆ ਉੱਥੇ ਪਟੜੀ ਦੇ ਪੱਥਰ ਉੱਤੇ ਬੈਠਾ ਸੀ।

ਮੁੰਡਾ ਉਸ ਨਾਲ਼ ਹਿਸਾਬ ਬਰਾਬਰ ਕਰਨਾ ਚਾਹੁੰਦਾ ਸੀ।

"ਏ, ਮਾਛੀ ! ਅਕਸਰ ਦੌਰ ਚਲਦੇ ਹੁੰਦੇ ਨੇ ?" ਉਸ ਨੇ ਗੱਲ ਸ਼ੁਰੂ ਕੀਤੀ, ਪਰ ਉਸੇ ਵੇਲੇ ਮਾਛੀ ਨੇ ਜਲਦੀ ਨਾਲ਼ ਉਸ ਵੱਲ ਮੂੰਹ ਕੀਤਾ ਤੇ ਉਸ ਨੂੰ ਪੁੱਛਣ ਲੱਗਾ :

"ਸੁਣ, ਬਚੂੰਗੜੇ ! ਅੱਜ ਰਾਤ ਮੇਰੇ ਨਾਲ਼ ਕੰਮ ਕਰਨਾ ਚਾਹੁੰਦੈਂ ? ਜਲਦੀ ਬੋਲ !"

"ਕਿਸ ਤਰ੍ਹਾਂ ਦਾ ਕੰਮ ?" ਮੁੰਡੇ ਨੇ ਬੇਯਕੀਨੀ ਜਿਹੀ ਵਿੱਚ ਪੁੱਛਿਆ।

"ਕਿਸ ਤਰ੍ਹਾਂ ਦਾ ਕੀ ? ਜਿਸ ਤਰ੍ਹਾਂ ਦਾ ਵੀ ਮੈਂ ਤੈਨੂੰ ਦੇਵਾਂ। ਮੱਛੀਆਂ ਫੜਣ ਚੱਲਾਂਗੇ। ਤੂੰ ਚੱਪੂ ਚਲਾਏਂਗਾ।"

"ਓ, ਇਹ ਤਾਂ ਮੈਂ ਕਰਨ ਨੂੰ ਤਿਆਰ ਹਾਂ, ਆਖ਼ਰ ਕੰਮ ਤਾਂ ਕਰਨਾ ਹੀ ਹੈ। ਪਰ ਤੂੰ... ਕਿਤੇ ਮੈਨੂੰ ਮੁਸੀਬਤ ਵਿੱਚ ਨਾ ਫਸਾ ਦੇਵੀਂ। ਤੂੰ ਅਜੀਬ ਆਦਮੀ ਏਂ, ਤੇਰਾ ਕੀ ਪਤਾ..."

ਚੇਲਕਾਸ਼ ਦਾ ਜਿਵੇਂ ਦਿਲ ਸੜਨ ਲੱਗਾ।

"ਐਵੇਂ ਨਾ ਉਹਨਾਂ ਗੱਲਾਂ ਬਾਰੇ ਬਕੀ ਜਾਹ ਜਿਹੜੀਆਂ ਤੇਰੀ ਖੋਪੜੀ ਵਿੱਚ ਨਹੀਂ ਪੈਂਦੀਆਂ," ਉਹ ਠੰਢੇ ਕੀਨੇ ਨਾਲ਼ ਬੋਲਿਆ। "ਮੈਂ ਇੱਕ ਧਰਾਂਗਾ ਕਰਾਰੀ ਤੇਰੀ ਖੋਪੜੀ ਉੱਤੇ ਤੇ ਫ਼ੇਰ ਭਾਵੇਂ ਉਸ ਵਿੱਚ ਚਾਨਣਾ ਹੋਵੇ।"

ਉਹ ਪਟੜੀ ਤੋਂ ਛਾਲ ਮਾਰ ਕੇ ਖੜਾ ਹੋ ਗਿਆ, ਉਸ ਦੀਆਂ ਅੱਖਾਂ ਚਮਕ

ਰਹੀਆਂ ਸਨ, ਖੱਬੇ ਹੱਥ ਨਾਲ਼ ਉਹ ਮੁੱਛ ਨੂੰ ਤਾਅ ਦੇ ਰਿਹਾ ਸੀ, ਤੇ ਸੱਜੇ ਹੱਥ ਨੂੰ ਉਸ ਨੇ ਸਖ਼ਤ ਤੇ ਉੱਭਰੀਆਂ ਨਸਾਂ ਵਾਲ਼ੇ ਮੁੱਕੇ ਵਿੱਚ ਵੱਟਿਆ ਹੋਇਆ ਸੀ।

ਮੁੰਡਾ ਡਰ ਗਿਆ। ਉਸ ਨੇ ਤੇਜ਼-ਤੇਜ਼ ਆਸ-ਪਾਸ ਨਜ਼ਰ ਮਾਰੀ ਤੇ ਫਿਰ, ਘਬਰਾਹਟ ਵਿੱਚ ਅੱਖਾਂ ਝਮਕਦਾ ਹੋਇਆ, ਉਹ ਵੀ ਭੁੜਕ ਕੇ ਉੱਠ ਖਲੋਤਾ। ਦੋਵੇਂ ਜਣੇ ਚੁੱਪ-ਚਾਪ ਇੱਕ ਦੂਜੇ ਨੂੰ ਆਪਣੀਆਂ ਅੱਖਾਂ ਨਾਲ਼ ਮਾਪਦੇ ਹੋਏ ਉੱਥੇ ਖੜ੍ਹੇ ਰਹੇ।

"ਅੱਛਾ ?" ਚੇਲਕਾਸ਼ ਕੁਰੱਖ਼ਤ ਢੰਗ ਨਾਲ਼ ਬੋਲਿਆ। ਉਹ ਅੰਦਰੋਂ ਖੌਲ਼ ਰਿਹਾ ਸੀ, ਉਸ ਬੇਇਜ਼ਤੀ ਨਾਲ਼ ਉਸ ਦਾ ਅੰਗ-ਅੰਗ ਫਰਕਣ ਲੱਗ ਪਿਆ ਸੀ ਜਿਹੜੀ ਇਸ ਢੱਗੇ ਨੇ ਉਸ ਦੀ ਕੀਤੀ ਸੀ, ਜਿਸ ਨੂੰ ਉਹ ਹੁਣ ਤੱਕ ਘਿਣਾਉਣੀ ਚੀਜ਼ ਸਮਝਦਾ ਰਿਹਾ ਸੀ, ਪਰ ਜਿਸ ਨੂੰ ਹੁਣ ਉਹ ਆਪਣੀ ਸਾਰੀ ਆਤਮਾ ਨਾਲ਼ ਨਫ਼ਰਤ ਕਰਦਾ ਸੀ ਕਿਉਂਕਿ ਉਸ ਦੀਆਂ ਅੱਖਾਂ ਏਨੀਆਂ ਸਾਫ਼ ਨੀਲ਼ੀਆਂ ਸਨ, ਉਸ ਦਾ ਚਿਹਰਾ ਏਨਾ ਸਿਹਤਮੰਦ ਤੇ ਸੰਵਲਾਇਆ ਹੋਇਆ ਸੀ, ਉਸ ਦੀਆਂ ਬਾਹਵਾਂ ਨਿੱਕੀਆਂ ਪਰ ਮਜ਼ਬੂਤ ਸਨ; ਕਿਉਂਕਿ ਉਸ ਦਾ ਕੋਈ ਆਪਣਾ ਪਿੰਡ ਵੀ ਸੀ ਤੇ ਉੱਥੇ ਇੱਕ ਘਰ ਵੀ ਸੀ, ਤੇ ਕਿਸੇ ਰੱਜੇ-ਪੁੱਜੇ ਕਿਸਾਨ ਦਾ ਜਵਾਈ ਬਣਨ ਦੀ ਉਸ ਸਾਮ੍ਹਣੇ ਪੇਸ਼ਕਸ਼ ਵੀ ਸੀ। ਉਹ ਉਸ ਦੇ ਸਾਰੇ ਅਤੀਤ ਤੇ ਭਵਿੱਖ ਦੇ ਜੀਵਨ ਕਰਕੇ ਉਸ ਨੂੰ ਨਫ਼ਰਤ ਕਰਦਾ ਸੀ, ਪਰ ਸਭ ਤੋਂ ਜ਼ਿਆਦਾ ਨਫ਼ਰਤ ਉਹ ਉਸ ਨੂੰ ਇਸ ਕਰਕੇ ਕਰਦਾ ਸੀ ਕਿ ਉਹ, ਜਿਹੜਾ ਕਿ ਚੇਲਕਾਸ਼ ਦੇ ਮੁਕਾਬਲੇ ਉੱਤੇ ਇੱਕ ਬੱਚਾ ਜਿਹਾ ਸੀ, ਅਜ਼ਾਦੀ ਨੂੰ ਪਿਆਰਨ ਦੀ ਹਿੰਮਤ ਕਰਦਾ ਸੀ, ਜਿਸ ਦੀ ਨਾ ਉਹ ਕਦਰ ਜਾਣਦਾ ਸੀ, ਨਾ ਹੀ ਜਿਸ ਦੀ ਉਸ ਨੂੰ ਲੋੜ ਸੀ। ਇਹ ਪਤਾ ਲੱਗਣਾ ਹਮੇਸ਼ਾ ਹੀ ਅਸੁਖਾਵੀਂ ਗੱਲ ਹੁੰਦੀ ਹੈ ਕਿ ਉਹ ਆਦਮੀ, ਜਿਸ ਨੂੰ ਤੁਸੀਂ ਆਪਣੇ ਤੋਂ ਨੀਵਾਂ ਤੇ ਭੈੜਾ ਸਮਝਦੇ ਹੋ, ਬਿਲਕੁਲ ਉਹਨਾਂ ਹੀ ਚੀਜ਼ਾਂ ਨੂੰ ਪਸੰਦ ਜਾਂ ਨਫ਼ਰਤ ਕਰਦਾ ਹੈ, ਜਿਨ੍ਹਾਂ ਨੂੰ ਤੁਸੀਂ ਕਰਦੇ ਹੋ, ਤੇ ਇਸ ਤਰ੍ਹਾਂ ਉਹ ਤੁਹਾਡੇ ਨਾਲ਼ ਕੁੱਝ ਮਿਲਦਾ-ਜੁਲਦਾ ਹੈ।

ਮੁੰਡੇ ਨੇ ਚੇਲਕਾਸ਼ ਵੱਲ ਵੇਖਿਆ ਤੇ ਪਛਾਣ ਗਿਆ ਕਿ ਇਹ ਬੰਦਾ ਮਾਲਕ ਬਣਨ ਦੀਆਂ ਸਿਫ਼ਤਾਂ ਰੱਖਦਾ ਹੈ।

"ਮੈਨੂੰ ਕੀ ਇਤ... ਰਾਜ਼ ਹੋ ਸਕਦੈ," ਉਹ ਬੋਲਿਆ। "ਆਖ਼ਰ ਮੈਂ ਕੰਮ ਹੀ ਤਾਂ ਲੱਭਦਾ ਫਿਰਦਾਂ। ਕੀ ਫ਼ਰਕ ਪੈਂਦੈ, ਮੈਂ ਤੇਰੇ ਲਈ ਕੰਮ ਕਰਾਂ ਜਾਂ ਕਿਸੇ ਹੋਰ ਲਈ। ਮੈਂ ਤਾਂ ਇਹ ਸਿਰਫ਼ ਇਸ ਲਈ ਕਿਹਾ ਸੀ ਕਿ... ਖੈਰ, ਤੂੰ ਕੋਈ ਬਹੁਤ ਕਾਮਾ ਕਿਸਮ ਦਾ ਬੰਦਾ ਨਹੀਂ ਦਿੱਸਦਾ। ਤੂੰ ਏਨਾ... ਖੁਥੜ ਏਂ। ਪਰ ਮੈਨੂੰ ਪਤੈ ਇਹ ਗੱਲ ਤਾਂ ਕਿਸੇ ਨਾਲ਼ ਵੀ ਵਾਪਰ ਸਕਦੀ ਹੈ। ਧਰਮ ਨਾਲ਼, ਮੈਂ ਭਲਾ ਪਹਿਲਾਂ ਕਦੀ ਸ਼ਰਾਬੀ ਨਹੀਂ ਵੇਖੇ ? ਕਿੰਨੇ ਸਾਰੇ !... ਕਈ ਤਾਂ ਤੇਰੇ ਨਾਲ਼ੋਂ ਵੀ ਭੈੜੀ ਹਾਲਤ ਵਿੱਚ।"

"ਚੱਲ ਠੀਕ ਏ, ਠੀਕ ਏ। ਸੋ ਰਜ਼ਾਮੰਦ ਹੈਂ ?" ਚੇਲਕਾਸ਼ ਨੇ ਜ਼ਰਾ ਕੁ ਨਰਮ ਹੁੰਦਿਆਂ ਮੁੜ ਪੁੱਛਿਆ।

"ਰਜ਼ਾਮੰਦ ਹਾਂ !... ਖੁਸ਼ੀ ਨਾਲ਼ ! ਦਸ ਕੀ ਦੇਵੇਂਗਾ।"

"ਮੇਰੇ ਨਾਲ਼ ਤਾਂ ਜੈਸਾ ਕਾਮ ਵੈਸਾ ਦਾਮ। ਕੰਮ ਕਿਹੋ ਜਿਹਾ ਹੋਵੇਗਾ। ਰਹੀ ਦਾਮ

ਦੀ ਗੱਲ... ਹੋ ਸਕਦੈ ਤੈਨੂੰ ਪੰਜ ਰੂਬਲ ਹੀ ਮਿਲਣ, ਸਮਝਿਆ।"

ਹੁਣ ਜਦ ਕਿ ਗੱਲ ਪੈਸਿਆਂ ਦੀ ਚੱਲ ਰਹੀ ਸੀ ਤਾਂ ਕਿਸਾਨ ਮੁੰਡਾ ਠੀਕ-ਠੀਕ ਜਾਣਨਾ ਚਾਹੁੰਦਾ ਸੀ, ਤੇ ਉਸ ਬੰਦੇ ਤੋਂ ਵੀ ਕੁੱਝ ਠੀਕ-ਠੀਕ ਦੱਸਣ ਦੀ ਮੰਗ ਕਰਦਾ ਸੀ ਜਿਸ ਨੇ ਉਸ ਨੂੰ ਕੰਮ ਦੇਣਾ ਸੀ। ਇੱਕ ਵਾਰੀ ਫ਼ਿਰ ਉਸ ਦੇ ਮਨ ਵਿੱਚ ਸ਼ੰਕੇ ਤੇ ਡਰ ਪੈਦਾ ਹੋ ਗਏ।

"ਇਹ ਨਹੀਂ ਮੈਨੂੰ ਪੁੱਗਣਾ, ਭਾਊ।"

ਚੇਲਕਾਸ਼ ਨੇ ਆਪਣਾ ਹੱਥ ਖੇਡਿਆ।

"ਚੱਲ ਹੁਣ ਇਹਦੇ ਬਾਰੇ ਗੱਲਾਂ ਛੱਡ। ਚੱਲ ਪਹਿਲਾਂ ਸ਼ਰਾਬਖ਼ਾਨੇ ਚੱਲੀਏ।"

ਤੇ ਉਹ ਗਲੀ ਵਿੱਚ ਨਾਲ਼ੋਂ-ਨਾਲ਼ ਚੱਲਣ ਲੱਗੇ, ਚੇਲਕਾਸ਼ ਆਪਣੀਆਂ ਮੁੱਛਾਂ ਨੂੰ ਮਾਲਕਾਂ ਵਾਂਗ ਤਾਅ ਦੇ ਰਿਹਾ ਸੀ, ਤੇ ਮੁੰਡਾ ਉਸ ਦੇ ਹੇਠਾਂ ਕੰਮ ਕਰਨ ਲਈ ਪੂਰੀ ਤਰ੍ਹਾਂ ਤਿਆਰ ਪਰ ਪੂਰੀ ਤਰ੍ਹਾਂ ਡਰ ਤੇ ਬੇਵਿਸ਼ਵਾਸੀ ਦੀ ਹਾਲਤ ਵਿੱਚ ਸੀ।

"ਤੇਰਾ ਨਾਂ ਕੀ ਏ?" ਚੇਲਕਾਸ਼ ਨੇ ਪੁੱਛਿਆ।

"ਗਵਰੀਲਾ," ਮੁੰਡੇ ਨੇ ਜਵਾਬ ਦਿੱਤਾ।

ਗੰਦੇ, ਧੂੰ ਨਾਲ਼ ਕਲਖਾਏ ਹੋਏ ਸ਼ਰਾਬਖ਼ਾਨੇ ਵਿੱਚ ਦਾਖ਼ਲ ਹੁੰਦਿਆਂ, ਚੇਲਕਾਸ਼ ਕਾਊਂਟਰ ਤੱਕ ਗਿਆ ਤੇ ਨਿੱਤ ਦੇ ਗਾਹਕ ਵਾਲ਼ੇ ਸਹਿਜ-ਸੁਭਾ ਅੰਦਾਜ਼ ਵਿੱਚ ਵੋਦਕਾ ਦੀ ਇੱਕ ਬੋਤਲ, ਬੰਦ-ਗੋਭੀ ਦਾ ਸ਼ੋਰਬਾ, ਭੁੱਜਾ ਮਾਸ ਤੇ ਚਾਹ ਲਿਆਉਣ ਲਈ ਕਿਹਾ। ਚੀਜ਼ਾਂ ਮੁੜ ਗਿਣਵਾਉਂਦਿਆਂ ਚੇਲਕਾਸ਼ ਨੇ ਨਾਲ਼ ਹੀ ਕਿਹਾ : "ਸਭ ਉਧਾਰ," ਜਿਸ ਦੇ ਜਵਾਬ ਵਿੱਚ ਬਾਰ ਵਾਲ਼ੇ ਨੇ ਹਾਂ ਵਿੱਚ ਸਿਰ ਹਿਲਾਇਆ। ਇਸ ਗੱਲ ਨੇ ਗਵਰੀਲਾ ਦੇ ਮਨ ਵਿੱਚ ਆਪਣੇ ਮਾਲਕ ਲਈ ਇਕਦਮ ਸਤਿਕਾਰ ਪੈਦਾ ਕਰ ਦਿੱਤਾ ਜਿਹੜਾ ਆਪਣੀ ਭੈੜੀ ਦਿੱਖ ਦੇ ਬਾਵਜੂਦ, ਪ੍ਰਤੱਖ ਤੌਰ ਉੱਤੇ ਪ੍ਰਸਿੱਧ ਸੀ ਤੇ ਉਸ ਉੱਤੇ ਵਿਸ਼ਵਾਸ ਕੀਤਾ ਜਾਂਦਾ ਸੀ।

"ਹੁਣ ਅਸੀਂ ਕੁੱਝ ਖਾਵਾਂਗੇ ਤੇ ਨਾਲ਼ੇ ਗੱਲ ਨਿਬੇੜਾਂਗੇ। ਤੂੰ ਇੱਥੇ ਬੈਠ ਤੇ ਮੈਂ ਜ਼ਰਾ ਇੱਥੋਂ ਨੇੜਿਉਂ ਕਿਧਰੋਂ ਹੋ ਆਵਾਂ।"

ਤੇ ਉਹ ਬਾਹਰ ਚਲਾ ਗਿਆ। ਗਵਰੀਲਾ ਨੇ ਆਸੇ-ਪਾਸੇ ਵੇਖਿਆ। ਸ਼ਰਾਬਖ਼ਾਨਾ ਇੱਕ ਭੋਰੇ ਵਿੱਚ ਸੀ; ਇਹ ਹਨੇਰਾ ਤੇ ਸਿਲ੍ਹਾ ਸੀ ਤੇ ਵੋਦਕਾ, ਤੰਬਾਕੂ ਦੇ ਧੂੰ, ਲੁੱਕ ਤੇ ਕਿਸੇ ਹੋਰ ਏਨੀ ਹੀ ਤੇਜ਼ ਚੀਜ਼ ਦੀ ਦਮ ਘੁਟਵੀਂ ਬੋ ਨਾਲ਼ ਭਰਿਆ ਪਿਆ ਸੀ। ਲੁੱਕ ਤੇ ਕੋਲੇ ਦੀ ਧੂੜ ਵਿੱਚ ਲੱਥ-ਪੱਥ, ਲਾਲ ਦਾੜ੍ਹੀ ਵਾਲ਼ਾ ਜਹਾਜ਼ੀ ਉਸ ਦੇ ਸਾਮ੍ਹਣੇ ਪਈ ਮੇਜ਼ ਤੇ ਢੱਠਾ ਪਿਆ ਸੀ। ਹਿਚਕੀਆਂ ਦੇ ਦਰਮਿਆਨ ਉਹ ਕੋਈ ਗੀਤ ਗੁਣਗੁਣਾ ਰਿਹਾ ਸੀ, ਜਿਹੜਾ ਲਫਜ਼ਾਂ ਦੇ ਟੋਟਿਆਂ ਨੂੰ ਮਿਲਾ ਕੇ ਬਣਿਆ ਹੋਇਆ ਸੀ, ਜਿਹੜੇ ਇੱਕ ਘੜੀ ਸਾਰੇ ਦੇ ਸਾਰੇ ਕੰਠਵੀ ਧੁਨ ਦੇਂਦੇ ਸਨ ਤੇ ਦੂਜੇ ਪਲ ਊਸ਼ਮੀ। ਜ਼ਾਹਰ ਸੀ ਕਿ ਉਹ ਰੂਸੀ ਨਹੀਂ ਸੀ।

ਉਸ ਦੇ ਪਿਛਲੇ ਪਾਸੇ ਦੋ ਮੋਲਦਾਵੀ ਔਰਤਾਂ ਸਨ। ਸਾਂਵਲੀਆਂ, ਕਾਲ਼ੇ ਵਾਲਾਂ ਵਾਲ਼ੀਆਂ, ਲੀਰਾਂ ਪਾਈਆਂ ਹੋਈਆਂ, ਉਹ ਵੀ ਚੀਂ-ਚੀਂ ਕਰਕੇ ਕੋਈ ਸ਼ਰਾਬੀ ਜਿਹਾ ਗੀਤ ਗਾ ਰਹੀਆਂ ਸਨ।

ਪਰਛਾਵਿਆਂ ਵਿੱਚ ਹੋਰ ਵੀ ਅਕਾਰ ਦਿੱਸਦੇ ਸਨ, ਸਾਰੇ ਦੇ ਸਾਰੇ ਰੌਲ਼ਾ ਪਾਉਂਦੇ, ਬੇਚੈਨ, ਮੰਦੇ ਹਾਲ, ਸ਼ਰਾਬੀ ਹੋਏ ਹੋਏ...

ਗਵਰੀਲਾ ਨੂੰ ਹੌਲ ਪੈਣ ਲੱਗੇ। ਉਹ ਚਾਹੁੰਦਾ ਸੀ ਕਿ ਮਾਲਕ ਜਲਦੀ ਆ ਜਾਏ! ਸ਼ਰਾਬਖ਼ਾਨੇ ਦੀਆਂ ਅਵਾਜ਼ਾਂ ਮਿਲ ਕੇ ਇੱਕੋ ਅਵਾਜ਼ ਬਣੀਆਂ ਹੋਈਆਂ ਸਨ, ਤੇ ਇੰਝ ਲੱਗਦਾ ਸੀ ਕਿ ਜਿਵੇਂ ਇਸ ਪੱਥਰ ਦੇ ਟੋਏ ਵਿੱਚੋਂ ਨਿਕਲਣ ਦਾ ਵਿਅਰਥ ਸਾਧਨ ਲੱਭਦਾ ਹੋਇਆ ਕੋਈ ਵੱਡਾ ਸਾਰਾ ਬਹੁ-ਜੀਭਾ ਜਾਨਵਰ ਗਰਜ ਰਿਹਾ ਹੋਵੇ।... ਗਵਰੀਲਾ ਨੂੰ ਕੁੱਝ ਨਸ਼ਾ ਆਪਣੇ ਸਰੀਰ ਵਿੱਚ ਰਚਦਾ ਜਾਪਿਆ, ਜਿਸ ਨਾਲ਼ ਉਸ ਦਾ ਸਿਰ ਚਕਰਾਉਣ ਲੱਗਾ ਤੇ ਡਰਾਉਣੀ ਉਤਸੁਕਤਾ ਨਾਲ਼ ਸ਼ਰਾਬਖ਼ਾਨੇ ਵਿੱਚ ਘੁੰਮਦੀਆਂ ਹੋਈਆਂ ਉਸ ਦੀਆਂ ਅੱਖਾਂ ਧੁੰਦਲਾ ਗਈਆਂ।...

ਆਖ਼ਰ ਚੇਲਕਾਸ਼ ਵਾਪਸ ਆ ਗਿਆ ਤੇ ਦੋਹਾਂ ਨੇ ਖਾਣਾ-ਪੀਣਾ ਤੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਵੋਦਕਾ ਦੀ ਤੀਜੀ ਗਲਾਸੀ ਲੈਣ ਪਿੱਛੋਂ ਗਵਰੀਲਾ ਨੂੰ ਚੜ੍ਹ ਗਈ। ਉਹ ਖੁਸ਼-ਖੁਸ਼ ਮਹਿਸੂਸ ਕਰਨ ਲੱਗਾ ਤੇ ਰਾਜਕੁਮਾਰਾ ਵਰਗੇ ਆਪਣੇ ਮਾਲਕ ਨੂੰ ਕੁੱਝ ਚੰਗਾ-ਚੰਗਾ ਕਹਿਣਾ ਚਾਹੁੰਦਾ ਸੀ ਜਿਸ ਨੇ ਉਸ ਨੂੰ ਚੰਗਾ ਖਾਣਾ ਖੁਆਇਆ ਸੀ। ਪਰ ਪਤਾ ਨਹੀਂ ਕਿਉਂ, ਜਿਹੜੇ ਲਫਜ਼ ਉਸ ਦੇ ਗਲੇ ਤੱਕ ਆਉਂਦੇ ਸਨ, ਉਹ ਜ਼ਬਾਨ ਤੋਂ ਨਹੀਂ ਸਨ ਨਿਕਲਦੇ, ਇਕਦਮ ਮੋਟੇ-ਮੋਟੇ ਤੇ ਬੇਕਾਬੂ ਜਿਹੇ ਹੋ ਜਾਂਦੇ ਸਨ।

ਚੇਲਕਾਸ਼ ਨੇ ਨਿਵਾਜਵੀਂ ਜਿਹੀ ਮੁਸਕ੍ਰਾਹਟ ਨਾਲ਼ ਉਸ ਵੱਲ ਦੇਖਿਆ।

"ਬੱਸ, ਚੜ੍ਹ ਗਈ? ਹਟ, ਫੋਸੜ! ਪੰਜ ਗਲਾਸੀਆਂ ਨਾਲ਼ ਹੀ!... ਤੂੰ ਰਾਤ ਨੂੰ ਕੰਮ ਕਿਵੇਂ ਕਰੇਂਗਾ?"

"ਓ ਯਾਰ!" ਗਵਰੀਲਾ ਉਖੜਿਆ ਹੋਇਆ ਬੋਲਣ ਲੱਗਾ। "ਤੂੰ ਡਰ ਨਾ। ਮੈਂ ਤੈਨੂੰ ਕਰ ਕੇ ਵਿਖਾਵਾਂਗਾ। ਆ ਪਹਿਲਾਂ ਤੇਰਾ ਮੂੰਹ ਚੁੰਮਾਂ, ਹੈਂ?..."

"ਚੱਲ, ਚੱਲ, ਰਹਿਣ ਦੇ। ਆਹ ਲੈ ਇੱਕ ਹੋਰ।"

ਗਵਰੀਲਾ ਪੀਂਦਾ ਗਿਆ, ਇੱਥੋਂ ਤੱਕ ਆਖ਼ਰ ਉਹ ਅਜਿਹੇ ਨੁਕਤੇ ਉੱਤੇ ਪਹੁੰਚ ਗਿਆ ਕਿ ਉਸ ਨੂੰ ਆਪਣੇ ਦੁਆਲੇ ਬੜੇ ਤਾਲ ਨਾਲ਼ ਲਹਿਰਾਂ ਵਿੱਚ ਸਭ ਕੁੱਝ ਹੇਠਾਂ ਉੱਪਰ ਹੁੰਦਾ ਜਾਪਦਾ ਸੀ। ਇਹ ਸਾਰਾ ਕੁੱਝ ਅਸੁਖਾਵਾਂ ਸੀ ਤੇ ਉਸ ਦਾ ਜੀਅ ਖ਼ਰਾਬ ਕਰ ਰਿਹਾ ਸੀ। ਉਸ ਦਾ ਚਿਹਰਾ ਮੂਰਖਾਂ ਵਾਲ਼ੇ ਢੰਗ ਨਾਲ਼ ਗੰਭੀਰ ਬਣਿਆ ਹੋਇਆ ਸੀ। ਜਦੋਂ ਵੀ ਉਹ ਜੋਸ਼ ਵਿੱਚ ਕੁਝ ਕਹਿਣ ਦੀ ਕੋਸ਼ਿਸ਼ ਕਰਦਾ, ਉਸ ਦੇ ਬੁੱਲ੍ਹ ਹਸਾਉਣੇ ਢੰਗ ਨਾਲ਼ ਇੱਕ-ਦੂਜੇ ਨਾਲ਼ ਵਜਦੇ ਤੇ ਕੁੱਝ ਬੁੜਬੁੜਾ ਦੇਂਦੇ। ਚੇਲਕਾਸ਼ ਉਸ ਵੱਲ ਇੱਕ ਟਕ ਵੇਖਦਾ ਹੋਇਆ ਆਪਣੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਸੀ ਤੇ ਗੰਭੀਰ ਮੁਸਕ੍ਰਾਹਟ ਸੁੱਟ ਰਿਹਾ ਸੀ, ਜਦੋਂ ਕਿ ਉਸ ਦਾ ਧਿਆਨ ਕਿਸੇ ਹੋਰ ਚੀਜ਼ ਵੱਲ ਲੱਗਾ ਹੋਇਆ ਸੀ।

ਤੇ ਸ਼ਰਾਬਖ਼ਾਨਾ ਉਸੇ ਤਰ੍ਹਾਂ ਸ਼ਰਾਬੀਆਂ ਦੇ ਰੌਲ਼ੇ ਨਾਲ਼ ਗਰਜ ਰਿਹਾ ਸੀ। ਲਾਲ ਵਾਲਾਂ ਵਾਲ਼ਾ ਜਹਾਜ਼ੀ ਆਪਣੀਆਂ ਬਾਹਾਂ ਇਕੱਠੀਆਂ ਕਰਕੇ ਮੇਜ਼ ਉੱਤੇ ਘੂਕ ਸੁੱਤਾ ਪਿਆ ਸੀ।

"ਚੱਲ ਹੁਣ ਚੱਲੀਏ," ਚੇਲਕਾਸ਼ ਉੱਠਦਾ ਹੋਇਆ ਬੋਲਿਆ।

ਗਵਰੀਲਾ ਨੇ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਨਾ ਉੱਠ ਸਕਿਆ ਤੇ ਵੱਡੀ ਸਾਰੀ ਗਾਲ੍ਹ ਕੱਢ ਕੇ ਮੂਰਖਾਂ ਵਾਂਗ ਹੱਸ ਪਿਆ, ਜਿਵੇਂ ਸ਼ਰਾਬੀ ਹੱਸਦੇ ਹੁੰਦੇ ਨੇ।

"ਇਹ ਤਾਂ ਗਿਆ!" ਚੇਲਕਾਸ਼ ਮੁੜ ਕੇ ਬੈਠਦਾ ਹੋਇਆ ਬੁੜਬੁੜਾਇਆ।

ਗਵਰੀਲਾ ਹੱਸੀ ਗਿਆ ਤੇ ਧੁੰਦਲੀਆਂ ਅੱਖਾਂ ਨਾਲ਼ ਆਪਣੇ ਮਾਲਕ ਵੱਲ ਵੇਖੀ ਗਿਆ, ਜਦੋਂ ਕਿ ਚੇਲਕਾਸ਼ ਇਕਟੱਕ, ਤੇਜ਼ ਤੇ ਸੋਚਵਾਨ ਨਜ਼ਰਾਂ ਨਾਲ਼ ਉਸ ਨੂੰ ਵੇਖਣ ਲੱਗਾ। ਉਸ ਨੂੰ ਆਪਣੇ ਸਾਮ੍ਹਣੇ ਅਜਿਹਾ ਆਦਮੀ ਬੈਠਾ ਦਿੱਸਦਾ ਸੀ ਜਿਸ ਦੀ ਹੋਣੀ ਉਸ ਦੇ ਬਘਿਆੜ ਜਿਹੇ ਹੱਥਾਂ ਵਿੱਚ ਸੀ। ਚੇਲਕਾਸ਼ ਸਮਝ ਗਿਆ ਕਿ ਉਹ ਉਸ ਬੰਦੇ ਨਾਲ਼ ਜੋ ਚਾਹੇ ਕਰ ਸਕਦਾ ਹੈ। ਉਹ ਉਸ ਨੂੰ ਆਪਣੇ ਹੱਥ ਵਿੱਚ ਤਾਸ਼ ਦੇ ਪੱਤੇ ਵਾਂਗ ਮਰੋੜ ਸਕਦਾ ਹੈ, ਜਾਂ ਉਹ ਉਸ ਦੀ ਠੋਸ ਕਿਸਾਨ ਜੀਵਨ ਵੱਲ ਪਰਤਣ ਵਿੱਚ ਮਦਦ ਕਰ ਸਕਦਾ ਹੈ। ਉਸ ਉੱਪਰ ਆਪਣੀ ਤਾਕਤ ਤੋਂ ਚੇਤੰਨ ਉਹ ਸੋਚਣ ਲੱਗਾ ਕਿ ਇਸ ਮੁੰਡੇ ਨੂੰ ਉਸ ਪਿਆਲੇ ਵਿੱਚੋਂ ਪੀਣਾ ਕਦੀ ਨਹੀਂ ਸੀ ਮਿਲਣਾ ਚਾਹੀਦਾ, ਜਿਹੜਾ ਪਿਆਲਾ ਕਿਸਮਤ ਨੇ ਉਸ ਨੂੰ, ਚੇਲਕਾਸ਼ ਨੂੰ, ਦਿੱਤਾ ਸੀ।... ਉਸ ਨੂੰ ਮੁੰਡੇ ਉੱਤੇ ਰਸ਼ਕ ਵੀ ਆ ਰਿਹਾ ਸੀ, ਤਰਸ ਵੀ; ਉਹ ਉਸ ਨੂੰ ਨਫ਼ਰਤ ਕਰਦਾ ਸੀ, ਤਾਂ ਵੀ ਉਸ ਨੂੰ ਇਹ ਸੋਚ ਕੇ ਅਫ਼ਸੋਸ ਹੁੰਦਾ ਸੀ ਕਿ ਹੋ ਸਕਦਾ ਹੈ ਉਹ ਹੋਰਨਾਂ ਹੱਥਾਂ ਵਿੱਚ ਜਾ ਡਿੱਗਦਾ, ਜਿਹੜੇ ਉਸ ਦੇ ਆਪਣੇ ਹੱਥਾਂ ਨਾਲ਼ੋਂ ਕੋਈ ਚੰਗੇ ਨਹੀਂ ਸਨ।... ਆਖ਼ਰ, ਚੇਲਕਾਸ਼ ਦੇ ਵੱਖੋ-ਵੱਖਰੇ ਹਾਵਭਾਵ ਮਿਲ ਕੇ ਇੱਕੋ-ਇੱਕ ਹਾਵਭਾਵ ਬਣ ਗਏ, ਜਿਹੜਾ ਬਜ਼ੁਰਗਾਨਾ ਵੀ ਸੀ ਤੇ ਅਮਲੀ ਵੀ। ਉਸ ਨੂੰ ਮੁੰਡੇ ਉੱਤੇ ਤਰਸ ਆਉਂਦਾ ਸੀ ਤੇ ਉਸ ਦੀ ਲੋੜ ਵੀ ਸੀ। ਸੋ ਉਸ ਨੇ ਗਵਰੀਲਾ ਨੂੰ ਬਾਹਵਾਂ ਦੇ ਹੇਠਾਂ ਦੀ ਫੜਿਆ, ਉਠਾਇਆ ਤੇ ਆਪਣੇ ਗੋਡੇ ਨਾਲ਼ ਮਾੜੇ-ਮਾੜੇ ਧੱਕੇ ਲਾਉਂਦਾ ਹੋਇਆ, ਉਸ ਨੂੰ ਸ਼ਰਾਬਖ਼ਾਨੇ ਦੇ ਵਿਹੜੇ ਵਿੱਚ ਲੈ ਗਿਆ, ਤੇ ਲੱਕੜਾਂ ਦੇ ਢੇਰ ਦੀ ਛਾਂ ਵਿੱਚ ਜਾ ਲਿਟਾਇਆ। ਆਪ ਉਹ ਉਸ ਦੇ ਕੋਲ਼ ਬੈਠ ਗਿਆ ਤੇ ਪਾਈਪ ਪੀਣ ਲੱਗਾ। ਗਵਰੀਲਾ ਨੇ ਕੁੱਝ ਪਾਸੇ ਮਾਰੇ, ਜ਼ਰਾ ਕੁ ਹੂੰ-ਹਾਂ ਕੀਤੀ, ਤੇ ਘੂਕ ਸੌਂ ਗਿਆ।

## 2.

"ਤਿਆਰ ਏਂ ?" ਚੇਲਕਾਸ਼ ਨੇ ਗਵਰੀਲਾ ਨੂੰ ਹੌਲ਼ੀ ਜਿਹੀ ਪੁੱਛਿਆ ਜਿਹੜਾ ਚੱਪੂਆਂ ਨੂੰ ਕੁੱਝ ਕਰ ਰਿਹਾ ਸੀ।

"ਇੱਕ ਮਿੰਟ 'ਚ। ਚੱਪੂ ਫਸਾਉਣ ਵਾਲ਼ਾ ਕੁੰਡਾ ਜ਼ਰਾ ਢਿਲੈ। ਚੱਪੂ ਨਾਲ਼ ਜ਼ਰਾ ਠੋਕ ਲਵਾਂ ?"

"ਨਹੀਂ, ਨਹੀਂ। ਜ਼ਰਾ ਵੀ ਖੜਕਾ ਨਹੀਂ ਕਰਨਾ। ਆਪਣੇ ਹੱਥਾਂ ਨਾਲ਼ ਇਹਨੂੰ ਜ਼ੋਰ ਦੀ ਦਬਾ ਦੇ, ਆਪੇ ਟਿਕਾਣੇ ਬੈਠ ਜਾਏਗਾ।"

ਉਹ ਦੋਵੇਂ ਹੀ ਚੁੱਪ-ਚਾਪ ਇੱਕ ਬੇੜੀ ਨਾਲ਼ ਰੁੱਝੇ ਹੋਏ ਸਨ ਜਿਹੜੀ ਬਾਦਬਾਨਾਂ ਵਾਲ਼ੀਆਂ ਲਦੂ ਬੇੜੀਆਂ ਵਿੱਚੋਂ, ਜਿਨ੍ਹਾਂ ਤੇ ਬਲੂਤ ਦੀ ਲੱਕੜ ਲੱਦੀ ਹੋਈ ਸੀ, ਤੇ ਵੱਡੀਆਂ-

ਵੱਡੀਆਂ ਤੁਰਕ ਫੇਲੂਕਾਵਾਂ ਵਿੱਚੋਂ, ਜਿਨ੍ਹਾਂ ਵਿੱਚ ਤਾੜ, ਸੰਦਲ ਤੇ ਸਰੂ ਦੀਆਂ ਗੇਲੀਆਂ ਲੱਦੀਆਂ ਹੋਈਆਂ ਸਨ, ਇੱਕ ਦੇ ਮਗਰ ਬੱਝੀ ਹੋਈ ਸੀ।

ਰਾਤ ਹਨੇਰੀ ਸੀ; ਫਟੇ ਬੱਦਲਾਂ ਦੇ ਵੱਡੇ-ਵੱਡੇ ਟੋਟੇ ਅਕਾਸ਼ ਵਿੱਚ ਤਰਦੇ ਜਾ ਰਹੇ ਸਨ, ਸਾਗਰ ਸ਼ਾਂਤ ਤੇ ਕਾਲ਼ਾ ਤੇ ਤੇਲ ਵਾਂਗ ਭਾਰਾ ਸੀ। ਇਸ ਵਿੱਚੋਂ ਸਿਲ੍ਹੀ ਜਿਹੀ ਲੂਣੀ ਵਾਸ਼ਨਾ ਆ ਰਹੀ ਸੀ, ਤੇ ਇਹ ਤੱਟ ਨਾਲ਼ ਜਾਂ ਬੇੜੀਆਂ ਦੇ ਪਾਸਿਆਂ ਨਾਲ਼ ਵਜਦਾ ਮੱਧਮ ਜਿਹੀਆਂ ਅਵਾਜ਼ਾਂ ਪੈਦਾ ਕਰ ਰਿਹਾ ਸੀ, ਤੇ ਇਸ ਉੱਤੇ ਚੇਲਕਾਸ਼ ਦੀ ਬੇੜੀ ਜ਼ਰਾ-ਜ਼ਰਾ ਡੋਲ ਰਹੀ ਸੀ। ਤੱਟ ਤੋਂ ਕੁੱਝ ਦੂਰ, ਅਕਾਸ਼ ਦੇ ਪਿਛੋਕੜ ਵਿੱਚ ਜਹਾਜ਼ਾਂ ਦੇ ਕਾਲ਼ੇ ਅਕਾਰ ਦਿੱਸਦੇ ਸਨ, ਉਹਨਾਂ ਦੇ ਮਸਤੂਲਾਂ ਉੱਤੇ ਰੰਗ-ਬਰੰਗੀਆਂ ਬੱਤੀਆਂ ਲੱਗੀਆਂ ਹੋਈਆਂ ਸਨ। ਇਹਨਾਂ ਬੱਤੀਆਂ ਦਾ ਪਰਤੌ ਸਾਗਰ ਵਿੱਚ ਪੈਂਦਾ ਸੀ, ਤੇ ਇਹ ਅਣਗਿਣਤ ਪੀਲ਼ੇ ਚਟਾਖ਼ਾਂ ਨਾਲ਼ ਭਰਿਆ ਹੋਇਆ ਸੀ, ਜਿਹੜੇ ਕਾਲ਼ੀ ਮਖ਼ਮਲ ਦੇ ਪਿਛੋਕੜ ਵਿੱਚ ਥਰਕਦੇ ਹੋਏ ਬੜੇ ਸੋਹਣੇ ਲੱਗਦੇ ਸਨ। ਸਾਗਰ ਉਸੇ ਤਰ੍ਹਾਂ ਘੂਕ ਸੁੱਤਾ ਹੋਇਆ ਸੀ, ਜਿਸ ਤਰ੍ਹਾਂ ਦਿਹਾੜੀ ਦੇ ਕੰਮ ਪਿੱਛੋਂ ਬਹੁਤ ਥੱਕਿਆ ਹੋਇਆ ਕੋਈ ਕਾਮਾ ਸੌਂਦਾ ਹੈ।

"ਚੱਲ ਚੱਲੀਏ," ਗਵਰੀਲਾ ਨੇ ਚੱਪੂਆਂ ਨੂੰ ਪਾਣੀ ਵਿੱਚ ਡੁਬੋਂਦਿਆਂ ਕਿਹਾ।

"ਚੱਲ।" ਚੇਲਕਾਸ਼ ਨੇ ਪਤਵਾਰ ਨਾਲ਼ ਜ਼ੋਰ ਦਾ ਧੱਕਾ ਦੇ ਕੇ ਬੇੜੀ ਨੂੰ ਲਦੂ ਜਹਾਜ਼ਾਂ ਵਿਚਕਾਰ ਪਾਣੀ ਦੀਆਂ ਗਲੀਆਂ ਵਿੱਚ ਧੱਕ ਦਿੱਤਾ। ਇਹ ਪਾਣੀ ਉੱਤੇ ਤੇਜ਼ੀ ਨਾਲ਼ ਜਾ ਰਹੀ ਸੀ; ਜਿੱਥੇ ਵੀ ਚੱਪੂ ਪੈਂਦੇ, ਪਾਣੀ ਨੀਲੀ ਜਿਹੀ ਲਸ਼ਕ ਮਾਰਦਾ ਤੇ ਬੇੜੀ ਦੇ ਪਿੱਛੇ-ਪਿੱਛੇ ਵੀ ਜਿਵੇਂ ਹਲਕਾ-ਹਲਕਾ ਚਾਨਣ ਦੇਂਦਾ ਰਿਬਨ ਬਣਦਾ ਜਾ ਰਿਹਾ ਸੀ।

"ਤੇਰੇ ਸਿਰ ਦਾ ਕੀ ਹਾਲ ਏ ? ਅਜੇ ਵੀ ਦੁਖਦੈ ?" ਚੇਲਕਾਸ਼ ਨੇ ਪਿਆਰ ਨਾਲ਼ ਪੁੱਛਿਆ।

"ਬੁਰੀ ਤਰ੍ਹਾਂ !... ਸਿੱਕੇ ਵਾਂਗੂੰ ਭਾਰੈ।... ਹੁਣ ਮੈਂ ਇਸ ਨੂੰ ਗਿੱਲਾ ਕਰਦਾਂ।"

"ਕਾਹਦੇ ਲਈ ? ਆਪਣਾ ਅੰਦਰ ਗਿੱਲਾ ਕਰ, ਛੇਤੀ ਹੀ ਫ਼ਰਕ ਪਵੇਗਾ," ਚੇਲਕਾਸ਼ ਨੇ ਕਿਹਾ ਤੇ ਇੱਕ ਬੋਤਲ ਉਸ ਵੱਲ ਵਧਾਈ।

"ਆਹਾ, ਰੱਬ ਦੀ ਸੌਂਹ..."

ਕੁੱਝ ਗੁੜ-ਗੁੜ ਦੀ ਅਵਾਜ਼ ਆਈ।

"ਕਿਉਂ, ਖੁਸ਼ ਏਂ ? ਬਹੁਤ ਏ, ਬੱਸ ਕਰ !" ਚੇਲਕਾਸ਼ ਨੇ ਰੋਕਿਆ।

ਇੱਕ ਵਾਰੀ ਫੇਰ ਦੂਜੀਆਂ ਬੇੜੀਆਂ ਦੇ ਵਿੱਚੋਂ ਰਸਤਾ ਬਣਾਉਂਦੀ ਹੋਈ ਤਿੱਖੀ ਤੇ ਬੇਅਵਾਜ਼ ਬੇੜੀ ਅੱਗੇ ਵੱਧਣ ਲੱਗੀ। ਇੱਕਦਮ ਇਹ ਉਹਨਾਂ ਨੂੰ ਪਾਰ ਕਰ ਗਈ ਤੇ ਸਾਗਰ—ਸ਼ਕਤੀਸ਼ਾਲੀ ਅਥਾਹ ਸਾਗਰ—ਦੂਰ ਗੂੜ੍ਹੇ ਨੀਲੇ ਦੁਮੇਲ ਤੱਕ ਫੈਲਿਆ ਹੋਇਆ ਸੀ, ਜਿੱਥੋਂ ਬੱਦਲਾਂ ਦੇ ਪਹਾੜ ਉੱਠ ਕੇ ਅਕਾਸ਼ ਵਿੱਚ ਜਾ ਰਹੇ ਸਨ—ਵੈਂਗਣੀ ਤੇ ਸਲੇਟੀ ਰੰਗ ਦੇ ਬੱਦਲ, ਕੰਢਿਆਂ ਤੋਂ ਰੂੰ ਵਰਗੇ ਤੇ ਪੀਲ਼ੇ; ਸਮੁੰਦਰ ਦਾ ਪਾਣੀ ਹਰਾ ਜਿਹਾ; ਐਸੀਆਂ ਉਦਾਸੀ ਭਰੀਆਂ, ਸਿੱਕੇ ਵਰਗੀਆਂ ਘਟਾਵਾਂ, ਜਿਹੜੀਆਂ ਕਾਲ਼ੇ ਤੇ ਗ਼ਮਗੀਨ ਪ੍ਰਛਾਵੇਂ ਸੁੱਟ ਰਹੀਆਂ ਸਨ। ਬੱਦਲ ਹੌਲ਼ੀ-ਹੌਲ਼ੀ ਅਕਾਸ਼ ਵਿੱਚ ਤੁਰ ਰਹੇ ਸਨ, ਕਦੀ ਇੱਕ-ਦੂਜੇ ਦੇ ਨਾਲ਼ ਜਾ

ਰਲ਼ਦੇ, ਰੂਪ ਤੇ ਰੰਗ ਮਿਲ ਕੇ ਇਕਮਿਕ ਹੋ ਜਾਂਦੇ, ਇੱਕ ਦੂਜੇ ਦਾ ਖ਼ਾਤਮਾ ਕਰ ਦੇਂਦੇ, ਤੇ ਅਗਲੇ ਪਲ਼ ਨਵੇਂ ਰੂਪ ਧਾਰ ਕੇ ਫ਼ਿਰ ਸਾਮ੍ਹਣੇ ਆ ਜਾਂਦੇ, ਗੰਭੀਰ ਤਰ੍ਹਾਂ ਸ਼ਾਨਦਾਰ।... ਇਹਨਾਂ ਬੇਜਾਨ ਰੂਪਾਂ ਦੀ ਧੀਮੀ ਹਰਕਤ ਵਿੱਚ ਕੁੱਝ ਮਾਰੂ ਜਿਹਾ ਸੀ। ਇੰਝ ਲੱਗਦਾ ਸੀ ਜਿਵੇਂ ਸਾਗਰ ਦੇ ਕੰਢੇ ਉੱਤੇ ਉਹਨਾਂ ਦੀ ਬੇਅੰਤ ਗਿਣਤੀ ਇਕੱਠੀ ਹੋਈ ਹੋਈ ਸੀ, ਤੇ ਜਿਵੇਂ ਕਿ ਉਹ ਹਮੇਸ਼ਾ-ਹਮੇਸ਼ਾ ਅਕਾਸ਼ ਦੇ ਵਿੱਚੋਂ ਲੰਘਦੇ ਜਾਣਗੇ, ਆਪਣੀ ਇਸ ਖੋਰੀ ਇੱਛਾ ਦੇ ਪ੍ਰੇਰੇ ਹੋਏ, ਕਿ ਅਕਾਸ਼ ਨੂੰ ਆਪਣੀਆਂ ਲੱਖਾਂ ਸੁਨਹਿਰੀ ਅੱਖਾਂ, ਉਹਨਾਂ ਬਹੁ-ਰੰਗੇ ਸਿਤਾਰਿਆਂ ਨਾਲ਼ ਹੇਠਾਂ ਸੁੱਤੇ ਸਾਗਰ ਵੱਲ ਨਹੀਂ ਵੇਖਣ ਦੇਣਾ, ਜਿਹੜੇ ਸਿਤਾਰੇ ਉੱਪਰ ਸਜੀਵ ਤਰ੍ਹਾਂ ਤੇ ਗੰਭੀਰ ਲਿਸ਼ਕ ਦੇਂਦੇ ਹੋਏ ਲਟਕੇ ਹੋਏ ਸਨ, ਤੇ ਆਦਮੀਆਂ ਦੇ ਦਿਲਾਂ ਵਿੱਚ, ਜਿਨ੍ਹਾਂ ਲਈ ਉਹਨਾਂ ਦੀ ਨਿਰਮਲ ਚਮਕ ਇੱਕ ਕੀਮਤੀ ਚੀਜ਼ ਸੀ, ਉੱਚੀਆਂ ਆਸ਼ਾਵਾਂ ਜਗਾਉਂਦੇ ਸਨ।

"ਸਮੁੰਦਰ ਚੰਗੈ ਨਾ ?" ਚੇਲਕਾਸ਼ ਨੇ ਪੁੱਛਿਆ।

"ਠੀਕ ਐ! ਸਿਰਫ਼ ਮੈਨੂੰ ਜ਼ਰਾ ਡਰ ਲੱਗਦੈ," ਜ਼ੋਰ ਨਾਲ਼ ਤੇ ਇਕਸਾਰ ਚੱਪੂ ਮਾਰਦਾ ਹੋਇਆ ਗਵਰੀਲਾ ਬੋਲਿਆ। ਚੱਪੂ ਵੱਜਣ ਨਾਲ਼ ਪਾਣੀ ਵਿੱਚ ਇੱਕ ਮੱਧਮ ਜਿਹੀ ਟੁਣਕਾਰ ਤੇ ਥਪਕ ਪੈਦਾ ਹੁੰਦੀ, ਤੇ ਇਹ ਅਜੇ ਵੀ ਉਹ ਹਲਕੀ ਜਿਹੀ ਨੀਲ਼ੀ ਲੋ ਦੇ ਰਿਹਾ ਸੀ।

"ਡਰਦੈਂ! ਤੂੰ ਵੀ ਲਲ੍ਹਾ ਈ ਏਂ!" ਠੱਠਾ ਕਰਦਿਆਂ ਚੇਲਕਾਸ਼ ਬੋਲਿਆ।

ਉਹ, ਇੱਕ ਚੋਰ, ਸਾਗਰ ਨੂੰ ਪਿਆਰ ਕਰਦਾ ਸੀ। ਉਸ ਦਾ ਨਿਧੜਕ, ਬੇਚੈਨ ਸੁਭਾ, ਹਮੇਸ਼ਾ ਨਵੇਂ ਪ੍ਰਭਾਵਾਂ ਦਾ ਪਿਆਸਾ, ਇਸ ਦੀਆਂ ਹਨੇਰੀਆਂ ਚੁੜਿਤਣਾਂ ਬਾਰੇ ਸੋਚਣ ਤੋਂ ਕਦੀ ਨਹੀਂ ਸੀ ਅੱਕਿਆ, ਜਿਹੜੀਆਂ ਏਨੀਆਂ ਅਸੀਮਤ, ਅਜ਼ਾਦ ਤੇ ਸ਼ਕਤੀਸ਼ਾਲੀ ਸਨ। ਤੇ ਜਿਸ ਸ਼ੈ ਨੂੰ ਉਹ ਪਿਆਰ ਕਰਦਾ ਸੀ, ਉਸ ਦੀ ਸੁੰਦਰਤਾ ਬਾਰੇ ਸਵਾਲ ਦਾ ਇਸ ਤਰ੍ਹਾਂ ਦਾ ਜਵਾਬ ਸੁਣਨਾ ਉਸ ਲਈ ਹੱਤਕ ਵਾਲ਼ੀ ਗੱਲ ਸੀ। ਬੇੜੀ ਦੇ ਪਿਛਲੇ ਪਾਸੇ ਬੈਠਾ, ਉਹ ਆਪਣੇ ਪਤਵਾਰ ਨਾਲ਼ ਪਾਣੀ ਨੂੰ ਚੀਰੀ ਜਾ ਰਿਹਾ ਸੀ ਤੇ ਅਡੋਲ ਅੱਗੇ ਵੱਲ ਵੇਖੀ ਜਾ ਰਿਹਾ ਸੀ; ਇਸ ਮਖ਼ਮਲੀ ਤੱਲ ਉੱਪਰ ਦੂਰ ਦੁਰਾਡੇ ਜਾਣ ਦੀ ਇੱਛਾ ਨੇ ਉਸ ਨੂੰ ਮੱਲਿਆ ਹੋਇਆ ਸੀ।

ਜਦੋਂ ਵੀ ਉਹ ਸਾਗਰ ਦੇ ਤੱਲ ਉੱਤੇ ਹੁੰਦਾ, ਹਮੇਸ਼ਾ ਉਸ ਦੇ ਅੰਦਰ ਨਿੱਘੀ, ਵਿਸ਼ਾਲ ਭਾਵਨਾ ਪੈਦਾ ਹੋ ਜਾਂਦੀ। ਇਹ ਉਸ ਦੇ ਸਾਰੇ ਵਜੂਦ ਨੂੰ ਭਰ ਦੇਂਦੀ, ਤੇ ਰੋਜ਼ਾਨਾ ਜ਼ਿੰਦਗੀ ਦਾ ਘਟੀਆਪਣ ਉਸ ਵਿੱਚੋਂ ਕੱਢ ਮਾਰਦੀ। ਉਹ ਇਸ ਦੀ ਕਦਰ ਕਰਦਾ ਸੀ ਤੇ ਲਹਿਰਾਂ ਦੇ ਵਿਚਕਾਰ ਤੇ ਖੁੱਲ੍ਹੀ ਹਵਾ ਵਿੱਚ ਆਪਣੇ-ਆਪ ਨੂੰ ਚੰਗੇਰਾ ਆਦਮੀ ਵੇਖਣਾ ਉਸ ਨੂੰ ਚੰਗਾ ਲੱਗਦਾ ਸੀ, ਜਿੱਥੇ ਜ਼ਿੰਦਗੀ ਬਾਰੇ ਵਿਚਾਰ ਆਪਣੀ ਕੁੜੱਤਣ ਗੁਆ ਬੈਠਦੇ ਨੇ ਤੇ ਜ਼ਿੰਦਗੀ ਖ਼ੁਦ ਆਪਣੀ ਕੀਮਤ ਗੁਆ ਬਹਿੰਦੀ ਹੈ। ਰਾਤ ਨੂੰ ਸੁੱਤੇ ਸਾਗਰ ਦਾ ਹਲਕਾ ਜਿਹਾ ਸਾਹ ਪਾਣੀਆਂ ਦੇ ਉੱਪਰੋਂ ਹੌਲੇ-ਹੌਲੇ ਚਲਦਾ ਹੈ, ਤੇ ਇਹ ਕਲਾਵੇ ਵਿੱਚ ਨਾ ਆਉਣ ਵਾਲ਼ੀ ਅਵਾਜ਼ ਮਨੁੱਖ ਦੇ ਦਿਲ ਵਿੱਚ ਚੈਨ ਭਰ ਦੇਂਦੀ ਹੈ, ਇਸ ਦੇ ਭੈੜੇ ਵੇਗਾਂ ਨੂੰ ਧੱਕ ਕੇ ਬਾਹਰ ਕੱਢ ਮਾਰਦੀ ਹੈ, ਤੇ ਮਹਾਨ ਸੁਪਨਿਆਂ ਨੂੰ ਜਨਮ ਦੇਂਦੀ ਹੈ।...

"ਮੱਛੀਆਂ ਫੜਣ ਦਾ ਸਮਾਨ ਕਿੱਥੇ ਏ ?" ਗਵਰੀਲਾ ਨੇ ਉਤਸੁਕਤਾ ਨਾਲ਼ ਬੇੜੀ ਵਿੱਚ ਝਾਕਦਿਆਂ ਹੋਇਆਂ ਅਚਾਨਕ ਪੁੱਛਿਆ।

ਚੇਲਕਾਸ਼ ਤ੍ਰਭਕ ਗਿਆ।

"ਮੱਛੀਆਂ ਫੜਨ ਦਾ ਸਮਾਨ ? ਮੇਰੇ ਕੋਲ਼ ਪਿੱਛੇ।"

ਉਹ ਇਸ ਬਾਲ ਜਿਹੇ ਨੂੰ ਝੂਠ ਨਹੀਂ ਸੀ ਬੋਲਣਾ ਚਾਹੁੰਦਾ ਤੇ ਉਸ ਨੂੰ ਅਫ਼ਸੋਸ ਹੋਇਆ ਕਿ ਉਸ ਦੀਆਂ ਸੋਚਾਂ ਤੇ ਭਾਵਨਾਵਾਂ ਵਿੱਚ ਵਿਘਣ ਪੈ ਗਿਆ ਸੀ। ਉਸ ਨੂੰ ਗੁੱਸਾ ਆ ਗਿਆ। ਇੱਕ ਵਾਰੀ ਫਿਰ ਉਸ ਨੂੰ ਗਲੇ ਵਿੱਚ ਤੇ ਛਾਤੀ ਵਿੱਚ ਅੱਗ ਜਿਹੀ ਦਾ ਅਹਿਸਾਸ ਹੋਣ ਲੱਗਾ ਤੇ ਉਹ ਖਰ੍ਹਵੀ ਤੇ ਪ੍ਰਭਾਵਸ਼ਾਲੀ ਅਵਾਜ਼ ਵਿੱਚ ਗਵਰੀਲਾ ਨੂੰ ਕਹਿਣ ਲੱਗਾ :

"ਸੁਣ ਜਿੱਥੇ ਹੈਂ, ਬੈਠਾ ਰਹੁ ਤੇ ਆਪਣੇ ਕੰਮ ਨਾਲ਼ ਕੰਮ ਰੱਖ। ਮੈਂ ਤੈਨੂੰ ਚੱਪੂ ਮਾਰਨ ਲਈ ਲਿਆਂਦੈ, ਸੋ ਤੂੰ ਚੱਪੂ ਮਾਰੀ ਚਲ। ਤੇ ਜੇ ਤੂੰ ਜ਼ਬਾਨ ਨਾਲ਼ ਲੁਤਰ-ਲੁਤਰ ਕੀਤੀ ਤਾਂ ਮਾੜਾ ਹੋਏਗਾ। ਸਮਝਿਆ ?"

ਬੇੜੀ ਮਾੜੇ ਜਿਹੇ ਧੱਕੇ ਨਾਲ਼ ਰੁੱਕ ਗਈ, ਚੱਪੂ ਪਾਣੀ ਦੇ ਉੱਪਰ ਘਿਸਰਣ ਤੇ ਹਿੱਲਣ ਲੱਗੇ। ਗਵਰੀਲਾ ਬੇਚੈਨੀ ਵਿੱਚ ਆਪਣੀ ਥਾਂ ਤੇ ਹਿਲਣ ਲੱਗਾ।

"ਚੱਪੂ ਮਾਰ।"

ਕਾਟਵੀਂ ਗਾਲ੍ਹ ਹਵਾ ਵਿੱਚ ਗੂੰਜੀ। ਗਵਰੀਲਾ ਨੇ ਚੱਪੂ ਚੁੱਕੇ ਤੇ ਬੇੜੀ, ਜਿਵੇਂ ਉਹ ਡਰੀ ਹੋਵੇ, ਤੇਜ਼ ਘਬਰਾਏ ਹੋਏ ਝਟਕਿਆਂ ਨਾਲ਼ ਅੱਗੇ ਵਧਣ ਲੱਗੀ, ਜਿਸ ਨਾਲ਼ ਪਾਣੀ ਥਲ-ਥਲ ਕਰਨ ਲੱਗਾ।

"ਠੀਕ ਤਰ੍ਹਾਂ!"

ਚੇਲਕਾਸ਼ ਆਪਣਾ ਪਤਵਾਰ ਛੱਡੇ ਬਿਨਾਂ ਅੱਧਾ ਕੁ ਉੱਠਿਆ ਤੇ ਆਪਣੀਆਂ ਠੰਡੀਆਂ ਅੱਖਾਂ ਗਵਰੀਲਾ ਦੇ ਚਿੱਟੇ ਮੂੰਹ ਉੱਤੇ ਗੱਡ ਦਿੱਤੀਆਂ। ਅੱਗੇ ਨੂੰ ਝੁਕਿਆ ਹੋਇਆ ਉੱਥੇ ਖੜਾ ਉਹ ਝਪਟਾ ਮਾਰਨ ਲਈ ਤਿਆਰ ਬਿੱਲੀ ਵਾਂਗ ਲੱਗਦਾ ਸੀ। ਉਸ ਦੇ ਦੰਦ ਕਰੀਚਣ ਦੀ ਅਵਾਜ਼ ਸੁਣੀ ਜਾ ਸਕਦੀ ਸੀ, ਤੇ ਡਰ ਨਾਲ਼ ਹੱਡੀਆਂ ਦੇ ਕੜਕਣ ਦੀ ਅਵਾਜ਼ ਵੀ।

"ਕੌਣ ਚੀਖ ਰਿਹੈ ?" ਸਮੁੰਦਰ ਵੱਲੋਂ ਕਰੜੀ ਅਵਾਜ਼ ਵਿੱਚ ਕਿਸੇ ਨੇ ਪੁੱਛਿਆ।

"ਚੱਪੂ ਚਲਾ, ਹਰਾਮੀ, ਚੱਪੂ ਚਲਾ!... ਸ਼ੋਰ ਨਹੀਂ!... ਮੈਂ ਤੈਨੂੰ ਜਾਨੋਂ ਮਾਰ ਦਿਆਂਗਾ, ਕੁੱਤੇ!... ਚੱਲ, ਚੱਪੂ ਚਲਾ! ਇੱਕ ਦੋ! ਤੂੰ ਅਵਾਜ਼ ਕੱਢ ਸਹੀ, ਤੇਰੇ ਟੋਟੇ-ਟੋਟੇ ਨਾ ਕਰ ਦਿੱਤੇ ਤਾਂ!..." ਚੇਲਕਾਸ਼ ਦੱਬੀ ਅਵਾਜ਼ ਵਿੱਚ ਬੋਲਿਆ।

"ਹੇ, ਪਾਕ ਮਰੀਅਮ, ਯਸੂਹ ਮਸੀਹ ਦੀ ਮਾਂ!" ਡਰ ਨਾਲ਼ ਤੇ ਜ਼ੋਰ ਲਾਉਣ ਕਰਕੇ ਕੰਬਦਾ ਹੋਇਆ ਗਵਰੀਲਾ ਬੁੜਬੁੜਾਇਆ।

ਬੇੜੀ ਚੱਕਰ ਖਾ ਕੇ ਮੁੜੀ ਤੇ ਬੰਦਰਗਾਹ ਵੱਲ ਪਿੱਛੇ ਚਲੀ ਗਈ ਜਿੱਥੇ ਜਹਾਜ਼ਾਂ ਦੀਆਂ ਬੱਤੀਆਂ ਨੇ ਰੰਗੀਨ ਰੌਸ਼ਨੀਆਂ ਦੇ ਝੁੰਡ ਬਣਾਏ ਹੋਏ ਸਨ ਤੇ ਉਹਨਾਂ ਦੇ ਮਸਤੂਲ ਬਾਦਬਾਨ ਸਪੱਸ਼ਟ ਦਿੱਸਦੇ ਸਨ।

"ਹੇ! ਕੌਣ ਚੀਖ ਰਿਹੈ?"

ਫ਼ਿਰ ਕਿਸੇ ਦੀ ਅਵਾਜ਼ ਆਈ। ਪਰ ਹੁਣ ਇਹ ਦੂਰੀ ਉੱਤੇ ਸੀ। ਚੇਲਕਾਸ਼ ਬੇਫ਼ਿਕਰ ਹੋ ਗਿਆ।

"ਤੂੰ ਆਪੇ ਹੀ ਚੀਕੀ ਜਾਨੈਂ!" ਉਹ ਉੱਧਰ ਨੂੰ ਮੂੰਹ ਕਰ ਕੇ ਬੋਲਿਆ, ਫਿਰ ਗਵਰੀਲਾ ਵੱਲ ਮੁੜਿਆ ਜਿਹੜਾ ਅਜੇ ਵੀ ਦੁਆਵਾਂ ਬੁੜਬੁੜਾਈ ਜਾ ਰਿਹਾ ਸੀ।

"ਤੂੰ ਖ਼ੁਸ਼ਕਿਸਮਤ ਏਂ, ਕਾਕਾ। ਜੇ ਇਹ ਸ਼ੈਤਾਨ ਸਾਡਾ ਪਿੱਛਾ ਕਰਦੇ ਤਾਂ ਤੇਰੇ ਵਾਲਾ ਕੰਮ ਹੋ ਗਿਆ ਸੀ। ਸਭ ਤੋਂ ਪਹਿਲਾਂ ਮੈਂ ਤੈਨੂੰ ਮੱਛੀਆਂ ਦਾ ਖਾਣਾ ਬਣਨ ਲਈ ਸੁੱਟ ਦੇਣਾ ਸੀ!..."

ਇਹ ਵੇਖ ਕੇ ਕਿ ਚੇਲਕਾਸ਼ ਸ਼ਾਂਤ ਹੋ ਗਿਆ ਸੀ ਤੇ ਹੁਣ ਚੰਗੇ ਰੌਂ ਵਿੱਚ ਸੀ, ਕੰਬਦਾ ਹੋਇਆ ਗਵਰੀਲਾ ਉਸ ਦੇ ਤਰਲੇ ਕਰਨ ਲੱਗਾ:

"ਮੈਨੂੰ ਜਾਣ ਦੇ! ਸਹੁੰ ਰੱਬ ਦੀ, ਮੈਨੂੰ ਜਾਣ ਦੇ! ਮੈਨੂੰ ਕਿਤੇ ਉਤਾਰ ਦੇ। ਓਏ... ਹੋਏ... ਹੋਏ...! ਮੈਂ ਤਾਂ ਕੁੜਿੱਕੀ ਵਿੱਚ ਫਸ ਗਿਆ!... ਰੱਬ ਦੇ ਵਾਸਤੇ ਮੈਨੂੰ ਜਾਣ ਦੇ। ਮੇਰੇ ਕੋਲ਼ੋਂ ਤੂੰ ਕੀ ਲੈਣੈਂ? ਮੈਂ ਇਹ ਨਹੀਂ ਕਰ ਸਕਦਾ!... ਮੈਂ ਇਹੋ ਜਿਹੇ ਕੰਮ ਵਿੱਚ ਕਦੀ ਨਹੀਂ ਪਿਆ।... ਇਹ ਪਹਿਲੀ ਵਾਰੀ ਏ।... ਹੇ ਰੱਬਾ, ਮੇਰੇ ਬਚਣ ਦਾ ਤਾਂ ਹੁਣ ਕੋਈ ਰਾਹ ਨਹੀਂ। ਤੂੰ ਮੇਰੇ ਨਾਲ਼ ਇੰਝ ਕਿਉਂ ਕੀਤੈ? ਇਹ ਪਾਪ ਏ!... ਤੂੰ, ਮੇਰੀ ਆਪਣੀ ਆਤਮਾ ਨਾਲ਼ ਇਸ ਦਾ ਹਿਸਾਬ ਤਾਰੇਂਗਾ!... ਉਫ਼, ਕਿਹੋ ਜਿਹਾ ਕੰਮ ਏ!..."

"ਕੰਮ?" ਚੇਲਕਾਸ਼ ਨੇ ਖਰ੍ਹਵੇ ਢੰਗ ਨਾਲ਼ ਪੁੱਛਿਆ। "ਕਿਹੋ ਜਿਹਾ ਕੰਮ?"

ਮੁੰਡੇ ਦਾ ਡਰ ਨਾਲ਼ ਕੰਬਣਾ ਉਸ ਨੂੰ ਖੁਸ਼ੀ ਦੇ ਰਿਹਾ ਸੀ ਤੇ ਉਹ ਮੁੰਡੇ ਬਾਰੇ ਤੇ ਇਸ ਗੱਲ ਬਾਰੇ ਸੋਚ ਕੇ ਖੁਸ਼ ਹੋ ਰਿਹਾ ਸੀ ਕਿ ਉਹ ਆਪ, ਚੇਲਕਾਸ਼, ਕਿੰਨਾਂ ਭਿਆਨਕ ਹੈ।

"ਮਾੜਾ ਕੰਮ ਏ, ਵੀਰ!... ਰੱਬ ਦੇ ਵਾਸਤੇ ਮੈਨੂੰ ਜਾਣ ਦੇ!... ਮੇਰੀ ਤੈਨੂੰ ਕੀ ਲੋੜ ਏ?... ਚੱਲ ਆ, ਭਲਾ ਆਦਮੀ ਬਣ..."

"ਮੂੰਹ ਬੰਦ ਕਰ! ਜੇ ਤੇਰੀ ਮੈਨੂੰ ਲੋੜ ਨਾ ਹੁੰਦੀ ਤਾਂ ਮੈਂ ਤੈਨੂੰ ਲਿਆਉਂਦਾ ਹੀ ਕਿਉਂ, ਸਮਝਿਆ? ਸੋ, ਬਕਵਾਸ ਬੰਦ!"

"ਉਫ਼, ਰੱਬਾ!" ਗਵਰੀਲਾ ਬੁੜਬੁੜਾਇਆ।

"ਬੰਦ ਕਰ ਬੁੜਬੁੜ," ਚੇਲਕਾਸ਼ ਨੇ ਉਸ ਨੂੰ ਸਖ਼ਤੀ ਨਾਲ਼ ਟੋਕਿਆ।

ਪਰ ਗਵਰੀਲਾ ਹੁਣ ਆਪਣੇ-ਆਪ ਨੂੰ ਹੋਰ ਕਾਬੂ ਨਹੀਂ ਸੀ ਰੱਖ ਸਕਦਾ; ਉਹ ਹੌਲ਼ੀ-ਹੌਲ਼ੀ ਸੁੜਸੁੜ ਕਰਦਾ, ਰੋਂਦਾ, ਖੰਘਦਾ, ਸੂੰ-ਸੂੰ ਕਰਦਾ, ਪਾਸੇ ਮਾਰਦਾ, ਮਾਯੂਸੀ ਤੋਂ ਪੈਦਾ ਹੋਈ ਤਾਕਤ ਨਾਲ਼ ਜ਼ੋਰ ਨਾਲ਼ ਚੱਪੂ ਮਾਰੀ ਗਿਆ। ਬੇੜੀ ਤੀਰ ਵਾਂਗ ਸਿੱਧੀ ਅੱਗੇ ਜਾ ਰਹੀ ਸੀ। ਇੱਕ ਵਾਰੀ ਫ਼ਿਰ ਉਹਨਾਂ ਨੇ ਆਪਣੇ ਆਲ਼ੇ-ਦੁਆਲ਼ੇ ਜਹਾਜ਼ਾਂ ਦੇ ਕਾਲ਼ੇ ਅਕਾਰ ਦੇਖੇ। ਪਾਣੀ ਦੀਆਂ ਤੰਗ ਗਲੀਆਂ ਵਿੱਚੋਂ ਮੋੜੇ ਕੱਟਦੀ ਉਹਨਾਂ ਦੀ ਬੇੜੀ ਉਹਨਾਂ ਵਿੱਚ ਅਲੋਪ ਹੋ ਗਈ।

"ਓਏ! ਸੁਣ! ਖ਼ਬਰਦਾਰ ਜੇ ਕਿਸੇ ਤਰ੍ਹਾਂ ਦਾ ਸਵਾਲ ਪੁੱਛਿਆ ਤਾਂ, ਮੂੰਹ ਬੰਦ ਰੱਖ

ਕੇ ਜ਼ਿੰਦਗੀ ਲੋੜੀਂਦੀ ਊ ਤਾਂ! ਸਮਝਿਆ ?"

"ਉਫ਼, ਰੱਬਾ!..." ਗਵਰੀਲਾ ਨੇ ਇਸ ਸਖ਼ਤ ਤਾੜਨਾ ਦੇ ਜਵਾਬ ਵਿੱਚ ਮਾਯੂਸੀ ਭਰਿਆ ਹਉਕਾ ਭਰਿਆ ਤੇ ਨਾਲ਼ ਹੀ ਕੌੜੀ ਤਰ੍ਹਾਂ ਗੱਲ ਜੋੜੀ, "ਮੇਰੀ ਕਿਸਮਤ ਨੇ ਮੈਨੂੰ ਕਿੱਥੇ ਲਿਆ ਮਾਰਿਐ!"

"ਬੰਦ ਕਰ ਬੁੜਬੁੜ!" ਚੇਲਕਾਸ਼ ਨੇ ਫਿਰ ਦੱਬੀ ਅਵਾਜ਼ ਵਿੱਚ ਕਿਹਾ।

ਇਸ ਦੱਬੀ ਅਵਾਜ਼ ਨਾਲ਼ ਗਵਰੀਲਾ ਦੀ ਸਾਰੀ ਦਿਮਾਗੀ ਤਾਕਤ ਜਾਂਦੀ ਰਹੀ; ਉਹ ਮੁਸੀਬਤ ਦੇ ਕੰਬਣੀ-ਛੇੜਦੇ ਅਗਾਊਂ ਗਿਆਨ ਨਾਲ਼ ਸੁੰਨ ਹੋ ਗਿਆ। ਉਸ ਨੇ ਬੇਧਿਆਨੇ ਆਪਣੇ ਚੱਪੂ ਪਾਣੀ ਵਿੱਚ ਸੁੱਟ ਦਿੱਤੇ, ਉਹਨਾਂ ਨੂੰ ਖਿੱਚਦਾ ਹੋਇਆ ਪਿੱਛੇ ਨੂੰ ਲੇਟ ਗਿਆ, ਫਿਰ ਉਹਨਾਂ ਨੂੰ ਚੁੱਕਿਆ ਤੇ ਫਿਰ ਸੁੱਟ ਦਿੱਤਾ; ਉਸ ਦੀਆਂ ਨਜ਼ਰਾਂ ਇਕਸਾਰ ਆਪਣੇ ਦਰਖ਼ਤ ਦੀ ਛਿਲ ਦੀ ਜੁੱਤੀ ਉੱਤੇ ਟਿਕੀਆਂ ਹੋਈਆਂ ਸਨ।

ਲਹਿਰਾਂ ਦੀ ਉਂਘਲਾਉਂਦੀ ਥਪ-ਥਪ ਮਾਯੂਸੀ ਭਰੀ ਤੇ ਡਰਾਉਣੀ ਸੀ। ਪਰ ਹੁਣ ਉਹ ਜਹਾਜ਼ੀ ਗੋਦੀਆਂ ਵਿੱਚ ਸਨ।... ਪੱਥਰ ਦੀ ਕੰਧ ਦੇ ਦੂਜੇ ਪਾਸਿਉਂ ਮਨੁੱਖੀ ਅਵਾਜ਼ਾਂ ਦੀ ਬਿੜਕ ਆ ਰਹੀ ਸੀ—ਗਾਉਣ ਦੀਆਂ, ਸੀਟੀਆਂ ਵਜਾਉਣ ਦੀਆਂ ਤੇ ਪਾਣੀ ਦੀ ਥਲਪ-ਥਲਪ ਦੀਆਂ।

"ਠਹਿਰ ਜਾ," ਚੇਲਕਾਸ਼ ਦੱਬੀ ਅਵਾਜ਼ ਵਿੱਚ ਬੋਲਿਆ। "ਚੱਪੂ ਛੱਡ ਦੇ! ਕੰਧ ਨੂੰ ਫੜ ਕੇ ਹੱਥਾਂ ਨਾਲ਼ ਧੱਕ। ਚੁੱਪ, ਬਦਮਾਸ਼!"

ਗਵਰੀਲਾ ਤਿਲਕਵੇਂ ਪੱਥਰ ਨੂੰ ਫੜ-ਫੜ ਕੇ ਬੇੜੀ ਨੂੰ ਅੱਗੇ ਲਿਜਾਣ ਲੱਗਾ। ਬੇੜੀ ਬਿਨਾਂ ਅਵਾਜ਼ ਕੀਤਿਆਂ ਵਧ ਰਹੀ ਸੀ, ਪੱਥਰਾਂ ਉੱਪਰ ਜੰਮੀ ਚੀਕਣੀ ਮਿੱਟੀ ਬੇੜੀ ਦੇ ਵੱਜਣ ਦੀ ਅਵਾਜ਼ ਨੂੰ ਖ਼ਤਮ ਕਰ ਰਹੀ ਸੀ।

"ਠਹਿਰ ਜਾ!... ਚੱਪੂ ਮੈਨੂੰ ਦੇ-ਦੇ; ਮੈਨੂੰ ਦੇ, ਮੈਂ ਕਿਹੈ! ਤੇਰਾ ਪਾਸਪੋਰਟ ਕਿੱਥੇ ਐ ? ਤੇਰੇ ਝੋਲੇ ਵਿੱਚ ? ਇਹ ਵੀ ਲਿਆ! ਜਲਦੀ ਕਰ! ਇਹ ਇਸ ਲਈ, ਕਿ ਕਿਧਰੇ ਤੂੰ ਨੱਠ ਨਾ ਜਾਵੇਂ, ਪਿਆਰੇ ਦੋਸਤ।... ਹੁਣ ਇਸ ਦਾ ਕੋਈ ਡਰ ਨਹੀਂ। ਚੱਪੂਆਂ ਤੋਂ ਬਿਨਾਂ ਤੂੰ ਨੱਠ ਸਕਦਾ ਸੈਂ, ਪਰ ਆਪਣੇ ਪਾਸਪੋਰਟ ਤੋਂ ਬਿਨਾਂ ਨਹੀਂ। ਇੱਥੇ ਉਡੀਕ! ਤੇ ਖਿਆਲ ਰੱਖੀਂ, ਜੇ ਤੂੰ ਜ਼ਰਾ ਵੀ ਅਵਾਜ਼ ਕੱਢੀ, ਤਾਂ ਤੈਨੂੰ ਸਮੁੰਦਰ ਦੀ ਤਹਿ ਵਿੱਚੋਂ ਵੀ ਲੱਭ ਲਿਆਵਾਂਗਾ!..."

ਤੇ ਫ਼ਿਰ, ਆਪਣੇ ਹੱਥਾਂ ਨਾਲ਼ ਆਪਣੇ-ਆਪ ਨੂੰ ਉਤਾਂਹ ਖਿੱਚਦਾ ਹੋਇਆ, ਚੇਲਕਾਸ਼ ਕੰਧ ਤੋਂ ਪਾਰ ਲੋਪ ਹੋ ਗਿਆ।

ਇਹ ਸਾਰਾ ਕੁੱਝ ਏਨੀ ਜਲਦੀ ਵਿੱਚ ਹੋਇਆ ਕਿ ਗਵਰੀਲਾ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ। ਤੇ ਫ਼ਿਰ, ਉਸ ਦੇ ਦਿਲ ਦਾ ਬੋਝ ਤੇ ਉਸ ਪਤਲੇ ਜਿਹੇ ਮੁੱਛਾਂ ਵਾਲ਼ੇ ਚੋਰ ਵੱਲੋਂ ਪੈਦਾ ਕੀਤਾ ਗਿਆ ਸਾਰਾ ਡਰ ਇੰਝ ਲਹਿ ਗਿਆ, ਜਿਵੇਂ ਕੋਈ ਕੱਪੜਾ ਲਹਿ ਜਾਂਦਾ ਹੈ।... ਹੁਣ ਉਹ ਦੌੜ ਜਾਏਗਾ!... ਅਜ਼ਾਦੀ ਨਾਲ਼ ਸਾਹ ਲੈਂਦਿਆਂ ਉਸ ਨੇ ਆਸੇ-ਪਾਸੇ ਨਜ਼ਰ ਮਾਰੀ। ਉਸ ਦੇ ਖੱਬੇ ਹੱਥ ਬਿਨਾਂ ਮਸਤੂਲਾਂ ਦੇ ਇੱਕ ਜਹਾਜ਼ ਦਾ ਧੜ ਸੀ, ਇੱਕ ਤਰ੍ਹਾਂ ਦਾ ਵੱਡਾ ਸਾਰਾ ਤਬੂਤ, ਖਾਲ਼ੀ ਤੇ ਛੱਡਿਆ ਹੋਇਆ।... ਹਰ ਵਾਰੀ ਜਦੋਂ ਲਹਿਰਾਂ ਇਸ ਨਾਲ਼

ਟਕਰਾਉਂਦੀਆਂ, ਤਾਂ ਇਸ ਵਿੱਚੋਂ ਇੱਕ ਖੋਖਲੀ ਜਿਹੀ ਅਵਾਜ਼ ਨਿਕਲਦੀ ਜਿਹੜੀ ਕਰਾਹਟ ਵੀ ਹੋ ਸਕਦੀ ਸੀ। ਸੱਜੇ ਪਾਸੇ ਚੀਕਣੀ ਮਿੱਟੀ ਨਾਲ਼ ਕੱਜੀ ਪੁਸ਼ਤੇ ਦੀ ਕੰਧ ਸੀ, ਜਿਵੇਂ ਠੰਡਾ ਭਾਰੀ ਸੱਪ ਸਮੁੰਦਰ ਦੇ ਅੰਦਰ ਤੱਕ ਫੈਲਿਆ ਹੋਵੇ। ਉਸ ਦੇ ਪਿਛਲੇ ਪਾਸੇ ਹੋਰ ਕਾਲ਼ੇ ਅਕਾਰ ਉਭਰੇ ਹੋਏ ਸਨ, ਜਦੋਂ ਕਿ ਅਗਲੇ ਪਾਸੇ, ਕੰਧ ਤੇ ਤਾਬੂਤ ਵਿਚਲੀ ਖ਼ਾਲੀ ਥਾਂ ਵਿੱਚ ਉਸ ਨੂੰ ਸ਼ਾਂਤ, ਖ਼ਾਲ਼ੀ ਸਾਗਰ ਨਜ਼ਰ ਆਇਆ, ਜਿਸ ਉੱਤੇ ਕਾਲ਼ੇ ਬੱਦਲ ਛਾਏ ਹੋਏ ਸਨ। ਸੋਚੀਂ ਡੁੱਬੇ, ਬੋਝਲ ਤੇ ਧੜਵੈਲ, ਉਹ ਹੌਲ਼ੀ-ਹੌਲ਼ੀ ਅਕਾਸ਼ ਦੇ ਆਰ-ਪਾਰ ਜਾ ਰਹੇ ਸਨ, ਹਨੇਰੇ ਵਿੱਚ ਦਹਿਸ਼ਤ ਫੈਲਾਉਂਦੇ ਹੋਏ, ਆਪਣੇ ਬਹੁਤ ਵੱਡੇ ਭਾਰ ਨਾਲ਼ ਮਨੁੱਖਾਂ ਨੂੰ ਕੁਚਲ ਦੇਣ ਦੀ ਧਮਕੀ ਦੇਂਦੇ। ਹਰ ਚੀਜ਼ ਠੰਡੀ, ਕਾਲ਼ੀ ਕੁਸ਼ਗਣੀ ਸੀ। ਗਵਰੀਲਾ ਡਰ ਗਿਆ। ਤੇ ਉਸ ਦਾ ਇਹ ਡਰ ਚੇਲਕਾਸ਼ ਵੱਲੋਂ ਪੈਦਾ ਕੀਤੇ ਡਰ ਨਾਲ਼ੋਂ ਜ਼ਿਆਦਾ ਭੈੜਾ ਸੀ। ਇਸ ਨੇ ਜਿਵੇਂ ਉਸ ਨੂੰ ਛਾਤੀ ਦੁਆਲਿਉਂ ਜਕੜ ਲਿਆ, ਉਸ ਵਿੱਚੋਂ ਵਿਰੋਧ ਦੀ ਸਾਰੀ ਤਾਕਤ ਨਿਚੋੜ ਲਈ ਤੇ ਉਸ ਨੂੰ ਉਸ ਥਾਂ ਗੱਡ ਦਿੱਤਾ ਜਿੱਥੇ ਉਹ ਬੈਠਾ ਸੀ।...

ਸਭ ਪਾਸੇ ਚੁੱਪ-ਚਾਂ ਸੀ। ਸਮੁੰਦਰ ਦੀਆਂ ਆਹਾਂ ਤੋਂ ਛੁੱਟ ਕੋਈ ਅਵਾਜ਼ ਸੁਣਾਈ ਨਹੀਂ ਸੀ ਦੇਂਦੀ। ਅਕਾਸ਼ ਵਿੱਚ ਬੱਦਲ ਉਸੇ ਤਰ੍ਹਾਂ ਹੌਲ਼ੀ-ਹੌਲ਼ੀ ਤੇ ਗਮਗੀਨੀ ਨਾਲ਼ ਤੁਰਦੇ ਜਾ ਰਹੇ ਸਨ, ਤੇ ਉਹ ਸਾਗਰ ਵਿੱਚੋਂ ਏਨੀ ਜ਼ਿਆਦਾ ਗਿਣਤੀ ਵਿੱਚ ਉੱਠ ਰਹੇ ਸਨ ਕਿ ਅਕਾਸ਼ ਵੀ ਸਾਗਰ ਹੀ ਬਣ ਗਿਆ ਸੀ, ਇੱਕ ਉਬਾਲੇ ਖਾਂਦਾ ਸਾਗਰ ਜਿਹੜਾ ਇਸ ਸ਼ਾਂਤ ਸੁੱਤੇ ਸਾਗਰ ਦੇ ਉੱਤੇ ਮੂਧਾ ਮਾਰ ਦਿੱਤਾ ਸੀ। ਬੱਦਲ ਛੱਲਾਂ ਵਾਂਗ ਸਨ ਜਿਨ੍ਹਾਂ ਦੀਆਂ ਘੁੰਗਰਾਲੀਆਂ, ਚਿੱਟੀਆਂ ਟੀਸੀਆਂ ਹੇਠਾਂ ਧਰਤੀ ਵੱਲ ਦੌੜੀਆਂ ਆ ਰਹੀਆਂ ਸਨ, ਉਹਨਾਂ ਖੱਡਾਂ ਵੱਲ ਦੌੜੀਆਂ ਆ ਰਹੀਆਂ ਸਨ ਜਿਨ੍ਹਾਂ ਤੋਂ ਉਹ ਉੱਠੀਆਂ ਸਨ, ਨਵ-ਜਨਮੀਆਂ ਵੱਡੀਆਂ-ਵੱਡੀਆਂ ਲਹਿਰਾਂ ਵੱਲ ਆ ਰਹੀਆਂ ਸਨ ਜਿਹੜੀਆਂ ਅਜੇ ਵਹਿਸ਼ੀ ਗੁੱਸੇ ਦੀ ਹਰੀ ਜਿਹੀ ਝੱਗ ਵਿੱਚ ਨਹੀਂ ਸਨ ਤਬਦੀਲ ਹੋਈਆਂ।

ਇਸ ਕਰੜੀ ਚੁੱਪ ਤੇ ਆਸ-ਪਾਸ ਦੀ ਸੁੰਦਰਤਾ ਦੇ ਬੋਝ ਹੇਠ ਗਵਰੀਲਾ ਇੰਝ ਦਬਿਆ ਹੋਇਆ ਸੀ ਕਿ ਉਹ ਛੇਤੀ ਤੋਂ ਛੇਤੀ ਮਾਲਕ ਨੂੰ ਵੇਖਣ ਲਈ ਉਤਾਵਲਾ ਹੋ ਗਿਆ। ਜੇ ਕਿਧਰੇ ਉਹ ਵਾਪਸ ਨਾ ਆਇਆ ਤਾਂ ? ਸਮਾਂ ਪੈਰ ਘਸੀਟਦਾ ਲੰਘ ਰਿਹਾ ਸੀ— ਅਕਾਸ਼ ਵਿਚਲੇ ਬੱਦਲਾਂ ਤੋਂ ਵੀ ਹੌਲ਼ੀ ਤੁਰ ਰਿਹਾ ਸੀ।... ਤੇ ਜਿੰਨਾ ਜ਼ਿਆਦਾ ਉਸ ਨੂੰ ਉਡੀਕਣਾ ਪੈ ਰਿਹਾ ਸੀ, ਚੁੱਪ ਓਨੀ ਹੀ ਜ਼ਿਆਦਾ ਭਿਆਨਕ ਹੁੰਦੀ ਜਾ ਰਹੀ ਸੀ।... ਪਰ ਆਖ਼ਰ ਪਾਣੀ ਦੀ ਥਪ-ਥਪ, ਸੁਰ-ਸੁਰ, ਤੇ ਕੰਧ ਦੇ ਦੂਜੇ ਪਾਸਿਉਂ ਜਿਵੇਂ ਕੋਈ ਦੱਬੀ ਅਵਾਜ਼ ਵਿੱਚ ਬੋਲ ਰਿਹਾ ਹੋਵੇ। ਗਵਰੀਲਾ ਨੂੰ ਲੱਗਾ ਕਿ ਜਿਵੇਂ ਇੱਕ ਮਿੰਟ ਹੋਰ, ਤੇ ਮਰ ਜਾਏਗਾ।...

"ਉਏ ! ਸੁੱਤਾ ਪਿਐਂ ? ਔਹ ਫੜ, ਧਿਆਨ ਨਾਲ਼ !..." ਚੇਲਕਾਸ਼ ਦੀ ਦੱਬੀ ਹੋਈ ਅਵਾਜ਼ ਆਈ।

ਕੋਈ ਚੌਕਸ ਤੇ ਭਾਰੀ ਚੀਜ਼ ਕੰਧ ਦੇ ਉਪਰੋਂ ਦੀ ਹੇਠਾਂ ਡਿੱਗੀ। ਗਵਰੀਲਾ ਨੇ ਇਹ ਬੇੜੀ ਵਿੱਚ ਰੱਖ ਲਈ। ਇਸੇ ਤਰ੍ਹਾਂ ਦਾ ਇੱਕ ਬੰਡਲ ਹੋਰ ਆਇਆ। ਫਿਰ ਚੇਲਕਾਸ਼ ਦਾ ਲੰਮੂਤਰਾ ਜਿਹਾ ਅਕਾਰ ਹੇਠਾਂ ਨੂੰ ਤਿਲਕਿਆ, ਚੱਪੂ ਆ ਗਏ, ਗਵਰੀਲਾ ਦਾ ਝੋਲਾ ਉਸ ਦੇ

ਪੈਰਾਂ ਵਿੱਚ ਆ ਡਿੱਗਾ ਤੇ ਤੇਜ਼-ਤੇਜ਼ ਸਾਹ ਲੈਂਦਿਆਂ ਚੇਲਕਾਸ਼ ਨੇ ਬੇੜੀ ਦੇ ਪਿਛਲੇ ਪਾਸੇ ਆਪਣੀ ਥਾਂ ਮੱਲ ਲਈ।

ਗਵਰੀਲਾ ਉਸ ਵੱਲ ਵੇਖਦਾ ਹੋਇਆ ਖੁਸ਼ੀ ਨਾਲ਼ ਤੇ ਝੇਂਪੂ ਜਿਹੇ ਢੰਗ ਨਾਲ਼ ਮੁਸਕ੍ਰਾਇਆ।

"ਥੱਕ ਗਿਐਂ ?" ਉਹ ਪੁੱਛਣ ਲੱਗਾ।

"ਹਾਂ, ਕੁੱਝ ! ਖੈਰ, ਚੱਪੂ ਸੁੱਟ। ਪੂਰਾ ਜ਼ੋਰ ਲਾ ਕੇ ਖਿੱਚ ! ਤੂੰ ਚੰਗੀ ਖੱਟੀ ਕਰ ਲਈ ਐ। ਅੱਧਾ ਕੰਮ ਹੋ ਗਿਐ; ਹੁਣ ਤੇਰਾ ਕੰਮ ਸਿਰਫ਼ ਇਹ ਹੈ ਕਿ ਉਹਨਾਂ ਹਰਾਮਜ਼ਾਦਿਆਂ ਤੋਂ ਨਜ਼ਰ ਬਚਾ ਕੇ ਨਿਕਲ ਚੱਲ ਤੇ ਫਿਰ—ਪੈਸੇ ਸਾਂਭ ਤੇ ਵਾਪਸ ਜਾਹ ਆਪਣੀ ਮਾਸ਼ਾ ਕੋਲ਼। ਮਾਸ਼ਾ ਈ ਏ ਨਾ ਤੇਰੀ ਕੁੜੀ ਦਾ ਨਾਂ ? ਹੈਂ, ਨਾ ?"

"ਨ-ਨਹੀਂ।" ਗਵਰੀਲਾ ਪੂਰਾ ਜ਼ੋਰ ਲਾ ਰਿਹਾ ਸੀ, ਉਸ ਦੇ ਫੇਫੜੇ ਧੌਂਕਣੀ ਵਾਂਗ ਚੱਲ ਰਹੇ ਸਨ, ਉਸ ਦੀਆਂ ਬਾਹਵਾਂ ਫ਼ੌਲਾਦੀ ਸਪਰਿੰਗਾਂ ਵਾਂਗ ਸਨ। ਪਾਣੀ ਬੇੜੀ ਹੇਠਾਂ ਗੁੜ-ਗੁੜ ਕਰ ਰਿਹਾ ਸੀ ਤੇ ਇਸ ਦੇ ਪਿੱਛੇ ਰਹਿ ਰਿਹਾ ਨੀਲ਼ਾ ਰਿਬਨ ਪਹਿਲਾਂ ਨਾਲ਼ੋਂ ਚੌੜਾ ਸੀ। ਗਵਰੀਲਾ ਮੁੜ੍ਹਕੇ ਨਾਲ਼ ਭਿੱਜ ਗਿਆ, ਪਰ ਉਸ ਨੇ ਚੱਪੂ ਮਾਰਨੇ ਢਿੱਲੇ ਨਾ ਕੀਤੇ। ਉਸ ਰਾਤ ਦੋ ਵਾਰੀ ਉਹ ਬਹੁਤ ਡਰ ਚੁੱਕਾ ਸੀ, ਹੁਣ ਤੀਜੀ ਵਾਰੀ ਉਹ ਨਹੀਂ ਸੀ ਡਰਨਾ ਚਾਹੁੰਦਾ। ਉਹ ਬੱਸ ਇਹੀ ਚਾਹੁੰਦਾ ਸੀ ਕਿ ਇਹ ਲਾਅਨਤੀ ਕੰਮ ਜਿੰਨੀ ਛੇਤੀ ਤੋਂ ਛੇਤੀ ਹੋ ਸਕੇ, ਖ਼ਤਮ ਹੋਵੇ, ਉਹ ਸੁੱਕੀ ਭੋਂ ਉੱਤੇ ਪੈਰ ਧਰੇ ਤੇ ਜਿਊਂਦੇ ਜੀ ਤੇ ਬਿਨਾਂ ਜੇਲ੍ਹ ਦੀ ਹਵਾ ਖਾਣ ਦੇ ਇਸ ਆਦਮੀ ਤੋਂ ਛੁਟਕਾਰਾ ਪਾ ਲਏ। ਉਸ ਨੇ ਫ਼ੈਸਲਾ ਕੀਤਾ ਕਿ ਉਸ ਨਾਲ਼ ਗੱਲ ਨਹੀਂ ਕਰੇਗਾ, ਕਿਸੇ ਤਰ੍ਹਾਂ ਵੀ ਉਸ ਦਾ ਵਿਰੋਧ ਨਹੀਂ ਕਰੇਗਾ, ਜੋ ਵੀ ਉਹ ਕਹੇ, ਕਰੇਗਾ, ਤੇ ਜੇ ਉਹ ਸੁੱਖੀ-ਸਾਂਦੀ ਬਚ ਨਿਕਲਣ ਵਿੱਚ ਸਫ਼ਲ ਹੋ ਜਾਏ ਤਾਂ ਅਗਲੇ ਹੀ ਦਿਨ ਉਹ ਕਰਾਮਾਤੀ ਸੰਤ ਨਿਕੋਲਸ ਅੱਗੇ ਦੁਆ ਕਰੇਗਾ। ਇੱਕ ਜਜ਼ਬਿਆਂ ਨਾਲ਼ ਗੁਧੀ ਦੁਆ ਉਸ ਦੀ ਜ਼ਬਾਨ ਉੱਤੇ ਸੀ, ਪਰ ਉਸ ਨੇ ਇਹ ਬਾਹਰ ਨਾ ਆਉਣ ਦਿੱਤੀ, ਉਹ ਰੇਲ-ਇੰਜਣ ਵਾਂਗ ਸ਼ੂਕ ਰਹੀ ਸੀ ਤੇ ਆਪਣੇ ਭਰਵੱਟਿਆਂ ਦੇ ਹੇਠੋਂ ਚੇਲਕਾਸ਼ ਵੱਲ ਵੇਖੀ ਜਾ ਰਿਹਾ ਸੀ।

ਚੇਲਕਾਸ਼, ਲੰਮਾ ਤੇ ਪਤਲਾ, ਇੰਝ ਸਿਮਟ ਕੇ ਬੈਠਾ ਹੋਇਆ ਸੀ ਜਿਵੇਂ ਕੋਈ ਉੱਡਣ ਲਈ ਤਿਆਰ ਪੰਛੀ ਹੋਵੇ, ਉਸ ਦੀਆਂ ਬਾਜ਼ ਵਰਗੀਆਂ ਅੱਖਾਂ ਅੱਗੇ ਹਨੇਰੇ ਵਿੱਚ ਵੇਖ ਰਹੀਆਂ ਸਨ, ਉਸ ਦਾ ਤੋਤੇ ਦੀ ਚੁੰਜ ਜਿਹਾ ਨੱਕ ਹਵਾ ਦੀ ਮੁਸ਼ਕ ਲੈ ਰਿਹਾ ਸੀ, ਇੱਕ ਹੱਥ ਪਤਵਾਰ ਉੱਤੇ ਸੀ ਤੇ ਦੂਜੇ ਨਾਲ਼ ਉਹ ਆਪਣੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਸੀ, ਜਿਹੜੀਆਂ ਫ਼ਰਕ ਪੈਂਦੀਆਂ ਸਨ, ਜਿਸ ਵੇਲੇ ਉਸ ਦੇ ਪਤਲੇ ਬੁੱਲ੍ਹ ਮੁਸਕ੍ਰਾਹਟ ਲਈ ਫੈਲ ਜਾਂਦੇ ਸਨ। ਚੇਲਕਾਸ਼ ਆਪਣੀ ਪ੍ਰਾਪਤੀ ਉੱਤੇ, ਆਪਣੇ-ਆਪ ਉੱਤੇ, ਤੇ ਆਪਣੇ ਨੌਜਵਾਨ ਉੱਤੇ ਖੁਸ਼ ਸੀ ਜਿਸ ਨੂੰ ਉਸ ਨੇ ਦਹਿਸ਼ਤ ਵਰਤ ਕੇ ਆਪਣਾ ਗ਼ੁਲਾਮ ਬਣਾ ਲਿਆ ਸੀ। ਗਵਰੀਲਾ ਨੂੰ ਜ਼ੋਰ ਲਾਉਂਦਿਆਂ ਵੇਖ ਕੇ ਉਸ ਨੂੰ ਉਸ ਉੱਤੇ ਤਰਸ ਆਉਣ ਲੱਗਾ ਤੇ ਸੋਚਣ ਲੱਗਾ ਕਿ ਉਸ ਦਾ ਦਿਲ ਵਧਾਉਣ ਲਈ ਕੁੱਝ ਕਹਿਣਾ ਚਾਹੀਦਾ ਹੈ।

"ਉਏ !" ਉਹ ਜ਼ਰਾ ਕੁ ਹੱਸਦਿਆਂ ਨਰਮੀ ਨਾਲ਼ ਬੋਲਿਆ, "ਬਹੁਤ ਡਰ ਗਿਐ

ਸੈਂ, ਹੈ ਨਾ ?"

"ਇੰਝ ਈ ਏ," ਸਾਹ ਲੈਂਦਾ ਹੋਇਆ ਗਵਰੀਲਾ ਬੋਲਿਆ।

"ਹੁਣ ਭਾਵੇਂ ਨਾ ਲਾ ਏਨਾ ਜ਼ੋਰ ਚੱਪੂਆਂ ਉੱਤੇ। ਖ਼ਤਰਾ ਟਲ ਗਿਐ। ਹੁਣ ਸਿਰਫ਼ ਇੱਕ ਥਾਂ ਤੇ ਹੋਰ ਮਲਕੜੇ ਜਿਹੇ ਲੰਘਣੈਂ।... ਅਰਾਮ ਕਰ ਲੈ।..."

ਗਵਰੀਲਾ ਨੇ ਸੁਣਦਿਆਂ ਹੀ ਚੱਪੂ ਚਲਾਉਣਾ ਬੰਦ ਕਰ ਦਿੱਤਾ ਤੇ, ਬਾਂਹ ਨਾਲ਼ ਪਸੀਨਾ ਪੂੰਝਦਿਆਂ ਇੱਕ ਵਾਰੀ ਫਿਰ ਚੱਪੂਆਂ ਨੂੰ ਪਾਣੀ ਵਿੱਚ ਛੱਡ ਦਿੱਤਾ।

"ਹੌਲ਼ੀ-ਹੌਲ਼ੀ ਚੱਪੂ ਚਲਾ। ਪਾਣੀ ਦਾ ਅਵਾਜ਼ ਨਾ ਆਵੇ। ਇੱਕ ਗੇਟ ਹੈ ਜਿਸ ਦੇ ਵਿੱਚੋਂ ਅਸੀਂ ਲੰਘਣਾ ਏ। ਹੌਲ਼ੀ, ਹੌਲ਼ੀ।... ਇੱਥੋਂ ਦੇ ਲੋਕ ਗੰਭੀਰ ਨੇ।... ਨਹੀਂ ਤਾਂ ਬੰਦੂਕ ਦੀ ਨਾਲੀ ਵੀ ਵਿਖਾ ਸਕਦੇ ਨੇ। ਪਤਾ ਵੀ ਨਹੀਂ ਲੱਗਦਾ ਕਿ ਕੀ ਵਜੈ, ਤੇ ਸਿਰ ਵਿੱਚ ਛੇਕ ਹੋਇਆ ਹੁੰਦੈ।"

ਹੁਣ ਬੇੜੀ ਲਗਭਗ ਬਿਨਾਂ ਅਵਾਜ਼ ਕੀਤਿਆਂ ਪਾਣੀ ਵਿੱਚੋਂ ਤਰਦੀ ਲੰਘ ਰਹੀ ਸੀ। ਇਸ ਦੇ ਹਰਕਤ ਵਿੱਚ ਹੋਣ ਦੀ ਇੱਕੋ-ਇੱਕ ਨਿਸ਼ਾਨੀ ਇਸ ਦੇ ਚੱਪੂਆਂ ਤੋਂ ਡਿੱਗਦੇ ਪਾਣੀ ਦੀ ਨੀਲ਼ੀ ਚਮਕ ਤੇ ਸਾਗਰ ਵਿੱਚੋਂ ਨਿਕਲਦੀਆਂ ਨੀਲ਼ੀਆਂ ਲਾਟਾਂ ਸਨ, ਜਿੱਥੇ ਇਹ ਤੁਪਕੇ ਡਿੱਗਦੇ ਸਨ। ਰਾਤ ਹੋਰ ਹਨੇਰੀ ਤੇ ਹੋਰ ਸ਼ਾਂਤ ਹੋ ਗਈ ਸੀ। ਹੁਣ ਅਕਾਸ਼ ਖੌਲ਼ਦੇ ਸਾਗਰ ਜਿਹਾ ਨਹੀਂ ਸੀ ਲੱਗਦਾ—ਬੱਦਲ ਘੁਲ ਗਏ ਸਨ ਤੇ ਉਹਨਾਂ ਭਾਰੇ ਕੰਬਲ ਦਾ ਰੂਪ ਧਾਰ ਲਿਆ ਸੀ ਜਿਹੜਾ ਪਾਣੀ ਉੱਤੇ ਨੀਵਾਂ ਜਿਹਾ ਤੇ ਬੇਹਰਕਤ ਟੰਗਿਆ ਹੋਇਆ ਸੀ। ਸਾਗਰ ਹੋਰ ਵੀ ਜ਼ਿਆਦਾ ਸ਼ਾਂਤ ਤੇ ਕਾਲ਼ਾ ਸੀ। ਇਸ ਦੀ ਨਿੱਘੀ ਸਲੂਣੀ ਵਾਸ਼ਨਾ ਪਹਿਲਾਂ ਨਾਲ਼ੋਂ ਵੀ ਤੇਜ਼ ਸੀ ਤੇ ਹੁਣ ਇਹ ਪਹਿਲਾਂ ਵਾਂਗ ਅਸੀਮ ਨਹੀਂ ਸੀ ਲੱਗਦਾ।

"ਜੇ ਕਿਤੇ ਮੀਂਹ ਪੈਣ ਲੱਗ ਜਾਏ!" ਚੇਲਕਾਸ਼ ਬੁੜਬੁੜਾਇਆ। "ਇਹ ਸਾਨੂੰ ਪਰਦੇ ਵਾਂਗ ਢੱਗ ਲਵੇਗਾ।"

ਬੇੜੀ ਦੇ ਖੱਬੇ ਸੱਜੇ ਕਾਲ਼ੇ ਪਾਣੀ ਵਿੱਚੋਂ ਵੱਡੇ-ਵੱਡੇ ਅਕਾਰ ਉੱਠ ਰਹੇ ਸਨ—ਲਾਦੂ ਜਹਾਜ਼ਾਂ ਦੇ, ਕਾਲ਼ੇ, ਨੀਰਸ ਤੇ ਬੇਹਰਕਤ। ਉਹਨਾਂ ਵਿੱਚੋਂ ਇੱਕ ਉੱਤੇ ਕੋਈ ਰੋਸ਼ਨੀ ਫ਼ਿਰਦੀ ਦਿੱਸਦੀ ਸੀ : ਕੋਈ ਹੱਥ ਵਿੱਚ ਬੱਤੀ ਫੜ ਕੇ ਇੱਧਰ-ਉੱਧਰ ਆ ਜਾ ਰਿਹਾ ਸੀ। ਜਹਾਜ਼ਾਂ ਦੇ ਪਾਸਿਆਂ ਨਾਲ਼ ਵੱਜਦਾ ਪਾਣੀ ਮੱਧਮ ਜਿਹੀਆਂ ਤਰਲੇ ਕਰਦੀਆਂ ਅਵਾਜ਼ਾਂ ਕੱਢ ਰਿਹਾ ਸੀ, ਤੇ ਉਹ ਅੱਗੋਂ ਠੰਡੇ-ਸੀਤ ਤੇ ਖੋਖ਼ਲੇ ਜਵਾਬ ਦੇ ਰਹੇ ਸਨ ਜਿਵੇਂ ਕਿ ਉਹਨਾਂ ਦੀਆਂ ਬੇਨਤੀਆਂ ਕਬੂਲ ਕਰਨ ਲਈ ਰਾਜ਼ੀ ਨਾ ਹੋਣ।

"ਚੌਕੀ!" ਮਸਾਂ ਸੁਣੀਂਦੀ ਅਵਾਜ਼ ਵਿੱਚ ਚੇਲਕਾਸ਼ ਬੋਲਿਆ।

ਜਦੋਂ ਤੋਂ ਉਸ ਨੇ ਗਵਰੀਲਾ ਨੂੰ ਹੌਲ਼ੀ ਚੱਪੂ ਮਾਰਨ ਲਈ ਕਿਹਾ ਸੀ, ਉਦੋਂ ਤੋਂ ਇੱਕ ਵਾਰੀ ਫ਼ਿਰ ਕੁੱਝ ਵਾਪਰਨ ਦੀ ਖਿਚਾਅ ਭਰੀ ਉਮੀਦ ਨੇ ਉਸ ਨੂੰ ਮੱਲ ਲਿਆ ਸੀ। ਜਦੋਂ ਉਹ ਜ਼ੋਰ ਲਾਉਂਦਾ ਹੋਇਆ ਅੱਗੇ ਹਨੇਰੇ ਵੱਲ ਵੱਧ ਰਿਹਾ ਸੀ ਤਾਂ ਉਸ ਨੂੰ ਲੱਗਾ ਕਿ ਉਹ ਵੱਡਾ ਹੋ ਰਿਹਾ ਹੈ—ਉਸ ਦੀਆਂ ਹੱਡੀਆਂ ਤੇ ਪੱਠੇ ਤਣੇ ਹੋਏ ਦਰਦ ਕਰ ਰਹੇ ਸਨ ਤੇ ਉਸ ਦਾ ਸਿਰ ਵੀ ਦਰਦ ਕਰ ਰਿਹਾ ਸੀ, ਤੇ ਇਹ ਸਿਰਫ਼ ਇੱਕੋ-ਇੱਕ ਖ਼ਿਆਲ ਨਾਲ਼ ਭਰਿਆ ਪਿਆ ਸੀ। ਉਸ

ਦੀ ਪਿੱਠ ਦਾ ਮਾਸ ਫਰਕ ਰਿਹਾ ਸੀ ਤੇ ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਸ ਦੇ ਪੈਰਾਂ ਵਿੱਚ ਛੋਟੀਆਂ ਤੇਜ਼ ਤੇ ਠੰਡੀਆਂ ਸੂਈਆਂ ਚੁਭ ਰਹੀਆਂ ਹਨ। ਉਸ ਦੀਆਂ ਅੱਖਾਂ ਨੂੰ ਲੱਗ ਰਿਹਾ ਸੀ ਜਿਵੇਂ ਕਿ ਉਹ ਹਨ੍ਹੇਰੇ ਵਿੱਚ ਇੰਝ ਪਾੜ-ਪਾੜ ਕੇ ਵੇਖਦੀਆਂ ਫਟ ਜਾਣਗੀਆਂ, ਜਿਸ ਹਨੇਰੇ ਵਿੱਚੋਂ, ਉਸ ਨੂੰ ਲੱਗ ਰਿਹਾ ਸੀ, ਕਿਸੇਂ ਵੀ ਘੜੀ ਕੋਈ ਨਿਕਲ ਆਏਗਾ ਤੇ ਚਿੱਲਾ ਕੇ ਉਹਨਾਂ ਨੂੰ ਕਹੇਗਾ : "ਰੁਕ ਜਾਓ, ਚੋਰੋ!"

ਚੇਲਕਾਸ਼ ਨੂੰ "ਚੌਂਕੀ" ਕਹਿੰਦਿਆਂ ਸੁਣ ਕੇ ਗਵਰੀਲਾ ਕੰਬ ਉੱਠਿਆ। ਉਸ ਦੇ ਮਨ ਵਿੱਚ ਇੱਕ ਭਿਆਨਕ ਖ਼ਿਆਲ ਆਇਆ ਤੇ ਉਸ ਦੇ ਤਣੇ ਹੋਏ ਤੰਤੂਆਂ ਉੱਤੇ ਬਿਜਲੀ ਵਾਂਗ ਆ ਡਿੱਗਾ : ਉਸ ਨੂੰ ਖ਼ਿਆਲ ਆਇਆ ਕਿ ਸਹਾਇਤਾ ਲਈ ਅਵਾਜ਼ ਦੇਵੇ।... ਇੱਥੋਂ ਤੱਕ ਕਿ ਉਸ ਨੇ ਆਪਣਾ ਮੂੰਹ ਵੀ ਖੋਲ੍ਹ ਲਿਆ, ਆਪਣੀ ਥਾਂ ਉੱਤੇ ਜ਼ਰਾ ਉੱਪਰ ਉੱਠਿਆ, ਬੇੜੀ ਦੇ ਪਾਸੇ ਨਾਲ਼ ਲਾ ਕੇ ਆਪਣੀ ਛਾਤੀ ਨੂੰ ਫੁਲਾਇਆ ਤੇ ਡੂੰਘਾ ਸਾਹ ਖਿੱਚਿਆ, ਪਰ ਇਸ ਗੱਲ ਦਾ ਡਰ, ਕਿ ਉਹ ਕੀ ਕਰਨ ਲੱਗਾ ਹੈ, ਉਸ ਨੂੰ ਛਾਂਟੇ ਵਾਂਗ ਵੱਜਾ; ਉਸ ਨੇ ਅੱਖਾਂ ਬੰਦ ਕਰ ਲਈਆਂ ਤੇ ਆਪਣੀ ਥਾਂ ਤੋਂ ਹੇਠਾਂ ਆ ਡਿੱਗਾ।

... ਬੇੜੀ ਦੇ ਸਾਮ੍ਹਣੇ ਵੱਲ ਦੂਰ ਦੁਮੇਲ ਉੱਤੇ ਕਾਲ਼ੇ ਪਾਣੀਆਂ ਵਿੱਚੋਂ ਰੌਸ਼ਨੀ ਦੀ ਬਲ਼ਦੀ ਵੱਡੀ ਨੀਲ਼ੀ ਤਲਵਾਰ ਨਿਕਲੀ; ਤਲਵਾਰ ਉੱਠੀ 'ਤੇ ਇਸ ਨੇ ਰਾਤ ਦੇ ਹਨ੍ਹੇਰੇ ਵਿੱਚ ਪਾੜ ਪਾ ਦਿੱਤਾ; ਇਹ ਬੱਦਲਾਂ ਨੂੰ ਚੀਰਦੀ ਲੰਘਣ ਲੱਗੀ ਤੇ ਚਾਨਣ ਦੇ ਚੌੜੇ ਨੀਲ਼ੇ ਰਿਬਨ ਵਾਂਗ ਸਾਗਰ ਦੇ ਸੀਨੇ ਉੱਤੇ ਟਿਕ ਗਈ। ਉੱਥੇ, ਇਹ ਪਈ ਸੀ, ਇਸ ਦੀਆਂ ਕਿਰਨਾਂ ਅਜੇ ਤੱਕ ਅਣਦਿੱਸੇ ਜਹਾਜ਼ਾਂ ਦੇ ਅਕਾਰਾਂ ਨੂੰ ਉਘਾੜ ਰਹੀਆਂ ਸਨ—ਕਾਲ਼ੇ, ਚੁੱਪ ਅਕਾਰਾਂ ਨੂੰ ਜਿਹੜੇ ਰਾਤ ਦੇ ਹਨੇਰੇ ਵਿੱਚ ਲਿਪਟੇ ਪਏ ਸਨ। ਇੰਝ ਲੱਗਦਾ ਸੀ ਜਿਵੇਂ ਇਹ ਜਹਾਜ਼ ਕਿੰਨਾ ਚਿਰ ਸਾਗਰ ਦੀ ਤਹਿ ਵਿੱਚ ਪਏ ਰਹੇ ਹੋਣ, ਜਿੱਥੇ ਇਹਨਾਂ ਨੂੰ ਤੂਫ਼ਾਨ ਦੀਆਂ ਤਾਕਤਾਂ ਲੈ ਗਈਆਂ ਸਨ ਤੇ ਹੁਣ, ਸਾਗਰ ਤੋਂ ਜਨਮੀ ਇਸ ਬਲ਼ਦੀ ਤਲਵਾਰ ਦੀ ਰਜ਼ਾ ਨਾਲ਼ ਉਹਨਾਂ ਨੂੰ ਉੱਤੇ ਲੈ ਆਂਦਾ ਗਿਆ ਹੈ ਤਾਂ ਜੁ ਉਹ ਅਕਾਸ਼ ਵੱਲ ਤੇ ਉਹਨਾਂ ਸਾਰੀਆਂ ਚੀਜ਼ਾਂ ਵੱਲ ਨਜ਼ਰ ਮਾਰ ਕੇ ਦੇਖ ਸਕਣ ਜਿਹੜੀਆਂ ਪਾਣੀ ਦੇ ਉੱਪਰ ਸਨ।... ਉਹਨਾਂ ਦੇ ਰੱਸੇ ਉਹਨਾਂ ਦੇ ਮਸਤੂਲਾਂ ਨਾਲ਼ ਚੰਬੜੇ ਇੰਝ ਹਿੱਲ ਰਹੇ ਸਨ ਜਿਵੇਂ ਸਾਗਰ ਦੇ ਘਾਹ-ਬੂਟ ਉਹਨਾਂ ਧੜਵੈਲ ਅਕਾਰਾਂ ਦੇ ਨਾਲ਼ ਹੀ ਸਾਗਰ ਦੀ ਤਹਿ ਵਿੱਚੋਂ ਉੱਪਰ ਆ ਗਿਆ ਹੈ, ਜਿਨ੍ਹਾਂ ਨੂੰ ਇਸ ਨੇ ਜਾਲ ਬਣਾ ਕੇ ਹੇਠਾਂ ਘੇਰਿਆ ਹੋਇਆ ਸੀ। ਇੱਕ ਵਾਰੀ ਫਿਰ ਇਹ ਡਰਾਉਣੀ ਨੀਲ਼ੀ ਤਲਵਾਰ, ਲਿਸ਼ਕਾਰੇ ਮਾਰਦੀ ਹੋਈ, ਸਾਗਰ ਦੇ ਸੀਨੇ ਤੋਂ ਉੱਠੀ, ਇੱਕ ਵਾਰੀ ਫ਼ਿਰ ਇਸ ਨੇ ਰਾਤ ਨੂੰ ਚੀਰਿਆ ਤੇ ਮੁੜ ਕੇ ਹੇਠਾਂ ਆ ਕੇ ਟਿਕ ਗਈ, ਐਤਕੀਂ ਕਿਸੇ ਦੂਜੀ ਥਾਂ। ਤੇ ਇੱਕ ਵਾਰੀ ਫ਼ਿਰ ਇਸ ਦੇ ਚਾਨਣ ਨਾਲ਼ ਉਹਨਾਂ ਜਹਾਜ਼ਾਂ ਦੇ ਅਕਾਰ ਰੌਸ਼ਨ ਹੋ ਗਏ, ਜਿਹੜੇ ਪਹਿਲਾਂ ਨਹੀਂ ਸਨ ਦਿੱਸਦੇ।

ਚੇਲਕਾਸ਼ ਦੀ ਬੇੜੀ ਰੁਕ ਗਈ ਤੇ ਪਾਣੀ ਉੱਤੇ ਝੂਲਣ ਲੱਗ ਪਈ ਜਿਵੇਂ ਸੋਚ ਰਹੀ ਹੋਵੇ ਕਿ ਕੀ ਕੀਤਾ ਜਾਏ। ਗਵਰੀਲਾ ਬੇੜੀ ਵਿੱਚ ਹੇਠਾਂ ਪਿਆ ਹੋਇਆ ਸੀ, ਉਸ ਦੇ ਹੱਥ ਉਸ ਦੇ ਮੂੰਹ ਉੱਤੇ ਸਨ, ਜਦੋਂ ਕਿ ਚੇਲਕਾਸ਼ ਆਪਣੇ ਪੈਰ ਨਾਲ਼ ਉਸ ਨੂੰ ਹੁੱਝਾਂ ਮਾਰ ਰਿਹਾ ਸੀ

ਤੇ ਦੱਬੀ ਅਵਾਜ਼ ਵਿੱਚ ਵਹਿਸ਼ੀਆਂ ਵਾਂਗ ਕਹਿ ਰਿਹਾ ਸੀ :

"ਇਹ ਚੁੰਗੀ ਵਾਲ਼ਿਆਂ ਦੀ ਬੇੜੀ ਏ, ਮੂਰਖ !... ਤੇ ਇਹ ਇਸ ਦੀ ਸਪਾਟਲਾਈਟ ਏ।... ਉੱਠ ! ਹੋਰ ਘੜੀ ਨੂੰ ਉਹਨਾਂ ਇਹ ਸਾਡੇ ਉੱਤੇ ਗੱਡ ਦੇਣੀ ਏਂ।... ਤੂੰ ਮੇਰੀ, ਤੇ ਆਪਣੀ ਵੀ, ਬਰਬਾਦੀ ਦਾ ਕਾਰਨ ਬਣੇਂਗਾ, ਮੂਰਖਾ, ਉੱਠ ਖੜਾ ਹੋ !..."

ਪਿੱਠ ਵਿੱਚ ਲੱਗੀ ਖ਼ਾਸ ਤੌਰ ਤੇ ਕਾਰਗਰ ਠੋਕਰ ਨੇ ਗਵਰੀਲਾ ਨੂੰ ਉਠਾ ਕੇ ਬਿਠਾ ਦਿੱਤਾ। ਆਪਣੀਆਂ ਅੱਖਾਂ ਖੋਹਲਣ ਤੋਂ ਅਜੇ ਵੀ ਡਰਦਾ, ਉਹ ਬੈਠ ਗਿਆ, ਚੱਪੂ ਟਟੋਲੇ ਤੇ ਮਾਰਨੇ ਸ਼ੁਰੂ ਕਰ ਦਿੱਤੇ।

"ਹੌਲ਼ੀ ! ਮੈਂ ਜਾਨੋਂ ਮਾਰ ਦਿਆਂਗਾ ਤੈਨੂੰ, ਹੌਲ਼ੀ ਮਾਰ !... ਮੂਰਖ, ਮੂਰਖ, ਤੈਨੂੰ ਰੱਬ, ਚੁੱਕੇ !... ਤੂੰ ਕਾਹਦੇ ਤੋਂ ਡਰਦਾ ਪਿਐਂ ? ਬੱਤੀ ਏ ਇਹ, ਬੱਸ। ਹੌਲ਼ੀ ਚਲਾ ਚੱਪੂ, ਤੈਨੂੰ ਮਾਰ ਵਗੇ !... ਉਹ ਸਮਗਲਰਾਂ ਨੂੰ ਲੱਭਦੇ ਫ਼ਿਰਦੇ ਨੇ। ਪਰ ਉਹ ਸਾਨੂੰ ਨਹੀਂ ਫੜ ਸਕਣ ਲੱਗੇ। ਉਹ ਬਹੁਤ ਦੂਰ ਨੇ, ਬਾਹਰ। ਐਵੇਂ ਨਾ ਡਰ, ਨਹੀਂ ਫੜਣ ਲੱਗੇ। ਹੁਣ ਅਸੀਂ..." ਚੇਲਕਾਸ਼ ਨੇ ਜੇਤੂ ਅੰਦਾਜ਼ ਵਿੱਚ ਆਸੇ-ਪਾਸੇ ਵੇਖਿਆ, "ਅਸੀਂ ਖ਼ਤਰੇ ਤੋਂ ਬਾਹਰ ਹਾਂ। ਹੱਤ !... ਖ਼ੁਸ਼ਕਿਸਮਤ ਏਂ ਤੂੰ, ਭਾਵੇਂ ਹੈਗਾ ਮਿੱਟੀ ਦਾ ਮਾਧੋ ਈ ਏਂ !..."

ਗਵਰੀਲਾ ਬਿਨਾਂ ਕੁੱਝ ਕਿਹਾਂ ਚੱਪੂ ਮਾਰੀ ਗਿਆ, ਜ਼ੋਰ-ਜ਼ੋਰ ਦੀ ਸਾਹ ਲੈਂਦਾ ਹੋਇਆ ਉਹ ਨਾਲ਼ ਹੀ ਬਲ਼ਦੀ ਤਲਵਾਰ ਵੱਲ ਵੀ ਟੇਢੀਆਂ ਨਜ਼ਰਾਂ ਨਾਲ਼ ਵੇਖੀ ਜਾਂਦਾ ਸੀ ਜਿਹੜੀ ਲਗਾਤਾਰ ਉੱਪਰ ਹੇਠਾਂ ਆ ਜਾ ਰਹੀ ਸੀ। ਚੇਲਕਾਸ਼ ਨੇ ਕਿਹਾ ਸੀ ਕਿ ਇਹ ਸਿਰਫ਼ ਇੱਕ ਬੱਤੀ ਹੈ, ਪਰ ਉਸ ਨੂੰ ਯਕੀਨ ਨਹੀਂ ਸੀ ਆ ਰਿਹਾ। ਹਨੇਰੇ ਨੂੰ ਪਾੜਦੀ, ਸਾਗਰ ਨੂੰ ਚਾਂਦੀ-ਰੰਗੀ ਥਰਕਣ ਦੇਂਦੀ ਇਸ ਠੰਢੀ ਨੀਲ਼ੀ ਰੌਸ਼ਨੀ ਵਿੱਚ ਕੁੱਝ ਰਮਜ਼-ਭਰਿਆ ਸੀ, ਤੇ ਗਵਰੀਲਾ ਦੇ ਦਿਲ ਉੱਤੇ ਇੱਕ ਵਾਰੀ ਫਿਰ ਡਰ ਛਾ ਗਿਆ। ਉਹ ਮਸ਼ੀਨੀ ਢੰਗ ਨਾਲ਼ ਚੱਪੂ ਮਾਰੀ ਜਾ ਰਿਹਾ ਸੀ, ਉਸ ਦੇ ਸਾਰੇ ਪੱਠੇ, ਜਿਵੇਂ ਉੱਪਰੋਂ ਕੁੱਝ ਆ ਵੱਜਣ ਦੇ ਡਰ ਨਾਲ਼, ਤਣੇ ਹੋਏ ਸਨ ਤੇ ਹੁਣ ਕੋਈ ਗੱਲ ਨਹੀਂ ਸੀ ਜਿਸ ਦੀ ਉਸ ਨੂੰ ਇੱਛਾ ਹੋਵੇ; ਉਹ ਖ਼ਾਲੀ ਤੇ ਬੇਜਾਨ ਸੀ। ਉਸ ਰਾਤ ਦੇ ਸਾਰੇ ਹੰਗਾਮੇ ਨੇ ਉਸ ਵਿੱਚੋਂ ਮਨੁੱਖਾਂ ਵਾਲ਼ਾ ਸਾਰਾ ਕੁੱਝ ਨਿਚੋੜ ਲਿਆ ਸੀ।

ਪਰ ਚੇਲਕਾਸ਼ ਖ਼ੁਸ਼ੀ ਮਨਾ ਰਿਹਾ ਸੀ। ਦਬਾਅ ਦੇ ਆਦੀ ਉਸ ਦੇ ਤੰਤੂ ਜਲਦੀ ਹੀ ਅਰਾਮ ਵਿੱਚ ਆ ਜਾਂਦੇ ਸਨ। ਉਸ ਦੀਆਂ ਮੁੱਛਾਂ ਸੰਤੋਖ ਨਾਲ਼ ਫਰਕ ਰਹੀਆਂ ਸਨ ਤੇ ਉਸ ਦੀਆਂ ਅੱਖਾਂ ਚਮਕ ਰਹੀਆਂ ਸਨ। ਉਹ ਕਦੀ ਵੀ ਇਸ ਨਾਲ਼ੋਂ ਚੰਗੇ ਰੌਂ ਵਿੱਚ ਨਹੀਂ ਸੀ ਹੋਇਆ; ਉਸ ਨੇ ਦੰਦਾਂ ਵਿੱਚੋਂ ਸੀਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਸਾਗਰ ਦੀ ਸਿਲ੍ਹੀ ਹਵਾ ਵਿੱਚ ਡੂੰਘਾ ਸਾਹ ਲਿਆ, ਆਲ਼ੇ-ਦੁਆਲੇ ਵੇਖਿਆ, ਤੇ ਜਦੋਂ ਉਸ ਦੀਆਂ ਅੱਖਾਂ ਗਵਰੀਲਾ ਉੱਤੇ ਆ ਟਿਕੀਆਂ ਤਾਂ ਉਹ ਸਦਭਾਵੀ ਢੰਗ ਨਾਲ਼ ਮੁਸਕ੍ਰਾਇਆ।

ਹਵਾ ਚੱਲਣ ਲੱਗ ਪਈ ਤੇ ਇਸ ਨੇ ਸਾਗਰ ਨੂੰ ਜਗਾ ਦਿੱਤਾ ਤੇ ਇਹ ਨਿੱਕੀਆਂ-ਨਿੱਕੀਆਂ ਲਹਿਰਾਂ ਨਾਲ਼ ਢੱਕਿਆ ਗਿਆ। ਬੱਦਲ ਪਤਲੇ ਪੈ ਗਏ ਤੇ ਵਧੇਰੇ ਪਾਰਦਰਸ਼ੀ ਹੋ ਗਏ, ਪਰ ਸਾਰਾ ਅਕਾਸ਼ ਅਜੇ ਵੀ ਉਹਨਾਂ ਨਾਲ਼ ਢੱਕਿਆ ਪਿਆ ਸੀ। ਭਾਵੇਂ ਹਵਾ ਹੌਲ਼ੀ-ਹੌਲ਼ੀ ਸਾਗਰ ਉੱਤੇ ਫ਼ਿਰ ਰਹੀ ਸੀ, ਪਰ ਬੱਦਲ ਬੇਹਰਕਤ ਲਟਕੇ ਹੋਏ ਸਨ ਜਿਵੇਂ ਕਿ ਅਕਾਵੇਂ

ਜਿਹੇ, ਗੈਰ-ਦਿਲਚਸਪ ਵਿਚਾਰਾਂ ਵਿੱਚ ਡੂੰਘੀ ਤਰ੍ਹਾਂ ਡੁੱਬੇ ਹੋਣ।

"ਚੱਲ, ਭਾਊ, ਹੁਣ ਸੁਚੇਤ ਹੋ! ਤੇਰੇ ਵਿੱਚ ਤਾਂ ਇੰਝ ਜਾਪਦੈ ਜਿਵੇਂ ਜਾਨ ਹੀ ਨਹੀਂ ਰਹੀ, ਬੱਸ ਜਿਵੇਂ ਹੱਡੀਆਂ ਦਾ ਪਿੰਜਰ ਹੋਵੇਂ। ਸਾਰਾ ਮਾਮਲਾ ਖ਼ਤਮ ਹੋ ਗਿਐ।"

ਗਵਰੀਲਾ ਨੂੰ ਮਨੁੱਖੀ ਅਵਾਜ਼ ਸੁਣ ਕੇ ਖੁਸ਼ੀ ਹੋਈ, ਭਾਵੇਂ ਇਹ ਚੇਲਕਾਸ਼ ਦੀ ਹੀ ਸੀ।

"ਨਹੀਂ, ਮੈਂ ਠੀਕ ਹਾਂ," ਉਹ ਬੁੜਬੁੜਾਇਆ।

"ਚੱਲ, ਹਟ। ਫੋਸੜ-ਢੱਗਾ! ਲੈ, ਤੂੰ ਪਤਵਾਰ ਫੜ ਲੈ ਤੇ ਮੈਨੂੰ ਚੱਪੂ ਮਾਰਨ ਦੇ। ਤੂੰ ਥੱਕ ਗਿਆ ਹੋਵੇਂਗਾ।"

ਗਵਰੀਲਾ ਮਸ਼ੀਨੀ ਜਿਹੇ ਢੰਗ ਨਾਲ਼ ਉੱਠਿਆ ਤੇ ਉਸ ਨਾਲ਼ ਥਾਂ ਵਟਾ ਲਈ। ਕੋਲੋਂ ਲੰਘਦਿਆਂ ਚੇਲਕਾਸ਼ ਨੇ ਮੁੰਡੇ ਦਾ ਪੀਲ਼ਾ ਪਿਆ ਮੂੰਹ ਵੇਖਿਆ ਤੇ ਉਸ ਦਾ ਧਿਆਨ ਉਸ ਦੇ ਗੋਡਿਆਂ ਉੱਤੇ ਪਿਆ ਜਿਹੜੇ ਕੰਬ ਰਹੇ ਸਨ ਤੇ ਉਸ ਦਾ ਬੋਝ ਵੀ ਨਹੀਂ ਸਨ ਚੁੱਕ ਸਕਦੇ। ਇਸ ਨਾਲ਼ ਉਸ ਨੂੰ ਉਸ ਉੱਤੇ ਪਹਿਲਾਂ ਨਾਲ਼ੋਂ ਵੀ ਜ਼ਿਆਦਾ ਤਰਸ ਆਉਣ ਲੱਗ ਪਿਆ, ਤੇ ਉਸ ਨੇ ਉਸ ਦੇ ਮੋਢੇ ਉੱਤੇ ਥਾਪੀ ਦਿੱਤੀ।

"ਹੱਟ, ਡਰੂ ਨਾ ਬਣ! ਤੂੰ ਵਾਹਵਾ ਕੰਮ ਕੀਤੈ। ਮੈਂ ਤੈਨੂੰ ਇਹਦੇ ਇਨਾਮ ਵਿੱਚ ਚੰਗੇ ਪੈਸੇ ਦਿਆਂਗਾ। ਕੀ ਖ਼ਿਆਲ ਏ ਜੇ ਮੈਂ ਤੈਨੂੰ ਪੰਝੀਆਂ ਦਾ ਇੱਕ ਨੋਟ ਫੜਾ ਦਿਆਂ ਤਾਂ, ਹੈਂ?"

"ਮੈਨੂੰ... ਕੁੱਝ ਨਹੀਂ ਚਾਹੀਦਾ। ਸਿਰਫ਼ ਕੰਢੇ ਲੱਗਣਾ ਚਾਹੁੰਦਾਂ..."

ਚੇਲਕਾਸ਼ ਨੇ ਹੱਥ ਮਾਰਿਆ, ਥੁੱਕਿਆ ਤੇ ਆਪਣੀਆਂ ਲੰਮੀਆਂ-ਲੰਮੀਆਂ ਬਾਹਾਂ ਨਾਲ਼ ਚੱਪੂਆਂ ਨੂੰ ਦੂਰ ਪਿੱਛੇ ਤੱਕ ਲਿਜਾਂਦਿਆਂ ਚੱਪੂ ਮਾਰਨਾ ਸ਼ੁਰੂ ਕਰ ਦਿੱਤਾ।

ਸਾਗਰ ਜਿਵੇਂ ਹੁਣ ਬਿਲਕੁਲ ਜਾਗ ਚੁੱਕਾ ਸੀ। ਨਿੱਕੀਆਂ-ਨਿੱਕੀਆਂ ਲਹਿਰਾਂ ਬਣਾ ਕੇ, ਉਹਨਾਂ ਨੂੰ ਝੱਗ ਦੀਆਂ ਕਿਨਾਰੀਆਂ ਨਾਲ਼ ਸਜਾ ਕੇ, ਤੇ ਉਹਨਾਂ ਨੂੰ ਇੱਕ-ਦੂਜੀ ਨਾਲ਼ ਟਕਰਾ ਕੇ, ਜਿਸ ਨਾਲ਼ ਫੁਹਾਰ ਜਿਹੀ ਪੈਣ ਲੱਗ ਪੈਂਦੀ ਸੀ, ਸਾਗਰ ਖੇਡ ਰਿਹਾ ਸੀ। ਝੱਗ ਬੈਠਦੀ ਹੋਈ ਸੁਰ-ਸੁਰ ਕਰ ਰਹੀ ਤੇ ਹਉਕੇ ਭਰ ਰਹੀ ਸੀ, ਤੇ ਹਵਾ ਸੰਗੀਤਕ ਅਵਾਜ਼ਾਂ ਨਾਲ਼ ਭਰੀ ਪਈ ਸੀ। ਹਨੇਰਾ ਵੀ ਜਾਗ ਪਿਆ ਜਾਪਦਾ ਸੀ।

"ਸੋ ਹੁਣ," ਚੇਲਕਾਸ਼ ਬੋਲਿਆ, "ਤੂੰ ਵਾਪਸ ਆਪਣੇ ਪਿੰਡ ਜਾਏਂਗਾ, ਵਿਆਹ ਕਰਾਏਂਗਾ, ਜ਼ਮੀਨ ਉੱਤੇ ਕੰਮ ਕਰਨਾ ਸ਼ੁਰੂ ਕਰੇਂਗਾ, ਕਣਕ ਉਗਾਏਂਗਾ, ਤੇਰੀ ਵਹੁਟੀ ਬੱਚੇ ਜੰਮੇਗੀ, ਖਾਣ ਲਈ ਕਾਫ਼ੀ ਨਹੀਂ ਹੋਵੇਗਾ, ਤੇ ਸਾਰੀ ਉਮਰ ਤੂੰ ਕੰਮ ਕਰ-ਕਰ ਕੇ ਜਾਨ ਮਾਰ ਲਵੇਂਗਾ।... ਇਸ ਵਿੱਚ ਕੋਈ ਮਜ਼ਾ ਏ, ਭਲਾ?"

"ਕੀ ਮਜ਼ਾ!" ਗਵਰੀਲਾ ਨੇ ਬੜਾ ਹੌਲ਼ੀ ਜਿਹੀ ਤੇ ਜ਼ਰਾ ਕੁ ਕੰਬਣੀ ਨਾਲ਼ ਦੁਹਰਾਇਆ।

ਕਿਧਰੇ-ਕਿਧਰੇ ਹਵਾ ਨੇ ਬੱਦਲਾਂ ਵਿੱਚ ਪਾੜ ਪਾ ਦਿੱਤੇ ਸਨ, ਜਿਸ ਨਾਲ਼ ਨੀਲ਼ਾ ਅਕਾਸ਼ ਦਿੱਸਣ ਲੱਗ ਪਿਆ ਸੀ ਜਿਸ ਵਿੱਚ ਇੱਕ ਦੋ ਤਾਰੇ ਜੜੇ ਹੋਏ ਸਨ। ਇਹਨਾਂ ਸਿਤਾਰਿਆਂ ਦਾ ਪਰਤੌਂ ਪਾਣੀ ਉੱਤੇ ਨੱਚ ਰਿਹਾ ਸੀ, ਕਦੀ ਅਲੋਪ ਹੋ ਜਾਂਦਾ, ਕਦੀ ਫ਼ੇਰ ਲਿਸ਼ਕਣ ਲੱਗ

ਪੈਂਦਾ।

"ਸੱਜੇ ਪਾਸੇ ਨੂੰ ਜ਼ਰਾ ਦਬਾ ਕੇ ਰੱਖ," ਚੇਲਕਾਸ਼ ਬੋਲਿਆ। "ਅਸੀਂ ਪਹੁੰਚ ਹੀ ਗਏ ਹਾਂ। ਹਾਂ... ਕੰਮ ਮੁੱਕਾ। ਬਹੁਤ ਭਾਰੀ ਕੰਮ। ਪਤੈ ਕਿੰਨਾਂ ?... ਇੱਕ ਰਾਤ ਵਿੱਚ ਰੂਬਲ ਪੰਜ ਸੌ !"

"ਪੰਜ ਸੌ ?" ਬੇਯਕੀਨੀ ਨਾਲ਼ ਗਵਰੀਲਾ ਨੇ ਦੁਹਰਾਇਆ। ਇਹਨਾਂ ਲਫ਼ਜ਼ਾਂ ਤੋਂ ਡਰ ਕੇ ਉਸ ਨੇ ਗੰਢਾਂ ਨੂੰ ਮਾੜਾ ਜਿਹਾ ਠੁੱਡਾ ਮਾਰਿਆ ਤੇ ਬੋਲਿਆ, "ਇਹਨਾਂ ਵਿੱਚ ਹੈ ਕੀ ?"

"ਇਹਨਾਂ ਵਿੱਚ—ਕੀਮਤੀ ਚੀਜ਼ਾਂ। ਜੇ ਮੈਨੂੰ ਠੀਕ ਕੀਮਤ ਮਿਲ ਗਈ ਤਾਂ ਇਹਨਾਂ ਦੇ ਹਜ਼ਾਰ ਵੀ ਮਿਲ ਜਾਣਗੇ। ਪਰ ਮੈਨੂੰ ਕਾਹਦੀ ਪ੍ਰਵਾਹ। ਹੈ ਕਿ ਨਹੀਂ ਖ਼ੂਬ ?"

"ਓਏ ਰੱਬਾ !" ਬੇਯਕੀਨੀ ਜਿਹੀ ਵਿੱਚ ਗਵਰੀਲਾ ਬੋਲਿਆ। "ਜੇ ਕਿਧਰੇ ਮੇਰੇ ਕੋਲ਼ ਏਨੇ ਪੈਸੇ ਹੁੰਦੇ !" ਉਸ ਨੇ ਆਪਣੇ ਪਿੰਡ, ਆਪਣੇ ਤਬਾਹ ਹੋਏ ਘਰ-ਘਾਟ, ਆਪਣੀ ਮਾਂ ਤੇ ਉਹਨਾਂ ਸਾਰੀਆਂ ਪਿਆਰੀਆਂ ਤੇ ਦੂਰ ਰਹਿ ਗਈਆਂ ਚੀਜ਼ਾਂ ਬਾਰੇ ਸੋਚਦਿਆਂ ਹਉਕਾ ਭਰਿਆ, ਜਿਨ੍ਹਾਂ ਲਈ ਉਹ ਕੰਮ ਦੀ ਭਾਲ ਵਿੱਚ ਨਿਕਲ ਤੁਰਿਆ ਸੀ, ਜਿਨ੍ਹਾਂ ਲਈ ਉਸ ਨੇ ਰਾਤ ਦਾ ਕਸ਼ਟ ਸਹਾਰਿਆ ਸੀ। ਉਹ ਯਾਦਾਂ ਦੀ ਰੌਂ ਵਿੱਚ ਵਹਿ ਗਿਆ—ਪਹਾੜ ਦੀ ਢੱਕੀ ਉੱਤੇ ਹੇਠਾਂ ਦਰਿਆ ਤੱਕ ਜਾਂਦਾ ਉਸ ਦਾ ਨਿੱਕਾ ਜਿਹਾ ਪਿੰਡ, ਤੇ ਦਰਿਆ ਬਰਚੇ, ਕਹੂ, ਐਸ਼-ਰੁੱਖ ਤੇ ਬਰਡ ਚੈਰੀ ਦੇ ਬੂਟਿਆਂ ਨਾਲ਼ ਢੱਕਿਆ ਹੋਇਆ। "ਕਿੰਨੀ ਲੋੜ ਏ ਮੈਨੂੰ ਇਹਨਾਂ ਦੀ !" ਉਸ ਨੇ ਉਦਾਸੀ ਵਿੱਚ ਹਉਕਾ ਭਰਿਆ।

"ਸੱਚੀਂ। ਮੇਰਾ ਖ਼ਿਆਲ ਏ ਕਿ ਤੂੰ ਤਾਂ ਸਿੱਧਾ ਗੱਡੀ ਤੇ ਬਹਿ ਕੇ ਘਰ ਨੱਠ ਜਾਏਂ।... ਤੇ ਉੱਥੇ ਕੁੜੀਆਂ ਤੇਰੇ ਤੇ ਮਰਦੀਆਂ ਨਾ ਫ਼ਿਰਨਗੀਆਂ। ਜਿਹੜੀ ਮਰਜ਼ੀ ਚੁਣ ਲਈਂ। ਤੇ ਆਪਣੇ ਲਈ ਨਵਾਂ ਮਕਾਨ ਵੀ ਬਣਾ ਲਈਂ, ਪਰ ਨਵੇਂ ਮਕਾਨ ਲਈ ਏਨੇ ਪੈਸੇ ਕਾਫ਼ੀ ਨਹੀਂ।"

"ਹਾਂ, ਮਕਾਨ ਬਨਾਉਣ ਲਈ ਕਾਫ਼ੀ ਨਹੀਂ। ਸਾਡੇ ਤਾਂ ਲੱਕੜੀ ਹੀ ਕਿੰਨੀ ਮਹਿੰਗੀ ਏ।"

"ਘੱਟੋ-ਘੱਟ, ਪੁਰਾਣੇ ਮਕਾਨ ਨੂੰ ਠੀਕ-ਠਾਕ ਕਰ ਲਵੇਂਗਾ। ਘੋੜਾ ਹੈ ਈ ?"

"ਹਾਂ, ਹੈ, ਪਰ ਬੁੱਢਾ ਬੀਮਾਰ।"

"ਸੋ ਤੈਨੂੰ ਨਵਾਂ ਘੋੜਾ ਖਰੀਦਣਾ ਪਵੇਗਾ। ਅਬਲ ਨੰਬਰ ਦਾ ਘੋੜਾ। ਤੇ ਇੱਕ ਗਾਂ... ਤੇ ਕੁੱਝ ਭੇਡਾਂ... ਤੇ ਕੁੱਝ ਮੁਰਗੀਆਂ ਹੈਂ ?"

"ਨਾ ਕਰ ਗੱਲਾਂ ਐਹੋ ਜਿਹੀਆਂ। ਉਫ਼, ਪ੍ਰਮਾਤਮਾ ! ਮੈਂ ਤਾਂ ਪਹਿਲਾਂ ਹੀ ਜਿਵੇਂ ਅਜਿਹਾ ਜੀਵਨ ਜਿਊਣ ਲੱਗ ਪਿਆ ਹੋਵਾਂ !"

"ਹਾਂ, ਭਾ, ਤੇ ਜ਼ਿੰਦਗੀ ਫ਼ਿਰ ਵਾਹਵਾ ਹੋਵੇਗੀ... ਮੈਂ ਆਪ ਵੀ ਇਹਦੇ ਬਾਰੇ ਕੁੱਝ ਜਾਣਦਾਂ। ਕਦੀ ਮੇਰਾ ਵੀ ਆਪਣਾ ਆਲ੍ਹਣਾ ਹੁੰਦਾ ਸੀ... ਮੇਰਾ ਪਿਓ ਪਿੰਡ ਦੇ ਸਭ ਤੋਂ ਅਮੀਰ ਬੰਦਿਆਂ ਵਿੱਚੋਂ ਹੁੰਦਾ ਸੀ..."

ਚੇਲਕਾਸ਼ ਬਹੁਤ ਹੌਲ਼ੀ-ਹੌਲ਼ੀ ਚੱਪੂ ਮਾਰ ਰਿਹਾ ਸੀ। ਲਹਿਰਾਂ ਸ਼ਰਾਰਤੀ ਢੰਗ ਨਾਲ਼ ਬੇੜੀ ਦੇ ਪਾਸਿਆਂ ਨਾਲ਼ ਵੱਜ ਰਹੀਆਂ ਸਨ, ਜਿਸ ਨਾਲ਼ ਬੇੜੀ ਡੋਲ ਰਹੀ ਸੀ, ਤੇ ਇਹ ਹਨੇਰੇ ਸਾਗਰ ਵਿੱਚ ਲਗਭਗ ਉਕਾ ਹੀ ਅੱਗੇ ਨਹੀਂ ਸੀ ਵੱਧ ਰਹੀ, ਜਿਹੜਾ ਹੁਣ ਵਧੇਰੇ ਚੁਹਲਾਂ ਕਰਦਾ ਜਾ ਰਿਹਾ ਸੀ। ਦੋਵੇਂ ਜਣੇ ਉੱਥੇ ਬੈਠੇ ਰਹੇ, ਡੋਲਦੇ ਤੇ ਆਲੇ-ਦੁਆਲੇ ਵੇਖਦੇ, ਆਪੋ-ਆਪਣੇ ਖ਼ਿਆਲਾਂ ਵਿੱਚ ਡੁੱਬੇ ਹੋਏ। ਚੇਲਕਾਸ਼ ਨੇ ਗਵਰੀਲਾ ਨੂੰ ਸ਼ਾਂਤ ਕਰਨ ਲਈ ਤੇ ਉਸ ਵਿੱਚ ਜ਼ਰਾ ਖੇੜਾ ਲਿਆਉਣ ਲਈ ਉਸ ਨੂੰ ਪਿੰਡ ਯਾਦ ਕਰਾਇਆ ਸੀ। ਉਸ ਨੇ ਖ਼ਚਰੇ ਢੰਗ ਨਾਲ਼ ਗੱਲ ਸ਼ੁਰੂ ਕੀਤੀ ਸੀ, ਪਰ ਆਪਣੇ ਸਾਥੀ ਨੂੰ ਕਿਸਾਨ ਜੀਵਨ ਦੀਆਂ ਖੁਸ਼ੀਆਂ ਦੀ ਯਾਦ ਕਰਾ ਕੇ ਟਕੋਰਾਂ ਕਰਦਿਆਂ, ਜਿਨ੍ਹਾਂ ਖੁਸ਼ੀਆਂ ਦੀ ਮੁੱਦਤਾਂ ਤੋਂ ਉਸ ਨੇ ਆਪ ਕਦਰ ਕਰਨੀ ਛੱਡ ਦਿੱਤੀ ਹੋਈ ਸੀ ਤੇ ਹੁਣ ਤੱਕ ਜਿਨ੍ਹਾਂ ਨੂੰ ਬਿਲਕੁਲ ਭੁਲਾ ਛੱਡਿਆ ਹੋਇਆ ਸੀ, ਉਹ ਆਪ ਹੌਲ਼ੀ-ਹੌਲ਼ੀ ਵਹਿ ਤੁਰਿਆ, ਤੇ ਉਸ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਉਸ ਨੇ ਪਿੰਡ ਤੇ ਇਸ ਦੇ ਮਾਮਲਿਆਂ ਬਾਰੇ ਮੁੰਡੇ ਨੂੰ ਪੁੱਛਣ ਦੀ ਥਾਂ, ਇਸ ਵਿਸ਼ੇ ਦੀ ਆਪ ਵਿਆਖਿਆ ਕਰਨੀ ਸ਼ੁਰੂ ਕਰ ਦਿੱਤਾ।

"ਕਿਸਾਨ ਜੀਵਨ ਬਾਰੇ ਸਭ ਤੋਂ ਚੰਗੀ ਗੱਲ ਇਹ ਵੇ ਕਿ ਬੰਦਾ ਅਜ਼ਾਦ ਹੁੰਦੈ, ਆਪਣਾ ਮਾਲਕ ਆਪ ਹੁੰਦੈ। ਉਸ ਕੋਲ਼ ਆਪਣਾ ਮਕਾਨ ਹੁੰਦੈ, ਭਾਵੇਂ ਮਾੜਾ ਜਿਹਾ ਹੀ ਕਿਉਂ ਨਾ ਹੋਵੇ। ਆਪਣੀ ਜ਼ਮੀਨ ਹੁੰਦੀ ਏ, ਭਾਵੇਂ ਟੋਟਾ ਕੁ ਹੀ ਹੋਵੇ, ਪਰ ਹੁੰਦੀ ਤਾਂ ਉਹਦੀ ਆਪਣੀ ਹੈ। ਉਹ ਬਾਦਸ਼ਾਹ ਹੁੰਦੈ, ਇੱਕ ਵਾਰੀ ਜਦੋਂ ਉਸ ਕੋਲ਼ ਆਪਣੀ ਜ਼ਮੀਨ ਹੋ ਜਾਂਦੀ ਹੈ। ਉਸ ਦੀ ਫ਼ਿਰ ਪ੍ਰਵਾਹ ਕਰਨ ਲੱਗ ਪੈਂਦੇ ਨੇ। ਉਹ ਕਿਸੇ ਤੋਂ ਵੀ ਇੱਜ਼ਤ ਕਰਾਉਣ ਦਾ ਹੱਕਦਾਰ ਹੋ ਜਾਂਦੈ, ਕਿਉਂ ਨਹੀਂ ?" ਉਸ ਨੇ ਬੜੇ ਵਲਵਲੇ ਵਿੱਚ ਆਉਂਦਿਆਂ ਗੱਲ ਮੁਕਾਈ।

ਗਵਰੀਲਾ ਨੇ ਉਸ ਵੱਲ ਉਤਸੁਕ ਹੋ ਕੇ ਵੇਖਿਆ ਤੇ ਆਪ ਵੀ ਜੋਸ਼ ਵਿੱਚ ਆ ਗਿਆ। ਗੱਲਬਾਤ ਦੇ ਦੌਰਾਨ ਉਹ ਭੁੱਲ ਗਿਆ ਕਿ ਇਹ ਆਦਮੀ ਕੌਣ ਹੈ, ਉਸ ਦੇ ਰੂਪ ਵਿੱਚ ਉਹ ਸਿਰਫ਼ ਆਪਣੇ ਜਿਹਾ ਇੱਕ ਹੋਰ ਕਿਸਾਨ ਹੀ ਵੇਖਣ ਲੱਗਾ, ਜਿਹੜਾ ਵਡ-ਵਡੇਰਿਆਂ ਦੀਆਂ ਕਈ ਪੁਸ਼ਤਾਂ ਦੇ ਪਸੀਨੇ ਰਾਹੀਂ ਜ਼ਮੀਨ ਨਾਲ਼ ਪੱਕੀ ਤਰ੍ਹਾਂ ਜੁੜਿਆ ਹੋਇਆ ਸੀ, ਬਚਪਨ ਦੀਆਂ ਯਾਦਾਂ ਕਰਕੇ ਇਸ ਨਾਲ਼ ਬੱਝਾ ਹੋਇਆ ਸੀ; ਅਜਿਹਾ ਕਿਸਾਨ ਜਿਸ ਨੇ ਆਪਣੀ ਮਰਜ਼ੀ ਨਾਲ਼ ਜ਼ਮੀਨ ਨਾਲੋਂ ਤੇ ਜ਼ਮੀਨ ਉੱਤੇ ਕੰਮ ਕਰਨ ਨਾਲ਼ੋਂ ਸਬੰਧ ਤੋੜ ਲਏ ਸਨ, ਜਿਸ ਦੀ ਉਸ ਨੂੰ ਯੋਗ ਸਜ਼ਾ ਮਿਲੀ ਸੀ।

"ਇਹ ਠੀਕ ਏ, ਭਾ! ਕਿੰਨਾ ਠੀਕ! ਹੁਣ, ਆਪਣੇ ਵੱਲ ਹੀ ਜ਼ਰਾ ਵੇਖ, ਬਿਨਾਂ ਜ਼ਮੀਨ ਦੇ ਤੂੰ ਕੀ ਏਂ ? ਜ਼ਮੀਨ, ਭਾਊ, ਮਾਂ ਵਾਂਗ ਹੁੰਦੀ ਏ, ਬਹੁਤੀ ਦੇਰ ਨਹੀਂ ਭੁਲਾਈ ਜਾ ਸਕਦੀ।"

ਚੇਲਕਾਸ਼ ਆਪਣੇ ਖ਼ਿਆਲਾਂ ਵਿੱਚੋਂ ਪਰਤ ਆਇਆ।... ਇੱਕ ਵਾਰੀ ਫਿਰ ਉਸ ਨੂੰ ਆਪਣੇ ਸੀਨੇ ਵਿੱਚ ਜਲਨ ਦਾ ਉਹੋ ਅਹਿਸਾਸ ਹੋਇਆ ਜਿਹੜਾ ਹਮੇਸ਼ਾ ਉਸ ਨੂੰ ਤੰਗ ਕਰਦਾ ਹੁੰਦਾ ਸੀ ਜਦੋਂ ਵੀ ਉਸ ਦੇ ਸਵੈਮਾਨ—ਸਿਰਲਥ ਨਿਧੜਕ ਆਦਮੀ ਦੇ ਸਵੈਮਾਨ—ਨੂੰ ਠੇਸ ਪਹੁੰਚਦੀ ਹੁੰਦੀ ਸੀ, ਖ਼ਾਸ ਤੌਰ ਤੇ ਉਸ ਆਦਮੀ ਦੇ ਹੱਥੋਂ ਜਿਸ ਦੀ ਉਸ ਦੀਆਂ ਨਜ਼ਰਾਂ

ਵਿੱਚ ਕੋਈ ਕੀਮਤ ਨਹੀਂ ਸੀ ਹੁੰਦੀ।

"ਮੈਨੂੰ ਸਿੱਖਿਆ ਦੇਨੈਂ!..." ਉਹ ਗੁੱਸੇ ਨਾਲ਼ ਕੜਕਿਆ। "ਤੂੰ ਸੋਚਿਆ ਹੋਵੇਗਾ ਕਿ ਮੈਂ ਸੱਚੀ-ਮੁਚੀ ਇਹ ਸਭ ਕੁੱਝ ਕਹਿ ਰਿਹਾਂ... ਜ਼ਰਾਂ ਆਪਣਾ-ਆਪ ਵੇਖ ਕੇ ਗੱਲ ਕਰ!"

"ਤੂੰ ਅਜੀਬ ਆਦਮੀ ਏਂ," ਗਵਰੀਲਾ ਨੇ ਪਹਿਲਾਂ ਵਾਂਗ ਹੀ ਡਰੂ ਜਿਹੇ ਢੰਗ ਨਾਲ਼ ਕਿਹਾ। "ਮੇਰਾ ਮਤਲਬ ਤੇਰੇ ਤੋਂ ਨਹੀਂ ਸੀ। ਤੇਰੇ ਵਰਗੇ ਹੋਰ ਵੀ ਤਾਂ ਕਈ ਨੇ। ਉਫ਼, ਰੱਬਾ, ਦੁਨੀਆਂ ਵਿੱਚ ਕਿੰਨੇ ਬਦਕਿਸਮਤ ਲੋਕ ਨੇ!... ਅਵਾਰਾ ਬੇਘਰ..."

"ਆਹ ਲੈ ਫੜ ਚੱਪੂ," ਚੇਲਕਾਸ਼ ਨੇ ਸੰਖੇਪ ਜਿਹਾ ਹੁਕਮ ਦਿੱਤਾ; ਉਹ ਆਪਣੇ ਅੰਦਰੋਂ ਉੱਠ ਕੇ ਗਲੇ ਤੱਕ ਆਉਂਦਾ ਗਰਮਾ-ਗਰਮ ਗਾਲ੍ਹਾਂ ਦਾ ਹੜ੍ਹ ਰੋਕ ਕੇ ਰੱਖ ਰਿਹਾ ਸੀ।

ਇੱਕ ਵਾਰੀ ਫ਼ਿਰ ਉਹਨਾਂ ਥਾਵਾਂ ਬਦਲ ਲਈਆਂ, ਤੇ ਜਦੋਂ ਚੇਲਕਾਸ਼ ਗੰਢਾਂ ਦੇ ਉਤੋਂ ਦੀ ਲੰਘ ਰਿਹਾ ਸੀ ਤਾਂ ਉਸ ਵਿੱਚ ਅਰੁਕ ਇੱਛਾ ਪੈਦਾ ਹੋ ਰਹੀ ਸੀ ਕਿ ਗਵਰੀਲਾ ਨੂੰ ਅਜਿਹਾ ਧੱਕਾ ਦੇਵੇ ਜਿਹੜਾ ਉਸ ਨੂੰ ਪਾਣੀ ਵਿੱਚ ਉਲਟਾ ਮਾਰੇ।

ਉਹਨਾਂ ਹੋਰ ਗੱਲ ਨਾ ਕੀਤੀ, ਪਰ ਗਵਰੀਲਾ ਦੀ ਚੁੱਪ ਵੀ ਚੇਲਕਾਸ਼ ਵੱਲ ਪਿੰਡ ਦੀ ਹਵਾ ਸੁੱਟ ਰਹੀ ਸੀ।... ਚੇਲਕਾਸ਼ ਏਨਾ ਬੀਤੇ ਦੇ ਵਿਚਾਰਾਂ ਵਿੱਚ ਗੁੰਮ ਹੋ ਗਿਆ ਕਿ ਉਹ ਪਤਵਾਰ ਵਰਤਣਾ ਵੀ ਭੁੱਲ ਗਿਆ ਤੇ ਧਾਰਾ ਬੇੜੀ ਨੂੰ ਬਾਹਰ ਸਾਗਰ ਵੱਲ ਲੈ ਗਈ। ਲਹਿਰਾਂ ਨੂੰ ਜਿਵੇਂ ਪਤਾ ਲੱਗ ਗਿਆ ਹੋਵੇ ਕਿ ਇਹ ਬੇੜੀ ਮੁਹਾਣੇ ਬਿਨਾਂ ਦੇ ਜਾ ਰਹੀ ਹੈ, ਤੇ ਉਹ ਖੁਸ਼ੀ-ਖੁਸ਼ੀ ਉਸ ਨਾਲ਼ ਖੇਡਣ ਲੱਗੀਆਂ, ਇਸ ਨੂੰ ਆਪਣੀਆਂ ਟੀਸੀਆਂ ਉੱਤੇ ਉਛਾਲਦੀਆਂ ਤੇ ਚੱਪੂਆਂ ਦੁਆਲੇ ਨਿੱਕੀਆਂ-ਨਿੱਕੀਆਂ ਨੀਲ਼ੀਆਂ ਲਾਟਾਂ ਬਣਾਉਂਦੀਆਂ। ਚੇਲਕਾਸ਼ ਦੀਆਂ ਅੱਖਾਂ ਅੱਗੋਂ ਬੀਤੇ ਦੀਆਂ, ਦੂਰ ਬੀਤੇ ਦੀਆਂ ਤਸਵੀਰਾਂ ਲੰਘਣ ਲੱਗੀਆਂ, ਜਿਨ੍ਹਾਂ ਨੂੰ ਯਾਰਾਂ ਸਾਲਾਂ ਦੇ ਅਵਾਰਾਗਰਦ ਜੀਵਨ ਦੀ ਖਾਈ ਅੱਜ ਨਾਲੋਂ ਨਿਖੇੜਦੀ ਸੀ। ਉਸ ਦੀਆਂ ਅੱਖਾਂ ਅੱਗੇ ਉਹ ਸਮਾਂ ਆਇਆ ਜਦੋਂ ਉਹ ਬੱਚਾ ਸੀ, ਉਸ ਦਾ ਜਨਮ-ਪਿੰਡ ਆਇਆ, ਆਪਣੀ ਮਾਂ ਆਈ—ਦਿਆਲੂ ਸਲੇਟੀ ਅੱਖਾਂ ਤੇ ਲਾਲ ਗੱਲ੍ਹਾਂ ਵਾਲ਼ੀ ਫੁੱਲੀ ਹੋਈ ਜ਼ਨਾਨੀ, ਤੇ ਉਸ ਦਾ ਪਿਓ—ਘੁੱਟੇ ਮੂੰਹ ਵਾਲ਼ਾ, ਲਾਲ ਦਾੜ੍ਹੀ ਵਾਲ਼ਾ ਤਗੜਾ ਮਰਦ। ਉਸ ਨੇ ਆਪਣੇ-ਆਪ ਨੂੰ ਲਾੜੇ ਵਜੋਂ ਵੇਖਿਆ, ਤੇ ਆਪਣੀ ਲਾੜੀ ਦੇਖੀ, ਗੁਦਗੁਦੀ ਕਾਲ਼ੀਆਂ ਅੱਖਾਂ ਵਾਲ਼ੀ ਅਨਫ਼ੀਸਾ, ਨਰਮ, ਖੁਸ਼-ਰਹਿਣੀ ਤਬੀਅਤ ਵਾਲ਼ੀ, ਜਿਸ ਦੀਆਂ ਲੱਕ-ਲੱਕ ਲੰਮੀਆਂ ਗੁੱਤਾਂ ਸਨ। ਫ਼ਿਰ ਉਸ ਨੇ ਆਪਣੇ-ਆਪ ਨੂੰ ਖੂਬਸੂਰਤ ਗਾਰਡ ਰਜਮੈਂਟ ਦੇ ਫ਼ੌਜੀ ਵਜੋਂ ਵੇਖਿਆ, ਤੇ ਫ਼ਿਰ ਆਪਣੇ ਪਿਓ ਨੂੰ, ਜਿਸ ਦੇ ਹੁਣ ਵਾਲ਼ ਚਿੱਟੇ ਹੋ ਚੁੱਕੇ ਸਨ, ਸਖ਼ਤ ਮਿਹਨਤ ਕਰ ਕੇ ਕੁੱਬ ਨਿਕਲ ਆਇਆ ਸੀ, ਤੇ ਆਪਣੀ ਮਾਂ ਵੇਖੀ—ਝੁਰੜੀਆਂ ਤੇ ਝੁੱਕ ਕੇ ਦੂਹਰੀ ਹੋਈ ਹੋਈ। ਉਸ ਦੀਆਂ ਅੱਖਾਂ ਸਾਮ੍ਹਣੇ ਉਹ ਦਾਅਵਤ ਆਈ ਜਿਹੜੀ ਉਸ ਦੇ ਪਿੰਡ ਵਾਲ਼ਿਆਂ ਦਿੱਤੀ ਸੀ, ਜਦੋਂ ਉਸ ਦੀ ਫ਼ੌਜੀ ਸੇਵਾ ਮੁੱਕੀ ਸੀ, ਤੇ ਉਸ ਨੂੰ ਯਾਦ ਆਇਆ ਕਿ ਆਪਣੇ ਇਸ ਸਿਹਤਮੰਦ ਖ਼ੂਬਸੂਰਤ, ਮੁੱਛਾਂ ਵਾਲ਼ੇ ਫ਼ੌਜੀ ਪੁੱਤਰ ਦਾ ਗੁਆਂਢੀਆਂ ਅੱਗੇ ਵਿਖਾਵਾ ਕਰਕੇ ਉਸ ਦਾ ਪਿਓ ਕਿੰਨਾ ਮਾਣ ਮਹਿਸੂਸ ਕਰਦਾ ਸੀ।... ਯਾਦਾਂ ਉਹਨਾਂ ਲੋਕਾਂ ਲਈ ਮੁਸੀਬਤ ਨੇ ਜਿਹੜੇ ਬਦਕਿਸਮਤੀ ਦਾ ਸ਼ਿਕਾਰ ਹੋ ਗਏ ਹੋਣ, ਇਹ ਬੀਤੇ ਦੇ ਹਰ ਪੱਥਰ ਵਿੱਚ

ਜਾਨ ਪਾ ਦੇਂਦੀਆਂ ਨੇ ਤੇ ਕਿਸੇ ਦੂਰ ਬੀਤੇ ਸਮੇਂ ਵਿੱਚ ਪੀਤੇ ਕੌੜੇ ਤੋਂ ਕੌੜੇ ਘੁੱਟ ਵਿੱਚ ਵੀ ਸ਼ਹਿਦ ਦਾ ਤੁਪਕਾ ਮਿਲਾ ਦੇਂਦੀਆਂ ਨੇ।

ਚੇਲਕਾਸ਼ ਨੂੰ ਆਪਣੀ ਜਨਮ-ਥਾਂ ਦੀ ਹਵਾ ਦੇ ਸਹਿਲਾਉਂਦੇ ਫਰਾਟੇ ਚਲਦੇ ਮਹਿਸੂਸ ਹੋ ਰਹੇ ਸਨ, ਜਿਹੜੇ ਉਸ ਦੀ ਮਾਂ ਦੇ ਪਿਆਰ ਭਰੇ ਲਫਜ਼, ਉਸ ਦੇ ਪਿਉ, ਅਸਲੀ ਕਿਸਾਨ, ਦੀ ਬੋਲੀ ਤੇ ਹੋਰ ਕਈ ਭੁੱਲੀਆਂ-ਵਿਸਰੀਆਂ ਅਵਾਜ਼ਾਂ ਉਸ ਦੇ ਕੰਨਾਂ ਵਿੱਚ ਪਾ ਰਹੇ ਸਨ; ਉਸ ਦੀਆਂ ਨਾਸਾਂ ਤੱਕ ਧਰਤੀ-ਮਾਂ ਦੀ ਮਹਿਕ ਪੁਚਾ ਰਹੇ ਸਨ—ਉਸ ਵੇਲੇ ਦੀ ਜਦੋਂ ਬਰਫ਼ ਪਿਘਲਦੀ ਹੈ, ਉਸ ਸਮੇਂ ਦੀ ਜਦੋਂ ਨਵਾਂ-ਨਵਾਂ ਹਲ ਵਾਹਿਆ ਜਾਂਦਾ ਹੈ, ਉਸ ਸਮੇਂ ਦੀ ਜਦੋਂ ਹਾੜੀ ਦੀ ਰਾਈ ਦੀ ਸਬਜ਼ ਚਾਦਰ ਇਸ ਨੇ ਉੱਤੇ ਲਈ ਹੁੰਦੀ ਹੈ।... ਉਸ ਨੇ ਮਹਿਸੂਸ ਕੀਤਾ ਕਿ ਉਹ ਇਕੱਲਾ ਹੈ, ਜੜ੍ਹੋਂ ਉਖੜਿਆ ਹੋਇਆ, ਉਸ ਜੀਵਨ-ਢੰਗ ਵਿੱਚੋਂ ਹਮੇਸ਼ਾਂ ਲਈ ਕੱਢ ਕੇ ਬਾਹਰ ਸੁੱਟ ਦਿੱਤਾ ਗਿਆ, ਜਿਸ ਨੇ ਉਸ ਦੀਆਂ ਰਗਾਂ ਵਿੱਚ ਦੌੜਦਾ ਖ਼ੂਨ ਪੈਦਾ ਕੀਤਾ ਸੀ।

"ਹੇ! ਅਸੀਂ ਜਾ ਕਿੱਧਰ ਰਹੇ ਹਾਂ?" ਗਵਰੀਲਾ ਕੂਕ ਉੱਠਿਆ।

ਚੇਲਕਾਸ਼ ਤ੍ਰਭਕ ਉਠਿਆ ਤੇ ਬਾਜ਼ ਵਾਲ਼ੀ ਚੌਕਸੀ ਨਾਲ਼ ਆਸੇ-ਪਾਸੇ ਨਜ਼ਰ ਮਾਰੀ।

"ਵੇਖ, ਅਸੀਂ ਕਿੱਧਰ ਆ ਨਿਕਲੇ ਹਾਂ!... ਜ਼ਰਾ ਜ਼ੋਰ ਦੀ ਚੱਪੂ ਲਾ।"

"ਸੁਪਨੇ ਲੈ ਰਿਹਾ ਸੈਂ?" ਮੁਸਕ੍ਰਾਉਂਦਿਆਂ ਹੋਇਆਂ ਗਵਰੀਲਾ ਨੇ ਪੁੱਛਿਆ।

"ਥੱਕ ਗਿਆਂ..."

"ਇਹਨਾਂ ਨਾਲ਼ ਸਾਡੇ ਮੁਸੀਬਤ ਵਿੱਚ ਫਸਣ ਦਾ ਤਾਂ ਕੋਈ ਖ਼ਤਰਾ ਨਹੀਂ?" ਗੰਢਾਂ ਨੂੰ ਜ਼ਰਾ ਕੁ ਠੁੱਡਾ ਮਾਰਦਿਆਂ ਗਵਰੀਲਾ ਨੇ ਪੁੱਛਿਆ।

"ਨਹੀਂ, ਡਰ ਨਾ। ਮੈਂ ਹੁਣੇ ਇਹ ਦੇ ਕੇ ਆਪਣੇ ਪੈਸੇ ਲੈ ਲਵਾਂਗਾ।"

"ਪੰਜ ਸੌ?"

"ਘੱਟੋ-ਘੱਟ।"

"ਕਿੰਨੀ ਵੱਡੀ ਰਕਮ ਏ! ਜੇ ਕਿਧਰੇ ਇਹ ਮੇਰੇ ਕੋਲ਼ ਹੁੰਦੀ! ਮੈਂ ਇਹਨਾਂ ਨਾਲ਼ ਕੋਈ ਸੋਹਣਾ ਜਿਹਾ ਗੀਤ ਨਾ ਛਹੁ ਦੇਂਦਾ!"

"ਕਿਸਾਨੀ ਗੀਤ?"

"ਤੇ ਹੋਰ ਕੀ? ਮੈਂ..."

ਤੇ ਗਵਰੀਲਾ ਕਲਪਨਾ ਦੇ ਘੋੜੇ ਉੱਤੇ ਸਵਾਰ ਹੋ ਗਿਆ। ਚੇਲਕਾਸ਼ ਨੇ ਕੁੱਝ ਨਾ ਕਿਹਾ। ਉਸ ਦੀਆਂ ਮੁੱਛਾਂ ਡਿੱਗੀਆਂ ਹੋਈਆਂ ਸਨ, ਉਸ ਦਾ ਸੱਜਾ ਪਾਸਾ ਕਿਸੇ ਲਹਿਰ ਨੇ ਭਿਉਂ ਦਿੱਤਾ ਸੀ, ਉਸ ਦੀਆਂ ਅੱਖਾਂ ਅੰਦਰ ਧਸੀਆਂ ਹੋਈਆਂ ਸਨ ਤੇ ਉਹਨਾਂ ਦੀ ਲਿਸ਼ਕ ਜਾਂਦੀ ਰਹੀ ਸੀ। ਸਾਰਾ ਬਾਜ਼ਪੁਣਾ ਉਸ ਵਿੱਚੋਂ ਜਾਂਦਾ ਰਿਹਾ ਸੀ, ਉਹਨਾਂ ਜ਼ਲੀਲ ਕਰਨ ਵਾਲ਼ੀਆਂ ਸੋਚਾਂ ਨੇ ਉਸ ਵਿੱਚੋਂ ਨਿਚੋੜ ਲਿਆ ਸੀ, ਜਿਹੜੀਆਂ ਉਸ ਦੀ ਗੰਦੀ ਕਮੀਜ਼ ਦੀਆਂ ਤਹਿਆਂ ਵਿੱਚੋਂ ਵੀ ਝਾਕ ਰਹੀਆਂ ਸਨ।

ਉਸ ਨੇ ਇਕਦਮ ਬੇੜੀ ਮੋੜੀ ਤੇ ਪਾਣੀ ਵਿੱਚੋਂ ਉਭਰਦੇ ਇੱਕ ਕਾਲ਼ੇ ਅਕਾਰ ਵੱਲ ਲੈ ਤੁਰਿਆ।

ਇੱਕ ਵਾਰੀ ਫ਼ਿਰ ਅਕਾਸ਼ ਬੱਦਲਾਂ ਹੇਠ ਢੱਕਿਆ ਗਿਆ, ਤੇ ਨਿੱਘੀ ਫੁਹਾਰ ਪੈਣ ਲੱਗ ਪਈ, ਜਿਹੜੀ ਪਾਣੀ ਉੱਤੇ ਡਿੱਗਦੀ ਖੁਸ਼ੀਭਰੀ ਅਵਾਜ਼ ਪੈਦਾ ਕਰ ਰਹੀ ਸੀ।

"ਰੁਕ ਜਾ! ਹੌਲ਼ੀ!" ਚੇਲਕਾਸ਼ ਨੇ ਹੁਕਮ ਦਿੱਤਾ।

ਬੇੜੀ ਦਾ ਨੱਕ ਕਿਸੇ ਲਾਦੂ ਜਹਾਜ਼ ਵਿੱਚ ਜਾ ਵੱਜਾ ਸੀ।

"ਸੁੱਤੇ ਪਏ ਨੇ ਕੀ, ਹਰਾਮਜ਼ਾਦੇ?" ਚੇਲਕਾਸ਼ ਬੇੜੀ ਦੀ ਹੁੱਕ ਨੂੰ ਜਹਾਜ਼ ਦੇ ਪਾਸਿਆਂ ਵੱਲ ਲਟਕਦੇ ਕੁੱਝ ਰੱਸਿਆਂ ਵਿੱਚ ਅੜਾਉਂਦਾ ਹੋਇਆ ਬੁੜਬੁੜਾਇਆ। "ਪੌੜੀ ਹੇਠਾਂ ਸੁੱਟੋ! ਮੀਂਹ ਵੀ ਹੁਣੇ ਆਇਆ ਏ, ਪਹਿਲਾਂ ਪਤਾ ਨਹੀਂ ਕਿੱਥੇ ਸੀ! ਹੇ-ਏ, ਸਪੰਜ ਦੇ ਪੁੱਤਰੋ! ਹੇ-ਏ!"

"ਕੌਣ, ਸੇਲਕਾਸ਼ ਏ?" ਉੱਪਰੋਂ ਕੋਈ ਖਰਖਾਉਂਦੀ ਅਵਾਜ਼ ਵਿੱਚ ਬੋਲਿਆ।

"ਪੌੜੀ ਲਟਕਾ!"

"ਕਾਲੀਮੇਰਾ, ਸੇਲਕਾਸ਼!"*

"ਤੂੰ ਪੌੜੀ ਸੁੱਟ, ਭੂਤਨੀ ਦਿਆ!"

"ਉਫ਼, ਕਿੰਨੀ ਗਰਮੀ ਵਿੱਚ ਏ ਅੱਜ! ਏਲੋਊ!"**

"ਚੱਲ ਚੜ੍ਹ ਗਵਰੀਲਾ," ਚੇਲਕਾਸ਼ ਨੇ ਆਪਣੇ ਸਾਥੀ ਨੂੰ ਕਿਹਾ।

ਅਗਲੇ ਪਲ਼ ਉਹ ਡੈਕ ਉੱਤੇ ਸਨ, ਜਿੱਥੇ ਦਾੜ੍ਹੀਆਂ ਵਾਲ਼ੇ ਤਿੰਨ, ਸਾਂਵਲੇ ਜਿਹੇ ਬੰਦੇ ਚੇਲਕਾਸ਼ ਦੀ ਬੇੜੀ ਵਿੱਚ ਝਾਤੀਆਂ ਮਾਰਦੇ ਹੋਏ ਇੱਕ-ਦੂਜੇ ਨਾਲ਼ ਤੋਤਲੀ ਜਿਹੀ ਜ਼ਬਾਨ ਵਿੱਚ ਜੋਸ਼ ਵਿੱਚ ਆ ਕੇ ਗੱਲਾਂ ਕਰ ਰਹੇ ਸਨ। ਲੰਮੇ ਜਿਹੇ ਚੋਗੇ ਵਿੱਚ ਲਪੇਟਿਆ ਚੌਥਾ ਆਦਮੀ ਚੇਲਕਾਸ਼ ਵੱਲ ਆਇਆ ਤੇ ਬਿਨਾਂ ਇੱਕ ਵੀ ਲਫਜ਼ ਬੋਲਿਆਂ ਉਸ ਨਾਲ਼ ਹੱਥ ਮਿਲਾਇਆ, ਤੇ ਫਿਰ ਸਵਾਲੀਆ ਨਜ਼ਰਾਂ ਨਾਲ਼ ਗਵਰੀਲਾ ਵੱਲ ਦੇਖਣ ਲੱਗਾ।

"ਸਵੇਰ ਤੱਕ ਪੈਸੇ ਤਿਆਰ ਰੱਖਣੇ," ਚੇਲਕਾਸ਼ ਨੇ ਸੰਖੇਪ ਜਿਹੇ ਕਿਹਾ। "ਹੁਣ ਮੈਂ ਜ਼ਰਾ ਸੌਂ ਲਵਾਂ। ਚੱਲ ਆ, ਗਵਰੀਲਾ। ਕੁੱਝ ਖਾਣਾ ਈ?"

"ਨਹੀਂ, ਸੌਣੈ," ਗਵਰੀਲਾ ਬੋਲਿਆ। ਪੰਜ ਮਿੰਟ ਪਿੱਛੋਂ ਉਹ ਉੱਚੀ-ਉੱਚੀ ਘੁਰਾੜੇ ਮਾਰ ਰਿਹਾ ਸੀ ਜਦੋਂ ਕਿ ਚੇਲਕਾਸ਼ ਉਸ ਦੇ ਕੋਲ਼ ਬੈਠਾ ਕਿਸੇ ਹੋਰ ਦੇ ਬੂਟ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਇੱਕ ਪਾਸੇ ਵੱਲ ਥੁੱਕੀ ਜਾ ਰਿਹਾ ਸੀ ਤੇ ਦੰਦਾਂ ਦੇ ਵਿੱਚੋਂ ਦੀ ਸੀਟੀ ਨਾਲ਼ ਕੋਈ ਉਦਾਸ ਜਿਹੀ ਧੁਨ ਕੱਢ ਰਿਹਾ ਸੀ। ਫ਼ਿਰ ਉਹ ਆਪਣੇ ਹੱਥ ਸਿਰ ਪਿੱਛੇ ਰੱਖ ਕੇ ਗਵਰੀਲਾ ਦੇ ਨਾਲ਼ ਲੇਟ ਗਿਆ ਤੇ ਮੁੱਛਾਂ ਨੂੰ ਤਾਅ ਦੇਂਦਾ ਹੋਇਆ ਉੱਥੇ ਪਿਆ ਰਿਹਾ।

ਜਹਾਜ਼ ਲਹਿਰਾਂ ਉੱਤੇ ਤੈਰ ਰਿਹਾ ਸੀ, ਇੱਕ ਫੱਟਾ ਸੋਗੀ ਜਿਹੇ ਢੰਗ ਨਾਲ਼ ਚੀਂ-ਚੀਂ ਕਰ ਰਿਹਾ ਸੀ, ਬਾਰਸ਼ ਡੈਕ ਉੱਤੇ ਪੈ ਰਹੀ ਸੀ ਤੇ ਲਹਿਰਾਂ ਪਾਸਿਆਂ ਨਾਲ਼ ਵੱਜ ਰਹੀਆਂ ਸਨ।... ਇਹ ਸਾਰਾ ਕੁੱਝ ਬੜਾ ਸੋਗੀ ਸੀ ਤੇ ਕਿਸੇ ਮਾਂ ਦੀ ਇੱਕ ਲੋਰੀ ਦੀ ਯਾਦ ਦੁਆਉਂਦਾ ਸੀ, ਜਿਸ ਨੂੰ ਆਸ ਨਹੀਂ ਹੁੰਦੀ ਕਿ ਉਹ ਆਪਣੇ ਬੱਚੇ ਨੂੰ ਖੁਸ਼ ਵੇਖੇਗੀ।...

ਚੇਲਕਾਸ਼ ਨੇ ਆਪਣੇ ਦੰਦ ਕੱਢੇ, ਸਿਰ ਚੁੱਕਿਆ, ਆਸੇ ਪਾਸੇ ਨਜ਼ਰ ਮਾਰੀ, ਆਪਣੇ-ਆਪ ਵਿੱਚ ਹੀ ਕੁਝ ਬੁੜਬੁੜਾਇਆ ਤੇ ਆਪਣੀਆਂ ਲੱਤਾਂ ਨੂੰ ਪਸਾਰ ਕੇ ਮੁੜ ਪੈ ਗਿਆ, ਜਿਸ ਨਾਲ਼ ਉਹ ਇੱਕ ਵੱਡੀ ਸਾਰੀ ਕੈਂਚੀ ਜਾਪਦਾ ਸੀ।

3

ਉਹ ਸਭ ਤੋਂ ਪਹਿਲਾਂ ਜਾਗਿਆ। ਉਸ ਨੇ ਉਤਸੁਕਤਾ ਨਾਲ਼ ਆਸੇ-ਪਾਸੇ ਨਜ਼ਰ ਮਾਰੀ, ਤੇ ਫ਼ਿਰ ਬੇਫਿਕਰ ਹੋ ਗਿਆ; ਉਸ ਨੇ ਗਵਰੀਲਾ ਵੱਲ ਵੇਖਿਆ ਜਿਹੜਾ ਆਨੰਦ ਨਾਲ਼ ਘੁਰਾੜੇ ਮਾਰ ਰਿਹਾ ਸੀ, ਉਸ ਦੇ ਸਿਹਤਮੰਦ, ਧੁੱਪ-ਸੰਵਲਾਏ, ਮੁੰਡਿਆਂ ਵਰਗੇ ਮੂੰਹ ਉੱਤੇ ਮੁਸਕ੍ਰਾਹਟ ਫੈਲੀ ਹੋਈ ਸੀ। ਚੇਲਕਾਸ਼ ਨੇ ਹਉਕਾ ਭਰਿਆ ਤੇ ਤੰਗ ਜਿਹੀ ਰੱਸਿਆਂ ਵਾਲ਼ੀ ਪੌੜੀ ਰਾਹੀਂ ਉੱਤੇ ਚੜ੍ਹ ਗਿਆ। ਛੱਤ ਵਿਚਲੀ ਮੋਰੀ ਵਿੱਚੋਂ ਸਿੱਕੇ-ਰੰਗੇ ਅਕਾਸ਼ ਦਾ ਇੱਕ ਟੋਟਾ ਦਿੱਸਦਾ ਸੀ। ਚਾਨਣ ਹੋ ਚੁੱਕਾ ਸੀ, ਪਰ ਦਿਨ ਧੁੰਦਲਾ ਤੇ ਅਕਾਊ ਸੀ, ਜਿਵੇਂ ਪਤਝੜ ਵਿੱਚ ਅਕਸਰ ਹੁੰਦਾ ਹੈ।

ਦੋ ਕੁ ਘੰਟਿਆਂ ਵਿੱਚ ਚੇਲਕਾਸ਼ ਵਾਪਸ ਆ ਗਿਆ। ਉਸ ਦਾ ਮੂੰਹ ਲਾਲ ਸੀ ਤੇ ਮੁੱਛਾਂ ਨੂੰ ਤਾਅ ਦੇ ਕੇ ਉੱਤੇ ਵੱਲ ਕੀਤਾ ਹੋਇਆ ਸੀ। ਉਸ ਨੇ ਲੰਮੇ ਬੂਟ ਦਾ ਮਜ਼ਬੂਤ ਜੋੜਾ ਪਾਇਆ ਹੋਇਆ ਸੀ, ਸ਼ਿਕਾਰੀਆਂ ਵਾਲ਼ੀ ਚਮੜੇ ਦੀ ਜੈਕਟ ਤੇ ਬਿਰਜਸ ਪਾਈ ਹੋਈ ਸੀ। ਕੱਪੜੇ ਕੋਈ ਨਵੇਂ ਨਹੀਂ ਸਨ, ਪਰ ਚੰਗੀ ਹਾਲਤ ਵਿੱਚ ਸਨ ਤੇ ਉਸ ਨੂੰ ਬੜੇ ਜਚਦੇ ਸਨ, ਕਿਉਂਕਿ ਇਹਨਾਂ ਨਾਲ਼ ਉਸ ਦਾ ਸਰੀਰ ਭਰ ਗਿਆ ਸੀ, ਨੁੱਕਰਾਂ ਗੋਲ਼ ਹੋ ਗਈਆਂ ਸਨ ਤੇ ਉਸ ਨੂੰ ਲੜਾਕੂ ਵਰਗੀ ਦਿੱਖ ਮਿਲ ਗਈ ਸੀ।

"ਉੱਠ, ਕਤੂਰੇ," ਉਹ ਗਵਰੀਲਾ ਨੂੰ ਹੌਲ਼ੀ ਜਿਹੀ ਠੁੱਡਾ ਮਾਰਦਾ ਹੋਇਆ ਬੋਲਿਆ।

ਗਵਰੀਲਾ ਜਾਗੋਮੀਟੀ ਵਿੱਚ ਭੁੜਕ ਕੇ ਉੱਠਿਆ ਤੇ ਡਰੀਆਂ ਨਜ਼ਰਾਂ ਨਾਲ਼ ਚੇਲਕਾਸ਼ ਵੱਲ ਵੇਖਣ ਲੱਗਾ, ਉਸ ਨੇ ਉਹਨੂੰ ਪਛਾਣਿਆ ਨਹੀਂ ਸੀ। ਚੇਲਕਾਸ਼ ਖਿੜਖਿੜਾ ਕੇ ਹੱਸ ਪਿਆ।

"ਤੂੰ, ਸੱਚ, ਕਿਆ ਲੱਗਦੈਂ!..." ਗਵਰੀਲਾ ਆਖ਼ਰ ਮੁਸਕ੍ਰਾਉਂਦਾ ਹੋਇਆ ਬੋਲਿਆ। "ਤੂੰ ਤਾਂ ਹੁਣ ਸਾਹਿਬ ਬਣ ਗਿਐਂ!"

"ਹਾਂ, ਸਾਹਿਬ ਵੀ ਅਸੀਂ ਛੇਤੀ ਹੀ ਬਣ ਜਾਂਦੇ ਹਾਂ। ਪਰ ਤੂੰ ਹੈਗਾ ਡਰੂ ਏਂ! ਰਾਤੀਂ ਕਿੰਨੀ ਵਾਰੀ ਤੂੰ ਮਰ ਹੀ ਚਲਿਆ ਸੈਂ!"

"ਹਾਂ, ਤੂੰ ਆਪ ਜ਼ਰਾ ਸੋਚ, ਪਹਿਲਾਂ ਕਦੀ ਵੀ ਮੈਂ ਇਹੋ ਜਿਹਾ ਕੰਮ ਨਹੀਂ ਕੀਤਾ। ਸਾਰੀ ਉਮਰ ਲਈ ਆਤਮਾ ਮਾਰ ਲੈਣੀ ਸੀ!"

"ਫ਼ਿਰ, ਮੁੜ ਕੇ ਇਹ ਕੰਮ ਕਰੇਂਗਾ, ਹੈਂ?"

"ਮੁੜ ਕੇ? ਲੱਗਦੈ ਕਿ... ਮੈਂ ਤੈਨੂੰ ਕਿੱਦਾਂ ਦੱਸਾਂ? ਮੈਨੂੰ ਮਿਲੇਗਾ ਕੀ?... ਐਹ ਗੱਲ ਏ।"

"ਜੇ ਦੋ ਸੌ ਰੂਬਲ ਮਿਲ ਜਾਣ ?"

"ਦੋ ਸੌ ਰੂਬਲ, ਤੇਰਾ ਮਤਲਬ! ਮਾੜਾ ਨਹੀਂ... ਤਾਂ ਹੋ ਸਕਦੈ..."

"ਤੇ ਫ਼ੇਰ, ਆਤਮਾ ਨਹੀਂ ਮਾਰੀ ਜਾਏਗੀ ?"

"ਹੋ ਸਕਦੈ... ਆਖ਼ਰ ਨਾ ਹੀ ਮਾਰੀ ਜਾਏ," ਗਵਰੀਲਾ ਮੁਸਕ੍ਰਾਇਆ।

"ਹਾਂ, ਨਹੀਂ ਮਾਰੀ ਜਾਏਗੀ ਤੇ ਤੂੰ ਬਾਕੀ ਦੀ ਸਾਰੀ ਜ਼ਿੰਦਗੀ ਲਈ ਬੰਦਾ ਬਣ ਜਾਵੇਂਗਾ।"

ਚੇਲਕਾਸ਼ ਖ਼ੁਸ਼ੀ ਨਾਲ਼ ਖੁੱਲ੍ਹ ਕੇ ਹੱਸਿਆ।

"ਚੱਲ, ਬਥੇਰਾ ਠੱਠਾ ਹੋ ਗਿਐ। ਚੱਲ ਕੰਢੇ ਵੱਲ ਚੱਲੀਏ..."

ਤੇ ਇੱਕ ਵਾਰੀ ਫ਼ੇਰ ਉਹ ਬੇੜੀ ਵਿੱਚ ਸਨ, ਚੇਲਕਾਸ਼ ਪਤਵਾਰ ਚਲਾ ਰਿਹਾ ਸੀ, ਗਵਰੀਲਾ ਚੱਪੂ ਚਲਾਉਂਦਾ। ਉਹਨਾਂ ਦੇ ਉੱਤੇ ਸਲੇਟੀ ਬੱਦਲਾਂ ਦਾ ਠੋਸ ਤੰਬੂ ਤਣਿਆ ਹੋਇਆ ਸੀ; ਸਮੁੰਦਰ ਘਸਮੈਲਾ ਜਿਹਾ ਹਰਾ ਸੀ ਤੇ ਇਹ ਖ਼ੁਸ਼ੀ ਵਿੱਚ ਬੇੜੀ ਨਾਲ਼ ਖੇਡ ਰਿਹਾ ਸੀ, ਇਸ ਨੂੰ ਲਹਿਰਾਂ ਦੇ ਉੱਤੇ ਸੁੱਟ ਰਿਹਾ ਸੀ, ਜਿਹੜੀਆਂ ਅਜੇ ਅਕਾਰ ਵਿੱਚ ਵੱਡੀਆਂ ਨਹੀਂ ਸਨ ਹੋਈਆਂ, ਤੇ ਬੁੱਕ ਭਰ-ਭਰ ਕੇ ਹਲਕੇ ਜਿਹੇ ਰੰਗ ਦੀ ਫੁਹਾਰ ਇਸ ਦੇ ਪਾਸਿਆਂ ਉੱਤੇ ਸੁੱਟ ਰਿਹਾ ਸੀ। ਉਹਨਾਂ ਦੇ ਅੱਗੇ ਦੂਰ ਕਰਕੇ ਪੀਲ਼ੀ ਰੇਤ ਦਾ ਟੋਟਾ ਵੇਖਿਆ ਜਾ ਸਕਦਾ ਸੀ, ਜਦੋਂ ਕਿ ਉਹਨਾਂ ਦੇ ਪਿੱਛੇ ਸਾਗਰ ਫ਼ੈਲਿਆ ਹੋਇਆ ਸੀ, ਜਿਹੜਾ ਸ਼ਾਨਦਾਰ ਚਿੱਟੀ ਝੱਗ ਨਾਲ਼ ਸਜੀਆਂ ਹੋਈਆਂ ਲਹਿਰਾਂ ਦੇ ਝੁੰਡਾਂ ਵਿੱਚ ਵੰਡਿਆ ਹੋਇਆ ਸੀ। ਉੱਥੇ ਹੀ, ਦੂਰ ਕਿੰਨੇ ਸਾਰੇ ਜਹਾਜ਼ ਸਨ; ਦੂਰ ਖੱਬੇ ਹੱਥ ਮਸਤੂਲਾਂ ਦਾ ਪੂਰਾ ਜੰਗਲ ਉੱਗਿਆ ਹੋਇਆ ਸੀ ਤੇ ਸ਼ਹਿਰ ਦੇ ਘਰਾਂ ਦੇ ਚਿੱਟੇ ਝੁੰਡ ਸਨ। ਬੰਦਰਗਾਹ ਵੱਲੋਂ ਇੱਕ ਮੱਧਮ ਜਿਹੀ ਗੜਗੜ ਸਾਗਰ ਵੱਲ ਆ ਰਹੀ ਸੀ, ਜਿਹੜੀ ਲਹਿਰਾਂ ਦੀ ਗਰਜ਼ ਦੇ ਨਾਲ਼ ਮਿਲ ਕੇ ਸੋਹਣਾ ਤਕੜਾ ਸੰਗੀਤ ਬਣਾ ਰਹੀ ਸੀ... ਤੇ ਧੁੰਦ ਦਾ ਪਤਲਾ ਜਿਹਾ ਪਰਦਾ ਸਭ ਕੁੱਝ ਨੂੰ ਦੁਰਾਡਾ ਬਣਾ ਰਿਹਾ ਸੀ।

"ਰਾਤੀਂ ਵੇਖਣ ਵਾਲ਼ਾ ਤਮਾਸ਼ਾ ਹੋਵੇਗਾ ਇੱਥੇ!" ਸਿਰ ਨਾਲ਼ ਸਾਗਰ ਵੱਲ ਇਸ਼ਾਰਾ ਕਰਦਾ ਚੇਲਕਾਸ਼ ਬੋਲਿਆ।

"ਤੂਫ਼ਾਨ ਆਏਗਾ ?" ਆਪਣੇ ਚੱਪੂਆਂ ਨਾਲ਼ ਜ਼ੋਰ ਲਾਕੇ ਬੇੜੀ ਨੂੰ ਲਹਿਰਾਂ ਦੇ ਵਿੱਚੋਂ ਲਿਜਾਂਦਾ ਹੋਇਆ ਗਵਰੀਲਾ ਬੋਲਿਆ। ਹਵਾ ਨਾਲ਼ ਆਉਂਦੀ ਫੁਹਾਰ ਨਾਲ਼ ਉਸ ਦੇ ਕੱਪੜੇ ਭਿੱਜੇ ਪਏ ਸਨ।

"ਹਾਂ...," ਚੇਲਕਾਸ਼ ਨੇ ਪ੍ਰੋੜ੍ਹਤਾ ਕੀਤੀ।

ਗਵਰੀਲਾ ਸਵਾਲੀ ਨਜ਼ਰਾਂ ਨਾਲ਼ ਉਸ ਵੱਲ ਵੇਖਣ ਲੱਗਾ...

"ਫ਼ਿਰ, ਕਿੰਨੇ ਪੈਸੇ ਮਿਲੇ ?" ਉਸ ਨੇ ਇਹ ਵੇਖਦਿਆਂ ਕਿ ਚੇਲਕਾਸ਼ ਇਸ ਮਸਲੇ ਵੱਲ ਆਉਣ ਦੀ ਕੋਈ ਮਨਸ਼ਾ ਨਹੀਂ ਰੱਖਦਾ, ਆਖ਼ਰ ਪੁੱਛ ਹੀ ਲਿਆ।

"ਵੇਖ," ਤੇ ਚੇਲਕਾਸ਼ ਨੇ ਆਪਣੀ ਜੇਬ ਵਿੱਚੋਂ ਕੁੱਝ ਕੱਢਿਆ ਤੇ ਵਿਖਾਇਆ।

ਗਵਰੀਲਾ ਨੇ ਰੰਗ-ਬਰੰਗੇ ਕਾਗ਼ਜ਼ ਵੇਖੇ ਤੇ ਉਸ ਦੀਆਂ ਅੱਖਾਂ ਚਕਾ-ਚੌਂਧ ਰਹਿ ਗਈਆਂ।

"ਹਾ ! ਤੇ ਮੈਂ ਸੋਚਦਾ ਪਿਆ ਸਾਂ ਕਿ ਤੂੰ ਝੂਠ ਬੋਲ ਰਿਹੈਂ !... ਕਿੰਨੇ ਨੇ ?"

"ਪੰਜ ਸੌ ਤੇ ਚਾਲ੍ਹੀ।"

"ਵਾਹਵੈ !" ਲਾਲਚੀ ਨਜ਼ਰਾਂ ਨਾਲ਼ ਨੋਟਾਂ ਨੂੰ ਵਾਪਸ ਜੇਬ ਵਿੱਚ ਜਾਂਦਿਆਂ ਵੇਖਦਿਆਂ, ਗਵਰੀਲਾ ਨੇ ਠੰਡਾ ਸਾਹ ਭਰਿਆ। "ਹਾ... ਹਾ ! ਜੇ ਕਿਧਰੇ ਮੇਰੇ ਕੋਲ਼ ਏਨੇ ਸਾਰੇ ਪੈਸੇ ਹੋ ਜਾਣ !..." ਤੇ ਉਸ ਨੇ ਅਫ਼ਸੋਸਿਆ ਹੋਇਆ ਹਉਕਾ ਭਰਿਆ।

"ਅੱਜ ਪੀਆਂਗੇ ਰਜ ਕੇ, ਬੱਚੂ !" ਚੇਲਕਾਸ਼ ਵਜਦ ਵਿੱਚ ਆਕੇ ਬੋਲਿਆ। "ਹਾਂ ਖ਼ੂਬ ਪੀਆਂਗੇ।... ਤੂੰ ਫ਼ਿਕਰ ਨਾ ਕਰ, ਤੈਨੂੰ ਤੇਰਾ ਹਿੱਸਾ ਦੇ ਦਿਆਂਗਾ।... ਚਾਲ੍ਹੀ ਤੈਨੂੰ ਦੇ ਦਿਆਂਗਾ ! ਬਹੁਤ ਨੇ, ਹੈਂ ? ਹੁਣ ਦਿਆਂ ਜੇ ਚਾਹੁੰਦੈਂ ਤਾਂ ?"

"ਹਾਂ, ਜੇ ਤੂੰ ਬੁਰਾ ਨਾ ਮੰਨੇ ਤਾਂ ਲੈ ਲੈਂਦਾ ਹਾਂ।"

ਗਵਰੀਲਾ ਆਸਵੰਦੀ ਵਿੱਚ ਕੰਬ ਰਿਹਾ ਸੀ।

"ਉਏ, ਜਾਹ ਉਏ, ਨਜ਼ਰਵੱਟੂ ! 'ਲੈ ਲੈਂਦਾ ਹਾਂ !' ਆਹ ਲੈ, ਫੜ ! ਫੜ ਲੈ ਹੁਣ, ਮੈਂ ਤੈਨੂੰ ਕਹਿਨਾਂ ! ਮੈਂ ਏਨੇ ਸਾਰੇ ਪੈਸੇ ਕੀ ਕਰਨੇ ਨੇ ! ਮੇਰੇ ਤੇ ਮਿਹਰਬਾਨੀ ਕਰ ਤੇ ਲੈ-ਲੈ !"

ਚੇਲਕਾਸ਼ ਨੇ ਕਈ ਨੋਟ ਗਵਰੀਲਾ ਵੱਲ ਵਧਾਏ, ਜਿਸ ਨੇ ਚੱਪੂ ਛੱਡ ਕੇ ਕੰਬਦੀਆਂ ਉਂਗਲਾਂ ਨਾਲ਼ ਫੜ ਲਏ ਤੇ ਅੱਖਾਂ ਸੁੰਗੇੜਦਿਆਂ ਤੇ ਉਭੇ ਸਾਹ ਲੈਂਦਿਆਂ, ਜਿਵੇਂ ਉਸ ਨੇ ਹੁਣੇ-ਹੁਣੇ ਤਾਲੂ ਸਾੜ ਲਿਆ ਹੋਵੇ ਆਪਣੀ ਕਮੀਜ਼ ਦੇ ਅੰਦਰ ਤੁੰਨ ਲਏ। ਚੇਲਕਾਸ਼ ਉਸ ਨੂੰ ਵੇਖ ਰਿਹਾ ਸੀ। ਉਸ ਦੇ ਬੁੱਲ੍ਹਾਂ ਉੱਤੇ ਖੋਚਰੀ ਮੁਸਕਾਨ ਸੀ। ਇੱਕ ਵਾਰੀ ਫਿਰ ਗਵਰੀਲਾ ਨੇ ਚੱਪੂ ਫੜ ਲਏ ਤੇ ਘਬਰਾਹਟ ਜਿਹੀ ਵਿੱਚ, ਕਾਹਲ਼ੀ-ਕਾਹਲ਼ੀ ਚਲਾਉਣ ਲੱਗਾ, ਅੱਖਾਂ ਹੇਠਾਂ ਸੁੱਟੀ, ਅਜਿਹੇ ਬੰਦੇ ਵਾਂਗ ਜਿਸ ਦਾ ਅਜੇ ਹੁਣੇ ਜਿਹੇ ਡਰ ਨਾਲ਼ ਸਾਹ ਨਿਕਲ ਚੱਲਿਆ ਸੀ। ਉਸ ਦੇ ਮੋਢੇ ਤੇ ਕੰਨ ਫਰਕ ਰਹੇ ਸਨ।

"ਤੂੰ ਲਾਲਚੀ ਏਂ !... ਇਹ ਚੰਗੀ ਗੱਲ ਨਹੀਂ।... ਪਰ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਏ—ਆਖ਼ਰ ਕਿਸਾਨ ਏਂ..." ਚੇਲਕਾਸ਼ ਸੋਚਦਾ ਹੋਇਆ ਬੋਲਿਆ।

"ਪੈਸੇ ਨਾਲ਼ ਬੰਦਾ ਕੀ ਨਹੀਂ ਕਰ ਸਕਦਾ !..." ਗਵਰੀਲਾ ਇਕਦਮ ਜੋਸ਼ ਵਿੱਚ ਆ ਕੇ ਬੋਲ ਉੱਠਿਆ। ਫ਼ਿਰ ਉਸ ਨੇ ਜਲਦੀ-ਜਲਦੀ, ਉੱਖੜੇ-ਉੱਖੜੇ ਨੇ, ਆਪਣੇ ਵਿਚਾਰਾਂ ਦਾ ਪਿੱਛਾ ਕਰਦਿਆਂ ਤੇ ਉੱਡਦੇ ਜਾਂਦੇ ਆਪਣੇ ਲਫਜ਼ਾਂ ਨੂੰ ਫੜਦਿਆਂ, ਪਿੰਡ ਵਿੱਚ ਪੈਸੇ ਵਾਲ਼ੇ ਤੇ ਪੈਸੇ ਤੋਂ ਬਿਨਾਂ ਜੀਵਨ ਵਿਚਕਾਰ ਮੁਕਾਬਲਾ ਕੀਤਾ। ਇੱਜ਼ਤਮਾਣ, ਅਰਾਮ, ਐਸ਼ !...

ਚੇਲਕਾਸ਼ ਬੜੇ ਧਿਆਨ ਨਾਲ਼ ਉਸ ਦੀ ਗੱਲ ਸੁਣਦਾ ਰਿਹਾ, ਉਸ ਦਾ ਚਿਹਰਾ ਗੰਭੀਰ ਸੀ, ਉਸ ਨੇ ਸੋਚਾਂ ਵਿੱਚ ਡੁੱਬੇ ਨੇ ਅੱਖਾਂ ਸੁੰਗੇੜੀਆਂ ਹੋਈਆਂ ਸਨ। ਵਿੱਚ ਵਿੱਚ ਉਹ ਖੁਸ਼ ਹੋ ਕੇ ਮੁਸਕ੍ਰਾ ਪੈਂਦਾ।

"ਪਹੁੰਚ ਗਏ," ਉਸ ਨੇ ਗਵਰੀਲਾ ਦੇ ਵਿਖਿਆਨ ਨੂੰ ਵਿੱਚੇ ਹੀ ਟੋਕਿਆ।

ਬੇੜੀ ਇੱਕ ਅਜਿਹੀ ਲਹਿਰ ਉੱਤੇ ਚੜ੍ਹ ਗਈ ਸੀ ਜਿਸ ਨੇ ਉਸ ਨੂੰ ਰੇਤ ਵਿੱਚ ਧਸਾ ਦਿੱਤਾ।

"ਸੋ, ਸਫ਼ਰ ਖ਼ਤਮ ਹੋਇਆ। ਪਰ ਬੇੜੀ ਖਿੱਚ ਕੇ ਕਾਫੀ ਅੱਗੇ ਤੇ ਉੱਪਰ ਕਰ

ਦੇਈਏ, ਤਾਂ ਕਿ ਕਿਤੇ ਰੁੜ੍ਹ ਨਾ ਜਾਏ। ਕੋਈ ਆ ਕੇ ਇਸ ਨੂੰ ਲੈ ਜਾਏਗਾ। ਤੇ ਹੁਣ, ਅਲਵਿਦਾ!... ਅਸੀਂ ਸ਼ਹਿਰ ਤੋਂ ਅੱਠ ਕੁ ਵੇਰਸਤ ਹਾਂ। ਤੂੰ ਵਾਪਸ ਸ਼ਹਿਰ ਚਲ ਰਿਹੈਂ ?"

ਚੇਲਕਾਸ਼ ਦਾ ਮੂੰਹ ਖਚਰੀ ਤੇ ਸਦਭਾਵੀ ਮੁਸਕ੍ਰਾਹਟ ਨਾਲ਼ ਲਿਸ਼ਕ ਰਿਹਾ ਸੀ, ਜਿਵੇਂ ਕਿ ਉਹ ਆਪਣੇ ਲਈ ਕੋਈ ਬੜੀ ਖ਼ੁਸ਼ ਕਰਨ ਵਾਲ਼ੀ ਤੇ ਗਵਰੀਲਾ ਲਈ ਅਚਨਚੇਤੀ ਕੋਈ ਗੱਲ ਸੋਚ ਰਿਹਾ ਹੋਵੇ। ਉਸ ਨੇ ਆਪਣਾ ਹੱਥ ਆਪਣੀ ਜੇਬ ਵਿੱਚ ਤੁੰਨਿਆ ਤੇ ਉੱਥੇ ਨੋਟਾਂ ਨਾਲ਼ ਸਰ-ਸਰ ਕਰਨ ਲੱਗਾ।

"ਨਹੀਂ, ਮੈਂ ਨਹੀਂ ਜਾਂਦਾ। ਮੈਂ...ਮੈਂ...," ਗਵਰੀਲਾ ਥਥਲਾਉਣ ਲੱਗਾ, ਜਿਵੇਂ ਉਸ ਦਾ ਗਲ਼ਾ ਘੁੱਟਿਆ ਜਾ ਰਿਹਾ ਹੋਵੇ।

ਚੇਲਕਾਸ਼ ਉਸ ਵੱਲ ਵੇਖਣ ਲੱਗ ਪਿਆ।

"ਤੈਨੂੰ ਕੀ ਖਾਈ ਜਾ ਰਿਹੈ ?" ਉਹਨੇ ਪੁੱਛਿਆ।

"ਕੁੱਝ ਨਹੀਂ..." ਪਰ ਗਵਰੀਲਾ ਦਾ ਮੂੰਹ ਪਹਿਲਾਂ ਲਾਲ ਹੋ ਗਿਆ, ਫਿਰ ਭੂਸਲਾ ਪੈ ਗਿਆ ਤੇ ਉਹ ਕਦੀ ਆਪਣੇ ਇੱਕ ਪੈਰ ਉੱਤੇ ਭਾਰ ਪਾਉਂਦਾ, ਕਦੀ ਦੂਜੇ ਉੱਤੇ, ਜਿਵੇਂ ਉਹ ਚੇਲਕਾਸ਼ ਉੱਤੇ ਟੁੱਟ ਪੈਣਾ ਚਾਹੁੰਦਾ ਹੋਵੇ ਜਾਂ ਹੋਰ ਕੋਈ ਅਥਾਹ ਮੁਸ਼ਕਲ ਕੰਮ ਕਰਨਾ ਚਾਹੁੰਦਾ ਹੋਵੇ।

ਚੇਲਕਾਸ਼ ਇਸ ਮੁੰਡੇ ਵਿੱਚ ਏਨੀ ਭਾਵੁਕਤਾ ਵੇਖ ਕੇ ਬੇਚੈਨ ਹੋ ਉੱਠਿਆ। ਉਹ ਉਡੀਕਣ ਲੱਗਾ ਕਿ ਅੱਗੋਂ ਕੀ ਹੁੰਦਾ ਹੈ।

ਗਵਰੀਲਾ ਹੱਸਣ ਲੱਗ ਪਿਆ ਜਿਹੜਾ ਸਿਸਕੀਆਂ ਲੈਣ ਨਾਲ਼ ਵਧੇਰੇ ਮਿਲਦਾ ਸੀ। ਉਸ ਨੇ ਸਿਰ ਹੇਠਾਂ ਸੁੱਟਿਆ ਹੋਇਆ ਸੀ, ਜਿਸ ਲਈ ਚੇਲਕਾਸ਼ ਉਸ ਦੇ ਚਿਹਰੇ ਦਾ ਹਾਵਭਾਵ ਨਹੀਂ ਸੀ ਵੇਖ ਸਕਦਾ, ਪਰ ਉਹ ਵੇਖ ਸਕਦਾ ਸੀ ਕਿ ਉਸ ਦੇ ਕੰਨ ਲਾਲ ਤੋਂ ਚਿੱਟੇ ਹੋ ਗਏ ਹਨ।

"ਖੱਡੇ 'ਚ ਪੈ," ਚੇਲਕਾਸ਼ ਨੇ ਖਿੱਝ ਕੇ ਹੱਥ ਮਾਰਦਿਆਂ ਕਿਹਾ। "ਤੈਨੂੰ ਮੇਰੇ ਨਾਲ਼ ਪਿਆਰ ਹੋ ਗਿਐ, ਜਾਂ ਕੀ ? ਕੁੜੀਆਂ ਵਾਂਗ ਵਟ ਖਾਈ ਜਾ ਰਿਹੈਂ!... ਜਾਂ ਮੇਰੇ ਨਾਲ਼ੋਂ ਵਿਛੜਨਾ ਤੇਰੇ ਲਈ ਔਖਾ ਏ ? ਬੋਲ ਤਾਂ ਸਹੀ. ਫੋਸੜ, ਨਹੀਂ ਤਾਂ ਫ਼ਿਰ ਮੈਂ ਚੱਲਿਆਂ।"

"ਤੂੰ ਚੱਲਿਐਂ ?" ਗਵਰੀਲਾ ਦੀ ਚੀਕ ਨਿਕਲ ਗਈ।

ਸੁੰਨਸਾਨ ਰੇਤਲਾ ਤੱਟ ਚੀਕ ਨਾਲ਼ ਕੰਬ ਉੱਠਿਆ, ਤੇ ਸਾਗਰ ਦੀਆਂ ਲਹਿਰਾਂ ਨਾਲ਼ ਪੀਲ਼ੀ ਰੇਤ ਉੱਪਰ ਬਣੀਆਂ ਨਿੱਕੀਆਂ-ਨਿੱਕੀਆਂ ਲਹਿਰਾਂ ਵੀ ਜਿਵੇਂ ਹੇਠਾਂ ਉੱਤੇ ਹੋਣ ਲੱਗੀਆਂ। ਚੇਲਕਾਸ਼ ਆਪ ਵੀ ਤ੍ਰਭਕ ਪਿਆ। ਅਚਨਚੇਤ ਗਵਰੀਲਾ ਉਸ ਵੱਲ ਧਾ ਕੇ ਆਇਆ, ਉਸ ਦੇ ਪੈਰਾਂ ਉੱਤੇ ਡਿੱਗ ਪਿਆ, ਉਸ ਦੇ ਗੋਡਿਆਂ ਨੂੰ ਵਲ ਲਿਆ ਤੇ ਉਸ ਨੂੰ ਖਿੱਚਣ ਲੱਗਾ। ਚੇਲਕਾਸ਼ ਲੜਖੜਾ ਗਿਆ ਤੇ ਰੇਤ ਉੱਤੇ ਧੜਮ ਦੇ ਕੇ ਬਹਿ ਗਿਆ, ਦੰਦਾਂ ਨੂੰ ਘੁੱਟ ਕੇ ਮੀਟਦਿਆਂ,ਉਸ ਨੇ ਘਸੁੰਨ ਵੱਟ ਕੇ ਆਪਣੀ ਲੰਮੀ ਬਾਂਹ ਲਹਿਰਾਈ ਪਰ ਸ਼ਰਮਿੰਦਾ ਤੇ ਮਿੰਨਤਾਂ ਕਰਦੀ ਫੁਸਫੁਸਾਹਟ ਵਿੱਚ ਗਵਰੀਲਾ ਦੇ ਤਰਲਿਆਂ ਨੇ ਉਸ ਨੂੰ ਰੋਕ ਲਿਆ :

"ਇਹ ਪੈਸੇ ਮੈਨੂੰ ਦੇ-ਦੇ, ਭਲੇ ਆਦਮੀ! ਯਸੂ ਮਸੀਹ ਦੇ ਵਾਸਤੇ ਇਹ ਮੈਨੂੰ ਦੇ

ਵੇਖ ! ਤੂੰ ਇਹ ਕੀ ਕਰਨੇ ਨੇ ! ਦੇ, ਇੱਕੋ ਰਾਤ ਵਿੱਚ, ਸਿਰਫ਼ ਇੱਕ ਰਾਤ ਵਿੱਚ ! ਤੇ ਮੈਨੂੰ ਕਈ ਵਰ੍ਹੇ ਲੱਗ ਜਾਣਗੇ... ਮੈਨੂੰ ਦੇ-ਦੇ। ਮੈਂ ਤੇਰੇ ਲਈ ਦੁਆਵਾਂ ਕਰਾਂਗਾ—ਸਾਰੀ ਜ਼ਿੰਦਗੀ ! ਤਿੰਨਾਂ ਗਿਰਜ਼ਿਆਂ ਵਿੱਚ। ਤੇਰੀ ਆਤਮਾ ਦੀ ਮੁਕਤੀ ਲਈ। ਤੂੰ ਤਾਂ ਸਿਰਫ਼ ਉਡਾ ਹੀ ਦੇਣੇ ਨੇ, ਪਰ ਮੈਂ ? ਮੈਂ ਇਹ ਜ਼ਮੀਨ ਉੱਤੇ ਲਾਵਾਂਗਾ। ਇਹ ਮੈਨੂੰ ਦੇ-ਦੇ ! ਤੇਰੇ ਲਈ ਇਹ ਕੀ ਨੇ ?... ਏਨੀਂ ਸੌਖੀ ਤਰ੍ਹਾਂ ਇਹ ਆ ਜਾਂਦੇ ਨੇ। ਰਾਤੋ-ਰਾਤ ਤੂੰ ਅਮੀਰ ਬਣ ਜਾਂਦੈ ! ਆਪਣੀ ਜ਼ਿੰਦਗੀ ਵਿੱਚ ਇੱਕ ਤਾਂ ਭਲਾ ਕੰਮ ਕਰ ਜਾ ! ਆਖ਼ਰ, ਤੂੰ ਜਿਹਾ ਹੋਇਆ, ਜਿਹਾ ਨਾ ਹੋਇਆ, ਤੇਰਾ ਨਾ ਕੋਈ ਅੱਗਾ, ਨਾ ਪਿੱਛਾ... ਤੇ ਮੈਂ—ਉਫ਼ ! ਮੈਨੂੰ ਦੇ-ਦੇ ਇਹ !"

ਚੇਲਕਾਸ਼—ਡਰਿਆ ਹੋਇਆ, ਹੈਰਾਨ, ਗੁੱਸੇ ਵਿੱਚ ਆਇਆ ਹੋਇਆ—ਆਪਣੀਆਂ ਅਰਕਾਂ ਭਾਰ ਪਿੱਛੇ ਝੁਕਿਆ ਬੈਠਾ ਹੋਇਆ ਸੀ, ਇੱਕ ਵੀ ਲਫਜ਼ ਬੋਲੇ ਬਿਨਾਂ ਬੈਠਾ ਹੋਇਆ ਸੀ, ਉਸ ਦੀਆਂ ਅੱਖਾਂ ਇਸ ਮੁੰਡੇ ਨੂੰ ਚੀਰਦੀਆਂ ਲੰਘ ਰਹੀਆਂ ਸਨ, ਜਿਸ ਨੇ ਆਪਣਾ ਸਿਰ ਘੁੱਟ ਕੇ ਉਸ ਦੇ ਗੋਡਿਆਂ ਨਾਲ਼ ਲਾਇਆ ਹੋਇਆ ਸੀ ਤੇ ਆਪ ਉਹ ਉਭੋ-ਸਾਹੀਂ ਮਿੰਨਤਾਂ ਕਰੀ ਜਾ ਰਿਹਾ ਸੀ। ਆਖ਼ਰ ਚੇਲਕਾਸ਼ ਭੁੜਕ ਕੇ ਆਪਣੇ ਪੈਰਾਂ ਉੱਤੇ ਖੜੋ ਗਿਆ, ਆਪਣਾ ਹੱਥ ਆਪਣੀ ਜੇਬ ਵਿੱਚ ਤੁੰਨਿਆ, ਤੇ ਨੋਟ ਕੱਢ ਕੇ ਗਵਰੀਲਾ ਦੇ ਮੂੰਹ ਉੱਤੇ ਮਾਰੇ।

"ਐਹ ਲੈ, ਚੱਟ ਲੈ !" ਜੋਸ਼ ਤਰਸ ਤੇ ਇਸ ਲਾਲਚੀ ਗ਼ੁਲਾਮ ਲਈ ਨਫ਼ਰਤ ਨਾਲ਼ ਕੰਬਦਾ ਹੋਇਆ ਉਹ ਕੂਕਿਆ। ਉਸ ਵੱਲ ਪੈਸੇ ਸੁੱਟਦਿਆਂ ਉਸ ਨੇ ਆਪਣੇ-ਆਪ ਨੂੰ ਯੋਧਾ ਮਹਿਸੂਸ ਕੀਤਾ।

"ਮੈਂ, ਕਿਸੇ ਤਰ੍ਹਾਂ ਵੀ, ਤੈਨੂੰ ਵਧੇਰੇ ਪੈਸੇ ਦੇ ਦੇਣੇ ਸਨ। ਮੈਂ ਆਪਣੇ ਪਿੰਡ ਬਾਰੇ ਸੋਚਦਾ ਰਾਤੀਂ ਤੇਰੇ ਉੱਤੇ ਤਰਸ ਖਾਣ ਲੱਗ ਪਿਆ ਸਾਂ।... ਮੈਂ ਸੋਚਿਆ : ਮੈਂ ਮੁੰਡੇ ਦੀ ਮਦਦ ਕਰਾਂਗਾ। ਪਰ ਮੈਂ ਉਡੀਕਦਾ ਸਾਂ, ਕਿ ਵੇਖੀਏ ਤੂੰ ਮੰਗਦਾ ਏ ਜਾਂ ਨਹੀਂ। ਤੇ ਤੂੰ ਮੰਗ ਲਏ। ਹੱਤ, ਤੇਰੀ ਗੁੱਦੜ ! ਮੰਗਤਾ !... ਪੈਸਿਆਂ ਲਈ ਆਪਣੇ-ਆਪ ਨੂੰ ਏਨਾ ਮੁਸੀਬਤ ਵਿੱਚ ਪਾਉਣਾ ? ਮੂਰਖ ! ਲਾਲਚੀ ਕੁੱਤੇ ! ਕੋਈ ਕਦਰ ਨਹੀਂ ਆਪਣੀ... ਪੰਜ ਕੋਪਕਾਂ ਪਿੱਛੇ ਆਪਣੇ-ਆਪ ਨੂੰ ਵੇਚ ਦੇਣਗੇ !..."

"ਤੂੰ ਕਿੰਨਾਂ ਚੰਗਾ ਏਂ !... ਯਿਸੂ ਮਸੀਹ ਤੇਰੀ ਰਾਖੀ ਕਰੇ ! ਵੇਖ ਹੁਣ, ਮੇਰੇ ਕੋਲ਼ ਕੀ ਏ !... ਮੈਂ ਹੁਣ... ਅਮੀਰ ਆਦਮੀ ਹਾਂ !" ਸਾਰਾ ਮਸਤੀ ਵਿੱਚ ਆ ਕੇ ਕੰਬਦਾ ਹੋਇਆ ਤੇ ਪੈਸਿਆਂ ਨੂੰ ਆਪਣੀ ਕਮੀਜ਼ ਦੇ ਅੰਦਰ ਲੁਕਾਉਂਦਾ ਹੋਇਆ ਗਵਰੀਲਾ ਚੀਂ-ਚੀਂ ਕਰਦੀ ਅਵਾਜ਼ ਵਿੱਚ ਬੋਲ ਰਿਹਾ ਸੀ। "ਆਹ, ਤੂੰ ਕਿੰਨਾ ਚੰਗਾ ਏਂ !... ਸਾਰੀ ਉਮਰ ਮੈਂ ਤੈਨੂੰ ਨਹੀਂ ਭੁਲਾਂਗਾ !... ਕਦੀ ਨਹੀਂ !... ਤੇ ਆਪਣੀ ਵਹੁਟੀ ਤੇ ਬੱਚਿਆਂ ਤੋਂ ਵੀ ਤੇਰੇ ਲਈ ਦੁਆਵਾਂ ਕਰਾਵਾਂਗਾ।"

ਚੇਲਕਾਸ਼ ਨੇ ਉਸ ਦੀ ਖੁਸ਼ੀਭਰੀ ਚੀਂ-ਚੀਂ ਸੁਣੀ, ਲਾਲਚ ਦੇ ਇਸ ਦੌਰੇ ਨਾਲ਼ ਵਿਗੜੇ ਹੋਏ ਤੇ ਚਮਕਦੇ ਮੂੰਹ ਵੱਲ ਵੇਖਿਆ, ਤੇ ਮਹਿਸੂਸ ਕੀਤਾ ਕਿ ਭਾਵੇਂ ਮੈਂ ਚੋਰ ਤੇ ਸ਼ਰਾਬੀ ਹਾਂ, ਪਰ ਏਨਾ ਨੀਵਾਂ ਮੈਂ ਕਦੀ ਨਹੀਂ ਡਿੱਗਾਂਗਾ, ਕਦੀ ਵੀ ਏਨਾ ਲਾਲਚੀ, ਸਵੈਮਾਨ ਤੋਂ

ਸੱਖਣਾ ਨਹੀਂ ਹੋਵਾਂਗਾ। ਕਦੀ ਨਹੀਂ, ਕਦੀ ਵੀ ਨਹੀਂ! ਤੇ ਇਸ ਖ਼ਿਆਲ ਨੇ, ਤੇ ਇਸ ਅਹਿਸਾਸ ਨੇ ਉਸ ਨੂੰ ਆਪਣੀ ਅਜ਼ਾਦੀ ਦੀ ਭਾਵਨਾ ਨਾਲ਼ ਭਰ ਦਿੱਤਾ, ਤੇ ਉਹ ਸਾਗਰ ਤੱਟ ਉੱਤੇ ਗਵਰੀਲਾ ਦੇ ਕੋਲ਼ ਕੁਝ ਹੋਰ ਅਟਕ ਗਿਆ।

"ਤੂੰ ਮੈਨੂੰ ਖ਼ੁਸ਼ੀ ਦੀ ਦਾਤ ਦਿੱਤੀ ਏ!" ਚੇਲਕਾਸ਼ ਦਾ ਹੱਥ ਫੜਦਾ ਤੇ ਇਸ ਨੂੰ ਆਪਣੇ ਮੂੰਹ ਨਾਲ਼ ਦਬਾਉਂਦਾ ਹੋਇਆ ਗਵਰੀਲਾ ਕੂਕਿਆ।

ਚੇਲਕਾਸ਼ ਨੇ ਬਘਿਆੜ ਵਾਂਗ ਆਪਣੇ ਦੰਦ ਕੱਢੇ, ਪਰ ਮੂੰਹੋਂ ਕੁੱਝ ਨਾ ਕਿਹਾ।

"ਤੇ ਪਤੈ, ਮੈਂ ਕੀ ਸੋਚਿਆ ਸੀ!" ਗਵਰੀਲਾ ਬੋਲੀ ਗਿਆ। "ਇਧਰ ਨੂੰ ਆਉਂਦਿਆਂ... ਮੈਂ ਆਪਣੇ-ਆਪ ਵਿੱਚ ਸੋਚ ਰਿਹਾਂ ਸਾਂ... ਮੈਂ ਇਹਨੂੰ... ਤੈਨੂੰ... ਚੱਪੂ ਨਾਲ਼ ਇੱਕ ਧਰਾਂਗਾ... ਠਾਹ!... ਪੈਸੇ ਖੋਹ ਲਵਾਂਗਾ ਤੇ... ਇਹਨੂੰ... ਮਤਲਬ ਤੈਨੂੰ... ਸਮੁੰਦਰ ਵਿੱਚ ਸੁੱਟ ਦੇਵਾਂਗਾ... ਹੈਂ? ਕਿਹਨੂੰ ਇਹਦੀ ਲੋੜ ਏ? ਮੈਂ ਸੋਚਿਆ। ਤੇ ਜਦੋਂ ਇਹਦੀ ਲਾਸ਼ ਮਿਲੇਗੀ ਤਾਂ ਕਿਸੇ ਨੇ ਪੁੱਛਣਾ ਤੱਕ ਨਹੀਂ ਇਹ ਕਿਨ੍ਹੇਂ ਕੀਤੈ ਤੇ ਕਿਵੇਂ। ਇਹਦੇ ਲਈ ਮੱਥਾ ਕੌਣ ਮਾਰੇਗਾ! ਇਹਦੀ ਇੱਥੇ ਕਿਹਨੂੰ ਲੋੜ ਏ! ਇਹਦੇ ਲਈ ਕੋਈ ਕੀ ਕਸ਼ਟ ਕਰੇਗਾ?"

"ਪੈਸੇ ਕੱਢ ਦੇ!" ਗਵਰੀਲਾ ਨੂੰ ਧੌਣ ਤੋਂ ਫ਼ੜਦਿਆਂ ਚੇਲਕਾਸ਼ ਗਰਜ਼ਿਆ।...

ਗਵਰੀਲਾ ਨੇ ਇੱਕ ਦੋ ਵਾਰੀ ਬਾਹਵਾਂ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਚੇਲਕਾਸ਼ ਦੀ ਬਾਂਹ ਉਸ ਦੁਆਲੇ ਸੱਪ ਵਾਂਗ ਵਲੀ ਹੋਈ ਸੀ।... ਕਮੀਜ਼ ਪਾਟਣ ਦੀ ਅਵਾਜ਼ ਆਈ ਤੇ ਗਵਰੀਲਾ ਰੇਤ ਉੱਤੇ ਚਿੱਤ ਡਿੱਗਾ ਪਿਆ ਸੀ, ਉਸ ਦੀਆਂ ਅੱਖਾਂ ਉੱਬਲ ਰਹੀਆਂ ਸਨ, ਉਸ ਦੀਆਂ ਉਂਗਲਾਂ ਜਿਵੇਂ ਹਵਾ ਨੂੰ ਫੜ ਰਹੀਆਂ ਹੋਣ, ਉਸ ਦੇ ਪੈਰ ਲਾਚਾਰੀ ਵਿੱਚ ਵੱਜ ਰਹੇ ਸਨ। ਚੇਲਕਾਸ਼ ਉਸ ਦੇ ਉੱਤੇ ਖੜਾ ਸੀ—ਪਤਲਾ, ਸਿੱਧਾ, ਬਾਜ਼ ਵਾਂਗ, ਸਖ਼ਤ ਖੁਸ਼ਕ ਹਾਸਾ ਹੱਸਦਿਆਂ ਦੰਦ ਕੱਢੇ ਹੋਏ, ਉਸ ਦੇ ਤਿੱਖੇ ਹੱਡਲ ਚਿਹਰੇ ਉੱਤੇ ਮੁੱਛਾਂ ਜਿਵੇਂ ਬੇਚੈਨੀ ਵਿੱਚ ਫ਼ਰਕ ਰਹੀਆਂ ਸਨ। ਆਪਣੀ ਜ਼ਿੰਦਗੀ ਵਿੱਚ ਉਸ ਨੂੰ ਕਦੀ ਏਨੀ ਬੁਰੀ ਤਰ੍ਹਾਂ ਠੇਸ ਨਹੀਂ ਲੱਗੀ, ਤੇ ਕਦੀ ਵੀ ਉਸ ਨੂੰ ਏਨਾ ਗੁੱਸਾ ਨਹੀਂ ਸੀ ਆਇਆ।

"ਕਿਉਂ, ਖੁਸ਼ ਏਂ ਹੁਣ?" ਉਹ ਹੱਸਿਆ, ਫ਼ਿਰ ਉਹ ਮੁੜਿਆ ਤੇ ਸ਼ਹਿਰ ਵੱਲ ਤੁਰ ਪਿਆ। ਅਜੇ ਉਹ ਪੰਜ ਕਦਮ ਵੀ ਨਹੀਂ ਸੀ ਗਿਆ ਕਿ ਗਵਰੀਲਾ ਬਿੱਲੀ ਵਾਂਗ ਕੁੱਬਾ ਹੋ ਕੇ ਭੁੜਕ ਕੇ ਆਪਣੇ ਪੈਰਾਂ ਭਾਰ ਹੋਇਆ, ਤੇ ਆਪਣੀ ਬਾਂਹ ਨੂੰ ਪੂਰਾ ਘੁਮਾਉਂਦਿਆਂ, ਇੱਕ ਵੱਡਾ ਸਾਰਾ ਪੱਥਰ ਉਸ ਨੂੰ ਦੇ ਮਾਰਿਆ।

"ਐਹ ਲੈ!"

ਚੇਲਕਾਸ਼ ਜ਼ਰਾ ਕੁ ਕੱਰਾਹਿਆ, ਆਪਣੇ ਹੱਥ ਸਿਰ ਵੱਲ ਖੜੇ, ਲੜਖੜਾਉਂਦਾ ਅੱਗੇ ਵਧਿਆ, ਪਿੱਛੇ ਗਵਰੀਲਾ ਵੱਲ ਮੁੜਿਆ, ਤੇ ਮੂੰਹ ਦੇ ਭਾਰ ਰੇਤ ਵਿੱਚ ਡਿੱਗ ਪਿਆ। ਗਵਰੀਲਾ ਡਰ ਨਾਲ਼ ਸੁੰਨ ਹੋ ਗਿਆ। ਚੇਲਕਾਸ਼ ਨੇ ਇੱਕ ਲੱਤ ਹਿਲਾਈ, ਆਪਣਾ ਸਿਰ ਚੁੱਕਣ ਦੀ ਕੋਸ਼ਿਸ਼ ਕੀਤੀ, ਤੇ ਤਾਰ ਵਾਂਗ ਕੰਬਦਾ, ਫੈਲ ਗਿਆ। ਫਿਰ ਗਵਰੀਲਾ ਨੱਠ ਉੱਠਿਆ, ਪੂਰੇ ਜ਼ੋਰ ਨਾਲ਼ ਉੱਧਰ, ਜਿੱਧਰ ਹਨ੍ਹੇਰੇ ਸੀਤ ਧੁੰਦ ਵਿੱਚ ਲਪੇਟੇ ਸਤੇਪੀ ਉੱਤੇ ਝੰਡਲ ਕਾਲ਼ਾ ਬੱਦਲ ਲਟਕਿਆ ਹੋਇਆ ਸੀ। ਲਹਿਰਾਂ ਦੀ ਸਰਸਰਾਹਟ ਸੁਣਾਈ ਦੇਂਦੀ ਸੀ

ਜਦੋਂ ਉਹ ਰਿੜ੍ਹਦੀਆਂ ਰੇਤ ਉੱਤੇ ਆਉਂਦੀਆਂ, ਇਸ ਵਿੱਚ ਸਮਾ ਜਾਂਦੀਆਂ ਤੇ ਫ਼ਿਰ ਹੋਰ ਲਹਿਰਾਂ ਰਿੜ੍ਹਦੀਆਂ ਆ ਜਾਂਦੀਆਂ। ਝੱਗ ਸ਼ੂਕ ਰਹੀ ਸੀ ਤੇ ਹਵਾ ਫੁਹਾਰ ਨਾਲ਼ ਭਰੀ ਹੋਈ ਸੀ।

ਮੀਂਹ ਪੈਣ ਲੱਗ ਪਿਆ। ਪਹਿਲਾਂ ਕਿਣ-ਮਿਣ ਸ਼ੁਰੂ ਹੋਈ, ਪਰ ਛੇਤੀ ਹੀ ਮੂਹਲੇਧਾਰ ਮੀਂਹ ਪੈਣ ਲੱਗਾ, ਜਿਹੜਾ ਅਕਾਸ਼ ਵਿੱਚੋਂ ਪਤਲੀਆਂ ਧਾਰਾਂ ਬਣਾ ਕੇ ਆ ਰਿਹਾ ਸੀ। ਇਹ ਨਦੀਆਂ ਪਾਣੀ ਦੇ ਧਾਗਿਆਂ ਦਾ ਇੱਕ ਜਾਲ ਉਣ ਰਹੀਆਂ ਸਨ ਜਿਹੜਾ ਸਤੇਪੀ ਦੇ ਸਾਰੇ ਪਸਾਰ ਨੂੰ, ਸਾਗਰ ਦੇ ਸਾਰੇ ਖਿਲਾਰ ਨੂੰ ਲਪੇਟ ਵਿੱਚ ਲੈ ਰਿਹਾ ਸੀ। ਗਵਰੀਲਾ ਇਸ ਵਿੱਚ ਲੋਪ ਹੋ ਗਿਆ। ਬਹੁਤ ਦੇਰ ਤੱਕ ਕੁੱਝ ਨਹੀਂ ਸੀ ਦਿੱਸਦਾ, ਸਿਵਾਏ ਮੀਂਹ ਦੇ ਅਤੇ ਸਾਗਰ ਦੇ ਕੰਢੇ ਉੱਤੇ ਰੇਤ ਵਿੱਚ ਪਏ ਆਦਮੀ ਦੇ ਲੰਮੇ ਜਿਹੇ ਅਕਾਰ ਦੇ। ਫ਼ਿਰ ਗਵਰੀਲਾ ਮੀਂਹ ਵਿੱਚੋਂ ਨਿਕਲ ਆਇਆ, ਜਿਵੇਂ ਕੋਈ ਪੰਛੀ ਝਪਟਾ ਮਾਰਦਾ ਹੈ। ਚੇਲਕਾਸ਼ ਕੋਲ਼ ਪਹੁੰਚ ਕੇ ਉਹ ਉਸ ਕੋਲ਼ ਗੋਡਿਆਂ ਭਾਰ ਹੋ ਗਿਆ ਤੇ ਉਸ ਨੂੰ ਚੁੱਕਣ ਦੀ ਕੋਸ਼ਿਸ਼ ਕਰਨ ਲੱਗਾ। ਉਸ ਦੇ ਹੱਥ ਨੂੰ ਕੁੱਝ ਕੋਸਾ-ਕੋਸਾ, ਲਾਲ ਤੇ ਚਿਪਕਵਾਂ ਜਿਹਾ ਲੱਗਾ।... ਉਹ ਕੰਬ ਉੱਠਿਆ ਤੇ ਤ੍ਰਭਕ ਕੇ ਪਿੱਛੇ ਹੋ ਗਿਆ। ਉਸ ਦੇ ਚਿੱਟੇ ਮੂੰਹ ਉੱਤੇ ਵਹਿਸ਼ੀ ਜਿਹਾ ਪ੍ਰਗਟਾਅ ਸੀ।

"ਉੱਠ, ਭਰਾ ਉੱਠ!" ਉਹ ਬਾਰਸ਼ ਦੀ ਅਵਾਜ਼ ਤੋਂ ਉੱਚੀ ਉਸ ਦੇ ਕੰਨ ਵਿੱਚ ਬੋਲਿਆ।

ਚੇਲਕਾਸ਼ ਨੇ ਅੱਖਾਂ ਖੋਹਲੀਆਂ ਤੇ ਗਵਰੀਲਾ ਨੂੰ ਮਾੜਾ ਜਿਹਾ ਧੱਕਾ ਦਿੱਤਾ।

"ਦਫ਼ਾ ਹੋ ਜਾ!" ਉਹ ਮੋਟੀ ਜਿਹੀ ਅਵਾਜ਼ ਵਿੱਚ ਫੁਸਫੁਸਾਇਆ।

"ਭਰਾ! ਮੈਨੂੰ ਮੁਆਫ਼ ਕਰ ਦੇ!... ਮੇਰੇ ਉੱਤੇ ਕੋਈ ਭੂਤ ਸਵਾਰ ਹੋ ਗਿਆ ਸੀ..." ਚੇਲਕਾਸ਼ ਦੇ ਹੱਥ ਚੁੰਮਦਾ ਹੋਇਆ ਤੇ ਕੰਬਦਾ ਹੋਇਆ ਗਵਰੀਲਾ ਹੌਲ਼ੀ ਜਿਹੀ ਬੋਲਿਆ।

"ਦਫ਼ਾ ਹੋ ਜਾ! ਮੈਨੂੰ ਛੱਡ ਦੇ!"

"ਮੇਰੀ ਆਤਮਾ ਤੋਂ ਇਸ ਗੁਨਾਹ ਦਾ ਭਾਰ ਲਾਹ ਦੇ!... ਮੈਨੂੰ ਮੁਆਫ਼ ਕਰ ਦੇ, ਭਰਾ!"

"ਹੱਟ ਜਾ!... ਦਫ਼ਾ ਹੋ ਜਾਹ!... ਪੈ ਢੱਠੇ ਖੂਹ ਵਿੱਚ!" ਚੇਲਕਾਸ਼ ਇਕਦਮ ਚੀਕ ਉੱਠਿਆ, ਤੇ ਰੇਤ ਉੱਤੇ ਬੈਠ ਗਿਆ। ਉਸ ਦਾ ਚਿਹਰਾ ਪੀਲ਼ਾ ਪਿਆ ਹੋਇਆ ਤੇ ਗੁੱਸੇ ਵਿੱਚ ਸੀ, ਉਸ ਦੀਆਂ ਅੱਖਾਂ ਧੁੰਦਲੀਆਂ ਸਨ ਤੇ ਮੀਟੀਦੀਆਂ ਜਾ ਰਹੀਆਂ ਸਨ, ਜਿਵੇਂ ਉਸ ਨੂੰ ਨੀਂਦ ਆ ਰਹੀ ਹੋਵੇ। "ਹੋਰ ਤੈਨੂੰ ਕੀ ਚਾਹੀਦੈ? ਜੋ ਤੂੰ ਕਰਨਾ ਚਾਹੁੰਦਾ ਸੈਂ, ਕਰ ਲਿਐ।... ਦਫ਼ਾ ਹੋ ਜਾ ਹੁਣ!" ਉਸ ਨੇ ਅਫ਼ਸੋਸੇ ਹੋਏ ਗਵਰੀਲਾ ਨੂੰ ਠੁੱਡਾ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਨਾ ਮਾਰ ਸਕਿਆ, ਤੇ ਮੁੜ ਕੇ ਢਹਿ ਜਾਂਦਾ ਜੇ ਗਵਰੀਲਾ ਉਸ ਦੇ ਮੋਢਿਆਂ ਦੁਆਲੇ ਬਾਂਹ ਨਾ ਵਲ ਲੈਂਦਾ। ਚੇਲਕਾਸ਼ ਦਾ ਚਿਹਰਾ ਗਵਰੀਲਾ ਦੇ ਚਿਹਰੇ ਦੇ ਬਰਾਬਰ ਉੱਤੇ ਸੀ। ਦੋਵੇਂ ਚਿਹਰੇ ਜ਼ਰਦ ਤੇ ਭਿਆਨਕ ਸਨ।

"ਥੂਹ!" ਤੇ ਚੇਲਕਾਸ਼ ਨੇ ਆਪਣੇ ਸਹਾਇਕ ਦੀਆਂ ਚਪਾਟ ਖੁੱਲ੍ਹੀਆਂ ਅੱਖਾਂ ਵਿੱਚ ਥੁੱਕ ਦਿੱਤਾ।

ਉਸ ਨੇ ਕੁੜਤੇ ਦੀ ਬਾਂਹ ਨਾਲ਼ ਮਸਕੀਨਾਂ ਵਾਂਗ ਥੁੱਕ ਪੂੰਝਿਆ ਤੇ ਫੁਸਫੁਸ ਕੀਤਾ :

"ਜੋ ਚਾਹੇਂ ਕਰ ਲੈ..." ਉਹ ਮਸਾਂ ਸੁਣੀਂਦੀ ਅਵਾਜ਼ ਵਿੱਚ ਬੋਲਿਆ। "ਮੈਂ ਇੱਕ ਲਫਜ਼ ਨਹੀਂ ਬੋਲਾਂਗਾ। ਪਰ ਰੱਬ ਦੇ ਵਾਸਤੇ, ਮੈਨੂੰ ਮੁਆਫ਼ੀ ਦੇ ਦੇਹ!"

"ਤੂੰ ਕਮੀਨੇ!... ਆਪਣਾ ਗੰਦਾ ਕੰਮ ਵੀ ਮਰਦਾਂ ਵਾਂਗ ਨਹੀਂ ਕਰ ਸਕਦਾ," ਹਿਕਾਰਤ ਨਾਲ਼ ਚੇਲਕਾਸ਼ ਕੂਕਿਆ, ਉਸ ਨੇ ਆਪਣੀ ਜੈਕਟ ਦੇ ਅੰਦਰ ਹੱਥ ਖੜਿਆ ਤੇ ਆਪਣੀ ਕਮੀਜ਼ ਨਾਲੋਂ ਇੱਕ ਪੱਟੀ ਪਾੜ ਲਈ, ਜਿਸ ਨਾਲ਼ ਉਸ ਨੇ ਚੁੱਪ-ਚਾਪ ਆਪਣਾ ਸਿਰ ਬੰਨ੍ਹ ਲਿਆ; ਕਦੀ-ਕਦੀ ਉਹ ਦੰਦੀਆਂ ਕਰੀਚਣ ਲੱਗ ਪੈਂਦਾ। "ਤੂੰ ਪੈਸੇ ਲੈ ਲਏ ਨੇ?" ਉਸ ਨੇ ਦੰਦ ਪੀਂਹਦਿਆਂ ਪੁੱਛਿਆ।

"ਨਹੀਂ, ਭਰਾ, ਨਹੀਂ! ਤੇ ਮੈਂ ਲਵਾਂਗਾ ਵੀ ਨਹੀਂ!... ਮੈਨੂੰ ਨਹੀਂ ਚਾਹੀਦੇ। ਇਹਨਾਂ ਤੋਂ ਸਿਰਫ਼ ਬਦਕਿਸਮਤੀ ਹੀ ਨਿਕਲਦੀ ਏ!..."

ਚੇਲਕਾਸ਼ ਨੇ ਆਪਣਾ ਹੱਥ ਆਪਣੀ ਜੈਕਟ ਦੀ ਜੇਬ ਵਿੱਚ ਪਾਇਆ, ਨੋਟਾਂ ਦੀ ਦੱਥੀ ਕੱਢੀ, ਸੌ ਦਾ ਇੱਕ ਨੋਟ ਵਿੱਚੋਂ ਖਿੱਚਿਆ, ਉਹ ਵਾਪਸ ਆਪਣੀ ਜੇਬ ਵਿੱਚ ਪਾ ਲਿਆ ਤੇ ਬਾਕੀ ਦੇ ਗਵਰੀਲਾ ਵੱਲ ਸੁੱਟ ਦਿੱਤੇ।

"ਆਹ ਲੈ, ਤੇ ਨੱਠ ਜਾ!"

"ਮੈਂ ਨਹੀਂ ਲੈਣੇ, ਭਾ... ਮੈਂ ਨਹੀਂ ਲੈ ਸਕਦਾ! ਮੈਨੂੰ ਮੁਆਫ਼ ਕਰ ਦੇ!"

"ਲੈ-ਲੈ, ਤੈਨੂੰ ਕਿਹੈ!" ਆਪਣੀਆਂ ਅੱਖਾਂ ਭਿਆਨਕ ਢੰਗ ਨਾਲ਼ ਫੇਰਦਿਆਂ ਚੇਲਕਾਸ਼ ਕੜਕਿਆ।

"ਮੁਆਫ਼ ਕਰ ਦੇਹ, ਤਾਂ ਲੈ ਲਾਂਗਾ..." ਗਵਰੀਲਾ ਨੇ ਨਿਮਰਤਾ ਨਾਲ਼ ਕਿਹਾ ਤੇ ਮੀਂਹ-ਭਿੱਜੀ ਰੇਤ ਵਿੱਚ ਚੇਲਕਾਸ਼ ਦੇ ਪੈਰਾਂ ਉੱਤੇ ਡਿੱਗ ਪਿਆ।

"ਬਕਵਾਸ ਕਰਦੈਂ। ਤੂੰ ਲੈ ਲਏਂਗਾ, ਕਮੀਨੇ!" ਚੇਲਕਾਸ਼ ਯਕੀਨ ਨਾਲ਼ ਬੋਲਿਆ। ਆਪਣੇ ਸਾਥੀ ਦਾ ਸਿਰ ਵਾਲਾਂ ਤੋਂ ਫੜ ਕੇ ਖਿੱਚਦਿਆਂ, ਉਸ ਨੇ ਪੈਸੇ ਉਸ ਦੇ ਨੱਕ ਦੇ ਹੇਠਾਂ ਧੱਕੇ।

"ਲੈ-ਲੈ! ਲੈ-ਲੈ! ਆਖ਼ਰ ਤੂੰ ਇਹਨਾਂ ਲਈ ਕੰਮ ਕੀਤੈ। ਲੈ-ਲੈ, ਡਰ ਨਾ! ਤੇ ਸ਼ਰਮ ਨਾ ਖਾਹ ਕਿ ਤੂੰ ਇੱਕ ਬੰਦੇ ਨੂੰ ਲਗਭਗ ਕਤਲ ਹੀ ਕਰ ਦਿੱਤਾ! ਮੇਰੇ ਜਿਹੇ ਬੰਦੇ ਨੂੰ ਮਾਰਨ ਲਈ ਤੇਰਾ ਕੋਈ ਪਿੱਛਾ ਨਹੀਂ ਕਰੇਗਾ। ਉਹ ਸਗੋਂ ਸ਼ੁਕਰ ਕਰਨਗੇ ਜਦੋਂ ਉਹਨਾਂ ਨੂੰ ਮੈਂ ਮਰਿਆ ਲੱਭਾ। ਐਹ ਲੈ, ਫੜ।"

ਚੇਲਕਾਸ਼ ਨੂੰ ਹੱਸਦਿਆਂ ਵੇਖ ਕੇ, ਗਵਰੀਲਾ ਦਾ ਦਿਲ ਹੌਲ਼ਾ ਹੋ ਗਿਆ। ਉਸ ਨੇ ਪੈਸੇ ਬੋਚ ਲਏ।

"ਤੇ ਤੂੰ ਮੈਨੂੰ ਮੁਆਫ਼ ਕਰ ਦਿੱਤੈ, ਭਾ? ਤੂੰ ਮੇਰੀ ਖ਼ਾਤਰ ਏਨਾ ਨਹੀਂ ਕਰੇਂਗਾ?" ਉਸ ਨੇ ਹੰਝੂਆਂ ਨਾਲ਼ ਤਰਲਾ ਲਿਆ।

"ਪਿਆਰੇ ਦੋਸਤ!" ਉੱਠਦਾ ਹੋਇਆ ਤੇ ਆਪਣੇ ਪੈਰਾਂ ਉੱਤੇ ਖੜਾ ਝੂਲਦਾ

ਹੋਇਆ ਚੇਲਕਾਸ਼ ਉਸੇ ਅੰਦਾਜ਼ ਵਿੱਚ ਬੋਲਿਆ। "ਮੁਆਫ਼ ਕਰਨ ਵਾਲ਼ੀ ਗੱਲ ਹੀ ਕਿਹੜੀ ਏ ? ਕੋਈ ਗੱਲ ਨਹੀਂ ! ਅੱਜ ਤੂੰ ਮੇਰੇ ਨਾਲ਼ ਹੱਥ ਖੇਡਿਐ, ਕੱਲ੍ਹ ਮੈਂ ਤੇਰੇ ਨਾਲ਼ ਖੇਡਾਂਗਾ..."

"ਆਹ, ਭਰਾ ਮੇਰਿਆ !"... ਸਿਰ ਮਾਰਦਿਆਂ ਹੋਇਆਂ ਗਵਰੀਲਾ ਨੇ ਅਫ਼ਸੋਸ ਜਿਹੇ ਵਿੱਚ ਠੰਡਾ ਸਾਹ ਭਰਿਆ।

ਚੇਲਕਾਸ਼, ਮੂੰਹ ਉੱਤੇ ਅਜੀਬ ਜਿਹੀ ਮੁਸਕਾਨ ਨਾਲ਼, ਉਸ ਦੇ ਸਾਮ੍ਹਣੇ ਖੜਾ ਸੀ। ਉਸ ਦੇ ਸਿਰ ਉੱਤੇ ਬੱਝੀ ਪੱਟੀ, ਜਿਹੜੀ ਹੌਲ਼ੀ-ਹੌਲ਼ੀ ਲਾਲ ਹੁੰਦੀ ਜਾਂਦੀ ਸੀ, ਤੁਰਕੀ ਟੋਪੀ ਨਾਲ਼ ਮਿਲਦੀ ਜੁਲਦੀ ਸੀ।

ਮੀਂਹ ਮੋਘਲਾ ਬਣ ਗਿਆ। ਸਮੁੰਦਰ ਹੌਲ਼ੀ-ਹੌਲ਼ੀ ਗਰਜ਼ ਰਿਹਾ ਸੀ। ਲਹਿਰਾਂ ਵਹਿਸ਼ੀ ਢੰਗ ਨਾਲ਼ ਕੰਢਿਆਂ ਵੱਲ ਧਾ ਰਹੀਆਂ ਸਨ।

ਦੋਵੇਂ ਬੰਦੇ ਚੁੱਪ-ਚਾਪ ਖੜੇ ਸਨ।

"ਅੱਛਾ, ਅਲਵਿਦਾ !" ਜਾਣ ਲਈ ਮੁੜਦਿਆਂ ਚੇਲਕਾਸ਼ ਨੇ ਠੱਠਾ ਉਡਾਉਂਦੇ ਢੰਗ ਨਾਲ਼ ਕਿਹਾ।

ਉਹ ਥਿੜਕਿਆ, ਉਸ ਦੀਆਂ ਲੱਤਾਂ ਕੰਬ ਰਹੀਆਂ ਸਨ, ਤੇ ਉਸ ਨੇ ਆਪਣਾ ਸਿਰ ਫੜਿਆ ਹੋਇਆ ਸੀ, ਜਿਵੇਂ ਡਰ ਰਿਹਾ ਹੋਵੇ ਕਿ ਕਿਧਰੇ ਗੁਆਚ ਨਾ ਜਾਏ।

"ਮੈਨੂੰ ਮੁਆਫ਼ ਕਰ ਦੇ, ਭਾ !" ਗਵਰੀਲਾ ਨੇ ਇੱਕ ਵਾਰੀ ਹੋਰ ਮਿੰਨਤ ਕੀਤੀ।

"ਠੀਕ ਏ, ਕੋਈ ਗੱਲ ਨਹੀਂ," ਚੇਲਕਾਸ਼ ਨੇ ਭਾਵਹੀਣ ਢੰਗ ਨਾਲ਼ ਕਿਹਾ ਤੇ ਤੁਰ ਪਿਆ।

ਉਹ ਠੇਡੇ ਖਾਂਦਾ ਵੱਧਦਾ ਗਿਆ; ਸਿਰ ਨੂੰ ਖੱਬੇ ਹੱਥ ਨਾਲ਼ ਫੜੀ, ਸੱਜੇ ਹੱਥ ਨਾਲ਼ ਉਹ ਹੌਲ਼ੀ-ਹੌਲ਼ੀ ਆਪਣੀਆਂ ਭੂਰੀਆਂ ਮੁੱਛਾਂ ਨੂੰ ਮਰੋੜ ਜਾ ਰਿਹਾ ਸੀ।

ਗਵਰੀਲਾ ਉੱਥੇ ਖੜਾ ਉਸ ਨੂੰ ਦੇਖਦਾ ਰਿਹਾ ਜਦੋਂ ਤੱਕ ਉਹ ਮੀਂਹ ਵਿੱਚ ਲੋਪ ਨਾ ਹੋ ਗਿਆ, ਜਿਹੜਾ ਹੁਣ ਬੇਅੰਤ ਪਤਲੀਆਂ- ਪਤਲੀਆਂ ਧਾਰਾਂ ਬਣਾ ਕੇ ਪੈ ਰਿਹਾ ਸੀ, ਤੇ ਸਤੈਪੀ ਨੂੰ ਅਟੁੱਟ ਗੂੜ੍ਹੀ ਸਲੇਟੀ ਉਦਾਸੀ ਵਿੱਚ ਲਪੇਟੀ ਜਾ ਰਿਹਾ ਸੀ।

ਫ਼ਿਰ ਉਸ ਨੇ ਆਪਣੀ ਗਿੱਲੀ ਟੋਪੀ ਲਾਹੀ, ਸਲੀਬ ਦਾ ਨਿਸ਼ਾਨ ਬਣਾਇਆ, ਆਪਣੇ ਹੱਥਾਂ ਵਿਚਲੇ ਪੈਸਿਆਂ ਵੱਲ ਵੇਖਿਆ, ਡੂੰਘਾ ਸੁੱਖ ਦਾ ਸਾਹ ਲਿਆ, ਪੈਸਿਆਂ ਨੂੰ ਆਪਣੀ ਕਮੀਜ਼ ਵਿੱਚ ਲੁਕਾਇਆ ਤੇ ਚੇਲਕਾਸ਼ ਤੋਂ ਉਲਟੇ ਪਾਸੇ ਤੱਟ ਉੱਤੇ ਭਰੋਸੇ ਨਾਲ਼ ਤੁਰ ਪਿਆ।

ਸਾਗਰ ਆਪਣੀਆਂ ਲਹਿਰਾਂ ਨੂੰ ਰੇਤ ਉੱਤੇ ਸੁੱਟਦਾ ਹੋਇਆ ਤੇ ਉਹਨਾਂ ਨੂੰ ਪਟਕਾ ਕੇ ਝੱਗ ਤੇ ਫੁਹਾਰ ਵਿੱਚ ਬਦਲਦਾ ਹੋਇਆ ਗਰਜ਼ ਰਿਹਾ ਸੀ। ਮੀਂਹ ਪਾਣੀ ਉੱਤੇ ਵੀ ਤੇ ਧਰਤੀ ਉੱਤੇ ਵੀ ਕੜਾਕੇਦਾਰ ਢੰਗ ਨਾਲ਼ ਪੈ ਰਿਹਾ ਸੀ, ਹਵਾ ਚਾਂਘਰ ਰਹੀ ਸੀ।... ਵਾਯੂਮੰਡਲ ਗਰਜ਼, ਚਿੱਲਾਹਟ ਤੇ ਸੁਰਸੁਰ ਨਾਲ਼ ਭਰਿਆ ਪਿਆ ਸੀ।... ਮੀਂਹ ਕਾਰਨ ਸਾਗਰ ਤੇ ਅਕਾਸ਼ ਨਹੀਂ ਸਨ ਦਿੱਸ ਰਹੇ।

ਛੇਤੀ ਹੀ ਮੀਂਹ ਤੇ ਲਹਿਰਾਂ ਦੀ ਫੁਹਾਰ ਨੇ ਰੇਤ ਉੱਤੋਂ ਉਸ ਲਾਲ ਨਿਸ਼ਾਨ ਨੂੰ ਧੋ

ਸੁੱਟਿਆ, ਜਿੱਥੇ ਚੇਲਕਾਸ਼ ਪਿਆ ਹੋਇਆ ਸੀ, ਚੇਲਕਾਸ਼ ਦੇ ਕਦਮਾਂ ਦੇ ਨਿਸ਼ਾਨ ਧੋ ਸੁੱਟੇ, ਉਸ ਨੌਜਵਾਨ ਦੇ ਕਦਮਾਂ ਦੇ ਨਿਸ਼ਾਨ ਧੋ ਸੁੱਟੇ... ਤੇ ਸਾਗਰ ਦੇ ਇਸ ਸੁੰਨੇ ਕਿਨਾਰੇ ਉੱਤੇ ਕੋਈ ਵੀ ਨਿਸ਼ਾਨ ਨਹੀਂ ਸੀ ਰਹਿ ਗਿਆ ਜਿਹੜਾ ਉਸ ਨਿੱਕੇ ਜਿਹੇ ਨਾਟਕ ਦੀ ਯਾਦ ਦੁਆਉਂਦਾ ਹੋਵੇ, ਜਿਹੜਾ ਇੱਥੇ ਦੋ ਬੰਦਿਆਂ ਵਿਚਕਾਰ ਖੇਡਿਆ ਗਿਆ ਸੀ।

1894

# ਇੱਕ ਛੋਟੇ ਮੁੰਡੇ ਅਤੇ ਕੁੜੀ ਦੀ ਕਹਾਣੀ ਜਿਹੜੇ ਬਰਫ਼ੀਲੀ ਠੰਢ 'ਚ ਕਾਂਬੇ ਨਾਲ਼ ਮਰੇ ਨਹੀਂ

**ਇਹ** ਇੱਕ ਆਮ ਰਿਵਾਜ ਹੋ ਗਿਆ ਹੈ ਕਿ ਸਾਲ ਵਿੱਚ ਇੱਕ ਵਾਰ ਵੱਡੇ ਦਿਨ ਦੀਆਂ ਕਹਾਣੀਆਂ ਵਿੱਚ ਕੁਝ ਛੋਟੇ ਮੁੰਡੇ ਅਤੇ ਕੁੜੀਆਂ ਨੂੰ ਬਰਫ਼ ਜਾਂ ਪਾਲ਼ੇ ਵਿੱਚ ਜਮਾ ਕੇ ਮਾਰ ਦਿੱਤਾ ਜਾਂਦਾ ਹੈ। ਵੱਡੇ ਦਿਨ ਦੀ ਸਨਮਾਨਿਤ ਕਹਾਣੀ ਦਾ ਵਿਚਾਰਾ ਗਰੀਬ ਛੋਟਾ ਮੁੰਡਾ ਜਾਂ ਗਰੀਬ ਛੋਟੀ ਕੁੜੀ ਆਮ ਤੌਰ 'ਤੇ ਕਿਸੇ ਕਿਲ੍ਹੇ ਦੀ ਖਿੜਕੀ ਰਾਹੀਂ ਸ਼ਾਨਦਾਰ ਦੀਵਾਨਖਾਨੇ ਵਿੱਚ ਜਗਮਗਾਉਂਦੇ ਵੱਡੇ ਦਿਨ ਦੇ ਦਰੱਖਤ ਨੂੰ ਮੁਗਧ ਹੋ ਕੇ ਦੇਖਦੇ ਰਹਿੰਦੇ ਹਨ ਅਤੇ ਫਿਰ ਬਰਫ਼-ਪਾਲ਼ੇ ਵਿੱਚ ਜੰਮ ਕੇ ਮਰ ਜਾਂਦੇ ਹਨ, ਕੁੜੱਤਣ ਅਤੇ ਘੋਰ ਨਿਰਾਸ਼ਾ ਵਿੱਚ ਡੁੱਬੇ ਹੋਏ।

ਇਹਨਾਂ ਲੇਖਕਾਂ ਦੇ ਨੇਕ ਇਰਾਦੇ ਦੀ ਮੈਂ ਕਦਰ ਕਰਦਾ ਹਾਂ, ਬਾਵਜੂਦ ਉਸ ਨਿਰਦਈਪੁਣੇ ਦੇ, ਜਿਸ ਨਾਲ਼ ਉਹ ਆਪਣੇ ਇਹਨਾਂ ਨੰਨ੍ਹੇ ਨਾਇਕ ਅਤੇ ਨਾਇਕਾਵਾਂ ਦਾ ਟਿਕਟ ਕਟਾਉਂਦੇ ਹਨ। ਮੈਂ ਜਾਣਦਾ ਹਾਂ ਕਿ ਇਹ ਲੇਖਕ ਇਹਨਾਂ ਗਰੀਬ ਛੋਟੇ ਬੱਚਿਆਂ ਨੂੰ ਠੰਡ 'ਚ ਇਸ ਲਈ ਜਮ੍ਹਾ ਦਿੰਦੇ ਹਨ ਤਾਂ ਕਿ ਛੋਟੇ ਅਮੀਰ ਬੱਚਿਆਂ ਨੂੰ ਉਹਨਾਂ ਦੀ ਹੋਂਦ ਦੀ ਯਾਦ ਦੁਆਈ ਜਾ ਸਕੇ, ਪਰ ਜਿੱਥੋਂ ਤੱਕ ਮੇਰਾ ਸਬੰਧ ਹੈ, ਐਨੇ ਚੰਗੇ ਮਕਸਦ ਲਈ ਵੀ ਕਿਸੇ ਛੋਟੇ ਗਰੀਬ ਮੁੰਡੇ ਜਾਂ ਛੋਟੀ ਗਰੀਬ ਕੁੜੀ ਨੂੰ ਜਮ੍ਹਾ ਕੇ ਮਾਰ ਦੇਣਾ ਮੇਰੇ ਵੱਸ ਤੋਂ ਬਾਹਰੀ ਗੱਲ ਹੈ। ਮੈਂ ਖੁਦ ਬਰਫ਼-ਪਾਲ਼ੇ ਵਿੱਚ ਜੰਮ ਕੇ ਕਦੇ ਨਹੀਂ ਮਰਿਆ ਅਤੇ ਨਾ ਹੀ ਮੈਂ ਕਿਸੇ ਛੋਟੇ ਗਰੀਬ ਮੁੰਡੇ ਜਾਂ ਕੁੜੀ ਨੂੰ ਕਦੇ ਠੰਢ ਨਾਲ਼ ਜੰਮ ਕੇ ਮਰਦੇ ਵੇਖਿਆ ਹੈ। ਇਸ ਲਈ ਮੈਨੂੰ ਡਰ ਹੈ ਕਿ ਠੰਢ 'ਚ ਆਕੜ ਕੇ ਮਰਨ ਦੀ ਵੇਦਨਾ ਦਾ ਚਿਤਰਣ ਕਰਨ ਦਾ ਮੇਰਾ ਯਤਨ— ਜੇਕਰ ਮੈਂ ਅਜਿਹਾ ਕੀਤਾ ਤਾਂ— ਕਿਤੇ ਹਾਸੋਹੀਣਾ ਬਣ ਕੇ ਨਾ ਰਹਿ ਜਾਵੇ। ਹੋਰ ਤਾਂ ਹੋਰ ਇਹ ਥੋੜ੍ਹਾ ਅਜੀਬ ਜਿਹਾ ਵੀ ਲੱਗਦਾ ਹੈ ਕਿ ਇੱਕ ਜਿਉਂਦੇ ਜਾਗਦੇ ਪ੍ਰਾਣੀ ਨੂੰ ਸਿਰਫ਼ ਇਸ ਲਈ ਮਾਰ ਦਿੱਤਾ ਜਾਵੇ ਤਾਂ ਕਿ ਇੱਕ ਦੂਜੇ ਜਿਉਂਦੇ ਜਾਗਦੇ ਪ੍ਰਾਣੀ ਨੂੰ ਉਸਦੀ ਹੋਂਦ ਦਾ ਅਹਿਸਾਸ ਕਰਵਾਇਆ ਜਾ ਸਕੇ।

ਅਤੇ ਇਹੀ ਵਜ੍ਹਾ ਹੈ ਕਿ ਮੈਨੂੰ ਇੱਕ ਅਜਿਹੇ ਛੋਟੇ ਮੁੰਡੇ ਅਤੇ ਕੁੜੀ ਦੀ ਕਹਾਣੀ ਸੁਣਾਉਣੀ ਜ਼ਿਆਦਾ ਪਸੰਦ ਹੈ ਜਿਹੜੇ ਬਰਫ਼ੀਲੀ ਠੰਢ ਵਿੱਚ ਆਕੜ ਕੇ ਮਰੇ ਨਹੀਂ।

ਵੱਡੇ ਦਿਨ ਤੋਂ ਇੱਕ ਦਿਨ ਪਹਿਲਾਂ ਦੀ ਸ਼ਾਮ ਸੀ। ਛੇ ਵਜੇ ਦਾ ਸਮਾਂ ਸੀ। ਹਵਾ ਚੱਲ ਰਹੀ ਸੀ, ਬਰਫ਼ ਦੇ ਬੱਦਲ ਉਡਾਉਂਦੀ ਹੋਈ। ਇਹ ਠੰਢੇ ਪਾਰਦਰਸ਼ੀ ਬੱਦਲ਼, ਝਿਲਮਿਲ ਚੂਰੇ ਵਰਗੇ ਹੌਲ਼ੇ ਅਤੇ ਪਤਲੇ, ਚਾਰੇ ਪਾਸੇ ਉੱਡਦੇ ਫਿਰ ਰਹੇ ਸਨ। ਉਹ ਰਾਹੀਆਂ ਦੇ ਚਿਹਰਿਆਂ ਨਾਲ਼ ਟਕਰਾਉਂਦੇ, ਗੱਲ੍ਹਾਂ ਵਿੱਚ ਸੂਈਆਂ ਜਿਹੀਆਂ ਚੋਭਦੇ, ਅਤੇ ਘੋੜਿਆਂ ਦੀਆਂ ਗਰਦਨਾਂ 'ਤੇ ਬਰਫ਼ ਛਿੜਕ ਜਾਂਦੇ। ਘੋੜੇ ਆਪਣੇ ਸਿਰ ਝਟਕਦੇ, ਜ਼ੋਰ ਨਾਲ਼ ਹਿਣਕਦੇ ਅਤੇ ਆਪਣੀਆਂ ਨਾਸਾਂ ਵਿੱਚੋਂ ਭਾਫ ਦੇ ਬੱਦਲ਼ ਛੱਡਦੇ। ਬਿਜਲੀ ਦੀਆਂ ਤਾਰਾਂ 'ਤੇ ਬਰਫ਼ ਇੰਜ ਪਈ ਸੀ ਕਿ ਉਹ ਸਫੈਦ ਰੇਸ਼ਮੀ ਰੱਸੀਆਂ ਵਰਗੀਆਂ ਜਾਪਦੀਆਂ ਸਨ। ਅਸਮਾਨ ਬਿਲਕੁਲ ਸਾਫ਼ ਅਤੇ

ਤਾਰਿਆਂ ਨਾਲ਼ ਭਰਿਆ ਹੋਇਆ ਸੀ। ਤਾਰੇ ਐਨੀ ਤੀਬਰਤਾ ਨਾਲ਼ ਚਮਕ ਰਹੇ ਸਨ ਕਿ ਇੰਝ ਲੱਗਦਾ ਸੀ ਜਿਵੇਂ ਕਿਸੇ ਨੇ, ਵੱਡੇ ਦਿਨ ਦੇ ਸ਼ੁਭ ਅਵਸਰ ’ਤੇ, ਉਹਨਾਂ ਨੂੰ ਪਾਲਿਸ਼ ਨਾਲ਼ ਰਗੜ ਕੇ ਚਮਕਾ ਦਿੱਤਾ ਹੋਵੇ, ਭਾਵੇਂ ਕਿ ਇਹ ਇੱਕ ਅਸੰਭਵ ਜਿਹੀ ਗੱਲ ਸੀ।

ਸੜ੍ਹਕ ਤੇ ਲੋਕਾਂ ਦੀ ਚਹਿਲ-ਪਹਿਲ ਅਤੇ ਸ਼ੋਰ-ਸ਼ਰਾਬਾ ਵਧ ਰਿਹਾ ਸੀ। ਸੜ੍ਹਕ ਦੇ ਵਿਚਾਲੇ ਘੋੜੇ ਥਿਰਕ ਰਹੇ ਸਨ ਅਤੇ ਲੋਕ ਫੁੱਟਪਾਥਾਂ ’ਤੇ ਚੱਲ ਰਹੇ ਸਨ — ਕੁਝ ਕਾਹਲ਼ੀ-ਕਾਹਲ਼ੀ ਅਤੇ ਕੁਝ ਅਰਾਮ ਨਾਲ਼ ਹੌਲ਼ੀ-ਹੌਲ਼ੀ। ਕੁਝ ਕਾਹਲ਼ੀ ਵਿੱਚ ਇਸ ਲਈ ਸਨ ਕਿ ਉਹਨਾਂ ਨੂੰ ਚਿੰਤਾਵਾਂ ਅਤੇ ਜਿੰਮੇਵਾਰੀਆਂ ਦਾ ਅਹਿਸਾਸ ਸੀ ਅਤੇ ਉਹਨਾਂ ਕੋਲ਼ ਗਰਮ ਕੋਟ ਨਹੀਂ ਸਨ, ਅਤੇ ਦੂਜੇ ਲੋਕ ਅਰਾਮ ਨਾਲ਼ ਇਸ ਲਈ ਚੱਲ ਰਹੇ ਸਨ ਕਿ ਉਹ ਇਹਨਾਂ ਜਿੰਮੇਵਾਰੀਆਂ ਦੇ ਭਾਰ ਤੋਂ ਅਜ਼ਾਦ ਸਨ ਅਤੇ ਉਹਨਾਂ ਕੋਲ਼ ਗਰਮ ਸਗੋਂ ਰੂੰਦਾਰ ਕੋਟ ਸਨ।

ਅਜਿਹੇ ਲੋਕਾਂ ਵਿੱਚੋਂ ਹੀ ਇੱਕ—ਜਿਹੜਾ ਚਿੰਤਾਵਾਂ ਤੋਂ ਅਜ਼ਾਦ ਸੀ ਅਤੇ ਉਸਨੇ ਖ਼ੂਬਸੂਰਤ ਕਾਲਰ ਵਾਲ਼ਾ ਕੋਟ ਪਹਿਨਿਆ ਹੋਇਆ ਸੀ, ਉਹ ਵੀ ਇਹੋ ਜਿਹਾ ਜਿਸ ਵਿੱਚ ਪੈਬੰਦ ਲੱਗਿਆ ਹੋਇਆ ਸੀ, — ਬਹੁਤ ਹੀ ਕਾਇਦੇ ਨਾਲ਼ ਪਟੜੀ ’ਤੇ ਚੱਲ ਰਿਹਾ ਸੀ। ਉਸ ਭੱਦਰ-ਪੁਰਸ਼ ਦੇ ਬਿਲਕੁਲ ਪੈਰਾਂ ਹੇਠ ਲੀਰਾਂ ਅਤੇ ਲੋਗੜ ਵਿੱਚ ਲਿਪਟੀਆਂ ਦੋ ਛੋਟੀਆਂ-ਛੋਟੀਆਂ ਗੇਂਦਾਂ ਜਿਹੀਆਂ ਦਿਖਾਈ ਦਿੱਤੀਆਂ ਅਤੇ ਨਾਲ਼ ਹੀ ਦੋ ਨੰਨ੍ਹੀਆਂ ਅਵਾਜ਼ਾਂ ਸੁਣਾਈ ਦਿੱਤੀਆਂ:

“ਕ੍ਰਿਪਾ ਦੇ ਸਾਗਰ...” ਇੱਕ ਛੋਟੀ ਕੁੜੀ ਨੇ ਸੁਰ ਛੇੜਿਆ।

“ਬਾਦਸ਼ਾਹਾਂ ਦੇ ਬਾਦਸ਼ਾਹ...” ਇੱਕ ਛੋਟੇ ਮੁੰਡੇ ਦੀ ਧੁਨ ਵੀ ਉਸਦੇ ਨਾਲ਼ ਮਿਲ ਗਈ।

“ਇੱਕ ਟੁੱਕ ਰੋਟੀ ਲਈ ਦਾਨ ਕਰੋ, — ਕੁਝ ਤਾਂ ਦਿਓ, ਮਾਲਿਕ!”

“ਇੱਕ ਕੋਪੇਕ ਰੋਟੀ ਲਈ। ਤਿਓਹਾਰ ਦੇ ਦਿਨ ਲਈ!”

ਇਸ ਤਰ੍ਹਾਂ ਦੋਹਾਂ ਨੇ ਆਪਣੀ ਬੇਨਤੀ ਪੂਰੀ ਕੀਤੀ।

ਇਹ ਬੱਚੇ ਹੀ ਇਸ ਕਹਾਣੀ ਦੇ ਨਾਇਕ ਅਤੇ ਨਾਇਕਾ ਸਨ— ਛੋਟੇ ਗਰੀਬ ਬੱਚੇ। ਮੁੰਡੇ ਦਾ ਨਾਮ ਸੀ ਮਿਸ਼ਕਾ ਪ੍ਰਿਸ਼ਚ ਅਤੇ ਕੁੜੀ ਦਾ ਕਾਤਕਾ ਰਿਆਬਾਯਾ।

ਉਸ ਭੱਦਰ-ਪੁਰਸ਼ ਨੇ ਰੁਕਣ ਦੀ ਵੀ ਤਕਲੀਫ਼ ਨਾ ਕੀਤੀ, ਇਸ ਲਈ ਬੱਚੇ ਬਾਰ-ਬਾਰ ਉਸਦੇ ਪੈਰਾਂ ਵਿੱਚ ਗੋਤੇ ਲਗਾਉਂਦੇ ਅਤੇ ਉਸਦੇ ਸਾਹਮਣੇ ਆ ਕੇ ਖੜੇ ਹੋ ਜਾਂਦੇ। ਕਾਤਕਾ ਵੱਧ ਤੋਂ ਵੱਧ ਉਮੀਦ ਨਾਲ਼ ਸਾਹ ਰੋਕ ਕੇ ਫੁਸਫੁਸਾ ਕੇ ਕਹਿੰਦੀ: “ਸਿਰਫ਼ ਇੱਕ ਟੁੱਕ ਰੋਟੀ,” ਅਤੇ ਮਿਸ਼ਕਾ ਇਸ ਸੱਜਣ ਦਾ ਰਾਹ ਰੋਕਣ ਦੀ ਕੋਈ ਕਸਰ ਨਾ ਛੱਡਦਾ।

ਉਹ ਆਦਮੀ ਜਦੋਂ ਇਸ ਸਭ ਕਾਸੇ ਤੋਂ ਅੱਕ ਗਿਆ ਤਾਂ ਉਸਨੇ ਆਪਣੇ ਫ਼ਰਦਾਰ ਕੋਟ ਦਾ ਬਟਨ ਖੋਲ੍ਹ ਕੇ ਆਪਣਾ ਬਟੂਆ ਬਾਹਰ ਕੱਢਿਆ, ਨੱਕ ਕੋਲ਼ ਬਟੂਏ ਨੂੰ ਫੜਫੜਾਉਂਦੇ ਹੋਏ ਉਸ ਵਿੱਚੋਂ ਇੱਕ ਸਿੱਕਾ ਕੱਢਿਆ, ਫਿਰ ਉਸ ਸਿੱਕੇ ਨੂੰ ਆਪਣੇ ਸਾਹਮਣੇ ਫੈਲੇ ਛੋਟੇ-ਛੋਟੇ ਅਤੇ ਬੇਹੱਦ ਗੰਦੇ ਹੱਥਾਂ ਵਿੱਚੋਂ ਇੱਕ ਵਿੱਚ ਸੁੱਟ ਦਿੱਤਾ।

ਲੀਰਾਂ ਦੀਆਂ ਉਹ ਦੋ ਗੇਂਦਾਂ, ਇੱਕ ਹੀ ਪਲ ਵਿੱਚ, ਇਸ ਸੱਜਣ ਦੇ ਰਾਹ ’ਚੋਂ ਹਟ ਕੇ ਇੱਕ ਫਾਟਕ ’ਤੇ ਜਾ ਪਹੁੰਚੀਆਂ, ਜਿੱਥੇ ਉਹ ਕੁਝ ਦੇਰ ਇੱਕ ਦੂਜੇ ਨਾਲ਼ ਲਿਪਟੀਆਂ ਖੜੀਆਂ

ਰਹੀਆਂ ਅਤੇ ਚੁੱਪਚਾਪ ਸੜ੍ਹਕ ਦੇ ਉੱਤੇ-ਥੱਲੇ ਨਜ਼ਰ ਮਾਰਦੀਆਂ ਰਹੀਆਂ।

"ਬੁੱਢਾ ਸ਼ੈਤਾਨ, ਕੰਬਖਤ ਨੇ ਸਾਡੇ ਵੱਲ ਦੇਖਿਆ ਤੱਕ ਨਹੀਂ," ਛੋਟੇ ਗਰੀਬ ਮੁੰਡੇ ਨੇ ਕੁੜੱਤਣ ਨਾਲ਼ ਭਰੇ ਜੇਤੂ ਅੰਦਾਜ਼ ਵਿੱਚ ਫੁਸਫੁਸਾਉਂਦਿਆਂ ਕਿਹਾ।

"ਉਹ ਮੋੜ ਦੇ ਪਰਲੇ ਪਾਸੇ, ਕੋਚਵਾਨਾਂ ਵੱਲ, ਗਿਆ ਹੈ," ਕੁੜੀ ਨੇ ਦੱਸਿਆ: "ਪਰ ਪਤੰਦਰ ਨੇ ਦਿੱਤਾ ਕੀ ਹੈ ?"

"ਦਸ ਕੋਪੇਕ," ਮਿਸ਼ਕਾ ਨੇ ਲਾਪਰਵਾਹੀ ਨਾਲ਼ ਕਿਹਾ।

"ਤਾਂ ਹੁਣ ਕੁੱਲ ਕਿੰਨੇ ਹੋ ਗਏ ?"

"ਸਤੱਤ੍ਹਰ ਕੋਪੇਕ।"

"ਅੱਛਾ ! ਐਨੇ ? ਅੱਜ ਤਾਂ ਫਿਰ ਜਲਦੀ ਹੀ ਘਰ ਚਲੇ ਜਾਵਾਂਗੇ, — ਕਿਉਂ ਠੀਕ ਹੈ ਨਾ ? ਠੰਢ ਬਹੁਤ ਹੈ !"

"ਐਨੀ ਵੀ ਕੀ ਜਲਦੀ ਹੈ," ਮਿਸ਼ਕਾ ਨੇ ਉਤਸ਼ਾਹ 'ਤੇ ਪਾਣੀ ਫੇਰਦਿਆਂ ਕਿਹਾ: "ਨਾਲ਼ੇ ਧਿਆਨ ਰੱਖ, ਬਹੁਤਾ ਖੁੱਲ੍ਹ ਕੇ ਕੰਮ ਨੀ ਕਰਨਾ। ਜੇ ਕਿਤੇ ਥਾਣੇਦਾਰ ਨੇ ਫੜ ਲਿਆ ਨਾ ਤਾਂ ਤੇਰੇ ਸਾਰੇ ਵਾਲ਼ ਕਟਵਾ ਕੇ ਤੈਨੂੰ ਕਬੂਤਰੀ ਬਣਾ ਦਊ। ਉਏ ਔਹ ਦੇਖ, ਇੱਕ ਬਜਰਾ ਤੁਰਿਆ ਆ ਰਿਹੈ। ਚੱਲ ਚੱਲੀਏ !"

ਇਹ ਬਜਰਾ ਇੱਕ ਮੋਟੀ ਔਰਤ ਸੀ ਜਿਸਨੇ ਖੱਲ ਦਾ ਕੋਟ ਪਹਿਨਿਆ ਹੋਇਆ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਮਿਸ਼ਕਾ ਇੱਕ ਬਹੁਤ ਹੀ ਸ਼ੈਤਾਨ ਮੁੰਡਾ ਸੀ, ਬਹੁਤ ਹੀ ਗੰਵਾਰ ਅਤੇ ਵੱਡਿਆਂ ਦੀ ਇੱਜ਼ਤ ਨਾ ਕਰਨ ਵਾਲ਼ਾ।

"ਦਯਾ ਦੀ ਦੇਵੀ..." ਉਹ ਮਮਿਆਇਆ।

"ਮਾਂ ਮਰੀਅਮ ਦੇ ਨਾਮ 'ਤੇ..." ਕਾਤਕਾ ਨੇ ਸਾਥ ਦਿੱਤਾ।

"ਛੀ ! ਕੰਬਖਤ ਤਿੰਨ ਕੋਪੇਕ 'ਤੇ ਹੀ ਰਹਿ ਗਈ, ਬੁੱਢੀ ਚੁੜੇਲ !" ਮਿਸ਼ਕਾ ਨੇ ਉਸਨੂੰ ਬੁਰਾ-ਭਲਾ ਕਿਹਾ ਅਤੇ ਫਿਰ ਛਾਲ਼ ਮਾਰ ਕੇ ਫਾਟਕ 'ਤੇ ਪਹੁੰਚ ਗਿਆ।

ਬਰਫ਼ ਦੇ ਬੱਦਲ ਅਜੇ ਵੀ ਸੜ੍ਹਕ 'ਤੇ ਘੁੰਮ ਰਹੇ ਸਨ ਅਤੇ ਹਵਾ ਪਹਿਲਾਂ ਨਾਲ਼ੋਂ ਹੋਰ ਤੇਜ਼ ਹੁੰਦੀ ਜਾ ਰਹੀ ਸੀ। ਟੈਲੀਗ੍ਰਾਫ ਦੀਆਂ ਤਾਰਾਂ ਭਿਣਭਿਣਾ ਰਹੀਆਂ ਸਨ। ਬਰਫ਼-ਗੱਡੀਆਂ ਦੀਆਂ ਸਲੈਬਾਂ ਹੇਠ ਬਰਫ਼ ਚਰਮਰਾ ਰਹੀ ਸੀ। ਅਤੇ ਸੜ੍ਹਕ ਦੇ ਪਰਲੇ ਪਾਸਿਓਂ, ਕਿਤੋਂ ਦੂਰੋਂ, ਕਿਸੇ ਔਰਤ ਦੇ ਖਿੜਖਿੜਾ ਕੇ ਹੱਸਣ ਦੀ ਗੂੰਜਦਾਰ ਅਵਾਜ਼ ਆ ਰਹੀ ਸੀ।

"ਕਿਉਂ ਅੱਜ ਚਾਚੀ ਅਨਫਿਸਾ ਫਿਰ ਨਸ਼ੇ 'ਚ ਟੱਲੀ ਹੋਊਗੀ, ਹੈ ਨਾ ?" ਕਾਤਕਾ ਨੇ ਪੁੱਛਿਆ ਤੇ ਆਪਣੇ ਸਾਥੀ ਨਾਲ਼ ਹੋਰ ਚੰਗੀ ਤਰ੍ਹਾਂ ਜੁੜ ਕੇ ਬੈਠ ਗਈ।

"ਲੱਗਦਾ ਤਾਂ ਇਹੀ ਹੈ। ਫਿਰ ਉਸਨੂੰ ਰੋਕ ਵੀ ਕਿਹੜਾ ਸਕਦੈ ? ਪੂਰੀ ਟੱਲੀ ਹੋਊਗੀ," ਮਿਸ਼ਕਾ ਨੇ ਨਿਸ਼ਚਿਤ ਸੁਰ ਵਿੱਚ ਜਵਾਬ ਦਿੱਤਾ।

ਹਵਾ ਛੱਤਾਂ 'ਤੋਂ ਬਰਫ਼ ਸਮੇਟਦੀ ਹੋਈ ਸੀਟੀ ਦੀ ਅਵਾਜ਼ ਵਿੱਚ ਵੱਡੇ ਦਿਨ ਦੀ ਧੁਨ ਵਿੱਚ ਗੁਣਗੁਣਾ ਰਹੀ ਸੀ। ਇੱਕ ਦਰਵਾਜ਼ਾ ਖੁੱਲਣ ਦੀ ਖਟਾਕ ਦੀ ਅਵਾਜ਼ ਆਈ। ਫਿਰ ਸ਼ੀਸ਼ੇ ਦੇ ਦਰਵਾਜ਼ੇ ਦੀ ਝਨਝਨਾਹਟ ਸੁਣਾਈ ਦਿੱਤੀ ਅਤੇ ਕਿਸੇ ਨੇ ਡੂੰਘੀ ਜਿਹੀ ਆਵਾਜ਼ ਵਿੱਚ ਹਾਕ

ਮਾਰੀ:

"ਕੋਚਵਾਨ!"

"ਚਲੋ, ਘਰ ਚੱਲੀਏ!" ਕਾਤਕਾ ਨੇ ਕਿਹਾ।

"ਤੂੰ ਤਾਂ ਜਿਉਣਾ ਦੁੱਭਰ ਕਰ ਦਿੱਤਾ," ਭਰੇ ਦਿਲ ਨਾਲ਼ ਮਿਸ਼ਕਾ ਫਟ ਪਿਆ: "ਪਤਾ ਨਹੀਂ, ਘਰ ਜਾਣ ਦਾ ਤੇਰੇ ਸਿਰ 'ਤੇ ਕੀ ਭੂਤ ਸਵਾਰ ਹੋਇਆ ਹੈ?"

"ਉੱਥੇ ਇੰਨੀ ਠੰਢ ਨਹੀਂ ਹੈ," ਕਾਤਕਾ ਨੇ ਸੰਖੇਪ ਵਿੱਚ ਸਫਾਈ ਦਿੰਦੇ ਹੋਏ ਕਿਹਾ: "ਕੁਝ ਤਾਂ ਨਿੱਘ ਮਿਲ਼ੇਗਾ।"

"ਬੜਾ ਨਿੱਘ ਮਿਲ਼ੇਗਾ, ਵਾਹ!" ਮਿਸ਼ਕਾ ਨੇ ਉਸਨੂੰ ਤਾਹਨਾ ਮਾਰਿਆ: "ਤੇ ਜਦੋਂ ਉਹ ਸਾਰੇ 'ਕੱਠੇ ਹੋ ਕੇ ਤੈਨੂੰ ਨਚਾਉਣਗੇ ਉਦੋਂ... ਫਿਰ ਕਿਵੇਂ ਲੱਗੂਗਾ? ਜਾਂ ਫਿਰ, ਜਿਵੇਂ ਕਿ ਪਿਛਲੀ ਵਾਰ ਹੋਇਆ ਸੀ, ਜੇ ਉਹਨਾਂ ਨੇ ਜਬਰਦਸਤੀ ਤੇਰੇ ਗਲ਼ੇ ਵਿੱਚ ਵੋਦਕਾ ਉਲੱਦ ਕੇ ਤੈਨੂੰ ਛੱਤ ਤੱਕ ਉਛਾਲਣਾ ਸ਼ੁਰੂ ਕਰ ਦਿੱਤਾ ਫਿਰ?— ਘਰ? ਵਾਹ!"

ਅਤੇ ਉਸਨੇ ਇੱਕ ਅਜਿਹੇ ਆਦਮੀ ਦੇ ਅੰਦਾਜ਼ ਵਿੱਚ ਆਪਣੇ ਮੋਢੇ ਸੁੰਗੇੜੇ ਜਿਹੜਾ ਇਹ ਗੱਲ ਜਾਣਦਾ ਹੋਵੇ ਕਿ ਉਹ ਕੀ ਹੈ। ਅਤੇ ਜਿਸਨੂੰ ਆਪਣੀ ਗੱਲ ਸਹੀ ਹੋਣ ਬਾਰੇ ਕੋਈ ਸ਼ੱਕ ਨਹੀਂ ਹੈ। ਕਾਤਕਾ ਨੇ ਵਲ਼ ਜਿਹਾ ਖਾ ਕੇ ਇੱਕ ਡੂੰਘੀ ਜਿਹੀ ਉਬਾਸੀ ਲਈ ਅਤੇ ਫਾਟਕ ਦੇ ਇੱਕ ਕੋਨੇ ਵਿੱਚ ਢਹਿ ਪਈ।

"ਤੂੰ ਬਸ ਚੁੱਪ ਹੀ ਰਹਿ। ਜੇ ਠੰਢ ਲੱਗੇ ਤਾਂ ਦੰਦ ਘਰੋਟ ਲਓ ਤੇ ਜੀਅ ਤਕੜਾ ਰੱਖੋ। ਫਿਰ ਨਹੀਂ ਲੱਗਦੀ। ਤੂੰ ਤੇ ਮੈਂ ਕਿਸੇ ਦਿਨ ਮਿਲ਼ ਕੇ ਚੰਗੀ ਮੌਜ ਕਰਾਂਗੇ। ਇਹ ਕਿਹੜੀ ਗੱਲ ਹੈ। ਮੈਂ ਸਿਰਫ਼ ਐਨਾ ਚਾਹੁੰਦਾ ਹਾਂ ਕਿ..."

ਅਤੇ ਉਸਨੇ ਆਪਣੀ ਗੱਲ ਅਧੂਰੀ ਛੱਡ ਦਿੱਤੀ— ਇਸ ਲਈ ਕਿ ਉਸਦੀ ਸਾਥਣ ਜਗਿਆਸਾ ਨਾਲ਼ ਬੇਚੈਨ ਹੋ ਉੱਠੇ। ਪਰ ਉਹ, ਜਗਿਆਸਾ ਦਾ ਭੋਰਾ ਵੀ ਭਾਵ ਦਿਖਾਏ ਬਿਨ੍ਹਾਂ, ਸੁੰਗੜ ਕੇ ਹੋਰ ਵੀ ਦੂਹਰੀ ਹੋ ਗਈ। ਮਿਸ਼ਕਾ ਨੇ, ਥੋੜਾ ਫ਼ਿਕਰਮੰਦ ਹੋ ਕੇ, ਉਸਨੂੰ ਝੰਜੋੜਿਆ:

"ਕਾਤਕਾ, ਦੇਖ, ਸੌਣਾ ਨਹੀਂ। ਕਿਤੇ ਪਾਲ਼ਾ ਨਾ ਮਾਰ ਜਾਵੇ। ਸੁਣ ਰਹੀਂ ਹੈਂ?"

"ਘਬਰਾ ਨਾ, ਮੈਨੂੰ ਕੋਈ ਪਾਲ਼ਾ ਨੀ ਮਾਰਨ ਲੱਗਿਆ," ਕਾਤਕਾ ਨੇ ਕਿਹਾ। ਠੰਢ ਨਾਲ਼ ਉਸਦੇ ਦੰਦ ਵੱਜ ਰਹੇ ਸਨ।

ਜੇ ਕਿਤੇ ਮਿਸ਼ਕਾ ਨਾ ਹੁੰਦਾ ਤਾਂ ਕਾਤਕਾ ਕਦੋਂ ਦੀ ਪਾਲ਼ੇ ਵਿੱਚ ਜੰਮ ਕੇ ਮਰ ਗਈ ਹੁੰਦੀ। ਪਰ ਉਸ ਨਿੱਕੇ ਜਿਹੇ ਤਲਛੱਟੀ ਮੁੰਡੇ ਦਾ ਪੱਕਾ ਇਰਾਦਾ ਸੀ ਕਿ ਉਹ ਵੱਡੇ ਦਿਨ ਦੇ ਮੌਕੇ 'ਤੇ ਅਜਿਹੀ ਘਟੀਆ ਗੱਲ ਕਦੇ ਨਹੀਂ ਹੋਣ ਦੇਵੇਗਾ।

"ਲੇਟ ਨਾ, ਉੱਠ ਕੇ ਬੈਠ। ਲੇਟਣਾ ਤਾਂ ਹੋਰ ਵੀ ਬੁਰਾ ਹੈ। ਗੋਡੇ ਤਾਂ ਨਹੀਂ ਟੁੱਟੇ। ਸਿੱਧਾ ਖੜਾ ਆਦਮੀ ਵੱਡਾ ਦਿਸਦਾ ਹੈ ਅਤੇ ਉਸਨੂੰ ਫਿਰ ਠੰਢ ਨਹੀਂ ਫੜਦੀ। ਵੱਡਿਆਂ ਨੂੰ ਠੰਢ ਮਾਰ ਨਹੀਂ ਕਰਦੀ। ਮਿਸਾਲ ਲਈ ਘੋੜਿਆਂ ਨੂੰ ਹੀ ਦੇਖ ਲਓ। ਉਹ ਕਦੇ ਠੰਢ ਵਿੱਚ ਜੰਮ ਕੇ ਨਹੀਂ ਮਰਦੇ। ਆਦਮੀ ਘੋੜਿਆਂ ਨਾਲ਼ੋਂ ਛੋਟੇ ਹਨ ਇਸ ਲਈ ਉਹ ਹਮੇਸ਼ਾ ਜੰਮ ਜਾਂਦੇ ਹਨ।

ਮੇਰੀ ਗੱਲ ਮੰਨ ਲੈ, ਉੱਠ ਕੇ ਬੈਠ। ਪੂਰਾ ਇੱਕ ਰੂਬਲ ਹੋ ਜਾਵੇ ਤਾਂ ਲੱਗੇ ਕਿ ਹਾਂ ਅੱਜ ਦਾ ਦਿਨ ਵੀ ਕੁਝ ਹੈ।"

ਕਾਤਕਾ, ਜਿਸਦਾ ਸਾਰਾ ਸਰੀਰ ਕੰਬ ਰਿਹਾ ਸੀ, ਉੱਠ ਕੇ ਬੈਠ ਗਈ।

"ਸੱਚੀ ਗੱਲ ਹੈ— ਕਿਆ ਭਿਆਨਕ ਠੰਢ ਹੈ" ਉਹ ਬੁੜਬੁੜਾਈ।

ਅਤੇ ਠੰਢ, ਸਚਮੁਚ ਹੀ ਬੇਹੱਦ ਭਿਆਨਕ ਹੋ ਰਹੀ ਸੀ। ਬਰਫ਼ ਦੇ ਬੱਦਲ਼ਾਂ ਨੇ ਗੂੜ੍ਹੇ ਸੰਘਣੇ ਲੋਹੜਿਆਂ ਦਾ ਰੂਪ ਧਾਰ ਲਿਆ ਸੀ,— ਕਿਤੇ ਉਹ ਖੰਭਿਆਂ ਦੀ ਸ਼ਕਲ ਵਿੱਚ ਦਿਖਾਈ ਦੇ ਰਹੇ ਸਨ ਅਤੇ ਕਿਤੇ ਲੰਮੀ ਚਾਦਰ ਦੀ ਸ਼ਕਲ ਵਿੱਚ, ਜਿਸ ਵਿੱਚ ਬਰਫ਼ ਦੇ ਕਣ ਹੀਰਿਆਂ ਵਾਂਗ ਜੜ੍ਹੇ ਹੋਏ ਸਨ। ਜਦੋਂ ਉਹ ਸੜ੍ਹਕ 'ਤੇ ਲੈਂਪਾਂ ਉੱਪਰੋਂ ਮੰਡਰਾਉਂਦੇ ਹੋਏ ਗੁਜ਼ਰਦੇ ਜਾਂ ਦੁਕਾਨਾਂ ਦੇ ਚਮਕਦੇ ਸ਼ੋਅਕੇਸਾਂ ਦੇ ਸਾਹਮਣਿਓਂ ਦੀ ਲੰਘਦੇ ਤਾਂ ਬਹੁਤ ਹੀ ਖ਼ੂਬਸੂਰਤ ਲੱਗਦੇ। ਉਹ ਸਤਰੰਗੀ ਪੀਂਘ ਦੇ ਰੰਗਾਂ ਵਿੱਚ ਜਗਮਗਾਉਂਦੇ ਅਤੇ ਉਹਨਾਂ ਦੀ ਤੇਜ਼ ਠੰਢੀ ਚਮਕ ਅੱਖਾਂ ਵਿੱਚ ਚੁਭਣ ਲੱਗ ਪੈਂਦੀ।

ਪਰ ਆਪਣੇ ਨੰਨ੍ਹੇ ਨਾਇਕ ਅਤੇ ਨਾਇਕਾ ਦੀ ਇਸ ਸਮੁੱਚੇ ਸੁਹੱਪਣ ਵਿੱਚ ਕੋਈ ਦਿਲਚਸਪੀ ਨਹੀਂ ਸੀ।

"ਓ-ਹੋ!" ਆਪਣੀ ਖੁੱਡ ਜਿਹੀ ਵਿੱਚੋਂ ਆਪਣੀ ਸਿਰੀ ਬਾਹਰ ਕੱਢਦਿਆਂ ਮਿਸ਼ਕਾ ਨੇ ਕਿਹਾ: "ਇਹ ਤਾਂ ਪੂਰਾ ਝੁੰਡ ਤੁਰਿਆ ਆਉਂਦਾ ਹੈ। ਉੱਠ ਕਾਤਕਾ ਉਹਨਾਂ ਨੂੰ ਫੜੀਏ!"

"ਦਯਾ ਦੇ ਸਾਗਰ..." ਤੀਰ ਵਾਂਗ ਸਿੱਧੀ ਸੜ੍ਹਕ 'ਤੇ ਪਹੁੰਚ ਕੇ ਕੰਬਦੀ ਅਵਾਜ਼ ਵਿੱਚ ਛੋਟੀ ਕੁੜੀ ਭਿਣਭਿਣਾਈ।

"ਕੁਝ ਤਾਂ ਦਿਓ, ਮੇਰੇ ਮਾਲਿਕ!" ਮਿਸ਼ਕਾ ਨੇ ਅਰਜੋਈ ਕੀਤੀ ਅਤੇ ਫਿਰ ਅਚਾਨਕ ਚੀਕ਼ ਪਿਆ: "ਭੱਜ, ਕਾਤਕਾ, ਭੱਜ!"

"ਭੂਤਨੇ! ਇੱਕ ਵਾਰ ਹੱਥ ਲੱਗ ਜਾਓ ਬਸ। ਫਿਰ ਦੇਖਿਓ ਕੀ ਹਾਲ ਕਰਦਾਂ ਮੈਂ ਤੁਹਾਡਾ, ਸ਼ੈਤਾਨ!" ਸ਼ਤੀਰ ਵਰਗੇ ਲੰਮੇ ਪੁਲਸੀਏ ਨੇ, ਜਿਹੜਾ ਅਚਾਨਕ ਪਟੜੀ 'ਤੇ ਪ੍ਰਗਟ ਹੋ ਗਿਆ ਸੀ, ਭੜਕ ਕੇ ਕਿਹਾ।

ਪਰ ਉਹ ਤਾਂ ਗਾਇਬ ਹੋ ਚੁੱਕੇ ਸਨ। ਦੋ ਲੀਰਾਂ ਦੀਆਂ ਗੇਂਦਾਂ ਰੁੜ੍ਹਦੀਆਂ ਹੋਈਆਂ ਅੱਖੋਂ ਓਹਲੇ ਹੋ ਗਈਆਂ ਸਨ।

"ਗਾਇਬ ਹੋ ਗਏ, ਸ਼ੈਤਾਨ ਦੇ ਬੱਚੇ!" ਪੁਲਸੀਆ ਕਲ਼ਪਿਆ ਅਤੇ ਸੜ੍ਹਕ 'ਤੇ ਨਜ਼ਰ ਮਾਰਦਿਆਂ ਭਲੇ ਸੁਭਾਅ ਨਾਲ਼ ਮੁਸਕੁਰਾ ਪਿਆ।

ਅਤੇ ਸ਼ੈਤਾਨ ਦੇ ਬੱਚੇ ਤੀਰ ਵਾਂਗ ਭੱਜੇ ਜਾ ਰਹੇ ਸਨ ਤੇ ਹੱਸ ਰਹੇ ਸਨ। ਕਾਤਕਾ ਦਾ ਪੈਰ ਵਾਰ-ਵਾਰ ਉਸਦੀਆਂ ਲੀਰਾਂ 'ਚ ਫਸ ਜਾਂਦਾ ਤੇ ਉਹ ਡਿੱਗ ਪੈਂਦੀ।

"ਹਾਏ ਰੱਬਾ, ਫਿਰ ਡਿੱਗ ਪਈ!" ਆਪਣੇ ਪੈਰਾਂ 'ਤੇ ਖੜੇ ਹੋਣ ਲਈ ਜੂਝਦੀ ਉਹ ਕਹਿੰਦੀ, ਪਿੱਛੇ ਮੁੜ ਕੇ ਡਰ ਨਾਲ਼ ਵੇਖਦੀ, ਅਤੇ ਉਸਦੇ ਮੁੱਖੜੇ ਤੇ ਇੱਕਦਮ ਹਾਸਾ ਖੇਡਣ ਲੱਗ ਪੈਂਦਾ, — "ਕਿੱਥੇ ਗਿਆ ਉਹ ਮਰਦੂਦ?"

ਮਿਸ਼ਕਾ—ਹਾਸੇ ਨਾਲ਼ ਦੂਹਰਾ ਹੋਇਆ—ਰਾਹੀਆਂ ਨਾਲ਼ ਟਕਰਾਉਂਦਾ ਅਤੇ ਇਸ ਜੁਰਮ

ਬਦਲੇ ਕਈ ਵਾਰ ਉਸਨੂੰ ਕਰਾਰੀਆਂ ਝਿੜਕਾਂ ਖਾਣੀਆਂ ਪੈਂਦੀਆਂ।

"ਬਸ, ਬਸ, ਬਥੇਰੀਆਂ ਲੋਟਣੀਆਂ ਖਾ ਲਈਆਂ, — ਸ਼ੈਤਾਨ ਚੁੱਕੇ ਤੈਨੂੰ... ਜ਼ਰਾ ਸ਼ਕਲ ਤਾਂ ਦੇਖ ਆਪਣੀ— ਕੀ ਬਣ ਗਈ ਏਂ ? ਬੁੱਧੂ ਕਿਸੇ ਥਾਂ ਦੀ ! ਲੈ, ਫਿਰ ਡਿੱਗ ਪਈ ! ਹਾਏ ਰੱਬਾ, ਤੂੰ ਤਾਂ ਮੈਨੂੰ ਹਸਾ-ਹਸਾ ਕੇ ਮਾਰ ਹੀ ਸੁੱਟੇਂਗੀ !"

ਕਾਤਕਾ ਦੀਆਂ ਲੋਟਣੀਆਂ ਨੇ ਉਸ ਵਿੱਚ ਭਾਰੀ ਉਤਸ਼ਾਹ ਭਰ ਦਿੱਤਾ ਸੀ।

"ਉਹ ਹੁਣ ਸਾਨੂੰ ਕਦੇ ਨਹੀਂ ਫੜ ਸਕਦਾ। ਜ਼ਿਆਦਾ ਭੱਜਣ ਦੀ ਲੋੜ ਨਹੀਂ ਹੈ। ਉਹ ਐਨਾ ਬੁਰਾ ਨਹੀਂ ਹੈ। ਉਹ ਦੂਜਾ, ਜਿਸਨੇ ਸੀਟੀ ਮਾਰੀ ਸੀ। ਇੱਕ ਵਾਰ ਮੈਂ ਭੱਜ ਰਿਹਾ ਸੀ ਕਿ ਇੱਕਦਮ ਅਚਾਨਕ— ਖਟਾਕ ! ਸਿੱਧਾ ਰਾਤ ਦੀ ਡਿਊਟੀ ਦੇ ਰਹੇ ਸੰਤਰੀ ਦੇ ਢਿੱਡ ਵਿੱਚ ਜਾ ਧਸਿਆ ਅਤੇ ਮੇਰਾ ਸਿਰ ਬੜੀ ਜ਼ੋਰ ਨਾਲ਼ ਉਸਦੇ ਡੰਡੇ ਨਾਲ਼ ਵੱਜਿਆ !"

"ਮੈਨੂੰ ਯਾਦ ਹੈ। ਐਨਾ ਵੱਡਾ ਗੁੰਮੜ ਹੋ ਗਿਆ ਸੀ," ਕਾਤਕਾ ਨੇ ਕਿਹਾ ਅਤੇ ਇੱਕ ਵਾਰ ਫਿਰ ਹੱਸਦੀ-ਹੱਸਦੀ ਦੂਹਰੀ ਹੋ ਗਈ।

"ਬਸ ਕਰ ਹੁਣ। ਬਹੁਤ ਹੱਸ ਲਈ," ਮਿਸ਼ਕਾ ਨੇ ਭਾਰੀ ਮੂੰਹ ਬਣਾ ਕੇ ਉਸਨੂੰ ਰੋਕਿਆ: "ਅਤੇ ਮੈਂ ਜੋ ਕਹਿੰਦਾ ਹਾਂ, ਉਹ ਸੁਣ।"

ਦੋਨੇ ਗੰਭੀਰ ਅਤੇ ਫਿਕਰਮੰਦ ਸ਼ਕਲ ਬਣਾ ਕੇ ਨਾਲ਼-ਨਾਲ਼ ਤੁਰਨ ਲੱਗ ਪਏ।

"ਮੈਂ ਉੱਥੇ ਤੈਨੂੰ ਝੂਠ ਕਿਹਾ ਸੀ। ਦਸ ਨਹੀਂ, ਉਸ ਬੁੱਢੇ ਨੇ ਮੇਰੇ ਹੱਥ ਵਿੱਚ ਵੀਹ ਕੋਪੇਕ ਦਿੱਤੇ ਸਨ। ਅਤੇ ਉਸਤੋਂ ਪਹਿਲਾਂ ਵੀ ਮੈਂ ਤੈਨੂੰ ਝੂਠ ਕਿਹਾ ਸੀ— ਇਸ ਡਰੋਂ ਕਿ ਕਿਤੇ ਤੂੰ ਫਿਰ ਘਰ ਜਾਣ ਦੀ ਰਟ ਨਾ ਲਗਾ ਲਵੇਂ। ਅੱਜ ਦਾ ਦਿਨ ਬਹੁਤ ਵਧੀਆ ਰਿਹਾ। ਜਾਣਦੀ ਹੈਂ, ਕਿੰਨਾ ਮਿਲ਼ਿਆ ? ਇੱਕ ਰੂਬਲ ਅਤੇ ਪੰਜ ਕੋਪੇਕ। ਹੈ ਨਾ ਵਧੀਆ ?"

"ਹੋਰ ਨਹੀਂ ਤਾਂ ਕੀ ?" ਕਾਤਕਾ ਨੇ ਲੰਮਾ ਸਾਹ ਭਰਿਆ: "ਚਾਹੋ ਤਾਂ ਇਸ ਨਾਲ਼ ਜੁੱਤੀਆਂ ਖਰੀਦ ਸਕਦੇ ਹਾਂ—ਕਬਾੜੀ ਬਜ਼ਾਰ 'ਚੋਂ।"

"ਜੁੱਤੀਆਂ,— ਹੂੰ ! ਉਹ ਤਾਂ ਮੈਂ ਵੈਸੇ ਹੀ ਉੜਾ ਕੇ ਤੈਨੂੰ ਦੇ ਸਕਦਾ ਹਾਂ। ਜ਼ਰਾ ਸਬਰ ਕਰ। ਕਿੰਨੇ ਹੀ ਦਿਨਾਂ ਤੋਂ ਜੁੱਤੀਆਂ ਦੀ ਇੱਕ ਜੋੜੀ 'ਤੇ ਮੇਰੀ ਨਜ਼ਰ ਹੈ। ਦਾਅ ਲੱਗਣ ਦੀ ਦੇਰ ਹੈ ਬਸ, ਸਫ਼ਾਚੱਟ ਕਰਕੇ ਲੈ ਆਊਂਗਾ। ਪਰ ਗੱਲ ਸੁਣ— ਚੱਲ, ਹੁਣ ਜ਼ਰਾ ਕੌਫ਼ੀ ਹਾਊਸ ਚੱਲੀਏ। ਕਿਉਂ ਠੀਕ ਹੈ ਨਾ ?"

"ਚਾਚੀ ਨੂੰ ਫਿਰ ਪਤਾ ਲੱਗ ਜਾਣੈ ਤੇ ਉਹ ਆਪਣੀ ਮੁਰੰਮਤ ਕਰੂ,— ਜਿਵੇਂ ਉਦੋਂ ਹੋਇਆ ਸੀ," ਕਾਤਕਾ ਨੇ ਸ਼ੱਕ ਨਾਲ਼ ਕਿਹਾ, ਪਰ ਕੌਫ਼ੀ ਹਾਊਸ ਵਿੱਚ ਜਾ ਕੇ ਨਿੱਘੇ ਹੋਣ ਦਾ ਮੋਹ ਐਨਾ ਪ੍ਰਬਲ ਸੀ ਕਿ ਉਸਨੂੰ ਲੁਕਾਉਣਾ ਮੁਸ਼ਕਿਲ ਸੀ।

"ਮੁਰੰਮਤ ਕਰੂਗੀ ? ਨਹੀਂ, ਇਹਦੀ ਨੌਬਤ ਨਹੀਂ ਆਉਂਦੀ। ਆਪਾਂ ਇੱਕ ਅਜਿਹੇ ਕੌਫ਼ੀ ਹਾਊਸ ਵਿੱਚ ਜਾਵਾਂਗੇ ਜਿੱਥੇ ਕੋਈ ਵੀ ਪੰਛੀ ਇਹ ਨਾ ਪਛਾਣ ਸਕੇ ਕਿ ਆਪਾਂ ਕੌਣ ਹਾਂ।"

"ਅੱਛਾ, ਸੱਚੀਂ ?" ਕਾਤਕਾ ਨੇ ਉਤਸ਼ਾਹ ਨਾਲ਼ ਕਿਹਾ।

"ਅੱਛਾ ਤਾਂ ਸੁਣ ਫਿਰ, ਆਪਾਂ ਕੀ ਕਰਾਂਗੇ। ਸਭ ਤੋਂ ਪਹਿਲੀ ਤੇ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਆਪਾਂ ਅੱਧਾ ਪੌਂਡ ਸਾਸੇਜ ਲਵਾਂਗੇ— ਅੱਠ ਕੋਪੇਕ ਦੇ, ਫਿਰ ਅੱਧਾ ਪੌਂਡ ਸਫੈਦ

ਰੋਟੀ— ਪੰਜ ਕੋਪੇਕ ਦੀ। ਤੇਰਾਂ ਕੋਪੇਕ ਤਾਂ ਇਹ ਹੋਏ। ਇਸ ਤੋਂ ਬਾਅਦ ਤਿੰਨ ਤਿੰਨ ਕੋਪੇਕ ਦੀਆਂ ਮਿੱਠੀਆਂ ਰੋਟੀਆਂ ਲਵਾਂਗੇ,— ਛੇ ਕੋਪੇਕ ਇਹ ਹੋਏ। ਇਸ ਤਰ੍ਹਾਂ ਕੁੱਲ ਉੱਨੀ ਕੋਪੇਕ ਹੋ ਗਏ। ਫਿਰ ਇੱਕ ਕੇਤਲੀ ਚਾਹ— ਛੇ ਕੋਪੇਕ ਦੀ। ਪੂਰੇ ਪੱਚੀ ਕੋਪੇਕ,— ਜ਼ਰਾ ਸੋਚ ਕੇ ਤਾਂ ਵੇਖ! ਨਾਲ਼ੇ ਸਾਡੇ ਕੋਲ਼ ਬਾਕੀ ਬਚੇ ਰਹਣਗੇ…"

ਮਿਸ਼ਕਾ ਹਿਚਕਿਚਾ ਕੇ ਚੁੱਪ ਹੋ ਗਿਆ। ਕਾਤਕਾ ਨੇ ਉਸਨੂੰ ਭਾਰੀ ਅਤੇ ਸ਼ੱਕੀ ਨਜ਼ਰਾਂ ਨਾਲ਼ ਵੇਖਿਆ।

"ਐਨਾ ਖਰਚਾ!" ਉਸਨੇ ਦੱਬੀ ਜਿਹੀ ਅਵਾਜ਼ ਵਿੱਚ ਪੁੱਛਿਆ।

"ਬੋਲ ਨਾ, ਚੁੱਪ ਕਰਕੇ ਸੁਣ। ਜ਼ਿਆਦਾ ਨਹੀਂ ਹੈ। ਇਸਤੋਂ ਬਿਨਾਂ ਅੱਠ ਕੋਪੇਕ ਦੀਆਂ ਚੀਜ਼ਾਂ ਆਪਾਂ ਹੋਰ ਖਾਵਾਂਗੇ। ਕੁੱਲ ਤੇਤੀ ਕੋਪੇਕ ਅਤੇ ਜਦੋਂ ਇਹ ਸਭ ਕਰਨਾ ਹੀ ਹੈ ਤਾਂ ਫਿਰ ਕਹਿਣਾ-ਸੁਣਨਾ ਕੀ? ਵੱਡੇ ਦਿਨ ਦਾ ਤਿਓਹਾਰ ਹੈ,— ਕਿਉਂ, ਹੈ ਕਿ ਨਹੀਂ? ਤੇ ਸਾਡੇ ਕੋਲ਼ ਬਾਕੀ ਬਚੇਗਾ… ਜੇ ਪੱਚੀ ਕੋਪੇਕ ਖ਼ਰਚੇ ਤਾਂ ਅੱਸੀ ਕੋਪੇਕ … ਜੇ ਤੇਤੀ ਖ਼ਰਚੇ ਤਾਂ ਸਤੱਤਰ ਕੋਪੇਕ… ਸੱਤ ਦਸ-ਦਸ ਦੇ ਤੇ ਕੁਝ ਭਾਨ ਬਚੂਗੀ। ਦੇਖ, ਕਿੰਨਾ ਬਚ ਗਿਆ? ਉਸ ਬੁੱਢੀ ਨੂੰ ਹੋਰ ਕੀ ਚਾਹੀਦਾ ਹੈ? ਐਨਾ ਹੀ ਬਥੇਰਾ ਹੈ ਉਸ ਸ਼ੈਤਾਨ ਦੀ ਮਾਸੀ ਲਈ। ਚਲੋ, ਚਲੋ। ਜਲਦੀ ਕਰੋ।"

ਹੱਥਾਂ ਵਿੱਚ ਹੱਥ ਪਾ, ਨੱਚਦੇ-ਟੱਪਦੇ ਉਹ ਪਟੜੀ 'ਤੇ ਤੁਰ ਪਏ। ਬਰਫ਼ ਦੇ ਕਣ ਉੱਡਦੇ ਉਹਨਾਂ ਦੀਆਂ ਅੱਖਾਂ ਨਾਲ਼ ਟਕਰਾਉਂਦੇ ਤੇ ਉਹਨਾਂ ਨੂੰ ਕੁਝ ਦਿਖਾਈ ਨਾ ਦਿੰਦਾ। ਵਾਰ-ਵਾਰ ਬਰਫ਼ ਦਾ ਬੱਦਲ ਉੱਤੋਂ ਉਹਨਾਂ 'ਤੇ ਝਪਟਦਾ ਅਤੇ ਉਹਨਾਂ ਦੋਹਾਂ ਦੇ ਛੋਟੇ ਆਕਾਰਾਂ ਨੂੰ ਪਾਰਦਰਸ਼ੀ ਚਾਦਰ ਦੀ ਲਪੇਟ ਵਿੱਚ ਲੈ ਲੈਂਦਾ, ਜਿਸਨੂੰ ਉਹ ਭੋਜਨ ਅਤੇ ਨਿੱਘ ਦੀ ਉਮੀਦ ਵਿੱਚ ਰੰਗੇ ਹੋਏ, ਇੱਕਦਮ ਤਾਰ ਤਾਰ ਕਰਕੇ ਵਗਾਹ ਮਾਰਦੇ।

"ਸੁਣ," ਕਾਤਕਾ ਨੇ —ਤੇਜ਼ ਤੇਜ਼ ਤੁਰਨ ਕਾਰਨ ਜਿਸਨੂੰ ਸਾਹ ਚੜ੍ਹ ਰਿਹਾ ਸੀ— ਸਾਹੋ-ਸਾਹ ਹੁੰਦਿਆਂ ਕਿਹਾ: "ਤੂੰ ਚਾਹੇ ਰਾਜੀ ਰਹਿ ਜਾਂ ਗੁੱਸੇ, — ਜੇ ਉਸਨੂੰ ਪਤਾ ਲੱਗ ਗਿਆ ਤਾਂ ਮੈਂ ਤਾਂ ਸਾਫ਼ ਦੱਸ ਦੇਣਾ— ਇਹ ਸਾਰੀ ਤੇਰੀ ਕਰਤੂਤ ਹੈ, ਮੈਂ ਪਰਵਾਹ ਨਹੀਂ ਕਰਦੀ— ਤੂੰ ਹਰ ਵਾਰ ਭੱਜ ਜਾਂਦਾ ਹੈਂ, ਭੁਗਤਣਾ ਮੈਨੂੰ 'ਕੱਲੀ ਨੂੰ ਪੈਂਦਾ ਹੈ, ਉਹ ਮੈਨੂੰ ਹਮੇਸ਼ਾ ਫੜ ਲੈਂਦੀ ਹੈ ਤੇ ਤੇਰੇ ਨਾਲ਼ੋਂ ਕਿਤੇ ਜ਼ਿਆਦਾ ਕੁੱਟ ਪੈਂਦੀ ਹੈ, ਸਮਝ ਗਿਆ ਨਾ? ਮੈਂ ਸਾਰਾ ਕੁਝ ਦੱਸ ਦੇਣਾ।"

"ਠੀਕ ਹੈ, ਜੋ ਦਿਲ ਕਰੇ ਦੱਸ ਦਈਂ," ਮਿਸ਼ਕਾ ਨੇ ਗਰਦਨ ਹਿਲਾਈ— "ਜੇ ਉਹ ਮਾਰੂਗੀ ਤਾਂ ਦੇਖ ਲਵਾਂਗੇ! — ਮੈਂ ਦੇਖ ਲਊਂਗਾ। ਜਾਹ, ਤੂੰ ਵੀ ਆਪਣੀ ਮਨਆਈ ਕਰ ਲੈ।"

ਮੂੰਹ ਨਾਲ਼ ਸੀਟੀ ਵਜਾਉਂਦਾ, ਸਿਰ ਪਿੱਛੇ ਨੂੰ ਸੁੱਟੀ, ਵੀਰ-ਭਾਵਨਾ ਵਿੱਚ ਫੁੱਲਿਆ ਉਹ ਤੁਰਿਆ ਜਾ ਰਿਹਾ ਸੀ। ਉਸਦਾ ਚਿਹਰਾ ਪਤਲਾ ਸੀ। ਉਸਦੀਆਂ ਅੱਖਾਂ ਵਿੱਚ ਸ਼ੈਤਾਨੀ ਭਰੀ ਹੋਈ ਸੀ ਅਤੇ ਉਹਨਾਂ ਵਿੱਚ ਆਮ ਤੌਰ 'ਤੇ ਅਜਿਹਾ ਭਾਵ ਝਲਕਦਾ ਸੀ ਜਿਹੜਾ ਉਸਦੀ ਇਸ ਛੋਟੀ ਉਮਰ ਨਾਲ਼ ਬਿਲਕੁਲ ਵੀ ਮੇਲ਼ ਨਹੀਂ ਖਾਂਦਾ ਸੀ। ਉਸਦਾ ਨੱਕ ਤਿੱਖਾ ਅਤੇ ਕੁਝ

ਕੁ ਮੁੜਿਆ ਹੋਇਆ ਸੀ।

"ਲਓ, ਕੌਫ਼ੀ ਹਾਊਸ ਆ ਗਿਆ। ਇੱਕ ਨਹੀਂ, ਦੋ। ਦੱਸੋ ਫਿਰ ਕਿੱਧਰ ਚੱਲੀਏ ?"

"ਛੋਟੇ ਵਿੱਚ। ਪਰ ਚੱਲ, ਪਹਿਲਾਂ ਕਰਿਆਨੇ ਦੀ ਦੁਕਾਨ 'ਤੇ ਚੱਲਦੇ ਹਾਂ।"

ਖਾਣ ਦੀਆਂ ਸਾਰੀਆਂ ਚੀਜ਼ਾਂ ਖਰੀਦਣ ਤੋਂ ਬਾਅਦ ਉਹ ਛੋਟੇ ਕੌਫ਼ੀ ਹਾਊਸ ਵਿੱਚ ਦਾਖਿਲ ਹੋਏ।

ਕੌਫੀ ਹਾਊਸ ਧੂੰਏ, ਭਾਫ਼ ਤੇ ਤਿੱਖੀ ਖੱਟੀ ਗੰਧ ਨਾਲ਼ ਭਰਿਆ ਹੋਇਆ ਸੀ। ਅਵਾਰਾ, ਭਿਖਾਰੀ, ਕੋਚਵਾਨ ਅਤੇ ਸਿਪਾਹੀ ਹਨੇਰੇ ਵਿੱਚ ਲਿਪਟੇ ਬੈਠੇ ਸਨ ਤੇ ਬੇਹੱਦ ਗੰਦੇ ਵੇਟਰ ਮੇਜ਼-ਕੁਰਸੀਆਂ ਵਿਚਕਾਰ ਮੰਡਰਾ ਰਹੇ ਸਨ। ਚੀਕ-ਚਿਹਾੜਾ, ਗਾਣੇ ਅਤੇ ਗਾਲ਼ਾਂ ਦਾ ਬਜ਼ਾਰ ਗਰਮ ਸੀ।

ਕੋਨੇ ਵਿੱਚ ਇੱਕ ਖਾਲੀ ਮੇਜ਼ ਪਿਆ ਸੀ। ਮਿਸ਼ਕਾ ਨੇ ਉਸਨੂੰ ਦੇਖਿਆ ਅਤੇ ਤੀਰ ਵਾਂਗ ਸਿੱਧਾ ਉੱਥੇ ਪਹੁੰਚ ਗਿਆ। ਉਸਨੇ ਆਪਣਾ ਕੋਟ ਲਾਹ ਕੇ ਉੱਥੇ ਰੱਖ ਦਿੱਤਾ ਅਤੇ ਫਿਰ ਕਾਊਂਟਰ ਕੋਲ਼ ਪਹੁੰਚਿਆ। ਕਾਤਕਾ ਵੀ, ਸ਼ਰਮੀਲੀਆਂ ਜਿਹੀਆਂ ਨਜ਼ਰਾਂ ਨਾਲ਼ ਆਲ਼ੇ-ਦੁਆਲ਼ੇ ਦੇਖਦੀ ਹੋਈ ਆਪਣਾ ਕੋਟ ਲਾਹੁਣ ਲੱਗ ਪਈ।

"ਕਿਉਂ, ਬਈ, ਚਾਹ ਮਿਲੂਗੀ ?" ਕਾਊਂਟਰ ਨੂੰ ਆਪਣੀਆਂ ਮੁੱਠੀਆਂ ਨਾਲ਼ ਹੌਲ਼ੀ-ਹੌਲ਼ੀ ਵਜਾਉਂਦੇ ਹੋਏ ਮਿਸ਼ਕਾ ਨੇ ਉੱਥੇ ਬੈਠੇ ਆਦਮੀ ਨੂੰ ਪੁੱਛਿਆ।

"ਚਾਹ ? ਮਿਲੂਗੀ ਕਿਉਂ ਨਹੀਂ ? ਥੋੜੀ ਤਕਲੀਫ ਕਰੋ। ਉੱਥੋਂ ਥੋੜ੍ਹਾ ਗਰਮ ਪਾਣੀ ਲੈ ਲਓ। ਨਾਲ਼ੇ ਦੇਖ, ਕੋਈ ਚੀਜ਼ ਟੁੱਟਣੀ ਨਹੀਂ ਚਾਹੀਦੀ। ਜੇ ਭੰਨ-ਤੋੜ ਕੀਤੀ ਤਾਂ ਅਜਿਹਾ ਸਬਕ ਸਿਖਾਉਂਗਾ ਕਿ ਯਾਦ ਰੱਖੇਂਗਾ।"

ਪਰ ਉਦੋਂ ਤੱਕ ਮਿਸ਼ਕਾ ਪਾਣੀ ਲੈਣ ਲਈ ਖਿਸਕ ਗਿਆ ਸੀ।

ਦੋ ਮਿੰਟ ਬਾਅਦ ਉਹ ਆਪਣੀ ਸਾਥਣ ਨਾਲ਼ ਬੈਠਾ ਕਾਗਜ਼ ਵਿੱਚ ਤੰਬਾਕੂ ਲਪੇਟ ਕੇ ਪਰਪੱਕ ਅੰਦਾਜ਼ ਨਾਲ਼ ਆਪਣੇ ਲਈ ਇੱਕ ਤਾਜ਼ਾ ਸਿਗਰਟ ਬਣਾ ਰਿਹਾ ਸੀ— ਉਸ ਕੋਚਵਾਨ ਵਾਂਗ, ਜਿਹੜਾ ਦਿਨ ਵਿੱਚ ਕਾਫ਼ੀ ਮਜ਼ਦੂਰੀ ਕਰ ਚੁੱਕਿਆ ਹੋਵੇ। ਕਾਤਕਾ ਮੰਤਰ-ਮੁਗਧ ਹੋਈ ਉਸਨੂੰ ਦੇਖ ਰਹੀ ਸੀ। ਉਸਦੇ ਦਿਲ ਵਿੱਚ ਇਸ ਗੱਲ ਦਾ ਰੋਹਬ ਛਾਇਆ ਹੋਇਆ ਸੀ ਕਿ ਲੋਕਾਂ ਵਿੱਚ ਉਹ ਕਿੰਨੇ ਵਧੀਆ ਅਤੇ ਸਹਿਜ ਢੰਗ ਨਾਲ਼ ਵਿਵਹਾਰ ਕਰਦਾ ਹੈ। ਕੌਫ਼ੀ ਹਾਊਸ ਦੇ ਕੰਨ-ਪਾੜੂ ਰੌਲ਼ੇ-ਰੱਪੇ ਵਿੱਚ ਉਹ ਸੱਤ ਜਨਮ ਵੀ ਆਪਣੇ ਆਪ ਨੂੰ ਸੰਭਾਲ ਕੇ ਨਹੀਂ ਰੱਖ ਸਕਦੀ, ਹੋਰ ਨਹੀਂ ਤਾਂ ਇਹੀ ਇੱਕ ਡਰ ਸਦਾ ਉਸਦੇ ਸਿਰ 'ਤੇ ਸਵਾਰ ਰਹਿੰਦਾ ਕਿ ਕੋਈ ਪਲ ਆ ਰਿਹਾ ਹੈ ਜਦੋਂ ਉਸਨੂੰ ਕੰਨ ਤੋਂ ਫੜ ਕੇ ਇੱਥੋਂ ਬਾਹਰ ਕੱਢ ਦਿੱਤਾ ਜਾਵੇਗਾ। ਪਰ, ਚਾਹੇ ਦੁਨੀਆ ਇੱਧਰੋਂ ਉੱਧਰ ਹੋ ਜਾਵੇ, ਮਿਸ਼ਕਾ ਸਾਹਵੇਂ ਉਹ ਆਪਣੇ ਇਹ ਹਾਵ-ਭਾਵ ਅਤੇ ਸ਼ੱਕ ਜ਼ਾਹਿਰ ਨਹੀਂ ਹੋਣ ਦੇ ਸਕਦੀ। ਇਸ ਲਈ ਉਹ ਆਪਣੇ ਸੋਨੇ ਰੰਗੇ ਵਾਲ਼ਾਂ ਨੂੰ ਥਪਥਪਾਉਣ ਅਤੇ ਸਿੱਧੇ-ਸਾਦੇ ਤੇ ਲਾਪਰਵਾਹੀ ਵਾਲ਼ੇ ਅੰਦਾਜ਼ ਵਿੱਚ ਆਲ਼ੇ-ਦੁਆਲ਼ੇ ਦੇਖਣ ਲੱਗ ਪਈ। ਇੰਜ ਕਰਨ ਦੀ ਕੋਸ਼ਿਸ਼ ਵਿੱਚ ਉਸਦੀਆਂ ਮੈਲ਼ੀਆਂ ਗੱਲ੍ਹਾਂ 'ਤੇ ਰੰਗ ਦਾ ਹੜ੍ਹ ਜਿਹਾ ਆ ਗਿਆ ਅਤੇ ਆਪਣਾ ਅਟਪਟਾਪਣ ਲੁਕਾਉਣ ਲਈ ਉਸਨੇ ਆਪਣੀਆਂ

ਨੀਲੀਆਂ ਅੱਖਾਂ ਸੁੰਗੇੜ ਲਈਆਂ। ਇਸ ਦੌਰਾਨ ਮਿਸ਼ਕਾ, ਅਹਾਤੇ ਦੇ ਚੌਂਕੀਦਾਰ ਸਿਗਨੇਈ ਦੇ ਲਹਿਜੇ ਅਤੇ ਸ਼ਬਦਾਂ ਵਿੱਚ ਉਸਨੂੰ ਪਾਠ ਪੜ੍ਹਾ ਰਿਹਾ ਸੀ। ਇਹ ਚੌਂਕੀਦਾਰ, ਉਸ ਸਮੇਂ ਵੀ ਜਦੋਂ ਉਹ ਨਸ਼ੇ ਵਿੱਚ ਪੂਰੀ ਤਰ੍ਹਾਂ ਟੱਲੀ ਹੁੰਦਾ— ਮਿਸ਼ਕਾ ਨੂੰ ਬੜਾ ਪ੍ਰਭਾਵਸ਼ਾਲੀ ਆਦਮੀ ਜਾਪਦਾ ਸੀ ਅਤੇ ਹੁਣੇ-ਹੁਣੇ ਚੋਰੀ ਦੇ ਜੁਰਮ ਵਿੱਚ ਤਿੰਨ ਮਹੀਨੇ ਦੀ ਜੇਲ੍ਹ ਕੱਟ ਕੇ ਆਇਆ ਸੀ। ਇਸ ਲਈ ਉਸਦੇ ਲਹਿਜੇ ਅਤੇ ਸ਼ਬਦਾਂ ਵਿੱਚ ਗੱਲ ਕਰਦਾ ਮਿਸ਼ਕਾ ਕਾਤਕਾ ਨੂੰ ਕਹਿ ਰਿਹਾ ਸੀ:

"ਹਾਂ ਤਾਂ ਮਿਸਾਲ ਲਈ, ਸਮਝ ਲੈ ਕਿ ਤੂੰ ਭੀਖ ਮੰਗਣ ਜਾ ਰਹੀ ਹੈਂ। ਹੁਣ ਭੀਖ ਕਿਵੇਂ ਮੰਗੀ ਜਾਂਦੀ ਹੈ? ਸਿਰਫ਼ ਇਹੀ ਚੀਕਦੇ ਰਹਿਣਾ ਕਿ ਦਯਾ ਕਰੋ, ਦਯਾ ਕਰੋ, ਬਿਲਕੁਲ ਬੇਕਾਰ ਹੈ। ਇਹ ਕੋਈ ਤਰੀਕਾ ਨਹੀਂ ਹੈ। ਤੁਹਾਨੂੰ ਜੋ ਕਰਨਾ ਚਾਹੀਦਾ ਹੈ ਉਹ ਇਹ ਹੈ ਕਿ ਉਸ ਮਰਦੂਦ ਦੇ ਪੈਰਾਂ ਵਿੱਚ ਉਲਝ ਜਾਓ— ਇਸ ਤਰ੍ਹਾਂ ਕਿ ਉਹ ਘਬਰਾ ਜਾਵੇ ਅਤੇ ਡਰ ਜਾਵੇ ਕਿ ਕਿਤੇ ਉਹ ਲੜਖੜਾ ਕੇ ਤੁਹਾਡੇ ਉੱਪਰ ਹੀ ਨਾ ਡਿੱਗ ਪਏ।"

"ਇਹ ਤਾਂ ਮੈਂ ਕਰ ਲਵਾਂਗੀ," ਕਾਤਕਾ ਨੇ ਦੱਬੀ ਜਿਹੀ ਅਵਾਜ਼ ਵਿੱਚ ਸਹਿਮਤੀ ਜ਼ਾਹਿਰ ਕੀਤੀ।

"ਬਹੁਤ ਖ਼ੂਬ," ਉਸਦੇ ਸਾਥੀ ਨੇ ਪ੍ਰਸ਼ੰਸਾ ਵਿੱਚ ਸਿਰ ਹਿਲਾਉਂਦਿਆਂ ਕਿਹਾ: "ਇਹੀ ਅਸਲੀ ਚੀਜ਼ ਹੈ। ਹੁਣ, ਮਿਸਾਲ ਲਈ, ਚਾਚੀ ਅਨਫਿਸਾ ਨੂੰ ਹੀ ਦੇਖ ਲਓ। ਚਾਚੀ ਅਨਫ਼ਿਸਾ ਕੀ ਹੈ? ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਉਹ ਪਿਆਕੜ ਹੈ। ਅਤੇ ਇਸਤੋਂ ਇਲਾਵਾ..."

ਅਤੇ ਮਿਸ਼ਕਾ ਨੇ, ਪ੍ਰਸ਼ੰਸਾਯੋਗ ਦਲੇਰੀ ਨਾਲ਼, ਖੁੱਲ੍ਹ ਕੇ ਦੱਸਿਆ ਕਿ ਚਾਚੀ ਅਨਫ਼ਿਸਾ ਇਸਤੋਂ ਇਲਾਵਾ ਹੋਰ ਕੀ ਹੈ।

ਕਾਤਕਾ ਨੇ ਸਿਰ ਹਿਲਾ ਕੇ ਚਾਚੀ ਬਾਰੇ ਉਸਦੇ ਮੁਲਾਂਕਣ ਨਾਲ਼ ਸਹਿਮਤੀ ਜਤਾਈ।

"ਤੂੰ ਉਸਦੀ ਗੱਲ ਨਹੀਂ ਮੰਨਦੀ। ਇਹ ਠੀਕ ਨਹੀਂ ਹੈ। ਤੈਨੂੰ ਮਿਸਾਲ ਦੇ ਤੌਰ 'ਤੇ, ਕਹਿਣਾ ਚਾਹੀਦਾ ਹੈ— 'ਮੈਂ ਚੰਗੀ ਕੁੜੀ ਬਣਾਂਗੀ, ਚਾਚੀ ਤੁਹਾਡੀ ਗੱਲ ਦਾ ਮੈਂ ਧਿਆਨ ਰੱਖੂੰਗੀ...' ਦੂਸਰੇ ਸ਼ਬਦਾਂ ਵਿੱਚ ਇਹ ਕਿ ਉਸਨੂੰ ਮੁਲਾਇਮ ਮੱਖਣ ਲਾਈ ਚੱਲ ਅਤੇ ਫਿਰ ਜੋ ਦਿਲ ਕਰੇ ਕਰ, ਇਹੀ ਸਹੀ ਢੰਗ ਹੈ।"

ਮਿਸ਼ਕਾ ਚੁੱਪ ਹੋ ਗਿਆ ਅਤੇ ਰੋਹਬਦਾਰ ਢੰਗ ਨਾਲ਼ ਆਪਣੇ ਢਿੱਡ 'ਤੇ ਖਾਜ ਕਰਨ ਲੱਗ ਪਿਆ, ਜਿਵੇਂ ਕਿ ਆਪਣਾ ਭਾਸ਼ਣ ਝਾੜਨ ਤੋਂ ਬਾਅਦ ਸਿਗਨੇਈ ਕਰਦਾ ਸੀ। ਤੇ ਜਦੋਂ ਉਸਨੂੰ ਹੋਰ ਕੋਈ ਗੱਲ ਨਾ ਸੁੱਝੀ ਤਾਂ ਆਪਣਾ ਸਿਰ ਹਲਕਾ ਜਿਹਾ ਝਟਕਿਆ ਅਤੇ ਕਿਹਾ:

"ਹਾਂ ਤਾਂ ਹੁਣ ਖਾਣਾ ਸ਼ੁਰੂ ਕਰਨਾ ਚਾਹੀਦਾ ਹੈ।"

"ਚਲੋ, ਸ਼ੁਰੂ ਕਰੀਏ," ਕਾਤਕਾ ਨੇ, ਜਿਹੜੀ ਬੜੀ ਦੇਰ ਤੋਂ ਰੋਟੀ ਅਤੇ ਸਾਸੇਜ ਵੱਲ ਭੁੱਖੀਆਂ ਨਜ਼ਰਾਂ ਨਾਲ਼ ਵੇਖ ਰਹੀ ਸੀ, ਸਿਰ ਹਿਲਾ ਕੇ ਸਹਿਮਤੀ ਜਤਾਈ।

ਅਤੇ ਸਿੱਲ੍ਹ ਦੀ ਗੰਧ ਨਾਲ਼ ਭਰੇ ਚਾਨਣ-ਰਹਿਤ ਇਸ ਕੌਫ਼ੀ ਹਾਊਸ ਦੇ ਇੱਕ ਹਨ੍ਹੇਰੇ ਕੋਨੇ ਵਿੱਚ ਉਹ ਆਪਣਾ ਰਾਤ ਦਾ ਖਾਣਾ ਖਾਣ ਲੱਗੇ। ਗੰਦੇ ਗੀਤ ਅਤੇ ਭੱਦੀਆਂ ਗਾਲ਼ਾਂ ਦੀ ਅਵਾਜ਼ ਬੈਕਗਰਾਊਂਡ ਮਿਊਜ਼ਿਕ ਦਾ ਕੰਮ ਕਰ ਰਹੀ ਸੀ। ਦੋਨੇ ਬੜੀ ਲਗਨ ਨਾਲ਼, ਆਪਣੀ

ਪਸੰਦ ਤੇ ਨਾਪਸੰਦ ਬਾਰੇ ਗੱਲਬਾਤ ਕਰਦੇ ਹੋਏ ਅਤੇ ਵਿੱਚ-ਵਿਚਾਲ਼ੇ ਰੁਕਦੇ-ਰੁਕਦੇ ਸੱਚੇ ਰਈਸਾਂ ਵਾਂਗ ਖਾ ਰਹੇ ਸਨ। ਅਤੇ ਜੇਕਰ ਕਾਤਕਾ, ਸ਼ਾਲੀਨਤਾ ਦੀ ਭਾਵਨਾ ਭੁੱਲ ਕੇ, ਲਾਲਚ ਦੇ ਮਾਰੇ ਆਪਣੇ ਮੂੰਹ ਵਿੱਚ ਐਨੀ ਵੱਡੀ ਬੁਰਕੀ ਪਾ ਲੈਂਦੀ ਕਿ ਉਸਦੀਆਂ ਗੱਲ੍ਹਾਂ ਕੁੱਪੇ ਵਾਂਗੂੰ ਫੁੱਲ ਜਾਂਦੀਆਂ ਤੇ ਡੇਲੇ ਬਾਹਰ ਨਿਕਲ਼ ਆਉਂਦੇ , ਤਾਂ ਸ਼ਾਂਤ ਅਤੇ ਸਥਿਰ ਮਿਸ਼ਕਾ ਲਾਡ-ਪਿਆਰ ਦੇ ਲਹਿਜੇ ਨਾਲ਼ ਕਹਿੰਦਾ:

"ਐਨੀ ਵੀ ਕੀ ਜਲਦੀ ਹੈ, ਰਾਣੀ ਸਾਹਿਬਾ ?"

ਅਤੇ ਫਿਰ, ਉਸ ਭਾਰੀ-ਭਰਕਮ ਬੁਰਕੀ ਨੂੰ ਨਿਗਲਣ ਦੀ ਕਾਹਲ਼ੀ ਵਿੱਚ ਉਸਦਾ ਸਾਹ ਜਿਹਾ ਘੁਟਣ ਲੱਗ ਪੈਂਦਾ।

ਅਤੇ ਇਹੀ ਮੇਰੀ ਕਹਾਣੀ ਦਾ ਅੰਤ ਹੈ। ਬਿਨ੍ਹਾਂ ਕਿਸੇ ਅਫ਼ਸੋਸ ਜਾਂ ਪਛਤਾਵੇ ਤੋਂ ਮੈਂ ਇਹਨਾਂ ਬੱਚਿਆਂ ਨੂੰ ਵੱਡੇ ਦਿਨ ਦੀ ਰਾਤ ਗੁਜ਼ਾਰਨ ਲਈ ਇਕੱਲੇ ਛੱਡ ਸਕਦਾ ਹਾਂ। ਤੇ ਤੁਸੀਂ ਪੱਕੀ ਤਰ੍ਹਾਂ ਇਹ ਗੱਲ ਸਮਝ ਲਓ ਕਿ ਉਹਨਾਂ ਦੇ ਠੰਢ ਵਿੱਚ ਜੰਮ ਕੇ ਮਰਨ ਦਾ ਖ਼ਤਰਾ ਬਿਲਕੁਲ ਵੀ ਨਹੀਂ ਹੈ। ਉਹ ਆਪਣੇ ਪੂਰੇ ਰੰਗ ਵਿੱਚ ਹਨ। ਆਖ਼ਿਰ ਉਹਨਾਂ ਨੂੰ ਠੰਢ ਵਿੱਚ ਜਮ੍ਹਾ ਕੇ ਮਾਰ ਦੇਣ ਨਾਲ਼ ਮੇਰਾ— ਜਾਂ ਇਸ ਦੁਨੀਆਂ ਦਾ— ਕੀ ਫ਼ਾਇਦਾ ਹੋਵੇਗਾ ?

ਮੈਨੂੰ ਇਹ ਬਹੁਤ ਹੀ ਵੱਡੀ ਅਤੇ ਭਾਰੀ ਮੂਰਖਤਾ ਜਾਪਦੀ ਹੈ ਕਿ ਬੱਚਿਆਂ ਨੂੰ ਪਾਲ਼ੇ ਵਿੱਚ ਜਮ੍ਹਾ ਕੇ ਮਾਰ ਦਿੱਤਾ ਜਾਵੇ— ਖਾਸ ਕਰਕੇ ਉਸ ਹਾਲਤ ਵਿੱਚ, ਜਦੋਂ ਕਿ ਉਹ ਪੱਕਾ ਕਿਸੇ ਨਾ ਕਿਸੇ ਦਿਨ ਮਰਨਗੇ, ਪਰ ਇਸ ਨਾਲ਼ੋਂ ਕਿਤੇ ਜ਼ਿਆਦਾ ਸਿੱਧੇ-ਸਾਦੇ ਅਤੇ ਸਧਾਰਣ ਢੰਗ ਨਾਲ਼।

**(1894)**

# ਪਤਝੜ ਦੀ ਇੱਕ ਰਾਤ

ਇੱਕ ਵਾਰੀ ਪਤਝੜ ਦੀ ਰੁੱਤੇ ਮੈਂ ਬੜੀ ਅਣਸੁਖਾਵੀਂ ਤੇ ਕਸੂਤੀ ਹਾਲਤ ਵਿੱਚ ਫਸ ਗਿਆ : ਜਿਸ ਸ਼ਹਿਰ ਵਿੱਚ ਮੈਂ ਅਜੇ ਆਇਆ ਹੀ ਸਾਂ ਅਤੇ ਜਿੱਥੇ ਮੇਰੀ ਜਾਣ-ਪਛਾਣ ਵਾਲ਼ਾ ਕੋਈ ਵੀ ਨਹੀਂ ਸੀ, ਉੱਥੇ ਮੇਰੀ ਜੇਬ ਵਿੱਚੋਂ ਇੱਕ ਵੀ ਕਾਪੇਕ ਨਾ ਨਿਕਲਿਆ ਤੇ ਜਿੱਥੇ ਮੇਰੇ ਕੋਲ਼ ਰਹਿਣ ਵਾਸਤੇ ਕੋਈ ਥਾਂ ਨਹੀਂ ਸੀ।

ਪਹਿਲੇ ਕੁੱਝ ਦਿਨਾਂ ਵਿੱਚ ਆਪਣੇ ਕੱਪੜਿਆਂ ਵਿੱਚੋਂ ਉਹ ਸਭ ਕੁੱਝ ਵੇਚ ਦੇਣ ਮਗਰੋਂ, ਜਿਸ ਤੋਂ ਬਿਨਾਂ ਮੇਰਾ ਝਟ ਲੰਘ ਸਕਦਾ ਸੀ, ਮੈਂ ਸ਼ਹਿਰ ਵਿੱਚੋਂ ਇੱਕ ਐਸੀ ਥਾਂ ਚਲਾ ਗਿਆ ਜਿਸ ਨੂੰ ਉਸਤੀਯੇ* ਆਖਿਆ ਜਾਂਦਾ ਸੀ ਤੇ ਜਿੱਥੇ ਜਹਾਜ਼ਾਂ ਦੇ ਘਾਟ ਸਨ। ਜਹਾਜ਼ਰਾਨੀ ਦੇ ਸਮੇਂ ਉੱਥੇ ਬੜੀ ਗਹਿਮਾ-ਗਹਿਮੀ ਰਹਿੰਦੀ ਸੀ ਤੇ ਬੜੇ ਜ਼ੋਰ-ਸ਼ੋਰ ਨਾਲ਼ ਕੰਮ ਹੋਇਆ ਕਰਦਾ ਸੀ। ਪਰ ਉਸ ਵੇਲੇ ਉੱਥੇ ਸੁੰਨ-ਮਸਾਣ ਸੀ। ਇਹ ਅਕਤੂਬਰ ਦੇ ਆਖ਼ਰੀ ਦਿਨਾਂ ਦੀ ਗੱਲ ਹੈ।

ਗਿੱਲੀ ਰੇਤ ਉੱਤੇ ਥਪਕ-ਥਪਕ ਚਲਦਿਆਂ ਅਤੇ ਉਸ ਵਿੱਚੋਂ ਕੋਈ ਖਾਣ-ਪੀਣ ਵਾਲ਼ੀ ਚੀਜ਼ ਲੱਭ ਲੈਣ ਦੀ ਆਸ ਨਾਲ਼ ਇਸ ਵੱਲ ਬੜੇ ਧਿਆਨ ਨਾਲ਼ ਵੇਖਦਿਆਂ ਮੈਂ ਉਜੜੀਆਂ ਹੋਈਆਂ ਇਮਾਰਤਾਂ ਤੇ ਹੱਟੀਆਂ ਦੇ ਖੋਖਿਆਂ ਵਿਚਾਲੇ ਇਕੱਲਾ ਹੀ ਘੁੰਮ-ਫਿਰ ਰਿਹਾ ਸਾਂ ਅਤੇ ਸੋਚ ਰਿਹਾ ਸਾਂ : ਕਿੰਨਾ ਮਜ਼ਾ ਆਉਂਦਾ ਹੈ ਜਦੋਂ ਢਿੱਡ ਭਰਿਆ ਹੁੰਦਾ ਹੈ।

ਸੱਭਿਆਚਾਰਕ ਵਿਕਾਸ ਦੇ ਇਸ ਪੜਾਅ ਉੱਤੇ ਰੂਹ ਦੀ ਭੁੱਖ ਸਰੀਰ ਦੀ ਭੁੱਖ ਨਾਲ਼ੋਂ ਸੌਖਿਆਂ ਮਿਟਾਈ ਜਾ ਸਕਦੀ ਹੈ। ਮਸਲਨ, ਤੁਸੀਂ ਗਲ਼ੀਆਂ ਬਜ਼ਾਰਾਂ ਵਿੱਚ ਘੁੰਮ-ਫਿਰ ਰਹੇ ਹੋ, ਤੁਹਾਡੇ ਆਲ਼ੇ ਦੁਆਲੇ ਇਮਾਰਤਾਂ ਹਨ, ਜੋ ਬਾਹਰੋਂ ਵੇਖਣ ਨੂੰ ਏਨੀਆਂ ਬੁਰੀਆਂ ਨਹੀਂ ਹਨ ਅਤੇ ਕੋਈ ਗ਼ਲਤੀ ਕੀਤੇ ਬਿਨਾਂ ਕਿਹਾ ਜਾ ਸਕਦਾ ਹੈ—ਅੰਦਰੋਂ ਵੀ ਏਨੀਆਂ ਮਾੜੀਆਂ ਨਹੀਂ ਹਨ : ਇਹ ਸਭ ਕੁੱਝ ਤੁਹਾਡੇ ਅੰਦਰ ਭਵਨ-ਨਿਰਮਾਣ ਕਲ਼ਾ, ਸਿਹਤ-ਵਿਗਿਆਨ ਤੇ ਕਈ ਦੂਸਰੇ ਸਿਆਣਪ-ਭਰੇ ਤੇ ਉੱਤਮ ਵਿਸ਼ਿਆਂ ਬਾਰੇ ਸੁਖਦਾਇਕ ਵਿਚਾਰ ਜਗਾ ਸਕਦਾ ਹੈ; ਤੁਹਾਡਾ ਅਰਾਮਦਿਹ ਤੇ ਗਰਮ ਕੱਪੜੇ ਪਹਿਨੀ ਲੋਕਾਂ ਨਾਲ਼ ਮੇਲ ਹੁੰਦਾ ਹੈ—ਉਹ ਸਾਊ ਹੁੰਦੇ ਹਨ, ਤੁਹਾਨੂੰ ਰਾਹ ਦੇਣ ਵਾਸਤੇ ਹਮੇਸ਼ਾ ਇੱਕ ਪਾਸੇ ਹੋ ਜਾਂਦੇ ਹਨ, ਤੁਹਾਡੀ ਹੋਂਦ ਦੇ ਅਫ਼ਸੋਸਨਾਕ ਤੱਥ ਵੱਲ ਧਿਆਨ ਦੇਣ ਤੋਂ ਬੜੀ ਨਿਮਰਤਾ ਨਾਲ਼ ਇਨਕਾਰ ਕਰ ਦਿੰਦੇ ਹਨ। ਸੱਚਮੁਚ ਹੀ, ਕਿਸੇ ਭੁੱਖੇ ਇਨਸਾਨ ਦੀ ਰੂਹ ਨੂੰ ਕਿਸੇ ਰੱਜੇ ਹੋਏ ਆਦਮੀ ਦੀ ਰੂਹ ਨਾਲ਼ੋਂ ਚੰਗੀ ਤੇ ਨਰੋਈ ਖ਼ੁਰਾਕ ਮਿਲਦੀ ਹੈ—ਇਹ ਹੈ ਸਥਿਤੀ, ਜਿਸ ਤੋਂ ਰੱਜਿਆਂ ਦੇ ਹੱਕ ਵਿੱਚ ਬੜਾ ਹੀ ਸੂਝ-ਭਰਿਆ ਸਿੱਟਾ ਕੱਢਿਆ ਜਾ ਸਕਦਾ ਹੈ!...

... ਸੰਝ ਹੋਣ ਵਾਲ਼ੀ ਸੀ, ਵਰਖਾ ਹੋ ਰਹੀ ਸੀ, ਉੱਤਰ ਦੀ ਦਿਸ਼ਾ ਵੱਲੋਂ ਹਵਾ ਦੇ ਬੁੱਲੇ ਆ ਰਹੇ ਸਨ। ਹਵਾ ਖ਼ਾਲੀ ਖੋਖਿਆਂ ਤੇ ਛੱਪਰਾਂ ਥਾਣੀਂ ਸੀਟੀਆਂ ਮਾਰ ਰਹੀ ਸੀ, ਹੋਟਲਾਂ ਦੀਆਂ ਫੱਟੇ-ਲੱਗੀਆਂ ਖਿੜਕੀਆਂ ਨੂੰ ਧੱਕੇ ਮਾਰ ਰਹੀ ਸੀ। ਦਰਿਆ ਵਿੱਚ ਹਵਾ ਦੀ ਮਾਰ ਹੇਠ ਲਹਿਰਾਂ ਝੱਗੋ-ਝੱਗ ਹੋ ਰਹੀਆਂ ਸਨ ਤੇ ਕੰਢੇ ਦੀ ਰੇਤ ਨੂੰ ਥਪੇੜੇ ਮਾਰਦੀਆਂ ਹੋਈਆਂ,

ਇੱਕ-ਦੂਜੀ ਦੇ ਉੱਤੋਂ ਦੀ ਟੱਪਦੀਆਂ ਹੋਈਆਂ ਉੱਛਲ-ਉੱਛਲ ਕੇ ਧੁੰਦਲੀ ਦੂਰੀ ਵੱਲ ਭੱਜੀਆਂ ਜਾ ਰਹੀਆਂ ਸਨ... ਇੰਝ ਲੱਗਦਾ ਸੀ ਕਿ ਦਰਿਆ ਸਿਆਲ ਦੇ ਨੇੜੇ ਆਉਣ ਨੂੰ ਮਹਿਸੂਸ ਕਰ ਰਿਹਾ ਸੀ ਤੇ ਸਖ਼ਤ ਬਰਫ਼ ਦੀਆਂ ਜ਼ੰਜੀਰਾਂ ਤੋਂ ਡਰਦਿਆਂ ਕਿਧਰੇ ਦੌੜਦਾ ਜਾ ਰਿਹਾ ਸੀ, ਜਿਨ੍ਹਾਂ ਨਾਲ਼ ਉੱਤਰੀ ਹਵਾ ਉਸੇ ਰਾਤ ਹੀ ਉਸ ਨੂੰ ਜਕੜ ਸਕਦੀ ਸੀ। ਅੰਬਰ ਭਾਰੀ ਤੇ ਹਨੇਰਾ ਸੀ ਅਤੇ ਉਸ ਵਿੱਚੋਂ ਮਸਾਂ-ਮਸਾਂ ਵਿਖਾਈ ਦਿੰਦੀਆਂ ਮੀਂਹ-ਕਣੀਆਂ ਲਗਾਤਾਰ ਵਰ੍ਹ ਰਹੀਆਂ ਸਨ; ਬੈਂਤ ਦੇ ਦੋ ਟੁੱਟੇ ਹੋਏ, ਕਰੂਪ ਦਰਖ਼ਤ ਅਤੇ ਉਨ੍ਹਾਂ ਦੇ ਮੁੱਢਾਂ ਲਾਗੇ ਮੂਧੀ ਪਈ ਇੱਕ ਬੇੜੀ ਮੇਰੇ ਆਲ਼ੇ-ਦੁਆਲ਼ੇ ਦੇ ਮਾਹੌਲ਼ ਨੂੰ ਹੋਰ ਵੀ ਸੋਗੀ ਬਣਾ ਰਹੇ ਸਨ।

ਟੁੱਟੇ ਹੋਏ ਥੱਲੇ ਵਾਲ਼ੀ ਮੂਧੀ ਪਈ ਬੇੜੀ, ਠੰਡੀ ਹਵਾ ਦੇ ਮਰੁੰਡੇ ਹੋਏ, ਦੁਖਿਆਰੇ, ਬੁੱਢੇ ਦਰਖ਼ਤ... ਮੇਰੇ ਆਲ਼ੇ ਦੁਆਲ਼ੇ ਦਾ ਸਭ ਕੁੱਝ ਟੁੱਟਾ- ਭੱਜਾ, ਨੀਰਸ ਤੇ ਮੁਰਦਾ ਸੀ, 'ਤੇ ਅੰਬਰ ਲਗਾਤਾਰ ਹੰਝੂ ਵਹਾ ਰਿਹਾ ਸੀ। ਆਲ਼ੇ-ਦੁਆਲ਼ੇ ਸਭ ਕੁਝ ਵੀਰਾਨ ਤੇ ਹਨੇਰਾ ਸੀ, ਸਭ ਕੁੱਝ ਮਰ ਰਿਹਾ ਜਾਪਦਾ ਸੀ, ਥੋੜ੍ਹੀ ਦੇਰ ਬਾਅਦ ਮੈਂ ਇਕੱਲਾ ਹੀ ਜਿਊਂਦਾ ਰਹਿ ਜਾਵਾਂਗਾ ਤੇ ਮੈਨੂੰ ਵੀ ਠੰਡੀ ਮੌਤ ਉਡੀਕ ਰਹੀ ਹੈ।

ਉਸ ਵੇਲੇ ਮੈਂ ਸਤਾਰ੍ਹਾਂ ਸਾਲਾਂ ਦਾ ਸਾਂ—ਵਧੀਆ ਉਮਰ ਹੈ!

ਮੈਂ ਗਿੱਲੀ, ਠੰਡੀ ਰੇਤ ਉੱਤੇ ਤੁਰਿਆ ਜਾ ਰਿਹਾ ਸਾਂ, ਠੰਡ ਤੇ ਭੁੱਖ ਨਾਲ਼ ਮੇਰਾ ਦੰਦੋੜਿਕਾ ਵੱਜ ਰਿਹਾ ਸੀ ਕਿ ਖਾਣ-ਪੀਣ ਦੀ ਕੋਈ ਚੀਜ਼ ਲੱਭਣ ਦੇ ਨਾਕਾਮ ਜਤਨ ਕਰਦਾ ਹੋਇਆ ਅਚਾਨਕ ਹੀ ਇੱਕ ਖੋਖੇ ਦੇ ਪਿਛਲੇ ਪਾਸੇ ਪਹੁੰਚ ਗਿਆ। ਉੱਥੇ ਮੈਂ ਜ਼ਨਾਨਾ ਪਹਿਰਾਵੇ ਵਿੱਚ ਕਿਸੇ ਨੂੰ ਭੁੰਜੇ ਬੈਠੇ ਹੋਏ ਨੂੰ ਵੇਖਿਆ। ਉਸ ਦੇ ਕੱਪੜੇ ਮੀਂਹ ਨਾਲ਼ ਗੜੁੱਚ ਸਨ ਤੇ ਝੁਕੇ ਹੋਏ ਮੋਢਿਆਂ ਨਾਲ਼ ਚਿਪਕ ਗਏ ਸਨ। ਮੈਂ ਉਸ ਲਾਗੇ ਇਹ ਵੇਖਣ ਲਈ ਰੁਕ ਗਿਆ ਕਿ ਉਹ ਕੀ ਕਰ ਰਹੀ ਸੀ। ਉਹ, ਦਰਅਸਲ, ਰੇਤ ਵਿੱਚ ਹੱਥਾਂ ਨਾਲ਼ ਇੱਕ ਖੋਖੇ ਲਾਗੇ ਟੋਆ ਪੁੱਟ ਰਹੀ ਸੀ।

"ਤੂੰ ਇਹ ਕਿਉਂ ਕਰ ਰਹੀ ਏਂ?" ਮੈਂ ਅੱਡੀਆਂ ਭਾਰ ਉਸ ਦੇ ਲਾਗੇ ਬੈਠਦਿਆਂ ਪੁੱਛਿਆ।

ਉਹ ਹੌਲ਼ੀ ਜਿਹੀ ਚੀਕੀ ਤੇ ਇੱਕਦਮ ਭੁੜਕ ਕੇ ਉੱਠੀ। ਹੁਣ, ਜਦੋਂ ਉਹ ਖਲੋਤੀ ਹੋਈ ਸੀ ਤੇ ਆਪਣੀਆਂ ਭੈ-ਭੀਤ ਭੂਰੀਆਂ ਅੱਖਾਂ ਟੱਡ ਕੇ ਮੇਰੇ ਵੱਲ ਵੇਖੀ ਜਾ ਰਹੀ ਸੀ, ਮੈਂ ਵੇਖਿਆ ਕਿ ਉਹ ਮੇਰੀ ਉਮਰ ਦੀ ਕੁੜੀ ਸੀ। ਉਸ ਦਾ ਮੁਖੜਾ ਸੋਹਣਾ ਸੀ, ਪਰ, ਅਫਸੋਸ ਹੈ, ਜਿਸ ਉੱਤੇ ਤਿੰਨ ਵੱਡੇ-ਵੱਡੇ ਨੀਲ ਪਏ ਹੋਏ ਸਨ। ਇਹ ਨੀਲ ਉਸ ਦਾ ਰੂਪ ਵਿਗਾੜ ਰਹੇ ਸਨ, ਹਾਲਾਂਕਿ ਉਹ ਬੜੇ ਹੀ ਸ਼ਾਨਦਾਰ ਸੁਜੋੜ ਨਾਲ਼ ਪਏ ਹੋਏ ਸਨ—ਹਰ ਅੱਖ ਦੇ ਹੇਠਾਂ ਪਏ ਦੋ ਨੀਲ ਇੱਕੋ ਜਿਹੇ ਅਕਾਰ ਦੇ ਸਨ ਅਤੇ ਇੱਕ ਹੋਰ, ਜਿਸ ਦਾ ਅਕਾਰ ਕੁੱਝ ਵੱਡਾ ਸੀ, ਨੱਕ ਦੀ ਘੋੜੀ ਦੇ ਐਨ ਉੱਪਰ ਮੱਥੇ ਉੱਤੇ ਪਿਆ ਹੋਇਆ ਸੀ। ਇਸ ਸੁਜੋੜ ਵਿੱਚ ਕਿਸੇ ਕਲਾਕਾਰ ਦਾ ਕੰਮ ਵੇਖਿਆ ਜਾ ਸਕਦਾ ਸੀ ਜਿਹੜਾ ਮਨੁੱਖੀ ਚਿਹਰੇ ਵਿਗਾੜਨ ਵਿੱਚ ਬੜਾ ਨਿਪੁੰਨ ਸੀ।

ਕੁੜੀ ਮੇਰੇ ਵੱਲ ਵੇਖ ਰਹੀ ਸੀ ਤੇ ਉਸ ਦੀਆਂ ਅੱਖਾਂ ਵਿੱਚੋਂ ਭੈ ਦੂਰ ਹੁੰਦਾ ਜਾ ਰਿਹਾ ਸੀ... ਉਸ ਆਪਣੇ ਹੱਥਾਂ ਤੋਂ ਰੇਤ ਝਾੜੀ, ਆਪਣੇ ਸਿਰ ਉੱਤੇ ਸੂਤੀ ਰੁਮਾਲ ਠੀਕ ਕੀਤਾ ਤੇ ਠੰਡ ਨਾਲ਼ ਕੁੰਗੜੀ ਹੋਈ ਨੇ ਆਖਿਆ :

"ਤੈਨੂੰ ਵੀ ਭੁੱਖ ਲੱਗੀ ਆ, ਹੈਂ ? ਆ ਏਧਰ, ਇੱਥੇ ਪੁੱਟ, ਮੇਰੇ ਹੱਤ ਥੱਕ ਗਏ ਆ। ਉੱਥੇ," ਉਸ ਨੇ ਸਿਰ ਹਿਲਾ ਕੇ ਖੋਖੇ ਵੱਲ ਇਸ਼ਾਰਾ ਕੀਤਾ, "ਰੋਟੀ ਪਈ ਹੋ ਸਕਦੀ ਆ... ਉੱਥੇ ਅਜੇ ਵੀ ਰੋਟੀਆਂ ਵਿਕਦੀਆਂ ਹੁੰਦੀਆਂ ਨੇ..."

ਮੈਂ ਵੀ ਮਿੱਟੀ ਪੁੱਟਣ ਲੱਗ ਪਿਆ। ਉਹ ਵੀ ਥੋੜ੍ਹੀ ਦੇਰ ਮਗਰੋਂ ਮੇਰੇ ਵੱਲ ਵੇਖ ਕੇ ਲਾਗੇ ਹੀ ਬੈਠ ਗਈ ਤੇ ਹੱਥ ਵਟਾਉਣ ਲੱਗ ਪਈ...

ਅਸੀਂ ਚੁੱਪ ਕਰ ਕੇ ਕੰਮ ਲੱਗੇ ਰਹੇ। ਮੈਂ ਹੁਣ ਏਨਾਂ ਨਹੀਂ ਦੱਸ ਸਕਦਾ ਕਿ ਉਸ ਘੜੀ ਮੈਨੂੰ ਦੰਡ-ਸਹਿੰਤਾ, ਨੈਤਿਕਤਾ, ਜਾਇਦਾਦ ਤੇ ਹੋਰਨਾਂ ਚੀਜ਼ਾਂ ਦਾ ਚੇਤਾ ਆਇਆ ਸੀ ਜਾਂ ਨਹੀਂ, ਜਿਨ੍ਹਾਂ ਦਾ, ਜਿਵੇਂ ਕਿ ਜਾਣਕਾਰ ਲੋਕ ਕਹਿੰਦੇ ਹਨ, ਉਮਰ ਭਰ ਹਰ ਵੇਲੇ ਖਿਆਲ ਰੱਖਣਾ ਚਾਹੀਦਾ ਹੈ। ਸੱਚਾਈ ਦੇ ਵੱਧ ਤੋਂ ਵੱਧ ਨੇੜੇ ਹੋਣ ਦੀ ਇੱਛਾ ਨਾਲ਼ ਮੈਨੂੰ ਇਹ ਗੱਲ ਮੰਨਣੀ ਚਾਹੀਦੀ ਹੈ : ਮੈਂ ਖੋਖੇ ਥੱਲੇ ਟੋਆ ਪੁੱਟਣ ਦੇ ਕੰਮ ਵਿੱਚ ਏਨਾ ਖੁਭਿਆ ਹੋਇਆ ਸਾਂ ਕਿ ਇਸ ਗੱਲ ਤੋਂ ਇਲਾਵਾ ਹੋਰ ਸਭ ਕੁੱਝ ਬਾਰੇ ਬਿਲਕੁਲ ਭੁੱਲ ਗਿਆ ਸਾਂ ਕਿ ਇਸ ਖੋਖੇ ਵਿੱਚ ਕੀ ਹੋ ਸਕਦਾ ਸੀ...

ਸੰਝ ਹੋ ਗਈ ਸੀ। ਸਾਡੇ ਦੁਆਲੇ ਸਿੱਲ੍ਹਾ, ਕੱਚਾ, ਠੰਡਾ ਹਨੇਰਾ ਘਨੇਰਾ ਹੁੰਦਾ ਜਾ ਰਿਹਾ ਸੀ। ਲਹਿਰਾਂ ਦੇ ਸ਼ੋਰ ਵਿੱਚ ਪਹਿਲਾਂ ਜਿੰਨਾ ਦਮ ਨਹੀਂ ਰਿਹਾ ਸੀ, ਪਰ ਬਾਰਸ਼ ਖੋਖੇ ਦੇ ਫੱਟਿਆਂ ਉੱਤੇ ਵਧੇਰੇ ਜ਼ੋਰ ਤੇ ਟੁਣਕਾਰ ਨਾਲ਼ ਖੜਖੜਾਹਟ ਕਰ ਰਹੀ ਸੀ... ਕਿਸੇ ਪਾਸਿਓਂ ਰਾਤ ਦੇ ਚੌਂਕੀਦਾਰ ਦੇ ਡੰਡੇ ਦੀ ਘੂਕਰ ਸੁਣਾਈ ਦੇਣ ਲੱਗ ਪਈ ਸੀ।

"ਏਹਦੇ ਹੇਠਾਂ ਕੋਈ ਫਰਸ਼ ਹੋਊ ਕਿ ਨਹੀਂ ?" ਮੇਰੀ ਮਦਦਗਾਰ ਨੇ ਹੌਲ਼ੀ ਜਿਹੀ ਪੁੱਛਿਆ। ਮੇਰੀ ਸਮਝ ਵਿੱਚ ਨਾ ਪਿਆ ਕਿ ਉਸ ਦੇ ਕਹਿਣ ਦਾ ਕੀ ਮਤਲਬ ਸੀ। ਸੋ, ਮੈਂ ਚੁੱਪ ਹੀ ਰਿਹਾ।

"ਮੈਂ ਆਂਹਦੀ ਆਂ—ਖੋਖੇ ਦਾ ਫਰਸ਼ ਹੋਊ ? ਜੇ ਹੈਗਾ ਤਾਂ ਅਸੀਂ ਐਵੇਂ ਹੀ ਭੰਨ ਤੋੜ ਕਰਦੇ ਪਏ ਆਂ। ਟੋਆ ਪੁੱਟ ਵੀ ਲਿਆ ਤੇ ਹੇਠਾਂ ਮੋਟੇ-ਮੋਟੇ ਫੱਟੇ ਲੱਗੇ ਹੋਏ ਹੋਣਗੇ... ਉਹਨਾਂ ਨੂੰ ਕਿੱਦਾਂ ਲਾਹਵਾਂਗੇ ? ਏਹਦੇ ਨਾਲ਼ੋਂ ਚੰਗਾ ਤਾਂ ਜਿੰਦਰਾ ਤੋੜ ਲਈਏ... ਜਿੰਦਰਾ ਏਨਾ ਪੱਕਾ ਵੀ ਨਹੀਂ..."

ਚੰਗੇ ਵਿਚਾਰ ਔਰਤਾਂ ਦੇ ਦਿਮਾਗ ਵਿੱਚ ਕਦੀ-ਕਦਾਈਂ ਹੀ ਆਉਂਦੇ ਹਨ, ਪਰ, ਜਿਵੇਂ ਕਿ ਤੁਸੀਂ ਵੇਖ ਰਹੇ ਹੋ, ਉਹ ਫ਼ਿਰ ਵੀ ਆਉਂਦੇ ਹਨ... ਮੈਂ ਚੰਗੇ ਵਿਚਾਰਾਂ ਦੀ ਹਮੇਸ਼ਾ ਕਦਰ ਕਰਦਾ ਰਿਹਾ ਹਾਂ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਉਹਨਾਂ ਦਾ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ।

ਤਾਲਾ ਲੱਭ ਕੇ ਮੈਂ ਉਸ ਨੂੰ ਖਿੱਚਿਆ ਤੇ ਕੁੰਡੇ ਸਮੇਤ ਪੁੱਟ ਲਿਆ... ਮੇਰੀ ਭਿਆਲਣ ਝੁਕੀ ਤੇ ਖੁੱਲ੍ਹੇ ਹੋਏ ਚੌਰਸ ਮਘੋਰੇ ਥਾਣੀਂ ਸੱਪ ਵਾਂਗ ਖੋਖੇ ਦੇ ਅੰਦਰ ਚਲੀ ਗਈ। ਉਥੋਂ ਸ਼ਲਾਘਾ

ਕਰਦੀ ਉਸ ਦੀ ਅਵਾਜ਼ ਆਈ :

"ਅਸ਼ਕੇ ਤੇਰੇ !"

ਕਿਸੇ ਜ਼ਨਾਨੀ ਵੱਲੋਂ ਮੇਰੀ ਸ਼ਲਾਘਾ ਦਾ ਇੱਕ ਲਫਜ਼ ਕਿਸੇ ਮਰਦ ਵੱਲੋਂ ਮੇਰੀ ਪ੍ਰਸੰਸਾ ਵਿੱਚ ਗਾਏ ਗਏ ਗੀਤ ਨਾਲੋਂ ਵੀ ਅਜ਼ੀਜ਼ ਹੈ, ਇਹ ਮਰਦ ਭਾਵੇਂ ਸਾਰੇ ਪ੍ਰਾਚੀਨ ਬੁਲਾਰਿਆਂ ਨਾਲ਼ੋਂ ਵੀ ਮਿੱਠ-ਬੋਲਾ ਹੋਵੇ। ਪਰ ਉਸ ਵਕਤ ਮੇਰਾ ਸੁਭਾਅ ਏਨਾ ਮੂੰਹ-ਮੁਲਾਹਜ਼ੇ ਵਾਲ਼ਾ ਨਹੀਂ ਸੀ ਜਿੰਨਾ ਹੁਣ ਹੈ। ਮੈਂ ਕੁੜੀ ਵੱਲੋਂ ਕੀਤੀ ਗਈ ਇਸ ਸ਼ਲਾਘਾ ਵੱਲ ਧਿਆਨ ਨਾ ਦਿੱਤਾ ਤੇ ਡਰਦਿਆਂ ਬੱਸ ਏਨਾ ਹੀ ਪੁੱਛਿਆ :

"ਕੁਝ ਹੈਗਾ ?"

ਉਹ ਅਕਾਊ ਜਿਹੀ ਅਵਾਜ਼ ਵਿੱਚ ਉਸ ਨੂੰ ਲੱਭੀਆਂ ਚੀਜ਼ਾਂ ਗਿਣ-ਗਿਣ ਦੱਸਣ ਲੱਗੀ :

"ਬੋਤਲਾਂ ਦੀ ਟੋਕਰੀ... ਖਾਲ਼ੀ ਬੋਰੀਆਂ... ਛਤਰੀ... ਲੋਹੇ ਦੀ ਬਾਲਟੀ..."

ਇਹਨਾਂ ਵਿੱਚੋਂ ਕੁੱਝ ਵੀ ਖਾਣ ਵਾਲ਼ਾ ਨਹੀਂ ਸੀ। ਮੈਂ ਲੱਗਾ ਕਿ ਮੇਰੀਆਂ ਆਸਾਂ ਡੁੱਬਦੀਆਂ ਜਾ ਰਹੀਆਂ ਸਨ... ਪਰ ਅਚਾਨਕ ਹੀ ਉਸ ਨੇ ਉਤਸ਼ਾਹਜਨਕ ਅਵਾਜ਼ ਵਿੱਚ ਕਿਹਾ :

"ਆ-ਹਾ ! ਲੱਭ ਗਈ..."

"ਕੀ ?"

"ਰੋਟੀ... ਗੋਲ਼ ਡਬਲਰੋਟੀ... ਪਰ ਭਿੱਜੀ ਪਈ ਆ... ਲੈ ਫੜ !"

ਗੋਲ਼ ਡਬਲਰੋਟੀ ਰਿੜ੍ਹਦੀ-ਰਿੜ੍ਹਦੀ ਮੇਰੇ ਪੈਰਾਂ ਵੱਲ ਆਈ ਤੇ ਮਗਰੇ ਹੀ ਉਹ, ਮੇਰੀ ਬਹਾਦਰ ਭਿਆਲ਼ਣ ਆ ਗਈ। ਮੈਂ ਰੋਟੀ ਨਾਲੋਂ ਇੱਕ ਬੁਰਕੀ ਤੋੜ ਲਈ ਸੀ ਤੇ ਉਸ ਨੂੰ ਮੂੰਹ ਵਿੱਚ ਤੁੰਨ ਕੇ ਚਿੱਥਣ ਲੱਗ ਪਿਆ ਸਾਂ...

"ਲਿਆ ਐਧਰ, ਮੈਨੂੰ ਦੇ... ਤੇ ਇੱਥੋਂ ਸਾਨੂੰ ਨਿਕਲ ਜਾਣਾ ਚਾਹੀਦੈ। ਆਪਾਂ ਕਿੱਥੇ ਚੱਲੀਏ ?" ਉਸ ਦੀਆਂ ਅੱਖਾਂ ਆਲ਼ੇ-ਦੁਆਲ਼ੇ ਹੋਏ ਹਨੇਰੇ ਥਾਣੀਂ ਟਿਕਟਿਕੀ ਲਾ ਕੇ ਵੇਖ ਰਹੀਆਂ ਸਨ... ਹਨ੍ਹੇਰਾ ਸੀ, ਸਿੱਲ੍ਹ ਤੇ ਸ਼ੋਰ ਸੀ... "ਔਥੇ ਇੱਕ ਬੇੜੀ ਮੂਧੀ ਪਈ ਆ... ਓਥੇ ਜਾਣ ਬਾਰੇ ਤੇਰਾ ਕੀ ਖ਼ਿਆਲ ਆ ?"

"ਆ ਚੱਲੀਏ !" ਅਸੀਂ ਉਥੋਂ ਤੁਰ ਪਏ ਅਤੇ ਤੁਰੇ-ਤੁਰੇ ਜਾਂਦੇ ਆਪਣੇ ਲੁੱਟ ਦੇ ਮਾਲ ਨਾਲ਼ੋਂ ਬੁਰਕੀਆਂ ਤੋੜ-ਤੋੜ ਮੂੰਹਾਂ ਵਿੱਚ ਤੁੰਨੀ ਜਾ ਰਹੇ ਸਾਂ... ਮੀਂਹ ਤੇਜ਼ ਹੋ ਗਿਆ ਸੀ, ਦਰਿਆ ਗਰਜ਼ ਰਿਹਾ ਸੀ, ਕਿਸੇ ਪਾਸਿਓਂ ਲੰਮੀ, ਵਿਅੰਗਮਈ ਸੀਟੀ ਵੱਜਣ ਦੀ ਅਵਾਜ਼ ਆਈ। ਇੰਜ਼ ਲੱਗ ਰਿਹਾ ਸੀ ਜਿਵੇਂ ਕੋਈ ਤਗੜਾ ਜਣਾ, ਜਿਸ ਨੂੰ ਕਿਸੇ ਦਾ ਵੀ ਡਰ ਨਹੀਂ ਸੀ ਦੁਨੀਆਂ ਦੀ ਹਰ ਸ਼ੈ, ਹਰ ਦਸਤੂਰ, ਪਤਝੜ ਦੀ ਉਸ ਸ਼ਾਮ ਤੇ ਸਾਡੀ, ਇਸ ਦੇ ਦੋ ਪਾਤਰਾਂ ਦੀ ਵੀ ਖਿੱਲੀ ਉਡਾ ਰਿਹਾ ਸੀ... ਸੀਟੀ ਵੱਜਣ ਦੀ ਅਵਾਜ਼ ਮੇਰੇ ਦਿਲ ਨੂੰ ਆਪਣੀ ਗਰਿਫ਼ਤ ਵਿੱਚ ਲਈ ਜਾ ਰਹੀ ਸੀ, ਪਰ ਫਿਰ ਵੀ ਮੈਂ ਹਾਬੜਿਆਂ ਵਾਂਗ ਖਾਈ ਜਾ ਰਿਹਾ ਸਾਂ ਤੇ ਇਸ ਕੰਮ ਵਿੱਚ ਕੁੜੀ ਵੀ ਮੇਰੇ ਤੋਂ ਪਿੱਛੇ ਨਹੀਂ ਰਹਿ ਰਹੀ ਸੀ ਜਿਹੜੀ ਮੇਰੇ ਖੱਬੇ ਪਾਸੇ ਨਾਲ਼-ਨਾਲ਼

ਤੁਰੀ ਜਾ ਰਹੀ ਸੀ।

"ਤੇਰਾ ਨਾਂ ਕੀ ਆ ?" ਮੈਨੂੰ ਕਿਸੇ ਗੱਲ ਨੇ ਪੁੱਛਣ ਲਈ ਪ੍ਰੇਰਿਆ।

"ਨਤਾਸ਼ਾ!" ਉਸ ਨੇ ਉੱਚੀ-ਉੱਚੀ ਪਚਾਕੇ ਮਾਰਦਿਆਂ ਜਵਾਬ ਦਿੱਤਾ।

ਮੈਂ ਉਸ ਵੱਲ ਵੇਖਿਆ ਤੇ ਮੇਰਾ ਦਿਲ ਪੀੜ-ਪੀੜ ਕਰ ਉੱਠਿਆ। ਮੈਂ ਆਪਣੇ ਅੱਗੇ ਹਨੇਰੇ ਵਿੱਚ ਵੇਖਿਆ, ਤੇ ਮੈਨੂੰ ਜਾਪਿਆ ਕਿ ਮੇਰੀ ਹੋਣੀ ਦਾ ਵਿਅੰਗਮਈ ਬੂਥਾ ਮੇਰੇ ਵੱਲ ਰਹੱਸਮਈ ਤੇ ਠੰਡੀਆਂ ਸੀਤ ਮੁਸਕਾਣਾਂ ਸੁੱਟ ਰਿਹਾ ਸੀ...

... ਲੱਕੜੀ ਦੀ ਬੇੜੀ ਉੱਤੇ ਮੀਂਹ ਬੇਅਰਾਮੀ ਨਾਲ਼ ਖੜਖੜ ਕਰ ਰਿਹਾ ਸੀ, ਹਲਕੀ ਜਿਹੀ ਖੜਖੜਾਹਟ ਮਨ ਵਿੱਚ ਉਦਾਸ ਸੋਚਾਂ ਪੈਦਾ ਕਰ ਰਹੀ ਸੀ, ਅਤੇ ਹਵਾ ਬੇੜੀ ਦੇ ਟੁੱਟੇ ਹੋਏ ਥੱਲੇ ਵਿੱਚ ਝੀਤ ਰਾਹੀਂ ਸੀਟੀਆਂ ਮਾਰੀ ਜਾ ਰਹੀ ਸੀ। ਝੀਤ ਵਿੱਚ ਇੱਕ ਛੌਂਡਾ ਲਟਕ ਰਿਹਾ ਸੀ ਜਿਹੜਾ ਬੇੜੀ ਦੇ ਪਾਸਿਆਂ ਨਾਲ਼ ਵੱਜ-ਵੱਜ ਕੇ ਬੇਚੈਨੀ ਤੇ ਸ਼ਕਾਇਤ-ਭਰੀ ਅਵਾਜ਼ ਪੈਦਾ ਕਰ ਰਿਹਾ ਸੀ। ਦਰਿਆ ਦੀਆਂ ਲਹਿਰਾਂ ਕੰਢੇ ਨੂੰ ਥਪਥਪਾ ਰਹੀਆਂ ਸਨ, ਉਹ ਏਨੀਆਂ ਅਕਾਊ ਤੇ ਬੇਉਮੀਦੀ-ਭਰੀਆਂ ਅਵਾਜ਼ਾਂ ਪੈਦਾ ਕਰ ਰਹੀਆਂ ਸਨ, ਜਿਵੇਂ ਕੋਈ ਬੇਹੱਦ ਨੀਰਸ ਤੇ ਭੈੜੀ ਗੱਲ ਸੁਣਾ ਰਹੀਆਂ ਹੋਣ, ਜਿਸ ਤੋਂ ਉਹ ਡਾਢੀਆਂ ਤੰਗ ਆ ਗਈਆਂ ਹੋਣ, ਜਿਸ ਤੋਂ ਉਹਨਾਂ ਨੂੰ ਹਕਾਰਤ ਹੁੰਦੀ ਹੋਵੇ, ਕੋਈ ਐਸੀ ਗੱਲ ਜਿਸ ਕੋਲੋਂ ਉਹ ਦੂਰ ਚਲੇ ਜਾਣਾ ਚਾਹੁੰਦੀਆਂ ਹੋਣ, ਤੇ ਉਹ ਗੱਲ ਜਿਸ ਬਾਰੇ ਦੱਸਣਾ ਜ਼ਰੂਰੀ ਹੋਵੇ। ਮੀਂਹ ਦਾ ਸ਼ੋਰ ਲਹਿਰਾਂ ਦੀ ਥਪਥਪ ਨਾਲ਼ ਮਿਲ ਕੇ ਇੱਕ ਹੋ ਗਿਆ ਸੀ, ਅਤੇ ਮੂਧੀ ਪਈ ਬੇੜੀ ਉੱਤੇ ਧਰਤੀ ਦਾ ਲਮਕਵਾਂ, ਬੋਝਲ ਹਾਓਕਾ ਤਾਰੀ ਸੀ, ਜਿਸ ਨੂੰ ਇਸ ਗੱਲ ਦਾ ਗੁੱਸਾ ਤੇ ਰੰਜ ਸੀ ਕਿ ਉੱਜਲੇ, ਨਿੱਘੇ ਹੁਨਾਲੇ ਮਗਰੋਂ ਹਮੇਸ਼ਾ ਹੀ ਠੰਡੀ, ਧੁੰਦਲੀ ਤੇ ਸਿਲ੍ਹ-ਭਰੀ ਪਤਝੜ ਕਿਉਂ ਆ ਜਾਂਦੀ ਹੈ। ਹਵਾ ਵੀਰਾਨ ਕੰਢੇ ਅਤੇ ਝੱਗੋ-ਝੱਗ ਹੋਏ ਦਰਿਆ ਉੱਤੇ ਰੁਮਕ ਰਹੀ ਸੀ, ਰੁਮਕ ਰਹੀ ਸੀ ਤੇ ਸੋਗਮਈ ਗੀਤ ਗਾ ਰਹੀ ਸੀ...

ਬੇੜੀ ਹੇਠਾਂ ਬੜੀ ਬੇਅਰਾਮੀ ਸੀ : ਉੱਥੇ ਜਗ੍ਹਾ ਥੋੜ੍ਹੀ ਸੀ, ਸਿੱਲ੍ਹ ਸੀ, ਟੁੱਟੇ ਥੱਲੇ ਥਾਣੀਂ ਮੀਂਹ ਦੀਆਂ ਠੰਡੀਆਂ ਕਣੀਆਂ ਪੈ ਰਹੀਆਂ ਸਨ, ਹਵਾ ਦੇ ਬੁੱਲ੍ਹੇ ਆ ਰਹੇ ਸਨ... ਅਸੀਂ ਚੁੱਪਚਾਪ ਬੈਠੇ ਹੋਏ ਸਾਂ ਤੇ ਠੰਡ ਨਾਲ਼ ਕੰਬੀ ਜਾ ਰਹੇ ਸਾਂ। ਮੈਨੂੰ ਯਾਦ ਹੈ ਕਿ ਮੇਰਾ ਸੌਣ ਨੂੰ ਜੀਅ ਕਰ ਰਿਹਾ ਸੀ। ਨਤਾਸ਼ਾ ਬੇੜੀ ਦੇ ਇੱਕ ਪਾਸੇ ਵੱਲ ਆਪਣੀ ਪਿੱਠ ਕਰ ਕੇ ਗੁੱਛਾ-ਮੁੱਛਾ ਹੋਈ ਬੈਠੀ ਹੋਈ ਸੀ। ਆਪਣੇ ਗੋਡਿਆਂ ਨੂੰ ਬਾਂਹਵਾ ਵਿੱਚ ਜਕੜ ਕੇ ਅਤੇ ਆਪਣੀ ਠੋਡੀ ਉਹਨਾਂ ਉੱਤੇ ਰੱਖ ਕੇ ਦਰਿਆ ਵੱਲ ਟਿਕਟਿਕੀ ਲਾ ਕੇ ਵੇਖ ਰਹੀ ਸੀ। ਉਸ ਨੇ ਅੱਖਾਂ ਟੱਡੀਆਂ ਹੋਈਆਂ ਸਨ ਅਤੇ ਉਸ ਦੇ ਗੋਰੇ ਮੁਖੜੇ ਉੱਤੇ ਆਪਣੇ ਹੇਠ ਪਏ ਨੀਲਾਂ ਕਾਰਨ ਬਹੁਤ ਵੱਡੀਆਂ ਲੱਗ ਰਹੀਆਂ ਸਨ। ਉਹ ਅਹਿਲ ਸੀ। ਉਸ ਦੀ ਇਹ ਨਿਰਜੀਵਤਾ ਤੇ ਖਾਮੋਸ਼ੀ—ਮੈਂ ਮਹਿਸੂਸ ਕਰ ਰਿਹਾ ਸਾਂ—ਮੇਰੇ ਅੰਦਰ ਆਪਣੀ ਗੁਆਂਢਣ ਸਾਮ੍ਹਣੇ ਹੌਲ਼ੀ-ਹੌਲ਼ੀ ਕੋਈ ਡਰ ਪੈਦਾ ਕਰ ਰਹੀਆਂ ਸਨ... ਮੈਂ ਉਸ ਨਾਲ਼ ਕੋਈ ਗੱਲ ਕਰਨੀ ਚਾਹੁੰਦਾ ਸਾਂ, ਪਰ ਮੈਨੂੰ ਅਹੁੜ ਨਹੀਂ ਰਹੀ ਸੀ ਕਿ ਗੱਲ ਸ਼ੁਰੂ ਕਿਵੇਂ ਕਰਾ।

ਪਰ ਉਸ ਨੇ ਆਪ ਹੀ ਗੱਲ ਸ਼ੁਰੂ ਕਰ ਦਿੱਤੀ।

"ਇਹ ਵੀ ਕੀ ਜੀਊਣਾ ਹੋਇਆ!..." ਉਸ ਨੇ ਬੜਾ ਸਾਫ਼-ਸਾਫ਼, ਨਿਖੇੜ ਕੇ ਅਤੇ ਡੂੰਘੇ ਯਕੀਨ-ਭਰੇ ਲਹਿਜੇ 'ਚ ਕਿਹਾ।

ਪਰ ਇਹ ਕੋਈ ਸ਼ਿਕਵਾ ਨਹੀਂ ਸੀ। ਇਹਨਾਂ ਸ਼ਬਦਾਂ ਵਿੱਚ ਏਨਾਂ ਬੇਵਾਸਤਾ ਸੀ ਕਿ ਇਸ ਨੂੰ ਸ਼ਿਕਵਾ ਨਹੀਂ ਆਖਿਆ ਜਾ ਸਕਦਾ ਸੀ। ਬੱਸ, ਇਨਸਾਨ ਨੇ ਉਵੇਂ ਹੀ ਸੋਚਿਆ ਜਿਸ ਤਰ੍ਹਾਂ ਸੋਚ ਸਕਦਾ ਸੀ। ਉਸ ਨੇ ਸੋਚਿਆ ਤੇ ਕਿਸੇ ਨਿਸ਼ਚਤ ਸਿੱਟੇ ਉੱਤੇ ਪੁੱਜ ਗਿਆ ਜਿਸ ਨੂੰ ਉਸ ਨੇ ਉੱਚੀ ਸਾਰੀ ਕਹਿ ਸੁਣਾਇਆ ਤੇ ਜਿਸ ਉੱਤੇ ਮੈਂ, ਆਪਣੇ-ਆਪ ਨੂੰ ਭੁਲੇਖੇ ਵਿੱਚ ਪਾਏ ਬਿਨਾਂ, ਕਿੰਤੂ ਨਹੀਂ ਕਰ ਸਕਦਾ ਸਾਂ। ਇਸ ਵਾਸਤੇ ਮੈਂ ਕੁੱਝ ਨਾ ਕਿਹਾ। ਪਰ ਉਹ ਇੰਜ਼ ਅਹਿਲ ਬੈਠੀ ਹੋਈ ਸੀ ਜਿਵੇਂ ਮੇਰੇ ਵੱਲ ਕੋਈ ਧਿਆਨ ਹੀ ਨਾ ਦੇ ਰਹੀ ਹੋਵੇ।

"ਏਹਦੇ ਨਾਲ਼ੋਂ ਤਾਂ ਮਰ ਜਾਣਾ ਹੀ ਚੰਗੈ..." ਉਸ ਦੇ ਮੂੰਹੋਂ ਨਿਕਲਿਆ। ਇਸ ਵਾਰੀ ਨਤਾਸ਼ਾ ਨੇ ਬੜੀ ਹੌਲ਼ੀ ਜਿਹੀ ਤੇ ਸੋਚੀਂ ਪਈ ਨੇ ਆਖਿਆ। ਇਸ ਵਾਰੀ ਫ਼ਿਰ ਉਸ ਦੇ ਸ਼ਬਦਾਂ ਵਿੱਚ ਸ਼ਿਕਵੇ ਸ਼ਿਕਾਇਤ ਦੀ ਕੋਈ ਨਿਸ਼ਾਨੀ ਨਹੀਂ ਸੀ। ਇਹ ਗੱਲ ਬੜੀ ਸਾਫ਼ ਸੀ ਕਿ ਉਹ ਜ਼ਿੰਦਗੀ ਬਾਰੇ ਸੋਚ ਕੇ ਤੇ ਆਪਣੇ ਉੱਤੇ ਝਾਤ ਮਾਰ ਕੇ ਬੜੇ ਚੈਨ ਨਾਲ਼ ਇਸ ਗੱਲ ਦੀ ਕਾਇਲ ਹੋ ਗਈ ਸੀ ਕਿ ਆਪਣੇ-ਆਪ ਨੂੰ ਜੀਵਨ ਦੀਆਂ ਵਧੀਕੀਆਂ ਤੋਂ ਬਚਾਉਣ ਦੀ ਖ਼ਾਤਰ ਉਹ "ਮਰ ਜਾਣ" ਤੋਂ ਇਲਾਵਾ ਹੋਰ ਕੁੱਝ ਨਹੀਂ ਕਰ ਸਕਦੀ ਸੀ।

ਮੈਨੂੰ ਵਿਚਾਰਾਂ ਦੀ ਏਨੀ ਸਪੱਸ਼ਟਤਾ ਤੋਂ ਬੜੀ ਹੀ ਅਸਹਿ ਕਚਿਆਉਣ ਹੋਈ ਤੇ ਮੈਂ ਮਹਿਸੂਸ ਕੀਤਾ ਕਿ ਜੇ ਮੈਂ ਚੁੱਪ ਕਰ ਕੇ ਬੈਠਾ ਰਿਹਾ ਤਾਂ ਮੇਰਾ ਰੋਣ ਨਿਕਲ ਜਾਵੇਗਾ... ਤੇ ਕਿਸੇ ਔਰਤ ਸਾਮ੍ਹਣੇ, ਖ਼ਾਸ ਕਰਕੇ, ਉਸ ਔਰਤ ਸਾਮ੍ਹਣੇ ਜਿਹੜੀ ਰੋ ਨਹੀਂ ਰਹੀ ਸੀ, ਇੰਜ਼ ਰੋ ਪੈਣਾ ਬੜੀ ਨਮੋਸ਼ੀ ਵਾਲ਼ੀ ਗੱਲ ਹੋਣੀ ਸੀ। ਮੈਂ ਉਸ ਨਾਲ਼ ਗੱਲਾਂ ਕਰਨ ਦਾ ਫ਼ੈਸਲਾ ਕੀਤਾ।

"ਤੈਨੂੰ ਕੀਹਨੇ ਏਨਾਂ ਕੁੱਟਿਐ ?" ਮੈਂ ਪੁੱਛਿਆ। ਮੈਂ ਇਸ ਨਾਲ਼ੋਂ ਵਧੇਰੇ ਸਿਆਣੀ ਗੱਲ ਸੋਚਣ ਤੋਂ ਅਸਮੱਰਥ ਸਾਂ।

"ਪਾਸ਼ਕਾ ਨੇ, ਹੋਰ ਕੀਹਨੇ..." ਉਸ ਨੇ ਬੜੇ ਤਹੱਮਲ ਨਾਲ਼ ਉੱਚੀ ਸਾਰੀ ਆਖਿਆ।

"ਉਹ ਕੌਣ ਆ ?"

"ਮੇਰਾ ਯਾਰ... ਬੰਦ ਪਕਾਉਣ ਵਾਲ਼ਾ..."

"ਉਹ ਤੈਨੂੰ ਰੋਜ਼-ਬਰੋਜ਼ ਸਓੜ ਚਾੜ੍ਹਦੈ ?..."

"ਜਦੋਂ ਬਹੁਤੀ ਪੀ ਲੈਂਦੈ, ਉਦੋਂ ਹੀ ਕੁਟਦੈ..."

ਤਦ ਉਹ ਅਚਾਨਕ ਹੀ ਸਰਕ ਕੇ ਮੇਰੇ ਲਾਗੇ ਆ ਗਈ ਤੇ ਆਪਣੀਆਂ, ਪਾਸ਼ਕਾ ਦੀਆਂ ਤੇ ਉਹਨਾਂ ਦੇ ਆਪਸੀ ਸਬੰਧਾਂ ਦੀਆਂ ਗੱਲਾਂ ਸੁਣਾਉਣ ਲੱਗ ਪਈ। ਉਹ "ਉਹਨਾਂ ਅਵਾਰਾਗਰਦ ਕੁੜੀਆਂ ਵਿੱਚੋਂ ਸੀ, ਜਿਹੜੀਆਂ...," ਤੇ ਉਹ, ਬੰਦ ਪਕਾਉਣ ਵਾਲ਼ਾ ਸੀ ਜਿਸ ਦੀਆਂ ਮੁੱਛਾਂ ਲਾਲ ਸਨ ਤੇ ਜਿਹੜਾ ਹਾਰਮੋਨੀਅਮ ਬੜੀ ਚੰਗੀ ਤਰ੍ਹਾਂ ਵਜਾ ਲੈਂਦਾ ਸੀ। ਉਹ "ਚਕਲੇ" ਵਿੱਚ ਉਸ ਕੋਲ਼ ਜਾਂਦਾ ਹੁੰਦਾ ਸੀ ਤੇ ਉਹ ਉਸ ਨੂੰ ਬੜਾ ਚੰਗਾ ਲੱਗਦਾ ਸੀ। ਉਹ ਬੜਾ ਖੁਸ਼-ਰਹਿਣਾ ਸੀ ਤੇ ਬੜੇ ਸਾਫ਼ ਸੁਥਰੇ ਕੱਪੜੇ ਪਾਉਂਦਾ ਸੀ। ਉਸ ਦਾ ਕੋਟ ਪੰਦਰ੍ਹਾਂ

ਰੂਬਲਾਂ ਦਾ ਸੀ ਤੇ ਉਹ ਨਰਮ ਚਮੜੇ ਦੇ ਬੂਟ ਪਾਉਂਦਾ ਸੀ... ਇਸੇ ਕਰਕੇ ਉਸ ਨੂੰ ਉਸ ਨਾਲ਼ ਇਸ਼ਕ ਹੋ ਗਿਆ ਸੀ ਤੇ ਉਹ ਉਸ ਦਾ "ਖ਼ਾਸ ਯਾਰ" ਬਣ ਗਿਆ ਸੀ। ਪਰ ਜਿਉਂ ਹੀ ਉਹ ਉਸ ਦਾ "ਖ਼ਾਸ ਯਾਰ" ਬਣਿਆ ਤਾਂ ਉਹ ਇਹ ਕਰਨ ਲੱਗ ਪਿਆ ਕਿ ਨਤਾਸ਼ਾ ਕੋਲ਼ੋਂ ਸਾਰੀ ਰਕਮ ਖੋਹ ਲੈਂਦਾ ਜਿਹੜੀ ਉਸ ਨੂੰ ਦੂਸਰੇ ਮਹਿਮਾਨ ਮਿੱਠੀਆਂ ਗੋਲ਼ੀਆਂ ਖ਼ਰੀਦਣ ਲਈ ਦੇ ਦਿਆ ਕਰਦੇ ਸਨ। ਉਹ ਇਹਨਾਂ ਪੈਸਿਆਂ ਦੀ ਸ਼ਰਾਬ ਪੀਣ ਲੱਗ ਪਿਆ ਤੇ ਨਤਾਸ਼ਾ ਦੇ ਹੱਡ ਸੇਕਣੇ ਸ਼ੁਰੂ ਕਰ ਦਿੱਤੇ। ਪਰ ਫ਼ਿਰ ਵੀ ਇਹ ਏਨਾ ਮਾੜਾ ਨਾ ਹੁੰਦਾ ਜੇਕਰ ਉਹ ਉਸ ਦੇ ਸਾਮ੍ਹਣੇ ਹੀ ਹੋਰਨਾਂ ਕੁੜੀਆਂ ਨਾਲ਼ "ਖੇਹ ਖਾਣ" ਨਾ ਲੱਗ ਪੈਂਦਾ...

"ਮੈਨੂੰ ਇਹਦਾ, ਭਲਾਂ, ਦੁੱਖ ਨਹੀਂ ਹੁੰਦਾ? ਮੈਂ ਦੂਸਰੀਆਂ ਨਾਲ਼ੋਂ ਰਹੀ-ਖਹੀ ਨਹੀਂ... ਇਹਦਾ ਮਤਲਬ ਇਹ ਹੋਇਆ ਪਈ ਉਹ ਮੇਰੀ ਖਿੱਲੀ ਉਡਾਉਂਦੈ, ਲੁੱਚਾ। ਤਿੰਨ ਦਿਨ ਹੋਏ, ਮੈਂ ਚਕਲੇ ਦੀ ਮਾਲਕਣ ਕੋਲੋਂ ਘੁੰਮਣ-ਫਿਰਨ ਦੀ ਛੁੱਟੀ ਲੈ ਲਈ ਤੇ ਉਹਦੇ ਕੋਲ਼ ਚਲੀ ਗਈ, ਪਰ ਉੱਥੇ ਸ਼ਰਾਬਣ ਦੂਨਕਾ ਬੈਠੀ ਹੋਈ ਸੀ। ਉਹ ਆਪ ਹੀ ਰੱਜਿਆ ਹੋਇਆ ਸੀ। ਮੈਂ ਉਹਨੂੰ ਆਖਿਆ : 'ਤੂੰ ਲੁੱਚਾ ਏਂ, ਬਦਮਾਸ਼ ਏਂ! ਤੂੰ ਚੋਰ ਏਂ!' ਉਸ ਨੇ ਮੈਨੂੰ ਬੁਰੀ ਤਰ੍ਹਾਂ ਕੁੱਟਿਆ। ਉਹਨੇ ਮੈਨੂੰ ਲੱਤਾਂ ਮਾਰੀਆਂ, ਮੇਰੇ ਵਾਲ ਪੁੱਟੇ, ਬੁਰਾ ਹਾਲ ਕੀਤਾ... ਜੇ ਏਨਾਂ ਹੀ ਹੁੰਦਾ ਤਾਂ ਕੋਈ ਗੱਲ ਨਹੀਂ ਸੀ! ਉਹਨੇ ਸਭ ਕੁਝ ਪਾੜ ਦਿੱਤਾ... ਹੁਣ ਮੈਂ ਕੀ ਕਰਦੀ? ਆਪਣੀ ਮਾਲਕਣ ਕੋਲ਼ ਕਿੱਦਾਂ ਜਾਂਦੀ? ਸਭ ਕੁਝ ਪਾੜ ਕੇ ਰੱਖ ਦਿੱਤੈ... ਕੁੜਤਾ ਵੀ ਤੇ ਫਤੂਹੀ ਵੀ—ਅਜੇ ਐਨ ਨਵੀਂ ਸੀ... ਤੇ ਸਿਰ ਤੋਂ ਸ਼ਾਲ ਵੀ ਲਾਹ ਮਾਰੀ... ਹਾਇ ਵੇ, ਡਾਢਿਆ ਰੱਬਾ! ਹੁਣ ਮੈਂ ਕੀ ਕਰਾਂ?" ਤੇ ਉਹ ਅਚਾਨਕ ਵਿਲ਼ਕਣ ਲੱਗ ਪਈ। ਉਸ ਦੀ ਅਵਾਜ਼ ਵਿੱਚ ਕੋਈ ਕਸਕ ਸੀ।

ਤੇ ਹਵਾ ਵੀ ਵਿਲ਼ਕ ਰਹੀ ਸੀ, ਹੋਰ ਤੇਜ਼ ਤੇ ਠੰਡੀ ਹੁੰਦੀ ਜਾ ਰਹੀ ਸੀ। ਤੇ ਮੇਰਾ ਫ਼ਿਰ ਦੰਦੋੜਿਕਾ ਵੱਜਣ ਲੱਗ ਪਿਆ ਸੀ। ਉਹ ਵੀ ਠੰਡ ਨਾਲ਼ ਕੁੰਗੜੀ ਹੋਈ ਸੀ ਤੇ ਮੇਰੇ ਏਨਾ ਲਾਗੇ ਹੋ ਕੇ ਬੈਠ ਗਈ ਸੀ ਕਿ ਹਨੇਰੇ ਵਿੱਚ ਵੀ ਉਸ ਦੀਆਂ ਅੱਖਾਂ ਦੀ ਚਮਕ ਮੈਨੂੰ ਦਿਖਾਈ ਦੇ ਰਹੀ ਸੀ...

"ਤੁਸੀਂ ਸਾਰੇ ਮਰਦ ਲੋਕ, ਕਿੰਨੇ ਬਦਜ਼ਾਤ ਹੁੰਦੇ ਜੇਂ ਮੈਂ ਤੁਹਾਨੂੰ ਸਾਰਿਆਂ ਨੂੰ ਆਪਣੇ ਪੈਰਾਂ ਹੇਠ ਲਿਤਾੜ ਛੱਡਦੀ, ਮੈਂ ਤੁਹਾਡੇ ਟੋਟੇ-ਟੋਟੇ ਕਰ ਦਿੰਦੀ। ਜੇ ਤੁਹਾਡੇ ਵਿੱਚੋਂ ਕੋਈ ਜਣਾ ਮਰ ਵੀ ਜਾਂਦਾ... ਮੈਂ ਉਹਦੇ ਬੂਥੇ ਉੱਤੇ ਥੁੱਕ ਦਿੰਦੀ ਤੇ ਰਤਾ ਵੀ ਤਰਸ ਨਾ ਖਾਂਦੀ! ਨੀਚ ਸਾਰੇ ਜਹਾਨ ਦੇ! ਤੁਸੀਂ ਗੰਦੇ ਕੁੱਤਿਆਂ ਵਾਂਗ ਭੌਂਕੀ ਜਾਂਦੇ ਓ, ਭੌਂਕੀ ਜਾਦੇ ਓ ਤੇ ਪੂਛਾਂ ਹਿਲਾਈ ਜਾਂਦੇ ਓ, ਪਰ ਜੇ ਕੋਈ ਮੂਰਖ ਜਨਾਨੀ ਤੁਹਾਡੇ 'ਤੇ ਤਰਸ ਖਾ ਜਾਵੇ, ਤੁਸੀਂ ਸਮਝਦੇ ਹੋ ਕਿ ਕੰਮ ਬਣ ਗਿਐ! ਤੁਸੀਂ ਉਸੇ ਵੇਲੇ ਉਹਨੂੰ ਆਪਣੇ ਪੈਰਾਂ ਹੇਠਾਂ ਲਿਤਾੜ ਦਿੰਦੇ ਹੋ... ਕੁੱਤਿਓ ਲੇਂਜੋ!"

ਉਹ ਭਾਂਤ-ਭਾਂਤ ਦੀਆਂ ਗਾਲ੍ਹਾਂ ਕੱਢ ਰਹੀ ਸੀ, ਪਰ ਗਾਲ੍ਹਾਂ ਏਨੀਆਂ ਤੱਤੀਆਂ ਨਹੀਂ ਸਨ : ਉਹਨਾਂ ਵਿੱਚ ਨਾ ਹੀ ਕੋਈ ਗੁੱਸੇ ਵਾਲ਼ੀ ਤੇ ਨਾ ਹੀ, "ਕੁੱਤੇ ਲੇਂਜਾਂ" ਲਈ ਕੋਈ ਨਫ਼ਰਤ ਵਾਲ਼ੀ ਗੱਲ ਸੀ। ਉਹਦਾ ਗਾਲ੍ਹਾਂ ਕੱਢਣ ਦਾ ਲਹਿਜਾ ਗਾਲ੍ਹਾਂ ਦੇ ਸਾਰ ਨਾਲ਼ੋਂ ਕਿਤੇ

ਵੱਖਰਾ ਸੀ। ਉਸ ਦੀ ਸ਼ਾਂਤ ਅਵਾਜ਼ ਵਿੱਚ ਉਦਾਸੀ, ਅਕੇਵਾਂ ਸੀ।

ਫ਼ਿਰ ਵੀ, ਇਸ ਸਭ ਕਾਸੇ ਦਾ ਮੇਰੇ ਉੱਤੇ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਤੇ ਜਚਦੀਆਂ ਨਿਰਾਸ਼ਾਤਮਕ ਪੋਥੀਆਂ ਤੇ ਭਾਸ਼ਨਾਂ ਨਾਲ਼ੋਂ ਕਿਤੇ ਵੱਧ ਅਸਰ ਹੋ ਰਿਹਾ ਸੀ ਜਿਹੜੇ ਮੈਂ ਪਹਿਲਾਂ ਵੀ ਕਈ ਵਾਰ ਸੁਣ ਚੁੱਕਾ ਸਾਂ ਤੇ ਮਗਰੋਂ ਵੀ ਕਈ ਵਾਰ ਸੁਣੇ ਤੇ ਅਜ ਤੱਕ ਸੁਣਦਾ ਤੇ ਪੜ੍ਹਦਾ ਆ ਰਿਹਾ ਹਾਂ। ਅਤੇ ਵੇਖੋ ਨਾ, ਇਹ ਸਾਰਾ ਕੁੱਝ ਇਸ ਵਾਸਤੇ ਹੁੰਦਾ ਹੈ ਕਿ ਮਰ ਰਹੇ ਦੀ ਪੀੜਾ ਹਮੇਸ਼ਾ ਮੌਤ ਦੇ ਵੱਧ ਤੋਂ ਵੱਧ ਸ਼ਕਤੀਸ਼ਾਲੀ, ਠੀਕ-ਠੀਕ ਤੇ ਕਲਾਤਮਕ ਬਿਆਨ ਨਾਲ਼ੋਂ ਵੀ ਕਿਤੇ ਵੱਧ ਸੁਭਾਵਕ ਹੁੰਦੀ ਹੈ।

ਮੇਰੀ ਹਾਲਤ ਮੰਦੀ ਸੀ ਜਿਸ ਦਾ ਬਹੁਤਾ ਕਾਰਨ ਸ਼ਾਇਦ ਠੰਡ ਸੀ ਨਾ ਕਿ ਮੇਰੀ ਸਾਥਣ ਦੀਆਂ ਗੱਲਾਂ। ਮੈਂ ਹੌਲ਼ੀ-ਹੌਲ਼ੀ ਹੂੰਗ ਰਿਹਾ ਸਾਂ ਤੇ ਦੰਦ ਕਰੀਚੀ ਜਾ ਰਿਹਾ ਸਾਂ।

ਤੇ ਲਗਭਗ ਉਸ ਪਲ਼ ਮੈਂ ਆਪਣੇ ਸਰੀਰ ਉੱਤੇ ਦੋ ਠੰਡੇ, ਛੋਟੇ-ਛੋਟੇ ਹੱਥਾਂ ਦੀ ਛੂਹ ਮਹਿਸੂਸ ਕੀਤੀ—ਇੱਕ ਮੇਰੀ ਧੌਣ ਨੂੰ ਛੂਹ ਰਿਹਾ ਸੀ ਤੇ ਦੂਜਾ ਮੇਰੇ ਚਿਹਰੇ ਉੱਤੇ ਫ਼ਿਰ ਰਿਹਾ ਸੀ। ਇਸ ਦੇ ਨਾਲ਼ ਹੀ ਇੱਕ ਬੇਚੈਨ, ਸ਼ਾਂਤ ਤੇ ਕੋਮਲ ਜਿਹੀ ਅਵਾਜ਼ ਆਈ :

"ਤੈਨੂੰ ਕੀ ਹੋਇਐ ?"

ਮੈਂ ਇਹ ਸੋਚਣ ਲਈ ਤਿਆਰ ਸਾਂ ਕਿ ਮੈਨੂੰ ਨਤਾਸ਼ਾ ਨਹੀ, ਕੋਈ ਹੋਰ ਜਣਾ ਪੁੱਛ ਰਿਹਾ ਸੀ। ਨਤਾਸ਼ਾ ਨੇ ਤਾਂ ਹੁਣੇ-ਹੁਣੇ ਇਹ ਐਲਾਨ ਕੀਤਾ ਸੀ ਕਿ ਸਾਰੇ ਮਰਦ ਬਦਜ਼ਾਤ ਹੁੰਦੇ ਹਨ ਤੇ ਉਹ ਸਾਰਿਆਂ ਨੂੰ ਮਰੇ ਹੀ ਭਾਲ ਰਹੀ ਸੀ। ਪਰ ਹੁਣ ਉਹ ਪਹਿਲਾਂ ਨਾਲੋਂ ਤੇਜ਼-ਤੇਜ਼ ਤੇ ਕਾਹਲੀ ਵਿੱਚ ਬੋਲ ਰਹੀ ਸੀ...

"ਤੈਨੂੰ ਕੀ ਹੋਇਐ ? ਹੈਂ ? ਠੰਡ ਲੱਗਦੀ ਊ ? ਯਖ਼ ਹੋ ਗਿਐਂ ? ਹਾਏ, ਹਾਏ, ਤੂੰ ਵੀ ਗਿਆ ਗੁਜ਼ਰਿਆ ਏਂ !... ਉੱਲੂ ਵਾਂਗ ਚੁੱਪ-ਗੜੁੱਪ ਬੈਠੈਂ ! ਤੂੰ ਮੈਨੂੰ ਪਹਿਲਾਂ ਹੀ ਦੱਸ ਦਿੰਦਾ ਪਈ ਠੰਡ ਲੱਗਦੀ ਆ... ਚੱਲ ਲੰਮਾ ਪੈ ਜਾ ਤੇ ਲੱਤਾਂ ਨਿੱਸਲ ਕਰ ਲੈ... ਤੇ ਮੈਂ ਵੀ ਲੰਮੀ ਪੈ ਜਾਂਦੀ ਆਂ... ਏਦਾਂ ! ਹੁਣ ਮੈਨੂੰ ਆਪਣੀਆਂ ਬਾਂਹਵਾਂ 'ਚ ਜਕੜ ਲੈ... ਘੁੱਟ ਕੇ... ਹਾਂ ਏਦਾਂ, ਤੇ ਹੁਣ ਤੈਨੂੰ ਜ਼ਰੂਰ ਹੀ ਨਿੱਘ ਆ ਗਿਆ ਹੋਣੈਂ... ਤੇ ਫਿਰ ਅਸੀਂ ਇੱਕ-ਦੂਜੇ ਦੀ ਪਿੱਠ ਨਾਲ਼ ਪਿੱਠ ਜੋੜ ਕੇ ਲੰਮੇ ਪੈ ਜਾਵਾਂਗੇ... ਕਿਸੇ ਨਾ ਕਿਸੇ ਤਰ੍ਹਾਂ ਰਾਤ ਲੰਘਾ ਲਵਾਂਗੇ... ਹੱਛਾ, ਇਹ ਦੱਸ ਪਈ ਤੂੰ ਵੀ ਸ਼ਰਾਬੀ-ਕਬਾਬੀ ਏਂ ? ਤੈਨੂੰ ਕੰਮ ਤੋਂ ਜਵਾਬ ਮਿਲ ਗਿਐ ?... ਕੋਈ ਗੱਲ ਨਹੀਂ !..."

ਉਹ ਮੈਨੂੰ ਧਰਵਾਸ ਦੇ ਰਹੀ ਸੀ... ਉਹ ਮੇਰਾ ਹੌਸਲਾ ਵਧਾ ਰਹੀ ਸੀ।

ਮੈਨੂੰ ਲੱਖ ਲਾਅਨਤ ! ਇਸ ਤੱਥ ਨਾਲ਼ ਮੇਰੇ ਉੱਤੇ ਕਿੰਨਾਂ ਵਿਅੰਗ ਕੱਸਿਆ ਜਾ ਰਿਹਾ ਸੀ ! ਜ਼ਰਾ ਸੋਚੋ ! ਵੇਖੋ ਨਾ, ਉਸ ਵਕਤ ਮੈਨੂੰ ਮਨੁੱਖਜਾਤੀ ਦੀਆਂ ਹੋਣੀਆਂ ਦੀ ਗੰਭੀਰ ਚਿੰਤਾ ਸੀ, ਮੈਂ ਸਮਾਜਕ ਪ੍ਰਬੰਧ ਦੇ ਮੁੜਗਠਨ, ਰਾਜ-ਪਲਟਿਆਂ ਦੇ ਸੁਪਨੇ ਲੈਂਦਾ ਹੁੰਦਾ ਸਾਂ, ਕਈ ਬੇਹੱਦ ਗਿਆਨਵਰਧਕ ਪੋਥੀਆਂ ਪੜ੍ਹਿਆ ਕਰਦਾ ਸਾਂ ਜਿਨ੍ਹਾਂ ਦੇ ਵਿਚਾਰਾਂ ਦੀ ਗਹਿਰਾਈ ਸ਼ਾਇਦ ਉਹਨਾਂ ਦੇ ਕਰਤਿਆਂ ਦੀ ਸਮਝ ਤੋਂ ਵੀ ਬਾਹਰੀ ਸੀ। ਮੈਂ ਓਦੋਂ ਆਪਣੇ -ਆਪ ਨੂੰ ਇੱਕ "ਵੱਡੀ ਸਰਗਰਮ ਤਾਕਤ" ਬਣਾਉਣ ਲਈ ਹਰ ਜਤਨ ਕਰ ਰਿਹਾ ਸਾਂ। ਪਰ ਮੈਨੂੰ ਇੱਕ

ਵਿਕਾਊ ਔਰਤ ਆਪਣੇ ਜਿਸਮ ਦਾ ਸੇਕ ਦੇ ਰਹੀ ਸੀ। ਉਹ ਇੱਕ ਬਦਨਸੀਬ, ਮਧੋਲਿਆ ਤੇ ਨਿਢਾਲ ਹੋਇਆ ਜੀਵ ਸੀ ਜਿਸ ਵਾਸਤੇ ਜੀਵਨ ਵਿੱਚ ਕੋਈ ਥਾਂ ਨਹੀਂ ਸੀ ਤੇ ਜਿਸ ਦਾ ਕੋਈ ਮੁੱਲ ਨਹੀਂ ਸੀ। ਇਸ ਤੋਂ ਪਹਿਲਾਂ ਕਿ ਮੈਂ ਉਸ ਦੀ ਸਹਾਇਤਾ ਕਰਨ ਦੀ ਸੋਚਦਾ ਉਹ ਮੇਰੀ ਸਹਾਇਤਾ ਕਰ ਚੁੱਕੀ ਸੀ। ਤੇ ਹਾਂ, ਜੇ ਪਹਿਲਾਂ ਸੋਚ ਵੀ ਲੈਂਦਾ ਤਾਂ ਵੀ ਮੈਂ ਉਸ ਦੀ ਸ਼ਾਇਦ ਹੀ ਕੋਈ ਸਹਾਇਤਾ ਕਰ ਸਕਦਾ।

ਉਫ਼! ਮੈਂ ਇਹ ਸੋਚਣ ਲਈ ਤਿਆਰ ਸਾਂ ਕਿ ਇਹ ਮੇਰੇ ਨਾਲ਼ ਕਿਸੇ ਸੁਪਨੇ, ਬੇਤੁਕੇ ਤੇ ਬੋਝਲ ਸੁਪਨੇ ਵਿੱਚ ਵਾਪਰ ਰਿਹਾ ਸੀ...

ਪਰ ਅਫ਼ਸੋਸ ਹੈ! ਮੈਂ ਇਸ ਤਰ੍ਹਾਂ ਨਹੀਂ ਸੋਚ ਸਕਦਾ ਸਾਂ ਕਿਉਂਕਿ ਮੀਂਹ ਦੀਆਂ ਠੰਡੀਆਂ ਛਿੱਟਾਂ ਮੇਰੇ ਸਰੀਰ ਉੱਤੇ ਡਿੱਗ ਰਹੀਆਂ ਸਨ, ਮੇਰੀ ਹਿੱਕ ਨਾਲ਼ ਇੱਕ ਔਰਤ ਦੀ ਛਾਤੀ ਘੁੱਟ ਕੇ ਲੱਗੀ ਹੋਈ ਸੀ, ਮੇਰੇ ਚਿਹਰੇ ਉੱਤੇ ਉਸ ਦੇ ਨਿੱਘੇ ਸਾਹਾਂ ਦੀ ਛੂਹ ਮਹਿਸੂਸ ਹੋ ਰਹੀ ਸੀ, ਜਿਨ੍ਹਾਂ ਵਿੱਚ ਵੋਦਕਾ ਦੀ ਹਲਕੀ ਜਿਹੀ ਬੂ ਵੀ ਸੀ... ਪਰ ਬੜੀ ਹੀ ਨਰੋਈ ਸੀ... ਹਵਾ ਹਵਾਂਕ ਰਹੀ ਸੀ, ਕਰਾਹ ਰਹੀ ਸੀ, ਮੀਂਹ ਬੇੜੀ ਉੱਤੇ ਖੜਖੜ ਕਰੀ ਜਾ ਰਿਹਾ ਸੀ, ਲਹਿਰਾਂ ਥਪਥਪ ਕਰੀ ਜਾ ਰਹੀਆਂ ਸਨ, ਤੇ ਅਸੀਂ ਦੋਵੇਂ ਇੱਕ ਦੂਜੇ ਨੂੰ ਘੁੱਟ ਕੇ ਜੱਫੀ ਪਾਈ ਹੋਣ ਦੇ ਬਾਵਜੂਦ ਠੰਡ ਨਾਲ਼ ਕੰਬੀ ਜਾ ਰਹੇ ਸਾਂ। ਇਹ ਸਭ ਕੁਝ ਇੱਕ ਮੁਕੰਮਲ ਅਸਲੀਅਤ ਸੀ, ਤੇ ਮੈਨੂੰ ਪੂਰਾ ਯਕੀਨ ਹੈ ਕਿ ਕਿਸੇ ਨੇ ਵੀ ਏਨਾ ਬੇਤੁਕਾ ਤੇ ਬੋਝਲ ਸੁਪਨਾ ਨਹੀਂ ਵੇਖਿਆ ਹੋਣਾ ਜਿੰਨੀ ਇਹ ਹਕੀਕਤ ਸੀ।

ਤੇ ਨਤਾਸ਼ਾ ਅਜੇ ਵੀ ਗੱਲਾਂ ਕਰੀ ਜਾ ਰਹੀ ਸੀ, ਏਨੀ ਕੋਮਲਤਾ ਤੇ ਹਮਦਰਦੀ ਨਾਲ਼ ਜਿੰਨੀ ਨਾਲ਼ ਸਿਰਫ਼ ਔਰਤਾਂ ਹੀ ਕਰ ਸਕਦੀਆਂ ਹਨ। ਉਸ ਦੀਆਂ ਭੋਲੀਆਂ-ਭਾਲੀਆਂ ਤੇ ਕੋਮਲ ਗੱਲਾਂ ਦੇ ਅਸਰ ਹੇਠ ਮੇਰੇ ਅੰਦਰ ਵੀ ਕੋਈ ਨਿੱਘੀ ਜਿਹੀ ਚੰਗਿਆੜੀ ਬਲ ਪਈ ਸੀ ਜਿਸ ਨੇ ਮੇਰੇ ਦਿਲ ਨੂੰ ਗਰਮਾ ਦਿੱਤਾ ਸੀ।

ਉਸ ਵੇਲੇ ਮੇਰੀਆਂ ਅੱਖਾਂ ਵਿੱਚੋਂ ਅੱਥਰੂ ਪਰਲ-ਪਰਲ ਵਹਿ ਰਹੇ ਸਨ ਜਿਨ੍ਹਾਂ ਨੇ ਉਸ ਰਾਤ ਤੋਂ ਪਹਿਲਾਂ ਮੇਰੇ ਦਿਲ ਵਿੱਚ ਜਮ੍ਹਾਂ ਹੋਏ ਕ੍ਰੋਧ, ਦਿਲਗੀਰੀ, ਬੇਵਕੂਫ਼ੀਆਂ ਤੇ ਗੰਦਗੀ ਨੂੰ ਧੋ ਦਿੱਤਾ ਸੀ... ਨਤਾਸ਼ਾ ਮੈਨੂੰ ਦਿਲਾਸੇ ਦੇ ਰਹੀ ਸੀ : "ਬਸ ਕਰ, ਹੁਣ ਰੋ ਨਾ, ਮੇਰਾ ਬੀਬਾ ਰਾਣਾ! ਨਾ ਰੋ! ਰੱਬ ਦੀ ਮਿਹਰ ਹੋਈ ਤਾਂ ਸਭ ਠੀਕ ਹੋ ਜਾਊ, ਤੈਨੂੰ ਫ਼ਿਰ ਕੰਮ ਮਿਲ ਜਾਊ... ਏਦਾਂ ਹੀ ਹੁੰਦੈ..."

ਉਹ ਅਜੇ ਵੀ ਮੈਨੂੰ ਚੁੰਮੀ ਜਾ ਰਹੀ ਸੀ। ਕਈ, ਅਣਗਿਣਤ, ਨਿੱਘੀਆਂ ਚੁੰਮੀਆਂ...

ਇਹ ਮੇਰੀ ਜ਼ਿੰਦਗੀ ਵਿੱਚ ਪਹਿਲੀ ਵਾਰੀ ਸੀ ਕਿ ਕਿਸੇ ਔਰਤ ਨੇ ਮੈਨੂੰ ਚੁੰਮੀਆਂ ਦਿੱਤੀਆਂ ਸਨ, ਅਤੇ ਉਹ ਬੇਹਤਰੀਨ ਚੁੰਮੀਆਂ ਸਨ ਕਿਉਂ ਜੋ ਉਸ ਮਗਰੋਂ ਮਿਲਣ ਵਾਲ਼ੀਆਂ ਚੁੰਮੀਆਂ ਲਈ ਭਾਰੀ ਮੁੱਲ ਤਾਰਨਾ ਪਿਆ ਸੀ ਤੇ ਉਹਨਾਂ ਵਿੱਚੋਂ ਮੈਨੂੰ ਲਗਭਗ ਕੁੱਝ ਵੀ ਨਹੀਂ ਲੱਭਿਆ ਸੀ।

"ਤੈਨੂੰ ਆਖਿਆ, ਪਈ ਨਾ ਰੋ, ਕਮਲਾ ਨਾ ਹੋਵੇ ਤਾਂ! ਮੈਂ ਭਲਕੇ ਹੀ ਤੇਰਾ ਬੰਦੋਬਸਤ ਕਰ ਦਊਂਗੀ ਜੇ ਤੇਰਾ ਕਿਤੇ ਵੀ ਕੰਮ ਨਹੀਂ ਬਣਦਾ..." ਮੈਂ ਉਸ ਦੀ ਸ਼ਾਂਤ, ਯਕੀਨ-ਦਿਵਾਊ

ਫੁਸਫੁਸਾਹਟ ਜਿਵੇਂ ਸੁਪਨੇ ਵਿੱਚ ਸੁਣ ਰਿਹਾ ਸਾਂ...

...ਅਸੀਂ ਇੱਕ ਦੂਜੇ ਦੀਆਂ ਬਾਹਵਾਂ ਵਿੱਚ ਜਕੜੇ ਹੋਏ ਸਵੇਰ ਹੋਣ ਤੱਕ ਲੰਮੇ ਪਏ ਰਹੇ...

ਜਦੋਂ ਸਵੇਰ ਹੋਈ ਤਾਂ ਅਸੀਂ ਬੇੜੀ ਹੇਠੋਂ ਨਿਕਲ ਕੇ ਸ਼ਹਿਰ ਵੱਲ ਤੁਰ ਪਏ... ਫਿਰ ਅਸੀਂ ਦੋਸਤਾਂ ਵਾਂਗ ਇੱਕ ਦੂਜੇ ਤੋਂ ਵਿਦਾ ਹੋਏ ਤੇ ਦੁਬਾਰਾ ਕਦੀ ਵੀ ਨਾ ਮਿਲੇ, ਹਾਲਾਂਕਿ ਮੈਂ ਇਸ ਪਿਆਰੀ ਨਤਾਸ਼ਾ ਨੂੰ, ਜਿਸ ਨਾਲ਼ ਪਤਝੜ ਦੀ ਇੱਕ ਰਾਤ ਬਿਤਾਈ ਸੀ ਤੇ ਜਿਸ ਦਾ ਮੈਂ ਹੁਣੇ- ਹੁਣੇ ਜ਼ਿਕਰ ਕਰ ਕੇ ਹਟਿਆ ਹਾਂ, ਲਗਭਗ ਛੇ ਮਹੀਨੇ ਸਾਰੀਆਂ ਝੁੱਗੀਆਂ ਝੌਂਪੜੀਆਂ ਵਿੱਚ ਢੂੰਡਦਾ ਰਿਹਾ ਸਾਂ...

ਜੇ ਉਹ ਮਰ ਚੁੱਕੀ ਹੈ ਤਾਂ ਇਹ ਉਸ ਦੇ ਵਾਸਤੇ ਕਿੰਨੀ ਚੰਗੀ ਗੱਲ ਹੈ!

—ਉਹਦੀ ਰੂਹ ਨੂੰ ਸ਼ਾਂਤੀ ਮਿਲੇ! ਪਰ ਜੇ ਉਹ ਜਿਊਂਦੀ ਹੈ—ਉਸ ਨੂੰ ਸੁੱਖ ਸਾਂਤੀ ਨਸੀਬ ਹੋਵੇ! ਉਸ ਦੇ ਮਨ ਵਿੱਚ ਗੁਨਾਹ ਦਾ ਅਹਿਸਾਸ ਕਦੀ ਵੀ ਪੈਦਾ ਨਾ ਹੋਵੇ... ਕਿਉਂ ਜੋ ਇਹ ਬੇਲੋੜਾ ਕਸ਼ਟ ਹੋਵੇਗਾ ਜਿਸ ਨਾਲ਼ ਜੀਵਨ ਵਿੱਚ ਕੁਝ ਨਹੀਂ ਸੰਵਰੇਗਾ...

**1894**

# ਬਾਜ਼ ਦਾ ਗੀਤ

ਅਥਾਹ ਸਾਗਰ — ਤੱਟ ਦੇ ਨੇੜੇ ਆਲਸੀ ਜਿਹੇ ਢੰਗ ਨਾਲ ਸਾਹ ਲੈ ਰਿਹਾ, ਤੇ ਦੂਰ ਨੀਂਦ ਵਿਚ ਤੇ ਬੇਹਰਕਤ —ਡੂੰਘੀ ਨੀਲੀ ਚੰਨ-ਚਾਨਣੀ ਵਿਚ ਲਪੇਟਿਆ ਹੋਇਆ ਸੀ। ਨਰਮ ਤੇ ਚਾਂਦੀ ਰੰਗਾ, ਇਹ ਦੁਮੇਲ ਉਤੇ ਦੱਖਣ ਦੇ ਨੀਲੇ ਆਕਾਸ਼ ਨਾਲ ਇੱਕ-ਮਿਕ ਹੋਇਆ ਹੋਇਆ ਸੀ ਤੇ ਘੂਕ ਸੁੱਤਾ ਪਿਆ ਸੀ। ਤੇ ਇਸ ਵਿਚ ਫੰਬਿਆਂ ਵਰਗੇ ਬੱਦਲਾਂ ਦਾ ਅਕਸ ਦਿਸਦਾ ਸੀ, ਜਿਹੜੇ ਉਪਰ ਬੇਹਰਕਤ ਲਟਕੇ ਪਏ ਸਨ ਤੇ ਤਾਰਿਆਂ ਦੀ ਸੁਨਹਿਰੀ ਨੱਕਾਸ਼ੀ ਉਤੇ ਪਰਦਾ ਤਾਣ ਰਹੇ ਸਨ, ਪਰ ਉਸ ਨੂੰ ਢੱਕ ਨਹੀਂ ਸਨ ਰਹੇ। ਆਕਾਸ਼ ਝੁਕ ਕੇ ਸਾਗਰ ਵੱਲ ਆਉਂਦਾ ਲਗਦਾ ਸੀ, ਇਹ ਸਮਝਣ ਦੀ ਇੱਛਾ ਨਾਲ ਕਿ ਬੇਚੈਨ ਲਹਿਰਾਂ, ਅਲਸਾਈਆਂ ਹੋਈਆਂ ਕੰਢਿਆਂ ਨੂੰ ਧੋਂਦੀਆਂ, ਉਹਨਾਂ ਦੇ ਕੰਨਾ ਵਿਚ ਕੀ ਕਹਿ ਰਹੀਆਂ ਹਨ।

ਹਵਾਵਾਂ ਨਾਲ ਟੁੱਟੇ ਦਰਖ਼ਤਾਂ ਨਾਲ ਢੱਕੇ ਹੋਏ ਪਹਾੜ ਆਪਣੀਆਂ ਦੰਦਿਆਂ ਵਰਗੀਆਂ ਚੋਟੀਆਂ ਆਪਣੇ ਉੱਪਰਲੇ ਨੀਲੇ ਖ਼ਲਾਅ ਵਿਚ ਖੋਭ ਰਹੇ ਸਨ, ਜਿਥੇ ਉਹਨਾਂ ਦੀਆਂ ਸਖ਼ਤ ਆਕਾਰ-ਰੇਖਾਵਾਂ ਨੂੰ ਦੱਖਣੀ ਰਾਤ ਦਾ ਨਿੱਘਾ ਤੇ ਸਹਿਲਾਉਂਦਾ ਹਨੇਰਾ ਕੋਮਲ ਬਣਾ ਰਿਹਾ ਸੀ।

ਪਹਾੜ ਡੂੰਘੀਆਂ ਸੋਚਾਂ ਵਿਚ ਡੁੱਬੇ ਹੋਏ ਸਨ। ਉਹਨਾਂ ਦੇ ਕਾਲੇ ਪਰਛਾਵੇਂ ਉਭਰਦੀਆਂ ਹਰੀਆਂ ਲਹਿਰਾਂ ਦੀਆਂ ਟੀਸੀਆਂ ਉਤੇ ਪੈ ਰਹੇ ਸਨ ਤੇ ਉਹਨਾਂ ਨੂੰ ਗਹਿਣੇ ਪਹਿਨਾ ਰਹੇ ਸਨ, ਜਿਵੇਂ ਉਹਨਾਂ ਦੇ ਲਗਾਤਾਰ ਉਤਾਰ-ਚੜ੍ਹਾ ਨੂੰ ਰੋਕਣਾ, ਪਾਣੀ ਦੀ ਨਿਰੰਤਰ ਥਪ-ਥਪ ਨੂੰ, ਤੇ ਝੱਗ ਦੇ ਹਉਕਿਆਂ ਨੂੰ ਚੁੱਪ ਕਰਾਉਣਾ ਚਾਹੁੰਦੇ ਹੋਣ, ਭਾਵ ਉਹਨਾਂ ਸਾਰੀਆਂ ਆਵਾਜਾਂ ਨੂੰ ਜਿਹੜੀਆਂ ਉਸ ਰਹੱਸਮਈ ਚੁੱਪ ਨੂੰ ਭੰਗ ਕਰ ਰਹੀਆਂ ਸਨ, ਜਿਹੜੀ ਇਸ ਸਾਰੇ ਦ੍ਰਿਸ਼ ਉਤੇ ਛਾਈ ਹੋਈ ਸੀ, ਚੰਨ ਦੀ ਚਾਂਦੀ ਵਰਗੀ ਨੀਲੀ ਚਾਨਣੀ ਵਾਂਗ, ਜਿਹੜਾ ਚੰਨ ਕਿ ਅਜੇ ਪਹਾੜਾਂ ਦੀਆਂ ਟੀਸੀਆਂ ਤੋਂ ਉਤੇ ਨਹੀਂ ਸੀ ਆਇਆ।

"ਅੱਲਾ-ਹੂ-ਅਕਬਰ!" ਨਾਦਰ ਰਹੀਮ ਓਗਲੀ ਨੇ ਹੌਲੀ ਜਿਹੀ ਸਾਹ ਲੈਂਦਿਆਂ ਕਿਹਾ। ਉਹ ਉੱਚਾ ਲੰਮਾਂ, ਧੌਲੀ ਦਾੜ੍ਹੀ ਵਾਲਾ ਤੇ
ਦੱਖਣੀ ਧੁੱਪ ਦੇ ਸੰਵਲਾਏ ਰੰਗ ਵਾਲਾ, ਪਤਲਾ ਜਿਹਾ ਤੇ ਸਿਆਣਾ ਬਜ਼ੁਰਗ ਆਜੜੀ ਸੀ।

ਅਸੀਂ ਦੋਵੇਂ ਜਣੇ ਪਹਾੜ ਨਾਲੋ ਟੁੱਟੇ ਇਕ ਵੱਡੇ ਸਾਰੇ ਪੱਥਰ ਕੋਲ ਰੇਤ ਉਤੇ ਲੇਟੇ ਹੋਏ ਸਾਂ, ਜਿਸ ਪੱਥਰ ਉਤੇ ਉੱਲੀ ਜੰਮੀਂ ਹੋਈ ਸੀ—ਪਰਛਾਵਿਆਂ ਦੇ ਕੱਪੜੇ ਪਾਈ ਉਦਾਸ ਤੇ ਦਿਲਗੀਰ ਪੱਥਰ ਕੋਲ। ਇਸਦੀ ਸਾਗਰ ਵੱਲ ਦੀ ਵੱਖੀ ਉਤੇ ਲਹਿਰਾਂ ਨੇ ਸਮੁੰਦਰੀ ਕਾਈ ਤੇ ਪਾਣੀ ਵਿਚ ਉੱਗਣ ਵਾਲੀਆਂ ਹੋਰ ਬੂਟੀਆਂ ਲਿਆ ਸੁੱਟੀਆਂ ਸਨ ਜਿਹੜੀਆਂ ਇਸਨੂੰ ਸਾਗਰ ਤੇ ਪਹਾੜਾਂ ਵਿਚਕਾਰ ਛੋਟੇ ਜਿਹੇ ਰੇਤਲੇ ਟੋਟੇ ਨਾਲ ਬੰਨ੍ਹਦੀਆਂ ਸਨ। ਸਾਡੇ ਕੋਲ ਬਲਦੀ ਅੱਗ ਦੀਆਂ ਲਾਟਾਂ ਇਸਦੇ ਤੱਟ ਵਾਲੇ ਪਾਸੇ ਨੂੰ ਰੌਸ਼ਨ ਕਰ ਰਹੀਆਂ ਸਨ ਤੇ ਲਾਟਾਂ ਦੇ ਭੜਕਣ ਨਾਲ ਇਸ ਪੁਰਾਤਨ ਪੱਥਰ ਦੀ ਸਤਹ ਉਤੇ, ਜਿਸ ਉਤੇ ਡੂੰਘੀਆਂ ਤਰੇੜਾਂ ਦਾ

ਜਾਲ ਵਿਛਿਆ ਹੋਇਆ ਸੀ ਪਰਛਾਵੇਂ ਦੌੜਨ ਲੱਗ ਪੈਂਦੇ ਸਨ।

ਰਹੀਮ ਤੇ ਮੈਂ ਕੁਝ ਮੱਛੀ ਉਬਾਲ ਰਹੇ ਸਾਂ , ਜਿਹੜੀ ਅਸਾਂ ਕੁਝ ਹੀ ਦੇਰ ਪਹਿਲਾਂ ਫੜੀ ਸੀ ਤੇ ਅਸੀਂ ਦੋਵੇਂ ਹੀ ਅਜਿਹੀ ਮਨੋਸਥਿਤੀ ਵਿਚ ਸਾਂ ਜਿਸ ਵਿਚ ਹਰ ਚੀਜ਼ ਉੱਜਲ, ਪ੍ਰੇਰਨਾ ਦੇਣ ਵਾਲੀ ਤੇ ਸਮਝ ਆਉਣ ਵਾਲੀ ਲਗਦੀ ਹੈ। ਸਾਡੇ ਦਿਲ ਹੌਲੇ-ਫੁੱਲ ਤੇ ਨਿਰਮਲ ਸਨ, ਤੇ ਇਕੋ ਇਕ ਖ਼ਾਹਸ਼ ਇਹਨਾਂ ਵਿਚ ਇਹ ਸੀ ਕਿ ਇਥੇ ਪਏ ਰਹੀਏ ਤੇ ਸੁਪਨੇ ਲਈ ਜਾਈਏ।

ਸਾਗਰ ਤੱਟ ਨਾਲ ਵੱਜ ਕੇ ਥਪ-ਥਪ ਕਰ ਰਿਹਾ ਸੀ, ਲਹਿਰਾਂ ਦੀ ਆਵਾਜ਼ ਏਨੀ ਨਿਮਰਤਾ-ਭਰੀ ਸੀ ਕਿ ਉਹ ਸਾਡੀ ਅੱਗ ਸੇਕਣ ਲਈ ਤਰਲੇ ਕਰਦੀਆਂ ਜਾਪਦੀਆਂ ਸਨ। ਕਦੀ-ਕਦੀ ਨਿੱਕੀਆਂ ਲਹਿਰਾਂ ਦੀ ਇਕਸਾਰ ਘੂਕਰ ਵਿਚ ਵਧੇਰੇ ਉੱਚੀ ਤੇ ਵਧੇਰੇ ਚੰਚਲ ਆਵਾਜ਼ ਆ ਦਖ਼ਲ ਦੇਂਦੀ ਸੀ, ਇਹ ਕੋਈ ਵਡੇਰੀ ਤੇ ਵਧੇਰੇ ਦਲੇਰ ਲਹਿਰ ਹੁੰਦੀ ਸੀ, ਜਿਹੜੀ ਰਿੜ੍ਹਦੀ ਹੋਈ ਸਾਡੇ ਪੈਰਾਂ ਤੱਕ ਆ ਜਾਂਦੀ ਸੀ।

ਰਹੀਮ ਸਿਰ ਸਾਗਰ ਵੱਲ ਕਰਕੇ ਪੇਟ-ਭਾਰ ਰੇਤ ਤੇ ਲੇਟਿਆ ਹੋਇਆ ਸੀ। ਉਸਨੇ ਅਰਕਾਂ ਰੇਤ ਵਿਚ ਗੱਡੀਆਂ ਹੋਈਆਂ ਸਨ, ਗੱਲ੍ਹਾਂ
ਹਥੇਲੀਆਂ ਵਿਚ ਲਈਆਂ ਹੋਈਆਂ ਸਨ ਤੇ ਟੋਪ ਤਿਲਕ ਕੇ ਸਿਰ ਦੇ ਪਿਛਲੇ ਪਾਸੇ ਵੱਲ ਹੋ ਗਿਆ ਸੀ, ਤੇ ਤਾਜ਼ਾ ਸਮੁੰਦਰੀ ਹਵਾ ਬਰੀਕ ਲੀਕਾਂ ਨਾਲ ਭਰੇ ਉਸਦੇ ਚੌੜੇ ਮੱਥੇ ਨੂੰ ਪੱਖਾ ਝੱਲ ਰਹੀ ਸੀ। ਉਹ ਫ਼ਲਸਫ਼ਾਨਾ ਟਿੱਪਣੀਆਂ ਕਰੀ ਜਾ ਰਿਹਾ ਸੀ, ਇਸ ਗੱਲੋਂ ਬਿਲਕੁਲ ਬੇਫ਼ਿਕਰ ਕਿ ਮੈਂ ਸੁਣ ਰਿਹਾ ਹਾਂ ਜਾਂ ਨਹੀਂ, ਜਿਵੇਂ ਕਿ ਉਹ ਸਾਗਰ ਨਾਲ ਗੱਲਾਂ ਕਰ ਰਿਹਾ ਹੋਵੇ।

"ਜਿਹੜਾ ਬੰਦਾ ਖ਼ੁਦਾ ਵਿਚ ਯਕੀਨ ਰੱਖਦੈ, ਉਹ ਜੰਨਤ ਵਿਚ ਜਾਂਦੈ। ਤੇ ਜਿਹੜਾ ਬੰਦਾ ਖ਼ੁਦਾ ਦੀ ਜਾਂ ਉਸਦੇ ਰਸੂਲ ਦੀ ਖ਼ਿਦਮਤ ਨਹੀਂ ਕਰਦਾ, ਸ਼ਾਇਦ ਉਹ ਔਥੇ ਹੋਵੇ— ਸਾਗਰ ਦੀ ਝੱਗ ਵਿਚ। ਹੋ ਸਕਦੈ ਪਾਣੀ ਉਪਰਲੇ ਚਾਂਦੀ ਵਰਗੇ ਟਿਮਕਣਿਆਂ ਵਿਚ ਉਹ ਹੋਵੇ। ਕੌਣ ਜਾਣੇ ?"

ਹਨੇਰਾ, ਮਹਾਂ ਵਿਸ਼ਾਲ ਸਾਗਰ ਹੋਰ ਰੌਸ਼ਨ ਹੋ ਗਿਆ ਤੇ ਚੰਨ-ਚਾਨਣੀ ਦੇ ਧੱਬੇ ਇਸ ਉਤੇ ਬੇਤਰਤੀਬੀ ਨਾਲ ਖਿਲਰ ਗਏ। ਚੰਨ ਪਹਾੜਾਂ ਦੀਆਂ ਬੁਰਦਾਰ ਟੀਸੀਆਂ ਦੇ ਪਿੱਛੋਂ ਤਿਲਕਦਾ ਬਾਹਰ ਨਿਕਲ ਆਇਆ ਸੀ ਤੇ ਹੁਣ ਸੁਪਨਿਆਂ ਵਿਚ ਡੁੱਬਾ ਆਪਣੀ ਚਾਨਣੀ ਤੱਟ ਉਤੇ, ਉਸ ਪੱਥਰ ਉਤੇ ਜਿਸ ਕੋਲ ਅਸੀ ਬੈਠੇ ਸਾਂ, ਤੇ ਸਾਗਰ ਉਤੇ ਖਿਲਾਰ ਰਿਹਾ ਸੀ, ਜਿਹੜਾ ਨਿੱਕੇ ਨਿੱਕ ਹੌਂਕੇ ਭਰਦਾ ਇਸਨੂੰ ਮਿਲਣ ਲਈ ਉਪਰ ਉਠਦਾ ਸੀ।

"ਰਹੀਮ, ਮੈਨੂੰ ਕੋਈ ਕਹਾਣੀ ਸੁਣਾ," ਮੈਂ ਬਜ਼ੁਰਗ ਨੂੰ ਕਿਹਾ।

"ਕਾਹਦੇ ਲਈ ?" ਉਸਨੇ ਮੇਰੇ ਵੱਲ ਵੇਖੇ ਬਿਨਾਂ ਪੁਛਿਆ।

"ਵੈਸੇ ਹੀ! ਮੈਨੂੰ ਤੇਰੀਆਂ ਕਹਾਣੀਆਂ ਸੁਣ ਕੇ ਬੜਾ ਮਜ਼ਾ ਆਉਂਦੈ।"

"ਮੈਂ ਤੈਨੂੰ ਸੱਤ ਕਹਾਣੀਆਂ ਸੁਣਾ ਚੁੱਕਾਂ। ਮੈਨੂੰ ਹੁਣ ਹੋਰ ਕੋਈ ਨਹੀਂ ਆਉਂਦੀ।"

ਉਸਦੀ ਇੱਛਾ ਇਹ ਹੁੰਦੀ ਸੀ ਕਿ ਮੈਂ ਉਸਦੇ ਤਰਲੇ ਕਰਾਂ। ਸੋ ਮੈਂ ਉਸਨੂੰ ਫ਼ਰਮਾਇਸ਼ ਕਰੀ ਗਿਆ।

"ਜੇ ਚਾਹੇ ਤਾਂ ਮੈਂ ਤੈਨੂੰ ਇਕ ਗੀਤ ਸੁਣਾਵਾਂ ?" ਰਹੀਮ ਮੰਨ ਗਿਆ।

ਉਸਦੇ ਪੁਰਾਤਨ ਗੀਤ ਮੈਂ ਸੁਨਣਾ ਚਾਹੁੰਦਾ ਸਾਂ, ਸੋ ਉਸਨੇ ਲੈਅ ਨਾਲ, ਪੁਰਾਤਨ ਧੁਨ ਦੀ ਰੰਗਤ ਨੂੰ ਕਾਇਮ ਰੱਖਦਿਆਂ, ਸੁਣਾਉਣਾ ਸ਼ੁਰੂ ਕੀਤਾ।

1

ਉਪਰ ਪਹਾੜਾਂ ਵਿਚ ਇਕ ਸੱਪ ਰੀਂਗਦਾ ਜਾ ਪੁੱਜਾ, ਤੇ ਸਾਗਰ ਵੱਲ ਹੇਠਾਂ ਦੇਖਦੀ ਇਕ ਸਿਲੀ ਖੁੱਡ, ਵਿਚ ਡੇਰਾ ਲਾ ਲਿਆ।

ਉਪਰ ਆਕਾਸ਼ ਵਿਚ ਸੂਰਜ ਚਮਕ ਰਿਹਾ ਸੀ ਤੇ ਪਹਾੜ ਆਪਣਾ ਗਰਮ ਸਾਹ ਆਕਾਸ਼ ਵੱਲ ਛੱਡ ਰਹੇ ਸਨ, ਤੇ ਹੇਠਾਂ ਲਹਿਰਾਂ ਜ਼ੋਰ ਜ਼ੋਰ ਦੀ ਪੱਥਰਾਂ ਨਾਲ ਟਕਰਾ ਰਹੀਆਂ ਸਨ।

ਤੇ ਗੁਫਾ ਦੇ ਵਿੱਚੋਂ, ਹਨੇਰੇ ਤੇ ਧੁੰਦ ਦੇ ਵਿੱਚੋਂ, ਇਕ ਤੇਜ਼-ਧਾਰ ਝਰਨਾ ਵਹਿ ਰਿਹਾ ਸੀ, ਜਿਹੜਾ ਸਾਗਰ ਨੂੰ ਮਿਲਣ ਦੀ ਤੀਬਰ ਇੱਛਾ ਨਾਲ਼ ਪੱਥਰਾ ਨੂੰ ਉਲਟਾਈ ਜਾ ਰਿਹਾ ਸੀ।

ਝੱਗ ਦਾ ਤਾਜ ਪਹਿਨੀ, ਪੁਰਾਤਨ ਤੇ ਜ਼ੋਰਦਾਰ, ਇਹ ਪਹਾੜ ਨੂੰ ਚੀਰ ਗਿਆ ਸੀ ਤੇ ਗ਼ੁੱਸੇਭਰੀ ਗਰਜ ਨਾਲ ਸਾਗਰ ਵਿਚ ਜਾ ਡਿੱਗਾ ਸੀ।

ਇਕਦਮ ਉਸ ਗੁਫਾ ਵਿਚ, ਜਿੱਥੇ ਸੱਪ ਕੁੰਡਲ ਮਾਰੀ ਬੈਠਾ ਸੀ, ਆਕਾਸ਼ ਤੋਂ ਇਕ ਬਾਜ ਆ ਡਿੱਗਾ। ਉਸਦੇ ਸੀਨੇ 'ਤੇ ਜਖ਼ਮ ਤੇ ਪਰਾਂ 'ਤੇ ਲਹੂ ਸੀ।

ਧਰਤੀ ਉਤੇ ਡਿਗਦਿਆਂ ਉਸਨੇ ਚੀਕ ਮਾਰੀ ਤੇ ਮਾਯੂਸੀ ਵਿਚ ਆਪਣੇ ਖੰਭ ਫੜਫੜਾਉਂਦਾ ਹੋਇਆ ਪੱਥਰ 'ਤੇ ਪਿਆ ਰਿਹਾ।

ਸੱਪ ਡਰ ਗਿਆ ਤੇ ਉਥੋਂ ਨੱਸ ਗਿਆ, ਪਰ ਜਲਦੀ ਹੀ ਉਹਨੇ ਵੇਖਿਆ ਕਿ ਉਸ ਪੰਛੀ ਦਾ ਜੀਵਨ ਹੋਰ ਦੋ ਪਲ ਹੈ।

ਸੋ ਉਹ ਰੀਂਗਦਾ ਹੋਇਆ ਮੁੜ ਜ਼ਖ਼ਮੀ ਪੰਛੀ ਕੋਲ ਗਿਆ ਤੇ ਵਿਅੰਗ ਨਾਲ ਉਸ ਵੱਲ ਦੇਖਦਾ ਸ਼ੂਕਿਆ...

"ਕਿਉਂ, ਮਰਨ ਲੱਗੈਂ ?"

"ਹਾਂ, ਮਰ ਰਿਹਾਂ", ਬਾਜ ਨੇ ਹਉਕਾ ਭਰਦਿਆਂ ਜਵਾਬ ਦਿਤਾ। "ਪਰ ਮੈਂ ਖ਼ੂਬ ਜੀਵਿਆ ਹਾਂ ! ਮੈਂ ਖ਼ੁਸ਼ੀ ਮਾਣੀ ਏ ! ... ਬਹਾਦਰੀ ਨਾਲ ਰਿਹਾ ਹਾਂ !.... ਮੈਂ ਆਕਾਸ਼ ਗਾਹਿਆ ਹੈ ! ਤੂੰ ਨਿਮਾਣੀ ਸ਼ੈਅ ਕਦੇ ਵੀ ਅਕਾਸ਼ ਏਨਾਂ ਨੇੜਿਓਂ ਨਹੀਂ ਦੇਖ ਸਕੇਂਗਾ ਜਿੰਨਾ ਮੈਂ ਦੇਖਿਆ ਹੈ।

"ਲੈ, ਆਕਾਸ਼ ਵਿਚ ਕੀ ਪਿਐ ? ਖ਼ਾਲਮ-ਖ਼ਾਲੀ ਥਾਂ। ਉਥੇ ਮੈਂ ਰੀਂਗ ਸਕਦਾ ਹਾਂ ? ਮੇਰੇ ਲਈ ਇਥੇ ਹੀ ਬੜਾ ਚੰਗਾ ਏ-ਐਨਾ ਨਿੱਘਾ ਤੇ ਸਿੱਲ੍ਹਾ।"

ਇਸ ਤਰ੍ਹਾਂ ਸੱਪ ਨੇ ਆਜ਼ਾਦ ਪੰਛੀ ਨੂੰ ਜਵਾਬ ਦਿਤਾ ਤੇ ਦਿਲ ਹੀ ਦਿਲ ਵਿਚ ਉਸਦੇ ਬਹਾਦਰੀ ਭਰੇ ਸ਼ਬਦਾਂ ਉਤੇ ਹੱਸਣ ਲਗਾ।

ਤੇ ਆਪਣੇ ਆਪ ਵਿਚ ਸੋਚਣ ਲੱਗਾ : "ਕੀ ਫ਼ਰਕ ਪੈਂਦਾ ਹੈ ਕਿ ਕੋਈ ਰੀਂਗਦਾ ਹੈ

ਜਾਂ ਉੱਡਦਾ, ਹਸ਼ਰ ਤਾਂ ਸਭ ਦਾ ਇੱਕ ਹੈ, ਸਭ ਨੇ ਧਰਤੀ ਵਿਚ ਹੀ ਲੇਟਣਾ ਹੈ, ਮਿੱਟੀ ਨਾਲ ਮਿੱਟੀ ਹੀ ਹੋ ਜਾਣਾ ਹੈ।"

ਪਰ ਬਾਜ ਨੇ ਇਕਦਮ ਕੋਸ਼ਿਸ਼ ਕਰਕੇ ਜ਼ਰਾ ਕੁ ਸਿਰ ਚੁੱਕਿਆ ਤੇ ਖੱਡ ਵੱਲ ਇਕ ਨਜ਼ਰ ਸੁੱਟੀ।

ਚੱਟਾਨ ਵਿਚਲੀਆਂ ਤਰੇੜਾਂ ਵਿੱਚੋਂ ਪਾਣੀ ਸਿੰਮਦਾ ਆ ਰਿਹਾ ਸੀ ਤੇ ਖੱਡ ਅੰਦਰਲੀ ਹਵਾ ਮੌਤ ਤੇ ਸੜਾਂਦ ਨਾਲ਼ ਭਰੀ ਹੋਈ ਸੀ।

ਤੇ ਸਾਰਾ ਜ਼ੋਰ ਲਾ ਕੇ ਬਾਜ ਉਦਾਸੀ ਤੇ ਸਿੱਕ ਨਾਲ ਕੂਕ ਉਠਿਆ।

"ਕਾਸ਼, ਕਿ ਮੈਂ ਆਕਾਸ਼ ਵਿਚ ਸਿਰਫ਼ ਇਕ ਵਾਰੀ ਹੋਰ ਉਡ ਸਕਦਾ! ਮੈਂ ਆਪਣੇ ਦੁਸ਼ਮਣ ਨੂੰ ਆਪਣੇ ਜ਼ਖ਼ਮੀ ਸੀਨੇ ਨਾਲ ਰਗੜ ਸੁੱਟਦਾ ਤੇ ਆਪਣੇ ਖ਼ੂਨ ਵਿਚ ਡੋਬ ਕੇ ਮਾਰ ਦੇਂਦਾ। ਉਫ਼, ਲੜਾਈ ਦਾ ਉਹ ਮਜ਼ਾ!"

ਸੱਪ ਨੇ ਸੋਚਿਆ , 'ਆਕਾਸ਼ ਵਿਚ ਰਹਿਣਾ ਸਚਮੁਚ ਬੜਾ ਸ਼ਾਨਦਾਰ ਹੋਵੇਗਾ ਜੇ ਇਹ ਉਸ ਲਈ ਏਨੀਆਂ ਆਹਾਂ ਭਰ ਰਿਹਾ ਹੈ....

ਤੇ ਉਸ ਨੇ ਆਜ਼ਾਦ ਪੰਛੀ ਨੂੰ ਤਜਵੀਜ਼ ਦਿਤੀ,'ਰੀਂਗਦਾ ਹੋਇਆ ਗੁਫਾ ਦੇ ਸਿਰੇ ਤਕ ਜਾ ਤੇ ਆਪਣੇ ਆਪ ਨੂੰ ਹੇਠਾਂ ਸੁੱਟ ਦੇ। ਹੋ ਸਕਦਾ ਹੈ ਅਜੇ ਵੀ ਤੇਰੇ ਖੰਭ ਤੇਰਾ ਭਾਰ ਉਠਾ ਸਕਣ ਤੇ ਤੂੰ ਮੁੜ ਕੇ ਆਕਾਸ਼ ਵਿਚ ਉੱਡ ਸਕੇ।'

ਬਾਜ ਦਾ ਲੂੰ ਲੂੰ ਥਰਕ ਉਠਿਆ। ਉਸਨੇ ਮਾਣ ਨਾਲ ਇਕ ਕੂਕ ਛੱਡੀ ਤੇ ਜਿਲ੍ਹਣ ਵਿਚ ਆਪਣੇ ਪੰਜੇ ਖੋਭਦਾ ਰੀਂਗਦਾ ਹੋਇਆ ਦੰਦੀ ਤੱਕ ਆਇਆ।

ਦੰਦੀ ਉਤੇ ਪਹੁੰਚਦਿਆਂ ਇਸਨੇ ਆਪਣੇ ਪਰ ਫੈਲਾਏ, ਡੂੰਘਾ ਸਾਹ ਭਰਿਆ ਤੇ ਚਮਕਦੀਆਂ ਅੱਖਾਂ ਨਾਲ ਹੇਠਾਂ ਚੁੱਭੀ ਮਾਰ ਗਿਆ।

ਪਥੱਰ ਦੀ ਤੇਜ਼ੀ ਨਾਲ ਬਾਜ ਡਿੱਗਾ, ਆਪਣੇ ਖੰਭ ਖਿਲਾਰਦਾ ਹੋਇਆ। ਤੇ ਡਿੱਗਣ ਨਾਲ ਇਸਦੇ ਖੰਭ ਨਾਲ਼ੋਂ ਲੱਥ ਗਏ।

ਇਕ ਲਹਿਰ ਨੇ ਇਸਨੂੰ ਦਬੋਚ ਲਿਆ, ਇਸ ਦਾ ਖ਼ੂਨ ਧੋ ਕੇ ਸਾਫ਼ ਕੀਤਾ, ਇਸਨੂੰ ਝੱਗ ਵਿਚ ਲਪੇਟਿਆ ਤੇ ਉਡਾ ਕੇ ਸਾਗਰ ਵਿਚ ਲੈ ਗਈ।

ਸੋਗੀ ਚੀਕਾਂ ਨਾਲ ਸਾਗਰ ਦੀਆਂ ਲਹਿਰਾਂ ਪਥੱਰਾਂ ਨਾਲ ਸਿਰ ਪਟਕਾਉਣ ਲਗੀਆਂ। ਪੰਛੀ ਦੀ ਲਾਸ਼ ਸਾਗਰ ਦੀ ਵਿਸ਼ਾਲਤਾ ਵਿਚ ਅਲੋਪ ਹੋ ਚੁਕੀ ਸੀ।

2

ਕਿੰਨਾ ਚਿਰ ਸੱਪ ਖੱਡ ਵਿਚ ਕੁੰਡਲ ਮਾਰੀ ਬੈਠਾ ਰਿਹਾ, ਪੰਛੀ ਦੀ ਮੌਤ ਬਾਰੇ ਸੋਚਦਾ, ਆਕਾਸ਼ ਲਈ ਉਸਦੇ ਪਿਆਰ ਬਾਰੇ ਸੋਚਦਾ।

ਤੇ ਇਸਨੇ ਦੂਰ ਪੁਲਾੜ ਵਿਚ ਨਜ਼ਰ ਮਾਰੀ, ਜਿਥੇ ਖ਼ੁਸ਼ੀ ਬਾਰੇ ਸੁਪਨੇ ਸਦਾ ਅੱਖਾਂ ਨੂੰ ਖਿੱਚ ਪਾਉਂਦੇ ਰਹਿੰਦੇ ਨੇ।

ਉਸ ਮਰਨੇ ਬਾਜ ਨੂੰ ਬਿਨਾਂ ਤਲ ਤੇ ਬਿਨਾਂ ਕਿਨਾਰੇ ਦੇ ਇਸ ਖ਼ਲਾਅ ਵਿਚ ਕੀ

ਦਿਸਿਆ ਸੀ ? ਕਿਉਂ ਉਸ ਵਰਗੇ, ਮਰਨਜੋਗੇ, ਆਕਾਸ਼ ਵਿਚ ਉੱਡਣ ਦੀ ਆਪਣੀ ਤਾਂਘ ਨਾਲ ਰੂਹ ਨੂੰ ਕਲਪਾਉਂਦੇ ਨੇ ? ਉਥੇ ਉਹਨਾਂ ਨੂੰ ਕੀ ਦਿਸਦਾ ਹੈ ? ਇਹ ਸਾਰਾ ਕੁਝ ਮੈਂ ਇਕੋ ਉਡਾਣ ਵਿਚ ਹੀ ਜਾਣ ਸਕਦਾ ਹਾਂ, ਭਾਵੇਂ ਇਹ ਛੋਟੀ ਜਿਹੀ ਹੀ ਕਿਉਂ ਨਾ ਹੋਵੇ।'

ਕਿਹਾ, ਤੇ ਕਰ ਵਿਖਾਇਆ। ਉਸਨੇ ਹੋਰ ਵੀ ਜ਼ੋਰ ਦੀ ਕੁੰਡਲ ਮਾਰਿਆ ਤੇ ਕੁੱਦ ਪਿਆ। ਧੁੱਪ ਵਿਚ ਕਾਲੀ ਲਕੀਰ ਚਮਕਦੀ ਦਿਖਾਈ ਦਿਤੀ।

ਪਰ ਰੀਂਗਣ ਲਈ ਜੰਮੇ ਕਿੱਦਾਂ ਉਡ ਸਕਦੇ ਨੇ ? ਸੱਪ ਹੇਠਾਂ ਪੱਥਰਾ ਉਤੇ ਆ ਡਿੱਗਾ, ਪਰ ਮਰਿਆ ਨਾ। ਉਹ ਹੱਸਦਾ ਹੋਇਆ ਬੋਲਿਆ।

"ਸੋ ਇਸ ਗੱਲ ਵਿਚ ਹੈ ਆਕਾਸ਼ ਵਿਚ ਉੱਡਣ ਦੀ ਖ਼ੁਸ਼ੀ! ਹੇਠਾਂ ਆ ਡਿੱਗਣ ਵਿਚ! ਕਿਆ ਅਜੀਬ ਪੰਛੀ ਨੇ! ਧਰਤੀ ਨੂੰ ਜਾਣਦੇ ਨਹੀਂ, ਇਸ ਉਤੇ ਦੁਖੀ ਰਹਿੰਦੇ ਨੇ, ਆਕਾਸ਼ ਵਿਚ ਉੱਚਾ ਉੱਡਣਾ ਚਾਹੁੰਦੇ ਨੇ ਤੇ ਉਸ ਸੜਦੇ ਖ਼ਲਾਅ ਵਿਚ ਜ਼ਿੰਦਗੀ ਟੋਲਦੇ ਨੇ। ਉਥੇ ਸਿਰਫ਼ ਖਲਾਅ ਏ। ਚਾਨਣ ਉਥੇ ਬਹੁਤ ਏ, ਪਰ ਸਰੀਰ ਨੂੰ ਕਾਇਮ ਰੱਖਣ ਲਈ ਕੁਝ ਨਹੀ। ਤਾਂ ਏਨਾਂ ਮਾਣ ਕਾਹਦੇ ਲਈ ? ਤੇ ਏਨੀ ਹਿਕਾਰਤ ਕਾਹਦੇ ਲਈ ? ਦੁਨੀਆਂ ਤੋਂ ਆਪਣੀਆਂ ਪਾਗਲ ਲਾਲਸਾਵਾਂ ਤੇ ਜੀਵਨ ਦੇ ਕਾਰੋਬਾਰ ਨਾਲ ਨਜਿੱਠ ਸਕਣ ਵਿਚ ਆਪਣੀ ਅਸਫ਼ਲਤਾ ਛੁਪਾਉਣ ਲਈ ? ਕਿਆ ਅਜੀਬ ਪੰਛੀ ਨੇ! ਕਦੀ ਵੀ ਫਿਰ ਤੇਰੇ ਲਫ਼ਜ ਮੈਨੂੰ ਵਰਗਲਾ ਨਹੀਂ ਸਕਣਗੇ। ਕਿਉਕਿ ਹੁਣ ਮੈਂ ਸਭ ਕੁਝ ਜਾਣਦਾ ਹਾਂ। ਮੈਂ ਆਕਾਸ਼ ਵੇਖ ਲਿਆ ਹੈ, ਇਸ ਵਿਚ ਉਤੇ ਚੜਿਆ ਤੇ ਇਸਦੀ ਖੋਜ ਕੀਤੀ ਹੈ, ਤੇ ਆਕਾਸ਼ ਤੋਂ ਮੈਂ ਡਿੱਗਾ ਹਾਂ, ਭਾਵੇਂ ਮਰਿਆ ਨਹੀ। ਆਪਣੇ ਵਿਚ ਮੇਰਾ ਵਿਸ਼ਵਾਸ ਹੋਰ ਵੀ ਮਜ਼ਬੂਤ ਹੋ ਗਿਆ ਹੈ। ਜਿਹੜੇ ਧਰਤੀ ਨੂੰ ਨਹੀਂ ਪਿਆਰਦੇ, ਉਹਨਾਂ ਨੂੰ ਭੁਲੇਖਿਆਂ ਉਤੇ ਜਿਊਣ ਦਿਓ। ਮੈਂ ਸੱਚ ਪਾ ਲਿਆ ਹੈ। ਫਿਰ ਕਦੀ ਵੀ ਮੈਂ ਪੰਛੀ ਦੀ ਵੰਗਾਰ ਕਬੂਲ ਨਹੀ ਕਰਾਂਗਾ। ਧਰਤੀ ਦਾ ਜੰਮਿਆਂ, ਮੈਂ ਧਰਤੀ ਉਤੇ ਹੀ ਰਹਾਂਗਾ।

"ਇਹ ਕਹਿੰਦਿਆਂ, ਇਸਨੇ ਹੋਰ ਵੀ ਘੁਮੰਡ ਵਿਚ ਆਉਂਦਿਆਂ ਇਕ ਪਥੱਰ ਉਤੇ ਕੁੰਡਲ ਮਾਰ ਲਿਆ।

ਤੇਜ਼ ਰੌਸ਼ਨੀ ਵਿਚ ਸਾਰਾ ਸਾਗਰ ਲਿਸ਼ਕਾਂ ਮਾਰ ਰਿਹਾ ਸੀ, ਤੇ ਲਹਿਰਾਂ ਜ਼ੋਰ ਜ਼ੋਰ ਦੀ ਆ ਕੇ ਕੰਡੇ ਨਾਲ ਪਟਕ ਰਹੀਆਂ ਸਨ।

ਉਹਨਾਂ ਦੀ ਸ਼ੇਰ ਵਰਗੀ ਗਰਜ ਵਿਚ ਬਾਜ ਦੇ ਗੀਤ ਦੀ ਗੂੰਜ ਸੀ। ਸਾਗਰ ਦੇ ਥਪੇੜਿਆਂ ਨਾਲ ਚੱਟਾਨਾਂ ਕੰਬ ਰਹੀਆ ਸਨ, ਭਿਆਨਕ ਗੀਤ ਦੀਆਂ ਧੁਨਾਂ ਨਾਲ ਆਕਾਸ਼ ਕੰਬ ਰਿਹਾ ਸੀ.

"ਬਹਾਦਰਾਂ ਦੇ ਪਾਗਲਪਨ ਦੀ ਜੈ ਜੈ ਕਾਰ ਅਸੀ ਗਾ ਰਹੀਆਂ।

"ਬਹਾਦਰਾਂ ਦਾ ਪਾਗਲਪਨ ਜਿੰਦਗੀ ਦੀ ਸਿਆਣਪ ਹੈ। ਹੇ ਦਲੇਰ ਬਾਜ। ਦੁਸ਼ਮਣ ਨਾਲ ਲੜਦਿਆਂ ਤੂੰ ਖ਼ੂਨ ਵਹਾਇਆ, ਪਰ ਵਕਤ ਆਏਗਾ ਤੇ ਤੇਰੇ ਗਰਮ ਖ਼ੂਨ ਦੀ ਹਰ ਬੂੰਦ ਤਾਰਾ ਬਣੇਗੀ, ਤੇ ਜਿੰਦਗੀ ਦੇ ਹਨੇਰੇ ਨੂੰ ਰੁਸ਼ਨਾਏਗੀ ਤੇ ਕਈ ਬਹਾਦਰ ਦਿਲਾਂ ਵਿਚ ਆਜ਼ਾਦੀ ਤੇ ਰੌਸ਼ਨੀ ਦੀ ਪਾਗਲ ਪਿਆਸ ਭੜਕਾਏਗੀ!

"ਤੂੰ ਭਾਵੇਂ ਮਰ ਗਿਆ ਹੈ! ਪਰ ਬਹਾਦਰੀ ਦੇ ਗੀਤਾਂ ਵਿਚ ਤੂੰ ਮਿਸਾਲ ਬਣਕੇ, ਤੇ ਆਜ਼ਾਦੀ ਲਈ, ਰੌਸ਼ਨੀ ਲਈ ਮਾਣਭਰੀ ਵੰਗਾਰ ਬਣ ਕੇ ਤੂੰ ਸਦਾ ਜਿਊਂਦਾ ਰਹੇਗਾ!

"ਬਹਾਦਰਾਂ ਦੇ ਪਾਗਲਪਨ ਦੀ ਜੈ ਜੈ ਕਾਰ ਅਸੀ ਗਾ ਰਹੀਆਂ!"

...ਸਾਗਰ ਦੀਆਂ ਦੁਧੀਆ ਚੁੜਿਤਣਾਂ ਖ਼ਾਮੋਸ਼ ਹਨ। ਤੱਟ ਨਾਲ ਆ ਕੇ ਵੱਜਦੀਆ ਲਹਿਰਾਂ ਮੱਧਮ ਸੁਰ ਵਿਚ ਗਾ ਰਹੀਆਂ ਹਨ, ਤੇ ਮੈਂ ਵੀ, ਦੂਰ ਨਜ਼ਰ ਗੱਡੀ, ਚੁੱਪ ਬੈਠਾ ਹਾਂ। ਹੁਣ ਪਾਣੀ ਉਤੇ ਚਾਂਦੀ ਰੰਗੇ ਧੱਬੇ ਵੱਧ ਗਏ ਹਨ। ... ਸਾਡੀ ਕੇਤਲੀ ਚੁੱਪ-ਚਾਪ ਖੌਲ ਰਹੀ ਹੈ।

ਇਕ ਲਹਿਰ ਆਪਣੀਆਂ ਭੈਣਾਂ ਨੂੰ ਪਿੱਛੇ ਛੱਡਦੀ ਹੋਈ, ਰਹੀਮ ਦੇ ਸਿਰ ਤੱਕ ਪਹੁੰਚਦੀ ਹੋਈ ਮਜ਼ਾਕ ਉਡਾਉਂਦੀ ਨਿੱਕੀ ਜਿਹੀ ਕੂਕ ਛੱਡਦੀ ਹੈ।

"ਕਿੱਧਰ ਆ ਰਹੀ ਹੈਂ ?,... ਚੱਲ ਪਿੱਛੇ!" ਰਹੀਮ ਆਪਣਾ ਹੱਥ ਮਾਰਦਾ ਹੋਇਆ ਚਿੱਲਾਉਂਦਾ ਹੈ, ਤੇ ਲਹਿਰ ਆਗਿਆਕਾਰੀ ਢੰਗ ਨਾਲ ਵਾਪਸ ਮੁੜ ਜਾਂਦੀ ਹੈ।

ਰਹੀਮ ਵੱਲੋਂ ਲਹਿਰ ਨੂੰ ਜਿਊਂਦੀ ਜਾਗਦੀ ਚੀਜ਼ ਮੰਨਣ ਉਤੇ ਮੈਨੂੰ ਜ਼ਰਾ ਵੀ ਹੈਰਾਨੀ ਨਹੀਂ ਹੁੰਦੀ, ਨਾ ਡਰ ਲਗਦਾ ਹੈ। ਸਾਡੇ ਆਲੇ-ਦੁਆਲੇ ਦੀ ਹਰ ਚੀਜ਼ ਬੇਮਿਸਾਲ ਤੌਰ ਉਤੇ ਸਜੀਵ, ਕੋਮਲ ਤੇ ਸਹਿਲਾਉਣ ਦਾ ਅਸਰ ਰੱਖਦੀ ਹੈ। ਸਾਗਰ ਸ਼ਾਂਤ ਹੈ, ਤੇ ਇਸਦੇ ਠੰਢੇ ਸਾਹਾਂ ਵਿਚ ਇਕ ਤਾਕਤ ਮਹਿਸੂਸ ਹੁੰਦੀ ਹੈ, ਜਿਹੜਾ ਇਹ ਦਿਨ ਦੀ ਗਰਮੀ ਨਾਲ ਅਜੇ ਤੱਕ ਭਰੀਆਂ ਹੋਇਆਂ ਪਹਾੜਾਂ ਦੀਆਂ ਟੀਸੀਆ ਵੱਲ ਛੱਡ ਰਿਹਾ ਹੈ। ਆਕਾਸ਼ ਦੇ ਗੂੜ੍ਹੇ ਨੀਲੇ ਪਿਛੋਕੜ ਵਿਚ ਸਿਤਾਰਿਆਂ ਨੇ ਸੁਨਹਿਰੀ ਅੱਖਰਾ ਵਿਚ ਕੋਈ ਜੇਤੂ ਸੰਦੇਸ਼ ਲਿਖ ਦਿਤਾ ਹੈ, ਕੋਈ ਅਜਿਹੀ ਗੱਲ ਜਿਹੜੀ ਰੂਹ ਨੂੰ ਮੁਗਧ ਕਰ ਰਹੀ ਹੈ ਤੇ ਕਿਸੇ ਅਗੰਮ-ਗਿਆਨ ਦੀ ਮਿੱਠੀ ਆਸ ਨਾਲ ਮਨ ਨੂੰ ਹਲੂਣ ਰਹੀ ਹੈ।

ਸਭ ਕੁਝ ਊਂਘ ਰਿਹਾ ਹੈ, ਪਰ ਇਕ ਖਿੱਚ-ਭਰੀ ਚੇਤਨਤਾ ਨਾਲ, ਜਿਵੇ ਕਿ ਹੋਰ ਘੜੀ ਨੂੰ ਸਭ ਚੀਜ਼ਾਂ ਆਪਣੀ ਨੀਂਦ ਲਾਹ ਮਾਰਨਗੀਆ ਤੇ ਕਿਸੇ ਅਕਹਿ ਮਿੱਠੀ ਇਕਸੁਰਤਾ ਦੇ ਸਮੂਹਗਾਣ ਵਿਚ ਆਪਣੀਆਂ ਆਵਾਜ਼ਾ ਉੱਚੀਆਂ ਕਰਨਗੀਆ। ਇਹ ਇੱਕਸੁਰ ਗੀਤ ਜਿੰਦਗੀ ਦੇ ਭੇਤਾਂ ਦੀ ਗੱਲ ਕਰੇਗਾ, ਮਨ ਸਾਹਮਣੇ ਇਹਨਾਂ ਦੀ ਵਿਆਖਿਆ ਕਰੇਗਾ ਤੇ ਫਿਰ ਉਸਨੂੰ ਬੁਝਾ ਦੇਵੇਗਾ, ਕਿਸੇ ਬੇਵਜੂਦ ਅੱਗ ਵਾਂਗ, ਤੇ ਰੂਹ ਨੂੰ ਉਠਾ ਕੇ ਰਾਤ ਦੇ ਨੀਲੇ ਖਲਾਅ ਵਿਚ ਲੈ ਜਾਏਗਾ ਜਿਥੇ ਤਾਰਿਆ ਦੀ ਕੁਸ਼ਲ ਨੱਕਾਸ਼ੀ ਅਗੰਮ-ਗਿਆਨ ਦਾ ਉਹੋ ਦੈਵੀ ਗੀਤ ਗਾ ਰਹੀ ਹੈ।

**1895**

# ਘੋਲ-ਘੋਲ੍ਹ

**ਪਿੰਡ** ਦੀ ਸੜ੍ਹਕ ’ਤੇ, ਚਿੱਟੀ ਕਲੀ ਨਾਲ਼ ਲਿੱਪੇ ਕੱਚੇ ਘਰਾਂ ਨੂੰ ਪਾਰ ਕਰਦੀ, ਉੱਚੀ-ਉੱਚੀ ਖਰੂਦ ਮਚਾਉਂਦੀ ਲੋਕਾਂ ਦੀ ਇੱਕ ਭੀੜ ਲੰਘੀ ਜਾ ਰਹੀ ਸੀ। ਜਲੂਸ, ਇੱਕ ਵੱਡੀ ਸਾਰੀ ਲਹਿਰ ਵਾਂਗੂੰ, ਹੌਲ਼ੀ ਰਫ਼ਤਾਰ ਨਾਲ਼ ਅੱਗੇ ਵਧ ਰਿਹਾ ਸੀ। ਅਤੇ ਉਸਦੇ ਅੱਗੇ-ਅੱਗੇ ਇੱਕ ਮਰੀਅਲ ਜਿਹਾ ਘੋੜਾ ਸਿਰ ਝੁਕਾ ਕੇ ਚੱਲ ਰਿਹਾ ਸੀ। ਜਿਵੇਂ ਹੀ ਉਹ ਆਪਣਾ ਪੈਰ ਚੁੱਕਦਾ ਤਾਂ ਉਸਦਾ ਸਿਰ ਕੁਝ ਇਸ ਢੰਗ ਨਾਲ਼ ਗੋਤਾ ਖਾਂਦਾ ਜਿਵੇਂ ਉਹ ਹੁਣੇ ਮੂਧੇ-ਮੂੰਹ ਡਿੱਗ ਪਵੇਗਾ ਅਤੇ ਉਸਦੀ ਬੂਥੀ ਸੜ੍ਹਕ ਦੀ ਧੂੜ ਚੱਟਦੀ ਨਜ਼ਰ ਆਵੇਗੀ। ਅਤੇ ਜਦੋਂ ਉਹ ਆਪਣੇ ਪਿਛਲੇ ਪੈਰ ਹਿਲਾਉਂਦਾ ਤਾਂ ਉਸਦਾ ਪਿੱਛਾ ਇੰਝ ਡਗਮਗਾਉਂਦਾ ਕਿ ਜਾਪਦਾ ਉਹ ਹੁਣੇ ਢੇਰੀ ਹੋ ਜਾਵੇਗਾ।

ਇੱਕ ਜਵਾਨ ਔਰਤ, ਜਿਸਨੇ ਆਪਣੇ ਵੀਹ ਸਾਲ ਅਜੇ ਮਸਾਂ ਹੀ ਪੂਰੇ ਕੀਤੇ ਹੋਣਗੇ, ਬਹੁਤ ਛੋਟੀ ਅਤੇ ਮਾਦਰਜ਼ਾਤ ਨੰਗੇ ਗੁੱਟ ਗੱਡੀ ਦੇ ਡੈਸ਼ਬੋਰਡ ਨਾਲ਼—ਕੋਚਵਾਨ ਦੇ ਸਾਹਮਣੇ ਤਖਤੇ ਨਾਲ਼—ਬੰਨ੍ਹੇ ਹੋਏ। ਉਹ ਇੱਕ ਪਾਸੇ ਹੋ ਕੇ ਚੱਲ ਰਹੀ ਸੀ, ਉਸਦੇ ਗੋਡੇ ਕੰਬ ਰਹੇ ਸਨ ਜਿਵੇਂ ਹੁਣੇ ਹੀ ਜਵਾਬ ਦੇ ਜਾਣਗੇ, ਕਾਲ਼ੇ ਅਤੇ ਖਿੰਡੇ-ਪੁੰਡੇ ਵਾਲ਼ਾਂ ਵਿੱਚ ਉਲਝਿਆ ਉਸਦਾ ਸਿਰ ਉੱਪਰ ਵੱਲ ਉੱਠਿਆ ਹੋਇਆ ਸੀ ਅਤੇ ਉਸਦੀਆਂ ਟੱਡੀਆਂ ਹੋਈਆਂ ਅੱਖਾਂ ਅਣਮਨੁੱਖੀ ਨਜ਼ਰ ਨਾਲ਼ ਖਲਾਅ ਵਿੱਚ ਝਾਕ ਰਹੀਆਂ ਸਨ। ਉਸਦਾ ਜਿਸਮ ਕਾਲ਼ੀਆਂ-ਨੀਲੀਆਂ ਧਾਰੀਆਂ ਅਤੇ ਨਿਸ਼ਾਨਾਂ ਨਾਲ਼ ਭਰਿਆ ਪਿਆ ਸੀ। ਕੁਆਰੀਆਂ ਜਿਹੀ ਦ੍ਰਿੜ ਉਸਦੀ ਖੱਬੀ ਛਾਤੀ ਵਿੱਚ ਡੂੰਘਾ ਜ਼ਖ਼ਮ ਸੀ ਅਤੇ ਉਸ ਵਿੱਚੋਂ ਲਹੂ ਦੀ ਧਾਰ ਵਹਿ ਰਹੀ ਸੀ। ਲਹੂ ਦੀ ਇੱਕ ਲਾਲ ਲਕੀਰ ਉਸਦੇ ਢਿੱਡ ਉੱਤੋਂ ਦੀ ਹੋ ਕੇ ਹੇਠਾਂ ਖੱਬੀ ਲੱਤ ਦੇ ਗੋਡੇ ਤੱਕ ਜਾ ਪਹੁੰਚੀ ਸੀ ਅਤੇ ਉਸਦੀਆਂ ਨਾਜ਼ੁਕ ਲੱਤਾਂ ਦੀਆਂ ਪਿੰਜਣੀਆਂ ’ਤੇ ਧੂੜ ਦੇ ਬੱਟਣ ਚੜ੍ਹੇ ਹੋਏ ਸਨ। ਇੰਜ ਲਗਦਾ ਸੀ ਜਿਵੇਂ ਔਰਤ ਦੇ ਸਰੀਰ ਤੋਂ ਚਮੜੀ ਦੀ ਇੱਕ ਲੰਮੀ ਪੱਟੀ ਲਾਹ ਲਈ ਗਈ ਹੋਵੇ। ਅਤੇ ਉਸਦੇ ਢਿੱਡ ਨੂੰ, ਇਸ ਵਿੱਚ ਕੋਈ ਸ਼ੱਕ ਨਹੀਂ, ਥਾਪੀ ਨਾਲ਼ ਕੁੱਟਿਆ ਗਿਆ ਸੀ ਜਾਂ ਬੂਟਦਾਰ ਅੱਡੀਆਂ ਨਾਲ਼ ਕੁਚਲਿਆ ਗਿਆ ਸੀ,— ਉਹ ਐਨੀ ਬੁਰੀ ਤਰ੍ਹਾਂ ਸੁੱਜਿਆ ਹੋਇਆ ਅਤੇ ਬਦਰੰਗ ਹੋਇਆ ਪਿਆ ਸੀ।

ਔਰਤ ਲਈ ਭੂਰੀ ਮਿੱਟੀ ਵਿੱਚ ਇੱਕ ਤੋਂ ਬਾਅਦ ਦੂਜਾ ਪੈਰ ਘਸੀਟਣਾ ਔਖਾ ਹੋ ਰਿਹਾ ਸੀ। ਉਸਦਾ ਪੂਰਾ ਸਰੀਰ ਆਕੜ ਰਿਹਾ ਸੀ ਅਤੇ ਇਹ ਦੇਖ ਕੇ ਹੈਰਾਨੀ ਹੋ ਰਹੀ ਸੀ ਕਿ ਉਸਦੀਆਂ ਲੱਤਾਂ, ਜਿਹੜੀਆਂ ਉਸਦੇ ਸਰੀਰ ਵਾਂਗ ਹੀ, ਸੱਟਾਂ ਦੇ ਨਿਸ਼ਾਨਾਂ ਨਾਲ਼ ਤੇ ਝਰੀਟਾਂ ਨਾਲ਼ ਭਰੀਆਂ ਹੋਈਆਂ ਸਨ, ਕਿਵੇਂ ਉਸਦਾ ਭਾਰ ਸੰਭਾਲ ਰਹੀਆਂ ਸਨ, ਕਿਵੇਂ ਉਸਨੇ ਆਪਣੇ ਆਪ ਨੂੰ ਡਿੱਗਣ ਤੋਂ ਅਤੇ ਕੂਹਣੀਆਂ ਭਾਰ ਰੀਂਘਣ ਤੋਂ ਰੋਕ ਰੱਖਿਆ ਸੀ।

ਲੰਮੇ ਕੱਦ ਦਾ ਇੱਕ ਪੇਂਡੂ ਆਦਮੀ ਗੱਡੀ ਵਿੱਚ ਖੜ੍ਹਾ ਸੀ। ਉਸਨੇ ਚਿੱਟੇ ਰੰਗ ਦਾ ਰੂਸੀ ਬਲਾਊਜ਼ ਅਤੇ ਕਾਲ਼ੇ ਰੰਗ ਦੀ ਅਸਤਰਾਖਾਨੀ ਟੋਪੀ ਪਾਈ ਹੋਈ ਸੀ, ਜਿਸਦੇ ਹੇਠੋਂ ਚਟਖ ਰੰਗ ਦੇ ਲਾਲ ਵਾਲ਼ਾਂ ਦਾ ਇੱਕ ਗੁੱਛਾ ਨਿਕਲ਼ ਕੇ ਉਸਦੇ ਮੱਥੇ ’ਤੇ ਝੂਲ ਰਿਹਾ ਸੀ। ਇੱਕ

ਹੱਥ ਵਿੱਚ ਉਸਨੇ ਲਗਾਮ ਫੜੀ ਹੋਈ ਸੀ ਤੇ ਦੂਜੇ ਵਿੱਚ ਛਾਂਟਾ, ਜਿਸਨੂੰ ਉਹ ਬਕਾਇਦਾ ਪਹਿਲਾਂ ਘੋੜੇ ਦੇ ਅਤੇ ਫਿਰ ਛੋਟੇ ਕੱਦ ਦੀ ਉਸ ਔਰਤ ਦੇ ਜਿਸਮ 'ਤੇ ਵਰ੍ਹਾ ਰਿਹਾ ਸੀ, ਜਿਹੜੀ ਪਹਿਲਾਂ ਹੀ ਐਨੀ ਕੁੱਟ ਖਾ ਚੁੱਕੀ ਸੀ ਕਿ ਪਛਾਣੀ ਨਹੀਂ ਸੀ ਜਾਂਦੀ। ਆਦਮੀ ਦੀਆਂ ਅੱਖਾਂ ਲਾਲ ਅੰਗਾਰੇ ਵਾਂਗ ਮੱਚ ਰਹੀਆਂ ਸਨ, ਬਦਲੇ ਦੀ ਜੇਤੂ ਭਾਵਨਾ ਉਹਨਾਂ ਵਿੱਚ ਚਮਕ ਰਹੀ ਸੀ ਅਤੇ ਉਸਦੇ ਵਾਲ਼ ਉਹਨਾਂ ਵਿੱਚ ਹਰਾ ਪਰਛਾਵਾਂ ਸੁੱਟ ਰਹੇ ਸਨ। ਉਸਦੇ ਬਲਾਊਜ਼ ਦੇ ਕਫ਼ ਉੱਪਰ ਤੱਕ ਚੜ੍ਹੇ ਹੋਏ ਸਨ ਅਤੇ ਉਸਦੀਆਂ ਵਾਲ਼ਾਂ ਨਾਲ਼ ਭਰੀਆਂ ਹੱਟੀਆਂ ਕੱਟੀਆਂ ਲਾਲ ਬਾਹਾਂ ਸਾਫ਼ ਨਜ਼ਰ ਆ ਰਹੀਆਂ ਸਨ। ਉਸਦਾ ਮੂੰਹ ਖੁੱਲਾ ਸੀ ਜਿਸ ਵਿੱਚੋਂ ਸਫੈਦ ਟੇਢੇ ਦੰਦਾਂ ਦੀਆਂ ਦੋ ਕਤਾਰਾਂ ਚਮਕ ਰਹੀਆਂ ਸਨ ਅਤੇ ਵਾਰ-ਵਾਰ ਬੈਠੀ ਹੋਈ ਆਵਾਜ਼ ਵਿੱਚ, ਉਹ ਚੀਖ ਉੱਠਦਾ ਸੀ—

"ਲੈ, ਆਹ ਲੈ, ਕੁੱਤੀਏ! ਹਾ-ਹਾ-ਹਾ! ਹੋਰ ਲੈ, ਆਹ ਲੈ ਹੋਰ!"

ਔਰਤ ਅਤੇ ਗੱਡੀ ਪਿੱਛੇ ਲੋਕਾਂ ਦੀ ਭੀੜ ਚੱਲ ਰਹੀ ਸੀ — ਚੀਕਾਂ ਮਾਰਦੀ, ਖਰੂਦ ਮਚਾਉਂਦੀ, ਹੱਸਦੀ, ਟਿੱਚਰਾਂ ਕਰਦੀ, ਸੀਟੀਆਂ ਵਜਾਉਂਦੀ, ਭੜਕਾਉਂਦੀ-ਉਕਸਾਉਂਦੀ, ਖਿੱਲੀਆਂ ਉਡਾਉਂਦੀ। ਬੱਚੇ ਇੱਧਰ ਉੱਧਰ ਛਾਲਾਂ ਮਾਰਦੇ ਫਿਰਦੇ ਸਨ। ਕਦੇ ਕਦੇ ਉਹਨਾਂ ਵਿੱਚੋਂ ਕੋਈ ਇੱਕ ਜਣਾ ਭੱਜ ਕੇ ਅਗਾਂਹ ਨਿਕਲ਼ ਜਾਂਦਾ ਅਤੇ ਔਰਤ ਦੇ ਮੂੰਹ 'ਤੇ ਗੰਦੇ ਸ਼ਬਦਾਂ ਦਾ ਮੀਂਹ ਵਰ੍ਹਾ ਦਿੰਦਾ। ਉਦੋਂ ਭੀੜ ਠਾਹਕਾ ਮਾਰ ਕੇ ਹੱਸ ਪੈਂਦੀ ਅਤੇ ਉਸਦੇ ਹਾਸੇ ਦੀ ਆਵਾਜ਼ ਵਿੱਚ ਛਾਂਟੇ ਦੇ ਹਵਾ ਵਿੱਚ ਸਰਸਰਾਉਣ ਦੀ ਪਤਲੀ ਜਿਹੀ ਆਵਾਜ਼ ਗੁਆਚ ਕੇ ਰਹਿ ਜਾਂਦੀ। ਭੀੜ ਵਿੱਚ ਔਰਤਾਂ ਦੇ ਚਿਹਰੇ ਆਸਾਧਾਰਣ ਉਤਸ਼ਾਹ ਨਾਲ਼ ਲਹਿਰਾ ਰਹੇ ਸਨ ਅਤੇ ਉਹਨਾਂ ਦੀਆਂ ਅੱਖਾਂ ਖੁਸ਼ੀ ਨਾਲ਼ ਚਮਕ ਰਹੀਆਂ ਸਨ। ਮਰਦ ਗੱਡੀ ਵਿੱਚ ਖੜੇ ਪੇਂਡੂ ਨੂੰ ਆਪਣੇ ਨਿਸ਼ਾਨੇ 'ਤੇ ਬੇਸ਼ਰਮੀ ਨਾਲ਼ ਵਾਰ ਕਰਨ ਲਈ ਉਂਗਲਾਂ ਲਾ ਰਹੇ ਸਨ ਅਤੇ ਉਹ ਭੱਠੇ ਵਰਗਾ ਮੂੰਹ ਖੋਲ੍ਹੀ, ਉਹਨਾਂ ਵੱਲ ਮੁੜ-ਮੁੜ ਕੇ ਦੇਖਦਾ ਹੋਇਆ ਹੱਸ ਰਿਹਾ ਸੀ। ਅਚਾਨਕ ਛਾਂਟਾ ਸਰਸਰਾ ਕੇ ਔਰਤ ਦੇ ਸਰੀਰ ਨਾਲ਼ ਟਕਰਾਇਆ। ਲੰਮਾ ਤੇ ਪਤਲਾ ਉਹ ਛਾਂਟਾ ਉਸਦੇ ਮੋਢਿਆਂ ਉੱਤੋਂ ਗੇੜਾ ਕੱਢਦਾ ਅਤੇ ਬਾਹਾਂ ਹੇਠਾਂ ਉਸਦੀ ਚਮੜੀ ਵਿੱਚ ਧਸ ਜਾਂਦਾ। ਫਿਰ ਪੇਂਡੂ ਅਚਾਨਕ ਉਸਨੂੰ ਇੱਕ ਝਟਕਾ ਮਾਰਦਾ ਅਤੇ ਔਰਤ ਇੱਕ ਉੱਚੀ ਚੀਕ ਮਾਰਕੇ, ਪਿੱਠ ਦੇ ਭਾਰ ਧਰਤੀ 'ਤੇ ਡਿੱਗ ਪੈਂਦੀ। ਭੀੜ ਦੇ ਲੋਕ ਛਾਲਾਂ ਮਾਰ ਕੇ ਅੱਗੇ ਵਧਦੇ, ਝੁਕ ਕੇ ਉਸਦੇ ਆਲ਼ੇ-ਦੁਆਲ਼ੇ ਇੱਕ ਕੰਧ ਜਿਹੀ ਉਸਾਰ ਦਿੰਦੇ ਅਤੇ ਉਹ ਨਜ਼ਰਾਂ ਤੋਂ ਓਹਲੇ ਹੋ ਜਾਂਦੀ।

ਘੋੜਾ ਠਿਠਕ ਕੇ ਖੜਾ ਹੋ ਗਿਆ, ਪਰ ਇੱਕ ਪਲ ਬਾਅਦ ਹੀ ਉਹ ਫਿਰ ਡਗਮਗਾਉਂਦਾ ਜਿਹਾ ਤੁਰਦਾ ਅਤੇ ਦਾਗ਼ੀ ਔਰਤ ਉਸਦੇ ਪਿੱਛੇ-ਪਿੱਛੇ ਘਿਸੜਨ ਲੱਗ ਪੈਂਦੀ। ਘੋੜਾ ਵਾਰ-ਵਾਰ ਆਪਣਾ ਸਿਰ ਇਸ ਢੰਗ ਨਾਲ਼ ਹਿਲਾਉਂਦਾ ਜਿਵੇਂ ਕਹਿ ਰਿਹਾ ਹੋਵੇ—

"ਕਿੰਨੀ ਮਾੜੀ ਬੀਤਦੀ ਹੈ ਉਸ ਘੋੜੇ ਨਾਲ਼, ਜਿਸਨੂੰ ਲੋਕ ਆਪਣੀ ਮਰਜ਼ੀ ਦੇ ਕਿਸੇ ਵੀ ਘਿਨਾਉਣੇ ਕੰਮ ਵਿੱਚ ਜੋਤ ਲੈਂਦੇ ਹਨ।"

ਅਤੇ ਆਸਮਾਨ—ਦੱਖਣੀ ਆਸਮਾਨ— ਬਿਲਕੁਲ ਸਾਫ਼ ਸੁਥਰਾ ਸੀ। ਬੱਦਲ਼ਾਂ ਦਾ ਕਿਤੇ ਵੀ ਕੋਈ ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ ਅਤੇ ਸੂਰਜ ਦਿਲ ਖੋਲ੍ਹ ਕੇ ਧਰਤੀ 'ਤੇ ਆਪਣੀਆਂ ਨਿੱਘੀਆਂ ਕਿਰਨਾਂ ਦਾ ਬਰਸਾ ਰਿਹਾ ਸੀ।

ਬਦਲੇ ਭਰੇ ਇਨਸਾਫ਼ ਦਾ ਇਹ ਚਿੱਤਰ, ਜਿਹੜਾ ਮੈਂ ਇੱਥੇ ਖਿੱਚਿਆ ਹੈ, ਮੇਰੀ ਕਲਪਨਾ ਦੀ ਦੇਣ ਨਹੀਂ ਹੈ। ਨਹੀਂ, ਮਾੜੀ ਕਿਸਮਤ ਨੂੰ ਇਹ ਕੋਈ ਮਨਘੜ੍ਹਤ ਚੀਜ਼ ਨਹੀਂ ਹੈ। ਇਸਨੂੰ 'ਪੋਲ-ਖੋਲ੍ਹ' ਕਿਹਾ ਜਾਂਦਾ ਹੈ ਅਤੇ ਇਸ ਤਰ੍ਹਾਂ ਪਤੀ ਵਿਸ਼ਵਾਸਘਾਤ ਕਰਨ ਵਾਲ਼ੀਆਂ ਆਪਣੀਆਂ ਬਦਚਲਣ ਔਰਤਾਂ ਨੂੰ ਸਜ਼ਾ ਦਿੰਦੇ ਹਨ। ਇਹ ਜੀਵਨ ਤੋਂ ਲਿਆ ਗਿਆ ਚਿੱਤਰ ਹੈ। ਇਹ ਉਹਨਾਂ ਰਸਮਾਂ ਵਿੱਚੋਂ ਇੱਕ ਹੈ ਜਿਹੜੀਆਂ ਸਾਡੇ ਇੱਥੇ ਪ੍ਰਚੱਲਿਤ ਹਨ ਅਤੇ ਇਸਨੂੰ 15 ਜੁਲਾਈ 1891 ਨੂੰ ਨਿਕੋਲਾਯੇਵਸਕੀ ਵਿਲਾ ਵਿੱਚ ਖੇਰਸੋਨ ਗੁਬੇਰਨਿਆ ਦੇ ਕਾਂਦੀਬੋਵਕਾ ਪਿੰਡ ਵਿੱਚ ਮੈਂ ਖੁਦ ਆਪਣੀ ਅੱਖੀਂ ਵੇਖਿਆ ਸੀ।

ਵੋਲਕਾ ਸੂਬੇ ਵਿੱਚ, ਜਿੱਥੋਂ ਦਾ ਮੈਂ ਰਹਿਣ ਵਾਲਾ ਹਾਂ, ਇਹ ਮੈਂ ਸੁਣਿਆ ਸੀ ਕਿ ਆਪਣੇ ਪਤੀਆਂ ਨਾਲ਼ ਵਿਸ਼ਵਾਸਘਾਤ ਕਰਨ ਵਾਲ਼ੀਆਂ ਪਤਨੀਆਂ ਨੂੰ ਕੋਲਤਾਰ ਨਾਲ਼ ਗੜੁੱਚ ਕਰ ਦਿੱਤਾ ਜਾਂਦਾ ਸੀ ਅਤੇ ਉੱਤੋਂ ਖੰਭ ਚਿਪਕਾ ਦਿੱਤੇ ਜਾਂਦੇ ਸਨ। ਇਹ ਵੀ ਮੈਂ ਜਾਣਦਾ ਸੀ ਕਿ ਕੁਝ ਜ਼ਿਆਦਾ ਸੂਝ-ਬੂਝ ਵਾਲ਼ੇ ਪਤੀ ਅਤੇ ਸਹੁਰੇ ਹੋਰ ਵੀ ਦੋ ਕਦਮ ਅੱਗੇ ਵਧਕੇ ਵਿਸ਼ਵਾਸਘਾਤ ਕਰਨ ਵਾਲ਼ੀਆਂ ਆਪਣੀਆਂ ਪਤਨੀਆਂ ਨੂੰ ਗਰਮੀਆਂ ਦੇ ਦਿਨਾਂ ਵਿੱਚ ਸ਼ੀਰੇ ਵਿੱਚ ਡੁਬੋ ਕੇ ਦਰਖ਼ਤਾਂ ਨਾਲ਼ ਬੰਨ ਦਿੰਦੇ ਸਨ ਅਤੇ ਕੀੜੇ-ਮਕੌੜੇ ਦੰਦ ਮਾਰ-ਮਾਰ ਕੇ ਉਹਨਾਂ ਦੇ ਜਿਸਮ ਵਿੱਚ ਜ਼ਖ਼ਮ ਕਰ ਦਿੰਦੇ ਸਨ। ਕਦੇ-ਕਦੇ ਅਜਿਹੀਆਂ ਔਰਤਾਂ ਦੇ ਹੱਥ-ਪੈਰ ਬੰਨ੍ਹ ਕੇ ਉਹਨਾਂ ਨੂੰ ਕੀੜੀਆਂ ਤੇ ਸਿਉਂਕਾਂ ਦੇ ਭੌਣ ਉੱਤੇ ਸੁੱਟ ਦਿੱਤਾ ਜਾਂਦਾ ਸੀ।

ਇਹ ਸਭ ਮੈਂ ਸੁਣਿਆ ਹੀ ਸੀ। ਹੁਣ ਇਸਨੂੰ ਖੁਦ ਆਪਣੀਆਂ ਅੱਖਾਂ ਨਾਲ਼ ਦੇਖਕੇ ਸਾਬਿਤ ਹੋ ਗਿਆ ਕਿ ਜਾਹਿਲ ਅਤੇ ਬੇਦਿਲੇ ਲੋਕਾਂ ਵਿੱਚ—ਉਹਨਾਂ ਲੋਕਾਂ ਵਿਚਕਾਰ, ਜਿਹਨਾਂ ਨੂੰ 'ਕੁੱਤਾ ਕੁੱਤੇ ਨੂੰ ਖਾਏ' ਵਾਲ਼ੀ ਜੀਵਨ ਪ੍ਰਣਾਲੀ ਨੇ ਲਾਲਚ ਅਤੇ ਈਰਖਾ ਨਾਲ਼ ਦਹਿਕਦੇ ਜੰਗਲ਼ੀ ਜਾਨਵਰਾਂ ਵਿੱਚ ਬਦਲ ਦਿੱਤਾ ਸੀ— ਅਜਿਹੀਆਂ ਗੱਲਾਂ ਦਾ ਹੋਣਾ ਸਚਮੁੱਚ ਮੁਮਕਿਨ ਹੈ!

**(1895)**

**ਅਨੁਵਾਦ : ਸਵਜੀਤ**

# ਉਹ ਚੂਹੀ ਜਿਹੀ ਕੁੜੀ

"ਨੰਨ੍ਹੀ-ਮੁੰਨੀ, ਬਿਲਕੁਲ ਚੂਹੀ ਜਿਹੀ ਸੀ ਉਹ ਕੁੜੀ, ਬਟੋਹੀ!" ਹਰ ਵਾਰ ਜਦੋਂ ਵੀ ਇਹ ਫਿਕਰਾ ਮੈਨੂੰ ਯਾਦ ਆਉਂਦਾ ਹੈ, ਸਮੇਂ ਦੇ ਪਰਦੇ ਨੂੰ ਚੀਰਕੇ ਉਮਰ ਨਾਲ਼ ਜ਼ਰਜ਼ਰ ਹੋਈਆਂ ਦੋ ਕਮਜ਼ੋਰ ਜਿਹੀਆਂ ਅੱਖਾਂ ਮੇਰੇ ਵੱਲ ਮੁਸਕੁਰਾ ਉੱਠਦੀਆਂ ਹਨ — ਪ੍ਰੇਮ ਅਤੇ ਕਰੁਣਾ ਵਿੱਚ ਭਿੱਜੀਆਂ ਨਰਮ ਤੇ ਕੋਮਲ ਮੁਸਕਾਨ ਨਾਲ਼ — ਅਤੇ ਮੇਰੇ ਕੰਨਾਂ ਵਿੱਚ ਦੋ ਕੜਕ ਆਵਾਜ਼ਾਂ ਗੂੰਜਣ ਲੱਗ ਪੈਂਦੀਆਂ ਹਨ ਜਿਹੜੀਆਂ ਇੱਕ ਸੁਰ ਹੋ ਕੇ ਮੇਰੇ ਦਿਲ ਵਿੱਚ ਇਹ ਗੱਲ ਬਿਠਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ ਕਿ ਬਹੁਤ ਹੀ "ਨੰਨ੍ਹੀ ਮੁੰਨ੍ਹੀ, ਬਿਲਕੁਲ ਚੂਹੀ ਜਿਹੀ ਕੁੜੀ ਸੀ ਉਹ!"

ਅਤੇ ਇਸ ਯਾਦ ਨਾਲ਼ ਮੇਰਾ ਦਿਲ ਖੁਸ਼ੀ ਅਤੇ ਉਮੀਦ ਨਾਲ਼ ਭਰ ਜਾਂਦਾ ਹੈ। ਇਹ ਉਹਨਾਂ ਦਸ ਮਹੀਨਿਆਂ ਦੀ ਸਭ ਤੋਂ ਵਧੀਆ ਯਾਦਗਾਰ ਹੈ ਜਿਹੜੀ ਮੈਂ ਆਪਣੇ ਇਸ ਦੇਸ਼ ਦੀਆਂ — ਐਨੇ ਵਿਆਪਕ ਅਤੇ ਸੋਗ ਵਿੱਚ ਡੁੱਬੇ ਆਪਣੇ ਦੇਸ਼ ਦੀਆਂ — ਵਿੰਗ-ਵਲੇਵੇਂ ਖਾਂਦੀਆਂ ਸੜਕਾਂ ਗਾਹੁੰਦੇ ਹੋਏ ਬਿਤਾਏ ਸਨ।

***

ਜਾਦੋਨਸਕ ਤੋਂ ਵੋਰੋਨੇਜ਼ ਦੇ ਰਾਹ 'ਤੇ ਦੋ ਰਾਹੀਆਂ ਨਾਲ਼ ਮੇਰਾ ਸਾਹਮਣਾ ਹੋ ਗਿਆ — ਇੱਕ ਬਜ਼ੁਰਗ ਆਦਮੀ ਅਤੇ ਇੱਕ ਬਜ਼ੁਰਗ ਔਰਤ। ਦੋਨੇ ਹੀ ਉਮਰ ਵਿੱਚ ਸੌ ਤੋਂ ਵੀ ਜ਼ਿਆਦਾ ਜਾਪਦੇ ਸਨ, — ਬਹੁਤ ਹੀ ਹੌਲ਼ੀ ਅਤੇ ਰੁਕ-ਰੁਕ ਕੇ ਚੱਲ ਰਹੇ ਸਨ ਅਤੇ ਸੜਕ ਦੀ ਝੁਲ਼ਸਾ ਦੇਣ ਵਾਲ਼ੀ ਧੂੜ ਵਿੱਚ ਬਹੁਤ ਹੀ ਤਕਲੀਫ਼ ਨਾਲ਼ ਉਹਨਾਂ ਦੇ ਪੈਰ ਉੱਠ ਰਹੇ ਸਨ। ਉਹਨਾਂ ਦੇ ਪਹਿਰਾਵੇ ਅਤੇ ਉਹਨਾਂ ਦੇ ਚਿਹਰਿਆਂ ਤੋਂ ਅਜਿਹਾ ਸਮਝ ਨਾ ਆਉਣ ਵਾਲ਼ਾ ਅਹਿਸਾਸ ਝਲਕਦਾ ਸੀ ਜਿਵੇਂ ਉਹ ਬਹੁਤ ਦੂਰੋਂ — ਅਨੰਤ ਸਮੇਂ ਤੋਂ — ਇਸੇ ਤਰ੍ਹਾਂ ਤੁਰਦੇ ਆ ਰਹੇ ਹੋਣ।

"ਰੱਬ ਹੀ ਬੇੜਾ ਪਾਰ ਕਰਦਾ ਹੈ! ਤੋਬੋਲਸਕਾਯਾ ਗੁਬੇਰਨੀਆ (ਸਾਈਬੇਰੀਆ ਦਾ ਇੱਕ ਦੂਰ-ਦੁਰਾਡੇ ਦਾ ਸੂਬਾ, ਜਿੱਥੇ ਜਾਰਸ਼ਾਹੀ ਸਰਕਾਰ ਸਿਆਸੀ ਕੈਦੀਆਂ ਨੂੰ ਜਲਾਵਤਨ ਕਰਿਆ ਕਰਦੀ ਸੀ। – **ਸੰਪਾ.**) ਤੋਂ ਇੱਥੇ ਤੱਕ ਦਾ ਸਾਰਾ ਰਾਹ ਅਸੀਂ ਪੈਦਲ ਹੀ ਚੱਲਦੇ ਆ ਰਹੇ ਹਾਂ," ਮੇਰੀ ਧਾਰਣਾ ਦੀ ਪੁਸ਼ਟੀ ਕਰਦਿਆਂ ਬਜ਼ੁਰਗ ਆਦਮੀ ਨੇ ਕਿਹਾ।

ਬਜ਼ੁਰਗ ਔਰਤ ਨੇ ਚੱਲਦੇ-ਚੱਲਦੇ, ਸੁਹਿਰਦ ਅੱਖਾਂ ਨਾਲ਼ — ਉਹਨਾਂ ਅੱਖਾਂ ਨਾਲ਼, ਜਿਹਨਾਂ ਵਿੱਚ ਕਦੇ ਨੀਲਾ ਸਮੁੰਦਰ ਲਹਿਰਾਇਆ ਕਰਦਾ ਸੀ,— ਮੇਰੇ ਵੱਲ ਦੇਖਿਆ ਅਤੇ ਇੱਕ ਡੂੰਘਾ ਹਾਉਕਾ ਭਰਦਿਆਂ ਤੇ ਕੋਮਲਤਾ ਨਾਲ਼ ਮੁਸਕਰਾਉਂਦਿਆਂ ਕਿਹਾ:

"ਲੀਸਾਯਾ ਪਿੰਡ ਵਿੱਚ 'ਓ' ਫੈਕਟਰੀ ਤੋਂ ਅਸੀਂ ਦੋਨੇ—ਮੈਂ ਤੇ ਮੇਰਾ ਬੁੱਢਾ ਸਾਥੀ— ਤੁਰੇ ਆ ਰਹੇ ਹਾਂ।"

"ਫਿਰ ਤਾਂ ਤੁਸੀਂ ਬਹੁਤ ਥੱਕ ਗਏ ਹੋਵੋਂਗੇ?"

“ਨਹੀਂ, ਐਨਾ ਵੀ ਨਹੀਂ। ਅਜੇ ਵੀ ਤੁਰਨ ਦੀ ਤਾਕਤ ਹੈ। ਕਿਵੇਂ ਨਾ ਕਿਵੇਂ ਰੀਂਘਦੇ ਹੋਏ ਨਿਕਲ਼ ਜਾਵਾਂਗੇ। ਰੱਬ ਬੇੜਾ ਪਾਰ ਲੰਘਾ ਹੀ ਦੇਵੇਗਾ।”

“ਤੁਸੀਂ ਕੋਈ ਮੰਨਤ ਮੰਗੀ ਸੀ ਜਾਂ ਐਵੇਂ ਹੀ ਬੁਢਾਪੇ ਵਿੱਚ ਤੀਰਥ ਯਾਤਰਾ ਲਈ ਤੁਰ ਪਏ ਹੋ ?”

“ਅਸੀਂ ਮੰਨਤ ਮੰਗੀ ਸੀ, ਬਟੋਹੀ ! ਅਸੀਂ ਕਿਯੇ ਅਤੇ ਸੋਲੋਵਕੀ ਮੱਠ ਦੇ ਸੰਤਾਂ ਦੀ ਮੰਨਤ ਮੰਗੀ ਸੀ,— ਮੰਨਤ !” ਬਜ਼ੁਰਗ ਨੇ ਦੁਹਰਾਉਂਦਿਆਂ ਕਿਹਾ ਤੇ ਫਿਰ ਆਪਣੀ ਸਾਥਣ ਵੱਲ ਮੁੜਦਿਆਂ ਕਿਹਾ: “ਆ, ਮਾਲਕਿਣ, ਐਥੇ ਬੈਠਕੇ ਜ਼ਰਾ ਆਪਣੇ ਹੱਡਾਂ ਨੂੰ ਆਰਾਮ ਦੇ ਲਈਏ।”

“ਠੀਕ ਹੈ ਥੋੜਾ ਸੁਸਤਾ ਲਈਏ,” ਬਜ਼ੁਰਗ ਔਰਤ ਨੇ ਕਿਹਾ।

ਅਤੇ ਅਸੀਂ, ਸੜਕ ਕਿਨਾਰੇ, ਇੱਕ ਪੁਰਾਣੇ ਵਿੱਲੋ ਦਰੱਖਤ ਦੀ ਛਾਂ ਹੇਠਾਂ ਬੈਠ ਗਏ। ਦਿਨ ਗਰਮ ਸੀ, ਅਸਮਾਨ ਵਿੱਚ ਬੱਦਲ਼ਾਂ ਦਾ ਕੋਈ ਅਤਾ-ਪਤਾ ਨਹੀਂ ਸੀ, ਸਾਡੇ ਸਾਹਮਣੇ ਅਤੇ ਪਿੱਛੇ ਸੜਕ ਵਿੰਗ-ਵਲੇਵੇਂ ਖਾਂਦੀ ਫੈਲੀ ਹੋਈ ਸੀ ਅਤੇ ਦੂਰ ਗਰਮ ਧੁੰਦਲਕੇ ਵਿੱਚ ਉਹਲੇ ਹੋ ਗਈ ਸੀ। ਇਹ ਇੱਕ ਸ਼ਾਂਤ ਅਤੇ ਨਿਰਾਲੀ ਥਾਂ ਸੀ। ਸੜਕ ਦੇ ਦੋਨੇ ਪਾਸੇ ਰਾਈ ਦੇ ਝੁਲਸੇ ਜਿਹੇ ਖੇਤ ਖੜੇ ਸਨ।

“ਧਰਤੀ ਨੂੰ ਉਹਨਾਂ ਨੇ ਐਨਾ ਵਾਹ ਦਿੱਤਾ ਹੈ ਕਿ ਉਸਦੀ ਕੁੱਖ ਸੁੱਕ ਗਈ ਹੈ,” ਕੁਝ ਬੱਲੀਆਂ ਜਿਹੜੀਆਂ ਉਸਨੇ ਤੋੜ ਲਈਆਂ ਸਨ, ਮੇਰੇ ਵੱਲ ਵਧਾਉਂਦਿਆਂ ਬਜ਼ੁਰਗ ਆਦਮੀ ਨੇ ਕਿਹਾ।

ਧਰਤੀ ਅਤੇ ਉਸਦੀ ਕ੍ਰਿਪਾ ’ਤੇ ਨਿਰਭਰ ਰਹਿਣ ਵਾਲ਼ੇ ਕਿਸਾਨਾਂ ਬਾਰੇ ਅਸੀਂ ਗੱਲਾਂ ਕਰਦੇ ਰਹੇ। ਬਜ਼ੁਰਗ ਔਰਤ ਸਾਡੀਆਂ ਗੱਲਾਂ ਸੁਣ ਰਹੀ ਸੀ ਤੇ ਥੋੜੀ ਥੋੜੀ ਦੇਰ ਬਾਅਦ ਡੂੰਘਾ ਜਿਹਾ ਹਾਉਕਾ ਭਰਦੀ ਰਹਿੰਦੀ ਸੀ। ਕਦੇ ਕਦੇ ਆਪਣੇ ਗਿਆਨ ਅਤੇ ਸਿਆਣੀਆਂ ਗੱਲਾਂ ਨਾਲ਼ ਗੱਲਬਾਤ ਵਿੱਚ ਸ਼ਾਮਿਲ ਵੀ ਹੋ ਜਾਂਦੀ।

“ਜੇ ਉਹ ਜਿਉਂਦੀ ਹੁੰਦੀ ਤਾਂ ਅਜਿਹੇ ਖੇਤ ਵਿੱਚ ਆਪਣੇ ਨਿੱਕੇ ਨਿੱਕੇ ਹੱਡ-ਪੈਰ ਇੱਕ ਕਰਕੇ ਰੱਖ ਦਿੰਦੀ,” ਅਚਾਨਕ ਬਜ਼ੁਰਗ ਔਰਤ ਨੇ ਕਿਹਾ,—ਰਾਈ ਦੀਆਂ ਸੰਘਣੀਆਂ ਕਤਾਰਾਂ ਅਤੇ ਖੇਤ ਦੀਆਂ ਉਹਨਾਂ ਖਾਲੀ ਥਾਵਾਂ ਵੱਲ ਦੇਖਦਿਆਂ, ਜਿੱਥੇ ਉਹ ਬਿਲਕੁਲ ਵੀ ਨਹੀਂ ਸੀ ਉੱਗੀ।

“ਹਾਂ ਬਈ, ਆਪਣੇ ਆਪ ਨੂੰ ਪੂਰੀ ਤਰ੍ਹਾਂ ਝੋਕ ਦਿੰਦੀ,” ਬਜ਼ੁਰਗ ਆਦਮੀ ਨੇ ਵੀ ਸਿਰ ਹਿਲਾਉਂਦੇ ਹੋਏ ਕਿਹਾ।

ਤੇ ਉਹ ਚੁੱਪ ਹੋ ਗਏ।

“ਕਿਸਦੀ ਗੱਲ ਕਰ ਰਹੇ ਹੋ ?” ਮੈਂ ਪੁੱਛਿਆ।

ਬਜ਼ੁਰਗ ਆਦਮੀ ਭੋਲ਼ੇਪਣ ਨਾਲ਼ ਮੁਸਕਰਾਇਆ। ਫਿਰ ਬੋਲਿਆ: “ਇੱਕ ਨੰਨ੍ਹੀ ਜਿਹੀ ਕੁੜੀ ਦੀ।”

“ਉਸਨੂੰ ਸਾਡੇ ਘਰ ਵਿੱਚ ਛੱਡਿਆ ਗਿਆ ਸੀ। ਉਂਝ ਸੀ ਉਹ ਕੁਲੀਨ ਘਰਾਣੇ

ਦੀ,” ਬਜ਼ੁਰਗ ਔਰਤ ਨੇ ਹਾਉਕਾ ਭਰਿਆ।

ਫਿਰ ਦੋਹਾਂ ਨੇ ਮੇਰੇ ਵੱਲ ਦੇਖਿਆ ਅਤੇ ਜਿਵੇਂ ਪਹਿਲਾਂ ਹੀ ਤੈਅ ਕਰਕੇ ਰੱਖਿਆ ਹੋਵੇ, ਹੌਲ਼ੀ-ਹੌਲ਼ੀ ਅਤੇ ਇੱਕ ਹੀ ਸੁਰ ਵਿੱਚ ਇਕੱਠੇ ਹੀ ਬੋਲ ਪਏ:

“ਆਹ, ਬੜੀ ਹੀ ਨੰਨ੍ਹੀ-ਮੁੰਨ੍ਹੀ, ਬਿਲਕੁਲ ਚੂਹੀ ਜਿਹੀ ਕੁੜੀ ਸੀ ਉਹ!”

ਕੁਝ ਅਜਿਹੇ ਅਜੀਬ ਢੰਗ ਨਾਲ਼ ਉਹਨਾਂ ਨੇ ਇਹ ਗੱਲ ਕਹੀ ਸੀ ਕਿ ਇਸਨੇ ਸਿੱਧਾ ਮੇਰੇ ਦਿਲ ਵਿੱਚ ਘਰ ਕਰ ਲਿਆ। ਇਹਨਾਂ ਸ਼ਬਦਾਂ ਦੀ ਧੁਨ ਲੜਖੜਾ ਕੇ ਸ਼ਾਂਤ ਹੁੰਦੀ ਹੋਈ ਅਖ਼ੀਰ ਸਮੇਂ ਦੀ ਪ੍ਰਾਰਥਨਾ-ਪਾਠ ਜਿਹੀ ਜਾਪਦੀ ਸੀ। ਇਸਤੋਂ ਬਾਅਦ ਬਜ਼ੁਰਗ ਆਦਮੀ ਅਤੇ ਬਜ਼ੁਰਗ ਔਰਤ ਨੇ ਐਨੀ ਤੇਜ਼ੀ ਨਾਲ਼ ਬੋਲਣਾ ਸ਼ੁਰੂ ਕੀਤਾ ਕਿ ਉਹ ਕਈ ਵਾਰ ਇੱਕ-ਦੂਜੇ ਦੇ ਮੂੰਹ ਤੋਂ ਸ਼ਬਦ ਖੋਹਂਦੇ-ਝਪਟਦੇ ਜਾਪਦੇ ਸਨ ਅਤੇ ਮੈਂ, ਜਿਹੜਾ ਉਹਨਾਂ ਦੇ ਵਿਚਾਲੇ ਬੈਠਾ ਸੀ, ਆਪਣਾ ਸਿਰ ਇੱਧਰੋਂ ਉੱਧਰ ਤੇ ਉੱਧਰੋਂ ਇੱਧਰ ਘੁੰਮਾ ਰਿਹਾ ਸੀ।

“ਫ਼ੌਜੀ ਪੁਲਿਸ ਦਾ ਇੱਕ ਆਦਮੀ ਉਹਨੂੰ ਸਾਡੇ ਪਿੰਡ ਲੈ ਕੇ ਆਇਆ ਤੇ ਪੰਚਾਂ ਨੂੰ ਸੌਂਪਦੇ ਹੋਏ ਕਿਹਾ: ਇਹਨੂੰ ਠਿਕਾਣੇ ਲਗਾ ਦਿਓ!”

“ਦੂਜੇ ਸ਼ਬਦਾਂ ਵਿੱਚ, ਇਸਨੂੰ ਕਿਸੇ ਪਰਿਵਾਰ ਨੂੰ ਸੌਂਪ ਦਿਓ,” ਬਜ਼ੁਰਗ ਆਦਮੀ ਨੇ ਸਪਸ਼ਟ ਕੀਤਾ।

“ਅਤੇ ਉਹਨਾਂ ਨੇ ਉਸਨੂੰ ਸਾਡੇ ਕੋਲ ਭੇਜ ਦਿੱਤਾ।”

“ਆਹ! ਕਾਸ਼ ਤੂੰ ਉਸਨੂੰ ਦੇਖ ਸਕਦਾ — ਬਿਲਕੁਲ ਲਾਲ ਅਤੇ ਠੰਢ ਨਾਲ਼ ਕੰਬਦੀ ਹੋਈ।”

“ਉਸਨੂੰ ਦੇਖ ਕੇ ਰੋਣਾ ਆਉਂਦਾ ਸੀ।”

“ਰੱਬ ਦੀ ਲੀਲਾ ਹੈ, ਕਿ ਅਜਿਹੀ ਕੁੜੀ ਐਸੀ ਥਾਂ ’ਤੇ ਆਈ ਹੈ,” ਅਸੀਂ ਸੋਚਿਆ।

“ਪਰ ਕਿਉਂ? ਕੀ ਕਸੂਰ ਹੈ ਉਸਦਾ?”

“ਇਹਨਾਂ ਹੀ ਇਲਾਕਿਆਂ ਤੋਂ ਉਹ ਆਈ ਸੀ।”

“ਮਤਲਬ ਪਛਾਂਹ ਤੋਂ।”

“ਆਉਂਦੇ ਹੀ ਸਭ ਤੋਂ ਪਹਿਲਾਂ ਅਸੀਂ ਤੰਦੂਰ ਦੀ ਛੱਤ ’ਤੇ ਉਸਦਾ ਆਸਣ ਲਗਾ ਦਿੱਤਾ।”

“ਸਾਡਾ ਤੰਦੂਰ ਕਾਫ਼ੀ ਵੱਡਾ ਅਤੇ ਕਾਫ਼ੀ ਗਰਮ ਰਹਿੰਦਾ ਹੈ।” ਬਜ਼ੁਰਗ ਔਰਤ ਨੇ ਹਾਉਕਾ ਭਰਿਆ।

“ਤੇ ਫਿਰ ਉਸਨੂੰ ਖਾਣ ਨੂੰ ਦਿੱਤਾ।”

“ਆਹ! ਉਸਦਾ ਚਿਹਰਾ ਹਾਸੇ ਨਾਲ਼ ਕਿਵੇਂ ਖਿੜ ਗਿਆ ਸੀ।”

“ਅਤੇ ਉਸਦੀਆਂ ਕਾਲ਼ੀਆਂ-ਕਾਲ਼ੀਆਂ ਅੱਖਾਂ ਸਨ — ਚਮਕਦਾਰ ਬਿਲਕੁਲ ਚੂਹੀ ਵਰਗੀਆਂ!”

“ਉਹ ਆਪ ਵੀ ਤਾਂ ਚੂਹੀ ਵਰਗੀ ਹੀ ਸੀ — ਗੋਲ਼-ਮਟੋਲ਼ ਤੇ ਮੁਲਾਇਮ ਜਿਹੀ।”

"ਅਤੇ ਜਦੋਂ ਉਸ ਵਿੱਚ ਕੁਝ ਜਾਨ ਆਈ ਤਾਂ ਅੱਖਾਂ ਵਿੱਚ ਹੰਝੂ ਭਰ ਕੇ ਬੋਲੀ: 'ਸ਼ੁਕਰੀਆ, ਬਹੁਤ ਬਹੁਤ ਸ਼ੁਕਰੀਆ!"

"ਅਤੇ ਫਿਰ ਕਿਵੇਂ ਉਸਨੇ ਸਾਰੇ ਘਰ ਦੀ ਸਫਾਈ ਕੀਤੀ!"

"ਓਹ, ਹਰ ਇੱਕ ਚੀਜ਼ ਸਿਰ ਭਾਰ ਖੜੀ ਕਰ ਦਿੱਤੀ!" ਆਪਣੀਆਂ ਅੱਖਾਂ ਭੀਚਦਾ ਹੋਇਆ ਬਜ਼ੁਰਗ ਖੁਸ਼ੀ ਨਾਲ਼ ਹੱਸਿਆ।

"ਸਾਡੀ ਝੌਂਪੜੀ ਦੇ ਆਲ਼ੇ-ਦੁਆਲੇ ਖਿੱਦੋ ਵਾਂਗੂੰ ਉੱਛਲਦੀ ਫਿਰਦੀ–ਇੱਧਰ, ਉੱਧਰ, ਹਰ ਥਾਂ– ਕਦੇ ਇਹ ਚੀਜ਼ ਸੰਵਾਰਦੀ, ਕਦੇ ਉਸ ਚੀਜ਼ ਨੂੰ ਠੀਕ ਕਰਕੇ ਲਗਾਉਂਦੀ। 'ਉਹ ਇਹ ਖੁਰਲੀ' ਉਸਨੇ ਕਿਹਾ–'ਇਹ ਤਾਂ ਬਾਹਰ ਸੂਰਘਰ ਵਿੱਚ ਹੋਣੀ ਚਾਹੀਦੀ ਹੈ। ਅਤੇ ਸੂਰਾਂ ਨੂੰ ਨਹਾਉਣ ਵਾਲ਼ੀ ਖੁਰਲੀ ਆਪੇ ਚੁੱਕ ਕੇ ਤੁਰ ਪਈ, ਪੈਰ ਤਿਲਕਿਆ ਤੇ ਧੜੱਮ! ਮੋਢਿਆਂ ਤੱਕ ਅੰਦਰ! ਓ ਹੋ, ਕੀ ਨਜ਼ਾਰਾ ਸੀ ਉਹ ਵੀ!"

ਅਤੇ ਦੋਨੇ ਐਨੇ ਹੱਸੇ ਕਿ ਖੰਘਦੇ-ਖੰਘਦੇ ਅੱਖਾਂ ਵਿੱਚ ਹੰਝੂ ਛਲਕ ਪਏ। ਫਿਰ ਹੰਝੂ ਪੂੰਝਦੇ ਹੋਏ ਉਹਨਾਂ ਦਾ ਹਾਸਾ ਰੁਕਿਆ।

"ਤੇ ਸੂਰਾਂ ਵਾਲ਼ੀ ਗੱਲ..."

"ਸਿੱਧਾ ਉਹਨਾਂ ਦੀ ਬੂਥੀ 'ਤੇ ਚੁੰਮਦੀ।"

"ਸੂਰਾਂ ਨੂੰ ਵੀ ਬਾਹਰ ਰੱਖੋ,' ਉਹ ਬੋਲਦੀ–'ਘਰ ਵਿੱਚ ਉਹਨਾਂ ਲਈ ਥਾਂ ਨਹੀਂ ਹੈ।"

"ਪੂਰੇ ਸੱਤ ਦਿਨਾਂ ਤੱਕ ਉਹ ਸਭ ਕੁਝ ਠੀਕ ਕਰਦੀ ਰਹੀ।"

"ਸਾਨੂੰ ਦੋਹਾਂ ਨੂੰ ਵੀ ਉਸਨੇ ਚੰਗੀ ਤਰ੍ਹਾਂ ਜੋਤਿਆ..."

"ਹੱਸਦੀ, ਰੌਲ਼ਾ ਪਾਉਂਦੀ ਤੇ ਆਪਣੇ ਨਿੱਕੇ-ਨਿੱਕੇ ਪੈਰ ਪਟਕਦੀ..."

"ਤੇ ਫਿਰ ਇੱਕਦਮ, ਸ਼ਾਂਤ ਤੇ ਗੰਭੀਰ..."

"ਜਿਵੇਂ ਉਸਦੀ ਜਾਨ ਨਿਕਲਣ ਲੱਗੀ ਹੋਵੇ..."

"ਹੰਝੂਆਂ ਦੀ ਧਾਰ ਵਹਿੰਦੀ ਤੇ ਚੀਕਦੀ ਜਿਵੇਂ ਉਸਦਾ ਕਾਲ਼ਜਾ ਹੀ ਫਟ ਜਾਵੇਗਾ। ਮੈਂ ਉਸਦੇ ਆਲ਼ੇ-ਦੁਆਲੇ ਭੱਜੀ ਫਿਰਦੀ ਕਿ ਹਾਏ ਰੱਬਾ ਇਹ ਕੀ ਹੋ ਗਿਆ। ਬੜੀ ਅਜੀਬ ਗੱਲ ਸੀ। ਤੇ ਮੈਂ ਆਪ ਵੀ ਰੋਣ ਲੱਗ ਪੈਂਦੀ, – ਇਹ ਜਾਣੇ ਬਿਨਾਂ ਹੀ ਕਿ ਮੈਂ ਕਿਉਂ ਰੋ ਰਹੀ ਹਾਂ। ਤੇ ਮੈਂ ਉਸਨੂੰ ਜੱਫੀ ਪਾ ਲੈਂਦੀ , ਤੇ ਇਸ ਤਰ੍ਹਾਂ ਰੋ-ਰੋ ਕੇ ਅਸੀਂ ਦੋਨੋ ਆਪਣੀਆਂ ਅੱਖਾਂ ਸੁਜਾ ਲੈਂਦੀਆਂ..."

"ਤੇ ਇਹ ਕੁਦਰਤੀ ਹੀ ਸੀ। ਆਖਿਰ ਉਹ ਅਜੇ ਇੱਕ ਛੋਟੀ ਜਿਹੀ ਕੁੜੀ ਹੀ ਤਾਂ ਸੀ..."

"ਤੇ ਅਸੀਂ ਦੋਏ ਇਕੱਲੇ ਸਾਂ। ਸਾਡਾ ਇੱਕ ਲੜਕਾ ਫ਼ੌਜ ਵਿੱਚ ਚਲਾ ਗਿਆ ਸੀ ਅਤੇ ਦੂਜਾ ਸੋਨੇ ਦੀਆਂ ਖਾਣਾਂ ਵਿੱਚ..."

"ਤੇ ਉਹ ਬਸ ਸਤਾਰਾਂ ਕੁ ਸਾਲਾਂ ਦੀ ਸੀ..."

"ਸਤਾਰਾਂ! ਕੋਈ ਉਸਨੂੰ ਦੇਖਦਾ ਤਾਂ ਬਾਰਾਂ ਤੋਂ ਵੱਧ ਨਾ ਕਹਿੰਦਾ!"

"ਬਸ-ਬਸ, ਐਨੀ ਵੀ ਹੱਦ ਨਾ ਕਰ। ਬਾਰਾਂ ਕਹਿ ਕੇ ਤੂੰ ਤਾਂ ਹੱਦ ਹੀ ਕਰ ਦਿੱਤੀ!"

"ਤਾਂ ਤੂੰ ਕੀ ਉਸਨੂੰ ਜ਼ਿਆਦਾ ਦੀ ਕਹੇਂਗੀ ? ਹੂੰ, ਬੋਲ ?"

"ਕਹੂੰਗੀ ਕਿਉਂ ਨਹੀਂ। ਉਹ ਇੱਕ ਛੋਟਾ ਪੱਕਿਆ ਹੋਇਆ ਫਲ਼ ਸੀ। ਅਤੇ ਜਿੱਥੋਂ ਤੱਕ ਉਸਦੇ ਐਨੇ ਛੋਟੇ ਹੋਣ ਦਾ ਸਵਾਲ ਹੈ, ਤਾਂ ਇਸ ਲਈ ਕੀ ਉਸਨੂੰ ਦੋਸ਼ ਦਿੱਤਾ ਜਾ ਸਕਦਾ ਹੈ ?"

"ਮੈਂ ਕੀ ਇਸਨੂੰ ਉਸਦਾ ਕਸੂਰ ਦੱਸ ਰਿਹਾ ਹਾਂ ? ਚ-ਚ-ਚ!"

"ਨਹੀਂ, ਤੂੰ ਕਸੂਰ ਨਹੀਂ ਦੱਸ ਰਿਹਾ," ਬਜ਼ੁਰਗ ਔਰਤ ਨੇ ਭਲੇ ਸੁਭਾਅ ਨਾਲ਼ ਮੰਨਿਆ।

ਲੜਾਈ ਖਤਮ ਹੋਣ 'ਤੇ ਦੋਨੋ ਚੁੱਪ ਹੋ ਗਏ।

"ਫਿਰ ਕੀ ਹੋਇਆ ?" ਮੈਂ ਪੁੱਛਿਆ।

"ਫਿਰ ? ਫਿਰ ਕੁਝ ਨਹੀਂ ਹੋਇਆ, ਬਟੋਹੀ," ਬਜ਼ੁਰਗ ਨੇ ਹਾਉਕਾ ਭਰਿਆ।

"ਉਹ ਮਰ ਗਈ। ਅਗਨ-ਬੁਖਾਰ ਨਾਲ਼ ਮਰ ਗਈ।" ਅਤੇ ਬਜ਼ੁਰਗ ਔਰਤ ਦੀਆਂ ਝੁਰੜੀ ਭਰੀਆਂ ਗੱਲਾਂ 'ਤੇ ਦੋ ਹੰਝੂ ਰੁੜ੍ਹ ਪਏ।

"ਉਹ ਮਰ ਗਈ, ਬਟੋਹੀ। ਸਾਡੇ ਨਾਲ਼ ਉਹ ਸਿਰਫ਼ ਦੋ ਸਾਲ ਰਹੀ। ਪਿੰਡ ਵਿੱਚ ਸਾਰੇ ਉਸਨੂੰ ਜਾਣਦੇ ਸਨ। ਪਿੰਡ ਵਿੱਚ ਹੀ ਕਿਉਂ ? ਹੋਰ ਵੀ ਬਥੇਰੇ ਉਸਨੂੰ ਜਾਣਦੇ ਸਨ। ਉਹ ਪੜ੍ਹੀ-ਲਿਖੀ ਸੀ ਤੇ ਪੰਚਾਂ ਦੇ ਬਰਾਬਰ ਪੰਚਾਇਤ ਵਿੱਚ ਬੈਠਦੀ ਸੀ। ਕਦੇ ਕਦੇ ਉਹ ਤਿੱਖਾ ਬੋਲਦੀ, ਪਰ ਕੋਈ ਬੁਰਾ ਨਾ ਮੰਨਦਾ। ਉਹ ਬਹੁਤ ਹੁਸ਼ਿਆਰ ਸੀ।"

"ਹਾਏ! ਅਸਲੀ ਚੀਜ਼ ਤਾਂ ਉਸਦਾ ਦਿਲ ਸੀ। ਉਸਦਾ ਦਿਲ ਫਰਿਸ਼ਤੇ ਦਾ ਦਿਲ ਸੀ। ਉਸਦੇ ਦਿਲ ਵਿੱਚ ਸਾਡੀਆਂ ਸਾਰੀਆਂ ਮੁਸੀਬਤਾਂ ਲਈ ਥਾਂ ਸੀ ਅਤੇ ਉਹ ਸਾਰੀਆਂ ਮੁਸੀਬਤਾਂ ਖੁਦ ਆਪਣੇ ਮੋਢੇ 'ਤੇ ਚੁੱਕ ਲੈਂਦੀ ਸੀ। ਪੂਰੀ ਮੇਮ ਸੀ ਉਹ — ਜਿਵੇਂ ਸ਼ਹਿਰਾਂ ਵਿੱਚ ਹੁੰਦੀਆਂ ਨੇ, — ਮਖਮਲੀ ਜਾਕੇਟ, ਫੀਤੇ ਅਤੇ ਉੱਚੀ ਅੱਡੀ ਵਾਲ਼ੇ ਬੂਟ — ਅਤੇ ਉਹ ਕਿਤਾਬਾਂ ਵਗੈਰਾ ਸਭ ਕੁਝ ਪੜ੍ਹਦੀ ਸੀ, ਪਰ ਫਿਰ ਵੀ ਸਾਨੂੰ ਕਿਸਾਨਾਂ ਨੂੰ ਉਹ ਕਿੰਨਾ ਸਮਝਦੀ ਸੀ। ਸਾਡੀ ਹਰ ਗੱਲ ਤੋਂ ਉਹ ਜਾਣੂ ਸੀ, ਕੋਈ ਵੀ ਗੱਲ ਅਜਿਹੀ ਨਹੀਂ ਜਿਹੜੀ ਉਸਨੂੰ ਪਤਾ ਨਾ ਹੋਵੇ। 'ਇਹ ਸਭ ਤੂੰ ਕਿੱਥੇ ਸਿੱਖਿਆ, ਮੇਰੀ ਬੱਚੀ ?' 'ਲੈ, ਇਹ ਸਾਰਾ ਕੁਝ ਕਿਤਾਬਾਂ 'ਚ ਲਿਖਿਆ ਹੋਇਆ ਹੈ,' ਉਹ ਜਵਾਬ ਦਿੰਦੀ। ਸੁਣਿਆ ਤੂੰ ? ਪਰ ਇਹ ਸਾਰੀ ਤਕਲੀਫ਼ ਉਸਨੇ ਆਪਣੇ ਸਿਰ ਕਿਉਂ ਲਈ! ਉਹ ਵਿਆਹ ਕਰਦੀ, ਮੇਮ ਸਾਹਿਬ ਬਣਕੇ ਰਹਿੰਦੀ। ਪਰ ਉਹਨਾਂ ਨੇ ਉਸਨੂੰ ਇੱਥੇ ਭੇਜ ਦਿੱਤਾ, ਅਤੇ... ਉਹ ਮਰ ਗਈ।"

"ਜਦੋਂ ਉਹ ਸਾਰਿਆ ਨੂੰ ਸਿੱਖਿਆ ਦਿੰਦੀ ਤਾਂ ਬੜਾ ਹਾਸਾ ਆਉਂਦਾ। ਐਨੀ ਨਿੱਕੀ ਜਿਹੀ ਬਿਲਕੁਲ ਚੂਹੀ ਜਿਹੀ, ਅਤੇ ਭਾਰੀ ਜਿਹਾ ਮੂੰਹ ਬਣਾ ਕੇ ਹਰੇਕ ਨੂੰ ਸਿੱਖਿਆ ਦਿੰਦੀ — 'ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ, ਤੁਹਾਨੂੰ ਉਹ ਨਹੀਂ ਕਰਨਾ ਚਾਹੀਦਾ..."

"ਆਹ! ਉਸ ਕੋਲ਼ ਵਿੱਦਿਆ ਸੀ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ। ਅਤੇ ਹਰ

ਚੀਜ਼ ਬਾਰੇ, ਹਰ ਵਿਅਕਤੀ ਬਾਰੇ, ਕਿੰਨੀ ਪ੍ਰੇਸ਼ਾਨ ਹੁੰਦੀ ਸੀ ਉਹ। ਜੇ ਕੋਈ ਬਿਮਾਰ ਹੁੰਦਾ ਤਾਂ ਉਸੇ ਸਮੇਂ ਉਸਦੀ ਤਾਮੀਰਦਾਰੀ ਕਰਨ ਪਹੁੰਚ ਜਾਂਦੀ, ਜੇ ਕੋਈ..."

"ਜਦੋਂ ਉਹ ਮਰੀ ਤਾਂ ਉਸਦਾ ਦਿਮਾਗ ਹਿੱਲ ਗਿਆ ਸੀ। ਥੋੜ੍ਹੀ-ਥੋੜ੍ਹੀ ਦੇਰ ਬਾਅਦ, ਬੜੀ ਵਿਆਕੁਲਤਾ ਨਾਲ਼ ਉਹ ਇਹੀ ਇੱਕ ਰਟ ਲਗਾਈ ਰੱਖਦੀ: 'ਮਾਂ! ਮਾਂ!' ਅਸੀਂ ਪਾਦਰੀ ਨੂੰ ਬੁਲਾਇਆ। ਸੋਚਿਆ ਸ਼ਾਇਦ ਉਹ ਉਸਨੂੰ ਮੋੜ ਲਿਆਵੇ। ਪਰ ਉਹ ਰੁਕਣ ਵਾਲ਼ੀ ਕਿੱਥੇ ਸੀ? ਚਲੀ ਗਈ!"

ਬਜ਼ੁਰਗ ਔਰਤ ਦੀਆਂ ਗੱਲ੍ਹਾਂ 'ਤੇ ਹੰਝੂ ਰਿੜ੍ਹ ਪਏ ਤੇ ਇੱਕ ਬਹੁਤ ਰਮਣੀਕ ਅਹਿਸਾਸ ਮੇਰੇ ਉੱਪਰ ਹਾਵੀ ਹੋ ਗਿਆ– ਮੈਨੂੰ ਲੱਗਿਆ ਜਿਵੇਂ ਇਹ ਹੰਝੂ ਮੇਰੇ ਲਈ ਵਹਾਏ ਜਾ ਰਹੇ ਹੋਣ।

"ਸਾਰਾ ਪਿੰਡ ਸਾਡੇ ਘਰ 'ਕੱਠਾ ਹੋ ਗਿਆ। ਸਾਡਾ ਸਾਰਾ ਵਿਹੜਾ ਲੋਕਾਂ ਨਾਲ਼ ਭਰ ਗਿਆ ਸੀ। ਸੜਕ 'ਤੇ ਲੋਕਾਂ ਦੀ ਪੂਰੀ ਭੀੜ ਕੱਠੀ ਹੋਈ ਪਈ ਸੀ। ਉਹ ਕਹਿ ਰਹੇ ਸਨ: "ਹੈਂ, ਇਹ ਕੀ ਕਹਿ ਰਹੇ ਹੋ? ਕੀ ਉਹ ਸਚਮੁੱਚ ਨਹੀਂ ਰਹੀ?" ਐਨਾ ਚਾਹੁੰਦੇ ਸਨ ਉਹ ਉਸਨੂੰ..."

"ਓਹ, ਅਜਿਹੀ ਕੁੜੀ ਭਲਾ ਹੋਰ ਕਿੱਥੇ ਮਿਲੇਗੀ?" ਬਜ਼ੁਰਗ ਨੇ ਹਾਉਕਾ ਭਰਿਆ।

"ਜਦੋਂ ਉਸਨੂੰ ਦਫਨਾਇਆ ਗਿਆ, ਤਾਂ ਸਾਰਾ ਪਿੰਡ ਉੱਥੇ ਹਾਜ਼ਿਰ ਸੀ। ਸ਼੍ਰੋਵਟਾਈਡ ਦੇ ਦਿਨ ਤੱਕ ਉਸਦੇ ਚਾਲ਼ੀ ਦਿਨ ਪੂਰੇ ਹੋ ਚੁੱਕੇ ਸਨ ਤੇ ਅਸੀਂ ਸੋਚਿਆ – "ਉਸਦੀ ਆਤਮਾ ਦੀ ਸ਼ਾਂਤੀ ਲਈ ਕਿਉਂ ਨਾ ਇੱਕ ਤੀਰਥ ਯਾਤਰਾ ਕਰ ਲਈ ਜਾਵੇ? ਤੇ ਗੁਆਂਢੀਆਂ ਨੇ ਵੀ ਕਿਹਾ ਕਿ ਹਾਂ, ਕਿਉਂ ਨਾ ਇੱਕ ਤੀਰਥ ਯਾਤਰਾ ਕਰ ਲਈ ਜਾਵੇ। "ਜਾਓ," ਉਹਨਾਂ ਨੇ ਕਿਹਾ, "ਤੁਸੀਂ ਆਜ਼ਾਦ ਹੋ। ਕੰਮ-ਕਾਰ ਦਾ ਵੀ ਤੁਹਾਨੂੰ ਕੋਈ ਬਹੁਤਾ ਝੰਜਟ ਨਹੀਂ ਹੈ। ਸ਼ਾਇਦ ਤੁਹਾਡੀਆਂ ਪ੍ਰਾਰਥਨਾਵਾਂ ਨਾਲ਼ ਉਸਨੂੰ ਕੋਈ ਫਾਇਦਾ ਹੀ ਹੋ ਜਾਵੇ।' ਸੋ ਅਸੀਂ ਚੱਲ ਪਏ।"

"ਤਾਂ ਉਸਦੇ ਲਈ ਹੀ ਤੁਸੀਂ ਇਸ ਸਫ਼ਰ 'ਤੇ ਨਿਕਲ਼ੇ ਹੋ?" ਮੈਂ ਪੁੱਛਿਆ।

"ਉਸ ਲਈ, ਉਸ ਫਰਿਸ਼ਤੇ ਲਈ। ਸਾਡਾ ਪਿਆਰਾ ਈਸ਼ਵਰ–ਇਹ ਜਾਣਦੇ ਹੋਏ ਵੀ ਕਿ ਪਾਪਾਂ ਦਾ ਭਾਰ ਸਾਡੇ ਉੱਤੇ ਵੀ ਲੱਦਿਆ ਹੈ – ਸਾਡੀ ਬੇਨਤੀ ਸੁਣੇ ਅਤੇ ਉਸਨੂੰ ਪਾਪਾਂ ਤੋਂ ਬਖ਼ਸ਼ ਦੇਵੇ। ਲੇਂਟ ਦੇ ਪਹਿਲੇ ਹਫ਼ਤੇ ਅਸੀਂ ਤੁਰ ਪਏ, ਮੰਗਲਵਾਰ ਸੀ ਉਸ ਦਿਨ..."

"ਉਹਦੇ ਲਈ?" ਮੈਂ ਫਿਰ ਆਪਣੀ ਗੱਲ ਦੁਹਰਾਈ।

"ਹਾਂ, ਉਹਦੇ ਲਈ, ਬਟੋਹੀ," ਬਜ਼ੁਰਗ ਨੇ ਕਿਹਾ।

ਮੈਂ ਵਾਰ-ਵਾਰ ਉਹਨਾਂ ਦੇ ਮੂੰਹੋਂ ਸੁਣਨਾ ਚਾਹੁੰਦਾ ਸੀ ਕਿ ਬਿਲਕੁਲ ਉਸੇ ਕੁੜੀ ਦੀ ਆਤਮਾ ਦੀ ਸ਼ਾਂਤੀ ਲਈ ਹੀ ਉਹ ਹਜ਼ਾਰਾਂ ਮੀਲ ਦਾ ਇਹ ਸਫ਼ਰ ਕਰ ਰਹੇ ਹਨ। ਇਹ ਇੱਕ ਅਜਿਹੀ ਅਜੀਬ ਗੱਲ ਸੀ ਕਿ ਉਸ 'ਤੇ ਯਕੀਨ ਨਹੀਂ ਸੀ ਹੁੰਦਾ। ਸਿਰਫ਼ ਉਸ ਲਈ– ਕਾਲ਼ੀਆਂ ਅੱਖਾਂ ਵਾਲ਼ੀ ਉਸ ਚੂਹੀ ਜਿਹੀ ਕੁੜੀ ਲਈ– ਉਹਨਾਂ ਨੇ ਇਹ ਅਦਭੁੱਤ ਕਾਰਜ ਕੀਤਾ, ਆਪਣੇ ਦਿਲ ਨੂੰ ਇਸ ਗੱਲ ਦਾ ਯਕੀਨ ਦਿਲਾਉਣ ਲਈ ਮੈਂ ਐਨਾ ਫਿਕਰਮੰਦ ਹੋ

ਗਿਆ ਕਿ ਮੈਂ ਹੋਰ ਕਈ ਪ੍ਰਕਾਰ ਦੇ ਸੰਭਵ ਕਾਰਣਾਂ ਵੱਲ ਇਸ਼ਾਰਾ ਕੀਤਾ। ਪਰ, ਬੇਹੱਦ ਭਾਰੀ ਸੰਤੋਸ਼ ਨਾਲ਼, ਉਹਨਾਂ ਨੇ ਮੈਨੂੰ ਯਕੀਨ ਦਿਵਾ ਦਿੱਤਾ ਕਿ ਉਹਨਾਂ ਦੇ ਇਸ ਸਫ਼ਰ ਪਿੱਛੇ ਇਸ ਤੋਂ ਸਿਵਾ ਹੋਰ ਕੋਈ ਵੀ ਵਜ੍ਹਾ ਨਹੀਂ ਸੀ।

"ਤੇ ਇਹ ਸਾਰਾ ਰਾਹ ਸਚਮੁੱਚ ਹੀ ਤੁਸੀਂ ਪੈਦਲ ਤੈਅ ਕੀਤਾ ਹੈ ?"

"ਨਹੀਂ, ਭਾਈ, ਕਦੇ-ਕਦੇ ਅਸੀਂ ਸਵਾਰੀ ਦਾ ਵੀ ਸਹਾਰਾ ਲਿਆ। ਇੱਕ ਦਿਨ ਸਵਾਰੀ ਅਤੇ ਇੱਕ ਦਿਨ ਪੈਦਲ। ਬਸ ਇਸੇ ਤਰ੍ਹਾਂ ਚੱਲੀ ਜਾ ਰਹੇ ਹਾਂ। ਹੌਲ਼ੀ-ਹੌਲ਼ੀ ਆਪਣੀ ਦੇਹ ਨੂੰ ਘੜੀਸਦੇ ਹੋਏ। ਉਮਰ ਵੀ ਹੁਣ ਐਨੀ ਹੈ ਕਿ ਸਾਰਾ ਰਾਹ ਪੈਦਲ ਨਹੀਂ ਤੁਰ ਹੁੰਦਾ। ਰੱਬ ਗਵਾਹ ਹੈ ਕਿ ਅਸੀਂ ਕਿੰਨੇ ਬੁੱਢੇ ਹੋ ਗਏ ਹਾਂ। ਜੇ ਅਸੀਂ ਉਸਦੇ ਪੈਰਾਂ ਨਾਲ਼ ਤੁਰ ਰਹੇ ਹੁੰਦੇ ਫਿਰ ਤਾਂ ਗੱਲ ਹੀ ਕੀ ਸੀ।"

ਅਤੇ ਉਹ ਇੱਕ ਵਾਰ ਫਿਰ ਉਸਦੇ ਬਾਰੇ ਗੱਲ ਕਰਨ ਦੀ ਉਤਸੁਕਤਾ ਨਾਲ਼ ਇੱਕ ਦੂਜੇ ਨੂੰ ਟੋਹਣ ਲੱਗ ਪਏ, — ਉਸ ਕੁੜੀ ਬਾਰੇ, ਜਿਸਨੂੰ ਕਿਸਮਤ ਨੇ ਘਰ ਅਤੇ ਮਾਂ ਤੋਂ ਦੂਰ ਅਤੇ ਐਨੇ ਅਣਜਾਣ ਕਿਨਾਰੇ 'ਤੇ ਲਿਆ ਸੁੱਟਿਆ ਸੀ — 'ਅਗਨ-ਬੁਖਾਰ' ਨਾਲ਼ ਮਰਨ ਲਈ।

ਦੋ ਘੰਟੇ ਬਾਅਦ ਅਸੀਂ ਉੱਠੇ ਤੇ ਆਪਣੇ ਰਾਹ 'ਤੇ ਅੱਗੇ ਚੱਲ ਪਏ। ਮੇਰੇ ਦਿਮਾਗ ਵਿੱਚ ਇਸ ਕੁੜੀ ਤੋਂ ਬਿਨਾਂ ਹੋਰ ਕਿਸੇ ਵੀ ਚੀਜ਼ ਬਾਰੇ ਕੋਈ ਵੀ ਖਿਆਲ ਨਹੀਂ ਆ ਰਿਹਾ ਸੀ, ਪਰ ਜੀਅ-ਤੋੜ ਕੋਸ਼ਿਸ਼ ਕਰਨ 'ਤੇ ਵੀ ਆਪਣੀ ਕਲਪਣਾ ਵਿੱਚ ਮੈਂ ਉਸਦੀ ਤਸਵੀਰ ਨੂੰ ਮੂਰਤ ਰੂਪ ਨਾ ਦੇ ਸਕਿਆ। ਆਪਣੀ ਕਲਪਨਾ ਦੀ ਇਸ ਕਮਜ਼ੋਰੀ ਦੇ ਅਹਿਸਾਸ ਨਾਲ਼ ਮੇਰਾ ਦਿਲ ਤੜਪ ਉੱਠਿਆ।

ਕਿਸੇ ਚੰਗੀ ਤੇ ਸੋਹਣੀ ਚੀਜ਼ ਦੀ ਕਲਪਣਾ ਕਰਨੀ ਇੱਕ ਰੂਸੀ ਲਈ ਹਮੇਸ਼ਾ ਔਖਾ ਕੰਮ ਹੁੰਦਾ ਹੈ...

ਜਲਦੀ ਹੀ ਯੂਕਰੇਨ ਦਾ ਇੱਕ ਨਿਵਾਸੀ ਆਪਣੀ ਗੱਡੀ ਹੱਕਦਾ ਹੋਇਆ ਪਿੱਛਿਓਂ ਆ ਨਿਕਲ਼ਿਆ। ਉਦਾਸ ਨਜ਼ਰ ਨਾਲ਼ ਉਸਨੇ ਸਾਡੇ ਵੱਲ ਤੱਕਿਆ ਅਤੇ ਦੁਆ-ਸਲਾਮ ਦੇ ਜਵਾਬ ਵਿੱਚ ਆਪਣੀ ਟੋਪੀ ਚੁੱਕਦਾ ਹੋਇਆ ਬਜ਼ੁਰਗ ਜੋੜੇ ਨੂੰ ਬੋਲਿਆ: "ਆਓ, ਗੱਡੀ 'ਚ ਬਹਿ ਜਾਓ। ਅਗਲੇ ਪਿੰਡ ਤੱਕ ਚੱਲਦੇ ਹਾਂ।"

ਉਹ ਗੱਡੀ ਵਿੱਚ ਬਹਿ ਗਏ ਅਤੇ ਧੂੜ ਦੇ ਇੱਕ ਬੱਦਲ ਉਹਲੇ ਗੁਆਚ ਗਏ। ਅਤੇ ਮੈਂ ਇਸ ਬੱਦਲ ਦੇ ਅੰਦਰ ਅੱਗੇ ਵੱਲ ਇੱਕ ਕਦਮ ਵਧਾਇਆ। ਮੇਰੀਆਂ ਅੱਖਾਂ ਉਸ ਗੱਡੀ 'ਤੇ ਟਿਕੀਆਂ ਹੋਈਆਂ ਸਨ ਜਿਹੜੀ ਉਸ ਬਜ਼ੁਰਗ ਆਦਮੀ ਤੇ ਔਰਤ ਨੂੰ ਲੈ ਕੇ ਜਾ ਰਹੀ ਸੀ ਜਿਹੜੇ ਇੱਕ ਚੂਹੀ ਜਿਹੀ ਕੁੜੀ ਦੀ ਆਤਮਾ ਦੀ ਸ਼ਾਂਤੀ ਲਈ, ਜਿਸਨੇ ਉਹਨਾਂ ਦਾ ਮਨ ਜਿੱਤ ਲਿਆ ਸੀ, ਹਜ਼ਾਰਾਂ ਮੀਲ ਦੇ ਸਫ਼ਰ 'ਤੇ ਚੱਲ ਪਏ ਸਨ।

(1895)

**'ਦਸਤਕ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।

ਦਸਤਕ ਪ੍ਰਕਾਸ਼ਨ
ਲੁਧਿਆਣਾ

ਕੀਮਤ : 120 ਰੁ.